ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੨੦੭੫ ਬਿ: 2019 ਈ:

ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ: (1920 ਈ:) ਤੋਂ ਸਥਾਪਿਤ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ (1819-2019 ਈ.)



ਵਿਸ਼ੇਸ਼ ਅੰਕ

Namdhari Elibrary NamdhariElibrary@gmail.com



ਸਤਿਗੁਰੂ ਰਾਮ ਸਿੰਘ ਜੀ ਨੇ ਹਰਿਦੁਆਰ ਯਾਤਰਾ ਸਮੇਂ ਇੱਕ ਗੇਲੀ ਜਿਸਨੂੰ ਅੱਗ ਲਾਈ ਸੀ ਇੱਕ ਪਾਸਿਉਂ ਆਪ ਚੁੱਕ ਲਈ ਦੂਜਾ ਪਾਸਾ ਸਾਰੀ ਸੰਗਤ ਲੱਗਕੇ ਨਾ ਚੁੱਕ ਸੱਕੀ ਤਾਂ ਮਹਾਰਾਜ ਬੁੱਧ ਸਿੰਘ ਜੀ ਬਚਨ ਨੂੰ ਕੀਤਾ-
ਭਾਈ ਇਹ ਤੇਰੇ ਤੇ ਮੇਰੇ ਹੀ ਕਰਨ ਦੀ ਕਾਰ ਹੈ।

ਜੁਲਾਈ 1871 ਈ. ਸ੍ਰੀ ਭੈਣੀ ਸਾਹਿਬ, ਅਕਾਲ ਬੁੰਗੇ ਨੇੜੇ ਜਦੋਂ ਮਹਾਰਾਜ ਬੁੱਧ ਸਿੰਘ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਖੇਤਾਂ ਚੋਂ ਹਲ ਵਾਹ ਕੇ ਵਾਪਸ ਆ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੁਕਮ ਕੀਤਾ- ਹੁਣ ਹਲ ਛੱਡ ਦਿਉ, ਲੰਗਰ ਚੋਂ ਪ੍ਰਸ਼ਾਦਾ ਛਕੋ, ਨਾਮ ਜੱਪੋ ਤੇ ਜਪਵਾਓ।' ਆਪ ਨੇ ਉੱਥੇ ਹੀ ਹੱਲ ਰੱਖ ਦਿੱਤਾ, ਫੇਰ ਓਸ ਪਾਸੇ ਖਿਆਲ ਹੀ ਨਹੀਂ ਦਿੱਤਾ।

Namdhari eLibrary namdharielibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥

ਸਤਿਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

ਕਲਿਜੁਗ ਮੇਂ ਸਤਿਜੁਗ ਵਰਤਾਊਂ । ਤਬੀ ਬਾਰ੍ਹਵਾਂ ਬਪੁ ਕਹਾਊਂ। ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 203

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ
ਦੂਸਰੀ ਪ੍ਰਕਾਸ਼ ਸ਼ਤਾਬਦੀ (1819–2019 ਈ.)
ਵਿਸ਼ੇਸ਼ ਅੰਕ

ਮੰਗਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਸਵੈਯਾ

ਜਿਨ ਨਾਮ ਹਰੀ ਹਰਿ ਕਾਮ ਹਰੀ ਹਰਿ ਰਾਮ ਹਰੀ ਹਰਿ ਸਾਮ ਜਿਨੋਂ।
ਗੁਰ ਅਮਰ ਪੈਹੀ ਕਸ ਕਮਰ ਸਹੀ ਗਹਿ ਸਬਰ ਕਹੀ ਕੀਆ ਕਾਮ ਜਿਨੋਂ।
ਦੂਰ ਬਾਦ ਕਹੇ ਸਦ ਸਾਂਤ ਰਹੇ ਉਤਪਾਤ ਸਹੇ ਅਤਿ ਆਮ ਜਿਨੋਂ।
ਅਸ ਗਜਾਨ ਸਰੇ ਗੁਰ ਧਜਾਨ ਧਰੇ ਹਰਿ ਧਜਾਨ ਕਰੇ ਪ੍ਰਣਾਮ ਤਿਨੋਂ।

ਸੰਤ ਧਿਆਨ ਸਿੰਘ ਕਾਦਰਾਬਾਦੀ

ਸਵੈਯਾ

ਹਰਿ ਕਾ ਰੂਪ ਹਰੀ ਸਿੰਘ ਸਤਿਗੁਰ ਹਰਿ ਹਰਿ ਹਰ ਸੇ ਜਪਾਇਓ ਨਾਮਾ।
ਹਰ ਕੇ ਹਰਿ ਥੇ ਹਰ ਕੇ ਦਰ ਥੇ ਹਰਿ ਕੀ ਮੂਰਤ ਹਰ ਕੇ ਧਾਮਾ।
ਹਰ ਕੀ ਹਰਕਤ ਹਰਿ ਕੀ ਬਰਕਤ ਹਰਿ ਕੀ ਹਸਰਤ ਹਰ ਕੀ ਕਾਮਾ।
ਜੋਤ ਸੇ ਜੋਤ ਜਗੀ ਜਗ ਜਾਨੇ ਹਰ ਕੀ ਜੋਤ ਥੇ ਜੋਤ ਕੇ ਜਾਮਾ।

ਸੰਤ ਕਰਮ ਸਿੰਘ ਜੀ ਬਾਲਮ

Namdhari Elibrary NamdhariElibrary@gmail.com

ਦੋਹਰਾ: ਹਰੀ ਹਰਿ ਤਾਪ ਪਾਪ ਗਣ, ਤਾ ਕੀ ਕਰੁ ਮਨ ਟੇਕ। ਕਿਰਪਾ ਕਰ ਹੈਂ ਦਾਸ ਪਰ, ਦੀਜੈ ਬੁਧ ਬਿਬੇਕ ॥

ਕਬਿੱਤ

ਹਰੀ ਹਰਿ ਰੂਪ ਕਾ ਧਿਆਨ ਕਰੈਂ ਰਿਦੇ ਵਿਚ, ਹਰੀ ਆਪ ਰੂਪ ਤੇਰੇ ਹਾਜਰ ਹਜ਼ੂਰ ਜੀ ।
ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਾਸ ਹੋਏ, ਬਿਬੇਕ ਵੈਰਾਗ ਤਦ ਹੋਵੇ ਭੂਰ ਭੂਰ ਜੀ ।
ਤਾਮਸੀ ਬਿਰਤਿ ਭਾਗੇ ਸਾਂਤਕ ਸੁਭਾਵ ਜਾਗੇ, ਲਗੇ ਬ੍ਰਿਤ ਪ੍ਰਭੂ ਮਾਹਿ ਤੇਰੀ ਸੋ ਜਰੂਰ ਜੀ ।
ਕਾਜ ਸੰਪੂਰਨ ਹੋਵੇ ਚੂਰਨ ਕਲਾਪ ਸਭ, ਤੂਰਨ ਗਿਆਨ ਕਲਾ ਹੋਵੇ ਹੈ ਜਹੂਰ ਜੀ,

ਉਸਤਾਦ ਹਰਨਾਮ ਸਿੰਘ ਜੀ

ਕਬਿੱਤ

ਬੁੱਧ ਹਰਿ ਕੀ ਪ੍ਰਬੁੱਧ ਬੁੱਧਿ ਕਰਿ ਰਾਮ ਕੀਓ ਹਰਿ ਧਰਿ ਹਰਿ ਨਾਮਾ।
ਰਾਗ ਤਿਆਗ ਵੈਰਾਗ ਕੀ ਮੂਰਤਿ ਸੰਜਮ ਸਿਮਰਨ ਸਹਜ ਕੋ ਧਾਮਾ।
ਅਸਟ ਜਾਮ ਰਹਿੰ ਰਾਮ ਕੀ ਸਾਮਾ, ਹਰਿ ਜਨ ਕਾਮ ਕੀਓ ਨਿਹਕਾਮਾ।
ਤਾਮ ਦਾਮ ਵਾ ਨਾਮ ਕੋ ਦਾਨੀ ਸਦ ਪ੍ਰਨਾਮ ਜੁ ਜੋਤਿ ਕਾ ਜਾਮਾ।

ਸੰਤ ਨਿਸ਼ਾਨ ਸਿੰਘ (ਕਥਾਵਾਚਕ)

ਛਿਮਾ ਕੇ ਜੋ ਸਾਗਰ, ਰਤਨਾਗਰ ਦਇਆਲਤਾ ਕੇ, ਧੀਰਜ ਧੁਰੰਧਰ, ਜੋ ਸਾਂਤੀ ਕੇ ਭੰਡਾਰ ਥੇ ।
ਮਧ ਸਮ ਮਿਠੇ ਬੋਲ ਜਿਨ੍ਹਾਂ ਦੇ ਅਮੋਲ ਸਭ, ਰਸਨਾ ਮੇਂ ਸਤ ਵਾਕ ਰਹਿਤ ਸਾਕਾਰ ਥੇ।
ਆਠੋਂ ਜਾਮ ਨਾਮ ਜਪੈ ਰਹਿ ਕੇ ਜੋ ਸਾਮ ਬ੍ਰਿਤ, ਰਾਮ ਦਰਸ ਹਿਤ ਨਿਤ ਰਾਖਤ ਵਿਚਾਰ ਥੇ।
ਕਾਨੂੰਨ ਕਰੜਾਈਆਂ ਕਠਿਨਾਈਆਂ ਦੀ ਸਿਲਾ ਪਰ, ਬੈਠ ਜੋ ਅਡੋਲ ਤਪ ਕਰਤੇ ਅਪਾਰ ਥੇ।
ਅਜਰ ਜਰਨ ਵਾਲੇ ਬੱਜਰ ਸਮਾਨ ਹਠੀ , ਕੋਮਲ ਕੰਵਲ ਸਮ ਰਹਿਤ ਜੋ ਉਦਾਰ ਥੇ।
ਗਿਆਨੀਉਂ ਮੇਂ ਬ੍ਰਹਮ ਗਿਆਨੀ, ਦਾਨੀਉਂ ਮੇਂ ਮਹਾਂਦਾਨੀ, ਸਦਾ ਬ੍ਰਤ ਚਾਲਿਕ, ਜੋ ਪਾਲਕ ਦਾਤਾਰ ਥੇ ।
ਭਗਵਤ ਭੀਰ ਔ ਸ਼ਕਤਿ ਸਿਮਰਨ ਕਰ, ਬੰਦਸ਼ ਮੇਂ ਕਰਤ ਗੁਰਮਤਿ ਪ੍ਰਚਾਰ ਥੇ।
ਏਕ ਜੋਤ ਮੂਰਤੀ ਦੋ 'ਆਤਮਾ' ਜੋ ਹੋ ਕੇ ਰਹੇ, ਗੁਰੂ ਹਰੀ ਹਰਿ ਵਹ ਧਰਮਾਵਤਾਰ ਥੇ।

ਆਤਮਾ ਸਿੰਘ ਸਨਖੁਤਵੀ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ
ਅਸੀਸ ਬਚਨ

ਸਤਿਗੁਰੂ ਹਰੀ ਸਿੰਘ ਜੀ ਨੇ ਬਹੁਤ ਸੰਕਟ ਦੇ ਸਮੇਂ ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲੀ। ਸਤਿਗੁਰੂ ਰਾਮ ਸਿੰਘ ਜੀ ਤੋਂ ਆਪ ਆਰਜਾ ਕਰਕੇ ਬੇਸ਼ੱਕ ਸਾਢੇ ਕੁ ਤਿੰਨ ਸਾਲ ਛੋਟੇ ਸਨ ਪਰ ਆਪ ਸਤਿਗੁਰੂ ਜੀ ਦੇ ਭਾਈ ਬਣਕੇ ਨਹੀਂ ਸਗੋਂ ਸੇਵਕ ਬਣ ਕੇ ਵਿਚਰੇ। ਸਤਿਗੁਰੂ ਜੀ ਦੇ ਹਰ ਹੁਕਮ ਨੂੰ ਆਪ ਕਰਤਾਰੀ ਹੁਕਮ ਮੰਨ ਕੇ ਖਿੜੇ ਮੱਥੇ ਪੂਰਾ ਕਰਦੇ। ਉਹਨਾਂ ਦੇ ਮੁਕੰਮਲ ਸਮਰਪਣ, ਤਿਆਗ ਅਤੇ ਸੇਵਾ ਭਾਵ ਨੂੰ ਉਦੋਂ ਫ਼ਲ ਲੱਗਾ ਜਦੋਂ ਸਤਿਗੁਰੂ ਜੀ ਨੇ ਰੰਗੂਨ ਤੋਂ ਬਾਬਾ ਦਰਬਾਰਾ ਸਿੰਘ ਦੇ ਹੱਥ ਭੇਜੇ ਹੁਕਮਨਾਮੇ ਵਿਚ ਆਪ ਜੀ ਦਾ ਨਾਮ ਬੁਧ ਸਿੰਘ ਤੋਂ ਹਰੀ ਸਿੰਘ ਕਰਕੇ ਆਪ, ਨੂੰ ਸਿਰ ਕਰਤਾ ਥਾਪ ਕੇ ਸਿੱਖੀ ਹਰੀ ਰੱਖਣ ਦਾ ਵਰ ਦਿੱਤਾ। ਸਤਿਗੁਰੂ ਹਰੀ ਸਿੰਘ ਜੀ ਨੇ ਸਖ਼ਤੀਆਂ ਦੇ ਦੌਰ ਵਿਚ ਜਿਸ ਹਿੰਮਤ ਅਤੇ ਧੀਰਜ ਨਾਲ ਨਾਮਧਾਰੀ ਪੰਥ ਦੀ ਸੰਭਾਲ ਕੀਤੀ ਉਸਦੀ ਮਿਸਾਲ ਇਤਿਹਾਸ ਵਿਚ ਬਹੁਤ ਘੱਟ ਮਿਲਦੀ ਹੈ।

ਉਸ ਸਮੇਂ ਅੰਗਰੇਜ਼ ਸਰਕਾਰ ਨੇ ਨਾਮਧਾਰੀਆਂ ਦੀਆਂ ਧਾਰਮਿਕ ਕਾਰਵਾਈਆਂ ਤੇ ਵੀ ਰੋਕ ਲਾਈ ਹੋਈ ਸੀ। ਅਜਿਹੇ ਸਮੇਂ ਵਿਚ ਗੁਰੂ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਗੁਪਤ ਰੂਪ ਵਿਚ ਗੁਰਬਾਣੀ ਪਾਠ ਕਰਵਾਏ। ਸਤਿਗੁਰੂ ਜੀ ਦੇ ਦਰਸ਼ਨਾਂ ਵਾਸਤੇ ਬਹੁਤ ਸਾਰੇ ਸਿੰਘਾਂ ਨੂੰ ਰੰਗੂਨ ਅਤੇ ਮਰਗੋਈ ਭੇਜਿਆ। ਦੇਸ਼ ਆਜ਼ਾਦੀ ਮਿਸ਼ਨ ਬਾਰੇ ਸਤਿਗੁਰੂ ਰਾਮ ਸਿੰਘ ਅਤੇ ਰੂਸ ਸਰਕਾਰ ਵਿਚਾਲੇ ਸੰਪਰਕ ਸੂਤਰ ਵਜੋਂ ਭੂਮਿਕਾ ਨਿਭਾਈ।

ਭਿਆਨਕ ਕਾਲ ਦੇ ਸਮੇਂ ਵੀ ਸਦਾ ਵਰਤ ਲੰਗਰ ਨਿਰਵਿਘਨ ਜਾਰੀ ਰੱਖਿਆ। ਆਪ ਜੀ ਦੇ ਦਰਸ਼ਨ ਅਤੇ ਸੰਗਤ ਦਾ ਹੀ ਪ੍ਰਭਾਵ ਸੀ ਕਿ ਅਨੇਕਾਂ ਭੁੱਲੇ ਭਟਕੇ ਜੀਵ, ਨਾਮ ਬਾਣੀ ਨਾਲ ਜੁੜ ਕੇ ਸਾਧੂ ਸੰਤ ਬਣ ਗਏ।

ਸਾਡੇ ਲਈ ਇਹ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਸਾਡੇ ਜੀਵਨ ਵਿਚ ਆ ਰਹੀ ਹੈ। ਆਪ ਜੀ ਨੇ ਜਿਸ ਤਰ੍ਹਾਂ ਉਸ ਸਮੇਂ ਸਖ਼ਤੀਆਂ ਝੱਲ ਕੇ ਵੀ ਸਿੱਖੀ ਨੂੰ ਕਾਇਮ ਰੱਖਿਆ ਉਸੇ ਕਾਰਨ ਅੱਜ ਸਤਿਗੁਰੂ ਰਾਮ ਸਿੰਘ ਜੀ ਦੀ ਫੁਲਵਾੜੀ ਦੇਸਾਂ-ਪ੍ਰਦੇਸਾਂ ਵਿਚ ਸੋਭਾ ਪਾ ਰਹੀ ਹੈ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਇਤਿਹਾਸ ਦੀ ਖ਼ੋਜ ਕਰਕੇ ਇਸ ਤੋਂ ਆਪਣੀਆਂ ਅਗਲੀਆਂ ਪੀੜੀਆਂ ਨੂੰ ਜਾਣੂ ਕਰਾਇਆ ਜਾਏ। ਸਤਿਗੁਰਾਂ ਦੀ ਸਿੱਖੀ ਨੂੰ ਚੜਦੀ ਕਲਾ ਵਿਚ ਰੱਖਣ ਲਈ ਉਹਨਾਂ ਦਾ ਇਤਿਹਾਸ ਅਤੇ ਬਚਨ ਸਾਡੀ ਅਗੁਆਈ ਕਰਨਗੇ।

ਇਸ ਮੌਕੇ ਤੇ ਸਤਿਜੁਗ ਦਾ ਸਤਿਗੁਰੂ ਹਰੀ ਸਿੰਘ ਅੰਕ ਆਪਣੀ ਯੋਗ ਭੂਮਿਕਾ ਨਿਬਾਏਗਾ।

Namdhari Elibrary NamdhariElibrary@gmail.com

ਆਰੰਭਕ ਸ਼ਬਦ

ਵਿਸ਼ੇਸ਼ ਅੰਕ ਬਾਰੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਦਰਸ਼ਾਂ ਨੂੰ ਪ੍ਰਚਾਰਨ-ਪ੍ਰਸਾਰਨ ਵਾਸਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਉੱਦਮ ਸਦਕਾ ਸੰਨ 1920 ਵਿੱਚ ਨਾਮਧਾਰੀ ਪੰਥ ਦੀ ਬੁਲੰਦ ਆਵਾਜ਼ ਸਪਤਾਹਿਕ ਸਤਿਜੁਗ ਪਰਚਾ ਅਰੰਭ ਕੀਤਾ ਗਿਆ। ਅੰਗਰੇਜ਼ ਹਕੂਮਤ ਦੀਆਂ ਸਖ਼ਤੀਆਂ ਕਾਰਨ ਕਈ ਵੇਰ ਜ਼ਬਤ ਹੋਇਆ, ਕਈ ਉਤਾਰ ਚੜਾਵਾਂ ਚੋਂ ਲੰਘਦਿਆਂ ਸਤਿਜੁਗ 99 ਵਰ੍ਹੇ ਪੂਰੇ ਕਰ ਚੁੱਕਾ ਹੈ। ਨਾਮਧਾਰੀ ਪੰਥ ਦਾ ਇਹ ਬੁਲਾਰਾ ਜਿੱਥੇ ਪੰਥਕ ਗਤੀਵਿਧੀਆਂ ਦਾ ਇਤਿਹਾਸ ਸੰਭਾਲੀ ਬੈਠਾ ਹੈ ਉੱਥੇ ਸਲਾਨਾ ਅੰਕ ਖੋਜ ਭਰਪੂਰ ਲੇਖਾਂ ਅਤੇ ਕਾਵਿਕ ਰਚਨਾਵਾਂ ਦਾ ਸੰਗ੍ਰਹਿ ਹਨ। ਇਹ ਇਕ ਤਰ੍ਹਾਂ ਨਾਲ ਇਤਿਹਾਸਿਕ ਸੰਦਰਭ ਗ੍ਰੰਥ ਹਨ ਜਿਨ੍ਹਾਂ ਵਿੱਚ ਪ੍ਰਸਿੱਧ ਸਾਹਿਤਕਾਰਾਂ ਅਤੇ ਨਾਮਧਾਰੀ ਵਿਦਵਾਨਾ ਦੀਆਂ ਰਚਨਾਵਾਂ ਹਨ। ਇਸ ਤੋਂ ਬਿਨਾ ਬਹੁਤ ਸਾਰੇ ਵਿਸ਼ੇਸ਼ ਅੰਕ ਜਿਵੇਂ ਸੰਤ ਅੰਕ, ਸ਼ਾਕਾਹਾਰੀ ਅੰਕ, ਸ਼ਿਆਮ ਅੰਕ, ਅਫਰੀਕਾ ਅੰਕ ਆਦਿ ਵੀ ਸਾਂਭਣ ਯੋਗ ਅੰਕ ਹਨ। ਸਿੱਖ ਇਤਿਹਾਸ ਅਤੇ ਗੁਰੂ ਸਾਹਿਬ ਨਾਲ ਸਬੰਧਿਤ ਸ਼ਤਾਬਦੀਆਂ ਸਮੇਂ ਵੀ ਸਤਿਜੁਗ ਦੇ ਸ਼ਤਾਬਦੀ ਅੰਕ ਜਿਵੇਂ 1969 ਈ. ਵਿੱਚ ਗੁਰੂ ਨਾਨਕ ਦੇਵ ਜੀ ਦੀ 5 ਵੀ ਪ੍ਰਕਾਸ਼ ਸ਼ਤਾਬਦੀ ਸਮੇਂ ਗੁਰੂ ਨਾਨਕ ਪ੍ਰਕਾਸ਼ ਅੰਕ, 1966 ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਪ੍ਰਕਾਸ਼ ਸ਼ਤਾਬਦੀ ਸਮੇਂ ਦਸਮੇਸ਼ ਅੰਕ, ਗੁਰੂ ਤੇਗ ਬਹਾਦਰ ਜੀ ਦੀ ਤੀਸਰੀ ਸ਼ਹੀਦੀ ਸ਼ਤਾਬਦੀ, ਖਾਲਸਾ ਪੰਥ ਦੀ ਸਾਜਨਾ, ਚਾਰੇ ਸਾਹਿਬਜ਼ਾਦਿਆਂ ਦੀ ਤੀਸਰੀ ਸ਼ਹੀਦੀ ਸ਼ਤਾਬਦੀ ਅਤੇ ਨਾਮਧਾਰੀ ਪੰਥ ਦੀ ਸਾਜਨਾ ਦੇ 150 ਵਰ੍ਹੇ ਤੇ ਵੀ ਸਤਿਜੁਗ ਦੇ ਵਿਸ਼ੇਸ਼ ਸ਼ਤਾਬਦੀ ਅੰਕ ਪ੍ਰਕਾਸ਼ਿਤ ਕੀਤੇ ਗਏ।

ਸਾਲ 2019 ਵਿੱਚ ਤਿੰਨ ਸ਼ਤਾਬਦੀਆਂ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦਾ 550 ਵਾਂ ਪ੍ਰਕਾਸ਼ ਵਰ੍ਹਾ, ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਅਤੇ ਜ਼ਲ੍ਹਿਆਂ ਵਾਲੇ ਬਾਗ ਦੇ ਸ਼ਹੀਦੀ ਸਾਕੇ ਦੀ ਪਹਿਲੀ ਸ਼ਤਾਬਦੀ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਅਪਾਰ ਬਖ਼ਸ਼ਿਸ਼ ਸਦਕਾ ਸਤਿਜੁਗ ਦਾ ਸਲਾਨਾ ਅੰਕ—ਸਤਿਗੁਰੂ ਹਰੀ ਸਿੰਘ ਪ੍ਰਕਾਸ਼ ਸ਼ਤਾਬਦੀ ਵਿਸ਼ੇਸ ਅੰਕ ਸੰਗਤਾਂ ਦੇ ਹਾਜ਼ਰ ਹੈ।

18 ਵੀਂ ਸਦੀ ਵਿੱਚ ਮੁਗਲ ਹਕੂਮਤ ਵਲੋਂ ਸਿੱਖਾਂ ਤੇ ਕੀਤੇ ਗਏ ਜ਼ੁਲਮਾਂ ਵਰਗਾ ਸਮਾਂ ਸੀ ਸਤਿਗੁਰੂ ਹਰੀ ਸਿੰਘ ਜੀ ਦਾ ਗੁਰਤਾ ਕਾਲ, 1872 ਤੋਂ 1906 ਈ. ਤੱਕ 34 ਵਰ੍ਹੇ ਦੇ ਇਤਿਹਾਸ ਬਾਰੇ ਨਿੱਠ ਕੇ ਖੋਜ ਕਰਨ ਦੀ ਲੋੜ ਹੈ। ਸ੍ਰੀ ਭੈਣੀ ਸਾਹਿਬ ਪੁਲਿਸ ਚੌਂਕੀ ਵਲੋਂ ਭੇਜੀ ਜਾਂਦੀ ਰੋਜ਼ਾਨਾ ਦੀ ਪੁਲਿਸ ਰਿਪੋਰਟ, ਆਰਕਾਈਵਜ਼ ਵਿੱਚ ਉਸ ਸਮੇਂ ਦੇ ਨਾਮਧਾਰੀ ਸਿੱਖਾਂ ਬਾਰੇ ਸਰਕਾਰੀ ਦਸਤਾਵੇਜ਼, ਵਿਰੋਧੀਆਂ ਅਤੇ ਸਹਿਯੋਗੀਆਂ ਦੇ ਵਿਚਾਰ ਆਦਿ ਅਤੇ ਸਤਿਗੁਰੂ ਜੀ ਦੀ ਪ੍ਰਮਾਣਿਕ ਜੀਵਨੀ, ਕੁਝ ਅਜੇਹੇ ਕਾਰਜ ਹਨ ਜੋ ਸ਼ਤਾਬਦੀ ਵਰ੍ਹੇ ਵਿੱਚ ਕਰਨੇ ਲੋੜੀਂਦੇ ਹਨ।

ਸ਼ਤਾਬਦੀ ਵਿਸ਼ੇਸ਼ ਅੰਕ ਵਿੱਚ ਬੇਸ਼ੱਕ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਦਾ ਸਮੁੱਚਾ ਇਤਿਹਾਸ ਨਹੀਂ ਸਮੋਇਆ ਜਾ ਸਕਦਾ ਪਰ ਸੁਵਰਣ ਸਿੰਘ ਜੀ ਵਿਰਕ ਅਤੇ ਸੰਤ ਨਿਸ਼ਾਨ ਸਿੰਘ, ਸ੍ਰ. ਸਵਰਨ ਸਿੰਘ ਸਨੇਹੀ ਅਤੇ ਸ੍ਰ. ਜਸਵਿੰਦਰ ਸਿੰਘ ਜੀ ਹਿਸਟੋਰੀਅਨ ਦੇ ਵਿਸ਼ੇਸ਼ ਯਤਨਾਂ ਸਦਕਾ ਇਹ ਦਸਤਾਵੇਜ਼ੀ ਅਤੇ ਸੰਦਰਭ ਅੰਕ ਬਣ ਗਿਆ ਹੈ। ਸੰਤ ਨਿਸ਼ਾਨ ਸਿੰਘ ਜੀ ਵਲੋਂ ਸੰਗ੍ਰਿਹ ਕੀਤੇ ਪੁਰਾਤਨ ਨਾਮਧਾਰੀ ਵਿਦਵਾਨਾਂ ਦੇ ਲੇਖ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਹਨ। ਵਰਤਮਾਨ ਪੰਜਾਬੀ ਸਾਹਿਤ ਜਗਤ ਦੇ ਕੁਝ ਪ੍ਰਮੁਖ ਲੇਖਕ ਵੀ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਬਾਰੇ ਖੋਜ ਭਰਪੂਰ ਲੇਖ ਅਤੇ ਕਾਵਿਕ ਰਚਨਾਵਾਂ ਭੇਜੀਆਂ ਹਨ। ਕੰਪੋਜ਼ਿੰਗ, ਡਿਜ਼ਾਇਨਿੰਗ, ਪਰੂਫ ਰੀਡਿੰਗ ਆਦਿ ਲਈ ਹਾਕਮ ਸਿੰਘ, ਜਸਵੰਤ ਸਿੰਘ ਮਸਤ, ਸਵਿੰਦਰ ਸਿੰਘ, ਤਰਨ ਸਿੰਘ ਬੱਲ, ਸਿਮਰਤ ਕੌਰ, ਗੁਰਲਾਲ ਸਿੰਘ, ਭਜਨ ਸਿੰਘ ਦਾ ਯੋਗਦਾਨ ਵੀ ਸ਼ਲਾਘਾਯੋਗ ਹੈ। ਤਸਵੀਰਾਂ ਲਈ ਸੂਰਤ ਸਿੰਘ ਫੋਟੋਗ੍ਰਾਫਰ ਦਾ ਵੀ ਧੰਨਵਾਦ ਹੈ। ਇਸ ਅੰਕ ਵਿੱਚ ਜੋ ਵੀ ਆਪ ਨੂੰ ਚੰਗਾ ਲੱਗੇ ਉਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਬਖ਼ਸ਼ਿਸ਼ ਸਦਕਾ ਹੈ ਅਤੇ ਜੋ ਖਾਮੀਆਂ ਹਨ ਉਹ ਸਾਡੀ ਕਮਜ਼ੋਰੀ ਹੈ ਜਿਸ ਲਈ ਸੰਪਾਦਕੀ ਮੰਡਲ ਖਿਮਾ ਯਾਚਨਾ ਕਰਦਾ ਹੈ। ਸੁਘੜ ਪਾਠਕਾਂ ਤੋਂ ਖਾਮੀਆਂ ਪ੍ਰਤੀ ਸੁਚੇਤ ਕਰਨ ਅਤੇ ਉਸਾਰੂ ਰਾਇ ਦੀ ਉਮੀਦ ਨਾਲ—

ਸੇਵਕ ਹਰਪਾਲ ਸਿੰਘ

Namdhari Elibrary NamdhariElibrary@gmail.com

ਸਤਿਜੁਗ

੧ ਤੋਂ ੩੧ ਫੱਗਣ ੨੦੭੫ ਬਿ.
13 ਫਰਵਰੀ ਤੋਂ 15 ਮਾਰਚ 2019 ਈ:
ਜਿਲਦ 1, ਵੀਰਵਾਰ ਨੰਬਰ 2,3

ਸਤਿਜੁਗ:ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015

Editorial Board:

Harvinder Singh Hanspal
Suwarn Singh Virk
Gurbhej Singh Guraya
Nishan Singh
Harpal Singh Sewak

Printed and Published by Mr. Harvendra Singh Hanspal on behalf of Namdhari Darbar. Printed at Summit advertising press, 2DLF (Part), Moti Nagar, New Delhi and Published from Namdhari Gurdwara, Ramesh Nagar, New Delhi-110015.

Date of Publication: 12-3-2019,
Date of Posting: 14-15 Jan. 2019
Posted at PSO New Delhi-110001

THE SATJUG
Namdhari Gurdwara
Ramesh Nagar, New Delhi-15
RNI No. 55658/93
Postal Regd. No. DL(W)01/2055/18-20
Licence No. U©-169/2015-17
to post without pre-payment at
New Delhi PSO

Account Name: Vishav Namdhari Sangat
A/c: 13101450000043
Ifsc code: HDFC0001310
ਇਕ ਸਾਲ : ਦੇਸ - 300 ਰੁ:, ਪ੍ਰਦੇਸ- 100$ ਡਾਲਰ
ਪੰਜ ਸਾਲ : ਦੇਸ - 1200 ਰੁ:, ਪ੍ਰਦੇਸ- 400$ ਡਾਲਰ

Designed and Typeset by Hakam Singh
Vishav Namdhari sangat, Sri Bhaini sahib
satjug@sribhainisahib.com

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ,ਪੰਜਾਬ-141126
ਫੋਨ : 98155-75099
70713-63000

ਤਤਕਰਾ

- ਸਭ ਤੋਂ ਪਹਿਲੇ ਅਖੰਡ ਪਾਠ
  ਸ੍ਰੀ ਮਹਾਰਾਜ ਬੀਰ ਸਿੰਘ ਜੀ................................12
- (ਕਵਿਤਾ) ਗੁਰੂ ਹਰੀ ਕੋ ਨਮਨ ਹਮਾਰਾ
  ਲਖਵਿੰਦਰ ਸਿੰਘ ਬਾਜਵਾ..14
- ਗੁਰੂ ਹਰੀ ਸਿੰਘ ਜੀ ਅਤੇ ਕੂਕਾ ਸੰਗਰਾਮ
  ਸੁਵਰਨ ਸਿੰਘ ਵਿਰਕ..15
- (ਕਵਿਤਾ) ਗੁਰੂ ਹਰੀ ਸਿੰਘ ਸਿੱਖੀ......
  ਜੋਗਿੰਦਰ ਸਿੰਘ ਕੰਗ...21
- ਬੁੱਧ ਸਿੰਘ ਜਾਨੋ ਲਘੁ ਬੀਰ
  ਜਸਵਿੰਦਰ ਸਿੰਘ ਹਿਸਟੋਰੀਅਨ.............................22
- (ਕਵਿਤਾ) ਨਾਮਧਾਰੀ ਪੰਥ ਵਾਲੀ ਡੋਰ....
  ਕਰਨੈਲ ਸਿੰਘ ਅਸਪਾਲ..................................27
- ਗੁਰੂ ਹਰੀ ਸਿੰਘ ਕਾਲ ਦੇ ਇਤਿਹਾਸਕ ਸ੍ਰੋਤ
  ਸਵਰਨ ਸਿੰਘ ਸਨੇਹੀ.......................................28
- ਸਖਤੀਆਂ ਦੇ ਦੌਰ ਵਿੱਚ ਗੁਰਬਾਣੀ ਪ੍ਰਚਾਰ-ਪ੍ਰਸਾਰ
  ਨਿਸ਼ਾਨ ਸਿੰਘ 'ਕਥਾਵਾਚਕ'...............................42
- (ਕਵਿਤਾ) ਧੰਨ ਗੁਰੂ ਹਰੀ ਸਿੰਘ.....
  ਗੁਰਸੇਵਕ ਸਿੰਘ ਢਿੱਲੋਂ.......................................49
- ਨਾਮਧਾਰੀ ਮੱਤ ਨੂੰ ਸਤਿਗੁਰੂ ਹਰੀ ਸਿੰਘ ਜੀ .....
  ਪ੍ਰੋ. ਕਿਰਪਾਲ ਸਿੰਘ ਕਸੇਲ..................................50
- (ਕਵਿਤਾ) ਸ੍ਰੀ ਸਤਿਗੁਰੂ ਹਰੀ ਸਿੰਘ ਜੀ.....
  ਰਾਜਿੰਦਰ ਕੌਰ ਪੁੰਨੂ...53
- ਹਰੀ ਸਿੰਘ ਜੀ ਨੂੰ ਜਾਨਣਾ ਰੂਪ ਮੇਰਾ
  ਡਾ. ਧਰਮ ਸਿੰਘ...54
- (ਕਵਿਤਾ) ਤੇਰਾ ਪ੍ਰਤਾਪ ਏ
  ਹਰਭਜਨ ਸਿੰਘ ਰਾਜ਼ਾ....................................56
- ਗੁਰੂ ਹਰੀ ਸਿੰਘ ਜੀ ਦੇ ਯੋਗਦਾਨ ਦੀ ਚਰਚਾ
  ਡਾ. ਜੋਗਿੰਦਰ ਸਿੰਘ..57
- ਸੀਤਲਤਾ ਦਾ ਸ੍ਰੋਤ ਸਤਿਗੁਰੂ ਹਰੀ ਸਿੰਘ
  ਡਾ.ਕੁਲਦੀਪ ਸਿੰਘ..60
- ਸ੍ਰੀ ਗੁਰੂ ਹਰੀ ਸਿੰਘ ਜੀ ਦਾ ਅਚੰਭਿਆ....
  ਡਾ. ਗੋਪਾਲ ਸਿੰਘ ਬੁੱਟਰ.................................66
- (ਕਵਿਤਾ) ਗੁਰੂ ਹਰੀ ਸਿੰਘ ਜੀ
  ਗੁਰਬਖਸ਼ ਸਿੰਘ ਹੰਸ.......................................68
- ਜੋਤ ਕਾ ਜਾਮਾ
  ਡਾ.ਗੁਲਜਾਰ ਸਿੰਘ ਪੰਧੇਰ.................................69

Namdhari Elibrary NamdhariElibrary@gmail.com

• ਬੋਲਦਾ ਬੋਹੜ
ਗੁਰਬਚਨ ਸਿੰਘ ਨਾਮਧਾਰੀ..72
• ਤੇਰੇ ਕਿੰਨੇ ਪੁੱਤਰ ਆ?
ਅਜੀਤ ਸਿੰਘ ਲਾਇਲ..76
• ਉਤਪਾਤ ਸਹੇ ਅਤਿ ਆਮ ਜਿਨੋ
ਹਰਪਾਲ ਸਿੰਘ ਸੇਵਕ..78
• (ਕਵਿਤਾ) ਜੀਉਂਦਾ ਤੇ ਜਾਗਦਾ ਇਤਹਾਸ
ਸਤਿਨਾਮ ਸਿੰਘ ਕੋਮਲ..83
• ਭਏ ਹਰੀ ਹਰਿ ਹਰੀ
ਸੰਤ ਸਿੰਘ..84
• ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਮਤਿ ਕੀਰਤਨ ਦੀ....
ਦੇਵਿੰਦਰ ਸਿੰਘ ਗਿੱਲ 'ਜੀਆ ਨੱਥਾ'........................89
• ਜ਼ਬਰ ਦੇ ਹਨ੍ਹੇਰੀ ਝੱਖੜ ਵਿੱਚ ਵੀ.....
ਡਾ.ਲਖਵੀਰ ਸਿੰਘ ਰਾਮਪੁਰਾ ਫੂਲ........................93
• ਮੈਂ ਗੁਰੂ ਹਰੀ ਸਿੰਘ ਦਾ ਰਿਣੀ ਹਾਂ
ਬਾਬਾ ਸੋਹਣ ਸਿੰਘ ਭਕਨਾ..98
• ਗੁਰੂ ਕੇ ਲੰਗਰ.......
ਸੰਤੋਖ ਸਿੰਘ ਨਾਮਧਾਰੀ..99
• ਗੁਰੂ ਹਰੀ ਸਿੰਘ ਕਾਲ: ਕੂਕਾ ਲਹਿਰ ਦਾ ਸਾਹਿਤ
ਭਜਨ ਸਿੰਘ..106
• ਆਜ਼ਾਦੀ ਸੰਗ੍ਰਾਮ ਤੇ ਸਤਿਗੁਰੂ ਹਰੀ ਸਿੰਘ
ਗੁਰਲਾਲ ਸਿੰਘ..121
• ਸਤਿਗੁਰੂ ਹਰੀ ਸਿੰਘ ਜੀ ਦੇ ਬਖਸ਼ਿਸ਼....
ਜਸਵੰਤ ਸਿੰਘ 'ਮਸਤ'..125
• ਸ੍ਰੀ ਸਤਿਗੁਰੂ ਹਰੀ ਸਿੰਘ ਜੀ....
ਤਰਨ ਸਿੰਘ 'ਬੱਲ'..132
• ਨਾਮਧਾਰੀ ਇਤਿਹਾਸ ਦਾ ਮੀਰ ਮੰਨੂੰ
ਸਵਰਨ ਸਿੰਘ ਸਨੇਹੀ..134
• ਗਰੀਬ ਨਿਵਾਜ ਸਤਿਗੁਰੂ
ਹਰਨਾਮ ਸਿੰਘ ਰਾਗੀ 151
• ਵਰ ਦਾਤੇ ਸ੍ਰੀ ਗੁਰੂ ਹਰੀ ਸਿੰਘ ਜੀ
ਸੰਤ ਟਹਿਲ ਸਿੰਘ ਜੀ ਸੱਦੋਵਾਲ........................153
• ਮਾਤਾ ਫਤਹ ਕੌਰ ਜੀ
ਨਿਧਾਨ ਸਿੰਘ 'ਆਲਿਮ'..155
• ਗੁਰੂ ਹਰੀ ਸਿੰਘ ਜੀ
ਮੰਗਲ ਸਿੰਘ ਲਾਇਲਪੁਰੀ..157
• ਕੋਹੜੇ ਦਾ ਉਧਾਰ
ਸੂਬਾ ਮਸਤਾਨ ਸਿੰਘ..159
• ਗੰਦੋਂ ਡੋਬ ਤੋਂ ਗੁਰੂਸਰ
ਸੂਬਾ ਮੀਹਾਂ ਸਿੰਘ..161
• (ਕਵਿਤਾ) ਧੰਨ ਗੁਰੂ ਹਰੀ ਸਿੰਘ
ਸਾਧੂ ਸਿੰਘ ਕਿਸਾਨ..163
• ਗੁਰੂ ਕੀਆਂ ਸਾਖੀਆਂ
ਬਿਸ਼ਨ ਸਿੰਘ ਹਿਸਟੋਰੀਅਨ..164
• ਮਾਤਾ ਜੀਉਣ ਕੌਰ
ਤਰਨ ਸਿੰਘ ਵਹਿਮੀ..165
• ਮੰਜੀ ਗੁਰੂ
ਪ੍ਰੀਤਮ ਸਿੰਘ ਕਵੀ..171
• ਸਤਿਗੁਰੂ ਹਰੀ ਸਿੰਘ
ਜਗਦੀਸ਼ ਸਿੰਘ ਵਰਿਆਮ..176
(ਕਵਿਤਾ ਭਾਗ)
• ਦਲਬੀਰ ਸਿੰਘ ਤਰਸ..177
• ਸੂਬਾ ਹਰਨਾਮ ਸਿੰਘ ਲਖਨਊ..178
• ਹਰਭਜਨ ਸਿੰਘ ਪਰਵਾਨਾ..179
• ਮਾ. ਨਿਹਾਲ ਸਿੰਘ..180
• ਨਿਸ਼ਾਨ ਸਿੰਘ 'ਕਥਾਵਾਚਕ'..181
• ਬਲਵੀਰ ਸਿੰਘ ਢਿੱਲੋਂ..182
• ਸੰਤੋਖ ਸਿੰਘ ਸੰਤ ਨਗਰ..183
• ਤਰਨ ਸਿੰਘ ਵਹਿਮੀਂ..184
• ਗੁਰਦਿਆਲ ਸਿੰਘ ਪ੍ਰੀਤ 185
• ਇੰਦਰ ਸਿੰਘ ਚੱਕਰਵਰਤੀ..186
• ਸਤਿਨਾਮ ਸਿੰਘ ਕੋਮਲ..187
• ਵਰਿੰਦਰ ਸਿੰਘ ਕਾਲਾ ਆਲਿਮ..188
• ਸੰਪੂਰਨ ਸਿੰਘ ਦਿੱਲੀ..190
• ਲਖਵਿੰਦਰ ਸਿੰਘ ਬਾਜਵਾ..191
• (ਲੇਖ) ਅਬਲੂ ਪਿੰਡ ਤੇ ਬਖਸ਼ਿਸ਼ਾਂ ਦੀ ਵਰਖਾ
ਡਾ. ਲਖਵੀਰ ਸਿੰਘ..192
• **Satguru Hari Singh Maintained...**
H.S. Hanspal..195
• **A Rare Conversation.......**
Ajmer Singh..199
• **The Saviour**
Ajit Singh Namdhari..202
• **Satguru Hari Singh And His Times**
Mohinder Singh Kuka..207
• ਰੰਗੂਨ ਦਰਸ਼ਨ ਕਰਨ ਗਏ ਸਿੰਘਾਂ ਦੀ ਸੂਚੀ
ਸਵਿੰਦਰ ਸਿੰਘ ਲੁਧਿਆਣਾ..211

Namdhari Elibrary NamdhariElibrary@gmail.com

ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਭਾਈ ਹਰੀ ਸਿੰਘ ਜੀ ਹੁਣ ਸਾਰੇ ਬਹੀਰ ਨੂ ਏਹੁ ਹੁਕਮੁ ਸੁਣਾ ਦੇਣਾ ਜੋ ਪੰਦਰਾ ਸੋਲਾ ਬਰਸ ਤੇ ਘਟਿ ਕੋਈ ਨਾ ਕੁੜੀ ਬਿਆਹੇ। ਏਹੁ ਸਮਾ ਦੇਖੇ ਬਿਨਾ ਕਿਤੇ ਨਾ ਮੁੰਡੇ ਨੂ ਬਿਆਉਣਾ। ਅਗੇ ਭਾਈ ਸਮਾ ਦੇਖਣਾ ਹੈ ਤਾ ਤੁਸੀ ਬੀ ਦੇਖ ਲਵੋ, ਨਹੀ ਦੇਖਣਾ ਤਾ ਤੁਸੀ ਜਾਣੋ।

ਜੇਹੜਾ ਬੁਆਨੂ ਆਖੇ ਸਾਕ ਲਓ ਮੇਰੀ ਲੜਕੀ ਦਾ, ਓਸਨੂ ਏਹੁ ਹਰਿਦਾਸ ਦਖਾਇ ਦੇਣੀ। ਅਰ ਬਾਬੇ ਗੁਪਾਲ ਸਿੰਘ[1]ਦੀ ਬਾਬੇ ਜਸਾ ਸਿੰਘ[2] ਜੈਸੀ ਸੇਵਾ ਕਰਨੀ। ਅਰੁ ਬਾਬਾ ਜੀ ਤੁਸੀ ਭਜਨ ਬਾਣੀ ਤਕੜੇ ਹੋ ਕੇ ਕਰਨਾ, ਕੋਈ ਦਿਨ ਦਾ ਮੇਲਾ ਹੈ, ਸੇਵਾ ਦਾ ਈ ਲਾਹ ਹੈ। ਪਰ ਬਾਬਾ ਜੀ ਤੁਸੀ ਸਿਆਣੇ ਹੋ, ਸਭਨੂ ਬੁਧ ਦੀ ਬਾਤ ਦਸਣੀ।

ਹੋਰ ਭਾਈ ਤੁਸੀ ਜੋ ਗੁਸੇ ਦੀ ਬਾਤ ਲਿਖੀ ਹੈ ਸਾਰੇ ਆਦਮੀ ਤਾ ਕਦੇ ਬੀ ਨਹੀ ਰਾਜੀ ਹੋਏ ਕਿਸੇ ਨਾਲ ਬੀ। ਆਪ ਨਾ ਕਿਸੇ ਨੂ ਗੁਸੇ ਕਰਨਾ, ਆਪੇ ਗੁਸੇ ਜੇ ਕੋਈ ਹੋਵੇ ਤਾ ਓਹੁ ਜਾਣੇ। ਤੁਸੀ ਗੁਰੂ ਗੁਰੂ ਜਪੋ ਰਾਤ ਦਿਨ। ਮੇਰੀ ਵਲੇ ਦੇਖ ਲੇਓ, ਕੋਈ ਤਾ ਆਧੇ ਹੈਨ ਤੂ ਤਾ ਅਕਾਲ ਪੁਰਖ ਹੈ, ਕੋਈ ਆਧੇ ਹੈਨ ਸੁਹਰੇ ਤਖਾਣ ਨੇ ਮੁਲਖ ਭਰਿਸਟ ਕਰ ਦਿਤਾ ਹੈ, ਕੋਈ ਆਧੇ ਹੈਨ ਸਾਨੂ ਅੰਮ੍ਰਿਤ ਦਾ ਗਿਆਨ ਦਿਤਾ ਹੈ। ਏਹੋ ਜੇਹੀ ਚਲੀ ਆਈ ਹੈ ਪਿਛੇ ਤੇ ਲਾਕੇ। ਅਗਲੀਆ ਹੀ ਹਰਿਦਾਸਾ ਬਹੁਤ ਭੇਜੀਆ ਹੈ ਜੇ ਮੰਨਣਿਗੇ। ਸੁਣਕੇ ਜੇ ਨਾ ਮੰਨਿਆ ਤਾ ਭਾਮੈ ਸੌ ਹੋਰ ਲਿਖੀਏ, ਓਨਾ ਕੀ ਕਰਨਾ ਹੈ।

ਹੋਰ ਭਾਈ ਦਰਬਾਰਾ ਸਿੰਘ ਜੀ[3] ਹੁਣ ਪਿਛੇ ਬਾਲਾ ਕਰੜਾ ਸੁਭਾਉ ਨਹੀ ਰਖਣਾ, ਤਕੜੇ ਹੋ ਕੇ ਭਜਨ ਬਾਣੀ ਕਰਿਆ ਕਰੋ ਰਾਤ ਦਿਨ। ਭਾਈ ਦਰਬਾਰਾ ਸਿੰਘ ਨੂ ਬੀ ਰਾਜੀ ਰਖਣਾ। ਹੋਰ ਹੀਰੇ ਮਿਸਰ[4] ਦੀ ਬੀ ਸੇਵਾ ਟਹਿਲ ਕਰਨੀ ਜਿਤਨੀ ਕੁ ਵਣਿ ਆਵੇ।

ਹੋਰ ਤੁਸੀ ਨਹੀ ਕਿਸੇ ਨਾਲ ਵੈਰ ਭਾਉ ਰਖਣਾ। ਜੋ ਕੋਈ ਤੁਸਾ ਦੇ ਨਾਲ ਰਖੇ ਤਾ ਪਿਆ ਝਖ ਮਾਰੇ। ਆਪੇ ਹੀ ਹਾਰ ਜਾਉਗਾ ਖੇਹ ਖਾ ਕੇ। ਕਿਸੇ ਭੇਖ ਦਾ ਆਵੇ ਕੋਈ ਸਭ ਦੀ ਸੇਵਾ ਟਹਿਲ ਕਰਨੀ ਆਦਰੁ ਨਾਲ, ਭਾਮੇ ਨਿੰਦਾ ਬੀ ਕਰਦਾ ਹੋਵੇ।

ਹੋਰ ਹਰਦਾਸਾ ਤਾ ਅਖਰ ਅਛੇ ਲਿਖਦੇ ਹੈ ਮੁੰਡੇ, ਅਜੇ ਹਰਿਦਾਸ ਦੀ ਤਰਾ ਨਹੀ ਲਿਖਣੀ ਆਈ। ਖਵਰ ਸਾਰ ਬਹੁਤ ਲਿਖਿਆ ਕਰੋ। ਜਦ ਸਿੰਘ ਏਨੀ ਦੂਰ, ਏਨਾ ਖਰਚ ਕਰਕੇ ਆਉਦੇ ਹੈਨ ਅਰੁ ਏਥੇ ਸਾਡੇ ਪਾਸ ਢੁਕਣੇ ਨਹੀ ਮਿਲਦੇ ਤਾ ਜੇਹੜਾ ਮੇਰੇ ਸਰੀਰ ਨੂੰ ਦੁਖ ਹੁੰਦਾ ਹੈ ਏਨਾ ਦੇ ਸਰੀਰ ਨੂ ਦੇਖ ਕੇ ਸੋ ਮੈ ਆਖ ਨਹੀ ਸਕਦਾ। ਅਸੀ ਫੇਰ ਏਹੁ ਅਰਜ ਕਰਦੇ ਹਾ ਹੇ ਗੁਰੂ ਦੋ ਮੈ ਤੇ ਏਕ ਕਰੋ। ਹੇ ਗੁਰੂ ਜੀ ਕੇ ਤਾ ਸਾਨੂ ਮਾਰਦੇ, ਤਾ ਏਨਾ ਮਲੇਛਾ ਦਾ ਨਾਸ ਕਰੁ। ਅਗੇ ਭਾਈ ਜੋ ਗੁਰੂ ਨੂ ਭਾਵੇ, ਗੁਰੂ ਭਾਣੇ ਦਾ ਮਾਲਕੁ ਹੈ।

ਹਰਿਦਾਸ ਲਿਖੀ ਚੇਤ ਸੁਦੀ 11 ਸੰਮਤ 1937[5]। ਏਹੁ ਹਰਿਦਾਸ ਦੇਣੀ ਡੇਰੇ।

---

1. ਪਿੰਡ ਮੌੜ ਦਾ ਰਹਿਣ ਵਾਲਾ
2. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਿਤਾ
3. ਸਤਿਗੁਰੂ ਰਾਮ ਸਿੰਘ ਜੀ ਦੇ ਤਾਏ ਨੱਥਾ ਸਿੰਘ ਦਾ ਪੁੱਤਰ
4. ਪਿੰਡ ਰਾਮਪੁਰ ਪੁਲਿਸ ਸਟੇਸ਼ਨ ਦੋਰਾਹਾ ਦਾ ਬ੍ਰਾਹਮਣ
5. ਬੁੱਧਵਾਰ 21 ਅਪ੍ਰੈਲ 1880

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ਾਂ 'ਚੋਂ

ਇਤਿਹਾਸ ਕੋਈ ਦਿਨ ਤੁਹਾਡੇ ਸਾਹਮਣੇ ਆਇਆ ਤਾਂ ਤੁਹਾਨੂੰ ਪਤਾ ਲਗੇਗਾ, ਚੌਂਤੀ ਸਾਲ ਸਤਿਗੁਰਾਂ ਦੇ ਜਾਣ ਤੋਂ ਬਾਅਦ ਜਿਸ ਤਰ੍ਹਾਂ ਦੀ ਤਕਲੀਫ਼ ਉਸ ਵਕਤ 'ਚ ਮਾਤਾ ਜੀ ਨੇ, ਗੁਰੂ ਹਰੀ ਸਿੰਘ ਜੀ ਨੇ ਝੱਲੀ ਹੈ, ਸਿੱਖਾਂ ਨੇ ਝੱਲੀ ਹੈ। ਵੜਨਾ ਨਹੀਂ ਸੀ ਮਿਲਦਾ, ਪੰਜਾਂ ਨੂੰ ਇਕੱਠਾ ਹੋਣਾ ਨਹੀਂ ਸੀ ਮਿਲਦਾ। ਉਹ ਮੈਨੂੰ ਇਹ ਪਤਾ ਹੈ, ਬਈ ਅਨੰਦ ਨਾ ਭੈਣੀ ਸਾਹਿਬ ਪੜ੍ਹਾਉਣਾ ਮਿਲੇ, ਤੇ ਅੰਦਰ ਮੰਦਰ ਦੇ ਥੰਮ੍ਹ ਦੇ ਦੁਆਲੇ ਗੁਰੂ ਹਰੀ ਸਿੰਘ ਜੀ ਨੇ ਫੇਰੇ ਦੁਆਏ- ਚੋਰੀ ਬੂਹੇ ਬੰਦ ਕਰਕੇ। ਸਿੱਖਾਂ ਦੇ ਲੜਕੀਆਂ ਦੇ ਅਨੰਦ ਨਾ ਪੜ੍ਹਾਉਣ ਦੇਣ- ਇਹ ਮੇਰੇ ਦੇਖਣ ਦੀ ਗੱਲ ਹੈ।

ਉਹ ਹੁਕਮਨਾਮਾ ਜਿਹੜਾ ਗੁਰੂ ਹਰੀ ਸਿੰਘ ਜੀ ਵਾਲਾ ਸੀ, ਉਹ ਹੁਕਮ ਸੀ ਕਿ ਅੱਗ ਦੀ ਭੇਟਾ ਕਰ ਦੇਣਾ- ਉਸ ਵੇਲੇ ਕਰ ਦਿੱਤਾ। ਹੁਕਮ ਕੀਤਾ ਕਿ ਕਰੜਾ ਦਾਲਾ ਤੇ ਮੋਟਾ ਪ੍ਰਸ਼ਾਦਾ ਹੋਵੇ। ਉਹਨੂੰ ਤੋਟ ਕਦੇ ਨਹੀਂ ਆਉਂਦੀ। ਹੁਣ ਤਕ ਉਹਨਾਂ ਦੇ ਹੁਕਮ ਨਾਲ ਉਸੇ ਤਰ੍ਹਾਂ ਹੈ। ਬਈ, ਜਿਹੜਾ ਦਾਲਾ ਪਰਸ਼ਾਦਿਆਂ ਦੇ ਉੱਤੇ ਪੈ ਜਾਏ ਤੇ ਨਾ ਡਿੱਗੇ-ਲੋਕ ਲੈਣ। ਉੱਥੇ ਰੰਗੂਨ ਹੁਕਮ ਦੇਂਦੇ ਹਨ-ਉਸੇ ਦਿਨ ਗੁਰੂ ਹਰੀ ਸਿੰਘ ਜੀ ਲਾਂਗਰੀਆਂ ਨੂੰ ਭੈਣੀ ਸਾਹਿਬ ਜਾ ਕੇ ਕਹਿੰਦੇ ਨੇ, "ਭਾਈ ਸਤਿਗੁਰਾਂ ਦਾ ਹੁਕਮ ਹੈ ਮੋਟਾ ਪ੍ਰਸ਼ਾਦਾ ਤੇ ਕਰੜਾ ਦਾਲਾ।" ਬਾਬਾ ਜੀ ਜਿਸ ਵੇਲੇ ਗਏ, ਉਹ ਦਿਨ ਦੇਖਿਆ ਉਹੋ ਹੀ ਵਕਤ ਸੀ।

ਸਰਦਾਰ ਅਮਰ ਸਿੰਘ ਇੱਕ ਝੋਰੜ ਸਿੱਖ ਸੀ ਮਾਲਵੇ ਦਾ, ਪਿੰਡ ਦਾ ਨਾਂ ਗਦਾਂਡੋਬ ਸੀ ਪਹਿਲੇ। ਹੁਣ ਗੁਰੂ ਸਰ ਗੁਰੂ ਹਰੀ ਸਿੰਘ ਜੀ ਰੱਖਿਆ ਹੈ। ਉਸਨੂੰ (ਅਮਰ ਸਿੰਘ ਨੂੰ) ਤਪਦਿਕ ਹੋ ਗਈ। ਸੁੰਦਰ ਸਿੰਘ ਜੀ ਤੇ ਸਦਾ ਸਿੰਘ ਹੋਰੀਂ ਦੋ ਭਰਾ ਸਨ। ਓਥੇ ਨਾਮਧਾਰੀਆਂ ਦਾ ਘਰ ਵੱਡਾ ਸੀ। ਉਹਨਾਂ ਦੇ ਨਾਲ-ਇਹ (ਅਮਰ ਸਿੰਘ) ਵੀ ਉਹਨਾਂ ਦੇ ਲਾਗ ਨਾਲ, ਉਹਨਾਂ ਦੀ ਭੂਆ ਦਾ ਪੁੱਤਰ ਤੇ ਪੋਤਰਾ ਭੂਆ ਦਾ ਨਾਲ ਚਲਾ ਗਿਆ, ਜਾ ਕੇ ਦਰਸ਼ਨ ਕੀਤੇ।

ਸਵੇਰ ਦਾ ਵਕਤ ਹੈ, ਸਿਆਲ ਦਾ ਮਹੀਨਾ ਹੈ। ਗੁਰੂ ਹਰੀ ਸਿੰਘ ਜੀ ਖੱਟੀ ਲੱਸੀ ਛਕੀ, ਇਹ ਕੋਲ ਜਾ ਕੇ ਬੈਠਾ ਹੈ- ਉਹ ਆਪਣੀ ਜ਼ਬਾਨੀ ਮੈਨੂੰ ਦੱਸਦਾ ਰਿਹਾ ਹੈ-(ਸੱਚੇ ਪਾਤਸ਼ਾਹ) ਕਹਿਣ ਲੱਗੇ, "ਲੈ ਭਾਈ ਛਕ ਲੈ।"

"ਮੇਰੇ ਪਹਿਲੇ ਤੇ ਚਿਤ 'ਚ ਆਈ ਕਿ ਮੈਨੂੰ ਤੇ ਤਪਦਿਕ ਹੋਈ ਹੈ; ਉੱਠਣ ਦੀ ਵਾਹ ਨਹੀਂ ਤੇ ਬੁਖ਼ਾਰ ਚੜ੍ਹਿਆ ਹੋਇਆ ਹੈ। ਮੈਂ ਬਹੁਤ ਕਮਜ਼ੋਰ ਹਾਂ। ਫੇਰ, ਮੈਂ ਬਚਨ ਮੰਨ ਕੇ ਛਕ ਲਈ। ਸੱਚ ਜਾਣਿਓਂ ਉਸੇ ਲੱਸੀ ਤੋਂ- ਮੈਂ ਕੋਈ ਦਵਾਈ ਨਹੀਂ ਖਾਧੀ- ਮੇਰੀ ਤਪਦਿਕ ਹਟ ਗਈ।"

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ 'ਚੋਂ

–ਨੈਰੋਬੀ (ਅਫਰੀਕਾ) 1976 ਈ:

ਪਰਮ ਸਤਿਕਾਰ ਯੋਗ ਸਾਧ ਸੰਗਤ, ਰਸਨਾ ਪਵਿਤ੍ਰ ਕਰਨ ਲਈ ਸਭ ਗੱਜ ਕੇ ਆਖੋ— ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ। ਇਕ ਵੇਰ ਫੇਰ ਆਖੋ ਧੰਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ।

ਸੰਤ ਧਿਆਨ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਦੀ ਉਪਮਾ ਵਿਚ ਕਬਿੱਤ ਲਿਖਿਆ ਹੈ।– 'ਖਿਮਾ ਕੋ ਖਸਮ ਗੁਰ ਰਸਮ ਸਵਾਰੀ ਸਾਰੀ, ਭਸਮ ਕਰ ਡਾਰੀ ਨੀਵ ਗ੍ਰੀਵ ਧਾਰੀ ਦੁਬਿਧਾ।– ਖਿਮਾ ਕੋ ਖਸਮ, ਖਿਮਾ ਕਰਨੀ ਬਹੁਤ ਔਖੀ ਹੈ, ਉਹ ਸਤਿਗੁਰੂ ਸਨ – ਜਿਨ੍ਹਾਂ ਦਾ ਖਿਮਾ ਤੇ ਰਾਜ ਸੀ। –ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਜਿਸ ਵੇਲੇ ਸੀਸ ਬਲੀਦਾਨ ਕਰਨ ਲੱਗੇ, ਉਨ੍ਹਾਂ ਨੂੰ ਪੁੱਛਿਆ ਗਿਆ ਹੁਕਮਰਾਨਾਂ ਵਲੋਂ ਕਿ – ਤੁਹਾਡਾ ਨਾਮ ਤੇਗ ਬਹਾਦਰ ਕਿਉਂ ਹੈ? –ਸੱਚੇ ਪਾਤਸ਼ਾਹ ਨੇ ਆਖਿਆ–'ਮੇਰਾ ਨਾਂ ਤੇਗ ਬਹਾਦਰ ਏਸ ਕਰਕੇ ਹੈ ਕਿ ਤੇਗ ਮੇਰੇ ਉੱਤੇ ਬਹਾਦਰ ਨਹੀਂ, ਮੈਂ ਤੇਗ ਉਤੇ ਬਹਾਦਰ ਹਾਂ। ਫੇਰ ਉਨ੍ਹਾਂ ਨੇ ਤਜ਼ਰਬਾ ਕੀਤਾ ਇਕ ਬੜਾ ਜਵਾਨ ਸਈਅਦ ਮੁੰਡਾ ਲਿਆਂਦਾ ਸੀਸ ਸੱਚੇ ਪਾਤਸ਼ਾਹ ਦਾ ਕਤਲ ਕਰਨ ਵਾਸਤੇ' ਤਲਵਾਰ ਉਤੇ ਇਕ ਕੱਚੇ ਧਾਗੇ ਦਾ ਬੰਨ ਮਾਰਿਆ ਗਿਆ। ਉਸ ਲੜਕੇ ਨੇ ਸਾਰੇ ਜ਼ੋਰ ਨਾਲ ਤਲਵਾਰ ਚਲਾਈ। ਉਹ ਕਹਿੰਦਾ ਹੈ, ਮੇਰਾ ਹੱਥ ਛਣ ਗਿਆ ਹੈ। ਸੀਸ ਤਲਵਾਰ ਲੱਗਣ ਤੋਂ ਪਹਿਲੋਂ ਲਾਂਭੇ ਸੀ, ਧਾਗੇ ਨੂੰ ਕੋਈ ਚੀਜ਼ ਨਹੀਂ ਲੱਗੀ।

ਸਤਿਗੁਰੂ ਹਰੀ ਸਿੰਘ ਜੀ– ਜਿਨ੍ਹਾਂ ਦਾ ਖਿਮਾਂ ਤੇ ਰਾਜ ਸੀ, ਜਿਸ ਖਿਮਾ ਵਾਸਤੇ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਨੇ ਲਿਖਿਆ ਹੈ—

"ਗਰੀਬੀ ਗਦਾ ਹਮਾਰੀ" 'ਖਿਮਾ–ਗ੍ਰੀਬੀ ਬੰਦਗੀ'

ਗਰੀਬੀ ਗਦਾ ਹਮਾਰੀ, ਖੰਨਾ ਸਗਲ ਰੇਨੁ ਛਾਰੀ, ਇਸੁ ਆਗੈ ਕੋ ਨ ਟਿਕੈ ਵੇਕਾਰੀ।

ਉਹ ਗਰੀਬੀ, ਨੀਵੀਂ ਗਰਦਨ ਕਰਕੇ, ਗੁਰੂ ਹਰੀ ਸੱਚੇ ਪਾਤਸ਼ਾਹ ਨੇ, ਇਹ ਰਸਮ ਗਲਤ ਹੋਈ, ਜੋ ਦੂਜੇ ਪਾਸੇ ਨੂੰ ਲੋਕ ਜਾਂਦੇ ਸਨ, ਉਸਨੂੰ ਸਵਾਰਿਆ, ਨੀਂਵੀਂ ਗਰਦਨ ਕਰਕੇ ਬੈਠਣਾ ਹਮੇਸ਼ਾ, ਸਤਿਗੁਰੂ ਸੱਚੇ ਪਾਤਸ਼ਾਹ ਦਾ ਜਿਨ੍ਹਾਂ ਪੁਰਾਣੇ ਸਿੱਖਾਂ ਨੇ ਦਰਸ਼ਨ ਕੀਤਾ ਹੈ ਇਕ ਸਿੱਖ ਨਗਰ ਦਾ ਸੀ, ਗੁਰਦਿੱਤ ਸਿੰਘ, ਬੜਾ ਲੰਬਾ ਜਵਾਨ ਸੀ, ਬੜਾ ਸ਼ਰਧਾਲੂ ਸਿੱਖ ਸੀ। ਉਨ੍ਹਾਂ ਨੇ ਦੱਸਿਆ ਕਿ ਸਤਿਗੁਰੂ ਸੱਚੇ–ਪਾਤਸ਼ਾਹ ਨੇ ਦੀਵਾਨ ਵਿਚ ਹਮੇਸ਼ਾਂ ਨੀਵੀਂ ਗਰਦਨ ਕਰਕੇ ਬੈਠਣਾ। ਬਹੁਤ ਹੀ ਕਿਸੇ ਤੇ ਕਿਰਪਾ ਕਰਦੇ ਤਾਂ ਨੇਤ੍ਰ ਉਤਾਂਹ ਕਰਕੇ ਦਰਸ਼ਨ ਦੇਂਦੇ ਸਨ। ਨੀਵੀਂ ਗਰਦਨ ਰੱਖ ਕੇ, ਸਿਰਫ ਗਰਦਨ ਹੀ ਨਹੀਂ ਨੀਵੀਂ ਰੱਖੀ, 'ਗਰੀਬੀ' – ਇਹ ਗਰੀਬੀ ਨਹੀਂ ਕਿ ਮੇਰੇ ਕੋਲ ਪੈਸੇ ਨਹੀਂ ਤੇ ਮੈਂ ਗਰੀਬ ਹਾ। ਇਹ ਗ੍ਰੀਬੀ ਹੈ ਜਿਸਦੇ ਵਾਸਤੇ ਲਿਖਿਆ ਹੈ—

'ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ। ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ।

ਉਸ ਗਰੀਬੀ ਨੂੰ ਧਾਰਿਆ। ਕੇਵਲ ਆਪ ਹੀ ਨਹੀਂ, ਬਹੁਤ ਸਿੱਖਾਂ ਨੇ ਵੀ, ਜਿਨ੍ਹਾਂ ਤੇ ਬਖ਼ਸ਼ਿਸ਼ ਸੀ, ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦੇ ਬਣਾ ਦਿੱਤਾ, 'ਓਇ ਭੀ ਚੰਦਨੁ ਹੋਇ ਰਹੇ, ਬਸੇ ਜੁ ਚੰਦਨ ਪਾਸਿ।'–ਮਾਤਾ ਜੀਵਨ ਕੌਰ ਜੀ, ਗੁਰੂ ਹਰੀ ਸਿੰਘ ਜੀ ਦੇ ਘਰੋਂ ਸਾਡੇ ਦਾਦੀ ਜੀ ਜਿਹੜੇ ਸਨ। ਜਿਨ੍ਹਾਂ ਨਾਲ ਪਿੰਡ ਵਿੱਚ ਲੜਾਈ ਸੀ, ਜਦੋਂ ਪਤਾ ਲਗ ਜਾਵੇ ਕਿ ਉਨ੍ਹਾਂ ਦੇ ਘਰ ਅੱਜ ਦਾਣੇ ਹੈ ਨਹੀਂ ਖਾਣ ਨੂੰ। ਤਾਂ ਚੋਰੀ ਰਾਤ ਨੂੰ, ਨਾ ਏਧਰ ਗੁਰਦਵਾਰੇ ਵਾਲਿਆਂ ਨੂੰ ਪਤਾ ਹੋਵੇ ਅਤੇ ਨਾ ਉਨ੍ਹਾਂ ਘਰ ਵਾਲਿਆਂ ਨੂੰ ਪਤਾ ਲੱਗੇ, ਉਨ੍ਹਾਂ ਦੇ ਘਰ ਪੀਸੇ ਆਟੇ ਦੀ ਬੋਰੀ ਜਾਂ ਕਣਕ ਦੀ ਬੋਰੀ ਸੁਟਵਾ ਦੇਣੀ ਕਿ ਉਹ ਭੁੱਖੇ ਨਾ ਮਰਣ। ਇਹ ਗਲ ਕਹਿ ਲੈਣੀ , ਸੁਣ ਲੈਣੀ ਬੜੀ ਸੌਖੀ ਹੈ, ਪਰ ਕਮਾਈ ਕਰਨੀ ਇਸ ਗਲ ਤੇ ਬੜੀ ਔਖੀ ਹੈ। ਗੁਰੂ ਹਰੀ ਸਿੰਘ

Namdhari Elibrary NamdhariElibrary@gmail.com

ਖ਼ਿਮਾਂ ਨੂੰ ਧਾਰਨ ਕਰਕੇ,ਨੀਵੀਂ ਗਰਦਨ ਰੱਖਕੇ, ਕੁਰੀਤੀਆਂ ਨੂੰ ਕੱਢਿਆ ਅਤੇ ਰਸਮਾਂ ਨੂੰ ਸੋਹਣੀਆਂ ਬਣਾਇਆ ਸਵਾਰ ਕੇ। ਸਤਿਗੁਰੂ ਰਾਮ ਸਿੰਘ ਸਚੇ ਪਾਤਸ਼ਾਹ ਜੀ ਨੇ 1918 ਬ੍ਰਿ.(1861ਈ.) ਨੂੰ ਸਦਾ ਵਰਤ ਲੰਗਰ ਸ਼ੁਰੂ ਕੀਤਾ ਸ੍ਰੀ ਭੈਣੀ ਸਾਹਿਬ ,ਜਿਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਨੇ ਉਥੋਂ (ਰੰਗੂਨ ਤੋਂ) ਹੁਕਮ ਨਾਮਾ ਲਿਖਿਆ ਕਿ ਕਰੜਾ ਦਾਲਾ ਅਤੇ ਮੋਟਾ ਪ੍ਰਸ਼ਾਦਾ ਹੋਵੇ।ਜਿਸ ਦਿਨ ਜਿਸ ਵਕਤ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਉਥੋਂ ਹੁਕਮ ਕੀਤਾ, ਉਸ ਵਕਤ ਸਤਿਗੁਰੂ ਹਰੀ ਸਿੰਘ ਸਚੇ ਪਾਤਸ਼ਾਹ ਜੀ ਨੇ ਏਥੇ (ਸ੍ਰੀ ਭੈਣੀ ਸਾਹਿਬ) ਲਾਂਗਰੀਆਂ ਨੂੰ ਹੁਕਮ ਕੀਤਾ ਕਿ ਐਸ ਤਰ੍ਹਾਂ ਦਾ ਮੋਟਾ ਪ੍ਰਸ਼ਾਦਾ ਅਤੇ ਕਰੜਾ ਦਾਲਾ ਹੋਵੇ। ਬਾਬਾ ਦਰਬਾਰਾ ਸਿੰਘ ਸਨ ਕਿਲਾ ਰਾਇਪੁਰ ਦੇ,ਜੋ ਇਹ ਹੁਕਮਨਾਮਾ ਲੈਕੇ ਆਏ।ਜੋ ਵੱਡੇ ਅਮਲੀ ਸਨ ਜਿਨ੍ਹਾ ਨੂੰ ਸਤਿਗੁਰਾਂ ਨੇ ਨਾਮ ਦਾ ਅਮਲ ਦੇ ਕੇ ਸਾਰੇ ਅਮਲ ਛੁਡਾ ਦਿੱਤੇ ਉਹ ਤਿਨ੍ਹਾਂ ਵਰ੍ਹਿਆਂ (1875ਈ.) ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਗਏ ਹਨ। ਉਨ੍ਹਾਂ ਦੇ ਹੱਥ ਹੀ ਇਹ ਹੁਕਮਨਾਮਾ ਆਇਆ ਸੀ ਗੁਰੂ ਹਰੀ ਸਿੰਘ ਵਾਸਤੇ ਕਿ ਪਹਿਲਾਂ ਬੁਧ ਸਿੰਘ ਨਾਮ ਸੀ, ਗੁਰੂ ਹਰੀ ਸਿੰਘ ਦਾ ਕਿ ਇਸਦਾ ਨਾਮ ਅੱਜ ਤੋਂ ਹਰੀ ਸਿੰਘ ਕੀਤਾ ।ਮੇਰੇ ਪਿਛੋਂ ਇਹ ਸਿੱਖੀ ਨੂੰ ਹਰੀ ਰੱਖੇਗਾ। ਇਹਦੇ ਧੱਕੇ ਨੂੰ ਮੈ ਨਹੀਂ ਬਖਸ਼ਾਂਗਾ, ਮੇਰੇ ਧੱਕੇ ਹੋਏ ਨੂੰ ਇਹ ਬਖ਼ਸ਼ ਦੇਵੇਗਾ। ਉਸ ਵੇਲੇ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਨੇ, ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਅਤੁੱਟ ਲੰਗਰ ਚਲਾਇਆ। ------ ਇਕ ਸਮਾਂ ਐਸਾ ਆਇਆ ਕਿ ਕਾਲ ਪੈ ਗਿਆ ਬਾਗੜ ਦੇ ਵਿਚ, ਉਥੋਂ ਬਹੁਤ ਸਾਰੇ ਲੋਕ ਏਥੇ ਆਉਂਦੇ ਸਨ, ਚਾਰ-ਚਾਰ ਹਜਾਰ ਦੀ ਉਸ ਵੇਲੇ ਪੰਗਤ ਲਗਦੀ ਸੀ ਗੁਰਦੁਆਰਾ ਸ੍ਰੀ ਭੈਣੀ ਸਾਹਿਬ। ਉਹਨਾਂ ਨੂੰ ਏਥੇ ਪ੍ਰਸਾਦਾ ਮਿਲਣਾ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ਆਇਆ, ਉਸਨੇ ਆ ਕੇ ਪੁਛਿਆ ਕਿ 'ਤੁਸੀਂ ਕਿਸ ਤਰ੍ਹਾਂ ਇਹ ਲੰਗਰ ਚਲਾ ਰਹੇ ਹੋ, ਤੁਸੀਂ ਬਹੁਤ ਉਪਕਾਰ ਕਰਦੇ ਹੋ। ਪਰ ਏਨੇ ਲੋਕਾਂ ਨੂੰ ਤੁਸੀਂ ਪ੍ਰਸ਼ਾਦਾ ਦੇ ਰਹੇ ਹੋ, ਏਨਾਂ ਕਾਲ ਪਿਆ ਹੈ, ਤੁਸੀਂ ਪੂਰੇ ਨਹੀਂ ਆ ਸਕੋਗੇ। ਇਸ ਲਈ ਤੁਸੀਂ ਏਨਾ ਨਾ ਅੰਨ ਵਰਤਾਓ।' ਸਤਿਗੁਰੂ ਹਰੀ ਸਿੰਘ ਜੀ ਨੇ ਕਿਹਾ, ਇਸ ਤਰ੍ਹਾਂ ਨਹੀਂ ਹੋ ਸਕਦਾ। ਪਹਿਲੀ ਗੱਲ ਤਾਂ ਇਹ ਹੈ ਕਿ ਇਹ ਸਤਿਗੁਰਾਂ ਦਾ ਲੰਗਰ ਹੈ, ਏਥੇ ਤੋਟ ਨਹੀਂ ਆ ਸਕਦੀ। ਉਸਨੇ ਆਖਿਆ ਫਰਜ਼ ਕਰੋ ਜੇ ਸਾਰਾ ਅੰਨ ਮੁੱਕ ਜਾਵੇ, ਫੇਰ ਕੀ ਕਰੋਗੇ? ਸਤਿਗੁਰੂ ਜੀ ਕਿਹਾ ਕਿ ਕੋਠਿਆਂ ਦੀਆਂ ਕੜੀਆਂ ਲਾ ਕੇ ਲੰਗਰ ਦੇ ਖਾਤੇ 'ਚ ਪਾ ਕੇ, ਏਨ੍ਹਾਂ ਨੂੰ ਲੰਗਰ ਛਕਾਵਾਂਗੇ। ਅਗਰ ਐਸੀ ਵੀ ਗੱਲ ਹੋ ਗਈ ਤਾਂ ਫੇਰ ਜਿਧਰ ਨੂੰ ਏਹ ਜਾਣਗੇ, ਏਨ੍ਹਾਂ ਦੇ ਨਾਲ ਅਸੀਂ ਵੀ ਤੁਰ ਪਵਾਂਗੇ ਪਰ ਇਹ ਨਹੀਂ ਹੋ ਸਕਦਾ ਕਿ ਸਾਡੇ ਹੁੰਦਿਆਂ ਇਹ ਲੋਕ ਭੁੱਖੇ ਮਰਣ। ਉਨ੍ਹਾਂ ਦੇ ਤਾਂ ਹੁਕਮ ਵਿਚ ਸਾਰੀ ਚੀਜ਼ ਹੈ, ਜਿਹੜੀ ਦਾਣਿਆਂ ਵਾਲੀ ਠੇਕੀ ਸੀ, ਉਸਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਇੱਕ ਚਰਨ ਲਾ ਦਿੱਤਾ ਤੇ ਉਹ ਦਾਣੇ ਨਹੀਂ ਮੁੱਕਣ ਦਿੱਤੇ। ਫਿਰ ਸਰਕਾਰ ਵਲੋਂ ਇਹ ਆਗਿਆ ਹੋਈ ਡੀ.ਸੀ. ਨੂੰ ਲੈਫਟੀਨੈਂਟ ਗਵਰਨਰ ਵਲੋਂ ਕਿ ਤੁਸੀਂ ਏਨ੍ਹਾਂ ਨੂੰ ਆਖੋ ਕਿ ਤੁਹਾਨੂੰ ਇਨਾਮ ਦਿੱਤਾ ਜਾਂਦਾ ਹੈ, ਸੌ ਮੁਰੱਬਾ, ਮਿੰਟਗੁਮਰੀ ਦੀ ਬਾਰ ਵਿਚ ਜੋ ਆਬਾਦ ਹੋ ਰਹੀ ਹੈ, ਤੁਹਾਨੂੰ ਇਨਾਮ ਵਿਚ ਦਿੱਤਾ ਜਾਂਦਾ ਹੈ, ਤੁਸੀਂ ਬੜਾ ਚੰਗਾ ਕੰਮ ਕਰ ਰਹੇ ਹੋ। ਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਨੇ ਡਿਪਟੀ ਕਮੀਸ਼ਨਰ ਨੂੰ ਕਿਹਾ ਕਿ ਤੂੰ ਕਹਿੰਦਾ ਹੈ, ਸੌ ਮੁਰੱਬਾ ਲੈ ਲਵੋ। ਇਹਦਾ ਮਤਲਬ ਹੋਇਆ ਕਿ ਸੌ ਮੁਰੱਬਾ ਤੇ ਹੋਇਆ ਸਾਡਾ ਤੇ ਬਾਕੀ ਦਾ ਹਿੰਦੁਸਤਾਨ ਤੁਹਾਡਾ ਹੈ? – ਮੈਂ ਸੌ ਮੁਰੱਬਾ ਲੈ ਕੇ ਸਾਬਤ ਕਰ ਦਿਆਂ ਕਿ ਬਾਕੀ ਹਿੰਦੁਸਤਾਨ ਤੁਹਾਡਾ ਹੈ। ਇਹ ਸਾਡਾ ਹੈ, ਜਦੋਂ ਲਵਾਂਗੇ ਸਾਰਾ ਦੇਸ਼ ਲਵਾਂਗੇ। ਇਹ ਤੇਰੇ ਮੁਰੱਬਿਆਂ ਨਾਲ ਲੰਗਰ ਨਹੀਂ ਚਲਦੇ, ਇਹ ਸਤਿਗੁਰਾਂ ਦੀ ਕਿਰਪਾ ਨਾਲ ਲੰਗਰ ਚਲਦਾ ਹੈ। ਸਤਿਗੁਰੂ ਹਰੀ ਸਿੰਘ ਜੀ ਨੇ ਤਨ, ਮਨ ਕਰਕੇ ਲੰਗਰ ਚਲਾਇਆ, ਆਪ ਛਕਕੇ ਨਹੀਂ, ਦੂਸਰਿਆਂ ਨੂੰ ਛਕਾ ਕੇ ਰਾਜ਼ੀ ਹੋਣਾ।

ਸਤਿਗੁਰੂ ਹਰੀ ਸਿੰਘ ਜੀ ਦੀ ਕਥਾ ਲਿਖਦਿਆਂ ਸੰਤ ਧਿਆਨ ਸਿੰਘ ਜੀ ਲਿਖਦੇ ਹਨ ਕਿ ਉਨ੍ਹਾਂ ਨੇ ਆਪਣੇ ਜੀਵਨ ਨੂੰ ਇਸ ਤਰ੍ਹਾਂ ਦਾ ਬਣਾਇਆ—

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਵਿਚ ਬੰਦਗੀ ਕੀਤੀ। ਬੰਦਗੀ ਸਿਰਫ ਏਸੇ ਗਲ ਦਾ ਨਾਂ ਨਹੀਂ ਕਿ ਮਾਲਾ ਫੜ ਕੇ ਭਜਨ ਕਰਨਾ ਹੀ ਬੰਦਗੀ ਹੈ। ਆਸਾ ਦੀ ਵਾਰ ਵਿਚ ਸੁਣਦੇ ਹੋ— 'ਬੰਦੇ ਸੇ ਜਿ ਪਵਹਿ ਵਿਚਿ ਬੰਦੀ----'ਕਿਸੇ

Namdhari Elibrary NamdhariElibrary@gmail.com

ਦੀ ਕੈਦ ਵਿਚ ਰਹਿ ਕੇ, ਉਸਦੀ ਆਗਿਆ ਵਿਚ ਚਲਕੇ---। ਸੱਚੇ ਪਾਤਸ਼ਾਹ (ਸਤਿਗੁਰੂ ਪ੍ਰਤਾਪ ਸਿੰਘ ਜੀ) ਦੱਸਦੇ ਸਨ ਕਿ ਗੁਰੂ ਹਰੀ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਅਸਾਂ ਬਚਪਨ ਤੋਂ, ਪਹਿਲੇ ਦਿਨ ਤੋਂ ਹੀ ਕਦੇ ਵੀ ਸਤਿਗੁਰਾਂ ਦਾ ਹੁਕਮ ਨਹੀਂ ਮੋੜਿਆ।

'ਜਾਹੀ ਪ੍ਰਤਾਪ ਕਰ ਮਾਹੀ ਕੋ ਰਹੇ ਜਾਪ ਕਰ।' ਜਿਸਦੇ ਪ੍ਰਤਾਪ ਨਾਲ, ਜਿਸਦੀ ਬਖ਼ਸ਼ਿਸ਼ ਨਾਲ ਅਸੀ ਅਕਾਲ ਪੁਰਖ ਦਾ ਜਾਪ ਕਰਦੇ ਹਾਂ।

'ਤਾਹੀ ਗੁਰ ਤਾਪ ਹਰਿ ਹਰੀ ਕੋ ਧਿਆਇ ਲੇ॥' ਇਥੇ ਇਕ 'ਹਰਿ' ਦੇਹਲੀ ਦੀਪਕ ਹੈ, 'ਤਾਹੀ ਗੁਰ ਤਾਪ ਹਰਿ' ਉਹੀ ਸਤਿਗੁਰੂ ਜਿਹੜੇ ਤਾਪਾਂ ਨੂੰ ਹਰਨ ਵਾਲੇ ਨੇ, 'ਹਰਿ ਹਰੀ' ਹਰੀ ਸਿੰਘ, ਹੇ ਮਨਾ ਉਨ੍ਹਾਂ ਨੂੰ ਤੂੰ ਧਿਆ। 'ਜਿਨੋ ਪੀਆ ਜਾਵਤੇ ਕੋ, ਕਹਾ ਕਾਹੇ ਜਾਵਤੇ ਹੋ।' ਉਹ ਸਤਿਗੁਰੂ ਜਿਨ੍ਹਾਂ ਨੇ ਪਰਾਏ ਦੁੱਖ, ਸੇਵਕਾਂ ਦੇ ਤੇ ਵੱਖਰੀ ਗੱਲ ਹੈ। ਆਪਣੇ ਸੁਆਮੀਂ ਨੂੰ ਜਾਣ ਵੇਲੇ, ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜਿਸ ਵੇਲੇ ਪ੍ਰਦੇਸ ਜਾਣ ਦੀ ਤਿਆਰੀ ਕਰਦੇ ਨੇ ਅਰਜ਼ ਕੀਤੀ: " ਸੱਚੇ ਪਾਤਸ਼ਾਹ ਤੁਸੀਂ ਏਥੇ ਰਹੋ, ਮੈਂ ਬਾਹਰ ਜਾਵਾਂਗਾ, ਸਾਰਾ ਦੋਸ਼ ਮੈਂ ਆਪ ਜ਼ਬਾਨੀ ਮੰਨਾਂਗਾ ਕਿ ਸਿੰਘ ਮੈਂ ਭੇਜੇ ਹਨ (ਮਲੇਰ ਕੋਟਲੇ) ਜਾਂ ਜੋ ਵੀ ਕੁਝ ਹੋਇਆ ਹੈ, ਮੈਂ ਕੀਤਾ ਹੈ। ਆਪ ਕਿਰਪਾ ਕਰਕੇ ਏਥੇ ਹੀ ਨਿਵਾਸ ਰੱਖੋ, ਮੈਂ ਬਾਹਰ (ਪ੍ਰਦੇਸ) ਜਾਵਾਂਗਾ।

ਜਿਨੋ ਪੀਆ ਜਾਵਤੇ ਕੋ, ਕਹਾ ਕਾਹੇ ਜਾਵਤੇ ਹੋ।
ਈਹਾਂ ਤੋ ਸੁਹਾਵਤੇ ਹੋ, ਦਾਸ ਦੋਖ ਚਾਇ ਲੇ॥

ਤੁਸੀਂ ਏਥੇ ਸੋਭਾ ਪਾਉਂਦੇ ਹੋ, ਮੈਂ ਇਹ ਦੋਸ਼, ਇਹ ਕੈਦ, ਦੇਸ਼ ਨਿਕਾਲਾ ਮੈਂ ਆਪਣੇ ਤੇ ਝੱਲਾਂਗਾ।

ਸੁਖ ਰਾਜ ਭੋਗ ਮਾਹਿ, ਰਹੇ ਸੋ ਵਿਯੋਗ ਮਾਹਿ।'

ਉਨ੍ਹਾਂ ਨੂੰ ਘਾਟਾ ਨਹੀਂ ਸੀ ਕਿਸੇ ਗਲ ਦਾ, ਪਰ ਇਕ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਵਿਛੋੜੇ ਦਾ ਦੁੱਖ, ਉਸ ਦੇ ਵਿੱਚ ਹਮੇਸ਼ਾਂ ਸਾਰੀ ਜਿੰਦਗੀ ਉਨ੍ਹਾਂ ਨੇ ਗੁਜਾਰੀ। ਇਕ ਸਤਿਗੁਰਾਂ ਦਾ ਵਿਛੋੜਾ, ਦੂਸਰਾ ਅੰਗਰੇਜ ਦਾ ਰਾਜ ਅਤੇ ਉਨ੍ਹਾਂ ਨਾਲ ਲੜਾਈ, ਤੀਸਰਾ ਆਪਣੇ ਹੀ ਸਾਰੇ, ਕੀ ਸਿੱਖ, ਕੀ ਰਾਜੇ, ਰਈਸ , ਹਿੰਦੂ ਅਤੇ ਵੱਡੇ-ਵੱਡੇ ਡੇਰੇਦਾਰ, ਸਾਰੇ ਹੀ ਵੱਧ ਤੋਂ ਵੱਧ ਮੁਖਾਲਫਤ ਤੇ ਤੁਲੇ ਹੋਏ। ਉਨ੍ਹਾਂ ਕੋਈ ਗਲ ਲੱਭ ਕੇ ਤੇ ਜਾ ਕੇ (ਸਰਕਾਰ ਨੂੰ) ਦੱਸਣਾਂ । ਫੇਰ ਸਿੱਖਾਂ ਨੇ ਦਰਸ਼ਨ ਕਰਨ ਆਉਣਾ ਤੇ ਪੰਜ ਸਿੱਖਾਂ ਤੋਂ ਵੱਧ ਆਉਣ ਦੀ ਆਗਿਆ ਨਹੀਂ। ਦਰਵਾਜੇ ਤੇ ਚੌਂਕੀ ਪੁਲਿਸ ਦੀ ਬੈਠੀ ਹੈ। ਧੰਨ ਸਨ ਉਹ ਸਿੱਖ ਅਤੇ ਧੰਨ ਉਹ ਸਤਿਗੁਰੂ ਸਨ ਅਤੇ ਧੰਨ ਸਨ ਉਹ ਮਾਤਾ ਜੀਵਨ ਕੌਰ ਜੀ, ਜਿਹੜੇ ਬਾਹਰ ਜਾ ਕੇ ਸਿੱਖਾਂ ਦੀ ਸੰਭਾਲ ਕਰਦੇ ਸਨ। ਗੜਵੇ ਵਿੱਚ ਜੰਗਲ ਜਾਣ ਦੇ ਬਹਾਨੇ ਸ਼ਰਦਾਈ ਪਾ ਕੇ ਲੈ ਜਾਣੀ, ਦਾਲਾ ਪ੍ਰਸ਼ਾਦਾ ਪਾ ਕੇ ਲੈ ਜਾਣਾ, ਜਿੱਥੇ ਸਿੱਖਾਂ ਨੇ ਲੁਕੇ ਹੋਏ ਹੋਣਾਂ ਦਰਸ਼ਨ ਕਰਨ ਵਾਸਤੇ, ਪਰ ਉਨ੍ਹਾਂ ਨੂੰ ਦਰਸ਼ਨ ਦੀ ਕੀਮਤ ਸੀ, ਉਨ੍ਹਾਂ ਨੂੰ ਨਾ ਧੁੱਪ, ਨਾ ਪਾਲਾ ਪੋਂਹਦਾ ਸੀ। ਉਨ੍ਹਾਂ ਦਾ ਮਨ ਉਥੇ (ਸਤਿਗੁਰਾਂ ਦੇ ਚਰਨਾਂ ਵਿੱਚ) ਲੱਗਾ ਹੋਇਆ ਸੀ।

ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ- 'ਸੁਖ ਰਾਜ ਭੋਗ ਮਾਹਿ ਰਹੇ ਸੋ ਵਿਯੋਗ ਮਾਹਿ।' ਉਨ੍ਹਾਂ ਨੂੰ ਇੱਕੋ ਗਲ ਯਾਦ ਸੀ ਕਿ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਮੇਰੇ ਸੁਆਮੀ ਏਥੇ ਨਹੀਂ ਹਨ। ਉਹ ਉਥੇ ਕਿਸ ਹਲਾਤ ਵਿੱਚ ਹਨ, ਕਿਵੇਂ ਉਨ੍ਹਾਂ ਤੇ ਪਹਿਰੇ ਲੱਗੇ ਹੋਏ ਨੇ, ਕਿਸ ਤਰ੍ਹਾਂ ਉਨ੍ਹਾਂ ਤੇ ਦੁਨਿਆਵੀ ਤਕਲੀਫ਼ਾਂ ਨੇ, ਇਹੋ ਗੱਲ ਹੀ ਮਨ ਵਿੱਚ ਵਸਾ ਕੇ-

ਸੁਖ ਰਾਜ ਭੋਗ ਮਾਹਿ ਰਹੇ ਸੋ ਵਿਯੋਗ ਮਾਹਿ
ਬਿਰਹੋਂ ਬੁਰੇ ਰੋਗ ਮਾਹਿ ਨੇਤ੍ਰ ਗਵਾਇ ਲੇ॥

ਅਖੀਰਲੇ ਦਿਨਾਂ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਨੇਤ੍ਰ ਬੰਦ ਹੋ ਗਏ ਸਨ। ਹਮੇਸ਼ਾਂ ਥੋੜਾ ਥੋੜਾ ਜਲ ਵਗਦਾ ਰਹਿਣਾ ਜਾਂ ਉਸ ਤਕਲੀਫ਼ ਨੂੰ ਤੇ ਉਹ ਆਪ ਹੀ ਜਾਣਦੇ ਸਨ ਦੂਸਰਾ ਆਦਮੀ ਨਹੀਂ ਸਮਝ ਸਕਦਾ । ਅਖੀਰਲੇ ਦਿਨਾਂ ਵਿੱਚ ਆਪਣੇ ਨੇਤ੍ਰ ਬੰਦ ਕਰ ਲਏ ਸਨ ਇਸ ਤਰ੍ਹਾਂ ਦੀ ਖੇਡ ਵਰਤਾਈ ਸ੍ਰੀ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਨੇ।

Namdhari Elibrary NamdhariElibrary@gmail.com

ਸਭ ਤੋਂ ਪਹਿਲੇ ਅਖੰਡ ਪਾਠ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸ੍ਰਿਸ਼ਟੀ ਵਿੱਚ ਸੰਤ, ਗੁਰੂ, ਮਹਾਤਮਾ, ਅਵਤਾਰ ਸਮੇਂ-ਸਮੇਂ ਸਿਰ, ਸਮੇਂ ਦੀ ਲੋੜ ਅਨੁਸਾਰ ਨਵੀਂ ਮਰਯਾਦਾ ਚਾਲੂ ਕਰਦੇ ਰਹੇ ਹਨ ਜਾਂ ਚਲਦੀ ਆ ਰਹੀ ਮਰਯਾਦਾ ਵਿਚ ਕੁਛ ਵਾਧਾ ਘਾਟਾ ਵੀ ਕਰਦੇ ਰਹੇ ਹਨ । ਸਿੱਖ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਸਿੱਖ ਗੁਰੂਆਂ ਨੇ ਆਪਣੇ ਤੋਂ ਪਹਿਲੇ ਗੁਰੂਆਂ ਦਾ ਵੱਡਾ ਅਦਬ ਰੱਖਦਿਆਂ ਹੋਇਆਂ ਸਮੇਂ ਦੀ ਲੋੜ ਅਨੁਸਾਰ ਕਈ ਪਰਿਵਰਤਨ ਕੀਤੇ । ਇਹ ਵੀ ਪਤਾ ਲਗਦਾ ਹੈ ਕਿ ਐਸੇ ਪਰਿਵਰਤਨ ਕਰਨ ਸਮੇਂ ਉਨ੍ਹਾਂ ਨੂੰ ਕਈ ਤਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਪਰ ਉਹ ਆਪਣਾ ਦ੍ਰਿੜ੍ਹ ਇਰਾਦਾ ਰੱਖਣ ਵਾਲੇ ਸਨ, ਇਸ ਕਰਕੇ ਕਿਸੇ ਕਿਸਮ ਦੇ ਵਿਰੋਧ ਦੀ ਕੋਈ ਪ੍ਰਵਾਹ ਨਾ ਕਰਦਿਆਂ ਉਹਨਾਂ ਨਵੀਂ ਮਰਯਾਦਾ ਸਥਾਪਤ ਕੀਤੀ ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਅਰਜਨ ਜੀ ਦੇ ਸਮੇਂ ਤੱਕ ਸ਼ਸਤਰਾਂ ਦੀ ਵਰਤੋਂ ਨਹੀਂ ਕੀਤੀ ਗਈ । ਪਰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰ ਧਾਰਨ ਕੀਤੇ ਜਿਸਤੋਂ ਕਈ ਸ਼ਰਧਾਲੂਆਂ ਦੇ ਮਨ ਵੀ ਡੋਲੇ । ਇਸ ਦਾ ਭਾਵ ਏਹ ਨਹੀਂ ਕਿ ਪਿਛਲੇ ਗੁਰੂ ਸ਼ਸਤਰ ਧਾਰਨ ਕਰਨ ਦੇ ਯੋਗ ਨਹੀਂ ਸਨ ਨਾ ਹੀ ਇਹ ਕਿ ਗੁਰੂ ਹਰਗੋਬਿੰਦ ਜੀ ਨੇ ਸ਼ਸਤਰ ਧਾਰਨ ਕਰਨ ਦੀ ਅਵੱਗਿਆ ਕੀਤੀ ਸੀ। ਗੁਰਬਾਣੀ ਅਤੇ ਸਿੱਖ ਇਤਿਹਾਸ ਵਾਚਣ ਤੋਂ ਪਤਾ ਲੱਗਦਾ ਹੈ ਕਿ ਸਮੇਂ ਦਾ ਸਤਿਗੁਰੂ ਸਰਬੱਗ ਹੈ । ਓਸਨੂੰ ਸੰਪੂਰਨ ਅਧਿਕਾਰ ਹਨ । ਉਹ ਨਵੀਂ ਮਰਯਾਦਾ ਸਥਾਪਿਤ ਕਰ ਸਕਦਾ ਹੈ । ਇਸ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਸਤਰਾਂ ਦੀ ਵਰਤੋਂ ਜਿਨਾਂ ਕੰਮਾਂ ਲਈ ਕੀਤੀ ਉਹ ਯੋਗ ਹੀ ਸੀ ।

ਸੱਤਵੀਂ, ਅੱਠਵੀਂ, ਨੌਵੀਂ ਪਾਤਸ਼ਾਹੀ ਨੇ ਸ਼ਸਤਰ ਧਾਰਨ ਨਹੀਂ ਕੀਤੇ ਪਰ ਦਸਮੇਸ਼ ਜੀ ਨੇ ਬਚਪਨ ਤੋਂ ਹੀ ਸ਼ਸਤਰ ਵਿੱਦਿਆ ਨੂੰ ਅਪਣਾਇਆ ਅਤੇ ਗੁਰ ਗੱਦੀ ਤੇ ਬੈਠਣ ਉਪਰੰਤ ਉਹਨਾਂ ਨੇ ਇਸ ਦੀ ਖੂਬ ਵਰਤੋਂ ਕੀਤੀ ਜਿਹੜੀ ਕਿ ਉਸ ਵੇਲੇ ਅਤਿ ਲੋੜੀਂਦੀ ਸੀ। ਇਸ ਤੋਂ ਇਲਾਵਾ ਉਨਾਂ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ ਅੰਮ੍ਰਿਤ ਤਿਆਰ ਕੀਤਾ ਆਦਿ...। ਓਸ ਵੇਲੇ ਵੀ ਕਈਆਂ ਨੇ ਵਿਰੋਧਤਾ ਕੀਤੀ। ਪਰ ਦਸਮੇਸ਼ ਜੀ ਨੇ ਜੋ ਮਰਿਆਦਾ ਨਵੀਆਂ ਸਥਾਪਿਤ ਕੀਤੀਆਂ ਉਨ੍ਹਾਂ ਦੀ ਓਸ ਵੇਲੇ ਕਿੰਨੀ ਭਾਰੀ ਲੋੜ ਸੀ, ਇਹ ਇਤਿਹਾਸ ਵਾਚਣ ਤੋ ਪਤਾ ਲੱਗਦਾ ਹੈ।

ਇਸ ਤੋਂ ਉਪਰੰਤ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਨੇ ਆਪਣਾ ਸਮਾਂ ਤਕ੍ਰੀਬਨ ਗੁਪਤ ਰੂਪ ਵਿਚ ਲੰਘਾਇਆ । ਫੇਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਂ ਸਿਰੇ ਨਾਮਧਾਰੀ ਪੰਥ ਦੀ ਸਾਜਨਾ ਕੀਤੀ। ਆਮ ਲੋਕਾਂ ਵਿਚੋਂ ਬਹੁਤ ਕੁਰੀਤੀਆਂ ਅਤੇ ਬੁਰਿਆਈਆਂ ਦੂਰ ਕੀਤੀਆਂ । ਓਸ ਵੇਲੇ ਦੀ ਹਕੂਮਤ ਅਤੇ ਓਸ ਦੇ ਹੱਥ-ਠੋਕਿਆਂ ਨੇ ਪੂਰਾ ਵਿਰੋਧ ਕੀਤਾ । ਨਤੀਜੇ ਵਜੋਂ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ। ਕਈ ਫਾਂਸੀ ਦਿਤੇ ਗਏ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਦੇਸ ਜਾਣਾ ਪਿਆ । ਇਹ ਸਮਾਂ ਨਾਮਧਾਰੀ ਪੰਥ ਲਈ ਇਤਨਾ ਕਠਿਨ ਅਤੇ ਭਿਆਨਕ ਸੀ, ਜਿਸਦਾ ਵਰਨਣ ਕੀਤਾ ਜਾਏ ਤਦ ਇਕ ਗਰੰਥ ਬਣ ਸਕਦਾ ਹੈ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਜਾਣ ਤੋਂ ਬਾਦ ਨਾਮਧਾਰੀ ਪੰਥ ਦੀ ਵਾਗ ਡੋਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸੰਭਾਲੀ।

ਆਪਨੇ (ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ) ਲੰਗਰ ਦੀ ਮਰਯਾਦਾ ਨੂੰ ਕਾਇਮ ਰੱਖਦਿਆਂ ਹੋਇਆਂ ਕਿੰਨ੍ਹਾਂ ਮੁਸ਼ਕਲਾਂ ਵਿਚ ਲੰਗਰ ਚਾਲੂ ਰਖਿਆ, ਇਤਿਹਾਸ ਨੂੰ ਵਾਚਣ ਤੋਂ ਪ੍ਰਤੀਤ ਹੁੰਦਾ ਹੈ ਕਿ ਓਹ ਸਰਬੱਗ ਸਨ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ 1928 ਬਿ: ਵਿਚ ਪ੍ਰਦੇਸ ਗਏ । 3 ਸਾਲ ਤੱਕ ਕੁਛ ਪਤਾ ਨਾ ਲੱਗਾ। ਤੀਸਰੇ ਸਾਲ ਬਾਬੇ ਦਰਬਾਰਾ ਸਿੰਘ ਨੂੰ ਪਤਾ ਕਰਨ ਭੇਜਿਆ। ਓਸਨੇ ਆਕੇ ਖਬਰ ਦੱਸੀ ਤਦ ਪਤਾ ਲੱਗਾ ਕਿ ਸ੍ਰੀ ਸਤਿਗੁਰੂ ਜੀ ਰੰਗੂਨ ਹਨ। ਇਹ ਸੁਣਕੇ ਸਭ ਸੰਗਤ ਦੇ ਮਨ ਨੂੰ ਭਾਰੀ ਖੁਸ਼ੀ ਹੋਈ। ਕਈ ਹੋਰ ਸਿੰਘ ਵੀ ਦਰਸ਼ਨਾਂ ਨੂੰ ਗਏ ।

ਓਸ ਵੇਲੇ ਹਰ ਨਾਮਧਾਰੀ ਦੇ ਮਨ ਵਿੱਚ ਇਹ ਸਭ ਤੋਂ ਵੱਧ ਲਾਲਸਾ ਸੀ ਕਿ ਕਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ । ਇਸ ਸੰਬੰਧ ਵਿਚ ਕਈਆਂ ਬਹੁਤ ਵੱਡੀਆਂ ਘਾਲਣਾ ਘਾਲੀਆਂ ਦਰਸ਼ਨ ਕਰਨ ਦੇ ਨਿਸ਼ਾਨੇ ਨੂੰ

Namdhari Elibrary NamdhariElibrary@gmail.com

ਸਾਮ੍ਹਣੇ ਰੱਖਦਿਆਂ ਹੋਇਆਂ ਘਰ ਬਾਰ ਉੱਜੜ ਜਾਣ ਦੀ ਜਾਂ ਹੋਰ ਵੱਡੇ ਤੋਂ ਵੱਡੇ ਨੁਕਸਾਨ ਦੀ ਕੋਈ ਪਰਵਾਹ ਨਾ ਕੀਤੀ । ਜੋ ਆਦਿ ਗਰੰਥ ਸਾਹਿਬ ਦੀ ਬੀੜ ਗੁਰੂ ਅਰਜਨ ਦੇਵ ਜੀ ਨੇ ਬੰਨ੍ਹੀ,ਉਸ ਵਿੱਚ ਨੌਵੀਂ ਪਾਤਸ਼ਾਹੀ ਦੀ ਬਾਣੀ ਗੁਰੂ ਗੋਬਿੰਦ ਸਿੰਘ ਜੀ ਦੇ ਵਕਤ ਚੜ੍ਹਾਈ ਗਈ। ਗੁਰਬਾਣੀ ਦਾ ਅਦਬ ਤਾਂ ਗੁਰੂ ਅਰਜਨ ਦੇਵ ਆਪ ਕਰਕੇ ਦੱਸ ਹੀ ਗਏ ਸਨ ਪਰ ਕਿਸੇ ਅਤਿ ਜ਼ਰੂਰੀ ਕਾਰਜ ਵਾਸਤੇ ਗਰੰਥ ਸਾਹਿਬ ਜੀ ਦੇ ਪਾਠ ਕੀਤੇ ਗਏ ਹੋਣ ਜਾਂ ਕਿਸੇ ਕਾਰਜ ਨੂੰ ਸਿਰੇ ਚੜੌਣ ਲਈ ਗਰੰਥ ਸਾਹਿਬ ਜੀ ਦੇ ਪਾਠ ਦੀ ਇਤਨੀ ਮਹਾਨਤਾ ਹੈ, ਇਹ 12ਵੀਂ ਪਾਤਸ਼ਾਹੀ ਦੇ ਵਕਤ ਤੋਂ ਪਹਿਲੇ ਕਿਸੇ ਗੁਰੂ ਸਾਹਿਬ ਨੇ ਕਿਸੇ ਨੂੰ ਦੱਸਿਆ ਹੋਵੇ, ਏਹ ਕਿਤੋਂ ਨਹੀਂ ਮਿਲਦਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਅਤੇ ਨਾਮਧਾਰੀ ਪੰਥ ਵਾਸਤੇ ਸਭ ਤੋਂ ਵੱਡਾ ਕਾਰਜ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ' ਸੀ। ਸੰਤ ਸੰਤੋਖ ਸਿੰਘ ਜੀ ਦੇ ਲਿਖੇ 'ਸ੍ਰੀ ਸਤਿਗੁਰੂ ਬਿਲਾਸ' ਤੋਂ ਪਤਾ ਲੱਗਦਾ ਹੈ ਕਿ ਸਭ ਤੋਂ ਪਹਿਲਾਂ ਪੰਜ ਅਖੰਡ ਪਾਠ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 1931 ਬਿ: ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕਰਵਾਏ । ਏਹਨਾਂ ਪਹਿਲੇ ਅਖੰਡ ਪਾਠਾਂ ਦੀ ਮਰਯਾਦਾ ਏਹ ਸੀ ਕਿ ਧੂਪੀਆ ਮਾਲਾ ਫੇਰਦਾ ਸੀ ਅਤੇ ਅਖੰਡ ਪਾਠ ਲਈ ਰੌਸ਼ਨੀ ਦਾ ਕੰਮ ਸਰ੍ਹੋਂ ਦੇ ਤੇਲ ਦੇ ਦੀਵੇ ਤੋਂ ਲਿਆ ਜਾਂਦਾ ਸੀ। ਏਸ ਧੂਪੀਏ ਦੇ ਜ਼ਿੰਮੇ ਧੂਫ ਪਾਉਣੀ ਅਤੇ ਜੋਤ (ਜੋ ਘਿਓ ਦਾ ਦੀਵਾ ਨਿਰੰਤਰ ਜਗਦਾ ਰਹਿੰਦਾ ਹੈ) ਦਾ ਖਿਆਲ ਰੱਖਣਾ ਸੀ। ਇਸ ਤੋਂ ਇਲਾਵਾ ਇਕ ਸਿੰਘ ਪਹਿਰੇ ਤੇ ਸੀ । ਰਸਤ ਆਦਿ ਲਿਔਣ ਦਾ ਕੰਮ ਵੀ ਓਸੇ ਦੇ ਜ਼ਿੰਮੇ ਸੀ । ਇਕ ਪਾਠੀ ਦੂਸਰੇ ਨੂੰ ਤੁਕ ਦੇ ਕੇ ਹੀ ਉਠਦਾ ਸੀ । ਪਾਠੀ ਧੂਪੀਏ ਸਭ ਅਸ਼ਨਾਨ ਕਰਕੇ ਬੈਠਦੇ ਸਨ।

ਇਹ ਮਰਿਆਦਾ ਸ੍ਰੀ ਸਤਿਗੁਰੂ ਜੀ ਪਾਸ ਰੰਗੂਨ ਲਿਖ ਕੇ ਭੇਜੀ ਗਈ । ਓਥੋਂ ਸ੍ਰੀ ਸਤਿਗੁਰੂ ਜੀ ਨੇ ਸ਼ਬੇਗ ਸਿੰਘ ਮਰ੍ਹਾਣੇ ਵਾਲੇ ਹੱਥੀਂ ਅਖੰਡ ਪਾਠ ਦੀ ਵਿਧੀ ਜੋ ਲਿਖਕੇ ਭੇਜੀ ਓਹਦਾ ਸੰਖੇਪ ਵਰਨਣ ਇਉਂ ਹੈ ।

ਬੀੜ ਲਿਖਤ ਦੀ ਹੋਵੇ ਜਿਲਦ ਨੂੰ ਚਮੜਾ ਨਾ ਲੱਗਾ ਹੋਇਆ ਹੋਵੇ । ਪਾਠੀ ਸਿੰਘ ਪਾਠ ਸੁਣਾਇਕੇ ਕਰਨ । ਜਿੱਥੇ ਪਾਠ ਹੋਵੇ ਓਥੇ ਬੈਠ ਕੇ ਕੋਈ ਗੱਲਾਂ ਨਾ ਕਰੇ । ਪਾਠੀਆਂ ਦੀ ਗਿਣਤੀ 14 ਹੋਵੇ ਨਹੀਂ ਤਾਂ 12 ਜਰੂਰ ਹੋਣ । ਇਸ ਵਿੱਚ ਧੂਪੀਏ ਪਹਿਰੂ ਅਤੇ ਲਾਂਗਰੀ ਵੀ ਸ਼ਾਮਲ ਹਨ ਪਾਠੀ, ਧੂਪੀਏ ਪਹਿਰੂ ਅਤੇ ਲਾਂਗਰੀਆਂ ਵਿਚ ਕੋਈ ਸਿੰਘ ਅਨਦਾੜ੍ਹੀਆ ਨਾ ਹੋਵੇ । ਪਾਠੀ ਅਰਦਾਸਾ ਕਰ ਕੇ ਪਾਠ ਵਿਚ ਲੱਗੇ, ਪਾਠ ਕਰ ਰਹੇ ਪਾਠੀ ਪਾਸੋਂ ਤੁਕ ਲੈਕੇ, ਤਦ ਪਾਠ ਕਰਨ ਲੱਗੇ ! ਉੱਠਣ ਵਾਲਾ ਪਾਠੀ ਵੀ ਅਰਦਾਸਾ ਕਰਕੇ ਫੇਰ ਕਿਸੇ ਨਾਲ ਬਚਨ ਕਰੇ । ਇਸੇ ਤਰਾਂ ਧੂਪੀਏ ਦੀ ਮਰਯਾਦਾ ਹੈ ।

ਸ੍ਰੀ ਗਰੰਥ ਸਾਹਿਬ ਜੀ ਦੇ ਰਮਾਲੇ ਧੋ ਕੇ ਸੋਧ ਦੇ ਕਰਕੇ ਫੇਰ ਪਾਠ ਤੋਰਿਆ ਜਾਵੇ। ਪਾਠੀ ਸਿੰਘ ਆਪਣੇ ਬਸਤ੍ਰ ਵੀ ਧੋ ਕੇ ਸੋਧ ਦੇ ਕਰਨ। ਅਖੰਡ ਪਾਠ ਤੋਰਨ ਤੋਂ ਪਹਿਲਾਂ ਕੋਰੇ ਘੜੇ ਵਿਚ ਜਲ ਪਾ ਕੇ ਇਕ ਖੱਦਰ ਦੀ ਰੁਮਾਲੀ ਧੋ ਕੇ ਅਤੇ ਨਾਰੀਅਲ ਉਸ ਉੱਪਰ ਰੱਖਣਾ। ਘੜੇ ਹੇਠ ਕਣਕ ਦੇ ਦਾਣੇ ਰੱਖਣੇ। ਫੇਰ ਅਰਦਾਸ ਕਰਕੇ ਪਾਠ ਤੋਰਨਾ। ਜਦ ਅਰਦਾਸੀਆ ਸਿੰਘ ਕਹੇ ਕਿ........ ਨਮਿਤ ਪਾਠ ਤੋਰਿਆ ਹੈ ਤਦ ਓਸੇ ਵੇਲੇ ਪਾਠੀ ਅਤੇ ਧੂਪੀਆ ਆਪਣੀ-ਆਪਣੀ ਜਗਾ ਪਾਠ ਅਰੰਭ ਕਰ ਦੇਣ । ਧੂਪੀਆ ਜਪੁ ਸਾਹਿਬ ਦਾ ਪਾਠ ਕਰੇ । ਇਕ ਗਿੱਠ ਭਰ ਲੰਬੀ ਬੇਰੀ ਜਾਂ ਪਲਾਹ ਦੀ ਲੱਕੜ (ਗੀਟਾ) ਥਾਲੀ ਵਿਚ ਜਗਾ ਕੇ ਧਰੀ ਜਾਵੇ ਧੂਪੀਆ ਸਿੰਘ ਜਪੁ ਸਾਹਿਬ ਦੀ ਹਰ ਪੌੜੀ ਪੂਰੀ ਹੋਣ ਤੇ ਇਸ ਤੇ ਘਿਓ ਦੀ ਅਹੂਤੀ ਪਾਵੇ । ਅਹੂਤੀ ਪੌਣ ਵੇਲੇ ਭਜਨ ਦਾ ਨਾਮ ਲਵੇ। ਇਸ ਤੋਂ ਇਲਾਵਾ ਇੱਕ ਦੀਵਾ ਘਿਓ ਦਾ ਜਗਾ ਕੇ ਰੱਖਿਆ ਜਾਵੇ। ਧੂਪੀਆ ਪੂਰੀ ਖ਼ਬਰਦਾਰੀ ਰਖੇ । ਦੀਵਾ ਕਿਸੇ ਹਾਲਤ ਵਿਚ ਬੁਝਣ ਨਾ ਦੇਵੇ ਅਤੇ ਪਾਸ ਕੋਲ੍ਹੇ ਦਗਦੇ ਹੋਣ ਜਿਨਾਂ ਉੱਪਰ ਧੂਪੀਆ ਧੂਪ ਪਾਉਂਦਾ ਰਹੇ । ਰਾਤ ਨੂੰ ਰੌਸ਼ਨੀ ਲਈ ਘਿਓ ਦੇ ਦੀਵੇ ਜਗਾ ਕੇ ਪਾਠ ਕੀਤਾ ਜਾਵੇ ।

ਪਾਠ ਅਰੰਭ ਕਰਨ ਤੋਂ ਪਹਿਲਾਂ ਸਫ਼ ਤੇ ਮੰਜੀ ਸਾਹਿਬ ਧੋ ਕੇ ਰੱਖੇ ਹੋਏ ਹੋਣ । ਕੜਾਹ ਪ੍ਰਸ਼ਾਦ ਵਿਧੀ ਅਨੁਸਾਰ ਤਿਆਰ ਕਰਕੇ, 12 ਪਾਤਸ਼ਾਹੀਆਂ ਦੀ ਅਰਦਾਸ ਕਰਕੇ ਪਾਠ ਤੋਰਿਆ ਜਾਵੇ (12 ਪਾਤਸ਼ਾਹੀਆਂ ਦਾ ਹੁਕਮ ਸਤਿਗੁਰੂ ਹਰੀ ਸਿਮਘ ਜੀ ਨੇ ਕੀਤਾ)। ਸਮਾਪਤੀ ਸਮੇਂ ਕੜਾਹ ਪ੍ਰਸ਼ਾਦ ਕਰਕੇ ਲਿਆ ਕੇ ਰੱਖਿਆ ਜਾਵੇ । ਭੋਗ ਪੈਣ ਤੋਂ ਪਹਿਲਾਂ ਹੀ ਗੀਟੇ ਦੀ ਥਾਂ ਨਾਰੀਅਲ ਦਾ ਹਵਨ ਅਰੰਭਿਆ ਜਾਵੇ ਜੋ ਭੋਗ ਪੈਣ ਦੇ ਨਾਲ ਹੀ ਸਮਾਪਤ ਹੋਵੇ ।

ਜਦ ਪਾਠੀ ਕਹੇ 'ਅਠਾਰਹ ਦਸ ਬੀਸ' ਤਾਂ ਅਰਦਾਸੀਆ ਓਸੇ ਵੇਲੇ ਅਰਦਾਸ ਕਰਨੀ ਸ਼ੁਰੂ ਕਰੇ ਅਤੇ ਧੂਪੀਆ ਵੀ ਐਸੀ ਜੁਗਤ ਨਾਲ ਪਾਠ ਕਰੇ ਕਿ ਪਾਠੀ ਦੇ 'ਅਠਾਰਹ ਦਸ ਬੀਸ' ਕਹਿਣ ਸਾਰ ਹੀ ਓਹ ਵੀ 'ਕੇਤੀ ਛੁਟੀ ਨਾਲਿ' ਤੇ ਪਹੁੰਚ ਜਾਵੇ ਪਾਠ ਦੀ ਸਮਾਪਤੀ ਹਰ ਹਾਲਤ ਵਿਚ ਸੋਲ੍ਹਾਂ ਪਹਿਰਾਂ ਦੇ ਅੰਦਰ-ਅੰਦਰ ਹੋਣੀ ਜ਼ਰੂਰੀ ਹੈ। ਪਾਠ ਤੁਰੇ ਵਿਚ ਸੂਰਜ ਚੜ੍ਹਣ ਵੇਲੇ ਕੜਾਹ ਪ੍ਰਸ਼ਾਦ ਕੀਤਾ

Namdhari Elibrary NamdhariElibrary@gmail.com

ਜਾਵੇ । ਸੂਰਜ ਦੀਆਂ ਰਿਸ਼ਮਾਂ ਨਾਲ ਕੜਾਹ ਪ੍ਰਸ਼ਾਦ ਦਾ ਅਰਦਾਸਾ ਕਰਕੇ ਵਰਤਾਇਆ ਜਾਵੇ ।

ਪਾਠੀਆਂ ਦੀ ਮਰਿਆਦਾ :

ਸਾਰੇ ਸਿੰਘ ਸੋਧੀ ਪੰਜ ਕੱਕਾਰਾਂ ਦੇ ਧਾਰਨੀ ਹੋਣ । ਅੰਮ੍ਰਿਤ ਤਿਆਰ ਕਰਨ ਮਰਿਯਾਦਾ ਅਨੁਸਾਰ। ਪਾਠੀ ਧੂਪੀਏ, ਪਹਿਰੂ, ਲਾਂਗਰੀ ਸਾਰੇ ਸਿੰਘ ਅੰਮ੍ਰਿਤ ਛਕਣ ਅਤੇ ਇਕੋ ਮਰਯਾਦਾ ਦੇ ਧਾਰਨੀ ਹੋਣ । ਚੀਤਾ ਛੱਡਕੇ ਜਲ ਵਰਤਣ। ਕੂਹਣੀਆਂ ਤੱਕ ਬਾਹਾਂ ਅਤੇ ਗੋਡਿਆਂ ਤੱਕ ਲੱਤਾਂ ਧੋਤੀਆਂ ਜਾਣ, ਚੁਲ੍ਹਾ ਕੀਤਾ ਜਾਵੇ, ਸਭ ਸਿੰਘ ਭੁੰਜੇ ਬਿਰਾਜਣ ਅਤੇ ਪਾਠ ਦੇ ਦੌਰਾਨ ਕੋਈ ਸਿੰਘ ਇਸਤਰੀ ਨਾਲ ਸੰਗ ਨਾ ਕਰੇ। ਡੇਰਾ ਇਕੱਠਾ ਰੱਖਣ (ਪਾਠ ਵਿੱਚ ਲੱਗਣ ਵਾਲੇ ਸਾਰੇ ਸਿੰਘ)। ਜੰਗਲ ਜਾ ਕੇ ਆ ਕੇ 7 ਵਾਰੀ ਹੱਥ ਮਾਂਜਣ ਗੁੱਟਾਂ ਤੋਂ ਉੱਪਰ ਤੀਕ। ਅੰਨ ਘੱਟ ਛਕਣ ਤਾਂ ਕਿ ਪੌਣ ਨਾ ਸਰੇ ਅਖੰਡ ਪਾਠ ਦਾ ਅਰਦਾਸਾ ਕਰਨ ਵਾਲੇ ਸਿੰਘ ਦਾ ਸੋਧ ਦਾ ਇਸ਼ਨਾਨ ਕੀਤਾ ਹੋਇਆ ਹੋਵੇ। ਪਹਿਰੂ ਸਿੰਘ ਪੜ੍ਹਿਆ ਹੋਇਆ ਹੋਵੇ ਤਾਂ ਕਿ ਜੇ ਪਾਠੀ ਜਾਂ ਧੂਪੀਏ ਨੇ ਚੀਤਾ ਛੱਡਣ ਜਾਣਾ ਹੋਵੇ ਤਦ ਉਹ ਓਨਾਂ ਚਿਰ ਪਾਠ ਕਰੇ। ਏਸ ਮਰਿਆਦਾ ਨਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 101 ਅਖੰਡ ਪਾਠ ਸੰਮਤ 1932 (1875 ਈ.) ਵਿਚ ਅਤੇ 101 ਸੰਮਤ 1933 (1876 ਈ.) ਵਿਚ ਕਰਾਏ । ਕਿਉਂਕਿ ਜ਼ਿਆਦਾ ਸਿੰਘਾਂ ਨੂੰ ਗੁਰਦਆਰੇ ਅੰਦਰ ਰਹਿਣ ਦੀ ਆਗਿਆ ਨਹੀਂ ਸੀ ਇਸ ਕਰਕੇ ਮੁਕਬਰਾਂ ਨੇ ਪਾਠਾਂ ਦੇ ਦੌਰਾਨ ਕਈ ਵਾਰੀ ਸ਼ਕਾਇਤਾਂ ਕੀਤੀਆਂ ਅਤੇ ਕਈ ਵਾਰੀ ਥਾਣੇਦਾਰ ਅਤੇ ਹੋਰ ਅਫਸਰ ਆ ਕੇ ਤਲਾਸ਼ੀਆਂ ਕਰਦੇ ਰਹੇ । ਇਕ ਵਾਰੀ ਐਹੋ ਜਿਹਾ ਵਕਤ ਵੀ ਆਇਆ ਕਿ ਅਖੰਡ ਪਾਠ ਦੀ ਤੁਕ ਇਕ ਥਾਂ ਤੇ ਛੱਡ ਕੇ ਦੂਸਰੀ (ਲੁਕਵੀਂ ਥਾਂ ਜਿਥੇ ਸ੍ਰੀ ਗ੍ਰੰਥ ਸਾਹਿਬ ਪ੍ਰਕਾਸ਼ ਕੀਤਾ ਸੀ) ਓਥੇ ਓਸ ਤੁਕ ਤੋਂ ਓਸੇ ਵੇਲੇ ਪਾਠ ਕੀਤਾ ਗਿਆ। ਰੰਗੂਨ ਤੋਂ ਬੀ ਸਤਿਗੁਰੂ ਜੀ ਹੁਕਮ ਭੇਜਿਆ ਕਿ ਜਿਸ ਦਿਨ ਪਾਠ ਟੁੱਟੇ ਓਸ ਦਿਨ ਮੇਰੇ ਸਰੀਰ ਨੂੰ ਬਹੁਤ ਕਸ਼ਟ ਹੋਇਆ। ਇੰਨੀਆਂ ਮਹਾਨ ਕਠਿਨਾਈਆਂ ਵਿੱਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸੰਪੂਰਨ ਵਿਧੀ ਅਨੁਸਾਰ ਪਤਾ ਨਹੀਂ ਕਿੰਨੇ ਅਖੰਡ ਪਾਠ ਕਰਾਏ। ਪਾਠ ਕਰਨ ਵਾਲੇ ਸਿੰਘਾਂ ਨੇ ਜੋ ਘਾਲਣਾ ਘਾਲੀ ਉਹ ਵੀ ਅਕਥਨੀਯ ਹੈ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਅਨੇਕ ਅਖੰਡ ਪਾਠ ਇਸੇ ਮਰਿਆਦਾ ਨਾਲ ਹੋਏ ਅਤੇ ਹੁਣ ਵੀ ਇਸੇ ਮਰਿਯਾਦਾ ਨਾਲ ਹੁੰਦੇ ਹਨ।

ਗੁਰੂ ਹਰੀ ਕੋ ਨਮਨ ਹਮਾਰਾ
(ਸਵੈਯੇ)

ਗੁਰੂ ਹਰੀ ਹਰਿ ਰੂਪ ਹੁਤੋ ਪ੍ਰਭੁ,
ਪ੍ਰਗਟ ਭਇਓ ਪੰਜਾਬ ਮੰਝਾਰਾ।
ਰਾਮ ਗਏ ਪ੍ਰਦੇਸ ਜਬੀ,
ਬਨਿ ਭਰਥ ਅਯੁੱਧਿਆ ਧਾਮ ਸੰਭਾਰਾ।
ਏਕ ਵਰਮ ਹਿਯ ਪ੍ਰੀਤਮ ਬਿਰਹਾ ,
ਦੂਸਰ ਜ਼ੁਲਮ ਹੁਕਮ ਅਤਿ ਭਾਰਾ ।
ਛਿੜਕ ਬਿਬੇਕ ਅਮੀ ਰਸ ਰਸਨਾ ,
ਖਿਜ਼ਾਂ ਗ੍ਰਸਿਆ ਪੰਥ ਉਬਾਰਾ।

ਸਾਜਿ ਮੁਹਾਜ ਸੁਕਾਜ ਮਹਾਂ ਕਰਿ ,
ਰਾਮ ਕੀਆ ਪ੍ਰਦੇਸ ਪਿਆਨਾ।
ਜ਼ਾਲਮ ਰਾਜ ਅਕਾਜ ਕੀਆ ਬਹੁ ,
ਬਿਖਰ ਦੀਏ ਮੋਤੀ ਦਿਸ ਨਾਨਾ ।
ਬਾਧਿ ਡੋਰ ਨਵ ਛੋਰ ਪ੍ਰੋਏ ,
ਮੋਤੀ ਮਾਲਾ ਹਾਰ ਸੁਹਾਨਾ ।
ਟੂਟੀ ਦੇਤ ਮਿਲਾਏ ਹਰੀ ਗੁਰ ,
ਜੈ ਜੈ ਕਾਰ ਭਈ ਸਭ ਥਾਨਾ ।

ਹੋ ਬਿਕ੍ਰਾਲ ਅਕਾਲ ਨਾਲ ਜਬ ,
ਹੋਤ ਭਏ ਸਭ ਲੋਕ ਬੇਹਾਲਾ।
ਧਰਮ ਪਾਲ ਧਰ ਖੋਲ੍ਹ ਭੰਡਾਰਾ,
ਕੀਨਾ ਰੂਪ ਅਕਾਲ ਸੁਕਾਲਾ।
ਦਹ ਦਿਸ ਦੇਸ਼ ਦੇਸ਼ਾਂਤਰ ਸ਼ੋਭਾ ,
ਭਇਓ ਭਾਨ ਸਮ ਰੂਪ ਉਜਾਲਾ ।
ਹਾਰ ਅਮੀਰ ਹੈਰਾਨ ਹੂਆ ਤਬ,
ਕੈਸਾ ਕਰਤ ਫ਼ਕੀਰ ਕਮਾਲਾ।

ਤਪਤ ਮਿਟਤ ਕਰ ਦਰਸ ਪ੍ਰੀਤਮ,
ਸੀਤਲ ਮਲਿਆਗਿਰ ਸਰਸ਼ਾਰਾ।
ਹੋਤ ਹਰੇ ਸੁਨ ਬਚਨ ਅਮੋਲਕ ,
ਟਹਿਕਾ ਉਪਵਨ ਪੰਥ ਦੁਬਾਰਾ ।
ਨਾਮ ਦਾਨ ਇਸ਼ਨਾਨ ਦ੍ਰਿੜ ਕਰਿ ,
ਰਾਮ ਨਾਮ ਸੰਦੇਸ਼ ਸਵਾਰਾ।
ਸ਼ਤ ਸ਼ਤ ਸ਼ਤ ਸ਼ਤ ਬਾਰ ਬਾਜਵਾ,
ਹਰੀ ਗੁਰੂ ਕੋ ਨਮਨ ਹਮਾਰਾ ।

ਲਖਵਿੰਦਰ ਸਿੰਘ ਬਾਜਵਾ, ਜਗਜੀਤ ਨਗਰ

Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਜੀ ਅਤੇ ਕੂਕਾ-ਮੁਕਤੀ ਸੰਗਰਾਮ

ਸਵਰਨ ਸਿੰਘ ਵਿਰਕ

ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਦੇ ਕਰਤਾ ਸੰਤ ਧਿਆਨ ਸਿੰਘ ਜੀ ਕਾਦਰਾਬਾਦ-ਮਿੰਟਗੁਮਰੀ (1852-1909 ਈ.) ਗੁਰੂ ਹਰੀ ਸਿੰਘ ਜੀ ਦੀ ਅਪਾਰ ਮਹਿਮਾ ਦਾ ਬਖਾਨ ਕਰਦੇ ਹੋਏ, ਆਪਣੇ ਗ੍ਰੰਥ ਦੇ ਚੌਧਵੇਂ ਅਧਿਆਇ ਵਿਚ, ਗੁਰੂ ਹਰੀ ਸਿੰਘ ਜੀ ਦਾ ਮੰਗਲ ਇਉਂ ਕਰਦੇ ਹਨ:-

ਖਿਮਾ ਕੋ ਖਸਮ ਗੁਰ ਰਸਮ ਸਵਾਰੀ ਸਾਰੀ
ਭਸਮ ਕਰ ਡਾਰੀ ਨੀਵ ਗ੍ਰੀਵ ਧਾਰੀ ਦੁਬਿਧਾ।
ਤਨ ਮਨ ਧੰਨ ਲਾਇ ਅੰਨ ਕੋ ਪਕਾਇ
ਆਦਿ ਜਨੋਂ ਦੈ ਜੋ ਪਰਸੰਨ ਮੰਨ ਸੋ ਸਦਾ।
ਬੁਧ ਹਰਿ ਕਰ ਸਿਧ ਗੁਰ ਦਈ ਸਭ
ਭਏ ਹਰਿ ਹਰੀ ਹਰੀ ਕਰੀ ਸੋਚ ਸਭਦਾ।
ਜਨ ਫੇਰੇ ਉਨੀਂ ਮਾਲਾ ਉਨ੍ਹੀਂ ਜਨੋਂ ਰਾਮ ਪਾਲਾ
ਆਲ੍ਹਾ ਰਹਿਓ ਬਾਲ੍ਹਾ ਬ੍ਰਿਹੁ ਕਮ ਦਮ ਨਾ ਕਦਾ॥੧॥

ਗੁਰੂ ਹਰੀ ਸਿੰਘ ਜੀ ਖਿਮਾਂ ਦੇ ਸੁਆਮੀ ਸਨ ਅਤੇ ਨਾਮਧਾਰੀ ਪੰਥ ਦੀ ਮਰਿਯਾਦਾ ਨੂੰ ਹੋਰ ਸਵਾਰਨ ਵਾਲੇ ਅਤੇ ਹਮੇਸ਼ਾਂ ਨੀਵੀਂ ਪਾਕੇ, ਧੌਣ ਝੁਕਾਕੇ ਬੈਠਦੇ ਅਤੇ ਜੀਵਾਂ ਦੇ ਹਿਰਦਿਆਂ ਵਿਚੋਂ ਸਾਰੀ ਦੁਬਿਧਾ ਨੂੰ ਸਾੜ ਕੇ ਸੁਆਹ ਕਰ ਦਿੰਦੇ ਸਨ। ਆਪ ਦੇ ਸਮੇਂ ਵੱਡਾ ਕਾਰਜ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਾਲੂ ਕੀਤੇ ਲੋਹ ਲੰਗਰ ਨੂੰ ਚਲਦਾ ਰੱਖਣਾ ਸੀ ਅਤੇ ਇਸ ਲੰਗਰ ਦੀ ਸੇਵਾ ਵਿਚ ਜਿਹੜੇ ਸਿੰਘ ਤਨ, ਮਨ ਅਤੇ ਧੰਨ ਲਾਉਂਦੇ ਸਨ, ਉਹਨਾਂ ਨੂੰ ਗੁਰੂ ਹਰੀ ਸਿੰਘ ਹਮੇਸ਼ਾਂ ਆਤਮਿਕ ਅਤੇ ਪਦਾਰਥਕ ਖੁਸ਼ੀਆਂ ਬਖਸ਼ਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ ਦੇ ਪ੍ਰਤਾਪ ਨਾਲ, ਗੁਰੂ ਹਰੀ ਸਿੰਘ ਜੀ ਦੀ, ਬੁੱਧ ਸਿੰਘ ਜੀ ਵਾਲੇ ਰੂਪ ਸਮੇਂ ਦੀ ਦੁਨਿਆਵੀ ਬੁੱਧੀ ਸਮਾਪਤ ਹੋ ਗਈ ਤੇ ਐਸੀਆਂ ਸਿੱਧੀਆਂ ਮਿਲ ਗਈਆਂ ਕਿ ਉਹਨਾਂ ਨੇ ਗੁਰੂ ਹਰੀ ਸਿੰਘ ਹੋ ਕੇ, ਆਪਣੀ ਸੰਗਤ ਨੂੰ ਨਵੀਨ ਸੂਝ ਬੂਝ ਨਾਲ ਮਾਲਾ ਮਾਲ ਕਰ ਦਿੱਤਾ। ਉਹ ਆਪ ਉੱਨ ਦੀ ਮਾਲਾ ਫੇਰਦੇ ਹਨ ਅਤੇ ਹੋਰਨਾਂ ਫੇਰਨ ਵਾਲਿਆਂ ਦੀ ਸਤਿਗੁਰੂ ਰਾਮ ਸਿੰਘ ਪਾਲਣਾ ਕਰਦੇ ਹਨ। ਗੁਰੂ ਹਰੀ ਸਿੰਘ ਜੀ ਦੇ ਹਿਰਦੇ ਵਿਚ ਅਤੇ ਹੋਰ ਸੰਗਤ ਦੇ ਦਿਲਾਂ ਅੰਦਰ ਵੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦੇ ਜ਼ਖਮ, ਹਮੇਸ਼ਾਂ ਅੱਲ੍ਹੇ ਰਹਿੰਦੇ ਹਨ ਅਤੇ ਗੁਰੂ-ਵਿਛੋੜੇ ਦੀ ਇਹ ਭਾਹ, ਕਿਸੇ ਦਮ ਘਟਦੀ ਨਹੀਂ ਸਗੋਂ ਵਧਦੀ ਜਾਂਦੀ ਹੈ। ਇਸ ਕਬਿੱਤ ਵਿਚ ਉਹਨਾਂ ਸਾਰੇ ਕਾਰਜਾਂ ਦਾ ਸੰਖੇਪ ਵਰਣਨ ਹੈ ਜੋ ਨਾਮਧਾਰੀ ਪੰਥ ਦੀ ਅਗਵਾਈ ਕਰਦਿਆਂ ਗੁਰੂ ਹਰੀ ਸਿੰਘ ਜੀ ਨੇ ਨਿਭਾਏ ਸਨ। ਇਸ ਕਬਿੱਤ ਤੋਂ ਕਵੀ ਜੀ ਅਗਲੇ ਕਬਿੱਤ ਵਿਚ ਲਿਖਦੇ ਹਨ ਕਿ ਪਰਦੇਸ-ਗਮਨ ਸਮੇਂ ਭਾਈ ਬੁੱਧ ਸਿੰਘ ਜੀ ਨੇ ਸਤਿਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਆਪ ਤਾਂ ਸੰਗਤਾਂ ਵਿਚ ਹੀ ਸੋਭਦੇ ਹੋ, ਆਪ ਤੇ ਜੋ ਦੋਸ਼ ਬਰਤਾਨਵੀ ਸਰਕਾਰ ਲਾਉਂਦੀ ਹੈ ਕਿ ਤੁਸੀਂ ਸਿੰਘਾਂ ਨੂੰ ਸਰਕਾਰ ਵਿਰੋਧੀ ਕਾਰਵਾਈਆਂ ਲਈ ਉਕਸਾਇਆ ਹੈ, ਮੈਂ ਉਹ ਸਭ ਦੋਸ਼ ਆਪਣੇ ਸਿਰ ਲੈ ਲੈਂਦਾ ਹਾਂ ਕਿ ਮਸਤਾਨਿਆਂ ਨੂੰ ਮਲੇਰ ਕੋਟਲੇ ਤੇ ਧਾਵੇ ਲਈ ਮੈਂ ਹੀ ਪਰੇਰਿਆ ਸੀ। ਉਹਨਾਂ ਨੇ ਸਤਿਗੁਰੂ ਜੀ ਦੇ ਵਿਛੋੜੇ ਨੂੰ ਇਸ ਕਦਰ ਹੰਡਾਇਆ ਕਿ ਉਹਨਾਂ ਨੇ ਪਰਦੇਸੀ ਪ੍ਰੀਤਮ ਦੀ ਯਾਦ ਵਿਚ,ਹੰਝੂ ਵਹਾ ਵਹਾ ਕੇ ਆਪਣੀ ਨੇਤਰ ਜੋਤ ਵੀ ਗੁਆ ਲਈ ਸੀ। ਇੱਕ ਅਗਲੇ ਸਵੈਯੇ ਵਿਚ ਕਵੀ ਜੀ ਲਿਖਦੇ ਹਨ-

'ਨ ਧਕੇ ਜਿਸਕੇ ਕੋ ਸੁ ਰਾਮ ਰਖੈ ਹੈ,
ਜੋ ਰਾਮ ਧਕੇ ਕੋ ਭਿ ਰਾਖ ਸਕੱਯਾ"।

ਭਾਵ ਸੰਗਤ ਵਿਚੋਂ ਇਹਨਾਂ ਦੇ ਧੱਕੇ ਹੋਏ ਨੂੰ, ਸਤਿਗੁਰੂ ਰਾਮ ਸਿੰਘ ਜੀ ਦੇ ਕਥਨ ਅਨੁਸਾਰ ਉਹ ਵੀ ਨਹੀਂ ਬਖਸ਼ ਸਕਣਗੇ, ਜਦੋਂ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਧੱਕੇ ਹੋਏ ਨੂੰ ਇਹ ਬਖਸ਼ ਲੈਣਗੇ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਹੋਏ ਉਪਦੇਸ਼ ਵਿਚ ਜ਼ਿਕਰ ਆਉਂਦਾ ਹੈ ਕਿ ਸਿਆਹੜ ਦਾ ਭਾਈ ਬੀਰ ਸਿੰਘ ਅਤੇ ਬੀਬੀ ਉੱਤਮੀ ਉਰਫ ਮਾਈ ਘੁੱਲੀ, ਚੱਕ ਦੇਸ ਰਾਜ (ਜਲੰਧਰ), ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ, ਕਿਸੇ ਕਾਰਨ ਸੰਗਤ ਵਿਚੋਂ ਬਾਹਰ ਕਰ ਦਿੱਤੇ ਗਏ ਸਨ। ਇਹਨਾਂ ਦੋਹਾਂ ਦੀ ਗੁਰੂ ਹਰੀ ਸਿੰਘ ਜੀ ਨੇ ਆਪਣੇ ਸਮੇਂ ਬਖਸ਼ਬੰਦੀ ਕਰਕੇ, ਇਹਨਾਂ ਨੂੰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਟਿਕਾਅ ਲਿਆ ਸੀ। ਪ੍ਰਦੇਸ ਤੋਂ ਭੇਜੇ ਇਕ ਤੋਂ ਵੱਧ ਹੁਕਮਨਾਮਿਆਂ ਵਿਚ, ਬੀਬੀ ਉੱਤਮੀ ਦਾ

Namdhari Elibrary NamdhariElibrary@gmail.com

ਆਦਰ ਮਾਣ ਕਰਨ ਅਤੇ ਲੋੜ ਮੁਤਾਬਕ ਉਸਦੀ ਵੇਖ-ਭਾਲ ਕਰਨ ਦੇ ਆਦੇਸ਼ ਭੇਜ ਕੇ, ਸਤਿਗੁਰੂ ਜੀ ਉੱਤਮੀ ਦੀ ਬਖਸ਼ਬੰਦੀ ਤੇ ਮੋਹਰ ਲਾ ਰਹੇ ਹਨ।

ਗੁਰੂ ਹਰੀ ਸਿੰਘ ਜੀ ਫੁਰਮਾਇਆ ਕਰਦੇ ਸਨ ਕਿ ਸਤਿਗੁਰੂ ਜੀ ਦੀ ਇਹ ਕੋਈ ਖੇਡ ਹੀ ਸੀ ਕਿ ਮੈਨੂੰ ਉਹਨਾਂ ਨੇ ਸੰਗਤ ਵਿਚ ਇਕ ਬੇਮਲੂਮੇ ਵਿਅਕਤੀ ਜਿਉਂ ਵਿਚਰਨ ਦਾ ਮੌਕਾ ਦਿੱਤਾ ਨਹੀਂ ਤਾਂ ਅੰਗਰੇਜ਼ ਸਰਕਾਰ ਜੇ ਬਹੁਤ ਘੱਟ ਸਿਆਸੀ ਗਤੀਵਿਧੀ ਕਰਨ ਵਾਲੇ, ਸੂਬਾ ਮਾਨ ਸਿੰਘ ਸੈਦੋਕੀ (ਮੋਗਾ) ਨੂੰ ਸਤਿਗੁਰੂ ਜੀ ਦੇ ਨਾਲ ਜਲਾਵਤਨ ਕਰਕੇ ਲਿਜਾ ਸਕਦੀ ਸੀ ਤਾਂ ਮੈਨੂੰ ਕਦੋਂ ਛੱਡਣ ਵਾਲੇ ਸਨ। ਉਹਨਾਂ ਦਾ ਮੁੱਢਲਾ ਜੀਵਨ ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਬਾਬਾ ਜੱਸਾ ਸਿੰਘ ਨਾਲ ਲੋਹਾਰਾ ਤਰਖਾਣਾ ਕੰਮ ਕਰਦਿਆਂ ਅਤੇ ਪਰਿਵਾਰਿਕ ਖੇਤੀਬਾੜੀ ਵਿਚ, ਸਹਾਇਕ ਹੁੰਦਿਆਂ ਵੀ ਬਤੀਤ ਹੋਇਆ। ਸਤਿਗੁਰੂ ਜੀ ਨੂੰ ਤਾਂ ਉਹ ਆਪਣੇ ਬਚਪਨ ਤੋਂ ਹੀ ਨਾਂ ਸਿਰਫ ਵੱਡੇ ਭਰਾਤਾ ਵਾਲਾ, ਸਗੋਂ ਇਲਾਹੀ ਵਿਅਕਤੀਤਵ ਦੇ ਸੁਆਮੀ ਜਾਣਕੇ, ਬਣਦਾ ਮਾਨ-ਸਨਮਾਨ ਅਰਪਿਤ ਕਰਦੇ ਸਨ। ਉਹ ਕਿਸੇ ਵੀ ਕੰਮ ਕਾਰ ਨੂੰ ਕਰਦਿਆਂ, ਉਸਦਾ ਭਾਰਾ ਹਿੱਸਾ ਆਪ ਕਰਕੇ, ਹੌਲਾ ਕੰਮ ਸਤਿਗੁਰੂ ਜੀ ਲਈ ਛੱਡ ਦਿਆ ਕਰਦੇ ਸਨ। ਜਦੋਂ ਸਤਿਗੁਰੂ ਜੀ ਅਪਾਤਕਾਲ ਭਾਵ ਜੰਗ ਜੁੱਧ ਦੇ ਸਮੇਂ, ਸੱਦੇ ਜਾਣ ਤੇ ਪਿੰਡੋਂ ਲਾਹੌਰ ਜਾਣ ਲਈ ਤਿਆਰ ਹੁੰਦੇ ਹਨ ਤਾਂ ਬਾਬਾ ਜੱਸਾ ਸਿੰਘ ਜੀ ਦੇ ਕਹਿਣ ਤੇ ਭਾਈ ਬੁੱਧ ਸਿੰਘ ਜੀ ਗੁਰੂ ਜੀ ਨੂੰ ਵਿਦਿਆ ਕਰਨ , ਬਿਲਗਾ ਅਤੇ ਜੀਰਾ ਹੁੰਦੇ ਹੋਏ, ਸਤਿਲੁਜ-ਬਿਆਸਾ ਦੇ ਹਰੀਕੇ ਪੱਤਣ ਤੋਂ ਪਾਰ ਹੋਏ। ਅੱਗੇ ਇਕ ਥੇਹ ਤੋਂ ਸਤਿਗੁਰੂ ਜੀ ਨੇ ਆਪ ਨੂੰ ਵਾਪਸ ਮੋੜ ਦਿੱਤਾ ਇਹ ਕਹਿਕੇ ਕਿ ਇਸ ਥੇਹੜ ਵਿਚ ਬੇਅੰਤ ਮਾਇਆ ਨੱਪੀ ਹੈ ਪਰ ਅਜੇ ਇਹ ਕੱਢੀ ਨਹੀਂ ਜਾ ਸਕਦੀ ਭਾਵ ਇਸ ਨੂੰ ਭਵਿੱਖ ਲਈ ਰਾਖਵੀਂ ਰੱਖ ਲਿਆ ਤਾਂ ਕਿ ਸਮਾਂ ਪਾਕੇ ਪੰਜਾਬ ਵਾਸੀਆਂ ਦੀਆਂ ਤੰਗੀਆਂ ਤੁਰਸ਼ੀਆਂ ਦੂਰ ਹੋ ਜਾਣ। ਗੁਰੂ ਹਰੀ ਸਿੰਘ ਜੀ ਭਾਈ ਸੰਤੋਖ ਸਿੰਘ ਬਾਹੋਵਾਲ ਨੂੰ ਦੱਸਿਆ ਕਰਦੇ ਸਨ ਕਿ ਮੈਂ ਕਦੇ ਵੀ ਸਤਿਗੁਰੂ ਜੀ ਦਾ ਬਚਨ ਕਦੇ ਨਹੀਂ ਸਾਂ ਮੋੜਦਾ, ਇਸੇ ਕਾਰਨ ਆਪ ਦੀਆਂ ਬੇਅੰਤ ਖੁਸ਼ੀਆਂ ਦਾ ਪਾਤਰ ਬਣਦਾ ਰਿਹਾ ਹਾਂ। ਉਹਨਾਂ ਨੇ ਆਪਣੇ ਕਮਾਏ ਸਰੀਰ ਦੁਆਰਾ, ਪੰਜਾਂ ਵਿਅਕਤੀਆਂ ਦਾ ਕੰਮ ਇਕੱਲਿਆਂ ਹੀ ਕਰ ਲੈਣਾ।

ਜਦੋਂ ਫਿਰੋਜ਼ਪੁਰ ਤੋਂ ਰਾਜਗੀਰੀ ਦਾ ਕੰਮ ਕਰਕੇ, ਸਤਿਗੁਰੂ ਜੀ ਭੈਣੀ ਸਾਹਿਬ ਆਕੇ ਮਾਮੀ ਰਾਮੀ ਦੀ ਆਰਥਿਕ ਮਦਦ ਨਾਲ, ਪਿੰਡ ਵਿਚ ਲੋਹਾ, ਕੱਪੜਾ, ਅਨਾਜ, ਮਿੱਠਾ ਅਤੇ ਹੋਰ ਰੋਜ਼ਾਨਾਂ ਜੀਵਨ ਦੀਆਂ ਵਸਤਾਂ ਲਈ ਦੁਕਾਨ ਪਾਉਂਦੇ ਹਨ ਤਾਂ ਦੂਰ ਦੁਰਾਡਿਓਂ ਜਿਨਸਾਂ ਅਤੇ ਹੋਰ ਵਸਤਾਂ ਗੱਡੇ ਤੇ ਲੱਦਕੇ ਲਿਆਉਣ ਦਾ ਕਾਰਜ ਭਾਈ ਬੁੱਧ ਸਿੰਘ ਕਰਦੇ ਸਨ। ਗੱਡਾ ਵਾਹੁਣਾ ਉਹਨਾਂ ਸਮਿਆਂ ਵਿਚ ਜਾਨ ਜ਼ੋਖਮ ਵਿਚ ਪਾਉਣ ਵਾਲਾ ਕੰਮ ਵੀ ਸੀ, ਚੋਰ ਲੁਟੇਰੇ ਰਾਹ ਵਿਚ ਘੇਰ ਲੈਂਦੇ ਸਨ। ਅਜਿਹੇ ਸਮਿਆਂ ਵਿਚ ਬਾਬਾ ਬੁੱਧ ਸਿੰਘ ਜੀ ਡਾਂਗ ਵਾਹੁਣੀ ਵੀ ਜਾਣਦੇ ਸਨ ਅਤੇ ਕਈ ਵੇਰ ਆਏ ਲੁਟੇਰਿਆਂ ਦਾ ਪਿੱਛਾ ਕਰਕੇ, ਉਹਨਾਂ ਨੂੰ ਭਜਾਇਆ ਵੀ ਸੀ। ਸੰਨ 1861 ਈ. ਹਰਿਦੁਆਰ ਦੀ ਅਰਧ ਕੁੰਭੀ ਸਮੇਂ ਜਦੋਂ ਸਤਿਗੁਰੂ ਜੀ ਸੰਗਤ ਸਮੇਤ ਗੰਗਾ ਤੇ ਪੁੱਜਦੇ ਹਨ ਤਾਂ ਆਪ ਦਾ ਸਾਰਾ ਪਰਿਵਾਰ, ਸਮੇਤ ਭਾਈ ਬੁੱਧ ਸਿੰਘ ਅਤੇ ਉਹਨਾਂ ਦਾ ਪਰਿਵਾਰ ਇਸ ਯਾਤਰਾ ਵਿਚ ਸ਼ਾਮਲ ਹੁੰਦੇ ਹਨ। ਇਕ ਦਿਆਰ ਦੀ ਗੇਲੀ ਨੂੰ ਅੱਗ ਲਾਕੇ, ਸਤਿਗੁਰੂ ਜੀ ਗੰਗਾ ਵਿਚ ਸੁੱਟਣ ਸਮੇਂ, ਸੰਗਤ ਦੇ ਅਸਫਲ ਰਹਿਣ ਤੇ ਛੋਟੇ ਭਾਈ ਦੀ ਮਦਦ ਲੈਂਦੇ ਹਨ ਅਤੇ ਉਸਨੂੰ ਇਹ ਸੰਕੇਤ ਵੀ ਦਿੰਦੇ ਹਨ ਕਿ ਗੁਰਸਿੱਖੀ ਦੀ ਭਾਵੀ ਕਾਰ ਮੈਥੋਂ ਬਾਅਦ, ਤੁਸੀਂ ਹੀ ਸੰਭਾਲੋਗੇ। ਸਤਿਗੁਰੂ ਜੀ ਦੇ ਪਰਦੇਸ ਜਾਣ ਤੋਂ ਸਿਰਫ ਛੇ ਮਹੀਨੇ ਪਹਿਲੋਂ ਤੱਕ, ਭਾਈ ਬੁੱਧ ਸਿੰਘ ਖੇਤੀਬਾੜੀ ਕਰਕੇ ਹੀ ਆਪਣਾ ਪਰਸ਼ਾਦਾ, ਘਰਦਿਆਂ ਦਾ ਪੱਕਾ ਛਕਿਆ ਕਰਦੇ ਸਨ। ਇਕ ਦਿਨ ਗੁਰਦੁਆਰੇ ਵਾਸਤੇ ਚਰ੍ਹੀ ਦਾ ਗੱਡਾ, ਆਪ ਨੂੰ ਲਿਆਉਣ ਦਾ ਹੁਕਮ ਹੋਇਆ। ਡੇਰੇ ਦੇ ਗੱਡਿਆਂ ਦੇ ਇੰਚਾਰਜ ਮਹੰਤ ਗੁਰਦਿੱਤ ਸਿੰਘ ਨੇ ਆਪਨੂੰ ਮੰਗਣ ਤੇ ਡੇਰੇ ਦੀਆਂ ਲਾਸਾਂ (ਰੱਸੇ) ਨਾਂ ਦਿੱਤੀਆਂ। ਪਤਾ ਲੱਗਣ ਤੇ ਸਤਿਗੁਰੂ ਜੀ ਨੇ ਆਪ ਨੂੰ ਕਿਹਾ ਕਿ ਹੁਣ ਹਲ ਪੰਜਾਲੀ ਸੁੱਟ ਦਿਓ ਅਤੇ ਪਰਸ਼ਾਦਾ ਲੰਗਰ ਵਿਚੋਂ ਹੀ ਛਕੋ। ਇਹ ਵੀ ਬਚਨ ਆਉਂਦਾ ਹੈ ਕਿ ਸਤਿਗੁਰੂ ਜੀ ਨੇ ਇਸ ਸਮੇਂ ਆਪ ਲਈ ਨਵੇਂ ਬਸਤਰ ਮੰਗਵਾਏ ਅਤੇ ਲੰਗਰ ਵਿਚ ਇਕੋ ਜਿਹੇ ਬਸਤਰ ਪਹਿਰ ਕੇ, ਦੋ ਚੌਂਕੀਆਂ ਤੇ ਜਦੋਂ ਦੋਵੇਂ ਭਾਈ ਸੁਭਾਇਮਾਨ ਹੋਏ ਤਾਂ ਸਤਿਗੁਰੂ ਜੀ ਨੇ ਸੰਗਤ ਤੋਂ ਪੁੱਛਿਆ ਕਿ ਦੱਸੋ ਹੁਣ ਸਾਡੇ ਵਿਚ ਕੋਈ ਫਰਕ ਹੈ? ਪਹਿਲੀ ਵਾਰ ਆਪ ਨੇ ਆਪਣੇ ਕਿਰਤੀ ਵੀਰ ਦਾ ਸੰਗਤ ਵਿਚ ਮਾਨ ਤਾਨ ਬਹਾਲ ਕੀਤਾ।

ਸਤਿਗੁਰੂ ਜੀ ਦੁਆਰਾ ਆਪਣੇ ਮਿਸ਼ਨ ਦੇ ਭਾਵੀ ਉਤਰਾਧਿਕਾਰੀ ਨੂੰ ਆਮ ਲੋਕਾਂ ਦੀਆਂ ਨਜ਼ਰਾਂ ਵਿਚ ਇਸ ਤਰ੍ਹਾਂ ਲੁਕਾ ਕੇ ਰੱਖਣਾ, ਇਕ ਵੱਡੀ ਕੂਟਨੀਤਿਕ ਕਾਰਵਾਈ ਸੀ। ਖੁਦ ਭਾਈ ਬੁੱਧ ਸਿੰਘ ਜੀ ਵੀ ਸੰਗਤ ਅਤੇ ਆਲੇ-ਦੁਆਲੇ ਇਸ ਤਰ੍ਹਾਂ ਵਿਚਰਦੇ ਕਿ ਸ੍ਰੀ ਸਤਿਗੁਰੂ ਜੀ ਦੇ ਛੋਟੇ

Namdhari Elibrary NamdhariElibrary@gmail.com

ਭਰਾਤਾ ਹੋਣ ਵਾਲੀ, ਉਹਨਾਂ ਦੀ ਵੱਡੀ ਪਦਵੀ ਦਾ ਕਿਸੇ ਨੂੰ ਅਹਿਸਾਸ ਨਾ ਹੁੰਦਾ। ਭਾਈ ਉਤਮ ਸਿੰਘ ਰਾਇਸਰੀਏ ਦੇ ਪਿੰਡ ਆਪ ਗੱਡਾ ਲੈ ਕੇ ਗਏ। ਉਹਨਾਂ ਨੂੰ ਸੁਨੇਹਾ ਭੇਜਿਆ ਕਿ ਸ੍ਰੀ ਭੈਣੀ ਸਾਹਿਬ ਤੋਂ ਕੋਈ ਲੁਹਾਰ ਉਹਨਾਂ ਨੂੰ ਮਿਲਣਾ ਚਾਹੁੰਦਾ ਹੈ। ਜਦੋਂ ਉਤਮ ਸਿੰਘ ਜੀ ਆਏ ਤਾਂ ਆਪ ਨੂੰ ਮਿਲਕੇ ਕਹਿੰਦੇ- "ਮਹਾਰਾਜ, ਇਤਨਾ ਲਿੱਸਾ ਸੁਨੇਹਾ ਕਿਉਂ ਭੇਜਿਆ? ਆਪ ਜੀ ਸਤਿਗੁਰੂ ਜੀ ਦੇ ਭਰਾਤਾ ਹੋ, ਸਾਡੇ ਪੂਜ ਹੋ!" ਆਪ ਦਾ ਜਵਾਬ ਸੀ ਕਿ ਸਾਰੀ ਮਹਿਮਾ ਤਾਂ ਸਤਿਗੁਰੂ ਜੀ ਦੀ ਹੀ ਹੈ। ਮੈਂ ਤਾਂ ਭਾਈ ਸਾਧਾਰਨ ਲੁਹਾਰ ਹੀ ਹਾਂ। ਇਸੇ ਕਾਰਨ ਜਦੋਂ ਪ੍ਰਦੇਸ ਗਮਨ ਸਾਕੇ ਸਮੇਂ ਉੱਚ ਅਧਿਕਾਰੀਆਂ ਨੇ ਪਿੰਡ ਦੇ ਸਰਕਾਰੀ ਬੰਦਿਆਂ ਤੋਂ ਆਪ ਬਾਰੇ ਪੁੱਛਿਆ ਤਾਂ ਉਹਨਾਂ ਦਾ ਜੁਆਬ ਸੀ ਕਿ ਸਤਿਗੁਰੂ ਜੀ ਤੋਂ ਅਲਹਿਦਾ ਰਹਿੰਦਾ ਹੈ ਅਤੇ ਪਿੰਡ ਦੇ ਜ਼ਿਮੀਦਾਰਾਂ ਦੇ ਸੰਦ ਵਗੈਰਾ ਬਨਾਉਣ ਦਾ ਕੰਮ ਕਰਦਾ ਹੈ। ਬਾਅਦ ਵਿਚ ਜਦੋਂ ਆਪ ਨੂੰ ਸਤਿਗੁਰੂ ਜੀ ਨੇ ਬੁੱਧ ਸਿੰਘ ਦੀ ਬਜਾਏ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਪਰਵਰਤਿਤ ਕਰ ਦਿੱਤਾ ਅਤੇ ਡੇਰੇ ਦੇ ਖਿਲਾਫ ਮੁਖਬਰਾਂ ਦੀਆਂ ਰੀਪੋਰਟਾਂ ਮਿਲਣ ਤੇ ਪੜਤਾਲ ਲਈ, ਵੱਡੇ ਛੋਟੇ ਸਰਕਾਰੀ ਅਹਿਲਕਾਰ, ਸ੍ਰੀ ਭੈਣੀ ਸਾਹਿਬ ਨਿੱਤ ਤੁਰੇ ਰਹਿੰਦੇ ਅਤੇ ਉਹਨਾਂ ਦੀ ਆਮਦ ਤੇ ਪਿੰਡ ਦੇ ਲੰਬੜਦਾਰਾਂ ਵਗੈਰਾ ਨੂੰ ਵੀ ਆਪਣੀ ਹਾਜ਼ਰੀ ਭਰਨੀ ਪੈਂਦੀ ਤਾਂ ਇਕ ਵੇਰ ਉਹਨਾਂ ਗੁਰੂ ਹਰੀ ਸਿੰਘ ਜੀ ਨੂੰ ਕਿਹਾ ਸੀ ਕਿ ਜੇ ਸਾਨੂੰ ਪਤਾ ਹੁੰਦਾ ਕਿ ਤੂੰ ਵੀ ਆਪਣੇ ਭਾਈ ਜਿਉਂ ਕੂਕਾ ਅੰਦੋਲਨ ਨੂੰ ਮਘਦਾ ਰੱਖੇਂਗਾ ਤਾਂ ਅਸੀਂ ਅਫਸਰਾਂ ਦੇ ਪੁੱਛਣ ਤੇ ਦੋ ਚਾਰ ਝੂਠੀਆਂ ਸੱਚੀਆਂ ਜੋੜ ਕੇ, ਤੈਨੂੰ ਵੀ ਭਾਈ ਦੇ ਨਾਲ ਹੀ ਤੋਰ ਦਿੰਦੇ। ਗੁਰੂ ਹਰੀ ਸਿੰਘ ਜੀ ਦੇ ਜੀਵਨ ਵਿਚ ਕੁਝ ਸਮੇਂ ਐਸੇ ਵੀ ਆਏ ਜਦੋਂ ਸਰਕਾਰੀ ਮੁਖਬਰਾਂ ਅਤੇ ਸੂਹੀਆਂ ਨੂੰ ਇਹ ਕਹਿਣ ਦਾ ਮੌਕਾ ਮਿਲ ਗਿਆ ਕਿ ਸਰਕਾਰ ਹੁਣ ਆਪ ਨੂੰ ਹੱਥ ਪਾਉਣ ਵਾਲੀ ਹੈ। ਡੇਰਾ ਭੈਣੀ ਸਾਹਿਬ ਨੂੰ ਤੋਪਾਂ ਨਾਲ ਉਡਾਉਣ ਦੀ ਯੋਜਨਾ ਤਹਿਤ ਦੋ ਵੇਰ ਕੁਹਾੜੇ ਦੇ ਪੜਾਅ ਤੇ ਸੈਨਿਕਾਂ ਨੇ ਤੋਪਾਂ ਬੀੜ ਦਿੱਤੀਆਂ ਸਨ। ਇਕ ਵੇਰ 18 ਜਨਵਰੀ 1872 ਈ. ਨੂੰ ਸਤਿਗੁਰੂ ਜੀ ਦੀ ਦੇਸ ਨਿਕਾਲੇ ਲਈ ਗਰਿਫਤਾਰੀ ਸਮੇਂ ਅਤੇ ਦੂਜੀ ਵੇਰ ਜਨਵਰੀ ਦੇ ਆਖਰੀ ਸਪਤਾਹ , 1883ਈ. ਵਿਚ ਭੈਣੀ ਸਾਹਿਬ ਪੁਲੀਸ ਚੌਂਕੀ ਦੇ ਸਿਪਾਹੀ ਗੇਂਦੇ ਦੇ, ਸੰਤ ਭਗਵਾਨ ਸਿੰਘ ਅੜਬੰਗੀ ਦੁਆਰਾ ਉਸਦਾ ਪਿੱਛਾ ਕੀਤੇ ਜਾਣ ਤੇ ਕਤਲ ਕਰ ਦੇਣ ਸਮੇਂ। ਗੇਂਦਾ ਕਤਲ ਸਮੇਂ ਗੁਰੂ ਹਰੀ ਸਿੰਘ ਜੀ ਨੂੰ ਸਮੂਹ ਡੇਰਾ ਨਿਵਾਸੀਆਂ ਸਮੇਤ, ਪਸ਼ੂਆਂ ਦੇ ਤਬੇਲੇ ਵਿਚ ਅੰਦਰ ਦੇ ਕੇ, ਬਾਹਰੋਂ ਜਿੰਦਰੇ ਮਾਰ ਦਿੱਤੇ ਗਏ ਸਨ। ਪਿੰਡ ਨਿਵਾਸੀ ਡੇਰੇ ਦੇ ਵਿਰੋਧੀ, ਆਪੋ ਵਿਚ ਕਹਿ ਰਹੇ ਸਨ ਕਿ ਚਲੋ ਇਕ ਵੇਰ ਉਹਨਾਂ ਨੂੰ ਮਿਲ ਆਈਏ, ਹੁਣ ਉਹਨਾਂ ਨੂੰ ਵੀ ਦੇਸ ਨਿਕਾਲਾ ਮਿਲਣ ਵਾਲਾ ਹੈ। ਪਰ ਸਰਕਾਰੀ ਚਾਟੜਿਆਂ ਦੇ ਇਹ ਮਨਸੂਬੇ ਸਿਰੇ ਨਾਂ ਚੜ੍ਹੇ ਅਤੇ ਗੁਰੂ ਹਰੀ ਸਿੰਘ ਜੀ ਦੇ ਜਿੰਦਰੇ ਅਧਿਕਾਰੀਆਂ ਨੂੰ ਖੋਹਲਣੇ ਪਏ ਕਿਉਂਕਿ ਅੜਬੰਗੀ ਜੀ ਦੀ ਸੂਝ-ਬੂਝ ਸਦਕਾ, ਹੈਂਕੜਬਾਜ ਸਿਪਾਹੀ ਦਾ ਕਤਲ, ਭੈਣੀ ਸਾਹਿਬ ਤੋਂ ਬਾਹਰ, ਤੀਜੇ ਪਿੰਡ ਦੀ ਜੂਹ ਵਿਚ ਹੋਇਆ ਸੀ।

ਗੁਰੂ ਹਰੀ ਸਿੰਘ ਜੀ ਦੇ ਕੂਕਾ ਲਹਿਰ ਦੀ ਅਗੁਆਈ ਵਾਲੇ 34 ਸਾਲ, 1872 ਤੋਂ 1906 ਈ. ਤੱਕ, ਕੂਕਿਆਂ ਲਈ ਬਹੁਤ ਸਖਤੀਆਂ ਦਾ ਸਮਾਂ ਸੀ। ਗੁਰਦੁਆਰੇ ਦੇ ਬੂਹੇ ਅੱਗੇ, ਇਹ ਸਾਰਾ ਸਮਾਂ ਪੁਲਿਸ ਚੌਂਕੀ ਤਾਇਨਾਤ ਸੀ। ਪਹਿਲਾਂ ਅੱਠਾਂ ਪਹਿਰਾਂ ਪਿਛੋਂ ਸਿਰਫ ਪੰਜ ਅਤੇ ਦਸ ਗੁਰੂ ਪਿਆਰੇ ਹੀ ਆਪਣੇ ਗੁਰੂ ਧਾਮ ਦੀ, 24 ਘੰਟਿਆਂ ਲਈ ਜ਼ਿਆਰਤ ਕਰ ਸਕਦੇ ਸਨ। ਇਕ ਦਿਨ ਦਰਸ਼ਨ ਕਰਨ ਵਾਲਿਆਂ ਦੀ ਛੇ ਮਹੀਨੇ ਬਾਅਦ ਵਾਰੀ ਆਉਂਦੀ ਸੀ। ਦਰਸ਼ਨ ਕਰਨ ਲਈ ਆਉਣ ਵਾਲੇ ਯਾਤਰੂਆਂ ਨੂੰ ਭੈਣੀ ਸਾਹਿਬ ਤਾਂ ਕੀ ਗੁਆਂਢੀ ਪਿੰਡਾਂ ਦੀ ਜੂਹ ਵਿਚ ਵੀ ਨਹੀਂ ਟਿਕਣ ਦਿੱਤਾ ਜਾਂਦਾ ਸੀ। ਜੇ ਕਿਸੇ ਪਿੰਡ ਕੂਕੇ ਰਾਤ ਕੱਟ ਜਾਂਦੇ ਤਾਂ ਉਥੋਂ ਦੇ ਲੰਬੜਦਾਰਾਂ, ਚੌਂਕੀਦਾਰਾਂ ਦੀ ਕੁੱਟਮਾਰ ਵੀ ਹੁੰਦੀ, ਜੁਰਮਾਨੇ ਵੀ ਕਰਦੇ ਅਤੇ ਕੈਦ ਦੀਆਂ ਸਜ਼ਾਵਾਂ ਵੀ। ਉਹਨਾਂ ਦੇ ਔਹਦੇ ਖੋਹ ਲਏ ਜਾਂਦੇ। ਗੁਰੂ ਹਰੀ ਸਿੰਘ ਬਾਹਰ ਰੋਹੀਆਂ ਵਿਚ ਹਾੜ, ਸਿਆਲ, ਮੌਸਮ ਦੀਆਂ ਸਖਤੀਆਂ ਵੀ ਸਹਿੰਦੇ ਅਤੇ ਆਏ ਸਿੰਘਾਂ ਨੂੰ ਚੋਰੀ ਛਿਪੇ ਦਰਸ਼ਨ ਵੀ ਦਿੰਦੇ। ਉਹਨਾਂ ਲਈ ਡੇਰੇ ਵਿਚੋਂ ਆਇਆ ਜਲ ਪਾਣੀ, ਪਰਸ਼ਾਦਾ ਆਦਿ, ਦਰਸ਼ਨ ਅਭਿਲਾਖੀ, ਚੋਰੀ ਛਿਪੇ ਟਿਕੇ ਸਿੱਖਾਂ ਨੂੰ ਛਕਾ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਗੁਰੂ ਜੀ ਟਿੱਬਿਆਂ ਵਿਚ ਭੁੱਖੇ ਤਿਹਾਏ ਫਾਕੇ ਕੱਟ ਕੇ ਵੀ ਰਜ਼ਾ ਵਿਚ ਰਾਜ਼ੀ ਰਹਿੰਦੇ। ਇਕ ਭਾਈ ਕੰਧਾਰਾ ਸਿੰਘ 'ਤਖਤ ਹਜਾਰੇ' ਦਾ ਅਰੋੜਾ ਸਿੰਘ ਗੁਰੂ ਜੀ ਦਾ ਗੜਵੱਈ ਰਿਹਾ ਸੀ। ਇਕ ਦਿਨ ਉਹ ਗੁਰੂ ਹਰੀ ਸਿੰਘ ਜੀ ਨੂੰ ਛਕਾਉਣ ਲਈ ਸ਼ਰਦਾਈ ਰਗੜ ਕੇ ਗੜਵੇ ਵਿਚ ਪਾ ਕੇ ਤੁਰਿਆ। ਰਾਹ ਵਿਚ ਉਸਨੂੰ ਕੋਈ ਭੁੱਖਾ ਤਿਹਾਇਆ ਸਿੰਘ ਮਿਲ ਗਿਆ। ਸ਼ਰਦਾਈ ਉਹਨੂੰ ਛਕਾ ਦਿੱਤੀ। ਉਸ ਦਿਨ ਐਸਾ ਸਬੱਬ ਬਣਿਆ ਕਿ ਛੇ ਵੇਰ ਗੁਰੂ ਜੀ ਲਈ ਰਗੜੀ ਹੋਈ ਸ਼ਰਦਾਈ ਕੰਧਾਰਾ ਸਿੰਘ ਨੂੰ ਬੇਨਤੀ ਕਰਕੇ, ਰਸਤੇ ਵਿਚ ਮਿਲਣ ਵਾਲੇ ਸਿੰਘਾਂ ਨੇ ਛਕ ਲਈ। ਮੌਸਮ ਗਰਮੀ ਦਾ ਸੀ ਜਦੋਂ ਸੱਤਵੀਂ ਵੇਰ ਸ਼ਰਦਾਈ ਲੈ ਕੇ

Namdhari Elibrary NamdhariElibrary@gmail.com

ਬਹੁਤ ਦੇਰ ਕਰਕੇ, ਉਹ ਗੁਰੂ ਜੀ ਤੱਕ ਪੁੱਜਿਆ ਤਾਂ ਭਾਈ ਕੰਧਾਰਾ ਸਿੰਘ ਵੈਰਾਗੀ ਹੋ ਕੇ, ਗੁਰੂ ਜੀ ਤੋਂ ਭੁੱਲਾਂ ਬਖਸ਼ਾਉਣ ਲੱਗਾ ਕਿ ਮੈਂ ਇਸ ਵਜ੍ਹਾ ਕਰਕੇ ਪਹਿਲਾਂ ਨਹੀਂ ਪੁੱਜ ਸਕਿਆ। ਖ਼ਿਮਾਂ ਅਤੇ ਧੀਰਜ ਦੀ ਮੂਰਤੀ, ਗੁਰੂ ਹਰੀ ਸਿੰਘ ਜੀ ਦਾ ਕਹਿਣਾ ਸੀ "ਭਾਈ ਕੰਧਾਰਾ ਸਿੰਘ, ਅਸਲੀ ਸ਼ਰਦਾਈ ਤੂੰ ਮੈਨੂੰ ਅੱਜ ਹੀ ਛਕਾਈ ਹੈ।"

ਗੁਰੂ ਹਰੀ ਸਿੰਘ ਜੀ ਨੂੰ ਡੇਰਾ ਭੈਣੀ ਸਾਹਿਬ ਤੋਂ ਬਾਹਰ ਸੰਗਤ ਨੂੰ ਦਰਸ਼ਨ ਦੀਦਾਰ ਦੇਣ ਜਾਣ ਲਈ, ਸਰਕਾਰ ਤੋਂ ਪਹਿਲਾਂ ਮਨਜ਼ੂਰੀ ਲੈਣੀ ਪੈਂਦੀ ਸੀ। ਦੀਵਾਲੀ, ਮਾਘੀ, ਅਤੇ ਵੈਸਾਖੀ ਆਦਿ ਸਮੇਂ ਜਦੋਂ ਸਿੱਖ ਤੀਰਥ ਅਸਥਾਨਾਂ ਅੰਮ੍ਰਿਤਸਰ, ਮੁਕਤਸਰ, ਦਮਦਮਾ ਸਾਹਿਬ ਵਿਖੇ ਸਿੱਖ ਜਗਤ ਜੁੜਦਾ ਸੀ ਤਾਂ ਗੁਰੂ ਹਰੀ ਸਿੰਘ ਜੀ ਨੂੰ ਦੌਰਿਆਂ ਦੀ ਛੁੱਟੀ ਇਹ ਪੁਰਬ ਖਤਮ ਹੋਣ ਤੋਂ ਬਾਅਦ ਦਿੱਤੀ ਜਾਂਦੀ ਸੀ ਤਾਂ ਕਿ ਵਡੇਰੀ ਸਿੱਖ ਸੰਗਤ ਨਾਲ, ਆਪ ਰਾਬਤਾ ਨਾਂ ਕਾਇਮ ਕਰ ਸਕਣ। ਫੇਰ ਜੇ ਛੁੱਟੀ ਮਿਲਦੀ ਵੀ ਸੀ ਤਾਂ ਇਸ ਤਰ੍ਹਾਂ ਮਿਲਦੀ ਸੀ ਕਿ ਸਰਕਾਰ ਦੇ ਮਿਥੇ ਪ੍ਰੋਗਰਾਮ ਦੀ ਬਜਾਏ, ਰਸਤੇ ਜਾਂ ਮੌਸਮ ਦੀ ਖਰਾਬੀ ਕਾਰਨ, ਜੇ ਇਕ ਅੱਧ ਪਿੰਡ ਇਧਰ ਉਧਰ ਹੋ ਕੇ ਲੰਘ ਜਾਂਦੇ ਤਾਂ ਉਦੋਂ ਹੀ ਦੌਰਾ ਕੈਂਸਲ ਕਰਕੇ, ਆਪ ਨੂੰ ਵਾਪਸ ਭੈਣੀ ਸਾਹਿਬ ਪੁਲਿਸ ਨਿਗਰਾਨੀ ਹੇਠ, ਭੇਜ ਦਿੱਤਾ ਜਾਂਦਾ। ਆਪ ਜੀ ਕਾਫੀ ਦੇਰ ਬਾਦ ਸੰਗਤਾਂ ਵਿਚ ਪੁੱਜਦੇ, ਇਸ ਤੇ ਕਾਫੀ ਮਾਈ ਭਾਈ ਆਪ ਦੇ ਦਰਸ਼ਨਾਂ ਨੂੰ ਆਉਂਦੇ! ਜੇ ਕਿਤੇ ਆਉਣ ਵਾਲੀ ਸੰਗਤ ਦੀ ਗਿਣਤੀ ਵੱਧ ਜਾਂਦੀ ਤਾਂ ਤੁਰੰਤ ਦੌਰਾ ਰੋਕ ਕੇ ਆਪ ਨੂੰ ਵਾਪਸ ਭੇਜ ਦਿੰਦੇ। ਲੁਧਿਆਣਾ ਜ਼ਿਲੇ ਦੇ ਇਕ ਪਿੰਡ ਲੱਖੇ ਵਿਚੋਂ, ਸੰਗਤਾਂ ਦੀ ਗਿਣਤੀ ਵੱਧਣ ਕਾਰਨ ਪੁਲਿਸ ਕਪਤਾਨ ਨੇ ਦੌਰਾ ਤੁਰੰਤ ਰੁਕਵਾ ਕੇ, ਭੁੱਖਣ ਭਾਣੇ ਸਿੰਘਾਂ ਨੂੰ ਸਮੇਤ ਗੁਰੂ ਜੀ ਭੈਣੀ ਸਾਹਿਬ ਨੂੰ ਤੋਰ ਦਿੱਤਾ ਸੀ। ਜਦੋਂ ਕਦੇ ਗੁਰੂ ਹਰੀ ਸਿੰਘ, ਛੁੱਟੀ ਮੰਗਣ ਵਾਸਤੇ ਜਾਂਦੇ ਪਰਚਾਰ ਦੌਰੇ ਲਈ ਤਾਂ ਅੰਗ੍ਰੇਜ਼ ਅਧਿਕਾਰੀ ਆਪ ਨੂੰ ਇਹ ਕਹਿ ਕੇ ਚਿੜਾਇਆ ਕਰਦੇ ਸਨ ਕਿ ਤੁਹਾਡੇ ਭਾਈ ਨੇ ਤਾਂ ਮਲੌਦ ਅਤੇ ਮਲੇਰਕੋਟਲਾ ਮਾਰਿਆ ਸੀ ਅਤੇ ਜੇ ਹੁਣ ਤੁਹਾਡਾ ਵੱਸ ਚੱਲਿਆ ਤਾਂ ਤੁਸੀਂ ਸਾਹਨਾ (ਸਾਹਨੇਵਾਲ) ਲੁਧਿਆਣਾ ਅਤੇ ਫਿਲੌਰ ਮਾਰ ਲਵੋਗੇ।

ਗੁਰੂ ਹਰੀ ਸਿੰਘ ਜੀ ਦੇ ਪ੍ਰਚਾਰ ਦੌਰਿਆਂ ਨਾਲ, ਬੇਸ਼ੱਕ ਉਹ ਕੁਝ ਕੁ ਦਿਨਾਂ ਦੇ ਹੀ ਹੁੰਦੇ ਸਨ, ਕੂਕੇ ਸੰਗਰਾਮੀਆਂ ਦਾ ਉਤਸ਼ਾਹ ਕਈ ਗੁਣਾਂ ਵੱਧ ਜਾਂਦਾ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਗੁਰਬਾਣੀ ਦੇ ਪਾਠਾਂ, ਵਰਨੀਆਂ ਅਤੇ ਹਵਨ ਆਦਿਕ ਦਾ ਪ੍ਰਵਾਹ ਤੇਜ਼ ਕਰ ਦਿੰਦੇ। ਉਹ ਰੂਸ ਦੀ ਸੈਨਿਕ ਮਦਦ ਉਡੀਕਦੇ ਤਾਂ ਕਿ ਫਰੰਗੀਆਂ ਦਾ ਬਿਸਤਰਾ ਗੋਲ ਹੋਵੇ। ਸਤਿਗੁਰੂ ਜੀ ਕੈਦ ਵਿੱਚੋਂ ਵਾਪਿਸ ਪੰਜਾਬ ਆਉਣ। ਇਸ ਕਾਰਨ ਪੰਜਾਬ ਦਾ ਲੈਫਟੀਨੈਂਟ ਗਵਰਨਰ ਜਾਂ ਲਾਟ ਪੰਜਾਬ ਸ੍ਰ. ਹੀਰਾ ਸਿੰਘ 'ਲੰਮੂ' ਸਢੌਰੇ ਵਾਲੇ ਨੂੰ ਇਕ ਵੇਰ ਮਿਲਿਆ ਤਾਂ ਕਹਿੰਦਾ "ਬੁੱਧ ਸਿੰਘ ਸਿੰਘਾਂ ਨੂੰ ਬਗਾੜੀ ਜਾਂਦਾ ਹੈ। ਹੀਰਾ ਸਿੰਘ ਨੇ ਕਿਹਾ ਕਿ ਉਹ ਕਾਨੂੰ ਕਿਸ ਨੂੰ ਬਗਾੜਦੇ ਹੈਂ ਸਗੋਂ ਬਿਗਾੜਿਆਂ ਕੋ ਸੁਆਰਦੇ ਹੈਂ, ਪ੍ਰਮੇਸ਼ਰ ਕੇ ਨਾਮ ਕਾ ਉਪਦੇਸ਼ ਕਰਦੇ ਹੈਂ। ਸੰਤ ਰੂਪ ਹੈ ਜਿਨ੍ਹਾਂ ਕਾ ਦੀਦਾਰ ਕੀਤਿਆਂ ਬਿਰਤੀ ਇਕਾਗਰ ਹੋਏ ਜਾਂਦੀਆਂ ਹੈਂ ਤੇ ਰੱਬ ਚਿਤ ਆਉਂਦਾ ਹੈ। ਤੁਮ ਭੀ ਦਰਸ਼ਨ ਕਰੋ। ਲਾਟ ਨੇ ਕਿਹਾ ਕਿ ਲੁਦਿਹਾਣੇ ਕੇ ਇਲਾਕੇ ਜਾਮਾਗੇ ਤਾਂ ਦੀਦਾਰ ਕਰਾਂਗੇ।"

ਜਦੋਂ ਕੁਝ ਸਮੇਂ ਬਾਅਦ ਲਾਟ ਲੁਧਿਆਣੇ ਆਇਆ ਤਾਂ ਉਸ ਦੇ ਸੱਦੇ ਤੇ ਗੁਰੂ ਜੀ ਲੁਧਿਆਣੇ ਗਏ। ਆਮ ਲੋਕ ਕਹਿਣ ਕਿ ਗੁਰੂ ਜੀ ਨੂੰ ਵੀ ਸਤਿਗੁਰੂ ਜੀ ਜਿਉਂ ਜਲਾਵਤਨ ਕਰ ਦੇਣਗੇ? ਇਕ ਬੰਗਲੇ ਵਿਚ ਲਾਟ ਨੇ ਕਾਫੀ ਸਮਾਂ ਬਚਨ ਬਿਲਾਸ ਕਰਕੇ, ਗੁਰੂ ਜੀ ਨੂੰ ਰੁਖਸਤ ਦੇ ਦਿੱਤੀ।

ਲੁਧਿਆਣਾ ਦੇ ਪੁਲਿਸ ਕਪਤਾਨ ਵਾਰਬਰਟਨ ਨੇ ਹੁਕਮ ਕੱਢਿਆ ਕਿ ਗਰੇਵਾਲਾਂ ਦੇ ਚਾਰ ਪਿੰਡਾਂ ਲੋਹਗੜ੍ਹ, ਰਾਇਪੁਰ, ਗੁਜਰਵਾਲ ਤੇ ਨਾਰੰਗਵਾਲ ਵਿਚ ਕੂਕਾ ਕੋਈ ਨਾ ਵੜੇ। ਲੋਹਗੜ੍ਹ ਦੇ ਪੰਜਾਬ ਸਿੰਘ ਦੀ ਲੜਕੀ ਅਤੇ ਮੁੰਡੀਆਂ ਦੇ ਬਚਿੱਤਰ ਸਿੰਘ ਦੇ ਲੜਕੇ, ਹੀਰਾ ਸਿੰਘ ਦਾ ਆਨੰਦ ਹੋਣਾ ਸੀ, ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਪੰਜਾਬ ਸਿੰਘ ਨੇ ਅਰਜ਼ੀ ਦੇਕੇ ਮਨਜ਼ੂਰੀ ਲਈ। ਗੁਰੂ ਹਰੀ ਸਿੰਘ ਜੀ ਇਹ ਕਹਿਕੇ ਲੋਹਗੜ੍ਹ ਦਰਸ਼ਨ ਦਿੱਤੇ ਕਿ ਚਲੋ! ਆਕੀਗੜ੍ਹ ਤੋੜੀਏ!! ਲੋਹਗੜ੍ਹ ਦਾ ਭਾਈ ਦੇਵਾ ਸਿੰਘ ਮਲੇਰਕੋਟਲੇ ਸ਼ਹੀਦ ਹੋਇਆ ਸੀ ਅਤੇ ਉਸ ਦਾ ਦੂਜਾ ਭਾਈ ਅਤਰ ਸਿੰਘ, ਅਖੰਡ ਪਾਠ ਕਰਾਉਣ ਦੇ ਦੋਸ਼ ਵਿਚ ਕੈਦ ਹੋਇਆ ਅਤੇ 1875 ਈ. ਵਿਚ ਜਿਹਲ ਜੀਵਨ ਦੀਆਂ ਸਖਤੀਆਂ ਨਾ ਸਹਾਰਦਾ, ਲੁਧਿਆਣਾ ਜਿਹਲ ਵਿਚ ਸ਼ਹੀਦ ਹੋ ਗਿਆ। ਬਾਕੀ ਲੋਕ ਜਿਵੇਂ ਮਰਜ਼ੀ ਪਾਠ, ਭੋਗ ਆਦਿ ਰਸਮਾਂ ਕਰਨ ਪਰ ਕੂਕਿਆਂ ਲਈ ਬਹੁਤ ਪਾਬੰਦੀਆਂ ਸਨ। ਭਾਈ ਹਰਨਾਮ ਸਿੰਘ ਬਗੁਲੀ ਕਲਾਂ " ਸੰਤ ਖਾਲਸਾ" ਵਿਚ ਗੁਰੂ ਹਰੀ ਸਿੰਘ ਦੌਰ ਦਾ ਇਉਂ ਚਿਤਰਣ ਕਰਦੇ ਹਨ-

"ਕੂਕਾ ਪਿੰਡ ਦਾ ਪਿੰਡ ਹੀ ਰਹੇ ਆਪਣੇ, ਪਿੰਡੋ
ਬਾਹਰਲਿਓਂ ਭੀ ਕੂਕਾ ਆਵੇ ਨਾਂਹੀ
ਬਿਨਾਂ ਖਬਰ ਦਿਤੀ ਵਰਨੀ ਬਾਣੀਆਂ ਦਾ, ਕੂਕਾ ਪਾਠ ਯਾਂ

Namdhari Elibrary NamdhariElibrary@gmail.com

ਭੋਗ ਪਵਾਵੇ ਨਾਂਹੀ
ਚੌਕੀਦਾਰ ਨੰਬਰਦਾਰ ਤਾੜ ਦਿਤੇ,
ਕੂਕਾ ਦੂਰ ਨੇੜੇ ਆਵੇ ਜਾਵੇ ਨਾਂਹੀ,
ਬਿਨਾਂ ਰਪਟ ਦਿੱਤੀ ਬਾਝੋਂ ਸਿੰਘ ਕੂਕਾ,
'ਕੱਠੇ ਪੰਜ ਭੀ ਸਿੰਘ ਕਰਾਵੇ ਨਾਂਹੀ
ਲਗਦੀ ਵਾਹ ਤਾਤੇ ਇਥੋਂ ਤਕ ਲੋਕੀਂ,
ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਿਲਾਵੇ ਨਾਂਹੀ"

ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਨਾਮਿਆਂ ਵਿਚ ਦੋ ਤਿੰਨ ਕੰਮਾਂ ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਸੀ। ਸੰਗਤ ਉਹਨਾਂ ਨਮਿੱਤ ਵੱਧ ਤੋਂ ਵੱਧ ਸਹਿਜ ਅਤੇ ਅਖੰਡ ਪਾਠਾਂ ਦੇ ਭੋਗ ਪੁਆਏ। ਗੁਰੂ ਕਾ ਲੰਗਰ, ਭੈਣੀ ਸਾਹਿਬ ਵਿਚ, ਇਕ ਰਸ ਅਤੁੱਟ ਵਰਤਣਾ ਚਾਹੀਦਾ ਹੈ। ਕੂਕੇ ਸਿੰਘ ਕਿਸੇ ਤਰ੍ਹਾਂ ਦਾ ਵੀ ਅੰਗਰੇਜ਼ ਸਰਕਾਰ ਨਾਲ ਤਾਲਮੇਲ ਨਾਂ ਰੱਖਣ। ਕਿਉਂ ਜੋ ਗੁਰਬਾਣੀ ਗੁਰਮੁਖੀ ਅੱਖਰਾਂ ਵਿਚ ਲਿਖੀ ਹੈ, ਇਸ ਲਈ ਹਰ ਮਾਈ ਭਾਈ, ਬੁੱਢਾ ਬਾਲਾ, ਮੁੰਡਾ ਕੁੜੀ, ਗੁਰਮੁਖੀ ਅੱਖਰ ਪੜ੍ਹਨੇ ਜ਼ਰੂਰ ਸਿੱਖੇ ਅਤੇ ਗੁਰਬਾਣੀ ਜਿਤਨੀ ਹੋ ਸਕੇ ਨਿਤਨੇਮ ਵਾਸਤੇ ਕੰਠ ਕਰਨ। ਗੁਰੂ ਹਰੀ ਸਿੰਘ ਜੀ ਨੇ ਇਹਨਾਂ ਸਾਰੇ ਹੁਕਮਾਂ ਦੀ ਤਨਦੇਹੀ ਨਾਲ ਪਾਲਣਾ ਕੀਤੀ। ਆਪ ਗੁਰਦੁਆਰਾ ਭੈਣੀ ਸਾਹਿਬ ਵਿਚ ਪੁਲਿਸ ਅਫਸਰਾਂ ਦੀਆਂ ਸਖਤੀਆਂ ਬਰਦਾਸ਼ਤ ਕਰਕੇ ਵੀ ਲੰਗਰ ਦੇ ਹੇਠਾਂ ਇਕ ਭੋਰੇ ਵਿਚ ਗੁਪਤ ਰੂਪ ਵਿਚ ਅਖੰਡ ਪਾਠ ਕਰਵਾਉਂਦੇ ਰਹਿੰਦੇ। ਇਕ ਅਖੰਡ ਪਾਠ ਲਈ ਘੱਟੋ-ਘੱਟ 14 ਸਿੰਘ ਚਾਹੀਦੇ ਹੁੰਦੇ ਸਨ। ਕਈ ਵੇਰ ਜੇ ਇਸ ਤੋਂ ਜ਼ਿਆਦਾ ਸਿੰਘ ਲੱਭ ਜਾਂਦੇ ਤਾਂ ਦੋ ਦੋ ਆਖੰਡ ਪਾਠ ਵੀ ਹੁੰਦੇ ਰਹਿੰਦੇ। ਦਮਦਮਾ ਸਾਹਿਬ, ਮੁਕਤਸਰ ਸਾਹਿਬ ਆਦਿਕ ਤੀਰਥਾਂ ਤੇ ਮਾਲਵੇ ਵਿਚ ਅਤੇ ਮਾਝੇ ਵਿਚ ਗੁਰੂ ਕੇ ਬਾਗ ਆਦਿਕ ਅਸਥਾਨਾਂ ਤੇ ਆਪ ਦੇ ਹੁਕਮ ਮੁਤਾਬਿਕ ਕੂਕਿਆਂ ਵੱਲੋਂ, ਕਈ ਸੈਂਕੜੇ ਪਾਠ ਗੁਰਬਾਣੀ ਦੇ ਕਰਕੇ ਭੋਗ ਪਾਏ ਜਾਣ ਦੇ ਵੇਰਵੇ ਮਿਲਦੇ ਹਨ। ਵੀਰ ਰਸ ਦੀ ਬਾਣੀ ਚੰਡੀ ਦੀ ਵਾਰ ਦਾ ਰੋਜ਼ਾਨਾ ਸੂਰਜ ਦੀ ਟਿੱਕੀ ਨਿਕਲਦੀ ਨਾਲ ਪਾਠ, ਸੰਪੂਰਨ ਕਰਨ ਦਾ ਆਦੇਸ਼, ਸਤਿਗੁਰੂ ਰਾਮ ਸਿੰਘ ਜੀ ਦਾ ਸੀ ਅਤੇ ਉਸੇ ਪਰੰਪਰਾ ਨੂੰ ਅੱਗੇ ਵਧਾਉਂਦਿਆਂ ਆਪ ਨੇ ਦਸਮ ਗ੍ਰੰਥ ਵਿੱਚੋਂ ਬਾਣੀ, ਉਗਰਦੰਤੀ ਦਾ ਰੋਜ਼ਾਨਾ ਪਾਠ, ਕੂਕੇ ਸਿੰਘਾਂ ਦੇ ਨਿਤਨੇਮ ਦਾ ਅੰਗ ਬਣਾ ਦਿਤਾ। ਸਰਕਾਰੀ ਰੀਪਰੋਟਾਂ ਵਿਚ ਦਰਜ਼ ਸੀ ਕਿ ਜਿਹਨਾਂ ਬਾਣੀਆਂ ਦੀ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲ ਹਾਕਮਾਂ ਨਾਲ ਲੜਾਈ ਵੇਲੇ ਰਚਨਾ ਕੀਤੀ ਸੀ, ਉਹੋ ਬਾਣੀਆਂ ਹੁਣ ਅੰਗਰੇਜ਼ ਸਰਕਾਰ ਨਾਲ ਲੜਾਈ ਲਈ ਕੂਕੇ ਪੜ੍ਹ ਰਹੇ ਹਨ।

ਗੁਰੂ ਕੇ ਲੰਗਰ ਨੂੰ ਚੱਲਦਾ ਰੱਖਣਾ ਗੁਰੂ ਹਰੀ ਸਿੰਘ ਜੀ ਲਈ ਬਹੁਤ ਵੱਡਾ ਫ਼ਿਕਰਮੰਦੀ ਵਾਲਾ ਕਾਰਜ ਸੀ। ਉਗਰਾਹੀ ਦਾ ਅਜੇ ਰਿਵਾਜ ਨਹੀਂ ਸੀ, ਗੁਰੂ ਜੀ 1892 ਈ: ਤੱਕ ਮਹੀਨੇ ਜਾਂ ਦੋ ਮਹੀਨਿਆਂ ਦੇ ਦੌਰਿਆਂ ਤੇ ਭੈਣੀ ਸਾਹਿਬ ਤੋਂ ਬਾਹਰ ਨਹੀਂ ਜਾ ਪਾਏ ਸਨ। ਉਹਨਾਂ ਨੂੰ 5-7 ਜਾਂ ਹੱਦ 8-10 ਦਿਨ ਦੀ ਛੁੱਟੀ ਹੀ, ਉਹਨਾਂ ਦੇ ਡੇਰਾ ਸੰਭਾਲਣ ਦੇ ਪਹਿਲੇ 20 ਵਰ੍ਹਿਆਂ ਵਿਚ ਮਿਲਦੀ ਰਹੀ। ਸਤਿਗੁਰੂ ਰਾਮ ਸਿੰਘ ਜੀ ਨੇ ਪਰਦੇਸ ਗਮਨ ਤੋਂ ਕੁਝ ਸਮਾਂ ਪਹਿਲਾਂ, ਛੇ ਹਜਾਰ ਰੁਪੈ ਵੀ ਗਾਗਰਾਂ ਵਿਚ ਪਾ ਕੇ ਤਬੇਲੇ ਵਿਚ ਕੁਝ ਸਿੰਘਾਂ ਦੇ ਸਾਹਵੇਂ ਕਿਸੇ ਔਖੇ ਸਮੇਂ ਲਈ ਨਪਾਏ ਸਨ। ਜਦੋਂ ਉਹ ਛੇ ਹਜਾਰ ਵੀ ਕੱਢ ਕੇ ਵਰਤ ਲਿਆ ਤਾਂ ਗੁਰੂ ਹਰੀ ਸਿੰਘ ਜੀ ਦੀ ਚਿੰਤਾ ਹੋਰ ਵਧ ਗਈ। ਇਸ ਸਮੇਂ ਭਾਈ ਬਘੇਲ ਸਿੰਘ ਨਾਰਲੀ, ਕਾਹਨ ਸਿੰਘ ਬੁਰਜ ਰਾਇ ਕਾ, ਨੱਥਾ ਸਿੰਘ ਗਾਦੜੀ ਵਾਲਾ, ਸ਼ੁਬੇਗ ਸਿੰਘ ਮਰਹਾਣਾ ਅਤੇ ਬੂਟਾ ਸਿੰਘ ਲਾਖਣਾ, ਇਹਨਾਂ ਪੰਜਾਂ ਸਿੰਘਾਂ ਨੇ ਗੁਰੂ ਕੇ ਲੰਗਰ ਦੀ ਉਗਰਾਹੀ ਦਾ ਮੁੱਢ ਬੰਨ੍ਹਿਆ। ਫਿਰ ਹੋਰ ਸਿੰਘ ਨਿੱਤਰ ਪਏ। ਇਸ ਲਈ ਗੁਰੂ ਕੇ ਲੰਗਰ ਦੀ ਸੇਵਾ ਕਰਨ ਵਾਲੇ, ਪਕਾਉਣ ਛਕਾਉਣ ਵਾਲੇ, ਬਾਲਣ ਲਿਆਉਣ ਵਾਲੇ, ਪਸ਼ੂਆਂ ਲਈ ਨੀਰੇ ਪੱਠੇ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੇ ਉਗਰਾਹੀਏ ਸਿੰਘਾਂ ਨੂੰ ਧਿਆਨ ਵਿਚ ਰੱਖ ਕੇ ਹੀ ਗੁਰੂ ਜੀ ਕਿਹਾ ਕਰਦੇ ਸਨ—

"ਟਹਿਲੇ ਵਾਲਿਆਂ ਕੋ ਬੇਅੰਤ ਸੁਖ ਹੋਵਣਗੇ।"

ਗੁਰੂ ਕੇ ਇਸ ਲੰਗਰ ਦੀ ਮਹਿਮਾ ਉਦੋਂ ਵਲਾਇਤ ਤੱਕ ਪੁੱਜ ਗਈ ਜਦੋਂ 1956 ਬਿਕਰਮੀ ਮੁਤਾਬਿਕ 1899 ਈਸਵੀ ਦੇ ਮਹਾਂ ਦੁਰਭਿੱਖ ਸਮੇਂ ਬਾਗੜ ਅਤੇ ਮਾਰਵਾੜ ਦੇਸ ਦੇ ਹਜਾਰਾਂ ਕਾਲ ਪੀੜਿਤ ਆਪਣੇ ਪਸ਼ੂਆਂ ਸਮੇਤ, ਸ੍ਰੀ ਭੈਣੀ ਸਾਹਿਬ ਦੇ ਲੰਗਰ ਵਿਚੋਂ ਮਹੀਨਿਆਂ ਬੱਧੀ ਆਪਣੀ ਖੁਧਿਆ ਸ਼ਾਂਤ ਕਰਦੇ ਰਹੇ। ਕਵੀ ਹਰਨਾਮ ਸਿੰਘ ਇਸ ਭਿਆਨਕ ਤਰਾਸਦੀ ਦੇ ਚਸ਼ਮਦੀਦ ਅਗਵਾਹ ਸਨ, ਜਦੋਂ ਉਹ ਤੇ ਬਾਲਕ ਸਤਿਗੁਰੂ ਪਰਤਾਪ ਸਿੰਘ ਜੀ ਰੋਜ਼ਾਨਾਂ ਭੱਜ-ਭੱਜ ਕੇ ਕਾਲ ਪੀੜਿਤਾਂ ਨੂੰ ਲੰਗਰ ਵਰਤਾਇਆ ਕਰਦੇ ਸਨ—

"ਦੂਰੋਂ ਦੂਰੋਂ ਲੰਗਰ ਸੁਣ ਕੇ ਲੋਕ ਔਂਦੇ,ਭੈਣੀ ਹੋਈ
ਮਸ਼ਹੂਰ ਸੰਸਾਰ ਸਾਰੇ
ਭੈਣੀ ਮਿਲੂ ਰੋਟੀ ਲੋਕੀਂ ਗੀਤ ਗੌਂਦੇ, ਇਰਦ ਗਿਰਦ ਭੈਣੀ
ਲੱਗੀ ਲਾਰ ਸਾਰੇ

Namdhari Elibrary NamdhariElibrary@gmail.com

ਬਾਗੜ ਦੇਸ਼ ਮਸ਼ਹੂਰ ਹੋ ਗਈ ਭੈਣੀ,
ਓਟੂ, ਨੌਹਰ ਤੇ ਹਾਂਸੀ, ਹਿਸਾਰ ਸਾਰੇ
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ ਚਾਰ ਸਾਰੇ"

(ਸੰਤ ਖਾਲਸਾ ਦੂਜੀ ਛਾਪ, 1958 ਈ:)

ਇਸ ਸਮੇਂ ਕਾਲ ਪੀੜਤਾਂ ਦੀ ਪਰਸੰਸਾ ਯੋਗ ਸਹਾਇਤਾ ਕਰਨ ਤੇ ਅੰਗਰੇਜ ਸਰਕਾਰ ਨੇ ਪੱਛਮੀ ਪੰਜਾਬ ਦੀਆਂ ਨਵੀਆਂ ਆਬਾਦ ਹੋ ਰਹੀਆਂ ਨਹਿਰੀ ਬਾਰਾਂ ਵਿਚ 52 ਮੁਰੱਬੇ ਮੁਤਾਬਿਕ 1300 ਏਕੜ ਜ਼ਮੀਨ ਗੁਰੂ ਜੀ ਨੂੰ ਦੇਣ ਦੀ ਪੇਸ਼ਕਸ਼ ਕੀਤੀ। ਆਪ ਦਾ ਉੱਤਰ ਸੀ ਕਿ ਜ਼ਮੀਨ ਤਾਂ ਸਾਡੀ ਹੀ ਹੈ, ਬਵੰਜਾ ਮੁਰੱਬੇ ਲੈ ਕੇ ਮੰਨ ਲਈਏ ਕਿ ਬਾਕੀ ਦੇਸ਼ ਦੇ ਤੁਸੀਂ ਹੀ ਮਾਲਕ ਹੋ! ਜਦੋਂ ਲਈ ਤਾਂ ਬਵੰਜਾ ਮੁਰੱਬੇ ਜ਼ਮੀਨ ਹੀ ਨਹੀਂ ਸਗੋਂ ਸਾਰਾ ਦੇਸ਼ ਲਵਾਂਗੇ। ਗੁਰੂ ਕੇ ਲੰਗਰ ਲਈ ਆਪ ਇਹ ਉਦਗਾਰ ਵਿਅਕਤ ਕਰਿਆ ਕਰਦੇ ਸਨ ਕਿ ਇਸ ਲੋਹ ਲੰਗਰ ਨੂੰ ਤਪਦਾ ਰੱਖਣ ਲਈ ਤਾਂ ਮੈਂ, ਇਸ ਵਿਚ ਬਾਲਣ ਦੀ ਥਾਂ ਆਪਣੇ ਹੱਡ ਵੀ ਝੋਕਣ ਲਈ ਤਿਆਰ ਹਾਂ। ਆਪ ਵਿਚ ਨਿਮਰਤਾ ਇਤਨੀ ਸੀ ਕਿ ਇਸ ਘਰ (ਡੇਰਾ ਸ੍ਰੀ ਭੈਣੀ ਸਾਹਿਬ) ਦਾ ਮਾਲਕ, ਹਮੇਸ਼ਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਸਮਝਦੇ ਅਤੇ ਆਪਣੇ ਆਪ ਨੂੰ ਉਹਨਾਂ ਦੇ ਸੇਵਕ ਦੇ ਤੌਰ ਤੇ ਹੀ ਪੇਸ਼ ਕਰਿਆ ਕਰਦੇ ਸਨ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪਨੇ ਅੱਖਰ ਗਿਆਨ, ਸੂਬਾ ਬਾਬਾ ਗੋਪਾਲ ਸਿੰਘ ਜੀ ਮੌੜਿਆਂ ਵਾਲੇ (ਜਾਂ ਰੱਖੜ ਮਰੌੜ) ਤੋਂ ਹਾਸਲ ਕਰਕੇ, ਉਹਨਾਂ ਤੋਂ ਹੀ ਗੁਰੂ ਗਰੰਥ ਸਾਹਿਬ ਦਾ ਪਾਠ ਸਰਲ ਕੀਤਾ ਸੀ। ਗੱਦੀ ਸਾਹਿਬ ਵਾਲੇ ਚੁਬਾਰੇ ਵਿਚ ਇਕ ਗੁਰੂ ਗਰੰਥ ਸਾਹਿਬ ਪਰਕਾਸ਼ ਹੁੰਦਾ ਸੀ, ਜਿੱਥੇ ਆਪ ਰੋਜ਼ਾਨਾਂ ਜਦੋਂ ਵੀ ਸਮਾਂ ਮਿਲਦਾ, ਪਾਠ ਕਰਦੇ ਰਹਿੰਦੇ। ਆਪ ਪਰਕਿਰਤੀ ਪਰੇਮੀ ਵੀ ਸਨ। ਬਹੁਤ ਸਾਰੇ ਰੁੱਖ ਬੂਟੇ ਲੁਆਉਂਦੇ ਅਤੇ ਇਹਨਾਂ ਤੇ ਆਉਣ ਵਾਲੇ ਭਾਂਤ-ਸੁਭਾਂਤੇ ਪੰਛੀਆਂ ਨੂੰ, ਰੋਜ਼ਾਨਾ ਦਾਨਾ ਚੋਗਾ ਵੀ ਪਾਉਂਦੇ ਅਤੇ ਜਦੋਂ ਪੰਛੀ ਚੋਗਾ ਚੁਗਣ ਆਉਂਦੇ, ਆਪ ਕੋਈ ਪਤਲੀ ਛਟੀ ਹੱਥ ਵਿਚ ਲੈ ਕੇ ਬਿੱਲੀ, ਕੁੱਤੇ ਆਦਿ ਜਾਨਵਰਾਂ ਤੋਂ ਉਹਨਾਂ ਦੀ ਰਾਖੀ ਵੀ ਕਰਦੇ। ਇਸਤਰੀ ਜਾਤੀ ਤੇ ਕੀਤੇ ਪਰਉਪਕਾਰਾਂ ਦੇ ਤਹਿਤ, ਡੇਰੇ ਵਿਚ ਰਹਿਣ ਵਾਲੀਆਂ ਵਿਧਵਾ ਬੀਬੀਆਂ ਦੇ ਆਪ ਨੇ ਉਹਨਾਂ ਦੇ ਮਨਪਸੰਦ ਪੁਰਖਾਂ ਨਾਲ, ਅਨੰਦ ਕਾਰਜ ਕਰ ਦਿੱਤੇ। ਜਿਹਨਾਂ ਮਾਈਆਂ ਭਾਈਆਂ ਦੇ ਵਿਆਹ ਪਹਿਲੇ ਸਮੇਂ ਵੇਦ ਰੀਤੀ ਨਾਲ ਕੀਤੇ ਗਏ ਸਨ, ਉਹਨਾਂ ਦੇ ਦੁਬਾਰਾ ਅਨੰਦ ਕਾਰਜ ਆਪ ਜੀ ਨੇ ਕਰਵਾਏ। ਕਈ ਅਨੰਦ ਕਾਰਜ ਇਤਨੇ ਰੋਚਕ ਸਨ ਕਿ ਇਸ ਮੌਕੇ ਲਾਵਾਂ ਦਾ ਪਾਠ ਕਰਨ ਵਾਲੇ, ਅਨੰਦ ਮਰਿਆਦਾ ਵਿਚ ਬੱਝਣ ਵਾਲੇ ਜੋੜਿਆਂ ਦੇ ਆਪਣੇ ਪੁੱਤਰ ਹੀ ਹੁੰਦੇ ਸਨ। ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿਚ, ਗੁਰੂ ਹਰੀ ਸਿੰਘ ਜੀ ਦੇ ਪਰਉਪਕਾਰਾਂ ਦਾ ਸਟੀਕ ਵਰਣਨ ਮਿਲਦਾ ਹੈ।

ਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਜੀ ਦੁਆਰਾ ਅਰੰਭਿਆ ਕੂਕਾ ਮੁਕਤੀ ਸੰਗਰਾਮ ਇਸ ਕਦਰ ਜਾਰੀ ਰੱਖਿਆ ਕਿ ਆਪ ਦੇ ਸਮੇਂ ਵਿਚ ਅੰਗ੍ਰੇਜ਼ ਸਰਕਾਰ ਨੇ ਜੋ ਨਹਿਰਾਂ ਕੱਢੀਆਂ ਸਨ, ਬਹੁਤ ਸਾਰੇ ਕੂਕੇ ਸਿੰਘ ਉਹਨਾਂ ਨਹਿਰਾਂ ਦਾ ਪਾਣੀ ਵੀ ਆਪਣੇ ਖੇਤਾਂ ਨੂੰ ਨਹੀਂ ਸਨ ਲਾਉਂਦੇ, ਬਦਲੇ ਵਿਚ ਉਹਨਾਂ ਨੂੰ ਸਿਰਫ ਦਾਲੇ ਪਰਸ਼ਾਦੇ ਜੋਗੀ, ਸੀਮਿਤ ਖੇਤੀ ਹੀ ਖੂਹਾਂ ਤੇ ਕਰਨੀ ਪੈਂਦੀ। ਉਹ ਸਿੰਘ ਨਹਿਰ ਦੀ ਪਟੜੀ ਜਾਂ ਸਰਕਾਰੀ ਸੜਕ ਤੇ ਸਫਰ ਨਹੀਂ ਸਨ ਕਰਦੇ। ਕਾਬਲ ਦੀ ਲਾਮ ਵੇਲੇ ਭਾਈ ਨੱਥਾ ਸਿੰਘ ਗਾਦੜੀਵਾਲਾ ਨੇ ਅੰਗਰੇਜ਼ੀ ਫੌਜ ਨੂੰ ਦੇਣ ਲਈ ਘੋੜੇ ਖਰੀਦੇ ਸਨ। ਗੁਰੂ ਹਰੀ ਸਿੰਘ ਜੀ ਦੇ ਰੋਕਣ ਤੇ ਉਹ ਘੋੜੇ ਭੈਣੀ ਸਾਹਿਬ ਭੇਜ ਦਿੱਤੇ ਅਤੇ ਫਰੰਗੀ ਦੀ ਮਦਦ ਕਰਨਾਂ ਸੋਚਣ ਬਦਲੇ, ਉਸਨੂੰ ਗੁਰੂ ਜੀ ਨੇ 1500 ਰੁਪੈ ਤਨਖਾਹ ਵੀ ਲਾਈ। ਭਾਈ ਨੱਥਾ ਸਿੰਘ ਨੇ ਖਿੜੇ ਮੱਥੇ ਭੁਗਤੀ। ਸਤਿਗੁਰੂ ਰਾਮ ਸਿੰਘ ਵੇਲੇ ਚਲਾਈ ਸੂਬਾ ਪ੍ਰਣਾਲੀ ਵਿਚ ਆਪ ਨੇ ਨਵੀਆਂ ਨਿਯੁਕਤੀਆਂ ਕੀਤੀਆਂ। ਕਈ ਨਾਇਬ ਸੂਬਿਆਂ ਨੂੰ ਸੂਬੇ ਬਣਾਇਆ। ਮੀਹਾਂ ਸਿੰਘ ਸਰਹਾਲੀ ਨੂੰ ਆਪ ਨੇ ਮਹੰਤ ਥਾਪਿਆ ਸੀ। ਮਹੰਤ ਗੁਰਚਰਨ ਸਿੰਘ ਚੱਕ ਰਾਮਦਾਸ ਨੂੰ ਉਸਦੇ ਰੂਸ ਸਰਕਾਰ ਨਾਲ ਕੂਕਾ ਕਾਰਜ ਲਈ ਕੀਤੇ ਤਾਲਮੇਲ ਸਦਕਾ ਸੂਬਾ ਥਾਪ ਦਿੱਤਾ। ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਪੱਤਰ ਰੂਸ ਸਰਕਾਰ ਤੱਕ ਗੁਰਚਰਨ ਸਿੰਘ ਦੀ ਮਾਰਫਤ ਪਹੁੰਚਦੇ ਸਨ। ਗੁਰੂ ਹਰੀ ਸਿੰਘ ਜੀ ਨੇ ਪੰਜਾਬ ਦੇ ਅੰਤਿਮ ਸਿੱਖ ਸਮਰਾਟ, ਮਾਹਾਰਾਜਾ ਦਲੀਪ ਸਿੰਘ ਨੂੰ ਇਹ ਭਰੋਸਾ ਦੁਆਇਆ ਸੀ ਕਿ ਜੇ ਉਹ ਪੰਜਾਬ ਵਿਚ ਰੂਸੀ ਫੌਜ ਦੀ ਮਦਦ ਨਾਲ ਪਹੁੰਚਦਾ ਹੈ ਤਾਂ ਘੱਟੋ-ਘੱਟ ਪੰਦਰਾਂ ਹਜ਼ਾਰ ਨੌਜੁਆਨ ਕੂਕੇ, ਉਸ ਦੀ ਸੈਨਾ ਵਿਚ ਸ਼ਾਮਿਲ ਹੋਕੇ, ਫਰੰਗੀਆਂ ਨਾਲ ਦੋ-ਦੋ ਹੱਥ ਕਰਨ ਲਈ ਉੱਸਲਵੱਟੇ ਲੈ ਰਹੇ ਹਨ। ਅਫ਼ਸੋਸ ਇਸ ਗੱਲ ਦਾ ਕਿ 1887-88 ਈ. ਦੇ ਸਮੇਂ ਕੂਕਿਆਂ ਵਾਲਾ ਦੇਸ਼ ਭਗਤੀ ਦਾ ਜਜ਼ਬਾ, ਬਾਕੀ ਪੰਜਾਬ ਦੇ ਸਿੱਖ ਸਮੁਦਾਇ ਵਿਚ ਵੇਖਣ ਨੂੰ ਨਹੀਂ ਸੀ ਮਿਲ ਰਿਹਾ। ਗ਼ਦਰ ਪਾਰਟੀ ਦਾ ਬਾਨੀ ਪਰਧਾਨ, ਬਾਬਾ ਸੋਹਣ ਸਿੰਘ ਭਕਨਾ ਵੀ 1896 ਤੋਂ 1906 ਈ. ਤੱਕ, ਦਸ ਸਾਲਾਂ ਵਿਚ

Namdhari Elibrary NamdhariElibrary@gmail.com

ਅਨੇਕ ਵੇਰ, ਗੁਰੂ ਜੀ ਦੇ ਦਰਸ਼ਨਾਂ ਅਤੇ ਲੋਕ ਪੱਖੀ ਉਪਦੇਸ਼ਾਂ ਤੋਂ ਲਾਭਵੰਤ ਹੁੰਦਾ ਰਿਹਾ। ਇਕ ਵੇਰ ਜ਼ਿਲੇ ਦੇ ਉੱਚ ਅਧਿਕਾਰੀ ਆਪ ਪਾਸ ਆਕੇ ਕਹਿਣ ਲੱਗੇ ਕਿ ਕੋਈ ਮੰਗ ਹੈ ਤਾਂ ਦੱਸੋ! ਆਪ ਦਾ ਜਵਾਬ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਵਾ ਦਿਓ! ਇਸ ਤੋਂ ਵੱਡੀ ਸਾਡੀ ਕੋਈ ਮੰਗ ਨਹੀਂ। ਅਧਿਕਾਰੀ ਮੂੰਹ ਲਟਕਾ ਕੇ ਵਾਪਿਸ ਚਲੇ ਗਏ।

ਸਤਿਗੁਰੂ ਰਾਮ ਸਿੰਘ ਜੀ ਦੀ ਪੁੱਤਰੀ ਬੀਬੀ ਨੰਦਾਂ, ਆਪ ਦੀ ਭਤੀਜੀ, ਅਕਸਰ ਆਪ ਜੀ ਨੂੰ ਵਾਧੇ ਘਾਟੇ ਦੇ ਬਚਨ ਕਰਦੀ ਰਹਿੰਦੀ। ਜਦੋਂ ਆਪ ਲੰਗਰ ਵਿਚ ਪ੍ਰਸ਼ਾਦਾ ਛਕਣ ਆਉਂਦੇ ਤਾਂ ਬੀਬੀ ਬੂਹੇ ਅੱਗੇ ਖਲੋਕੇ, ਆਪ ਨੂੰ ਛਿੱਬੀਆਂ ਦਿੰਦੀ- "ਬਾਗ਼ਾਂ ਦੇ ਮਾਲੀ ਤੁਰ ਗਏ, ਤੋਤੇ ਕਰਨ ਬਹਾਰਾਂ" ਗੁਰੂ ਹਰੀ ਸਿੰਘ ਜੀ ਕਈ ਕਈ ਦਿਨ, ਇਹ ਕਹਿਕੇ, ਲੰਗਰ ਵਿਚ ਪ੍ਰਸ਼ਾਦਾ ਛਕਣ ਨਾਂ ਆਉਂਦੇ ਕਿ ਮੇਰੇ ਆਇਆਂ, ਕੁੜੀ ਤੰਗ ਹੁੰਦੀ ਹੈ। ਗੁਰੂ ਜੀ ਅਕਸਰ ਕਿਹਾ ਕਰਦੇ ਸਨ ਕਿ ਸਾਨੂੰ ਘਰ ਵਿਚ ਤਾਂ ਇਹ ਕੁੜੀ ਨਹੀਂ ਰਹਿਣ ਦਿੰਦੀ ਅਤੇ ਘਰੋਂ ਬਾਹਰ ਅੰਗਰੇਜ਼ ਸਰਕਾਰ ਨਹੀਂ ਜਾਣ ਦਿੰਦੀ। "ਹੇ ਅਕਾਲ ਪੁਰਖ਼! ਅਸੀਂ ਜਾਈਏ ਤੇ ਕਿੱਥੇ ਜਾਈਏ।" ਗੁਰੂ ਜੀ ਦੀ ਰੁੱਖਾਂ ਜਹੀ ਜੀਰਾਂਦ ਅਤੇ ਧਰਤੀ ਜਿਹਾ ਜੇਰਾ ਸੀ। ਪਿੰਡ ਦੇ ਜੱਟਾਂ, ਸਰਕਾਰੀ ਮੁਖਬਰਾਂ ਦੀਆਂ ਵਧੀਕੀਆਂ ਖਿੜੇ ਮੱਥੇ ਬਰਦਾਸ਼ਤ ਕੀਤੀਆਂ। ਜਦੋਂ ਸੁੱਖੂ ਅਤੇ ਘਮੰਡਾ ਦੋਵੇਂ ਲੰਬੜਦਾਰ ਜੋ ਡੇਰਾ ਵਿਰੋਧੀ ਸਨ, ਆਖਰੀ ਸਾਹਾਂ ਤੇ ਸਨ ਉਹਨਾਂ ਦੀ ਖ਼ਬਰ ਲੈਣ ਵੀ ਗੁਰੂ ਜੀ ਗਏ। ਉਹ ਗੁਰੂ ਕੇ ਨਿੰਦਕਾਂ ਦੀਆਂ ਝੋਲੀਆਂ ਵੀ ਧਨ ਪਦਾਰਥਾਂ ਨਾਲ ਭਰ ਦਿਆ ਕਰਦੇ ਸਨ। ਇਸ ਲਈ ਆਪ ਨੂੰ 'ਦਿਆਲ ਪੁਰਖ' ਵੀ ਸੰਗਤ ਆਖਿਆ ਕਰਦੀ ਸੀ।

ਨਾਮਧਾਰੀ ਪੰਥ ਵਿਚ ਉਸ ਸਮੇਂ ਨਾਮ ਬਾਣੀ ਦੇ ਜਾਪ ਸਦਕਾ, ਰਿੱਧੀਆਂ-ਸਿੱਧੀਆਂ ਹਾਸਲ ਕਰਨ ਵਾਲੇ ਅਨੇਕ ਸਾਧੂ ਸੰਤ, ਸਵੈ ਅਭਿਮਾਨੀ ਹੋ ਕੇ, ਕੂਕਾ ਕੇਂਦਰ ਦੇ ਸਨਮੁੱਖ ਆਪਣੀ ਸੱਤਾ ਦਾ ਪਰਦਰਸ਼ਨ ਕਰ ਰਹੇ ਸਨ। ਜੋਗਾ ਸਿੰਘ ਧੂੜਕੋਟ ਨੇ ਆਪ ਨੂੰ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਦੇ ਸਮੇਂ ਤਾਂ ਬਾਈ ਮੰਜੀਆਂ ਸਨ, ਅੱਜ ਕੱਲ੍ਹ ਆਪਣੇ ਪੰਥ ਵਿਚ 24 ਹੋ ਗਈਆਂ ਹਨ। ਗੁਰੂ ਜੀ ਨੇ ਆਪਣੀ ਪਰੰਪਰਾਗਤ ਹਲੀਮੀ, ਨਿਮਰਤਾ ਅਤੇ ਮਿੱਠੀ ਬੋਲ ਬਾਣੀ ਨਾਲ, ਜਿਵੇਂ-ਜਿਵੇਂ ਪਰਚਾਰ ਦੌਰੇ ਕੀਤੇ, ਇਹ ਸਾਰੀਆਂ ਮੰਜੀਆਂ ਖੜੀਆਂ ਹੋ ਗਈਆਂ। ਆਪਣੇ ਅੰਤ ਸਮੇਂ ਸੋਲਾਂ ਸਾਲਾਂ ਦੇ ਗੱਭਰੂ, ਸਤਿਗੁਰੂ ਪ੍ਰਤਾਪ ਸਿੰਘ ਜੀ ਆਪਣੇ ਸਾਹਿਬਜ਼ਾਦੇ ਨੂੰ, ਪੰਥ ਦੀ ਵਾਗਡੋਰ ਸਉਂਪ ਕੇ, ਨਾਮਧਾਰੀ ਪੰਥ ਨੂੰ ਇਸਦੇ ਟੀਚੇ, ਦੇਸ਼ ਆਜ਼ਾਦੀ ਅਤੇ ਮੁੜ ਉਸਾਰੀ ਤੱਕ ਪਹੁੰਚਾ ਦਿੱਤਾ। ਅੱਜ ਕੱਲ੍ਹ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੁਯੋਗ ਸੁਪੋਤਰੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ, ਸ੍ਰੀ ਭੈਣੀ ਸਾਹਿਬ ਦੇ ਗੱਦੀ ਨਸ਼ੀਨ ਹਨ। ਜਿਨ੍ਹਾਂ ਦੀ ਸੰਭਾਵਨਾਵਾਂ ਭਰਪੂਰ ਰਹਿਨੁਮਾਈ ਹੇਠ ਨਾਮਧਾਰੀ ਪੰਥ, ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਮਨਾ ਰਿਹਾ ਹੈ।

ਕਰੀਵਾਲਾ (ਸਿਰਸਾ)
99963-71776

ਗੁਰੂ ਹਰੀ ਸਿੰਘ ਸਿੱਖੀ ਹਰੀ ਰੱਖੀ

ਚੀਨੀ ਵਾਲਾ ਜਦ ਜਲਾਵਤਨ ਹੋਇਆ
ਬਿਰਹਾ ਸੰਗਤਾਂ ਬੜਾ ਹੰਢਾਇਆ ਸੀ।
ਹੁਕਮਨਾਮਾਂ ਲਿਖ ਗੁਰਾਂ ਭੇਜਿਆ ਸੀ
ਸੰਗਤਾਂ ਤਾਈਂ ਇਹ ਹੁਕਮ ਸੁਣਾਇਆ ਸੀ।
ਬੁੱਧ ਸਿੰਘ ਤੋਂ ਨਾਂ ਹਰੀ ਸਿੰਘ ਹੋਇਆ
ਕੂਕਾ ਪੰਥ ਨੂੰ ਉਹਨਾਂ ਰਹਿ-ਨੁਮਾਇਆ ਸੀ।
ਸ਼ਾਂਤੀ-ਪੁੰਜ ਨੇ ਜਗ ਨੂੰ ਸ਼ਾਂਤ ਕੀਤਾ
ਬੇ-ਸ਼ੱਕ ਗੋਰੇ ਨੇ ਜ਼ੁਲਮ ਕਮਾਇਆ ਸੀ।

ਪੰਥ ਵਤਨ ਦੀ ਅਣਖ ਬਰਕਰਾਰ ਰੱਖੀ
ਦੇਸ਼ ਭਗਤਾਂ ਨੂੰ ਰਾਹ ਦਿਖਾਇਆ ਸੀ।
ਵਾਲੀ ਬਣੇ ਉਹ ਕੁੱਲ ਦੁਖਿਆਰਿਆਂ ਦੇ
ਉਹਨਾਂ ਦੁਖੀਆਂ ਦਾ ਦੁੱਖ ਮੁਕਾਇਆ ਸੀ।
ਜੱਗ ਪੂਜਦਾ ਏ ਉਹਨਾਂ ਰਹਿਬਰਾਂ ਨੂੰ
ਮੱਥਾ ਜ਼ੁਲਮ ਨਾਲ ਜਿਹਨਾਂ ਲਾਇਆ ਸੀ।
ਗੁਰੂ ਹਰੀ ਸਿੰਘ ਸਿੱਖੀ ਹਰੀ ਰੱਖੀ
ਬਾਗ-ਸਿੱਖੀ ਦਾ ਕੰਗ ਮਹਿਕਾਇਆ ਸੀ।

ਜੋਗਿੰਦਰ ਸਿੰਘ ਕੰਗ

Namdhari Elibrary NamdhariElibrary@gmail.com

ਬੁੱਧ ਸਿੰਘ ਜਾਨੋ ਲਘੁ ਬੀਰ

ਜਸਵਿੰਦਰ ਸਿੰਘ ਹਿਸਟੋਰੀਅਨ

ਸਾਲ 2019 ਈ. ਸਤਿਗੁਰੂ ਹਰੀ ਸਿੰਘ ਜੀ ਦਾ 200 ਸਾਲਾ ਪ੍ਰਕਾਸ਼ ਵਰ੍ਹਾ ਹੈ। ਸਤਿਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਸਨ। ਆਪਦਾ ਜਨਮ 1819 ਈਸਵੀ ਅੱਸੂ ਸੁਦੀ ਤੀਜ ਨੂੰ ਭੈਣੀ ਆਲਾ(ਸ੍ਰੀ ਭੈਣੀ ਸਾਹਿਬ) ਹੋਇਆ। ਨਾਮਧਾਰੀ ਇਤਿਹਾਸ ਅਨੁਸਾਰ ਬੁੱਧਵਾਰ ਦੇ ਦਿਨ ਜਨਮ ਹੋਣ ਕਰਕੇ ਆਪ ਦਾ ਨਾਮ ਬੁੱਧ ਸਿੰਘ ਰੱਖਿਆ ਗਿਆ ਸੀ। ਪਿਤਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਦੋਨੋਂ ਪੁੱਤਰ ਲਾਡਲੇ ਸਨ ਅਤੇ ਆਪਸ ਵਿਚ ਬੜੇ ਹੀ ਪਿਆਰ ਨਾਲ ਰਹਿੰਦੇ ਸਨ। ਜਿਉਂ ਜਿਉਂ ਵੱਡੇ ਹੁੰਦੇ ਗਏ, ਗੁਰੂ ਰਾਮ ਸਿੰਘ ਜੀ ਤਾਂ ਬਚਪਨ ਤੋਂ ਹੀ ਧਾਰਮਿਕ ਬਿਰਤੀ ਵਿਚ ਲੀਨ ਰਹਿੰਦੇ ਸਨ ਅਤੇ ਘਰੇਲੂ ਵਿਹਾਰਾਂ ਵੱਲ ਘਟ ਹੀ ਧਿਆਨ ਦਿੰਦੇ ਸਨ, ਪਰ ਛੋਟੇ ਭਾਈ ਬੁੱਧ ਸਿੰਘ ਆਪਣੇ ਪਿਤਾ ਜੱਸਾ ਸਿੰਘ ਨਾਲ ਕਾਰ-ਵਿਹਾਰ ਵਿਚ ਹੱਥ ਵਟਾਉਂਦੇ ਰਹਿੰਦੇ। ਲੁਹਾਰਾ ਕੰਮ ਵਿਚ ਵੀ ਮਦਦ ਕਰਦੇ ਅਤੇ ਹੱਟੀ ਲਈ ਬਜ਼ਾਰ ਤੋਂ ਚੀਜਾਂ-ਵਸਤਾਂ ਲਿਆਉਂਦੇ, ਗੱਡਾ ਵਾਹੁੰਦੇ ਸਨ।

ਮਹਾਰਾਜ ਬੁੱਧ ਸਿੰਘ ਜੀ ਦਾ ਉਸ ਸਮੇਂ ਅਨੁਸਾਰ ਪੰਜ ਸਾਲ ਦੀ ਉਮਰ ਵਿਚ ਮਾਦਪੁਰ ਗ੍ਰਾਮ ਵਿਖੇ ਮੰਗਣਾ ਹੋਇਆ (ਬੀਬੀ ਸਾਹਿਬ ਕੌਰ) ਨਾਲ ਅਤੇ ਫੇਰ ਬੇਦ ਰੀਤੀ ਨਾਲ ਵਿਆਹ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਫੌਜ ਵਿਚ ਜਾਣ ਉਪਰੰਤ ਸਾਰੇ ਘਰ ਦੀ ਦੇਖ ਭਾਲ ਬੁੱਧ ਸਿੰਘ ਜੀ ਦੇ ਸਿਰ ਤੇ ਹੀ ਸੀ। ਜਦੋਂ ਸਤਿਗੁਰੂ ਰਾਮ ਸਿੰਘ ਜੀ ਫੌਜ ਚੋਂ ਕੁਝ ਦਿਨ ਛੁੱਟੀ ਤੇ ਆਉਂਦੇ ਅਤੇ ਮਸਤਾਨੀ ਬਿਰਤੀ ਵਿਚ ਹੁੰਦੇ ਸਨ ਤਾਂ ਉਸ ਸਮੇਂ ਵੀ ਛੋਟੇ ਭਾਈ ਬੁੱਧ ਸਿੰਘ ਸਦਾ ਸਤਿਗੁਰੂ ਰਾਮ ਸਿੰਘ ਜੀ ਦਾ ਉਚੇਚਾ ਧਿਆਨ ਰਖਦੇ ਸਨ ਅਤੇ ਛੁੱਟੀ ਤੋਂ ਬਾਅਦ ਲਾਹੌਰ ਜਾਣ ਸਮੇਂ ਕਾਫੀ ਦੂਰ ਤੱਕ ਵੱਡੇ ਭਰਾਤਾ ਨੂੰ ਛੱਡਣ ਜਾਂਦੇ ਸਨ। ਇਸ ਤਰਾਂ ਛੋਟੇ ਭਾਈ ਬੁੱਧ ਸਿੰਘ ਆਪਣੇ ਵੱਡੇ ਭਰਾ ਸਤਿਗੁਰੂ ਰਾਮ ਸਿੰਘ ਜੀ ਦਾ ਵਿਸ਼ੇਸ਼ ਧਿਆਨ ਰੱਖਦੇ ਸਨ ਅਤੇ ਉਹਨਾਂ ਦਾ ਹਰ ਹੁਕਮ ਮੰਨਦੇ ਸਨ। ਸਤਿਗੁਰੂ ਰਾਮ ਸਿੰਘ ਜੀ ਵੀ ਛੋਟੇ ਭਾਈ ਬੁਧ ਸਿੰਘ ਨਾਲ ਬਹੁਤ ਪਿਆਰ ਕਰਦੇ। ਜਦੋਂ ਪੰਥ ਤੋਰਿਆ ਅਤੇ ਅੰਗਰੇਜ਼ ਬਸਤੀਵਾਦ ਵਿਰੁੱਧ 'ਕੂਕਾ ਅੰਦੋਲਨ' ਚਲਾਇਆ ਸੀ ਉਦੋਂ ਮਹਾਰਾਜ ਬੁਧ ਸਿੰਘ ਨੂੰ ਪ੍ਰਚਾਰ ਲਈ ਕਿਸੇ ਵੀ ਮੁਹਿੰਮ ਵਿਚ ਸ਼ਾਮਲ ਨਹੀਂ ਸੀ ਕੀਤਾ। ਫੇਰ ਵੀ ਜਦੋਂ ਜੀ ਕਰਦਾ ਬੁੱਧ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਨਾਲ ਸਹਿਯੋਗ ਕਰਦੇ ਰਹਿੰਦੇ। ਇਕ ਵਾਰੀ ਅਰਧ-ਕੁੰਭੀ ਤੇ ਹਰਿਦੁਆਰ ਗਿਆਂ ਜਦੋਂ ਇਕ ਗੇਲੀ ਨੂੰ ਅੱਗ ਲੱਗ ਗਈ ਤਾਂ ਉਸ ਭਾਰੀ ਗੇਲੀ ਨੂੰ ਚੁੱਕ ਕੇ ਗੰਗਾ ਵਿਚ ਸੁੱਟਣ ਲਈ ਜਦੋਂ ਇਕ ਪਾਸੇ ਤੋਂ ਸਤਿਗੁਰੂ ਰਾਮ ਸਿਮਘ ਜੀ ਨੇ ਚੁੱਕੀ ਅਤੇ ਦੂਜੇ ਪਾਸੇ ਸੰਗਤ ਤੋਂ ਨਾ ਚੁੱਕੀ ਗਈ ਤਾਂ ਛੋਟੇ ਭਾਈ ਬੁਧ ਸਿੰਘ ਨੇ ਸਤਿਗੁਰੂ ਜੀ ਨਾਲ ਹੋ ਕੇ ਦੂਸਰੇ ਪਾਸੇ ਤੋਂ ਗੇਲੀ ਚੁੱਕ ਕੇ ਦਰਿਆ ਵਿਚ ਸੁੱਟੀ ਸੀ। ਇਸ ਕੌਤਕ ਨਾਲ ਸਤਿਗੁਰੂ ਰਾਮ ਸਿੰਘ ਜੀ ਨੇ ਇਹ ਦਰਸਾ ਦਿੱਤਾ ਸੀ ਕਿ ਉਹਨਾਂ ਦਾ ਸਹਿਯੋਗ ਅਤੇ ਭਾਰ ਚੁੱਕਣ ਦੀ ਸਮਰੱਥਾ ਸਿਰਫ਼ ਭਾਈ ਬੁੱਧ ਸਿੰਘ ਵਿਚ ਹੀ ਹੈ।

ਸੰਮਤ 1928 ਬਿ:, ਹਾੜ੍ਹ ਮਹੀਨੇ ਵਿਚ ਮਹਾਰਾਜ ਬੁੱਧ ਸਿੰਘ ਜਦੋਂ ਮੋਢੇ ਤੇ ਹਲ ਚੁੱਕੀ ਖੇਤਾਂ ਤੋਂ ਵਾਪਸ ਘਰ ਆਏ ਸਨ, ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਅਗਾਊਂ ਸਮੇਂ ਨੂੰ ਜਾਣਦਿਆਂ ਹੋਇਆਂ, ਭਾਈ ਬੁੱਧ ਸਿੰਘ ਜੀ ਨੂੰ ਬਚਨ ਕਰਕੇ ਹਲ ਰਖਵਾ ਦਿੱਤਾ ਅਤੇ ਨਾਲ ਹੀ ਆਪਣੀਆਂ ਜ਼ੁਮੇਵਾਰੀਆਂ ਨਾਲ ਜੋੜ ਲਿਆ ਸੀ।

ਮਹਾਰਾਜ ਬੁੱਧ ਸਿੰਘ ਜੀ ਨੇ ਸੱਤ ਬਚਨ ਕਰਕੇ ਹਲ ਉਥੇ ਹੀ ਰੱਖ ਦਿੱਤਾ ਅਤੇ ਫੇਰ ਕਦੇ ਹਲ ਵੱਲ ਤਵੱਜੋਂ ਨਹੀਂ ਸੀ ਦਿੱਤੀ। ਫੇਰ ਸਮਾਂ ਆਇਆ ਸ਼ਹੀਦੀਆਂ ਦਾ। ਅੰਮ੍ਰਿਤਸਰ, ਰਾਏਕੋਟ, ਬਾਗਾਂ ਵਾਲੇ ਘਟਨਾਵਾਂ ਹੋਈਆਂ ਅਤੇ ਨਾਮਧਾਰੀ ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ। ਇਹੀ ਸਮਾਂ ਸੀ ਜਦੋਂ ਬੁੱਧ ਸਿੰਘ ਜੀ ਡੇਰੇ ਦਾ ਕੰਮ ਕਾਰ ਸੰਭਾਲ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅੰਗਰੇਜ਼ ਬਸਤੀਵਾਦ ਵਿਰੁੱਧ ਪ੍ਰਚਾਰ ਦਾ ਇਹ ਅਸਰ ਸੀ ਕਿ ਪੰਜਾਬ ਭਰ ਵਿਚ ਕੂਕਾ ਅੰਦੋਲਨ ਵਿਚ ਸ਼ਾਮਲ ਲੋਕ, ਰੋਹ ਵਿਚ ਭਰ ਚੁਕੇ ਸਨ ਅਤੇ ਅੰਗਰੇਜ਼ੀ ਸਾਮਰਾਜ ਵਿਰੁੱਧ ਉੱਠ ਖੜੇ ਹੋਣ ਲਈ ਉਤਾਵਲੇ ਸਨ। ਦਸਤਾਵੇਜ਼ਾਂ

Namdhari Elibrary NamdhariElibrary@gmail.com

ਵਿਚ ਜ਼ਿਕਰ ਮਿਲਦਾ ਹੈ ਕਿ ਕੂਕੇ ਸਿੰਘ ਬਾਰ ਬਾਰ ਸੂਬਿਆਂ ਨੂੰ ਪੁੱਛਦੇ ਰਹਿੰਦੇ ਸਨ ਕਿ ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ਅੰਗਰੇਜ਼ਾਂ ਵਿਰੁੱਧ ਉੱਠ ਖੜੇ ਹੋਣ ਦਾ ਹੁਕਮ ਕਿਉਂ ਨਹੀਂ ਦਿੰਦੇ। ਇਹੀ ਕੂਕੇ ਸਿੰਘਾਂ ਦਾ ਰੋਹ ਘਟਨਾਵਾਂ ਦਾ ਮੁੱਖ ਕਾਰਨ ਬਣਿਆ ਸੀ। ਜਦੋਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੰਘਾਂ ਨੂੰ ਅਜੇ ਜ਼ਾਬਤੇ ਵਿਚ ਰਹਿਣ ਦਾ ਕਹਿ ਰਹੇ ਸਨ। ਪਰ ਫੇਰ ਵੀ ਸਿੰਘ ਰੁਕ ਨਹੀਂ ਸਕੇ ਅਤੇ ਭਾਣਾ ਵਰਤ ਗਿਆ। ਅੰਮ੍ਰਿਤਸਰ ਤੋਂ ਲੈ ਕੇ ਮਲੇਰਕੋਟਲੇ ਤੱਕ ਦੀਆਂ ਘਟਨਾਵਾਂ ਵਾਪਰ ਗਈਆਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਤੋਂ ਬਾਹਰ ਜਾਣਾ ਪੈ ਗਿਆ, ਸਿੰਘਾਂ ਦੀਆਂ ਸ਼ਹੀਦੀਆਂ ਹੋਈਆਂ ਅਤੇ ਪੰਜਾਬ ਵਿਚ ਨਾਮਧਾਰੀਆਂ ਉਤੇ ਅਤਿਅੰਤ ਸਖਤੀ ਦਾ ਦੌਰ ਸ਼ੁਰੂ ਹੋ ਗਿਆ। ਜਿਸ ਸਮੇਂ 17 ਜਨਵਰੀ 1872 ਨੂੰ ਸਤਿਗੁਰੂ ਜੀ ਨੂੰ ਲੁਧਿਆਣੇ ਕਮਿਸ਼ਨਰ ਨੇ ਬੁਲਾਇਆ ਸੀ, ਸ੍ਰੀ ਸਤਿਗੁਰੂ ਜੀ ਹਨੇਰਾ ਉਤਰਦੇ ਸਮੇਂ ਹੀ ਸਿਆੜ ਹੋ ਆਏ ਸਨ ਤੇ ਫੇਰ ਛੇਤੀ ਹੀ ਮਾਘ ਦੀ ਠੰਡੀ ਰਾਤ ਨੂੰ ਗੱਡੇ ਤੇ ਸਵਾਰ ਹੋ ਕੇ ਸ੍ਰੀ ਸਤਿਗੁਰੂ ਜੀ ਜਦੋਂ ਤੁਰਨ ਲੱਗੇ ਸਨ, ਉਸ ਸਮੇਂ ਮਹਾਰਾਜ ਬੁੱਧ ਸਿੰਘ ਜੀ ਨੇ ਸਾਰੀਆਂ ਹੋਈਆਂ ਘਟਨਾਵਾਂ ਦੀ ਜ਼ੁੰਮੇਵਾਰੀ ਆਪਣੇ ਸਿਰ ਲੈ ਲੈਣ ਦੀ ਬੇਨਤੀ ਸਤਿਗੁਰੂ ਰਾਮ ਸਿੰਘ ਜੀ ਨੂੰ ਕੀਤੀ। ਪਰ ਸਤਿਗੁਰੂ ਜੀ ਨੇ ਬਚਨ ਕੀਤਾ ਸੀ ਕਿ ਇਹ ਕੰਮ ਮੇਰੇ ਕਰਨ ਦਾ ਹੀ ਹੈ ਅਤੇ ਛੋਟੇ ਭਾਈ ਨੂੰ ਡੇਰੇ ਦੀਆਂ ਅਤੇ ਘਰ ਦੀਆਂ ਜ਼ੁੰਮੇਵਾਰੀਆਂ ਸੰਭਾਲਣ ਦਾ ਬਚਨ ਕਰਕੇ, ਲੁਧਿਆਣੇ ਚਲੇ ਗਏ। ਇਹ ਬੜਾ ਭਾਰੀ ਦੁੱਖ ਵਾਲਾ ਸਮਾਂ ਸੀ। ਉਸ ਸਮੇਂ ਤੋਂ ਸ੍ਰੀ ਸਤਿਗੁਰੂ ਜੀ ਅਜੇ ਤੀਕ ਮੁੜ ਭੈਣੀ ਸਾਹਿਬ ਨਹੀਂ ਪਰਤੇ ਹਨ। ਸਭ ਵਿਯੋਗੀ ਉਡੀਕ ਰਹੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ ਘਰਾਂ ਦੀ ਤਲਾਸ਼ੀ ਅਤੇ ਡੂੰਘ ਪੁਟਾਈ ਸਮੇਂ ਵੀ ਮਹਾਰਾਜ ਬੁੱਧ ਸਿੰਘ, ਸਿੰਘਾਂ ਨੂੰ ਧੀਰਜ ਦਿੰਦੇ ਰਹੇ ਅਤੇ ਸਭ ਨੂੰ ਸ਼ਾਂਤ ਚਿਤ ਹੋ ਸਿਮਰਨ ਕਰਨ ਅਤੇ ਭਾਣੇ ਵਿਚ ਰਹਿਣ ਦਾ ਉਪਦੇਸ਼ ਦਿੰਦੇ ਰਹੇ ਸਨ। ਡੇਰੇ ਸ੍ਰੀ ਭੈਣੀ ਸਾਹਿਬ ਦਰਵਾਜੇ ਤੇ ਪੁਲਿਸ ਚੌਕੀ ਬਿਠਾ ਦਿੱਤੀ ਗਈ ਅਤੇ ਸਾਰੇ ਉਥੇ ਰਹਿੰਦੇ ਸੇਵਕਾਂ ਨੂੰ ਘਰੋਂ ਘਰੀਂ ਤੋਰ ਦਿੱਤਾ ਗਿਆ ਸੀ। ਸਿਰਫ ਚੋਣਵੇਂ ਸਿੱਖ ਹੀ ਮਹਾਰਾਜ ਜੀ ਪਾਸ ਰਹਿਣ ਦਿੱਤੇ ਗਏ। ਦਰਸ਼ਨ ਕਰਨ ਅਤੇ ਸਤਿਗੁਰੂ ਜੀ ਦੇ ਮੰਦਰ ਨੂੰ ਮੱਥਾ ਟੇਕਣ ਆਉਣ ਵਾਲਿਆਂ ਦੀ ਗਿਣਤੀ ਸੀਮਿਤ ਕਰਕੇ ਕੇਵਲ 5 ਨਾਮਧਾਰੀ ਸਿੰਘਾਂ ਨੂੰ ਹੀ ਰੋਜ ਦਰਸ਼ਨ ਕਰਨ ਦੀ ਇਜਾਜ਼ਤ ਮਿਲਦੀ। ਐਸੇ ਔਖਿਆਈ ਭਰੇ ਸਮੇਂ ਵਿਚ ਨਾਮਧਾਰੀ ਸੰਗਤ ਦੀ ਅਗਵਾਈ ਮਹਾਰਾਜ ਬੁੱਧ ਸਿੰਘ ਜੀ ਨੇ ਸੰਭਾਲੀ। ਸ੍ਰੀ ਭੈਣੀ ਸਾਹਿਬ ਡੇਰੇ ਤੋਂ 17 ਜਨਵਰੀ ਰਾਤ ਨੂੰ ਲੁਧਿਆਣੇ ਲਈ ਰਵਾਨਾ ਹੋਣ ਸਮੇਂ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁੱਧ ਸਿੰਘ ਨੂੰ ਘਰ, ਡੇਰੇ ਅਤੇ ਸਿੰਘਾਂ ਸੇਵਕਾਂ ਦਾ ਧਿਆਨ ਰੱਖਣ ਦਾ ਹੁਕਮ ਕੀਤਾ ਸੀ ਅਤੇ ਬਾਅਦ ਵਿਚ ਏਸੇ ਜ਼ੁੰਮੇਵਾਰੀ ਨੂੰ ਅੱਗੇ ਵਧਾਉਂਦਿਆਂ ਹੋਇਆਂ, ਡੇਰੇ ਦੀਆਂ ਚਾਬੀਆਂ, ਆਪਣੀ ਸਾਰੀ ਚੱਲ, ਅਤੇ ਅਚੱਲ ਜਾਇਦਾਦ ਅਤੇ ਜ਼ਮੀਨ ਵੀ ਛੋਟੇ ਭਾਈ ਬੁੱਧ ਸਿੰਘ ਜੀ ਦੇ ਨਾਂ ਰੰਗੂਨ ਤੋਂ ਸਰਕਾਰੀ ਅਸ਼ਟਾਮ ਰਾਹੀਂ ਲੁਵਾ ਦਿੱਤੀ ਸੀ। 1872 ਈ: ਵਿਚ ਰੰਗੂਨ ਤੋਂ ਸਰਕਾਰੀ ਹੱਥਾਂ ਰਾਹੀਂ ਭੇਜੇ ਪੱਤਰ ਵਿਚ ਵੀ। ਸਤਿਗੁਰੂ ਜੀ ਨੇ ਭਾਈ ਬੁੱਧ ਸਿੰਘ (ਗੁਰੂ ਹਰੀ ਸਿੰਘ ਜੀ) ਨੂੰ ਆਪਣੇ ਕਮਰੇ ਵਿਚ ਰਹਿਣ ਦੀ ਤਾਕੀਦ ਕੀਤੀ ਸੀ, ਭਾਵੇਂ ਇਹ ਪੱਤਰ ਸਰਕਾਰ ਨੇ ਡੇਰੇ ਨਹੀਂ ਸੀ ਦਿੱਤਾ। ਇਹ ਸਾਰੀਆਂ ਗੱਲਾਂ ਬੁੱਧ ਸਿੰਘ ਜੀ ਨੂੰ ਪਿਛੇ ਡੇਰੇ ਅਤੇ ਪੰਥਕ ਜ਼ੁੰਮੇਵਾਰੀਆਂ ਬਾਰੇ ਸੰਕੇਤ ਸਨ। ਸਰਕਾਰੀ ਤਸ਼ੱਦਦ ਭਰੇ ਸਮੇਂ ਵਿਚ ਮਹਾਰਾਜ ਬੁੱਧ ਸਿੰਘ ਜੀ ਦੇ ਪਾਸ ਪਹਿਲਾ ਕੰਮ ਸੀ ਨਾਮਧਾਰੀ ਸਿੱਖਾਂ ਵਿਚ ਹੌਂਸਲਾ ਬਣਾਈ ਰੱਖਣਾ ਅਤੇ ਦੂਸਰਾ ਰੰਗੂਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਬਾਰੇ ਜਿੰਨੀ ਕੁ ਹੋ ਸਕੇ ਸਾਧ ਸੰਗਤ ਨੂੰ ਜਾਣਕਾਰੀ ਦਿੰਦੇ ਰਹਿਣਾ। ਹੋਰ ਵੀ ਮਹਾਰਾਜ ਜੀ ਪਾਸ ਕੰਮ ਸਨ, ਲੰਗਰ ਚੱਲਦਿਆਂ ਰੱਖਣਾ ਅਤੇ ਧਾਰਮਿਕ ਕੰਮ-ਕਾਰ ਚਲਦੇ ਰੱਖਣ ਦਾ ਯਤਨ ਕਰਨੇ। 2019 ਈ: ਦਾ ਸਾਲ ਸਤਿਗੁਰੂ ਹਰੀ ਸਿੰਘ ਜੀ ਦੇ ਆਗਮਨ ਦਾ 200ਵਾਂ ਸਾਲ ਹੈ, ਅਤੇ ਇਸ ਸਮੇਂ ਦੌਰਾਨ ਮਹਾਰਾਜ ਬੁੱਧ ਸਿੰਘ ਜੀ (ਜੋ ਬਾਅਦ ਵਿਚ ਗੁਰੂ ਹਰੀ ਸਿੰਘ ਜੀ ਦੇ ਨਾਂ ਨਾਲ ਪ੍ਰਸਿੱਧ ਹੋਏ) ਜੀ ਦੀ ਸ਼ਖਸੀਅਤ ਅਤੇ ਕਾਰਜਾਂ ਦਾ ਗੁਣਗਾਨ ਕੀਤਾ ਜਾਵੇਗਾ ਅਤੇ ਯਾਦ ਕੀਤਾ ਜਾਵੇਗਾ। ਇਹਨਾਂ ਚੋਂ ਇਕ ਪਹਿਲੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨਾਲ ਰੰਗੂਨ ਬੰਦੀ ਦੌਰਾਨ ਨਾਮਧਾਰੀ ਸਿੱਖਾਂ ਦੇ ਤਾਲਮੇਲ, ਯਾਤਰਾਵਾਂ, ਅਤੇ ਖਤ-ਪੱਤ੍ਰੀ ਬਾਰੇ ਮੈਂ ਜ਼ਿਕਰ ਕਰਾਂਗਾ, ਬਾਕੀ ਦੂਸਰੇ ਪਹਿਲੂਆਂ ਬਾਰੇ ਦੂਸਰੇ ਲੇਖਕ ਅਤੇ ਵਿਦਵਾਨ ਲਿਖਣਗੇ ਅਤੇ ਇਹ ਸਾਰੀ ਲਿਖਤੀ ਸਾਮੱਗ੍ਰੀ ਸਤਿਜੁਗ ਦੇ ਵਿਸ਼ੇਸ਼ ਅੰਕ ਵਿਚ ਛਪੇਗੀ ਤਾਂ ਜੋ ਹੋਰ ਲੋਕ ਵੀ ਇਹਨਾਂ ਜਾਣਕਾਰੀਆਂ ਦਾ ਲਾਭ ਲੈ ਸਕਣ।

19ਵੀਂ ਸਦੀ ਦੇ ਅੱਧ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਬਸਤੀਵਾਦ ਦੇ ਵਿਰੁੱਧ ਅਤੇ ਮੁੜ ਤੋਂ ਸਿੱਖ ਰਾਜ ਦੀ ਕਾਇਮੀ ਲਈ ਜੋ ਅੰਦੋਲਨ ਚਲਾਇਆ ਸੀ, ਉਸ ਦੇ ਪ੍ਰਚਾਰ ਸਦਕਾ ਕੂਕਿਆਂ ਦੀਆਂ ਭਾਵਨਾਂਵਾਂ

Namdhari Elibrary NamdhariElibrary@gmail.com

ਅੰਗਰੇਜ਼ਾਂ ਦੇ ਵਿਰੁੱਧ ਭੜਕ ਚੁੱਕੀਆਂ ਸਨ ਅਤੇ ਉਸ ਨੇ ਇਕ ਤੂਫਾਨ ਦਾ ਰੂਪ ਲੈ ਲਿਆ ਹੋਇਆ ਸੀ। ਜਿਸ ਦਾ ਪ੍ਰਗਟਾਵਾ ਅੰਮ੍ਰਿਤਸਰ ਅਤੇ ਰਾਏਕੋਟ ਦੀਆਂ ਘਟਨਾਵਾਂ ਤੋਂ ਪ੍ਰਤੱਖ ਹੋ ਚੁੱਕਾ ਸੀ। ਅੰਗਰੇਜ ਚੰਗੀ ਤਰ੍ਹਾਂ ਜਾਣਦੇ ਸਨ ਕਿ ਗੁਰੂ ਰਾਮ ਸਿੰਘ ਜੀ ਦਾ ਅੰਦੋਲਨ ਉਹਨਾਂ ਦੇ ਸਾਮਰਾਜ ਨੂੰ ਖਤਮ ਕਰਨ ਲਈ ਹੀ ਚੱਲ ਰਿਹਾ ਹੈ। ਇਸ ਕਰਕੇ ਮਲੇਰਕੋਟਲੇ ਦੇ ਸਾਕੇ ਦਾ ਆਸਰਾ ਲੈ ਕੇ ਅੰਗਰੇਜ਼ਾਂ ਨੇ ਆਪਣੇ ਸਾਮਰਾਜ ਦੇ ਵਿਰੁੱਧ ਉਠਦੇ ਖਤਰੇ ਨੂੰ ਰੋਕਣ ਅਤੇ ਬਚਾਉਣ ਲਈ ਸਤਿਗੁਰੂ ਰਾਮ ਸਿੰਘ ਜੀ ਨੂੰ 18 ਜਨਵਰੀ ਨੂੰ ਪੰਜਾਬ ਤੋਂ ਬਾਹਰ, ਪਹਿਲਾਂ ਇਲਾਹਾਬਾਦ ਤੇ ਫੇਰ 16 ਮਾਰਚ 1872 ਈ. ਨੂੰ ਰੰਗੂਨ ਭੇਜ ਕੇ ਨਜ਼ਰਬੰਦ ਕਰ ਦਿੱਤਾ ਸੀ। ਆਪਣੇ ਮਹਿਬੂਬ ਸਤਿਗੁਰੂ ਦੇ ਵਿਛੋੜੇ ਨੂੰ ਨਾਮਧਾਰੀ ਸਾਮਾਜ ਬੜੇ ਦੁੱਖ ਨਾਲ ਦੇਖ ਅਤੇ ਮਹਿਸੂਸ ਕਰ ਰਿਹਾ ਸੀ। ਸਭ ਇਹ ਜਾਨਣ ਦੇ ਇਛੁੱਕ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਕਿਥੇ ਲੈ ਗਏ ਹਨ ਅਤੇ ਸਤਿਗੁਰੂ ਜੀ ਕਦੋਂ ਵਾਪਿਸ ਆਉਣਗੇ। ਸਿੱਖਾਂ ਨੂੰ ਆਪਣਾ ਦੁੱਖ ਪ੍ਰਗਟ ਕਰਨ ਅਤੇ ਸ੍ਰੀ ਸਤਿਗੁਰੂ ਜੀ ਬਾਰੇ ਜਾਨਣ ਦਾ ਸਿਰਫ ਇਕੋ ਹੀ ਜ਼ਰੀਆ ਸੀ- ਮਹਾਰਾਜ ਬੁੱਧ ਸਿੰਘ ਜੀ। ਨਾਮਧਾਰੀ ਰਵਾਇਤ ਅਤੇ ਇਤਿਹਾਸ ਮੁਤਾਬਕ ਮਹਾਰਾਜ ਬੁੱਧ ਸਿੰਘ ਜੀ ਨੂੰ ਕਾਫੀ ਸਮਾਂ ਤਾਂ ਸਤਿਗੁਰੂ ਜੀ ਦਾ ਪਤਾ ਹੀ ਨਹੀਂ ਸੀ ਲੱਗਾ ਕਿ ਉਹ ਕਿੱਥੇ ਹਨ। ਇਹ ਰਾਜ ਖੁੱਲ੍ਹਿਆ ਬਾਬੇ ਦਰਬਾਰਾ ਸਿੰਘ ਰਾਹੀਂ। ਪਰ ਖੋਜ ਕਰਨ ਉਪਰੰਤ ਮੈਨੂੰ ਕਈ ਤੱਥਾਂ ਦਾ ਪਤਾ ਲੱਗਾ ਸੀ। ਇਹ ਸਾਰੇ ਤੱਥ ਦਸਤਾਵੇਜ਼ਾਂ ਦੇ ਅਨੁਸਾਰ ਹਨ ਅਤੇ ਬਸੰਤ ਦੇ ਵਿਸ਼ੇਸ਼ ਅੰਕ ਲਈ ਮੈਂ ਪਾਠਕਾਂ ਨਾਲ ਸੰਖੇਪ ਤੌਰ ਤੇ ਸਾਂਝੇ ਕਰ ਰਿਹਾ ਹਾਂ ਕਿਉਂਕਿ ਇਹਨਾਂ ਤੱਥਾਂ ਨੂੰ ਵਿਸਥਾਰ ਨਾਲ ਲਿਖਾਂ ਤਾਂ ਲੇਖ ਬਹੁਤ ਲੰਮਾ ਹੋ ਜਾਵੇਗਾ। ਇਸ ਲਈ ਇਹ ਜਾਣਕਾਰੀਆਂ ਸੰਖੇਪ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਦੇਸ਼ ਚਲੇ ਜਾਣ ਤੋਂ ਬਾਅਦ ਸਰਕਾਰ ਦਾ ਜ਼ੋਰ ਸੀ ਕਿ ਨਾਮਧਾਰੀ ਡੇਰੇ ਅਤੇ ਸਿੱਖਾਂ ਨੂੰ ਇਹ ਪਤਾ ਨਾ ਲੱਗੇ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਥੇ ਨਜ਼ਰਬੰਦ ਰੱਖਿਆ ਗਿਆ ਸੀ ਅਤੇ ਦੁਬਾਰਾ ਯਤਨ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਪੰਜਾਬ ਵਿਚ ਉਹਨਾਂ ਦੇ ਸਿੱਖਾਂ ਨਾਲ ਨਾ ਤਾਂ ਕੋਈ ਖ਼ਤ-ਪੱਤਰੀ ਹੋਣ ਦਿੱਤੀ ਜਾਵੇ ਅਤੇ ਨਾ ਕਿਸੇ ਨੂੰ ਮਿਲਣ ਅਤੇ ਗੱਲ-ਬਾਤ ਹੀ ਕਰਨ ਦਿੱਤੀ ਜਾਵੇ। ਸਰਕਾਰ ਦੇ ਸਾਰੇ ਯਤਨਾਂ ਦੇ ਬਾਵਜੂਦ ਮਹਾਰਾਜ ਬੁੱਧ ਸਿੰਘ ਜੀ ਨੂੰ ਸਾਲ 1872 ਈ. ਦੇ ਜਾਂਦੇ-ਜਾਂਦੇ ਪਤਾ ਲੱਗ ਗਿਆ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਵਿਚ ਹਨ ਅਤੇ ਇਥੇ ਸਾਲ ਦੇ ਅਖੀਰ ਅਤੇ 1874 ਈ. ਦੇ ਸ਼ੁਰੂ ਤੱਕ ਮਹਾਰਾਜ ਬੁੱਧ ਸਿੰਘ ਜੀ ਨੇ ਗੁਪਤ ਰੂਪ ਵਿਚ ਕੁਛ ਸਿੰਘ ਰੰਗੂਨ ਭੇਜੇ ਵੀ ਸਨ। ਭਾਵੇਂ ਬੁੱਧ ਸਿੰਘ ਜੀ ਨੇ ਆਪ ਸਿੰਘਾਂ ਨੂੰ ਵੀ ਕਿਸੇ ਕਾਰਣ ਸਤਿਗੁਰੂ ਜੀ ਦੇ ਰੰਗੂਨ ਹੋਣ ਬਾਰੇ ਜਾਣਕਾਰੀ ਨਹੀਂ ਸੀ ਉਜਾਗਰ ਕੀਤੀ ਪਰ ਕੁਝ ਸਿੰਘਾਂ ਨੂੰ ਰੰਗੂਨ ਭੇਜਣ ਬਾਰੇ ਜਾਣਕਾਰੀ ਪੰਜਾਬ ਦੇ ਲੈਫਟੀਨੈਂਟ ਗਵਰਨਰ ਪਾਸ ਪਹੁੰਚ ਹੀ ਗਈ ਸੀ। ਇਸ ਦੌਰਾਨ ਗੁਪਤ ਤੌਰ ਤੇ ਸਿੰਘਾਂ ਦੇ ਜਾਣ ਤੋਂ ਬਾਅਦ ਸਾਲ 1874 ਦੇ ਨਵੰਬਰ ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਸਰਕਾਰ ਨੂੰ ਲਿਖਿਆ ਸੀ ਕਿ ਉਹਨਾਂ ਦੇ ਭਾਈ ਬੁੱਧ ਸਿੰਘ ਨੂੰ ਰੰਗੂਨ ਆ ਕੇ ਮਿਲਣ ਦਿੱਤਾ ਜਾਵੇ, ਪਰ ਸਰਕਾਰ ਨਾ ਮੰਨੀ। ਇਸ ਤੋਂ ਪਹਿਲਾਂ ਇਸੇ ਸਾਲ 1874 ਦੇ ਦਰਮਿਆਨ 'ਭਾਣੇ' ਵਾਲੇ ਹਰਨਾਮ ਸਿੰਘ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਸੀ ਕਿ ਉਹਨਾਂ ਨੂੰ ਗੁਰੂ ਰਾਮ ਸਿੰਘ ਜੀ ਨੂੰ ਮਿਲਣ ਦੀ ਇਜ਼ਾਜ਼ਤ ਦਿੱਤੀ ਜਾਵੇ। ਇਸ ਦੇ ਜਵਾਬ ਵਿਚ ਪੰਜਾਬ ਸਰਕਾਰ ਨੇ ਪਰਵਾਨਾ ਭੇਜਿਆ ਸੀ ਹਰਨਾਮ ਸਿੰਘ ਨੂੰ ਕਿ (ਗੁਰੂ) ਰਾਮ ਸਿੰਘ ਰੰਗੂਨ ਵਿਚ ਹਨ ਅਤੇ ਮਿਲਣ ਲਈ ਉੱਥੋਂ ਦੀ ਸਰਕਾਰ ਪਾਸੋਂ ਇਜ਼ਾਜ਼ਤ ਲਈ ਜਾਵੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰੰਗੂਨ ਵਿਚ ਨਜ਼ਰਬੰਦ ਰੱਖੇ ਜਾਣ ਦੀ ਭਾਵੇਂ ਗੁਪਤ ਤੌਰ 'ਤੇ ਮਹਾਰਾਜ ਬੁੱਧ ਸਿੰਘ ਨੂੰ ਪਹਿਲੋਂ ਹੀ ਜਾਣਕਾਰੀ ਹੈ ਸੀ, ਪਰ ਗੁਪਤ ਰੱਖੀ ਹੋਈ ਸੀ।ਮਈ 1872ਈ. ਵਿਚ ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਦਾ ਪੱਤਰ ਗੋਪਾਲ ਸਿੰਘ ਅਤੇ ਬੁੱਧ ਸਿੰਘ ਦੇ ਨਾਂ ਤੇ ਪੰਜਾਬ ਆਇਆ ਸੀ। ਇਸ ਵਿਚ ਸਤਿਗੁਰੂ ਜੀ ਨੇ ਆਪਣਾ ਜੇਲ੍ਹ ਦਾ ਪਤਾ ਅਤੇ ਥਾਂ ਰੰਗੂਨ ਲਿਖਿਆ ਹੋਇਆ ਸੀ ਇਹ ਪੱਤਰ ਡਿਪਟੀ ਕਮਿਸ਼ਨਰ ਨੇ ਪੰਜਾਬ ਸਰਕਾਰ ਦੇ ਹੁਕਮ ਨਾਲ ਡੇਰੇ ਸ੍ਰੀ ਭੈਣੀ ਸਾਹਿਬ ਨਹੀਂ ਸੀ ਦਿੱਤਾ। ਜਾਪਦਾ ਹੈ ਕਿਸੇ ਤਰ੍ਹਾਂ ਨਾਲ ਇਸ ਪੱਤਰ ਅਤੇ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਜਾਣਕਾਰੀ ਬੁੱਧ ਸਿੰਘ ਜੀ ਨੂੰ ਮਿਲ ਹੀ ਗਈ ਸੀ ਅਥਵਾ ਸਰਕਾਰ ਨੇ ਸੰਖੇਪ ਜਾਣਕਾਰੀ ਬੁੱਧ ਸਿੰਘ ਜੀ ਨੂੰ ਦੇ ਦਿੱਤੀ ਹੋਵੇਗੀ ਤਾਂ ਹੀ ਨਵੰਬਰ 1872 ਈ. ਵਿਚ ਬੁੱਧ ਸਿੰਘ ਜੀ ਦਾ ਪੱਤਰ, ਪੰਜਾਬ ਸਰਕਾਰ ਰਾਹੀਂ ਰੰਗੂਨ ਸ੍ਰੀ ਸਤਿਗੁਰੂ ਜੀ ਪਾਸ ਪਹੁੰਚਿਆ ਸੀ। ਇਸ ਪੱਤਰ ਦੇ ਮਈ 1872ਈ. ਦੇ ਜਵਾਬ ਵਿਚ ਹੀ ਲਿਖਿਆ ਗਿਆ ਪ੍ਰਤੀਤ ਹੁੰਦਾ ਹੈ। ਇਸੇ ਤਰ੍ਹਾਂ ਮਹਾਰਾਜ ਜੀ ਦੇ ਨਵੰਬਰ 1872ਈ. ਦੇ ਪੱਤਰ ਦੇ ਉੱਤਰ ਵਿਚ ਗੁਰੂ ਰਾਮ ਸਿੰਘ ਜੀ ਨੇ ਬਰਮਾ ਦੇ ਚੀਫ ਕਮਿਸ਼ਨਰ ਦੀ ਇਜਾਜ਼ਤ ਨਾਲ ਫਰਵਰੀ 1873ਈ.

Namdhari Elibrary NamdhariElibrary@gmail.com

ਵਿਚ ਇਕ ਪੱਤਰ ਡੇਰੇ ਬੁੱਧ ਸਿੰਘ ਜੀ ਨੂੰ ਭੇਜਿਆ ਸੀ।

ਹੁਣ ਜਦੋਂ ਸਤਿਗੁਰੂ ਜੀ ਦੇ ਰੰਗੂਨ ਹੋਣ ਦੀ ਸਰਕਾਰੀ ਤੌਰ 'ਤੇ ਜਾਣਕਾਰੀ ਮਿਲਣ ਕਰਕੇ ਜਾਪਦਾ ਹੈ, ਮਹਾਰਾਜਾ ਬੁੱਧ ਸਿੰਘ ਜੀ ਨੇ ਰੰਗੂਨ ਜਾਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਇੱਛਾ ਜਤਾਈ ਸੀ ਤਾਂ ਹੀ ਸਤਿਗੁਰੂ ਜੀ ਨੇ ਨਵੰਬਰ 1874 ਈ. ਨੂੰ ਰੰਗੂਨ ਅਧਿਕਾਰੀਆਂ ਨੂੰ ਚਿੱਠੀ ਲਿਖੀ ਸੀ ਕਿ ਮੇਰੇ ਭਾਈ ਬੁੱਧ ਸਿੰਘ ਨੂੰ ਰੰਗੂਨ ਆ ਕੇ ਮਿਲਣ ਦਿੱਤਾ ਜਾਵੇ ਪਰ ਸਰਕਾਰ ਨੇ ਨਾਂਹ ਕਰ ਦਿੱਤੀ ਸੀ। ਇਥੇ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪਿੰਡ ਭਾਣੇ ਦੇ ਹਰਨਾਮ ਸਿੰਘ ਅਤੇ ਮਾਈ ਚੰਦੋ ਨੂੰ ਸਰਕਾਰੀ ਪਰਵਾਨਾ ਮਿਲ ਜਾਣ ਤੇ ਵੀ ਜਦੋਂ ਉਹ ਮਹਾਰਾਜ ਬੁੱਧ ਸਿੰਘ ਜੀ ਪਾਸੋਂ ਆਗਿਆ ਲੈਣ ਗਏ ਸਨ ਤਾਂ ਜਾਪਦਾ ਹੈ ਮਹਾਰਾਜ ਜੀ ਨੇ ਉਹਨਾਂ ਨੂੰ ਹਾਲ ਦੀ ਘੜੀ ਰੋਕ ਦਿੱਤਾ ਸੀ ਅਤੇ ਯਤਨ ਕੀਤਾ ਸੀ ਕਿ ਆਪ ਸਤਿਗੁਰੂ ਜੀ ਨੂੰ ਰੰਗੂਨ ਜਾ ਕੇ ਮਿਲਣ ! ਜਦੋਂ ਸਰਕਾਰ ਨੇ ਸਤਿਗੁਰੂ ਜੀ ਦੀ ਇਹ ਗੱਲ ਪ੍ਰਵਾਨ ਨਹੀਂ ਕੀਤੀ ਤਾਂ ਹੀ ਮਹਾਰਾਜ ਜੀ ਨੇ ਬਾਬੇ ਦਰਬਾਰਾ ਸਿੰਘ ਨੂੰ ਰੰਗੂਨ ਭੇਜਿਆ ਸੀ, ਗੁਪਤ ਤੌਰ ਤੇ ਹਰਨਾਮ ਸਿੰਘ ਭਾਣੇ ਵਾਲੇ ਤੋਂ ਪਹਿਲਾਂ। ਦਰਬਾਰਾ ਸਿੰਘ ਨਾਮਧਾਰੀ ਸਰੋਤਾਂ ਅਨੁਸਾਰ ਸਤਿਗੁਰੂ ਜੀ ਪਾਸੋਂ ਰੰਗੂਨ ਤੋਂ ਇਕ ਹੁਕਮਨਾਮਾ ਲੈ ਕੇ ਆਇਆ ਸੀ। ਪਰ ਮੇਰੀ ਜਾਣਕਾਰੀ ਅਨੁਸਾਰ ਬਾਬਾ ਦਰਬਾਰਾ ਸਿੰਘ ਦੋ ਹੁਕਮਨਾਮੇ ਲੈ ਕੇ ਆਇਆ ਸੀ ਅਤੇ ਬਾਅਦ ਵਿਚ ਇਹ ਦੋਵੇਂ ਹੁਕਮਨਾਮੇ ਤਖਤੂਪੁਰਾ ਦੇ ਮੇਲੇ ਵਿਚ ਸੰਗਤਾਂ ਦੇ ਸਾਹਮਣੇ ਪੜ੍ਹੇ ਗਏ ਸਨ। ਇਹਨਾਂ ਦੋਵੇਂ ਹੁਕਮਨਾਮਿਆਂ ਦੇ ਉਤਾਰੇ ਸੂਹੀਆਂ ਰਾਹੀਂ ਪੰਜਾਬ ਦੇ ਲੈਫਟੀਨੈਂਟ ਪਾਸ ਪਹੁੰਚਾ ਦਿੱਤੇ ਗਏ ਸਨ।

ਇਸ ਤੋਂ ਬਾਅਦ ਵੀ ਰੰਗੂਨ ਜਾਣ ਵਾਲੇ ਸਿੱਧਾ ਰੰਗੂਨ ਜਾਣ ਤੋਂ ਪਹਿਲਾਂ ਡੇਰੇ ਸ੍ਰੀ ਭੈਣੀ ਸਾਹਿਬ ਆ ਕੇ ਸਤਿਗੁਰੂ ਹਰੀ ਸਿੰਘ ਜੀ ਪਾਸੋਂ ਆਗਿਆ ਲੈ ਕੇ ਹੀ ਜਾਂਦੇ ਸਨ ਅਤੇ ਇਹਨਾਂ ਸਿੱਖਾਂ ਰਾਹੀਂ ਸਤਿਗੁਰੂ ਹਰੀ ਸਿੰਘ ਜੀ ਡੇਰੇ ਦੇ ਅਤੇ ਹੋਰ ਹਾਲ-ਚਾਲ ਲਿਖ ਭੇਜਦੇ ਸਨ। ਦੇਖਿਆ ਜਾ ਸਕਦਾ ਹੈ ਕਿ ਰੰਗੂਨ ਤੋਂ ਸਿੱਖਾਂ ਨੂੰ ਦਿੱਤੇ ਜਾਂਦੇ ਹੁਕਮਨਾਮੇ ਤੋਂ ਇਲਾਵਾ ਇਕ ਹੁਕਮਨਾਮਾ ਅਲੱਗ ਤੋਂ ਗੁਰੂ ਹਰੀ ਸਿੰਘ ਜੀ ਨੂੰ ਭੇਜਿਆ ਜਾਂਦਾ ਸੀ। ਇਸ ਸਮੇਂ ਤੱਕ ਰੰਗੂਨ ਤੋਂ ਆਏ ਸਤਿਗੁਰੂ ਰਾਮ ਸਿੰਘ ਜੀ ਹੁਕਮਨਾਮੇ ਅਨੁਸਾਰ ਮਹਾਰਾਜ ਬੁੱਧ ਸਿੰਘ ਜੀ, ਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਸਤਿਕਾਰੇ ਜਾਣ ਲੱਗ ਪਏ ਸਨ। ਇਸ ਤਰ੍ਹਾਂ ਪੰਜਾਬ ਵਿਚ ਨਾਮਧਾਰੀ ਸਿੱਖਾਂ ਅਤੇ ਰੰਗੂਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਿਚਕਾਰ ਪੱਤਰ-ਵਿਹਾਰ ਅਤੇ ਆਉਣ-ਜਾਣ ਦੇ ਸਿਲਸਿਲੇ ਦਾ ਜ਼ਰੀਆ ਸਤਿਗੁਰੂ ਹਰੀ ਸਿੰਘ ਜੀ ਹੀ ਸਨ ਅਤੇ ਉਹ ਹੌਂਸਲਾ ਦੇ ਕੇ ਸਿੱਖਾਂ ਨੂੰ ਤੋਰੀ ਹੀ ਰੱਖਦੇ ਸਨ। ਇਸ ਦੇ ਨਾਲ ਨਾਲ ਸਤਿਗੁਰੂ ਹਰੀ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਆਈਆਂ ਜਾਣਕਾਰੀਆਂ ਸਿੱਖਾਂ ਨੂੰ ਦੱਸ ਕੇ ਅਤੇ ਸਤਿਗੁਰੂ ਜੀ ਦੇ ਜਲਦ ਵਾਪਸ ਆਉਣ ਦੀ ਸੰਭਾਵਨਾ ਦੱਸ ਕੇ ਹੌਂਸਲਾ ਬੰਨ੍ਹਾਈ ਰੱਖਦੇ ਸਨ।

ਹਾਲੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਾਪਸ ਪੰਜਾਬ ਆਉਣ ਦੀਆਂ ਸੰਭਾਵਨਾਵਾਂ ਇਸ ਕਰਕੇ ਵੀ ਸਨ ਕਿ ਸਤਿਗੁਰੂ ਜੀ ਤੇ ਅੰਮ੍ਰਿਤਸਰ ਸ਼ਹੀਦੀ ਸਾਕੇ ਤੋਂ ਲੈ ਕੇ ਮਲੇਰਕੋਟਲੇ ਸਾਕੇ ਤੱਕ ਨਾ ਕੋਈ ਦੋਸ਼ ਲੱਗਾ ਸੀ ਅਤੇ ਨਾ ਹੀ ਸਰਕਾਰ ਨੇ ਸਤਿਗੁਰੂ ਜੀ ਪਾਸੋਂ ਕੋਈ ਪੁੱਛ ਪੜਤਾਲ ਹੀ ਕੀਤੀ ਸੀ। ਇਸ ਲਈ ਜਦੋਂ ਕੋਈ ਦੋਸ਼ ਹੀ ਨਹੀਂ ਸੀ ਸਾਬਤ ਹੋਇਆ ਤਾਂ ਵਾਪਸ ਮੁੜਨ ਦੀ ਸੰਭਾਵਨਾ ਬਣਦੀ ਸੀ। ਇਸੇ ਲਈ ਹੀ ਸਤਿਗੁਰੂ ਜੀ ਨੇ 1872ਈ. ਵਿਚ ਡੇਰੇ ਗੋਪਾਲ ਸਿੰਘ ਅਤੇ ਬੁੱਧ ਸਿੰਘ ਨੂੰ ਪੱਤਰ ਵਿਚ ਸਰਕਾਰ ਨੂੰ ਅਪੀਲ ਕਰਨ ਲਈ ਕਿਹਾ ਸੀ। ਆਪ ਵੀ ਸਤਿਗੁਰੂ ਜੀ ਨੇ ਮਈ 1872ਈ. ਵਿਚ ਗਵਰਨਰ ਜਨਰਲ ਕਲਕੱਤਾ ਨੂੰ ਲਿਖੀ ਚਿੱਠੀ ਵਿਚ ਕਿਹਾ ਸੀ ਕਿ ਉਹਨਾਂ ਕੋਈ ਗਲਤ ਕੰਮ ਨਹੀਂ ਕੀਤਾ ਹੈ ਅਤੇ ਨਾ ਹੀ ਉਹਨਾਂ ਤੋਂ ਕੋਈ ਪੁੱਛ-ਪੜਤਾਲ ਹੀ ਕੀਤੀ ਗਈ ਹੈ, ਇਸ ਲਈ ਉਹਨਾਂ ਨੂੰ ਕੈਦ ਵਿਚ ਕਿਉਂ ਰੱਖਿਆ ਗਿਆ ਹੈ? ਪਰ ਇਹ ਸਰਕਾਰ ਤਾਂ ਹਰ ਹਾਲਤ ਵਿਚ ਸਤਿਗੁਰੂ ਜੀ ਨੂੰ ਕੈਦ ਰੱਖਣਾ ਚਾਹੁੰਦੀ ਸੀ ਤਾਂ ਜੋ ਉਹਨਾਂ ਵਿਰੁੱਧ ਛਿੜਿਆ ਅੰਦੋਲਨ ਖਤਮ ਹੋ ਜਾਵੇ, ਤਾਂ ਹੀ ਬਿਨਾਂ ਕਿਸੇ ਕਾਰਨ ਤੇ ਹੀ ਬੰਗਾਲ ਰੈਗੂਲੇਸ਼ਨ 1818 ਲਗਾਇਆ ਗਿਆ ਸੀ। ਜਿਸ ਅਧੀਨ ਬਿਨਾ ਕਿਸੇ ਦੋਸ਼, ਬਿਨਾ ਕਿਸੇ ਪੁੱਛ ਪੜਤਾਲ ਦੇ ਅਣ-ਮਿਥੇ ਸਮੇਂ ਲਈ ਕੈਦ ਵਿਚ ਰੱਖਿਆ ਜਾ ਸਕਦਾ ਸੀ। 1874-75 ਵਿਚ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬੁੱਧ ਸਿੰਘ ਜੀ ਨੂੰ ਲਿਖੇ ਇਕ ਪੱਤਰ ਵਿਚ ਫੇਰ ਸਰਕਾਰ ਨੂੰ ਰਿਹਾਈ ਲਈ ਅਪੀਲ ਕਰਨ ਨੂੰ ਕਿਹਾ ਸੀ। ਇਸ ਆਸ ਦਾ ਜ਼ਿਕਰ ਸਤਿਗੁਰੂ ਬਿਲਾਸ ਭਾਗ-2 ਵਿਚ ਵੀ ਆਉਂਦਾ ਹੈ ਪਰ ਫੀਸ ਇੰਨੀ ਜਿਆਦਾ ਸੀ ਕਿ 'ਮਲੇਛਾਂ ਦੀ ਪੂਜਾ' ਨਾ ਕਰਨ ਦੀ ਸੋਚ ਕੇ ਮਹਾਰਾਜ ਬੁੱਧ ਸਿੰਘ ਜੀ (ਸਤਿਗੁਰੂ ਹਰੀ ਸਿੰਘ ਜੀ) ਨੇ ਵਕੀਲ ਨਹੀਂ ਸੀ ਕੀਤਾ। ਸਤਿਜੁਗ ਦੇ ਵਿਸ਼ੇਸ਼ ਬਸੰਤ ਨੰ. ਦੇ ਪਾਠਕ ਇਹ ਗਲ ਵੀ ਜਾਣ ਲੈਣ ਕਿ ਜਿਸ ਕਿਸੇ ਨੂੰ 1818 ਈ. ਦੇ ਬੰਗਾਲ ਰੈਗੂਲੇਸ਼ਨ- 3 ਅਧੀਨ ਨਜ਼ਰਬੰਦ ਕੀਤਾ ਜਾਂਦਾ ਸੀ, ਉਸਦੇ

Namdhari Elibrary NamdhariElibrary@gmail.com

ਵਿਰੁੱਧ ਕਿਸੇ ਵੀ ਭਾਰਤ ਦੇ ਕੋਰਟ ਵਿਚ ਅਪੀਲ ਨਹੀਂ ਸੀ ਕੀਤੀ ਜਾ ਸਕਦੀ। ਕੇਵਲ ਇੰਗਲੈਂਡ ਵਿਚ ਹੀ ਅੰਗਰੇਜ਼ ਬੈਰਿਸਟਰ " ਪ੍ਰੀਵੀ ਕੌਂਸਲ" ਕੋਲ ਅਪੀਲ ਕਰ ਸਕਦੇ ਸਨ ਜੋ ਕਿ ਬਹੁਤ ਹੀ ਲੰਮਾ ਅਤੇ ਖਰਚੀਲਾ ਕੰਮ ਸੀ।

ਸਤਿਗੁਰੂ ਹਰੀ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਜੀ ਰਾਹੀਂ ਦਿਨੇਂ ਕਚਹਿਰੀਆਂ ਵਿਚ ਮਸ਼ਾਲ ਬਾਲ ਕੇ ਰੌਲਾ ਪਾਇਆ ਸੀ ਕਿ ਬਿਨਾਂ ਦੋਸ਼ ਤੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਨਜ਼ਰਬੰਦ ਕਿਉਂ ਰੱਖਿਆ ਗਿਆ ਹੈ? ਦਿਨੇ ਹਨੇਰ ਪਿਆ ਹੋਇਆ ਹੈ। ਫੇਰ ਭਾਈ ਸੰਤੋਖ ਸਿੰਘ ਸ਼ਿਮਲੇ ਤੀਕ ਵੀ ਗਿਆ ਸੀ, ਪਰ ਕੋਈ ਸੁਣਵਾਈ ਨਹੀ ਸੀ ਕੂਕਿਆਂ ਦੀ।

1880 ਈ. ਵਿਚ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਵਿਖੇ ਭੇਜ ਦਿੱਤਾ ਗਿਆ ਸੀ, ਸਤਿਗੁਰੂ ਹਰੀ ਸਿੰਘ ਜੀ ਨੇ ਹੀ ਸੰਤ ਨਰੈਣ ਸਿੰਘ ਅਤੇ ਮਸਤਾਨ ਸਿੰਘ ਕੋਲੋਂ ਸਰਕਾਰ ਨੂੰ ਲਿਖਵਾਇਆ ਸੀ ਕਿ ਉਹਨਾਂ ਨੂੰ ਮਰਗੋਈ ਜਾ ਕੇ ਸਤਿਗੁਰੂ ਜੀ ਨੂੰ ਮਿਲਣ ਦਿੱਤਾ ਜਾਵੇ ਪਰ ਸਰਕਾਰ ਫਿਰ ਨਾ ਮੰਨੀ। ਇਸ ਤੋਂ ਪਹਿਲਾ 1880 ਈ. ਦੇ ਅਖੀਰ ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ਮੀਹਾਂ ਸਿੰਘ ਸਿਰਹਾਲੀ ਵਾਲੇ ਨੂੰ ਰੂਸ ਸਰਕਾਰ ਦੇ ਜਵਾਬੀ ਸੰਦੇਸ਼ ਨਾਲ ਭੇਜਿਆ ਸੀ। ਮੀਹਾਂ ਸਿੰਘ ਨੇ ਮਰਗੋਈ ਸਤਿਗੁਰੂ ਜੀ ਦੇ ਬੰਗਲੇ ਵਿਚ ਰਾਤ ਨੂੰ ਪਹੁੰਚ ਕੇ ਉਹ ਮਹੱਤਵ ਪੂਰਨ ਪੱਤਰ ਸਤਿਗੁਰੂ ਜੀ ਤੱਕ ਪਹੁੰਚਾ ਦਿੱਤਾ ਸੀ, ਭਾਵੇਂ ਇਸ ਯਤਨ ਵਿਚ ਮੀਹਾਂ ਸਿੰਘ ਆਪ ਫੜਿਆ ਗਿਆ ਸੀ। ਉਸ ਨੂੰ ਪੁਲੀਸ ਨੇ ਮੌਲਮੀਨ ਕਮਿਸ਼ਨਰ ਕੋਲ ਪੇਸ਼ ਕੀਤਾ ਅਤੇ ਮੌਲਮੀਨ ਦੇ ਕਮਿਸ਼ਨਰ ਨੇ ਬਿਨਾਂ ਕੋਈ ਸਜ਼ਾ ਦਿੱਤਿਆਂ ਮੀਹਾਂ ਸਿੰਘ ਨੂੰ ਪੰਜਾਬ ਵਾਪਸ ਭੇਜ ਦਿੱਤਾ ਸੀ। ਇਸ ਤੋਂ ਬਿਨਾਂ ਸਰਕਾਰ ਵੱਲੋਂ ਮਹਾਰਾਜ ਹਰੀ ਸਿੰਘ ਜੀ ਨੂੰ ਜਦੋਂ ਸਤਿਗੁਰੂ ਰਾਮ ਸ਼ਿੰਘ ਜੀ ਦੇ ਮਰਗੋਈ ਵਿਚ ਚੜ੍ਹਾਈ ਕਰਨ ਬਾਰੇ 1885 ਈ. ਦੇ ਅਖੀਰ ਵਿਚ ਖਬਰ ਦਿੱਤੀ ਗਈ ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਇਸ ਖਬਰ ਨੂੰ ਮੰਨਣ ਤੋਂ ਇੰਨਕਾਰ ਕਰ ਦਿੱਤਾ ਸੀ ਅਤੇ ਸਰਕਾਰ ਪਾਸੋਂ ਜੋ ਪਰਮਾਣ ਮੰਗੇ ਗਏ ਸਨ, ਸਰਕਾਰ ਦੇ ਨਹੀਂ ਸੀ ਸਕੀ। ਇਸ ਲਈ ਸਤਿਗੁਰੂ ਹਰੀ ਸਿੰਘ ਜੀ ਨੇ ਬਚਨ ਕੀਤਾ ਕਿ ਸਤਿਗੁਰੂ ਜੀ ਚੜ੍ਹਾਈ ਨਹੀ ਕੀਤੇ ਸਗੋਂ ਜਿਹਲ ਵਿੱਚੋਂ ਅਲੋਪ ਹੋ ਗਏ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵਿਚਕਾਰ ਖੱਤ ਪੱਤਰੀ ਭਾਵੇਂ ਕਦੀ ਕਦੀ ਸਰਕਾਰੀ ਤੌਰ ਤੇ ਆਉਦੀ ਜਾਂਦੀ ਰਹੀ ਸੀ, ਅਥਵਾ ਗੁਪਤ ਤੌਰ ਤੇ ਸਿੱਖਾਂ ਰਾਹੀ ਹੁਕਮਨਾਮੇ ਵੀ ਆਉਂਦੇ ਰਹੇ ਸਨ। ਇਹਨਾਂ ਦੇ ਅਧਾਰ ਤੇ ਅਤੇ ਜੋ ਸਿੰਘ ਰੰਗੂਨ ਹੋ ਕੇ ਆਉਂਦੇ ਸਨ, ਉਹਨਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਦੇ ਅਧਾਰ ਤੇ ਹੀ ਗੁਰੂ ਹਰੀ ਸਿੰਘ ਜੀ ਡੇਰੇ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਨੂੰ ਆਉਂਦੇ ਨਾਮਧਾਰੀ ਸਿੰਘਾਂ ਨੂੰ ਰੰਗੂਨ ਸ੍ਰੀ ਸਤਿਗੁਰੂ ਜੀ ਬਾਰੇ ਜਾਣਕਾਰੀਆਂ ਅਤੇ ਦਿਲਾਸੇ ਦਿੰਦੇ ਸਨ।

ਇਸ ਤੋਂ ਬਾਅਦ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਰਿਹਾਈ ਬਾਰੇ ਯਤਨ ਜਾਰੀ ਰੱਖੇ ਸਨ। ਸੰਨ 1900 ਈ. ਅਤੇ 1903 ਈ. ਵਿਚ ਸਤਿਗੁਰੂ ਹਰੀ ਸਿੰਘ ਜੀ ਨੇ ਆਪ ਸਤਿਗੁਰੂ ਰਾਮ ਸਿੰਘ ਜੀ ਦੀ ਰਿਹਾਈ ਲਈ ਅਰਜ਼ੀ ਦਿੱਤੀ ਸੀ। ਇਸ ਯਤਨ ਦੇ ਨਾਲ ਨਾਲ ਲਾਹੌਰ ਤੋਂ ਜਵਾਲਾ ਸਿੰਘ ਰਾਹੀਂ 1901 ਅਤੇ 1903 ਈ. ਵਿਚ ਸਤਿਗੁਰੂ ਜੀ ਦੀ ਰਿਹਾਈ ਬਾਰੇ ਅਪੀਲ ਸਰਕਾਰ ਪਾਸ ਭੇਜੀ ਗਈ। 1902 ਈ. ਨੂੰ ਸਿਆਲਕੋਟ ਤੋਂ ਠਾਕੁਰ ਸਿੰਘ ਵੱਲੋਂ ਸਤਿਗੁਰੂ ਜੀ ਦੀ ਰਿਹਾਈ ਦੀ ਅਰਜੀ ਲਗਾਈ ਗਈ ਸੀ, ਪਰ ਸਰਕਾਰ ਨੇ ਕਿਸੇ ਵੀ ਅਪੀਲ ਦਾ ਜਵਾਬ ਨਹੀਂ ਦਿੱਤਾ।

ਡਿਪਟੀ ਇੰਸਪੈਕਟਰ ਸਾਹਨੇਵਾਲ ਠਾਣੇ ਦਾ 11 ਜਨਵਰੀ 1878ਈ. ਨੂੰ ਲੋਹੜੀ ਦੇ ਮੌਕੇ ਤੇ ਭੈਣੀ ਸਾਹਿਬ ਆਇਆ ਸੀ। ਇਹੀ ਇੰਸਪੈਕਟਰ ਸਰਫਰਾਜ਼ ਖਾਂ 1872 ਈ. ਦੀ ਲੋਹੜੀ ਦੇ ਮੇਲੇ ਤੇ ਸ੍ਰੀ ਭੈਣੀ ਸਾਹਿਬ ਹਾਜ਼ਰ ਸੀ। ਉਸਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਅਤੇ ਬੀਬੀ ਨੰਦਾ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਅਰਦਾਸ ਭੇਜਣ ਦੀ ਬੇਨਤੀ ਕੀਤੀ ਸੀ ਜੋ ਉਸ ਨੇ ਮੰਨ ਲਈ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਬੁੱਧ ਸਿੰਘ ਦੇ ਨਾਮ ਨਾਲ ਅਤੇ ਬੀਬੀ ਨੰਦਾ ਨੇ ਮਈ/ਜੂਨ 1878ਈ. ਨੂੰ ਸਰਕਾਰ ਰਾਹੀਂ ਅਰਦਾਸ ਭੇਜੀ ਸੀ ਅਤੇ ਮੂਲ ਪੱਤਰ ਇਥੇ ਹੀ ਰੱਖ ਲਿਆ ਗਿਆ ਸੀ ਜੋ ਸਰਕਾਰੀ ਰਿਕਾਰਡਾਂ ਵਿਚ ਮੌਜੂਦ ਹੈ, ਉਸ ਪੱਤਰ ਦੀ ਫੋਟੋ ਕਾਪੀ ਸਤਿਜੁਗ ਦੇ ਪਾਠਕਾਂ ਲਈ ਛਾਪੀ ਜਾ ਰਹੀ ਹੈ। ਇਸ ਦੇ ਜਵਾਬ ਵਿਚ 'ਸ੍ਰੀ ਸਤਿਗੁਰੂ ਜੀ' ਵੱਲੋਂ ਵੀ ਅਕਤੂਬਰ 1878 ਨੂੰ ਭਾਈ ਬੁੱਧ ਸਿੰਘ ਹੋਰ ਅਤੇ ਸਿੰਘਾਂ ਦੇ ਨਾਂ ਜਵਾਬੀ ਹੁਕਮਨਾਮਾ ਆਇਆ ਸੀ।

ਉਪਰੋਕਤ ਅਰਦਾਸਾਂ ਦੇ ਜਵਾਬ ਵਿਚ ਗੁਪਤ ਰੂਪ ਵਿਚ ਮਹਾਰਾਜ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਨੂੰ ਪੱਤਰ ਆਉਂਦੇ ਰਹੇ ਸਨ। ਜਿੰਨ੍ਹਾਂ ਵਿਚ "ਦੇਣਾ ਲੈਣਾ ਲਿਆ ਕਿ ਨਹੀਂ" ਪਾਠ ਭੋਗ ਪੁਆਉਣ, ਡੇਰੇ ਦੇ ਲੰਗਰ, ਨੀਲੋਂ ਨਹਿਰ ਬਾਰੇ, ਰੂਸ ਨਾਲ ਸੰਬੰਧਾਂ ਬਾਰੇ ਜਾਣਕਾਰੀਆਂ ਸਤਿਗੁਰੂ ਜੀ ਮਹਾਰਾਜ ਬੁੱਧ ਸਿੰਘ ਜੀ ਪਾਸੋਂ ਮੰਗਦੇ ਰਹੇ ਸਨ। ਇਸ ਦੇ

Namdhari Elibrary NamdhariElibrary@gmail.com

ਨਾਲ ਨਾਲ ਰੰਗੂਨ ਅਤੇ ਰੂਸ ਵਿਚਕਾਰ ਖੱਤ-ਪੱਤਰੀ ਦੀ ਕੜੀ ਵੀ ਮਹਾਰਾਜ ਹਰੀ ਸਿੰਘ ਜੀ ਹੀ ਸਨ। ਕਿਉਂਕਿ ਮੇਰਾ ਲੇਖ ਵੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਵਿਚਕਾਰ ਖੱਤ-ਪੱਤਰੀ ਤੱਕ ਹੀ ਸੀਮਿਤ ਹੈ। ਇਸ ਲਈ ਮਹਾਰਾਜ ਹਰੀ ਸਿੰਘ ਜੀ ਦੇ ਪ੍ਰਚਾਰ ਦੌਰਿਆਂ, ਲੰਗਰ ਜਾਰੀ ਰੱਖਣ ਦੇ ਉਪਰਾਲੇ, ਸੰਤ ਸੰਤੋਖ ਸਿੰਘ ਪਾਸੋਂ 'ਸਤਿਗੁਰੂ ਬਿਲਾਸ' ਲਿਖਵਾਉਣ ਦਾ ਉਪਰਾਲਾ ਕਰਵਾਉਣਾ ਅਤੇ ਡੇਰੇ ਵਿਚੋਂ ਹੁੱਕਾ ਪੀਣ ਵਾਲੇ ਪੁਲਿਸ ਵਾਲਿਆਂ ਨੂੰ ਬਦਲਣ ਬਾਰੇ ਕਈ ਹੋਰ ਕਾਰਜ ਹਨ ਜਿੰਨ੍ਹਾਂ ਬਾਰੇ ਦੂਸਰੇ ਲੇਖਕ ਚਾਨਣਾ ਪਾ ਰਹੇ ਹਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦਾ ਭਾਂਬੜ ਬਾਲ ਕੇ ਅਤੇ ਜਨਤਾ ਨੂੰ ਜਗਾ ਕੇ ਰੰਗੂਨ ਚਲੇ ਗਏ ਸਨ। ਪਰ ਉਹ ਸਤਿਗੁਰੂ ਹਰੀ ਸਿੰਘ ਜੀ ਹੀ ਸਨ ਜੋ ਅੰਗਰੇਜ਼ ਸਰਕਾਰ ਦੀਆਂ ਸਖਤੀਆਂ ਅਤੇ ਪਰੇਸ਼ਾਨੀਆਂ ਦੇ ਤੂਫਾਨ ਵਿਚ ਵੀ ਸਹਿਜ ਭਾਵ ਨਾਲ ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਦੇ ਰਹੇ ਅਤੇ ਸਾਧ ਸੰਗਤ ਨੂੰ ਜਾਗਰਿਤ ਕਰੀ ਰੱਖਿਆ, ਹੌਂਸਲਾ ਦਈ ਰੱਖਿਆ।

1) ਲਘੁ ਦੀਰਘ ਦੋ ਭਰਾਤਿ ਪਛਾਨੋ।
   ਰਾਮ ਲਛਮਨ ਦੋ ਭਰਾਤਿ ਪਛਾਨੋ।
2) ਬੁੱਧ ਸਿੰਘ ਜਾਨੋ ਲਘੁ ਬੀਰ ।
   ਏਕ ਜੋਤਿ ਦੋਇ ਰਹੈ ਸਰੀਰ।
3) ਪਹਿਲੇ ਸਤਿਗੁਰੁ ਜੋਤ ਜੋ ਆਈ।
   ਛੋਟੇ ਭਰਾਤਾ ਮਾਹਿ ਸਮਾਈ।

ਨਾਮਧਾਰੀ ਪੰਥ ਵਾਲੀ ਡੋਰ ਉਹਨਾਂ ਫੜੀ ਏ

ਸਤਿਗੁਰੂ ਹਰੀ ਸਿੰਘ ਹਰੀ ਸਿੱਖੀ ਕਰੀ ਏ।
ਨਾਮਧਾਰੀ ਪੰਥ ਵਾਲੀ ਡੋਰ ਉਹਨਾਂ ਫੜੀ ਏ।

ਬਾਬਾ ਜੱਸਾ ਜੀ ਦੇ ਛੋਟੇ ਫ਼ਰਜ਼ੰਦ ਸੀ।
ਵੱਡੇ ਗੁਰੂ ਰਾਮ ਸਿੰਘ ਵੀਰ ਜੋ ਮੁਕੰਦ ਸੀ।
ਕੀਤੀ ਕਰਾਮਾਤ ਇਹਨਾਂ ਜੱਗ ਉੱਤੇ ਬੜੀ ਏ।
ਨਾਮਧਾਰੀ ਪੰਥ ਵਾਲੀ...

ਅੱਸੂ ਦਾ ਨਰਾਤਾ ਤੀਜਾ ਦਿਨ ਬੁੱਧਵਾਰ ਸੀ।
ਅਠਾਰਾਂ ਸੌ ਤੇ ਉੱਨੀ ਵਿੱਚ ਲਿਆ ਅਵਤਾਰ ਸੀ।
ਕਰੇ ਸੀ ਦੀਦਾਰ ਜੀਹਨੇ ਬੇੜੀ ਉਹਦੀ ਤਰੀ ਏ।
ਨਾਮਧਾਰੀ ਪੰਥ ਵਾਲੀ...

ਮਾਤਾ ਸਦਾ ਕੌਰ ਦੀ ਇਹ ਗੋਦੀ ਦੇ ਸ਼ਿੰਗਾਰ ਸੀ।
ਲੰਮੀ ਉੱਚੀ ਧੌਣ, ਨੱਕ ਤਿੱਖਾ ਤਲਵਾਰ ਸੀ।
ਨੇਤਰਾਂ 'ਚੋਂ ਰਹਿਮਤਾਂ ਦੀ ਲਾਂਵਦੇ ਸੀ ਝੜੀ ਏ।
ਨਾਮਧਾਰੀ ਪੰਥ ਵਾਲੀ...

ਕੀਤਾ ਜਲਾਵਤਨ ਸੀ ਚੀਨੀ ਅਸਵਾਰ ਨੂੰ।
ਚੁੱਕ ਲਿਆ ਮੋਢਿਆਂ ਤੇ ਹਰੀ ਸਿੰਘ ਭਾਰ ਨੂੰ।
ਸਖ਼ਤੀ ਜੋ ਗੋਰੇ ਵਾਲੀ ਝੱਲੀ ਆਪ ਬੜੀ ਏ।
ਨਾਮਧਾਰੀ ਪੰਥ ਵਾਲੀ...

ਬੁੱਧ ਸਿੰਘ ਨਾਮ ਚੀਨੀ ਵਾਲੇ ਨੇ ਵਟਾਇਆ ਸੀ।
ਹਰੀ ਸਿੰਘ ਰੱਖ, ਰੂਪ ਹਰੀ ਦਰਸਾਇਆ ਸੀ।
ਸਿੱਖੀ ਮੁਰਝਾਈ ਤਾਈਂ ਕਰੀ ਆਪ ਹਰੀ ਏ।
ਨਾਮਧਾਰੀ ਪੰਥ ਵਾਲੀ...

ਪਾਈ ਸੀ ਜੁਦਾਈ ਜਦੋਂ ਗੁਰੂ ਵੱਡੇ ਵੀਰ ਨੇ।
ਪੰਥ ਵਾਲਾ ਭਾਰ ਤੇ ਗ਼ੁਲਾਮੀ ਦੀ ਜੰਜ਼ੀਰ ਨੇ।
ਚੌਂਤੀ ਸਾਲ ਸਮੇਂ ਦੀ ਪਾਬੰਦੀ ਤਨ ਜਰੀ ਏ।
ਨਾਮਧਾਰੀ ਪੰਥ ਵਾਲੀ...

ਅੱਠੇ ਪਹਿਰ ਭੈਣੀ ਸਾਹਿਬ ਲੰਗਰ ਚਲਾਇਆ ਏ।
ਮੋੜਿਆ ਨਾ ਖਾਲੀ ਜੋ ਸਵਾਲੀ ਦਰ ਆਇਆ ਏ।
ਉੜੇ ਥੁੜੇ ਸਭਨਾਂ ਦੀ ਝੋਲੀ ਆਪ ਭਰੀ ਏ।
ਨਾਮਧਾਰੀ ਪੰਥ ਵਾਲੀ...

ਇੱਕ ਸਮੇਂ ਬਾਗੜ 'ਚ ਪਿਆ ਬੜਾ ਕਾਲ ਸੀ।
ਆਇਆ ਜੋ ਅਵਾਮ ਗੁਰਾਂ ਕੀਤਾ ਸੋ ਨਿਹਾਲ ਸੀ।
'ਅਸਪਾਲ' ਜਿਹੇ ਜਿਹੜੇ ਚੜ੍ਹੇ ਇਹਦੀ ਧੜੀ ਏ।
ਨਾਮਧਾਰੀ ਪੰਥ ਵਾਲੀ...

ਦਾਸ ਕਰਨੈਲ ਸਿੰਘ 'ਅਸਪਾਲ
ਪਿੰਡ- ਕਰੀਵਾਲਾ, ਸਿਰਸਾ

Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਕਾਲ ਦੇ ਇਤਿਹਾਸ ਸ੍ਰੋਤ

ਸਵਰਨ ਸਿੰਘ ਸਨੇਹੀ, ਐਮ ਏ ਅੰਗਰੇਜ਼ੀ ਤੇ ਇਤਿਹਾਸ)

ਇਤਿਹਾਸ ਦੇ ਸੋਮਿਆਂ ਦੀ ਗੱਲ ਕਰਨ ਤੋਂ ਪਹਿਲੀ ਗੱਲ ਇਤਿਹਾਸਕਾਰੀ ਦੀ ਰੁਚੀ ਦੀ ਹੈ। ਸਿੱਖਾਂ ਵਿੱਚ ਇਸ ਗੱਲ ਦੀ ਮੁੱਢ ਤੋਂ ਹੀ ਬੜੀ ਘਾਟ ਰਹੀ ਹੈ। ਇਸੇ ਕਰ ਕੇ ਗੁਰੂ ਸਾਹਿਬਾਨ, ਉਨ੍ਹਾਂ ਦੇ ਸਾਹਿਬਜ਼ਾਦਿਆਂ ਜਾਂ ਉਨ੍ਹਾਂ ਦੀਆਂ ਜੀਵਨ ਘਟਨਾਵਾਂ ਅਜੇ ਤਕ ਵਿਵਾਦਗ੍ਰਸਤ ਹਨ। ਸਿਖਾਂ ਬਾਰੇ ਇਹ ਗੱਲ ਪ੍ਰਸਿੱਧ ਹੈ ਕਿ ਉਹ ਇਤਿਹਾਸ ਬਣਾਉਣ ਵਿਚ ਤਾਂ ਕਮਾਲ ਕਰਦੇ ਰਹੇ ਪਰ ਉਸ ਕਮਾਲ ਦੀ ਆਉਣ ਵਾਲੀਆਂ ਪੀੜ੍ਹੀਆਂ ਦੇ ਗਿਆਨ ਲਈ ਲਿਖਤੀ ਰੂਪ ਵਿਚ ਸੰਭਾਲਣ ਦੀ ਜ਼ਿੰਮੇਵਾਰੀ ਹੋਰਨਾਂ, ਅਕਸਰ ਆਪਣੇ ਵਿਰੋਧੀਆਂ, ਉੱਪਰ ਛੱਡਦੇ ਰਹੇ। ਉਨ੍ਹਾਂ ਨੇ ਰਾਜ ਕੀਤੇ ਪਰ ਇਤਿਹਾਸ ਤੋਂ ਕੋਰੇ ਰਹੇ। ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ 1865 ਵਿੱਚ ਡੇਵਿਡ ਅਕਟਰ ਲੋਣੀ ਨੇ ਲੁਧਿਆਣੇ ਵਿਚ ਸਿੱਖ ਰਾਜਿਆਂ ਮਹਾਰਾਜਿਆਂ ਜਾਂ ਉਨ੍ਹਾਂ ਦੇ ਪ੍ਰਤੀਨਿਧਾਂ ਦਾ ਇਕ ਇਕੱਠ ਬੁਲਾ ਕੇ ਉਨ੍ਹਾਂ ਦਾ ਇਤਿਹਾਸ ਜਾਨਣਾ ਚਾਹਿਆ ਤਾਂ ਉਨ੍ਹਾਂ ਦਾ ਉੱਤਰ ਸੀ:

ਯਹਿ ਸੁਨਿ ਬਹੁ ਸਰਦਾਰ ਡਰਾਨੇ।
ਤਵਾਰੀਖ ਕਾ ਅਰਥ ਨ ਜਾਨੇ।
ਸੁਨੀ ਨ ਪਿਖੀ ਹੁਤੀ ਜਿਨਿ ਕਾਇ।
ਤਵਾਰੀਖ ਕਿਆ ਹੁਤੀ ਬਲਾਇ।
ਬਹੁ ਸਰਦਾਰਨਿ ਭਾਖਯੋ ਐਸੇ।
ਤਵਾਰੀਖ ਕਾ ਮੂੰਹ ਹੈ ਕੈਸੇ।[1]

ਫਿਰ ਅਕਟਰ ਲੋਣੀ ਨੇ ਵਿਸਥਾਰ ਨਾਲ ਪੁੱਛਿਆ ਕਿ ਉਨ੍ਹਾਂ ਨੇ ਰਾਜ ਭਾਗ ਕਿਸ ਤਰ੍ਹਾਂ ਕਾਇਮ ਕੀਤਾ ਆਦਿ। ਫਿਰ ਮਰੇ ਸਾਹਿਬ ਨੇ ਬੂਟੇ ਸ਼ਾਹ ਨੂੰ ਸਿੱਖਾਂ ਦਾ ਇਤਿਹਾਸ ਲਿਖਣ ਦਾ ਕੰਮ ਸੌਂਪਿਆ ਜਿਸ ਨੂੰ ਸਿੱਖ ਵਿਦਵਾਨਾਂ ਨੇ ਇਸ ਕਰਕੇ ਅਯੋਗ ਸਮਝਿਆ ਕਿ ਮੁਸਲਮਾਨਾਂ ਤੇ ਸਿੱਖਾਂ ਦਾ ਪੁਰਾਤਨ ਵੈਰ ਹੋਣ ਕਾਰਨ ਮੁਸਲਮਾਨ ਲੇਖਕ ਸਿਖਾਂ ਨਾਲ ਨਿਆਂ ਨਹੀਂ ਕਰ ਸਕਦਾ। ਰਤਨ ਸਿੰਘ ਭੰਗੂ ਵਲੋਂ ਲਿਖੇ ਗਏ ਪ੍ਰਾਚੀਨ ਪੰਥ ਪ੍ਰਕਾਸ਼ ਦਾ ਮੁੱਢ ਅਸਲ ਵਿਚ ਸਿੱਖਾਂ ਵਲੋਂ ਅਕਟਰ ਲੋਣੀ ਨੂੰ ਦਿਤੇ ਗਏ ਇਤਿਹਾਸ ਅਗਿਆਨਤਾ ਵਾਲੇ ਬਿਆਨ ਅਤੇ ਉਕਤ ਵਿਰੋਧ ਭਾਵਨਾ ਦੇ ਫਲਸਰੂਪ ਬੱਝਾ। ਇਹ ਗੱਲ ਨਾਮਧਾਰੀਆਂ ਤੇ ਵੀ ਢੁਕਦੀ ਹੈ ਜਿਨ੍ਹਾਂ ਨੇ ਇਤਿਹਾਸ ਬਣਾਉਣ ਲਈ ਤਾਂ ਤੋਪਾਂ ਅੱਗੇ ਨੰਗੇ ਧੜ ਖੜ ਕੇ ਉਦਾਹਰਣ ਕਾਇਮ ਕਰ ਦਿਤੀ ਪਰ ਲਿਖਣ ਦਾ ਕੰਮ ਬਰਤਾਨਵੀ ਐਨਕਾਂ ਵਾਲਿਆਂ ਉੱਪਰ ਛੱਡੀ ਰੱਖਿਆ ਜਿਸ ਲਈ ਪੰਜਾਬ ਇਤਿਹਾਸ ਬੋਰਡ ਦੇ ਪ੍ਰਧਾਨ ਲਾਲਾ ਫਿਰੋਜ਼ਚੰਦ ਨੇ ਉਨ੍ਹਾਂ ਨੂੰ ਕੋਸਿਆ ਵੀ ਹੈ।

ਲਾਲਾ ਜੀ ਵਲੋਂ ਕੋਸਿਆ ਜਾਣਾ ਅੰਸ਼ਕ ਤੌਰ ਤੇ ਠੀਕ ਸੀ ਕਿਉਂਕਿ ਦੀਰਘ ਵਿਚਾਰ ਸਾਨੂੰ ਇਸ ਸਿੱਟੇ ਤੇ ਪਹੁੰਚਾਉਂਦੀ ਹੈ ਕਿ ਇਸ ਵਿਚ ਨਾਮਧਾਰੀਆਂ ਦੀ ਅਣਗਹਿਲੀ ਦੇ ਨਾਲ ਨਾਲ ਹੋਰ ਕਾਰਨ ਵੀ ਭਾਰੂ ਸਨ। ਇਕ ਤਾਂ ਸ੍ਵਦੇਸ਼ੀ ਪ੍ਰਚਾਰ ਅਤੇ ਬਦੇਸ਼ੀ ਵਿਦਿਆ ਪ੍ਰਣਾਲੀ ਦੇ ਬਾਈਕਾਟ ਕਰਨ ਕਾਰਨ ਉਪਜੀ ਅਨਪੜ੍ਹਤਾ ਤੇ ਦੂਜਾ ਉਸ ਅਨਪੜ੍ਹਤਾ ਦੇ ਫਲਸਰੂਪ ਖੋਜ ਵਿਧੀ ਤੋਂ ਅਗਿਆਨਤਾ। ਤੀਜਾ ਜ਼ਰਾਇਮ ਪੇਸ਼ਾ ਕੌਮ ਕਰਾਰ ਦਿਤੇ ਜਾਣ ਵਰਗੀ ਸਥਿਤੀ ਤੇ ਚੌਥਾ ਨਾਮਧਾਰੀਆਂ ਦਾ ਕੈਦੀਆਂ ਵਰਗਾ ਜੀਵਨ। ਇਸ ਹਾਲਤ ਵਿਚ ਇਤਿਹਾਸ ਦੀ ਸੋਝੀ ਕਿਥੋਂ ਆਉਣੀ ਸੀ? ਜੇ ਆ ਵੀ ਜਾਂਦੀ ਤਾਂ ਬਦੇਸ਼ੀ ਸ਼ਾਸਕਾਂ ਨਾਲ ਸਿਰ-ਧੜ ਦੀ ਬਾਜ਼ੀ ਲੱਗੀ ਹੋਈ ਹੋਣ ਕਾਰਨ ਕਿਸੇ ਨਾਮਧਾਰੀ ਨੂੰ ਰਿਕਾਰਡ ਤਕ ਪਹੁੰਚਣ ਕਿਸ ਨੇ ਦੇਣਾ ਸੀ? ਇਸ ਰਾਜਸੀ ਵਿਤਕਰੇ ਦੇ ਸ਼ਿਕਾਰ ਤਾਂ ਉਹ ਸੁਤੰਤਰ ਭਾਰਤ ਦੇ ਮੁੱਢਲੇ ਸਾਲਾਂ ਵਿਚ ਵੀ ਰਹੇ ਹਨ।

ਇਤਿਹਾਸਕਾਰੀ ਦਾ ਕੰਮ ਉਸ ਦੇ ਬਨਾਉਣ ਨਾਲੋਂ ਵੀ ਔਖਾ ਹੁੰਦਾ ਹੈ।

ਕੋਈ ਵੀ ਇਤਿਹਾਸ ਉਸ ਦੇ ਸ੍ਰੋਤਾਂ ਦੇ ਆਧਾਰ ਤੇ ਹੀ ਲਿਖਿਆ ਜਾ ਸਕਦਾ ਹੁੰਦਾ ਹੈ ਤੇ ਲਿਖਿਆ ਜਾਂਦਾ ਹੈ। ਸ੍ਰੋਤਾਂ ਤੋਂ ਬਿਨਾਂ ਲਿਖਿਆ ਇਤਿਹਾਸ ਬਿਨਾਂ ਨੀਂਹ ਤੋਂ ਇਮਾਰਤ ਦੀ ਉਸਾਰੀ ਵਾਲੀ ਗੱਲ ਹੁੰਦੀ ਹੈ। ਇਹ ਸ੍ਰੋਤ ਕਈ ਤਰ੍ਹਾਂ ਦੇ ਹੁੰਦੇ ਹਨ ਜਿਵੇਂ

1, ਪੁਰਾਤਤਵੀ ਸ੍ਰੋਤ

1-ਗਿਆਨੀ ਗਿਆਨ ਸਿੰਘ, ਸ੍ਰੀ ਗੁਰਪੰਥ ਪ੍ਰਕਾਸ਼, ਅੰਮ੍ਰਿਤਸਰ, 1974, ਪੂਰਬਾਰਧ, ਬਿ:2

Namdhari Elibrary NamdhariElibrary@gmail.com

2. ਮੂਲ ਲਿਖਤੀ ਸ੍ਰੋਤ
ੳ) ਸਰਕਾਰੀ ਰਿਕਾਰਡ
ਅ) ਪੁਰਾਤਨ ਲਿਖਤਾਂ
ੲ) ਸਮਕਾਲੀ ਲਿਖਤਾਂ
3 . ਚਸ਼ਮਦੀਦ ਗਵਾਹੀਆਂ
4. ਮੌਖਿਕ ਗਵਾਹੀਆਂ ਜਾਂ ਸਮਕਾਲੀਆਂ ਦੇ ਬਿਆਨ ਆਦਿ।

ਕਈ ਸ੍ਰੋਤ ਸਹਿਜ ਪ੍ਰਾਪਤ ਹੁੰਦੇ ਹਨ ਜਦ ਕਿ ਬਹੁਤਿਆਂ ਖਾਤਰ ਖੋਜੀ ਨੂੰ ਸਾਗਰ ਚੁੱਭੀਆਂ ਲਾਉਣੀਆਂ ਪੈਂਦੀਆਂ ਹਨ। 'ਖੋਜੀ ਉਪਜੈ ਬਾਦੀ ਬਿਨਸੈ ਜੋ ਖੋਜੈ ਸੋ ਪਾਵੈ।'' ਕਿਸੇ ਉਦਮੀ ਤੇ ਸੁਚੱਜੇ ਇਤਿਹਾਸਕਾਰ ਲਈ ਤੇ ਉਨ੍ਹਾਂ ਦੇ ਵੀ ਅਗਲੇ ਸ੍ਰੋਤਾਂ ਦਾ ਪਤਾ ਲਾਉਣਾ ਬਹੁਤਾ ਕਠਨ ਨਹੀਂ ਹੁੰਦਾ ਪਰ ਸ੍ਰੋਤਾਂ ਦੀ ਪੁਣ-ਛਾਣ ਤੇ ਭਰੋਸੇਯੋਗਤਾ ਦੀ ਪਛਾਣ ਕਰਨ ਦੀ ਸੂਝ ਹੋਣੀ ਬਹੁਤ ਜ਼ਰੂਰੀ ਹੁੰਦੀ ਹੈ ਕਿਉਂਕਿ ਕਈ ਸ੍ਰੋਤ ਇੰਨੇ ਮਹਤੱਵਪੂਰਨ ਜਾਂ ਭਰੋਸੇਯੋਗ ਨਹੀਂ ਵੀ ਹੁੰਦੇ ਜਿੰਨੇ ਹੋਣ ਦਾ ਉਹ ਭੁਲੇਖਾ ਪਾਉਂਦੇ ਹੁੰਦੇ ਹਨ।

ਸ੍ਰੋਤ ਜਿੰਨੇ ਪੁਰਾਣੇ ਹੋਈ ਜਾਂਦੇ ਹਨ ਉਨ੍ਹਾਂ ਦਾ ਮਹੱਤਵ ਉਨਾਂ ਹੀ ਵਧੀ ਜਾਂਦਾ ਰਹਿੰਦਾ ਹੈ। ਕਈ ਵਾਰ ਸ੍ਰੋਤ ਦੇ ਨਿਜੀ ਮਾਲਕ ਨੂੰ ਉਸ ਦੇ ਮਹੱਤਵ ਦਾ ਗਿਆਨ ਹੁੰਦਾ ਹੈ ਜਿਸ ਕਰ ਕੇ ਖੋਜਾਰਥੀ ਨੂੰ ਉਸ ਦੇ ਪ੍ਰਾਪਤ ਕਰਨ ਵਿਚ ਦਿਕੱਤ ਵੀ ਆ ਸਕਦੀ ਹੁੰਦੀ ਹੈ। ਕਈ ਵਾਰ ਵਿਅਕਤੀ ਅਨਪੜ੍ਹ ਜਾਂ ਅਗਿਆਨੀ ਹੁੰਦਾ ਹੈ ਪਰ ਮਾਲਕ ਸੋਨੇ ਦਾ ਹੁੰਦਾ ਹੈ। ਅਜਿਹੀ ਸਥਿਤੀ ਵਿਚ ਖੋਜਾਰਥੀ ਦੀਆਂ ਪੌ ਬਾਰਾਂ ਵੀ ਪੈ ਸਕਦੀਆਂ ਹੁੰਦੀਆਂ ਹਨ। ਇਸ ਲੇਖਕ ਦੇ ਪਿੰਡ ਨੂੰ ਲੱਗਦੇ ਸ਼ਹਿਰ ਫਿਲੌਰ ਵਿਚ ਪੰਡਤ ਸ਼ਰਧਾ ਰਾਮ ਫਿਲੌਰੀ ਹੋਏ ਹਨ ਜਿਨ੍ਹਾਂ ਨੇ ਅੰਗਰੇਜ਼ਾਂ ਦੇ ਕਹਿਣ ਤੇ ਕਾਫ਼ੀ ਸਾਹਿਤ ਰਚਨਾ ਕੀਤੀ। ਮੰਦਰਾਂ ਵਿਚ ਹਰ ਰੋਜ਼ ਗਾਈ ਜਾਂਦੀ ਆਰਤੀ 'ਜੈ ਜਗਦੀਸ਼ ਹਰੇ' ਵੀ ਪੰਡਤ ਜੀ ਦੀ ਕ੍ਰਿਤ ਹੈ। ਉਨ੍ਹਾਂ ਦਾ ਕਾਗਜ਼ ਪੱਤਰ ਫਿਲੌਰ ਕਿਸੇ ਅਜਿਹੇ ਵਿਅਕਤੀ ਕੋਲ ਹੀ ਪਿਆ ਸੀ। ਖੋਜ ਕਰਦਿਆਂ ਪੰਜਾਬੀ ਦੇ ਪ੍ਰਸਿੱਧ ਪ੍ਰੋਫੈਸਰ ਪ੍ਰੀਤਮ ਸਿੰਘ ਹੋਰਾਂ ਦਾ ਪ੍ਰਾਪਤੀ ਜਤਨ ਸੌਖਿਆਂ ਹੀ ਸਿਰੇ ਚੜ੍ਹ ਗਿਆ। ਜਦੋਂ ਕੁ ਇਸ ਲੇਖਕ ਨੂੰ ਪੰਡਤ ਜੀ ਦੀ ਸਾਹਿਤਕ ਦੇਣ ਦਾ ਗਿਆਨ ਹੋਇਆ ਤਦ ਤਕ ਪ੍ਰੋਫੈਸਰ ਸਾਹਿਬ ਦੀ ਲੋੜ ਪੂਰਤੀ ਪਿਛੋਂ ਟਰੰਕ ਅਲੋਪ ਹੋ ਚੁੱਕਾ ਸੀ।

ਸਮਕਾਲੀ ਸ੍ਰੋਤ ਬਹੁਤ ਮਹੱਤਵਪੂਰਨ ਤੇ ਕੀਮਤੀ ਮੰਨੇ ਜਾਂਦੇ ਹਨ ਪਰ ਜੇ ਕਿਸੇ ਵਿਅਕਤੀ ਜਾਂ ਜਥੇਬੰਦੀ ਦਾ ਸਮਕਾਲੀ ਸਰਕਾਰ ਨਾਲ ਮੰਦਾ ਚੰਗਾ ਸਬੰਧ ਹੋਵੇ ਤਾਂ ਉਸ ਸਬੰਧੀ ਬਹੁਤ ਕੁਛ ਸਰਕਾਰੀ ਰਿਕਾਰਡ ਵਿਚੋਂ ਮਿਲ ਤਾਂ ਸਕਦਾ ਹੁੰਦਾ ਹੈ ਪਰ ਜ਼ਰੂਰੀ ਨਹੀਂ ਕਿ ਉਹ ਪੂਰਾ ਸੱਚ ਹੋਵੇ। ਉਸ ਬਾਰੇ ਸਰਕਾਰੀ ਰਿਕਾਰਡ ਵਿਚ ਦਰਜ ਜਾਣਕਾਰੀ ਜਾਂ ਸੂਚਨਾ ਸਰਕਾਰੀ ਨੀਤੀ ਦੇ ਆਧਾਰ ਤੇ ਦਰਜ ਕੀਤੀ ਗਈ ਹੁੰਦੀ ਹੈ। ਜੇ ਸਤਿਗੁਰੂ ਰਾਮ ਸਿੰਘ ਜੀ ਨੇ ਬਰਤਾਨਵੀ ਸਾਮਰਾਜ ਵਿਰੁੱਧ ਕ੍ਰਾਂਤੀਕਾਰੀ ਕਦਮ ਨਾ ਚੁੱਕੇ ਹੁੰਦੇ ਤਦ ਬਰਤਾਨਵੀ ਸਰਕਾਰ ਨੂੰ ਉਨ੍ਹਾਂ ਬਾਰੇ ਇੰਨੀ ਡੂੰਘਾਈ ਤੱਕ ਪੁੱਛ ਪੜਤਾਲ ਕਰਨ ਦੀ ਲੋੜ ਹੀ ਨਹੀਂ ਸੀ ਪੈਣੀ ਤੇ ਹੋ ਸਕਦਾ ਹੈ ਸਾਨੂੰ ਅੱਜ ਬਰਤਾਨਵੀ ਸਰਕਾਰੀ ਕਾਗਜ਼ਾਂ ਵਿਚੋਂ ਬਹੁਤੀ ਸ੍ਰੋਤ-ਸਮਗਰੀ ਪ੍ਰਾਪਤ ਨਾ ਹੋ ਸਕਦੀ। ਸਿੱਖ ਰਾਜ ਦੀ ਪੁਨਰ ਸਥਾਪਨਾ ਦੇ ਰਾਜਸੀ ਲੁਪਤ ਉਦੇਸ਼ ਦਾ ਪਤਾ ਲਗਣ ਤੋਂ ਪਹਿਲਾਂ ਤੇ ਬਾਅਦ ਦੀਆਂ ਬਰਤਾਨਵੀ ਸਰਕਾਰੀ ਰਿਪੋਰਟਾਂ ਦੇ ਆਚਰਣ ਵਿਚ ਅੰਤਰ ਇਸੇ ਕਰਕੇ ਹੈ ਤੇ ਇਸੇ ਕਰਕੇ ਹੀ ਬਰਤਾਨਵੀ ਸਰਕਾਰੀ ਰਿਕਾਰਡ ਵਿੱਚ ਨਾਮਧਾਰੀਆਂ ਬਾਰੇ ਸਾਰੀ ਸਮੱਗਰੀ ਭਰੋਸੇਯੋਗ ਤੇ ਪੂਰਾ ਸੱਚ ਨਹੀਂ।[2]

ਇਹ ਰਵਾਇਤ ਵੀ ਪ੍ਰਸਿੱਧ ਹੈ ਕਿ ਸੁਰਸਤੀ ਤੇ ਲੱਛਮੀ ਦੇਵੀਆਂ ਇਕੱਠੀਆਂ ਨਹੀਂ ਰਹਿ ਸਕਦੀਆਂ। ਸੁਰਸਤੀ ਦੇਵੀ ਚੰਗੇ ਸਾਹਿਤਕਾਰਾਂ ਜਾਂ ਕਲਾਕਾਰਾਂ ਕੋਲ ਰਹਿਣਾ ਪਸੰਦ ਕਰਦੀ ਹੈ ਜਿਸ ਕਰਕੇ ਉਸ ਦੀ ਕਿਰਪਾ ਦੇ ਪਾਤਰ ਜੇਬਾਂ ਤੋਂ ਅਕਸਰ ਖਾਲੀ ਹੁੰਦੇ ਹਨ। ਖਰੀਦ ਸਮਰਥਾ ਉਨ੍ਹਾਂ ਵਿਚ ਹੁੰਦੀ ਨਹੀਂ। ਇਸ ਲਈ ਕੁ ਪਾਤਰ ਦੇ ਵਸ ਪਿਆ ਸੋਨਾ ਵੀ ਖੋਜਾਰਥੀ ਲਈ ਮਿੱਟੀ ਹੋ ਜਾਂਦਾ ਹੈ।

ਇਤਿਹਾਸ ਸ੍ਰੋਤ ਲੱਭਣੇ ਬੜੇ ਔਖੇ ਹਨ। ਅਸਲ ਵਿਚ ਅਜਿਹਾ ਕੰਮ ਕਿਸੇ ਵਿਅਕਤੀ ਦਾ ਨਿੱਜੀ ਨਹੀਂ ਸਗੋਂ ਸੰਸਥਾਵਾਂ ਦੇ ਵੱਸ ਦਾ ਰੋਗ ਹੁੰਦਾ ਹੈ। ਕਈ ਵਾਰ ਕੋਈ ਇਤਿਹਾਸਕ ਮਹੱਤਵ ਦਾ ਮਸਾਲਾ ਕਿਸੇ ਅਨਪੜ੍ਹ ਕੋਲ ਵਾਧੂ ਦਾ ਭਾਰ ਬਣਿਆ ਪਿਆ ਹੁੰਦਾ ਹੈ। ਉਥੋਂ ਮਸਾਲੇ ਦੀ ਪ੍ਰਾਪਤੀ ਇੰਨੀ ਔਖੀ ਨਹੀਂ ਹੁੰਦੀ ਜਿੰਨੀ ਕਿਸੇ ਜਾਣਕਾਰ ਕੋਲੋਂ। ਬਹੁਤ ਵਾਰੀ ਹੁੰਦਾ ਇਹ ਹੈ ਕਿ ਖੋਜਾਰਥੀ ਦੀ ਲੋੜ ਦਾ ਸ੍ਰੋਤ ਤਾਂ ਮਿਲ ਜਾਂਦਾ ਹੈ ਪਰ ਉਹ ਉਸ ਦੀ ਖਰੀਦ ਸਮਰੱਥਾ ਤੋਂ ਬਾਹਰ ਹੁੰਦਾ ਹੈ ਜਿਸ ਕਰ ਕੇ ਉਹ ਉਸ ਦਾ ਲਾਭ ਉਠਾ ਨਹੀਂ ਸਕਦਾ ਪਰ ਕਈ ਵਾਰ ਮਾਲਕ ਦੇ ਘਰ ਪਿਆ ਹੀ ਰੁਲ ਜਾਂਦਾ ਤੇ ਭੰਗ ਦੇ ਭਾੜੇ ਚਲੇ ਜਾਂਦਾ ਹੈ। ਇਤਿਹਾਸਕ ਮਸਾਲੇ ਦੀ ਖੋਜ ਦੇ ਲੇਖੇ

1- ਸ੍ਰੀ ਆਦਿ ਗ੍ਰੰਥ ਸਾਹਿਬ, ਪੰਨਾ-1255

2. Sanehi Swaran Singh.Contradictions in British Records on Kuka Movement, Punjab History Conference, Proceedings. Patiala, Sesssion-X.

Namdhari Elibrary NamdhariElibrary@gmail.com

ਜੀਵਨ ਅਰਪਤ ਕਰ ਦੇਣ ਵਾਲੇ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੀ ਗਵਾਹੀ ਇਸ ਸਬੰਧ ਵਿਚ ਸਾਡੀ ਗੱਲ ਨੂੰ ਵਧੇਰੇ ਸਪਸ਼ਟ ਕਰ ਸਕੇਗੀ।

ਸਰਦਾਰ ਜੀ ਨੇ ਬੀ ਏ ਦੀ ਪੜ੍ਹਾਈ ਵਿੱਚੇ ਛੱਡ ਕੇ ਸਿੱਖ ਜਾਂ ਲਾਹੌਰ ਦਰਬਾਰ ਦੇ ਪੁਰਾਣੇ ਰੋਜ਼ਨਾਮਚੇ ਤੇ ਬਿਰਧਾਂ ਦੇ ਬਿਆਨ ਇਕੱਠੇ ਕਰਨ ਦਾ ਅਸੰਭਵ ਕੰਮ ਸੰਭਵ ਕਰ ਕੇ ਦਿਖਾਉਣ ਦਾ ਬੀੜਾ ਚੁੱਕ ਲਿਆ ਜਿਹੜਾ ਉਨ੍ਹਾਂ ਨੂੰ ਲੈ ਹੀ ਬੈਠਾ ਸੀ। ਉਹ ਦੱਸਦੇ ਹਨ:

'ਪੁਰਾਣੇ ਕਾਗਜ਼ਾਂ ਨੂੰ ਖਰੀਦਣ ਲਈ ਮੇਰੇ ਪਾਸ ਵਾਧੂ ਰੁਪਿਆ ਕੋਈ ਨਹੀਂ ਸੀ, ਇਸ ਲਈ ਮੈਂ ਆਪਣੇ ਵਿਤ ਅਨੁਸਾਰ ਆਪਣੇ ਵਲੋਂ ਜ਼ਰੂਰੀ ਜ਼ਰੂਰੀ ਕਾਗਜ਼ ਹੀ ਖਰੀਦਦਾ ਸਾਂ, ਤੇ ਦੂਜੇ ਕਾਗਜ਼ਾਂ ਨੂੰ ਰੱਦੀ ਸਮਝ ਕੇ ਛੱਡ ਦੇਂਦਾ ਸਾਂ। ਇਕ ਦਿਨ ਦੀ ਗੱਲ ਹੈ ਕਿ ਇਕ ਨਾਈ ਪਾਸ ਮੈ ਪਸ਼ੌਰ ਦੇ ਅਖਬਾਰ ਨਵੀਸ ਦੀਆਂ ਰਪੋਟਾਂ ਦੀਆਂ ਤਿੰਨ ਸੋਹਣੀਆਂ ਜਿਲਦਾਂ ਵੇਖੀਆਂ, ਮੈਂ ਉਨ੍ਹਾਂ ਨੂੰ ਪੜਿਆ ਤਾਂ ਮੇਰੇ ਪਸੰਦ ਆ ਗਈਆਂ। ਇਹ ਸੰਮਤ 1898-99 ਦੀਆਂ ਸਨ। ਜਦ ਕਿ ਲਾਹੌਰ ਦਰਬਾਰ ਸਰਕਾਰ ਅੰਗਰੇਜ਼ੀ ਨੂੰ ਪਹਿਲੇ ਪਠਾਣ ਜੁੱਧ ਦੀ ਔਕੜ ਸਮੇਂ ਭਾਰੀ ਸਹਾਇਤਾ ਦੇ ਰਿਹਾ ਸੀ। ਮੈਂ ਮੁੱਲ ਪੁੱਛਿਆ, ਤਾਂ ਉਸ ਨੇ ਐਤਨਾ ਦੱਸਿਆ ਜੋ ਮੇਰੇ ਵਿਤ ਤੋਂ ਬਹੁਤ ਬਹੁਤ ਵਧੀਕ ਸੀ। ਇਸ ਲਈ ਮੈਂ ਲਚਾਰ ਹੋ ਕੇ ਉਹ ਰੋਜ਼ਨਾਮਚੇ ਛੱਡ ਆਇਆ।

ਕੁਝ ਚਿਰ ਮਗਰੋਂ ਮੈਂ ਜਦ ਫੀਰੋਜ਼ਪੁਰ ਅਪੜਿਆ ਤਾਂ ਇਨ੍ਹਾਂ ਰੋਜ਼ਨਾਮਚਿਆਂ ਦੀ ਗੱਲ ਮੈਂ ਭਾਈ ਸਾਹਿਬ ਤਖਤ ਸਿੰਘ ਜੀ ਪਾਸ ਕੀਤੀ। ਆਪ ਨੇ ਕਿਹਾ, ਕਿ ਅਜਿਹੀ ਅਮੋਲਕ ਚੀਜ਼ ਕਿਸੇ ਮੁਲੋਂ ਵੀ ਸਸਤੀ ਹੈ, ਚਲੋ ਲੈ ਆਈਏ। ਆਪ ਨੇ ਉਸੇ ਵੇਲੇ ਰੁਪਏ ਦਾ ਪ੍ਰਬੰਧ ਕੀਤਾ, ਅਤੇ ਅਸੀਂ ਦੋਵੇਂ ਜਣੇ ਲਾਹੌਰ ਅੱਪੜ ਪਏ। ਸੰਜੋਗ ਦੀ ਗੱਲ ਕਿ ਉਸ ਸਮੇਂ ਤੀਕ ਉਹ ਨਾਈ ਮਰ ਚੁਕਾ ਸੀ ਤੇ ਉਸ ਦਾ ਪੁੱਤਰ ਲਾਹੌਰ ਦੇ ਕਿਸੇ ਹੋਰ ਮਹੱਲੇ ਵਿਚ ਜਾ ਰਿਹਾ ਸੀ। ਪਰ ਸਾਨੂੰ ਅੱਗ ਲੱਗੀ ਹੋਈ ਸੀ, ਫਿਰ ਫਿਰਾ ਕੇ ਉਸ ਨੂੰ ਲੱਭ ਹੀ ਲਿਆ, ਅਤੇ ਰੋਜ਼ਨਾਮਚਿਆਂ ਬਾਬਤ ਗਲ ਕੀਤੀ। ਉਸ ਨੇ ਕਿਹਾ ਕਿ ਹਾਂ, ਅਜਿਹੀਆਂ ਤਿੰਨ ਜਿਲਦਾਂ ਮੇਰੇ ਪਾਸ ਹੈਗੀਆਂ ਸਨ, ਪਰ ਕੁਝ ਚਿਰ ਹੋਇਆ ਕਿ ਫਲਾਣਾ ਆਦਮੀ ਮੇਰੇ ਪਾਸੋਂ ਮੁੱਲ ਲੈ ਗਿਆ ਹੋਇਆ ਹੈ। ਅਸਾਂ ਕਹਿਆ, ਚੱਲ ਓਸੇ ਨਾਲ ਹੀ ਸੌਦਾ ਚੱਲ ਕਰੀਏ। ਸੰਝ ਵੇਲੇ ਉਸ ਦੀ ਹਵੇਲੀ ਅੱਪੜੇ, ਅਤੇ ਰੋਜ਼ਨਾਮਚਿਆਂ ਦੀ ਗੱਲ ਕੀਤੀ। ਉਸ ਨੇ ਕਹਿਆ, ਕਿ ਹਾਂ, ਮੈਂ ਹੀ ਲੈ ਆਇਆ ਸਾਂ। ਪਰ ਮੈਂ ਵੇਚ ਨਹੀਂ ਸਕਦਾ। ਮੈਂ ਆਪਣੇ ਲਈ ਖਰੀਦੀਆਂ ਸਨ। ਅਸਾਂ ਕਹਿਆ ਕਿ ਦਰਸ਼ਨ ਹੀ ਕਰਵਾ ਦੇਵੇ। ਉਸ ਨੇ ਕਹਿਆ ਕਿ ਮੈਂ ਹੁਣ ਪਿਨਸ਼ਨ ਲੈ ਕੇ ਆਪਣੇ ਵਤਨ ਝੰਗ ਨੂੰ ਜਾ ਰਿਹਾ ਹਾਂ, ਅਸਬਾਬ ਬੰਦ ਹੋ ਰਿਹਾ ਹੈ, ਇਸ ਲਈ ਪਤਾ ਨਹੀਂ । ਉਹ ਰੋਜ਼ਨਾਮਚੇ ਕਿਥੇ ਹੋਣਗੇ? ਪਰ ਜੇਕਰ ਤੁਸੀਂ ਹੋਰ ਪੁਰਾਣੀਆਂ ਪੁਸਤਕਾਂ ਵੇਖਣੀਆਂ ਹੋਣ ਤਾਂ ਵਿਖਾ ਸਕਦਾ ਹਾਂ। ਅਸਾਂ ਕਹਿਆ ਕਿ ਏਸੇ ਤਰ੍ਹਾਂ ਸਹੀ। ਉਹ ਰਬ ਦੇ ਬੰਦੇ ਨੇ ਪਾਸ ਦੀ ਅਲਮਾਰੀ ਖੋਲ੍ਹੀ, ਜੋ ਲਿਖਤੀ ਪੁਸਤਕਾਂ ਨਾਲ ਭਰੀ ਪਈ ਸੀ। ਮੈਂ ਕੁਝ ਕੁ ਪੁਸਤਕਾਂ ਵੇਖੀਆਂ ਅਤੇ ਹੈਰਾਨ ਰਹਿ ਗਿਆ, ਕਿ ਇਸ ਇਕ ਬੰਦੇ ਪਾਸ ਕਿਤਨਾ ਪੁਰਾਣਾ ਮਸਾਲਾ ਜਮ੍ਹਾਂ ਪਿਆ ਹੈ। ਮੈਂ ਸੱਚ ਕਹਿੰਦਾ ਹਾਂ ਕਿ ਸਾਡੇ ਕਿਸੇ ਸਿੱਖ ਸਰਦਾਰ ਪਾਸ ਉਨ੍ਹਾਂ ਪੁਸਤਕਾਂ ਦਾ ਪਾਸੰਗ ਮਾਤਰ ਵੀ ਨਹੀਂ ਹੋਵੇਗਾ।'[1]

ਅਜਿਹੀ ਸਥਿਤੀ ਵਿਚੋਂ ਸਾਡੇ ਬਹੁਵਿਧਾਵੀ ਸਾਹਿਤਕਾਰ ਤੇ ਇਤਿਹਾਸਕਾਰ ਸੰਤ ਇੰਦਰ ਸਿੰਘ 'ਚਕ੍ਰਵਰਤੀ' ਨੂੰ ਵੀ ਲੰਘਣਾ ਪਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਦੇ ਰੁਕਨ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਪਠਾਨਕੋਟ ਕੁੱਲੂ ਰੋਡ ਤੇ ਇਕ ਬਾਰਾਂਦਰੀ ਤੇ ਧਰਮਸ਼ਾਲਾ ਬਣਵਾਈ ਸੀ ਜਿਥੇ ਹੱਥ ਲਿਖਤਾਂ ਦਾ ਵੱਡਾ ਸੰਗ੍ਰਹਿ ਹੋਣ ਦਾ ਪਤਾ ਸੰਤ ਜੀ ਨੇ ਲਾਇਆ ਸੀ। ਉਨ੍ਹਾਂ ਰੋਣਾ ਰੋਇਆ ਸੀ:

'ਬਹੁਤ ਸਾਰੇ ਪੁਸਤਕ ਮੈਂ ਸੰਨ 1941 ਵਿਚ ਡਿੱਠੇ ਸਨ ਪਰ ਅਣਜਾਣ ਤੇ ਬੇ ਸੂਝ ਮਹੰਤ ਨੇ ਬਹੁਤ ਕੁਝ ਸਿਉਂਕ ਨੂੰ ਖੁਆ ਛਡਿਆ ਸੀ ਕਿਉਂਕਿ ਉਸਨੂੰ ਲਿਖਤ ਪੜ੍ਹਨੀ ਨਹੀਂ ਸੀ ਆਉਂਦੀ? ਪੈਸੇ ਜਿੰਨੇ ਉਹ ਮੰਗਦਾ ਸੀ ਉਨੇ ਸਾਡੇ ਕੋਲ ਨਹੀਂ ਸਨ, ਫੌਜਾਂ ਦੀਆਂ ਦੇਗਾਂ ਮਸਤਾਨੀਆਂ ਤੇ ਖੀਸੇ ਖਾਲੀ ਸਨ।'[2]

ਹਰ ਵਿਅਕਤੀ ਜਾਂ ਜਥੇਬੰਦੀ ਨੂੰ ਵਾਚਣ ਘੋਖਣ ਦਾ ਹਰ ਵਿਅਕਤੀ ਦਾ ਆਪੋ ਆਪਣਾ ਢੰਗ ਤੇ ਦ੍ਰਿਸ਼ਟੀਕੋਣ ਹੁੰਦਾ ਹੈ ਤੇ ਇਸ ਉਪਰ ਬਹੁਤ ਹੱਦ ਤੱਕ ਉਸ ਦੇ ਨਿੱਜੀ ਹਿੱਤਾਂ ਦਾ ਪ੍ਰਭਾਵ ਵੀ ਹੁੰਦਾ ਹੈ। ਹਾਥੀ ਦੀ ਚਾਰ ਅੰਨਿਆਂ ਨੇ ਟੋਹ ਪਰਖ ਕੀਤੀ ਸੀ ਪਰ ਹਰ ਇਕ ਦੀ ਪਰਖ ਦਾ ਸਿੱਟਾ ਆਪੋ ਆਪਣਾ ਸੀ।

ਹਰ ਵਿਅਕਤੀ ਬਾਰੇ ਬਹੁਤ ਗੱਲਾਂ ਅਜਿਹੀਆਂ ਵੀ

1.ਸਰਦਾਰ ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ,ਸੰਪਾਦਕ ਗਿ: ਹੀਰਾ ਸਿੰਘ ਦਰਦ, ਅੰਮ੍ਰਿਤਸਰ, 1980, ਪੰਨਾ-376-77

2, ਸੰਤ ਇੰਦਰ ਸਿੰਘ ਚਕ੍ਰਵਰਤੀ, ਕੂਕਿਆਂ ਬਾਰੇ।

Namdhari Elibrary NamdhariElibrary@gmail.com

ਹੁੰਦੀਆਂ ਹਨ ਜਿਹੜੀਆਂ ਸਾਨੂੰ ਸਰਕਾਰੀ ਰਿਕਾਰਡ ਵਿਚੋਂ ਨਹੀਂ ਮਿਲ ਸਕਦੀਆਂ ਹੁੰਦੀਆਂ। ਉਦਾਹਰਣ ਵਜੋਂ ਗੁਰੂ ਗੋਬਿੰਦ ਸਿੰਘ ਦੇ ਭੰਗਾਣੀ ਤੇ ਚਮਕੌਰ ਜੁੱਧ ਵਿਚਲੇ ਕੁਛ ਤੱਥ ਜਿਵੇਂ ਰਾਜਾ ਹਰੀ ਚੰਦ ਵਲੋਂ ਉਨ੍ਹਾਂ ਉੱਪਰ ਛੱਡੇ ਗਏ ਤੀਰ ਦਾ ਬਿਨਾਂ ਕੋਈ ਨੁਕਸਾਨ ਕੀਤਿਆਂ ਉਨ੍ਹਾਂ ਦੇ ਕੰਨ ਕੋਲੋਂ ਲੰਘ ਜਾਣਾ* ਜਾਂ ਅਨੰਦਪੁਰ ਸਾਹਿਬ ਉਪਰ ਰਾਤ ਦੇ ਸਮੇਂ ਦਿਲਾਵਰ ਖਾਂ ਵਲੋਂ ਹਮਲਾ ਕੀਤੇ ਜਾਣ ਸਮੇਂ ਗੁਰੂ ਸਾਹਿਬ ਨੂੰ ਅੱਧੀ ਰਾਤ ਨੂੰ ਜਗਾ ਕੇ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂ ਆਲਮ* ਹੋਣਾ ਜਾਂ ਚਮਕੌਰ ਦੀ ਲੜਾਈ ਦੌਰਾਨ ਚੰਦ ਚਾਨਣੀ ਵਿਚ ਜੁੱਧ ਦਾ ਹੋਣਾ ਤੇ ਪਰਛਾਵੇਂ ਦੀ ਓਟ ਵਿਚ ਛੁਪੇ ਦੁਸ਼ਮਣ ਦੀ ਨਿਸ਼ਾਨਦੇਹੀ ਕੀਤੀ ਜਾਣੀ ਆਦਿ।*

ਹੁਣ ਅਸੀਂ ਆਪਣੇ ਇਤਿਹਾਸ, ਇਤਿਹਾਸ ਸ੍ਰੋਤਾਂ ਤੇ ਇਤਿਹਾਸਕਾਰਾਂ ਦੀ ਗੱਲ ਵੱਲ ਆਈਏ। ਪਹਿਲਾਂ ਪੁਰਾਤੱਤਵੀ ਖੋਜ ਨੂੰ ਹੀ ਵਿਚਾਰਨਾ ਚਾਹੀਦਾ ਹੈ।

ਜੁੱਗਾਂ ਪੁਰਾਣੇ ਸਥਾਨਾਂ ਜਾਂ ਥੇਹਾਂ ਦੀ ਖੁਦਾਈ ਕਰਨ ਦਾ ਕੰਮ ਪੁਰਾਤਤਵ ਵਿਭਾਗ ਦੇ ਖੋਜੀ ਕਰਦੇ ਹਨ ਜਿਹੜੇ ਖੁਦਾਈ ਕਰ ਕੇ ਲੱਭੀਆਂ ਵਸਤਾਂ-ਬਰਤਨ ਤੇ ਸਿੱਕੇ ਆਦਿ ਤੋਂ ਉਥੋਂ ਦੀ ਵਸੋਂ, ਰਹਿਣ ਸਹਿਣ ਤੇ ਵਸਤਾਂ ਤੋਂ ਉਨ੍ਹਾਂ ਦੀ ਉਮਰ ਦਾ ਅਨੁਮਾਨ ਲਾਉਂਦੇ ਹਨ ਜਿਹੜਾ ਪੁਰਾਤਨ ਕਾਲ ਦੀ ਇਤਿਹਾਸਕਾਰੀ ਦਾ ਵਿਸ਼ੇਸ਼ ਅੰਗ ਬਣਦਾ ਹੈ। ਸਿੰਧ ਘਾਟੀ ਦੀ ਸੱਭਿਅਤਾ ਬਾਰੇ ਸਾਰਾ ਗਿਆਨ ਇਸੇ ਖੋਜ ਤੇ ਆਧਾਰਤ ਹੈ। ਵਰਤਮਾਨ ਸਮੇਂ ਵਿਚ ਹਰਿਆਣਾ ਦੇ ਰਾਖੀ ਗੜੀ ਦੇ ਸਥਾਨ ਤੇ ਹੋਈ ਪੁਰਾਤੱਤਵੀ ਖੋਜ ਸਾਡੀ ਪੁਰਾਣੀ ਸੱਭਿਅਤਾ ਦੇ ਇਤਿਹਾਸ ਨੂੰ ਹੋਰ ਅਮੀਰ ਕਰ ਰਹੀ ਹੈ। ਨਾਮਧਾਰੀ ਪੰਥ ਦਾ ਇਹ ਵਿਸ਼ਵਾਸ ਹੈ ਕਿ ਸਤਿਗੁਰੂ ਰਾਮ ਸਿੰਘ ਭਗਵਾਨ ਰਾਮਚੰਦਰ ਦਾ ਅਵਤਾਰ ਸਨ।

ਨਾਮਧਾਰੀ ਪੰਥ ਦੇ ਮੁੱਢ ਨਾਲ ਸਬੰਧਤ ਤੇ ਭੈਣੀ ਸਾਹਿਬ ਦਾ ਸਬੰਧ ਭਗਵਾਨ ਰਾਮ ਚੰਦਰ ਨਾਲ ਜੋੜਨ ਵਾਲਾ ਇਕ ਅਜਿਹਾ ਪੁਰਾਤਤਵੀ ਮਹੱਤਵ ਵਾਲਾ ਸਥਾਨ ਹੁੰਦਾ ਸੀ ਜਿਸ ਨੂੰ ਅਸੀਂ ਹੁਣ ਰਾਮਸਰੋਵਰ ਕਹਿੰਦੇ ਹਾਂ। ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਇਹ ਗੱਲ ਪ੍ਰਗਟ ਹੋਈ ਕਿ ਸਰੋਵਰ ਦੀ ਖੁਦਾਈ ਕਰਨ ਵੇਲੇ ਧਰਤੀ ਦੀ ਡੂੰਘਾਈ ਵਿਚੋਂ ਥਿੰਦੇ ਕੋਲੇ ਨਿਕਲੇ ਸਨ ਜਿਨ੍ਹਾਂ ਦਾ ਜ਼ਿਕਰ ਆਪ ਨੇ ਗਾਂਧੀਵਾਦੀ ਇਤਿਹਾਸਕਾਰ ਪੰਡਤ ਸੁੰਦਰ ਲਾਲ ਜੀ ਨਾਲ ਕੀਤਾ ਸੀ ਤੇ ਪੰਡਤ ਜੀ ਨੇ ਇਸ ਇਲਾਕੇ ਵਿਚ ਬਣਵਾਸ ਦੌਰਾਨ ਭਗਵਾਨ ਰਾਮ ਦੇ ਵਿਚਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਸੀ ਕੀਤਾ।[1] ਜੇ ਉਹ ਖੁਦਾਈ ਪੁਰਾਤਤਵ ਵਿਭਾਗ ਦੇ ਵਿਸ਼ੇਸ਼ਗਾਂ ਦੁਆਰਾ ਹੋਈ ਹੁੰਦੀ ਤਦ ਕੋਲਿਆਂ ਦੀ ਉਮਰ ਵਿਗਿਆਨਕ ਤੌਰ ਤੇ ਸਿੱਧ ਹੋ ਗਈ ਹੁੰਦੀ ਤੇ ਨਾਲੇ ਸਤਿਗੁਰੂ ਰਾਮ ਸਿੰਘ ਜੀ ਦਾ ਪਿਛੋਕੜ। ਅਸੀਂ ਉਹ ਮੌਕਾ ਖੁੰਝਾ ਬੈਠੇ।

ਭਾਰਤ ਵਿਚ ਆਪਣਾ ਸਭ ਤੋਂ ਵੱਡਾ ਤੇ ਖਤਰਨਾਕ ਰਾਜ ਦੁਸ਼ਮਣ ਸਮਝ ਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨੀ ਦੇ ਹੁਕਮ ਦੇ ਤੁਰਤ ਪਿਛੋਂ 18 ਜਨਵਰੀ 1872 ਦੇ ਦਿਨ ਹੀ ਕਰਨਲ ਬੇਲੀ ਵਲੋਂ ਭੈਣੀ ਸਾਹਿਬ ਦੇ ਨਾਮਧਾਰੀ ਕੇਂਦਰ ਦੀ ਤਲਾਸ਼ੀ ਲਈ ਗਈ। ਬਜ਼ੁਰਗਾਂ ਤੋਂ ਸੁਣਦੇ ਰਹੇ ਹਾਂ ਕਿ ਹਥਿਆਰ ਬਣਾਏ ਜਾਣ ਦੀ ਸ਼ੱਕ ਵਿਚ ਸ਼ੱਕੀ ਥਾਵਾਂ ਦੀ ਪਾਣੀ ਹਾਂਡੇ ਤਕ ਅਰਥਾਤ ਪਾਣੀ ਦੀ ਡੂੰਘਾਈ ਤਕ ਪੁਟਾਈ ਕਰਵਾਈ ਗਈ ਸੀ ਪਰ ਕਰਨਲ ਬੇਲੀ ਡੂੰਘਾਈ ਦੀ ਇਹ ਗੱਲ ਨਹੀਂ ਕਰਦਾ। ਤੋਪਾਂ ਬੰਦੂਕਾਂ ਦੀ ਥਾਂ ਟਕੂਏ ਸਫਾ ਜੰਗਾਂ ਦੀ ਪ੍ਰਾਪਤੀ ਹੋਈ ਹੀ ਦੱਸਦਾ ਹੈ।[2]

18 ਜਨਵਰੀ 1972 ਨੂੰ ਹੀ ਗੁਰਦਵਾਰੇ ਦੇ ਬੂਹੇ ਅੱਗੇ ਪੁਲਸ ਚੌਕੀ ਬਿਠਾਈ ਗਈ। ਚੌਂਕੀ ਵਾਲੀਆਂ ਇਹ ਕੱਚੀਆਂ ਦੋ ਕੋਠੜੀਆਂ ਇਹ ਲੇਖਕ ਛੋਟੀ ਉਮਰੇ ਭੈਣੀ ਸਾਹਿਬ ਗਿਆ ਦੇਖਦਾ ਰਿਹਾ ਹੈ। ਵਿਕਾਸ ਦੇ ਦੌਰ ਵਿਚ ਇਨ੍ਹਾਂ ਕੋਠੜੀਆਂ ਦੀ ਵੀ ਅਸੀਂ ਸੰਭਾਲ ਨਹੀਂ ਕਰ ਸਕੇ ਜਿਸ ਕਰ ਕੇ ਅਣਜਾਣੇ ਹੀ ਸਾਡੇ ਇਤਿਹਾਸ ਨਾਲ ਸਬੰਧਤ ਇਕ ਸਥਾਨ ਅਲੋਪ ਹੋ ਗਿਆ ਜਿਸ ਕਾਰਨ ਇਤਿਹਾਸਕ ਪੱਖੋਂ ਸਾਡਾ ਬਹੁਤ ਨੁਕਸਾਨ ਹੋਇਆ ਹੈ।

17 ਜਨਵਰੀ 1872 ਦੀ ਸ਼ਾਮ ਨੂੰ ਸਤਿਗੁਰੂ ਰਾਮ ਸਿੰਘ ਨੂੰ ਪੁਲਿਸ ਵੱਲੋਂ ਬੁਲਾਏ ਜਾਣ ਤੇ ਲੁਧਿਆਣੇ ਲਈ ਗੱਡੇ ਤੇ ਅਸਵਾਰ ਹੋਣ ਦੀ ਸਾਡੇ ਪ੍ਰਸਿੱਧ ਮੁਸੱਵਰ ਵਰਿਆਮ ਸਿੰਘ ਦੀ ਬਣਾਈ ਤਸਵੀਰ ਦੇ ਪਿਛੇ ਪਿੱਪਲ ਦਾ ਰੁੱਖ ਦਿਸਦਾ ਹੈ। ਇਹ ਪਿਪਲ ਲੰਗਰ ਸਥਾਨ ਤੋਂ ਅਕਾਲ ਬੁੰਗੇ ਵਲ ਨੂੰ ਜਾਂਦਿਆਂ ਨਜ਼ਰ ਪੈਂਦਾ ਹੈ। ਇਹ ਰੁਖ ਇਹ ਦਰਸਾਉਂਦਾ ਹੈ ਕਿ ਗੁਰੂ ਜੀ ਨੇ ਇਥੋਂ ਪ੍ਰਸਥਾਨ ਕੀਤਾ ਸੀ। ਇਸ ਪਿਪਲ ਦਾ ਇਤਿਹਾਸਕ ਮਹੱਤਵ ਹੈ। ਇਸ ਦੀ ਉਮਰ ਦਾ ਅਨੁਮਾਨ ਵੀ ਲਗਵਾਇਆ ਜਾ ਸਕਦਾ ਸੀ। ਇਹ ਵੱਢ ਹੋਣੋਂ ਬਚਾਇਆ ਜਾਣਾ ਚਾਹੀਦਾ ਹੈ। ਪਿੱਪਲ ਦੇ ਨੇੜੇ ਕੱਚੀਆਂ ਕੋਠੜੀਆਂ ਦੇ ਉਪਰ ਚੁਬਾਰੇ ਹੁੰਦੇ ਸਨ। ਗਿਣਤੀ ਹੁਣ ਯਾਦ ਨਹੀਂ ਕਿਉਂਕਿ

* ਸ੍ਰੀ ਦਸਮ ਗ੍ਰੰਥ ਸਾਹਿਬ ਪੰਨਾ 62, 65, 1390।

1, ਰਿਕਾਰਡ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ।

2 Report by Col.Baillie, 18th Jan 1872.NAI, New Delhi.

Namdhari Elibrary NamdhariElibrary@gmail.com

ਬਚਪਨ ਦੀਆਂ ਗੱਲਾਂ ਹਨ। ਇਨ੍ਹਾਂ ਵਿਚੋਂ ਇਕ ਚੁਬਾਰੇ ਵਿਚ, ਚੌਂਕੀ ਵਾਲੇ ਗੇਂਦੇ ਹੌਲਦਾਰ ਜਾਂ ਸਿਪਾਹੀ ਦਾ ਕਾਤਲ, ਸਾਡਾ ਜੁਝਾਰੂ ਸੂਰਮਾ ਭਗਵਾਨ ਸਿੰਘ ਅੜਬੰਗੀ ਰਹਿੰਦਾ ਰਿਹਾ ਪਰ ਪੁਲਿਸ ਨੂੰ ਭਿਣਕ ਨਹੀਂ ਸੀ ਪੈਣ ਦਿਤੀ।

ਪੁਰਾਤਨ ਲਿਖਤਾਂ ਵੀ ਇਤਿਹਾਸ ਦਾ ਬਹੁਮੁੱਲਾ ਸ੍ਰੋਤ ਹੁੰਦੀਆਂ ਹਨ। ਕੁਛ ਹੱਦ ਤੱਕ ਪੁਰਾਣੀਆਂ ਲਿਖਤਾਂ, ਜਿਵੇਂ ਗੁਰਿੰਡਨਾਮਾ, ਜਨਮ ਸਾਖੀ ਗੁਰੂ ਨਾਨਕ ਦੇਵ ਆਦਿ ਵੀ ਸਾਡੇ ਇਤਿਹਾਸ ਦੇ ਮੂਲ ਸ੍ਰੋਤ ਹਨ ਜਿਨ੍ਹਾਂ ਵਿਚ ਸਤਿਗੁਰੂ ਰਾਮ ਸਿੰਘ ਬਾਰੇ ਭਵਿੱਖ ਬਾਣੀਆਂ ਵਰਗੀਆਂ ਗੱਲਾਂ ਦਰਜ ਹਨ।

ਅਗਲਾ ਸ੍ਰੋਤ ਹੈ ਮੁਹਾਫਜ਼ਖਾਨੇ ਵਿਚ ਸੰਭਾਲੀਆਂ ਪਈਆਂ ਮਿਸਲਾਂ। ਪੰਥ ਦੇ ਮੁਖੀ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦੀ ਜਥੇਬੰਦੀ ਜਾਂ ਅੰਦੋਲਨ ਬਾਰੇ ਅਣਗਿਣਤ ਮਿਸਲਾਂ ਹਨ ਪਰ ਬਾਬਾ ਬੁੱਧ ਸਿੰਘ ਦੀਆਂ ਮੁਕਾਬਲਤਨ ਬਹੁਤ ਘੱਟ ਹੋਣਗੀਆਂ ਕਿਉਂਕਿ ਉਸ ਸਮੇਂ ਇਹ ਸਾਧਾਰਨ ਕਿਸਾਨ ਹੀ ਸਨ। ਇਸ ਹਿਸਾਬ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਕਰਨ ਦੇ ਸਮੇਂ ਤੋਂ ਵੀ ਪਿਛੋਂ ਨਾਂ ਬਦਲੀ ਵਾਲਾ ਹੁਕਮ ਨਾਮਾ ਰੰਗੂਨ ਤੋਂ ਆਉਣ ਦੇ ਸਮੇਂ ਤਕ ਦੇ ਸ੍ਰੋਤ ਸਾਂਝੇ ਹਨ। ਬਾਬਾ ਬੁਧ ਸਿੰਘ ਦਾ ਨਾਂ, ਪ੍ਰਦੇਸ ਗਵਨ ਹੋ ਜਾਣ ਪਿਛੋਂ ਡੇਰੇ ਦੀਆਂ ਜ਼ਿੰਮੇਵਾਰੀਆਂ ਦੀ ਸੰਭਾਲ ਦੇ ਪ੍ਰਸ਼ਨ ਉਠਣ ਤੋਂ ਪਿਛੋਂ ਆਉਣਾ ਸ਼ੁਰੂ ਹੋਇਆ। ਇਸ ਲਈ ਬਾਬਾ ਬੁਧ ਸਿੰਘ ਜਾਂ ਗੁਰੂ ਹਰੀ ਸਿੰਘ ਨਾਲ ਸਬੰਧਤ ਮਿਸਲਾਂ 1872 ਈ: ਤੋਂ ਪਿਛੋਂ ਥੋੜ੍ਹੀ ਗਿਣਤੀ ਵਿਚ ਹੋ ਸਕਦੀਆਂ ਹਨ ਪਰ ਇਹ ਅਜੇ ਖੋਜ ਦੀਆਂ ਮੁਥਾਜ ਹਨ।

ਉਂਜ 1878-79 ਦੀਆਂ ਸਰਕਾਰੀ ਰਿਪੋਰਟਾਂ ਵਿਚ ਲਾਟੋਂ ਦੀ ਢੱਕੀ ਜਾਂ ਲੱਲ ਕਲਾਂ ਵਿਚ ਗੁਰੂ ਹਰੀ ਸਿੰਘ ਦੀ ਪ੍ਰਧਾਨਗੀ ਹੇਠ ਚੋਰੀ ਛਿਪੇ ਜਾਂ ਗੁਪਤ ਵਿਚਾਰ ਬੈਠਕਾਂ ਹੋਣ ਦਾ ਜ਼ਿਕਰ ਮਿਲਦਾ ਹੈ।[1] ਪੁਲਸ ਚੌਂਕੀ ਦੀਆਂ ਮਿਸਲਾਂ ਵਿਚ ਤੇ ਅੜਬੰਗੀ ਜਾਂ ਗੇਂਦੇ ਸਿਪਾਹੀ ਆਦਿ ਦੇ ਕਤਲ ਦੀਆਂ ਮਿਸਲਾਂ ਵਿਚ ਗੁਰੂ ਜੀ ਦੇ ਜ਼ਿਕਰ ਹੋਣ ਦੀ ਸੰਭਾਵਨਾ ਬਹੁਤੀ ਹੈ ਪਰ ਇਸ ਪਾਸੇ ਨੇ ਖੋਜੀਆਂ ਦਾ ਧਿਆਨ ਵੀ ਅਜੇ ਆਕਰਸ਼ਤ ਨਹੀਂ ਕੀਤਾ।

ਸਾਡੇ ਹਿਸਾਬ ਗੁਰੂ ਹਰੀ ਸਿੰਘ ਦਾ ਸਮਾਂ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ ਗਵਨ ਕਰਨ ਦੇ ਦਿਨ ਤੋਂ ਹੀ ਆਰੰਭ ਹੋਣਾ ਮੰਨਿਆਂ ਜਾਣਾ ਚਾਹੀਦਾ ਹੈ। ਅੰਬਾਲੇ ਦਾ ਕਮਿਸ਼ਨਰ ਥਾਮਸ ਫੋਰਸਿਥ ਪੰਜਾਬ ਪੁਲਸ ਦੇ ਉਪ ਇਨਸਪੈਕਟਰ ਜਨਰਲ ਕਰਨਲ ਜੇ ਸੀ ਪੀ ਬੇਲੀ ਨੂੰ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਲੈਣ ਦਾ ਹੁਕਮ 17 ਜਨਵਰੀ ਦੇ ਦਿਨ ਦਿੰਦਿਆਂ ਤਾਗੀਦ ਕਰਦਾ ਹੈ ਕਿ ਉਹ ਦਸਵੀਂ ਬੰਗਾਲ ਘੋੜ ਸਵਾਰ ਫੌਜ ਦੇ 25 ਸਿਪਾਹੀ ਤੇ ਜਿੰਨੀ ਪੁਲਸ ਲੁਧਿਆਣੇ ਉਪਲਬਧ ਹੋਵੇ ਉਹ ਲੈ ਕੇ ਜਾਵੇ ਤੇ ਪਿੰਡ ਵਾਸੀਆਂ ਨੂੰ ਪਿੰਡੋਂ ਬਾਹਰ ਕੱਢ ਕੇ ਹਥਿਆਰ ਤੇ ਮਹੱਤਵ ਪੂਰਨ ਕਾਗਜ਼ਾਂ ਦੀ ਭਾਲ ਕਰੇ।[2] ਇਸ ਤਲਾਸ਼ੀ ਦੌਰਾਨ ਬਾਬਾ ਬੁੱਧ ਸਿੰਘ ਦੀ ਹਾਜਰੀ ਸਰਕਾਰੀ ਰਿਪੋਰਟ ਵਿਚ ਨਹੀਂ ਹੈ ਪਰ ਉਹ ਭੈਣੀ ਸਾਹਿਬ ਵਿਚ ਸਨ ਤੇ ਹੋ ਸਕਦਾ ਹੈ ਲੋਕਾਂ ਦੇ ਨਾਲ ਹੀ ਉਨ੍ਹਾਂ ਨੂੰ ਵੀ ਬਾਹਰ ਕੱਢ ਦਿਤਾ ਹੋਵੇ। ਆਪਣੀ ਰਿਪੋਰਟ ਵਿਚ ਉਹ ਲੋਕਾਂ ਨੂੰ ਸੜਕ ਤੇ ਕੱਢਣ ਦੀ ਗੱਲ ਲਿਖਦਾ ਹੈ ਪਰ ਜਾਪਦਾ ਹੈ ਉਹ ਪਿੰਡ ਦੀ ਫਿਰਨੀ ਨੂੰ ਹੀ ਸੜਕ ਕਹਿੰਦਾ ਹੈ ਕਿਉਂਕਿ ਭੈਣੀ ਸਾਹਿਬ ਨੂੰ ਪੱਕੀ ਸੜਕ ਤਾਂ ਸਤਿਗੁਰੂ ਪ੍ਰਤਾਪ ਸਿੰਘ ਵੇਲੇ ਵੀ ਨਹੀਂ ਸੀ।

ਬੇਲੀ ਨੇ ਤਲਾਸ਼ੀ ਗੁਆਂਢੀ ਪਿੰਡਾਂ ਦੇ ਤਿੰਨ ਲੰਬੜਾਂ ਦੀ ਹਾਜਰੀ ਵਿਚ ਲਈ। ਇਹ ਦੋ ਦਿਨ ਹੁੰਦੀ ਰਹੀ। ਬੇਲੀ ਨੂੰ ਰਾਜ ਭਗਤਾਂ ਵਲੋਂ ਪਾਈ ਸ਼ੱਕ ਵਾਲੀਆਂ ਤੋਪਾਂ ਬੰਦੂਕਾਂ ਤਾਂ ਕਿਤੇ ਨਾ ਲੱਭੀਆਂ ਪਰ ਉਸ ਦੀ ਸੂਚੀ ਵਿਚ 36 ਕੁਹਾੜੇ, 6 ਗੰਡਾਸੇ, ਸਿਰ ਤੇ ਸਜਾਏ ਜਾਣ ਵਾਲੇ ਬਹੁਤ ਸਾਰੇ ਚੱਕਰ,ਕਾਫੀ ਗਿਣਤੀ ਵਿਚ ਸਫਾਜੰਗ ਤੇ ਨੈਪਾਲ ਦੇ ਰਾਣਾ ਜੰਗ ਬਹਾਦਰ ਵਲੋਂ ਤੋਹਫੇ ਵਜੋਂ ਆਈਆਂ ਦੋ ਖੋਖਰੀਆਂ, 1500 ਰੁਪਏ ਨਕਦ, ਸੋਨੇ ਚਾਂਦੀ ਦੇ ਕੁਛ ਗਹਿਣੇ ਕੀਮਤੀ ਸ਼ਾਲ ਤੇ ਕੱਢੇ ਹੋਏ ਚੋਗੇ ਪੱਲੇ ਪਏ। ਬੇਲੀ ਡਿਪਟੀ ਇਨਸਪੈਕਟਰ ਅਮਰੋਆ ਅਲੀ ਸ਼ਾਹ ਅਧੀਨ 20 ਸਿਪਾਹੀ ਭੈਣੀ ਸਾਹਿਬ ਛੱਡ ਆਇਆ।[3]

ਤਲਾਸ਼ੀ ਬਾਰੇ ਜਿਹੜੀ ਗੱਲ ਨਾਮਧਾਰੀ ਬਜ਼ੁਰਗਾਂ ਵਿਚ ਪ੍ਰਚੱਲਤ ਹੈ ਉਹ ਵੀ ਸਾਰੀ ਝੂਠੀ ਨਹੀਂ। ਬੇਲੀ ਦੇ ਵਾਪਸ ਜਾਣ ਪਿਛੋਂ ਲੁਧਿਆਣੇ ਦੇ ਡੀ ਸੀ ਕਾਵਨ ਨੇ ਐਡਜੂਟੈਂਟ ਪੁਲਸ ਕਪਤਾਨ ਜੈਕਸਨ ਨੂੰ ਵੀ ਇਸੇ ਮੰਤਵ ਨਾਲ ਭੇਜਿਆ।[4] ਉਹਨੇ ਡੇਰੇ ਦੀ ਉਸ ਡੂੰਘਾਈ ਤੱਕ ਪੁਟਾਈ ਕਰਵਾ ਕੇ ਤਲਾਸ਼ੀ ਲਈ ਜਿਥੇ ਤੱਕ ਉਸ ਨੂੰ ਹਥਿਆਰ ਜਾਂ

1. Home Deptt,Jdi.B, Oct. 1881,188-95

2. Thomas D.Forsyth to Col.J.C.P.Baillie, Dy. Insp. General of Police, Pb, Ludhiana Circle, dated 17.1.1872.

3.COL.J.C.P.Baillies to T.D.Forsyth, Commissioner Ambala, 20.1.1872

4. From Mr.L.Cowan to T.D.Forsyth.Commissioner Ambala, 26.1.1872

Namdhari Elibrary NamdhariElibrary@gmail.com

ਖਜ਼ਾਨਾ ਦੱਬੇ ਹੋਣ ਦਾ ਸ਼ੱਕ ਹੋ ਸਕਦਾ ਸੀ ਪਰ ਮਿਲਿਆ ਉਸ ਨੂੰ ਕੁਛ ਵੀ ਨਾ।

ਇਹ ਜਾਣਕਾਰੀ ਸਾਨੂੰ ਸਰਕਾਰੀ ਰਿਕਾਰਡ ਵਿਚੋਂ ਹੀ ਮਿਲਦੀ ਹੈ। ਇਸ ਦਾ ਹੋਰ ਕੋਈ ਸ੍ਰੋਤ ਹੋ ਵੀ ਨਹੀਂ ਸਕਦਾ ਕਿਉਂਕਿ ਨਾਮਧਾਰੀ ਤਾਂ ਕੀ, ਉਥੇ ਤਾਂ ਸਾਧਾਰਨ ਪਿੰਡ ਵਾਸੀ ਵੀ ਮੌਜੂਦ ਨਹੀਂ ਸੀ ਰਹਿਣ ਦਿੱਤਾ ਗਿਆ।

ਪ੍ਰਦੇਸ ਗਵਨ ਕਰ ਜਾਣ ਪਿਛੋਂ ਬਰਮਾ ਪੁੱਜ ਕੇ ਸਤਿਗੁਰੂ ਰਾਮ ਸਿੰਘ ਜੀ ਨੇ ਬਾਬਾ ਬੁੱਧ ਸਿੰਘ ਜੀ ਵਲ ਇੱਕ ਪੱਤਰ ਗੋਪਾਲ ਸਿੰਘ ਤੇ ਬੁੱਧ ਸਿੰਘ ਦੇ ਨਾਂ ਲਿਖਿਆ ਸੀ। ਜਿਸ ਵਿਚ ਆਪ ਨੇ ਬਹੁਤੀਆਂ ਗੱਲਾਂ ਬਾਰੇ ਆਪਣੀ ਚਿੰਤਾ ਤੇ ਜਾਨਣ ਦੀ ਜਗਿਆਸਾ ਪ੍ਰਗਟਾਈ ਸੀ। ਇਸ ਪੱਤਰ ਦਾ ਅੰਗਰੇਜ਼ੀ ਉਲਥਾ ਰਿਕਾਰਡ ਵਿਚ ਉਪਲਬਧ ਹੈ। ਮਨੁੱਖੀ ਜੀਵਨ ਦੇ ਕਈ ਪੱਖਾਂ ਨੂੰ ਛੋਹਣ ਕਾਰਨ ਪੱਤਰ ਦੀ ਲੰਬਾਈ ਵਧ ਗਈ ਹੈ। ਉਲਥੇ ਤੋਂ ਕੀਤੇ ਪੁਲੱਥੇ ਦਾ ਮਜ਼ਮੂਨ ਇਸ ਤਰ੍ਹਾਂ ਹੈ:

ਸਮੂਹ ਸੰਗਤ ਨੂੰ ਮੇਰੀ ਫਤਹਿ ਤੇ ਬੀਬੀ ਨੰਦਾਂ ਨੂੰ ਰਾਮ ਸੱਤ ਵਾਚਣੀ।

ਸਰੀਰ ਕਰ ਕੇ ਮੈਂ ਇਥੇ ਅਨੰਦ ਹਾਂ। ਸਰਕਾਰ ਸਾਨੂੰ ਭੋਜਨ ਤੇ ਬਸਤਰ ਦਿੰਦੀ ਹੈ। ਪਰ ਵਿਛੋੜੇ ਦੀ ਅੱਗ ਮੈਨੂੰ ਬਹੁਤ ਸਾੜਦੀ ਹੈ। ਕਲਕੱਤੇ ਤੋਂ ਅਸੀਂ ਸਾਢੇ ਚਾਰ ਦਿਨਾਂ ਦੇ ਸਫਰ ਦੀ ਦੂਰੀ ਤੇ ਹਾਂ। ਇਸ ਸ਼ਹਿਰ ਦਾ ਨਾਂ ਰੰਗੂਨ ਹੈ। ਇਹ ਸਮੁੰਦਰੀ ਬੰਦਰਗਾਹ ਹੈ। ਮੈਨੂੰ ਲਿਖ ਕੇ ਪਤਾ ਦੇਣਾ ਕਿ 'ਬੜੇ ਬਾਬਾ ਜੀ ਦਾ ਕੀ ਹਾਲ ਹੈ? ਕੀ ਉਹ ਚਲਾਣਾ ਕਰ ਗਏ ਹਨ? ਸਾਡਾ ਆਸਰਾ ਤਾਂ ਕੇਵਲ ਗੁਰੂ ਹੀ ਹੈ ਜਿਹਦੀ ਇਹ ਮਾੜੀ ਕਿਸਮਤ ਵੀ ਲਿਖੀ ਹੋਈ ਹੈ। ਮੈਨੂੰ ਹਰ ਗੱਲ ਦਾ ਪਤਾ ਦਿਓ। ਇਹ ਵੀ ਲਿਖਣਾ ਕਿ ਸਰਕਾਰ ਨੇ ਜਿਹੜੀ ਸਾਡੀ ਜਾਇਦਾਦ ਜ਼ਬਤ ਕੀਤੀ ਸੀ ਉਹ ਸਾਰੀ ਵਾਪਸ ਕਰ ਦਿਤੀ ਹੈ ਜਾਂ ਉਸ ਦਾ ਕੁਛ ਹਿੱਸਾ ਰੱਖ ਲਿਆ ਹੈ।

ਰਾਇਪੁਰ ਤੇ ਸਢੌਰੇ ਵਾਲੇ ਤੇ ਕਾਹਨ ਸਿੰਘ ਦੇ ਜਥੇ ਵਿਚੋਂ ਕਿਸੇ ਨੂੰ ਛੱਡਿਆ ਗਿਆ ਕਿ ਨਹੀਂ? ਤੇ ਉਹ ਕਿਥੇ ਰਹਿੰਦੇ ਹਨ?

ਤੁਸੀਂ ਦੋਵੇਂ (ਬੁੱਧ ਸਿੰਘ ਤੇ ਗੋਪਾਲ ਸਿੰਘ) ਰਲ ਮਿਲ ਕੇ ਪਿਆਰ ਨਾਲ ਰਹੋ। ਮਿਲਣਾ ਤੇ ਵਿਛੜਨਾ ਜੀਵ ਦੇ ਭਾਗਾਂ ਵਿਚ ਹੀ ਲਿਖਿਆ ਹੁੰਦਾ ਹੈ।

ਕੋਈ ਵੀ ਮੱਝਾਂ, ਬਲਦ ਜਾਂ ਗਊਆਂ ਜਿਹੜੀਆਂ ਤੁਹਾਨੂੰ ਭੇਟਾ ਚੜ੍ਹਦੀਆਂ ਹਨ ਉਹ ਗੁਰੂ ਦੇ ਨਾਂ ਤੇ ਦਾਨ ਕਰ ਦਿਓ। ਉਨ੍ਹਾਂ ਨੂੰ ਕੋਲ ਨਾ ਰੱਖੋ। ਨੰਦਾਂ ਨੂੰ ਸੁਖੀ ਰੱਖੋ।

ਮੈਨੂੰ ਚਿੱਠੀ ਇਸ ਸਰਨਾਂਵੇਂ ਤੇ ਲਿਖਣੀ:

ਰਾਮ ਸਿੰਘ ਰੰਗੂਨ, ਜ਼ੇਲ੍ਹ ਦਫ਼ਤਰ, ਮਾਰਫ਼ਤ ਸੁਪਰਡੈਂਟ।

ਸਰਨਾਵਾਂ ਦੋਹਾਂ ਬੋਲੀਆਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਲਿਖਣਾ।"

ਨਾਨੂੰ ਸਿੰਘ ਦੇ ਪਰਿਵਾਰ ਬਾਰੇ ਵੀ ਲਿਖਣਾ। ਪਰਿਵਾਰ ਦੇ ਹਾਲ ਚਾਲ ਬਾਰੇ ਰੁੜਕੀ ਤੋਂ ਨਾਨੂੰ ਸਿੰਘ ਦੇ ਚਾਚੇ ਦੇ ਹੱਥਾਂ ਦੀ ਲਿਖੀ ਚਿੱਠੀ ਆਪਣੇ ਖ਼ਤ ਦੇ ਨਾਲ ਭੇਜਣੀ। ਸਤਿਗੁਰੂ ਜੀ ਦਾ ਵੀ ਪਤਾ ਦੇਣਾ ਤੇ ਇਹ ਵੀ ਕਿ ਹਜਰੋਂ ਸਭ ਰਾਜ਼ੀ ਖੁਸ਼ੀ ਹਨ? ਹਰੇਕ ਗੱਲ ਖੋਲ੍ਹ ਕੇ ਲਿਖਣੀ।

ਮੇਰੇ ਨਮਿਤ ਗ੍ਰੰਥ ਸਾਹਿਬ ਦਾ ਪਾਠ ਕੀਤਾ? ਮੇਰੇ ਭਲੇ ਲਈ ਦਾਨ ਪੁੰਨ ਕਰ ਦੇਣਾ। ਅਕਾਲ ਪੁਰਖ ਅੱਗੇ ਅਰਦਾਸ ਕਰਨੀ।

ਬੁਧ ਸਿੰਘ ਤੇ ਨੰਦਾਂ ਮੇਰੇ ਕਮਰੇ ਵਿਚ ਰਹਿਣ। ਇਹ ਕਦੇ ਵੀ ਖਾਲੀ ਨਹੀਂ ਛੱਡਣਾ ਚਾਹੀਦਾ।

ਅੱਛਾ ! ਅਕਾਲਪੁਰਖ ਦਾ ਭਾਣਾ ਵਰਤ ਗਿਆ ਹੈ।

ਚਿੱਠੀ ਜ਼ਰੂਰ ਲਿਖਣੀ ਤੇ ਨਾਨੂੰ ਸਿੰਘ ਦੇ ਟੱਬਰ ਦਾ ਹਾਲ ਲਿਖਣਾ ਨਾ ਭੁਲਣਾ।

ਹਾੜ ਬਦੀ ਚੌਥ 1929 ਸੰਮਤ

ਚਿੱਠੀ ਦੇ ਲਫਾਫੇ ਉਪਰ ਇਸ ਤਰ੍ਹਾਂ ਲਿਖਣਾ।

ਚਿੱਠੀ ਜਾਵੇ ਰਾਮ ਸਿੰਘ ਨੂੰ, ਰੰਗੂਨ ਜੇਲ੍ਹ ਦੇ ਸੁਪਰਡੈਂਟ ਦਾ ਦਫਤਰ।

ਸਰਨਾਵਾਂ ਦੋਹਾਂ ਗੁਰਮੁਖੀ ਤੇ ਅੰਗਰੇਜ਼ੀ ਵਿਚ ਲਿਖਣਾ।"[1]

ਨਾ ਤਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਇਹ ਕਿਆਸ ਸੀ ਕਿ ਉਨ੍ਹਾਂ ਦਾ ਇਹ ਪੱਤਰ ਸਰਕਾਰ ਧੁਰ ਸਰਨਾਵੇਂ ਉਪਰ ਤਕਸੀਮ ਨਹੀਂ ਹੋਣ ਦੇਵੇਗੀ ਤੇ ਨਾ ਹੀ ਇਸ ਬਾਰੇ ਬਾਬਾ ਬੁਧ ਸਿੰਘ ਜੀ ਨੂੰ ਕੋਈ ਖਬਰ ਸਾਰ ਸੀ ਜਾਂ ਖਤ ਆਉਣ ਦੀ ਆਸ ਸੀ। ਇਸ ਚਿੱਠੀ ਨੇ ਸਰਕਾਰ ਵਿਚ ਕਾਫੀ ਹਿਲਜੁਲ ਪੈਦਾ ਕੀਤੀ।ਬਰਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ, ਜੇ ਟੀ ਵ੍ਹੀਲਰ ਨੇ ਪੱਤਰ ਵਾਲਾ ਇਹ ਬੰਦ ਲਫਾਫਾ, ਹਿੰਦ ਸਰਕਾਰ ਦੇ ਬਦੇਸ਼ ਵਿਭਾਗ ਦੇ ਸਕੱਤਰ, ਸੀ ਯੂ ਐਚੀਸਨ ਨੂੰ 15 ਜੁਲਾਈ 1872 ਨੂੰ ਹਿੰਦ ਸਰਕਾਰ ਦੇ ਅਗਲੇ ਹੁਕਮਾਂ ਲਈ ਭੇਜ ਦਿਤਾ। ਅੱਗੋਂ, ਹਿੰਦ ਸਰਕਾਰ ਦੇ ਅਧੀਨ ਸਕੱਤਰ

1.From J.L.Wheeler to CU Aitchison. dated 15.7.1872

Namdhari Elibrary NamdhariElibrary@gmail.com

ਵੈਲਜ਼ਲੀ ਨੇ ਇਹ ਪੰਜਾਬ ਸਰਕਾਰ ਦੇ ਸਕੱਤਰ ਨੂੰ ਇਹ ਜਾਨਣ ਲਈ ਕਿ ਚਿੱਠੀ ਨੂੰ ਦਿੱਤੇ ਸਰਨਾਵੇਂ ਤੇ ਪੰਜਾਬ ਭੇਜਣ ਤੇ ਕੋਈ ਇਤਰਾਜ਼ ਤਾਂ ਨਹੀਂ? ਅੱਗੋ ਪੰਜਾਬ ਭੇਜ ਦਿੱਤਾ।

ਪੰਜਾਬ ਸਰਕਾਰ ਦੇ ਸਕੱਤਰ ਗਰਿਫਨ ਨੇ ਹਿੰਦ ਸਰਕਾਰ ਦੇ ਸਕੱਤਰ ਡੈਂਪੀਅਰ ਨੂੰ ਲਿਖਿਆ ਕਿ ਕੂਕਾ ਕੈਦੀ ਰਾਮ ਸਿੰਘ ਵਲੋਂ ਗੋਪਾਲ ਸਿੰਘ ਵਲ ਲਿਖੇ ਗਏ ਪੱਤਰ ਅਗੇ ਭੇਜੇ ਜਾਣ ਵਿਰੁਧ ਬਹੁਤ ਸਖਤ ਇਤਰਾਜ਼ ਹਨ।

'ਲੈਫਟੀਨੈਂਟ ਗਵਰਨਰ ਦਾ ਖਿਆਲ ਹੈ ਕਿ ਇਥੋਂ ਤੱਕ ਕਿ ਖੁੱਲ੍ਹੇ ਲਫਾਫੇ ਵਾਲੀਆਂ ਚਿੱਠੀਆਂ ਜਿਨ੍ਹਾਂ ਵਿਚ ਰਾਜਸੀ ਮਹਤਵ ਦੀ ਕੋਈ ਗੱਲ ਨਾ ਵੀ ਹੋਵੇ, ਭੇਜ ਕੇ ਵਰਤਮਾਨ ਸਮੇਂ ਵਿਚ ਕੂਕਾ ਆਗੂ ਤੇ ਪੰਜਾਬ ਵਿਚਲੇ ਉਹਦੇ ਸਨੇਹੀਆਂ ਵਿਚਕਾਰ ਪੱਤਰ ਵਿਵਹਾਰ ਦੀ ਆਗਿਆ ਦੇਣੀ ਯੋਗ ਨਹੀਂ ਹੋਵੇਗੀ।[2]

ਇਸ ਤੇ ਵੈਲਜ਼ਲੀ ਨੇ ਬਰਮਾ ਦੇ ਚੀਫ ਕਮਿਸ਼ਨਰ ਨੂੰ ਅਸਲ ਚਿੱਠੀ ਵਾਪਸ ਭੇਜਦਿਆਂ ਲਿਖ ਭੇਜਿਆ ਕਿ ਗਵਰਨਰ ਜਨਰਲ ਨੂੰ ਇਸ ਚਿੱਠੀ ਦੇ ਸਰਨਾਵੇਂ ਤੇ ਤਕਸੀਮ ਕੀਤੇ ਜਾਣ ਤੇ ਬਹੁਤ ਗੰਭੀਰ ਇਤਰਾਜ਼ ਹਨ।

ਰੰਗੂਨ ਤੋਂ ਚੱਲੀ ਚਿਠੀ ਰੰਗੂਨ ਵਾਪਸ ਚਲੇ ਗਈ।

ਸਰਕਾਰੀ ਰਿਕਾਰਡ ਤੋਂ ਇਸ ਗੱਲ ਦੀ ਭਿਣਕ ਵੀ ਪੈਂਦੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਅਲਾਹਾਬਾਦ ਤੋਂ ਵੀ ਚਿਠੀ ਪੱਤਰ ਕੀਤਾ ਤਾਂ ਸੀ ਪਰ ਕੋਈ ਵੀ ਪੱਤਰ, ਜਾਪਦਾ ਹੈ, ਧੁਰ ਇਸ ਕਰ ਕੇ ਨਹੀਂ ਪੁੱਜਣ ਦਿੱਤਾ ਗਿਆ ਕਿ ਇਉਂ ਕਰਨ ਨਾਲ ਸਤਿਗੁਰੂ ਦਾ ਸਿੱਖਾਂ ਨਾਲ ਸੰਪਰਕ ਹੋ ਜਾਵੇਗਾ ਜਦ ਕਿ ਸਰਕਾਰ ਦਾ ਟਿੱਲ ਗੱਲ ਨੂੰ ਗੁਪਤ ਰਖਣ ਤੇ ਲੱਗਾ ਹੋਇਆ ਸੀ।

ਸਰਕਾਰੀ ਰਿਕਾਰਡ ਵਿਚੋਂ ਇਕ ਅਜਿਹੀ ਮਿਸਲ ਦਾ ਪਤਾ ਲਗਦਾ ਹੈ ਜਿਸ ਵਿਚ ਬੀਬੀ ਨੰਦਾਂ ਤੇ ਗੁਰੂ ਹਰੀ ਸਿੰਘ ਵਲੋਂ ਸਤਿਗੁਰੂ ਰਾਮ ਸਿੰਘ ਵੱਲ ਲਿਖੇ ਪੱਤਰ ਦਾ ਅੰਗਰੇਜ਼ੀ ਅਨੁਵਾਦ ਮਿਲਦਾ ਹੈ ਜਿਸ ਦਾ ਪੁਲੱਥਾ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

ਵਲੋਂ ਬੁਧ ਸਿੰਘ ਤੇ ਬੀਬੀ ਨੰਦਾਂ
ਸੇਵਾ ਵਿਚ,
ਕੂਕਿਆਂ ਦਾ ਆਗੂ,
ਸ੍ਰੀ ਸਤਿਗੁਰੂ ਸਚਾ ਪਾਤਸ਼ਾਹ ਰਾਮ ਸਿੰਘ।
ਸਾਰੇ ਪਰਿਵਾਰ ਵਲੋਂ ਨਮਸਕਾਰਾਂ।

ਅਸੀਂ ਇਥੇ ਸੁਹਣੀ ਸਿਹਤ ਦਾ ਆਨੰਦ ਮਾਣ ਰਹੇ ਹਾਂ ਤੇ ਆਪ ਦੀ ਸਿਹਤ ਤੇ ਰਾਜ਼ੀ ਖੁਸ਼ੀ ਲਈ ਅਰਦਾਸ ਕਰਦੇ ਹਾਂ। ਸਾਨੂੰ ਕਿਸੇ ਵੀ ਕਿਸਮ ਦੀ ਕੋਈ ਔਖ ਨਹੀਂ ਸਿਰਫ਼ ਪਰਿਵਾਰ ਨਾਲੋਂ ਆਪ ਦੇ ਵਿਛੋੜੇ ਦਾ ਹੀ ਦੁੱਖ ਹੈ। ਜੇ ਅਕਾਲਪੁਰਖ ਦੀ ਰਜ਼ਾ ਹੋਈ ਤਦ ਇਹ ਵੀ ਦੂਰ ਹੋ ਜਾਵੇਗਾ। ਜੋ ਵੀ ਆਪ ਦੇ ਘਰ ਵਿਚ ਅੰਨ ਦਾਣਾ ਆਉਂਦਾ ਹੈ ਉਹ ਅਸੀਂ ਆਪ ਵੀ ਖਾਂਦੇ ਹਾਂ ਤੇ ਦੂਜਿਆਂ ਨੂੰ ਵੀ ਵੰਡ ਦਿੰਦੇ ਹਾਂ।

ਆਪ ਦੇ ਚਲੇ ਜਾਣ ਦੇ ਕੁਛ ਮਹੀਨੇ ਪਿਛੋਂ ਅਸੀਂ ਸਰਕਾਰ ਦੇ ਰਾਹੀਂ 10 ਪੋਥੀਆਂ ਭੇਜੀਆਂ ਸਨ। ਸਾਨੂੰ ਇਸ ਗੱਲ ਤੋਂ ਸੂਚਿਤ ਕਰਨ ਦੀ ਕਿਰਪਾ ਕਰਨੀ ਕਿ ਉਹ ਆਪ ਨੂੰ ਪਹੁੰਚ ਗਈਆਂ ਹਨ? ਬਸੰਤ ਸਿੰਘ, ਸੂਰਤ ਸਿੰਘ ਤੇ ਹਰਨਾਮ ਸਿੰਘ ਵਲੋਂ ਆਪ ਨੂੰ ਭੇਜੇ ਜਾਂਦੇ ਸਤਿਕਾਰ ਨੂੰ ਪ੍ਰਵਾਨ ਕਰਨ ਦੀ ਕਿਰਪਾ ਕਰਨੀ।

ਸਭ ਤੋਂ ਛੋਟੇ ਲੜਕੇ ਹਰਨਾਮ ਸਿੰਘ ਦਾ ਪੈਰ ਗੱਡੇ ਥੱਲੇ ਆਉਣ ਕਰ ਕੇ ਫਿੱਸ ਗਿਆ। ਇਸ ਪਿਛੋਂ ਉਹ ਛੇ ਮਹੀਨੇ ਤੋਂ ਦੁਖ ਭੋਗ ਰਿਹਾ ਹੈ। ਤੇ ਹੁਣ ਤੱਕ ਕੋਈ ਆਰਾਮ ਨਹੀਂ ਆਇਆ। ਕੀ ਆਪ ਕੋਈ ਇਲਾਜ ਦੱਸਣ ਦੀ ਕਿਰਪਾ ਕਰੋਗੇ ਜਿਸ ਨਾਲ ਉਸ ਦਾ ਪੈਰ ਠੀਕ ਹੋ ਜਾਵੇ?

ਆਪ ਦੀ ਚੀਨੀ ਘੋੜੀ ਦੇ ਵਛੇਰੇ ਜਨਮ ਤੋਂ ਛੇਤੀ ਪਿਛੋਂ ਮਰ ਜਾਂਦੇ ਹਨ। ਆਪ ਦੇ ਜਾਣ ਪਿੱਛੋਂ ਉਹ ਤਿੰਨ ਵਛੇਰੇ ਤੇ ਇਕ ਵਛੇਰੀ ਦੇ ਚੁੱਕੀ ਹੈ ਜਿਹੜੇ ਜਨਮ ਤੋਂ ਇਕ ਮਹੀਨੇ ਦੇ ਵਿਚ ਵਿਚ ਮਰ ਗਏ।

ਬੀਬੀ ਨੰਦਾਂ ਵਲੋਂ ਅਭਿਵਾਦਨ ਪ੍ਰਵਾਨ ਕਰਨ ਦੀ ਕਿਰਪਾ ਕਰਨੀ। ਜੇ ਅਕਾਲ ਪੁਰਖ ਦੀ ਕਿਰਪਾ ਹੋਵੇ, ਤਾਂ ਆਪ ਦੇ ਦਰਸ਼ਨਾ ਬਿਨਾਂ ਉਸ ਨੂੰ ਹੋਰ ਕਿਸੇ ਚੀਜ਼ ਦੀ ਇਛਾ ਨਹੀਂ ਹੈ। ਉਹ ਹੋਰ ਕੁਛ ਵੀ ਨਹੀਂ ਚਾਹੁੰਦੀ।

ਅਕਾਲ ਪੁਰਖ ਦੇ ਨਾਮ ਬਿਨਾਂ ਹੋਰ ਕਿਸੇ ਚੀਜ਼ ਦੀ ਇੱਛਾ ਕਰਨੀ ਆਪਣੇ ਆਪ ਨੂੰ ਵੱਡੇ ਦੁੱਖਾਂ ਵਿਚ ਪਾਉਣਾ ਹੀ ਹੈ। ਦੁਨਿਆਵੀ ਖਾਹਸ਼ਾਂ ਦੀ ਤਸੱਲੀ ਕੇਵਲ ਸਬਰ ਵਿਚ ਹੀ ਹੈ। ਇਸ ਕਰ ਕੇ ਸਾਡੀ ਇਛਾ ਕੇਵਲ ਆਪ ਦੇ ਮਿਲਾਪ ਜਾਂ ਆਪ ਦੇ ਨਾਮ ਦੀ ਯਾਦ ਦੀ ਹੀ ਹੈ। ਗਡੇ ਵਾਲਾ ਗੁਰਦਿਤ ਸਿੰਘ ਵੀ ਆਪ ਨੂੰ ਸਤਿਕਾਰ ਭੇਜਦਾ ਹੈ।

ਇਸ ਖਤ ਦਾ ਉਤਰ ਦੇਣ ਦੀ ਕਿਰਪਾ ਕਰਨੀ।
ਸਾਹਨੇਵਾਲ ਦਾ ਥਾਣੇਦਾਰ ਸਰਫਰਾਜ਼ ਖਾਂ ਲੋਹੜੀ

1.H.W.Wellsely to Secy, to Govt. of Punjab, dated 29.8.1872

2.Griffin, L.H., Secy. to Punjab Govt. to H.L.Dampier, Secy. to Govt. of India, dated 4.9.1872

Namdhari Elibrary NamdhariElibrary@gmail.com

ਵਾਲੇ ਦਿਨ ਭੈਣੀ ਸਾਹਿਬ ਆਇਆ ਸੀ। ਬੀਬੀ ਨੇ ਉਸ ਨੂੰ ਆਪ ਦੀ ਖਬਰ ਸਾਰ ਦੇਣ ਲਈ ਕਿਹਾ ਸੀ ਤੇ ਉਹਨੇ ਉਸ ਦੀ ਬੇਨਤੀ ਤੇ ਅਮਲ ਕਰਨ ਦਾ ਇਕਰਾਰ ਕੀਤਾ ਸੀ।

ਇਹ ਪੱਤਰ ਆਪ ਜੀ ਨੂੰ ਅਸੀਂ ਇਸੇ ਕਰ ਕੇ ਲਿਖਿਆ ਹੈ। ਆਪਣੀ ਰਾਜ਼ੀ ਖੁਸ਼ੀ ਦਾ ਪਤਾ ਦੇਣ ਲਈ ਫਿਰ ਗੰਭੀਰਤਾਪੂਰਨ ਅਰਜ਼ ਕਰਦੇ ਹਾਂ।''[1]

ਥੋੜ੍ਹੀ ਜਹੀ ਹੈਰਾਨੀ ਦੀ ਗੱਲ ਇਹ ਹੈ ਕਿ ਇਹ ਪੱਤਰ ਸਤਿਗੁਰੂ ਰਾਮ ਸਿੰਘ ਨੂੰ ਪਹਿਲਾਂ ਤਕਸੀਮ ਕੀਤੇ ਜਾਣ ਤੇ ਫਿਰ ਇਸ ਦਾ ਮਜ਼ਮੂਨ ਉਨ੍ਹਾਂ ਨੂੰ ਦੱਸਣ ਦੀ ਆਗਿਆ ਬਰਮਾ ਦੇ ਜੇਲ੍ਹਾਂ ਦੇ ਇਨਸਪੈਕਟਰ ਜਨਰਲ ਨੂੰ ਦੇ ਦਿਤੀ ਗਈ ਜਿਸ ਦੀ ਜ਼ਿੰਮੇਵਾਰੀ ਮਿਸਟਰ ਡੌਬਸਨ ਨੂੰ ਸੌਂਪੀ ਗਈ।[2] ਸਰਕਾਰੀ ਰਿਕਾਰਡ ਵਿਚੋਂ ਭਿਣਕ ਇਸ ਗੱਲ ਦੀ ਵੀ ਪੈਂਦੀ ਹੈ ਕਿ ਸਤਿਗੁਰੂ ਜੀ ਵਲੋਂ ਇਸ ਪੱਤਰ ਦੇ ਦਿਤੇ ਗਏ ਉੱਤਰ ਦਾ ਅਨੁਵਾਦ ਵੀ ਬੀਬੀ ਨੰਦਾਂ ਤੇ ਬਾਬਾ ਬੁਧ ਸਿੰਘ ਵੱਲ ਭੇਜਣ ਦੀ ਅਨੁਮਤੀ ਦੇ ਦਿੱਤੀ ਗਈ ਸੀ[3] ਪਰ ਅਜੇ ਇਹ ਉੱਤਰ ਜਾਂ ਉਸ ਦਾ ਅੰਗਰੇਜ਼ੀ ਅਨੁਵਾਦ ਵੀ ਖੋਜ ਦਾ ਮੁਥਾਜ ਹੈ।

ਮੁਹਾਫਜ਼ਖਾਨੇ ਵਿਚ ਪਈਆਂ ਗੁਰੂ ਹਰੀ ਸਿੰਘ ਨਾਲ ਸਬੰਧਤ ਮਿਸਲਾਂ ਦੀ ਗੱਲ ਤਾਂ ਕਿਤੇ ਰਹੀ, ਅਫਸੋਸ ਦੀ ਗੱਲ ਤਾਂ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਦੀ ਦੂਜੀ ਅਵਤਾਰ ਸ਼ਤਾਬਦੀ ਅਤੇ ਨਾਮਧਾਰੀ ਅੰਦੋਲਨ ਦੀ ਡੇਢ ਸ਼ਤਾਬਦੀ ਮਨਾ ਲੈਣ ਦੇ ਬਾਵਜੂਦ ਵੀ ਅਸੀਂ ਅਜੇ ਸਤਿਗੁਰੂ ਰਾਮ ਸਿੰਘ ਵਲੋਂ ਦੇਸ਼ ਤੇ ਕੌਮ ਵਾਸਤੇ ਕੀਤੇ ਕਾਰਜਾਂ ਦੀਆਂ ਪਰਤਾਂ ਹੀ ਨਹੀਂ ਫੋਲ ਸਕੇ। ਅਸੀਂ ਉਨ੍ਹਾਂ ਦੇ ਜੀਵਨ ਦੀਆਂ ਕੁਛ ਘਟਨਾਵਾਂ ਦੇ ਵਰਨਣ ਤਕ ਹੀ ਸੀਮਿਤ ਰਹੇ ਹਾਂ। ਉਨ੍ਹਾਂ ਦੀ ਵਿਚਾਰਧਾਰਾ, ਸੰਗਠਨਾਤਮਕ ਗੁਣਾਂ ਤੇ ਕਾਵਾਂ ਤੇ ਉਨ੍ਹਾਂ ਦੇ ਕੌਮਾਂਤਰੀ ਪ੍ਰਭਾਵਾਂ, ਜਿਨ੍ਹਾਂ ਕਰ ਕੇ ਉਨ੍ਹਾਂ ਦਾ ਕੱਦ ਕੇਵਲ ਭਾਰਤੀ ਹੀ ਨਹੀਂ ਸਗੋਂ ਵਿਸ਼ਵ ਪੱਧਰ ਦੇ ਬਹੁ-ਪੱਖੀ ਆਗੂਆਂ ਵਿਚ ਵੀ ਉੱਚਾ ਹੁੰਦਾ ਹੈ, ਦਾ ਵਿਸਤਰਿਤ ਅਧਿਐਨ ਅਜੇ ਨਹੀਂ ਹੋ ਸਕਿਆ।ਅਸੀਂ ਇਹ ਸਮਝਣ ਦੇ ਭੁਲੇਖੇ ਦੇ ਸ਼ਿਕਾਰ ਹੋ ਗਏ ਜਾਪਦੇ ਹਾਂ ਕਿ ਅਸੀਂ ਕੰਮ ਨਬੇੜ ਲਿਆ ਹੈ ਜਦ ਕਿ ਅਸੀਂ ਅਜੇ ਪੂਣੀ ਵੀ ਨਹੀਂ ਛੋਹੀ। ਇਸ ਭੁਲੇਖੇ ਦੇ ਸ਼ਿਕਾਰ ਸਰਦਾਰ ਕਰਮ ਸਿੰਘ ਹਿਸਟੋਰੀਅਨ ਅਨੁਸਾਰ ਸਾਰੇ ਹੀ ਸਿੱਖ ਹਨ। ਸਰਦਾਰ ਕਰਮ ਸਿੰਘ ਹਿਸਟੋਰੀਅਨ ਨੇ ਲਿਖਿਆ ਸੀ, 'ਸਾਡੀ ਮੰਜ਼ਲ ਬੜੀ ਦੂਰ ਦੀ ਮੰਜ਼ਲ ਹੈ। ਅਸੀਂ ਬੜੀ ਦੂਰ ਬੈਠੇ ਹਾਂ ਤੇ ਅਵੇਸਲੇ ਬੈਠੇ ਹਾਂ ਤੇ ਸਮਝ ਰਹੇ ਹਾਂ ਕਿ ਅਸੀਂ ਮੰਜ਼ਲ ਮਾਰੀ ਬੈਠੇ ਹਾਂ। ਸੱਚ ਇਹ ਹੈ ਕਿ ਅਸੀਂ ਅਜੇ ਤੀਕ ਇਤਿਹਾਸ ਦੇ ਦਰਸ਼ਨ ਹੀ ਨਹੀਂ ਕੀਤੇ। ਅਸੀਂ ਜੋ ਕੁਝ ਵੇਖਦੇ ਹਾਂ ਉਸ ਨੂੰ ਇਤਿਹਾਸ ਕਹਿੰਦੇ ਹਾਂ ਅਤੇ ਜਿਸ ਦੇ ਹਥ ਵਿਚ ਕੋਲਾ ਆਉਂਦਾ ਹੈ, ਉਹ ਕੰਧ ਉਤੇ ਲੀਕ ਖਿਚ ਕੇ ਕਹਿ ਦਿੰਦਾ ਹੈ ਕਿ ਮੈਂ ਸੋਹਣਾ ਮੋਰ ਬਣਾਇਆ।[4]

ਹੁਣ ਅਸੀਂ ਨਾਮਧਾਰੀ, ਗੁਰੂ ਹਰੀ ਸਿੰਘ ਦੀ ਦੂਸਰੀ ਅਵਤਾਰ ਸ਼ਤਾਬਦੀ ਮਨਾ ਰਹੇ ਹਾਂ। ਸ਼ਤਾਬਦੀਆਂ ਮਨਾਉਣ ਦੀ ਇਹ ਪ੍ਰਥਾ ਹੈ ਤਾਂ ਲਾਭਦਾਇਕ। "ਬਾਬਾਣੀਆ ਕਹਾਣੀਆ ਪੁਤ ਸਪੁਤ ਕਰੇਨਿ।"[5] ਇਹ ਪੁੱਤਾਂ ਨੂੰ ਸਪੁੱਤਾਂ ਵਿਚ ਬਦਲਦੀਆਂ ਹਨ ਜੇ ਪੁੱਤ ਪਿੱਛੇ ਨੂੰ ਧਿਆਨ ਵਿਚ ਰੱਖ ਕੇ ਅਗੇ ਵਧਣ ਲਈ ਪ੍ਰੇਰਿਤ ਹੋ ਸਕਣ। ਇਸ ਬਹਾਨੇ ਸਬੰਧਤ ਵਿਅਕਤੀ, ਜਥੇਬੰਦੀ ਜਾਂ ਸੰਗਠਨ ਬਾਰੇ ਨਵੀਆਂ ਖੋਜਾਂ ਹੁੰਦੀਆਂ ਹਨ ਜਿਨ੍ਹਾਂ ਦੇ ਫਲਸਰੂਪ ਨਵੀਂ ਰੌਸ਼ਨੀ ਨਾਲ ਬੀਤੇ ਦੇ ਚਿਹਰੇ ਰੌਸ਼ਨਾਏ ਜਾਂਦੇ ਹਨ।

ਗੁਰੂ ਹਰੀ ਸਿੰਘ ਦਾ ਸਮਾਂ ਬੜਾ ਸੰਕਟ ਮਈ ਸੀ। ਇਹ ਕਹਿ ਲੈਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਸਤਿਗੁਰੂ ਰਾਮ ਸਿੰਘ ਦੇ ਸਮੇਂ ਨਾਲੋਂ ਵੀ ਵਧੇਰੇ ਸੰਕਟਮਈ ਸੀ ਕਿਉਂਕਿ ਸਤਿਗੁਰੂ ਰਾਮ ਸਿੰਘ ਨੇ ਜਿਹੜੇ ਉਦਮ ਆਰੰਭੇ ਉਹ ਉਨ੍ਹਾਂ ਦੀ ਸੋਚ ਦੀ ਉਪਜ ਸੀ। ਉਨ੍ਹਾਂ ਦੇ ਲੱਖਾਂ ਸ਼ਰਧਾਲੂ ਤੇ ਹਮਦਰਦ ਪੈਦਾ ਹੋ ਚੁਕੇ ਸਨ ਜਿਨ੍ਹਾਂ ਦੇ ਪ੍ਰਭਾਵ ਕਾਰਨ ਸਰਕਾਰ ਨੂੰ ਵੀ ਉਨ੍ਹਾਂ ਨਾਲ ਨਜਿੱਠਣ ਲਈ ਕਈ ਪੈਂਤਰੇ ਅਪਨਾਉਣੇ ਪੈਂਦੇ ਸਨ। ਆਪਣੇ ਕੀਤੇ ਉਦਮਾਂ ਦੇ ਫਲਸਰੂਪ ਪੈਦਾ ਹੋ ਸਕਣ ਵਾਲੇ ਸਿੱਟਿਆਂ ਬਾਰੇ ਉਹ ਸੁਚੇਤ ਸਨ।

ਗੁਰੂ ਹਰੀ ਸਿੰਘ ਉਸ ਸਮੇਂ ਸਾਧਾਰਨ ਕਿਸਾਨ ਹੋਣ ਦੇ ਨਾਤੇ ਸਤਿਗੁਰੂ ਰਾਮ ਸਿੰਘ ਦੇ ਕਾਰਜਕ੍ਰਮਾਂ ਵਿਚ ਇਸ ਤਰ੍ਹਾਂ ਲਿਪਤ ਹੋਏ ਨਜ਼ਰ ਨਹੀਂ ਆਉਂਦੇ। ਸਤਿਗੁਰੂ ਰਾਮ ਸਿੰਘ ਦੇ ਇਕ ਦਮ ਪ੍ਰਦੇਸ ਗਵਨ ਕਰ ਜਾਣ ਦੇ ਫਲਸਰੂਪ ਪੰਥਕ ਜ਼ਿੰਮੇਵਾਰੀਆਂ ਦਾ ਅਣਸੋਚਿਆ ਭਾਰ ਮੋਢਿਆਂ ਤੇ

1.Burma Archives Jdl, File No. 82/1, 1878.

2.do-Political Deptt.I.G.Prisons. BB, 30th Sept. 1878.No.297

3. Burma Archives Jdl. File No.82 1. 1878

4.ਸਰਦਾਰ ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ,ਸੰਪਾਦਕ ਗਿ: ਹੀਰਾ ਸਿੰਘ ਦਰਦ, ਅੰਮ੍ਰਿਤਸਰ, 1980, ਪੰਨਾਂ-8,9

5.ਸ੍ਰੀ ਆਦਿ ਗ੍ਰੰਥ ਸਾਹਿਬ, ਪੰਨਾ-95 ।

Namdhari Elibrary NamdhariElibrary@gmail.com

ਇਕ ਦਮ ਪੈ ਜਾਣਾ, ਕਸ਼ਟ ਦਾਇਕ ਪੁਲਸ ਚੌਕੀ ਦਾ ਬੂਹੇ ਤੇ ਬੈਠਾਇਆ ਜਾਣਾ, ਸਰਕਾਰੀ ਸਖ਼ਤੀਆਂ ਤੇ ਸਮਾਜਕ ਤ੍ਰਿਸਕਾਰਾਂ ਦਾ ਸਾਹਮਣਾ ਕਰਨਾ ਪੈਣਾ, ਫਿਰ ਇੰਨੇ ਵੱਡੇ ਸੰਗਠਨ ਨੂੰ ਯਥਾਯੋਗ ਬਣਾਈ ਰਖਣਾ ਉਨ੍ਹਾਂ ਦੇ ਕਿਆਸੋਂ ਤੇ ਸਮਰੱਥਾ ਤੋਂ ਬਾਹਰੀ ਗਲ ਸੀ ਪਰ ਫਿਰ ਵੀ ਜਿਸ ਤਰ੍ਹਾਂ ਉਨ੍ਹਾਂ ਨੇ ਅਚਾਨਕ ਪਈ ਇਸ ਬਿਜ ਦਾ ਮੁਕਾਬਲਾ ਕਰਦਿਆਂ ਪੰਥਕ ਜ਼ਿੰਮੇਵਾਰੀਆਂ ਨੂੰ ਸੰਭਾਲਿਆ ਤੇ ਨਿਪੁੰਨਤਾ ਨਾਲ ਨਿਭਾਇਆ। ਉਹ ਉਨ੍ਹਾਂ ਦੇ ਵਿਅਕਤਿਤਵ ਨੂੰ ਚਾਰ ਚੰਨ ਲਾਉਣ ਵਿਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੰਦਾ ਪਰ ਇਨ੍ਹਾਂ ਚੰਨਾਂ ਨੂੰ ਪੂਰਨਮਾ ਚੰਦ ਬਣਾਉਣ ਦਾ ਕੰਮ ਸ਼ਤਾਬਦੀ ਜਸ਼ਨ ਵਧੇਰੇ ਸਾਰਥਕ ਢੰਗ ਨਾਲ ਕਰ ਸਕਦੇ ਹਨ ਜਿਸ ਦੀ ਜ਼ਿਮੇਵਾਰੀ ਸਾਡੀ ਪੀੜ੍ਹੀ ਦੇ ਸਿਰ ਆਉਂਦੀ ਹੈ ਤੇ ਇਹ ਨੂੰ ਨਿਭਾਉਣ ਲਈ ਇਤਿਹਾਸ ਸ੍ਰੋਤਾਂ ਦੀ ਖੋਜ ਤੋ ਬਿਨਾਂ ਬੇਹੀ ਕੜੀ ਨੂੰ ਉਬਾਲੇ ਦੇਣ ਦਾ ਕੋਈ ਲਾਭ ਨਹੀਂ ਹੋਵੇਗਾ।

ਸਮਕਾਲੀ ਲਿਖਤਾਂ ਵੀ ਕੀਮਤੀ ਇਤਿਹਾਸ ਸ੍ਰੋਤ ਹੁੰਦੇ ਹਨ ਜਿਨ੍ਹਾਂ ਵਿਚ ਲੇਖਕ ਨੇ ਆਪਣੀ ਸਮਝ ਅਨੁਸਾਰ ਜਾਂ ਫਿਰ ਕਬੂਲੇ ਪ੍ਰਭਾਵ ਅਧੀਨ ਕਿਸੇ ਆਗੂ ਜਾਂ ਜਥੇਬੰਦੀ ਦਾ ਵਰਨਣ ਕੀਤਾ ਹੁੰਦਾ ਹੈ। ਗੁਰੂ ਹਰੀ ਸਿੰਘ ਦੇ ਸਮਕਾਲੀ ਸਤਿਗੁਰੂ ਰਾਮ ਸਿੰਘ ਦੇ ਸਮਕਾਲੀ ਵੀ ਸਨ ਤੇ ਸਤਿਗੁਰੂ ਰਾਮ ਸਿੰਘ ਜੀ ਪੰਥ ਦੇ ਮੁਖੀ ਹੋਣ ਕਾਰਨ ਸਮਕਾਲੀ ਲੇਖਕਾਂ ਦਾ ਬਹੁਤਾ ਧਿਆਨ ਇਨ੍ਹਾਂ ਵਲ ਹੀ ਕੇਂਦਰਤ ਰਿਹਾ ਹੋਣਾ ਸੁਭਾਵਕ ਸੀ।

ਹਾਂ, ਗੁਰੂ ਹਰੀ ਸਿੰਘ ਦੇ ਸਮੇਂ ਦੇ ਇਤਿਹਾਸ ਦੇ ਸ੍ਰੋਤਾਂ ਵਿਚ ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮੇ ਆਪਣੇ ਵਿਚ ਬਹੁਤ ਕੁਛ ਸਮੋਈ ਬੈਠੇ ਹਨ ਉਨ੍ਹਾਂ ਦਾ ਅਸੀਂ ਇਤਿਹਾਸਕ ਪਰਿਪੇਖ ਵਿਚ ਵਿਸਤੀਰਤ ਅਧਿਐਨ ਨਹੀ ਕਰ ਸਕੇ। ਅੰਗਰੇਜ਼ਾਂ ਨੇ ਉਨ੍ਹਾਂ ਦਾ ਅਨੁਵਾਦ ਕਰਵਾਇਆ ਤਾਂ ਸੀ ਪਰ ਉਹ ਇਤਿਹਾਸ ਸੋਮੇ ਵਜੋਂ ਨਹੀਂ ਸਗੋਂ ਆਪਣੇ ਰਾਜਸੀ ਹਿਤਾਂ ਲਈ ਕਰਵਾਇਆ ਸੀ, ਕਿਉਂਕਿ ਉਨਾਂ ਦਾ ਖਿਆਲ ਸੀ ਕਿ ਗੁਰੂ ਰਾਮ ਸਿੰਘ ਨੂੰ ਜਲਾਵਤਨ ਕਰ ਦੇਣ ਪਿਛੋ ਦਸ ਸਾਲਾਂ ਵਿਚ ਨਾਮਧਾਰੀ ਪੰਥ ਦਾ ਭੋਗ ਪੈ ਜਾਇਗਾ।[1] ਉਦਾਹਰਨ ਵਜੋਂ ਹੁਕਮਨਾਮੇ ਤੋ ਬਿਨਾਂ ਗੁਰੂ ਹਰੀ ਸਿੰਘ ਨੂੰ ਉਤਰਾਧਿਕਾਰੀ ਥਾਪੇ ਜਾਣ ਦਾ ਹੋਰ ਇਤਿਹਾਸਕ ਸ੍ਰੋਤ ਹੈ ਹੀ ਨਹੀਂ। ਲੰਗਰ ਵਿਚ ਮੋਟਾ ਪਰਸ਼ਾਦਾ ਤੇ ਕਰੜਾ ਦਾਲਾ ਬਣਾਏ ਜਾਣ ਦਾ ਆਦੇਸ਼ ਵੀ ਰੰਗੂਨ ਤੋਂ ਹੀ ਆਇਆ ਸੀ।[2] ਗੁਰੂ ਪਰਿਵਾਰ ਦੇ ਸਮਾਜਕ ਦੇਣ ਲੈਣ ਬਾਰੇ ਵੀ ਇਸ ਸ੍ਰੋਤ ਤੋਂ ਕਾਫੀ ਜਾਣਕਾਰੀ ਮਿਲਦੀ ਹੈ ਤੇ ਕੇਂਦਰ ਦੇ ਪ੍ਰਬੰਧ ਦੀ ਵੀ।

ਸਤਿਗੁਰੂ ਰਾਮ ਸਿੰਘ ਦੇ ਜਿਹੜੇ ਸੌ ਦੇ ਕਰੀਬ ਦਰਸ਼ਨ ਅਭਿਲਾਸ਼ੀ ਰੰਗੂਨ ਗਏ, ਜਿਨ੍ਹਾਂ ਵਿਚੋਂ ਕਈ ਫੜ੍ਹੇ ਵੀ ਗਏ ਉਨ੍ਹਾਂ ਵਲੋਂ ਗੁਰੂ ਹਰੀ ਸਿੰਘ ਨੂੰ ਭੈਣੀ ਸਾਹਿਬ ਆ ਕੇ ਦਿੱਤੀ ਜਾਣਕਾਰੀ ਜਾਂ ਫੜੇ ਜਾਣ ਦੀ ਹਾਲਤ ਵਿਚ ਪੁਲਸ ਨੂੰ ਦਿੱਤੇ ਗਏ ਬਿਆਨਾਂ ਵਿੱਚੋਂ ਕਾਫੀ ਕੁਛ ਮਿਲ ਸਕਦਾ ਹੈ। ਇੰਨੀਆਂ ਸਰਕਾਰੀ ਪਾਬੰਦੀਆਂ ਦੇ ਬਾਵਜੂਦ ਨਾਮਧਾਰੀਆਂ ਦੇ ਰੰਗੂਨ ਜਾਣ ਦੀਆਂ ਹਰਕਤਾਂ ਤੋਂ ਸਰਕਾਰ ਇੰਨੀ ਘਬਰਾਈ ਹੋਈ ਸੀ ਕਿ ਬਰੜਾ ਕੇ ਉਠਣ ਵਰਗੀ ਸਥਿਤੀ ਬਣ ਗਈ ਸੀ। ਇਸ ਦੀ ਇਕ ਦਿਲਚਸਪ ਉਦਾਹਰਣ ਇਥੇ ਦੇਣੀ ਅਨੁਚਿਤ ਨਹੀਂ ਹੋਵੇਗੀ।

ਪੰਜਾਬ ਦੇ ਦੋ ਫਕੀਰ ਮਰਗੋਈ ਚਲੇ ਗਏ ਜਿਨ੍ਹਾਂ ਵਿਚੋ ਇਕ ਮੁਸਲਮਾਨ 28 ਸਾਲਾ ਜ਼ਿਲਾ ਜੇਹਲਮ ਦੇ ਰਹਿਣ ਵਾਲਾ ਗੁਲਾਮ ਮੁਹੰਮਦ ਸੀ ਤੇ ਦੂਜਾ ਪਿੰਡ ਸਭਰਾਉਂ ਤਹਿਸੀਲ ਕਸੂਰ ਦਾ 29 ਸਾਲਾ ਦਲਮੀਰ ਬਖਸ਼ ਸੀ। ਗ੍ਰਿਫਤਾਰ ਕੀਤੇ ਜਾਣ ਤੋਂ ਕਰੀਬ ਵੀਹ ਮਹੀਨੇ ਪਹਿਲਾਂ ਉਹ ਬਰਮਾ ਵਿਚ ਦਾਖਲ ਹੋਏ ਸਨ। ਬਰਮਾ ਦੀ ਪੁਲਸ ਨੂੰ ਸ਼ੱਕ ਪਿਆ ਕਿ ਉਹ ਮਹਾਰਾਜਾ ਦਲੀਪ ਸਿੰਘ ਸਬੰਧੀ ਬਰਮਾ ਵਿਚ ਆਏ ਸਨ। ਮਹਾਰਾਜਾ ਦਲੀਪ ਸਿੰਘ ਤੇ ਨਾਮਧਾਰੀਆਂ ਦਾ ਪ੍ਰਸਪਰ ਗਠਜੋੜ ਵੀ ਚਰਚਾ ਦਾ ਵਿਸ਼ਾ ਹੋਣ ਕਾਰਨ ਇਹ ਦੋਵੇਂ ਫੜ ਕੇ ਪੁਲਸ ਕਪਤਾਨ ਏ ਐਲ ਫਰਾਂਸ਼ਵੇ ਦੇ ਪੇਸ਼ ਕੀਤੇ ਗਏ । ਉਨ੍ਹਾਂ ਬਿਆਨ ਕੀਤਾ ਕਿ ਉਹ ਤਾਂ ਅੱਗੇ ਸਿੰਘਾਪੁਰ ਨੂੰ ਜਾਣ ਦੀ ਸੋਚਦੇ ਹਨ। ਉਨ੍ਹਾਂ ਨੇ ਮਹਾਰਾਜਾ ਦਲੀਪ ਸਿੰਘ ਦੀ ਕੋਈ ਗੱਲ ਕਿਸੇ ਕੋਲ ਵੀ ਕੀਤੀ ਹੀ ਨਹੀਂ ਪਰ ਤਿੰਨ ਪੁਲਸ ਕਰਮਚਾਰੀ ਗਵਾਹੀ ਦੇ ਗਏ ਕਿ ਉਨ੍ਹਾਂ ਕਿਹਾ ਹੈ ਕਿ ਮਹਾਰਾਜਾ ਦਲੀਪ ਸਿੰਘ ਇੰਗਲੈਂਡ ਤੋਂ ਚੋਰੀਂ ਬਚ ਨਿਕਲਿਆ ਹੈ ਤੇ ਰੂਸ ਦੇ ਰਾਜੇ ਕੋਲ ਪੁੱਜ ਗਿਆ ਹੈ ਜਿਸ ਨੇ ਉਸ ਨੂੰ ਫੌਜਾਂ ਦਾ ਕਮਾਂਡਰ ਬਣਾ ਦਿਤਾ ਹੈ। ਪੁਲਸ ਕਪਤਾਨ ਫਕੀਰਾਂ ਦੀ ਗੱਲ ਤੇ ਵਿਸ਼ਵਾਸ ਕਰਨ ਨੂੰ ਤਿਆਰ ਨਹੀਂ ਸੀ। ਉਹਦਾ ਖਿਆਲ ਸੀ ਕਿ ਜੇ ਇਨ੍ਹਾਂ ਨੂੰ ਛੱਡ ਦਿੱਤਾ ਗਿਆ ਤਾਂ ਰਸਤੇ ਵਿਚ ਪੈਂਦੀ ਕਿਸੇ ਵੀ ਸਿਆਮੀ ਬੰਦਰਗਾਹ ਤੋਂ ਨਿਕਲ ਸਕਦੇ ਹਨ ਤੇ ਜੇ ਉਹ ਇਉ ਕਰਦੇ ਹਨ ਤਦ ਝਟ ਹੀ ਅਖੋਂ ਉਹਲੇ ਹੋ ਜਾਣਗੇ।"[3] ਅਗ ਦੇ ਸਾੜੇ ਵਲੋ ਪਾਣੀ ਨੂੰ ਵੀ ਫੂਕਾਂ ਮਾਰ ਕੇ ਪੀਣ ਵਾਲੇ ਬੰਦੇ ਵਾਲੀ ਮਨੋਦਸ਼ਾ ਸਰਕਾਰ ਦੀ ਹੋਈ ਪਈ

1. Captain Cecil Beadon, DC Ludhiana to C.N.Riwaz, U/Secy. to Govt. of Punjab, dated 22.9.1872

2. ਰਿਕਾਰਡ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ।

3. Home Deptt., Police, Pt. B, June 1890, Nos. 191-94

Namdhari Elibrary NamdhariElibrary@gmail.com

ਸੀ।

ਗੁਰੂ ਹਰੀ ਸਿੰਘ ਕਾਲ ਦੇ ਵਿਦਵਾਨ ਸਮਕਾਲੀਆਂ ਵਿਚ ਪਟਿਆਲਾ ਰਾਜ ਦੇ ਮੰਤਰੀ ਮੁਹੰਮਦ ਹਸਨ ਖਾਨ ਖਲੀਫਾ ਸੱਯਦ ਦੀ ਲਿਖਤ 'ਤਾਰੀਖੇ ਪਟਿਆਲਾ ਵਿਚ ਨਾਮਧਾਰੀਆਂ ਦਾ ਜ਼ਿਕਰ ਤਾਂ ਹੈ ਪਰ ਬਾਬਾ ਬੁਧ ਸਿੰਘ ਦਾ ਨਹੀਂ। ਇਹੋ ਗਲ ਤਵਾਰੀਖੇ ਵਾਕਰੀ ਦੇ ਕਰਤਾ ਮੌਲਵੀ ਗੁਲਾਮ ਭੀਖ ਜਲੰਧਰੀ ਬਾਰੇ ਆਖੀ ਜਾ ਸਕਦੀ ਹੈ ਪਰ ਇਸ ਵਿਚ ਵਾਧਾ ਇਹ ਹੈ ਕਿ ਮੌਲਵੀ ਜੀ ਨੇ ਨਾਮਧਾਰੀ ਪੰਥ ਦੀਆਂ ਬਹੁਤ ਡੂੰਘੀਆਂ ਸਚਿਆਈਆਂ ਦਾ ਵਰਨਣ ਕੀਤਾ ਹੈ। ਸ੍ਰੀ ਬ੍ਰਹਮ ਬੂਟਾ ਮਹੰਤ ਅਖਾੜਾ, ਅੰਮ੍ਰਿਤਸਰ, ਪੰਡਤ ਭਾਨੂੰ ਦਤ ਸ਼ਰਮਾ ਆਦਿ ਦੇ ਨਾਂ ਉਸ ਕਾਲ ਦੇ ਉਘੇ ਵਿਅਕਤੀਆਂ ਵਿਚ ਗਿਣਨਯੋਗ ਹਨ ਪਰ ਸ਼ਾਇਦ ਉਕਤ ਕਾਰਨ ਕਰ ਕੇ ਇਨ੍ਹਾਂ ਵਿਚੋ ਕਿਸੇ ਨੇ ਵੀ ਗੁਰੂ ਹਰੀ ਸਿੰਘ ਬਾਰੇ ਕੋਈ ਵਿਚਾਰ ਵਿਅਕਤ ਨਹੀਂ ਕੀਤੇ।

ਇਸ ਕਾਲ ਦੇ ਵਡੇ ਸਮਕਾਲੀ ਸ੍ਰੋਤ ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਹਨ ਜਿਨ੍ਹਾਂ ਨੇ ਗੁਰੂ ਹਰੀ ਸਿੰਘ ਦੇ ਕੋਲ ਰਹਿ ਕੇ ਉਨ੍ਹਾਂ ਪ੍ਰਸਥਿਤੀਆਂ ਨੂੰ ਵਾਚਿਆ- ਘੋਖਿਆ ਵੀ ਤੇ ਔਖ ਸੌਖ ਦਾ ਸਾਹਮਣਾ ਵੀ ਕੀਤਾ। ਉਹ ਸਾਡੇ ਇਤਿਹਾਸ ਦਾ ਅਸਲ ਭੰਡਾਰ ਹਨ।[1] ਫਿਰ ਇਸ ਸ੍ਰੋਤ ਕੋਲੋਂ ਸਾਨੂੰ ਅਜਿਹੀਆਂ ਗੱਲਾਂ ਵੀ ਮਿਲਦੀਆਂ ਹਨ ਜਿਨ੍ਹਾਂ ਦਾ ਸਰਕਾਰੀ ਰਿਕਾਰਡ ਵਿਚ ਦਰਜ ਹੋ ਸਕਣਾ ਸੰਭਵ ਵੀ ਨਹੀਂ ਹੁੰਦਾ, ਕਈ ਉਜ ਹੀ ਸਰਕਾਰ ਦੇ ਧਿਆਨ ਵਿਚ ਨਹੀਂ ਹੁੰਦੀਆਂ ਜਾਂ ਸਰਕਾਰਾਂ ਉਨ੍ਹਾਂ ਨੂੰ ਦੱਬੀਆਂ ਰਹਿਣ ਦੇਣ ਵਿਚ ਅਪਣਾ ਭਲਾ ਸਮਝਦੀਆਂ ਹੁੰਦੀਆਂ ਹਨ ਪਰ ਮੌਕੇ ਦੇ ਜਾਂ ਚਸ਼ਮਦੀਦ ਗਵਾਹਾਂ ਕੋਲੋ ਮਿਲਦੀਆਂ ਹਨ।

ਸਤਿਗੁਰੂ ਰਾਮ ਸਿੰਘ ਦੇ ਸਮਕਾਲੀ ਸਾਥੋ ਵਿਛੜ ਗਏ ਹਨ। ਗੁਰੂ ਹਰੀ ਸਿੰਘ ਦਾ ਸਮਕਾਲੀ ਵੀ ਹੁਣ ਸਾਡੇ ਵਿਚ ਕੋਈ ਨਹੀਂ ਰਹਿ ਗਿਆ। ਇਥੋ ਤਕ ਕਿ ਸਤਿਗੁਰੂ ਪ੍ਰਤਾਪ ਸਿੰਘ ਦੇ ਸਮੇਂ ਦੀ ਜਾਣਕਾਰੀ ਦੇਣ ਵਾਲਾ ਵੀ ਹੁਣ ਕੋਈ ਨਹੀਂ ਦਿਸਦਾ।

ਚਸ਼ਮਦੀਦ ਗਵਾਹ ਦਾ ਮਹੱਤਵ ਅਦਾਲਤੀ ਕਾਰਵਾਈ ਵਿਚ ਬਹੁਤ ਮੰਨਿਆਂ ਜਾਂਦਾ ਹੈ ਤੇ ਇਤਿਹਾਸਕਾਰੀ ਵਿਚ ਵੀ ਉਸ ਦੀ ਮਾਨਤਾ ਘੱਟ ਨਹੀਂ। ਕਾਰਨ ਇਹ ਕਿ ਉਸ ਵਿਅਕਤੀ ਨੇ ਬਿਨਾਂ ਕਿਸੇ ਪੱਖਪਾਤ ਦੇ ਜਿਵੇਂ ਘਟਨਾ ਦੇਖੀ ਤਿਵੇਂ ਵਰਨਣ ਕੀਤੀ ਹੁੰਦੀ ਹੈ ਜਾਂ ਕਰ ਸਕਣ ਦੇ ਸਮਰੱਥ ਹੁੰਦਾ ਹੈ। ਗਿਆਨੀ ਗਿਆਨ ਸਿੰਘ ਨੇ ਵੀ ਭਾਵੇਂ ਗੁਰੂ ਹਰੀ ਸਿੰਘ ਕਾਲ ਬਾਰੇ ਨਹੀਂ ਲਿਖਿਆ ਪਰ ਉਸ ਦੀ ਗਵਾਹੀ ਚਸ਼ਮਦੀਦ ਹੋਣ ਕਰ ਕੇ ਵਧੇਰੇ ਮਹੱਤਵਪੂਰਨ ਹੈ। ਮਲੇਰ ਕੋਟਲੇ ਵਿਚ ਸਿੰਘਾਂ ਨੂੰ ਤੋਪਾਂ ਨਾਲ ਉਡਾਏ ਜਾਣ ਦੇ ਦ੍ਰਿਸ਼ ਦਾ ਵਰਨਣ ਇਸ ਕਰ ਕੇ ਹੋਰਨਾਂ ਬਹੁਤਿਆਂ ਨਾਲੋ, ਇਥੋਂ ਤੱਕ ਕਿ ਤੋਪਾਂ ਚਲਵਾਉਣ ਵਾਲੇ ਡਿਪਟੀ ਕਮਿਸ਼ਨਰ ਕਾਵਨ ਦੀ ਲਿਖਤ ਨਾਲੋਂ ਵੀ ਵਧੇਰੇ ਕੀਮਤੀ ਹੈ ਕਿਉਂਕਿ ਜਿਹੜੀ ਗੱਲ ਦਰਸ਼ਕ ਦੇ ਤੌਰ ਤੇ ਗਿਆਨੀ ਗਿਆਨ ਸਿੰਘ ਨੇ ਲਿਖੀ ਹੈ ਉਹ ਕੇਵਲ ਇਕ ਅਜਿਹੇ ਅੰਗਰੇਜ਼ ਕੋਲੋ ਮਿਲਦੀ ਹੈ ਜਿਸ ਦਾ ਹਵਾਲਾ ਇਕ ਹਿੰਦੀ ਇਤਿਹਾਸ ਲੇਖਕ ਨੇ ਦਿਤਾ ਹੈ ਤੇ ਜਿਹੜਾ ਇਹ ਕਹਿੰਦਾ ਹੈ ਕਿ ਸਾਰਾ ਯੋਰਪ ਇਕ ਈਸਾ ਪਰ ਗਰਵ ਕਰਦਾ ਹੈ। ਮੈਂ ਅਜ ਕਈ ਈਸਾ ਕੁਰਬਾਨ ਹੁੰਦੇ ਦੇਖੇ ਹਨ। ਗਿਆਨੀ ਜੀ ਦਾ 'ਗਿਆਨ ਸਿੰਘ ਨਿਜ ਨੈਨ ਨਿਹਾਰੇ' ਕਹਿਣਾ ਬਹੁਤ ਮਹੱਤਵ ਰੱਖਦਾ ਹੈ। ਕਾਵਨ ਨੇ ਤਾਂ ਸਿੰਘਾਂ ਨੂੰ ਤੋਪਾਂ ਨਾਲ ਬੰਨ੍ਹਣ ਦਾ ਆਦੇਸ਼ ਦਿਤਾ ਸੀ ਤੇ ਉਸ ਦੀ ਰਿਪੋਰਟ ਵਿਚ ਵੀ ਇਹੋ ਸ਼ਬਦ ਦਰਜ ਹਨ ਪਰ ਗਿਆਨੀ ਜੀ ਉਸ ਨੂੰ ਝੁਠਲਾਉਂਦੇ ਹੋਏ ਕਹਿੰਦੇ ਹਨ ਕਿ 'ਦੀਵੇ ਪਰ ਜਤੋਂ ਆਇ ਪਤੰਗੇ। ਤਯੋਂ ਤੋਪਨ ਦਿਸ ਜਾਇ ਨਿਸੰਗੇ। ''[3] ਸਾਕੇ ਵਿਚ ਸ਼ਾਮਲ ਦੋ ਮਾਈਆਂ ਇੰਦ ਕੌਰ ਤੇ ਖੇਮ ਕੌਰ ਦੀਆਂ ਗਵਾਹੀਆਂ ਚਸ਼ਮਦੀਦ ਹਨ ਜਿਨ੍ਹਾਂ ਦਾ ਪ੍ਰਯੋਗ ਸਾਡੇ ਬਜ਼ੁਰਗ ਇਤਿਹਾਸਕਾਰ ਬਾਬਾ ਕਾਹਲਾ ਸਿੰਘ ਨੇ ਲੋੜੀਂਦੇ ਸਥਾਨਾਂ ਤੇ ਕਰਨ ਦੀ ਕਿਰਪਾ ਕੀਤੀ ਹੈ। ਕਈ ਗੱਲਾਂ ਲਈ ਉਨ੍ਹਾਂ ਨੇ ਸ੍ਰੋਤ ਵਜੋਂ ਮਾਈ ਜਵਾਲਾ ਦੇਈ ਦਾ ਨਾਂ ਵੀ ਲਿਖਿਆ ਹੈ।[4]

ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦਾ ਜਨਮ ਫਰਵਰੀ 1870 ਦਾ ਹੈ। ਉਹ 27 ਸਾਲ ਦੀ ਉਮਰ ਵਿਚ ਅਰਥਾਤ 1897 ਵਿਚ ਬਾਬਾ ਕੇਸਰ ਸਿੰਘ ਰਾਹੀਂ ਨਾਮਧਾਰੀ ਬਣੇ। ਇਹ ਸਮਾਂ ਗੁਰੂ ਹਰੀ ਸਿੰਘ ਦਾ ਹੈ। ਬਾਬਾ ਜੀ ਆਪ ਦੱਸਦੇ ਹਨ ਕਿ ਉਨ੍ਹਾਂ ਬਾਰਾਂ ਸਾਲ ਨਾਮਧਾਰੀ ਅੰਦੋਲਨ ਵਿਚ ਸ਼ਾਮਲ ਹੋ ਕੇ ਕੰਮ ਕੀਤਾ।[5] ਬਾਬਾ ਜੀ ਭਾਵੇਂ

1. Sanehi, S.S. Satguru Pratap Singh, Repository of Namdhari History, Pb. History Conf. Patiala, Session-xxiv
2. ਇਕ ਇਤਿਹਾਸ ਪ੍ਰੇਮੀ, ਭਾਰਤ ਵਰਸ਼ ਕਾ ਇਤਿਹਾਸ, ਕਾਸ਼ੀ, 1996 ਬਿ:, ਪੰਨਾਂ-264
3. ਗਿਆਨੀ ਗਿਆਨ ਸਿੰਘ, ਸ੍ਰੀ ਗੁਰਪੰਥ ਪ੍ਰਕਾਸ਼, ਪਟਿਆਲਾ, 1970, ਪੰਨਾ-518
4. ਬਾਬਾ ਕਾਹਲਾ ਸਿੰਘ, ਪੰਥ ਪ੍ਰਕਾਸ਼, ਸਿੰਘਾਂ ਨਾਮਧਾਰੀਆਂ।
5. ਚੈਨ ਸਿੰਘ ਚੈਨ, ਸੰਪਾ:ਗਦਰ ਦੀ ਕਹਾਣੀ, ਜਲੰਧਰ, 2002, ਪੰਨਾ-10

Namdhari Elibrary NamdhariElibrary@gmail.com

ਪਿਛੋਂ ਸਾਮਵਾਦੀ ਵਿਚਾਰਧਾਰਾ ਨੂੰ ਪਰਨਾਏ ਗਏ ਸਨ ਪਰ ਲਸੂੜੇ ਦੀ ਗਿਟਕ ਵਾਂਗ ਸਤਿਗੁਰੂ ਰਾਮ ਸਿੰਘ ਤੇ ਉਨ੍ਹਾਂ ਦਾ ਅਧਿਆਤਮਕ ਤੱਤ ਉਨ੍ਹਾਂ ਦੇ ਅੰਦਰ ਅੰਤਮ ਦਿਨਾਂ ਤਕ ਵੀ ਕਾਇਮ ਸੀ ਜਿਸ ਕਰ ਕੇ ਉਨ੍ਹਾਂ ਨੂੰ ਆਪਣੇ ਅੰਤ ਦਾ ਪੂਰਵ ਗਿਆਨ ਹੋ ਗਿਆ ਸੀ।

ਉਨ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦਰਸ਼ਨ ਦੇਣ ਦੀ ਅਰਜ਼ ਕਰ ਭੇਜੀ ਕਿਉਂਕਿ ਉਹ ਬੁਢੇਪੇ ਵਿਚ ਕਮਰ ਕੁੱਬੀ ਹੋ ਜਾਣ ਕਾਰਨ ਤੁਰਨ ਫਿਰਨ ਤੋਂ ਅਸਮਰੱਥ ਹੋ ਗਏ ਸਨ। 1968 ਦੀ ਦੀਵਾਲੀ ਦੇ ਮੇਲੇ ਦੇ ਮੌਕੇ ਤੇ ਅੰਮ੍ਰਿਤਸਰੋਂ ਸਤਿਗੁਰੂ ਜੀ ਭਕਨੇ ਦਰਸ਼ਨ ਦਿਤੇ। ਇਹ ਲੇਖਕ ਵੀ ਨਾਲ ਸੀ। ਬਾਬਾ ਜੀ ਨੇ ਇਸ ਦਿਨ ਤੋਂ ਲਗਪਗ 18 ਦਿਨ ਪਿਛੋਂ ਸਰੀਰ ਛੱਡਿਆ ਸੀ।

ਇਸ ਮੌਕੇ ਬਾਬਾ ਜੀ ਨਾਲ ਸਾਧਾਰਨ ਮੁਲਾਕਾਤ ਲੇਖਕ ਨੇ ਰਿਕਾਰਡ ਕੀਤੀ ਸੀ ਜਿਸ ਵਿਚ ਬਾਬਾ ਜੀ ਨੇ ਕਈ ਨਵੀਆਂ ਗੱਲਾਂ ਦਾ ਜ਼ਿਕਰ ਕੀਤਾ ਸੀ। ਇਹ ਸ਼ਾਇਦ ਉਨ੍ਹਾਂ ਦੀ ਕਿਸੇ ਨਾਲ ਆਖ਼ਰੀ ਮੁਲਾਕਾਤ ਸੀ। ਬਾਬਾ ਜੀ ਨੇ ਹੀ ਇਹ ਗੱਲ ਦੱਸੀ ਸੀ ਕਿ ਨਾਮਧਾਰੀ ਸਿੰਘਾਂ ਨੂੰ ਅੰਗਰੇਜ਼ ਕਾਲੇ ਪਾਣੀ ਲੈ ਗਏ ਸਨ ਜਿਥੇ ਉਨ੍ਹਾਂ ਨੂੰ ਸਮੁੰਦਰ ਵਿਚ ਲੈ ਜਾ ਕੇ ਨਾਮਧਾਰੀਪੁਣਾ ਛਡਣ ਲਈ ਪਾਣੀ ਵਿਚ ਡੋਬ ਡੋਬ ਕੇ ਮਨਾਇਆ ਜਾਂਦਾ ਸੀ ਪਰ ਉਹ ਮੰਨਦੇ ਨਹੀਂ ਸਨ। ਬਾਬਾ ਜੀ ਇਹ ਵੀ ਦੱਸਿਆ ਸੀ ਕਿ ਇਸ ਗੱਲ ਦੀ ਅਗੋਂ ਪੁਸ਼ਟੀ ਨਹੀਂ ਸੀ ਕੀਤੀ ਜਾ ਸਕੀ।

ਇਤਿਹਾਸਕਾਰੀ ਵਿਚ ਮੌਖਿਕ ਗਵਾਹੀ ਨੂੰ ਵੀ ਹੁਣ ਬਹੁਤ ਮਹੱਤਵ ਦਿਤਾ ਜਾਂਦਾ ਹੈ। ਹੁਣ ਤਾਂ ਵਿਸ਼ਵਵਿਦਿਆਲਿਆਂ ਵਿਚ ਇਸ ਗਵਾਹੀ ਦੇ ਸੰਕਲਨ ਲਈ ਵਿਸ਼ੇਸ਼ ਵਿਭਾਗ ਵੀ ਖੁੱਲ੍ਹਣ ਲੱਗ ਪਏ ਹਨ। ਸਤਿਗੁਰੂ ਰਾਮ ਸਿੰਘ ਜਾਂ ਗੁਰੂ ਹਰੀ ਸਿੰਘ ਜੀ ਦੇ ਸਮਕਾਲੀਆਂ ਨੇ ਉਨ੍ਹਾਂ ਨੂੰ ਕਿਵੇਂ ਦੇਖਿਆ ਪਰਖਿਆ ਜਾਂ ਉਨ੍ਹਾਂ ਦੇ ਪ੍ਰਭਾਵਾਂ ਨੂੰ ਕਿਸ ਤਰ੍ਹਾਂ ਕਬੂਲ ਕੀਤਾ ਜਾਂ ਉਨ੍ਹਾਂ ਅਤੇ ਉਨ੍ਹਾਂ ਦੇ ਸਿੱਖਾਂ ਦੇ ਚਰਿੱਤਰ ਸਬੰਧੀ ਕਿਸੇ ਸਮਕਾਲੀ ਦੀ ਮੌਖਿਕ ਗਵਾਹੀ ਬਹੁਤ ਮਹਤਵਪੂਰਨ ਹੋਵੇਗੀ। ਸਾਡੇ ਵਾਸਤੇ ਮੌਖਿਕ ਗਵਾਹੀਆਂ ਇਕਤਰ ਕਰਨ ਦਾ ਕੰਮ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਕੀਤਾ।

ਉਨ੍ਹਾਂ ਦੇ ਸਮੇਂ ਤਕ ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਦੀ ਗਿਣਤੀ ਘਟ ਕੇ ਸੋਲਾਂ-ਸਤਾਰਾਂ ਦੇ ਨੇੜੇ ਰਹਿਣ ਦੀ ਭਿਣਕ ਪੈਂਦੀ ਹੈ। ਇਨ੍ਹਾਂ ਵਿਚੋਂ ਕਈਆਂ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਮਿਲਕੇ ਜਿੰਨਾਂ ਕੁ ਹੋ ਸਕਿਆ ਮਸਾਲਾ ਇਕੱਤਰ ਕੀਤਾ ਵੀ। ਜਾਪਦਾ ਹੈ ਕਿ ਉਹ ਬਾਬਾ ਲਾਲ ਸਿੰਘ ਲਤਾਲਾ, ਸਾਕਾ ਮਲੇਰਕੋਟਲਾ ਵਿਚੋਂ ਵਾਪਸ ਆਏ ਸੰਤ ਹੀਰਾ ਦਾਸ ਚਿੱਟੀ ਤੇ ਸਵਾਮੀ ਤਖ਼ਤ ਸਿੰਘ ਗੁੱਜਰਪੁਰਾ (ਹੁਸ਼ਿਆਰਪੁਰ) ਆਦਿ ਪੁਰਾਣੇ ਸਿੱਖਾਂ ਨੂੰ ਮਿਲੇ ਤੇ ਉਨ੍ਹਾਂ ਕੋਲੋਂ ਬਹੁਮੁੱਲੀ ਜਾਣਕਾਰੀ ਪ੍ਰਾਪਤ ਕੀਤੀ। ਉਦਾਹਰਣ ਵਜੋਂ ਸਵਾਮੀ ਤਖਤ ਸਿੰਘ ਦਾ ਨਾਂ ਅੰਮ੍ਰਿਤਸਰ ਦੇ ਸਾਕੇ ਦੀਆਂ ਮਿਸਲਾਂ ਵਿਚ ਕਿਤੇ ਨਹੀਂ ਪੜ੍ਹਿਆ। ਸਤਿਗੁਰੂ ਜੀ ਉਨ੍ਹਾਂ ਨੂੰ ਉਦੋਂ ਮਿਲਣ ਦਾ ਜ਼ਿਕਰ ਕਰਦੇ ਹਨ ਜਦ ਉਹ ਸ਼ਾਇਦ 93ਵੇਂ ਸਾਲ ਦੇ ਹੋ ਗਏ ਸਨ। ਉਦੋਂ ਵੀ ਉਨ੍ਹਾਂ ਦਾ ਸਰੀਰ ਸੋਹਣਾ ਸੁਨੱਖਾ ਤੇ ਰੰਗ ਗੋਰਾ ਸੀ।

ਸਵਾਮੀ ਜੀ ਫਿਰ ਕਲਕੱਤੇ ਚਲੇ ਗਏ। ਸਵਾਮੀ ਜੀ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਹ ਗੱਲ ਦੱਸੀ ਸੀ ਕਿ ਅੰਮ੍ਰਿਤਸਰ ਬੁੱਚੜਬਧ ਸਮੇਂ ਉਨ੍ਹਾਂ ਸਿੱਖਾਂ ਨੇ ਦਰਬਾਰ ਸਾਹਿਬ ਦੀ ਪਰਿਕ੍ਰਮਾ ਵਿਚ ਪੌੜੀ ਲਾ ਕੇ ਬੁੱਚੜਖਾਨੇ ਵਿਚ ਪ੍ਰਵੇਸ਼ ਕੀਤਾ ਸੀ। ਇਸ ਦਾ ਭਾਵ ਸਪੱਸ਼ਟ ਸੀ ਕਿ ਉਹ ਉਸ ਸਾਕੇ ਵਿਚ ਸ਼ਾਮਲ ਸਨ।

ਸਤਿਗੁਰੂ ਜੀ ਦੇ ਬਚਨਾਂ ਤੋਂ ਅਨੁਮਾਨ ਇਹ ਲਗਦਾ ਹੈ ਕਿ ਆਪ ਨੇ ਭਾਣਾ ਜ਼ਿਲਾ ਫਿਰੋਜ਼ਪੁਰ ਵਾਲੇ ਬਾਬਾ ਹਰਨਾਮ ਸਿੰਘ ਤੇ ਮਾਈ ਚੰਦੋ ਦੇ ਦਰਸ਼ਨ ਨਹੀਂ ਕੀਤੇ ਸਗੋਂ ਉਨ੍ਹਾਂ ਬਾਰੇ ਜਾਣਕਾਰੀ ਮਾਤਾ ਜੀਵਨ ਕੌਰ ਰਾਹੀਂ ਪ੍ਰਾਪਤ ਹੋਈ ਕਿ ਇਹ ਦੋਵੇਂ ਜੀਅ ਰੰਗੂਨ ਗਏ ਪਰ ਬਿਨਾਂ ਦਰਸ਼ਨ ਕਰਨ ਦੇ ਵਾਪਸ ਕਰ ਦਿਤੇ ਗਏ। ਹੈਰਾਨੀ ਦੀ ਗਲ ਇਹ ਸੀ ਕਿ ਇਹ ਹੋਰ ਦਰਸ਼ਨ ਅਭਿਲਾਸ਼ੀਆਂ ਵਾਂਗ ਭੇਸ ਬਦਲ ਕੇ ਨਹੀਂ ਗਏ ਸਗੋਂ ਅੰਗਰੇਜ਼ ਸਰਕਾਰ ਦੇ ਅਰਜ਼ੀ ਪਾਈ ਜਾਣ ਦੀ ਅਨੁਮਤੀ ਲਈ। ਸਰਕਾਰ ਦਾ ਦਿਮਾਗ਼ ਅਜਿਹਾ ਚਕਰਾਇਆ ਕਿ ਗੁਰੂ ਰਾਮ ਸਿੰਘ ਦੇ ਕੈਦ ਸਥਾਨ ਨੂੰ ਗੁਪਤ ਰੱਖਣ ਲਈ ਸਿਰ ਪਰਨੇ ਹੋਈ ਸਰਕਾਰ ਦਾ ਮੀਰ ਮੁਨਸ਼ੀ ਆਪਣੀ ਮੋਹਰ ਲਾ ਕੇ ਇਸ ਜੋੜੀ ਨੂੰ ਰੰਗੂਨ ਜਾਣ ਦੀ ਆਗਿਆ ਦਿੰਦਾ ਹੈ। ਰੰਗੂਨ ਦੀ ਕਰਮਚਾਰੀਆਂ ਨੇ ਜਹਾਜ਼ੋਂ ਉਤਰਦੇ ਹੀ ਫੜ ਕੇ ਵਾਪਸ ਭੇਜ ਦਿਤੇ ਤੇ ਨਾਲੇ ਪਾਈ ਝਾੜ ਪੰਜਾਬ ਸਰਕਾਰ ਨੂੰ। ਇਸ ਜੋੜੀ ਬਾਰੇ ਇਹ ਗੱਲ ਸਤਿਗੁਰੂ ਪ੍ਰਤਾਪ ਸਿੰਘ ਜੀ ਰਾਹੀਂ ਹੀ ਸਾਨੂੰ ਪਹੁੰਚਦੀ ਹੈ ਕਿ ਵਿਯੋਗ ਵਿਚ ਦੋਹਾਂ ਨੇ ਬਾਕੀ ਦੀ ਸਾਰੀ ਉਮਰ ਸਿਰ ਦੇ ਕੇਸਾਂ ਨੂੰ ਨਾ ਕੰਘਾ ਵਾਹਿਆ ਨਾ ਤੇਲ ਲਾਇਆ।[1]

ਸਾਡੇ ਇਤਿਹਾਸ ਤੇ ਇਤਿਹਾਸਕਾਰੀ ਨੂੰ ਸਤਿਗੁਰੂ

1. ਰਿਕਾਰਡ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ।

Namdhari Elibrary NamdhariElibrary@gmail.com

ਜੀ ਦੀ ਬਹੁਤ ਵੱਡੀ ਦੇਣ ਹੈ। ਜੇ ਉਨ੍ਹਾਂ ਨੇ ਆਪਣੇ ਇਤਿਹਾਸ ਦੀ ਸੰਭਾਲ ਤੇ ਖੋਜ ਦਾ ਮੁੱਢ ਨਾ ਬੰਨ੍ਹਿਆ ਹੁੰਦਾ ਤਦ ਅੱਜ ਸਾਡੇ ਪੱਲੇ ਕੁਛ ਵੀ ਨਾ ਹੁੰਦਾ। ਖੁਸ਼ਕਿਸਮਤੀ ਦੀ ਗੱਲ ਹੀ ਸਮਝੋ ਕਿ ਉਸ ਦਾ ਕਾਫੀ ਹਿੱਸਾ ਵਿਗਿਆਨਕ ਕਾਢ ਨਿਕਲ ਆਉਣ ਕਾਰਨ ਰਿਕਾਰਡ ਹੋ ਕੇ ਉਨ੍ਹਾਂ ਦੇ ਉਪਦੇਸ਼ਾਂ ਦੇ ਰੂਪ ਵਿਚ ਸੰਭਾਲਿਆ ਜਾ ਸਕਿਆ ਜਿਸ ਦਾ ਬਹੁਤਾ ਸ਼੍ਰੇਅ ਸਿਆਮ ਬੰਕੋਕ ਦੀ ਨਾਮਧਾਰੀ ਸੰਗਤ ਨੂੰ ਜਾਂਦਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਾਡੇ ਇਤਿਹਾਸ ਨੂੰ ਬਹੁਤ ਵੱਡੀ ਦੇਣ ਇਤਿਹਾਸਕਾਰ ਪੈਦਾ ਕਰਨ ਵਿਚ ਵੀ ਹੈ। ਸੰਤ ਧਿਆਨ ਸਿੰਘ ਕਾਦਰਾਬਾਦੀ, ਭਾਈ ਸੰਤੋਖ ਸਿੰਘ ਬਾਹੋਵਾਲ ਤੇ ਬਾਬਾ ਕਾਹਲਾ ਸਿੰਘ ਨੰਗਲ ਵੱਡਾ ਨੂੰ ਉਮਰੋਂ ਵੱਡੇ ਹੋਣ ਕਾਰਨ ਅਸੀਂ ਇਨ੍ਹਾਂ ਵੱਲੋਂ ਉਤਸ਼ਾਹਿਤ ਇਤਿਹਾਸਕਾਰਾਂ ਵਿਚ ਨਹੀਂ ਗਿਣ ਸਕਦੇ। ਮਹਾਰਾਜ ਗੁਰਦਿਆਲ ਸਿੰਘ, ਸੰਤ ਨਿਧਾਨ ਸਿੰਘ 'ਆਲਿਮ ਤੇ ਸੰਤ ਇੰਦਰ ਸਿੰਘ 'ਚਕ੍ਰਵਰਤੀ, ਦੇ ਨਾਂ ਵਿਸ਼ੇਸ਼ ਤੌਰ ਤੇ ਗਿਣਨਯੋਗ ਹਨ।

ਇਨ੍ਹਾਂ ਲੇਖਕਾਂ ਨੇ ਸਾਧਨ, ਸ੍ਰੋਤ ਤੇ ਸਮਾਂ ਸੀਮਿਤ ਹੋਣ ਦੇ ਬਾਵਜੂਦ ਵੀ ਇਸ ਕਠਿਨ ਕਾਰਜ ਦਾ ਬੀੜਾ ਕਿਉਂ ਚੁੱਕਿਆ? ਇਸ ਦਾ ਇਕ ਕਾਰਨ ਇਹ ਸੀ ਕਿ ਉਨ੍ਹਾਂ ਨੂੰ ਵੀ ਸ਼ਾਇਦ ਇਸ ਗੱਲ ਦਾ ਗਿਆਨ ਸੀ ਕਿ ਜਿੰਨ੍ਹਾਂ ਵਧੀਆ ਕਿਸੇ ਵਿਅਕਤੀ, ਸੰਸਥਾ ਜਾਂ ਅੰਦੋਲਨ ਨਾਲ ਸਬੰਧਤ ਵਿਅਕਤੀ ਦਾ ਇਤਿਹਾਸ ਉਸ ਨਾਲ ਸਬੰਧਤ ਇਤਿਹਾਸਕਾਰ ਲਿਖ ਸਕਦਾ ਹੈ ਉਨਾਂ ਹੋਰ ਕੋਈ ਨਹੀਂ। ਇਸ ਸਬੰਧ ਵਿਚ ਸਰਦਾਰ ਕਰਮ ਸਿੰਘ ਹਿਸਟੋਰੀਅਨ ਦੀ ਮਨੌਤ ਹੈ ਮਰਹੱਟਿਆਂ ਦਾ ਸਭ ਤੋਂ ਪਹਿਲਾਂ ਹਾਲ ਮਰਹੱਟਿਆਂ ਨੇ ਨਹੀਂ, ਸਗੋਂ ਇਕ ਅੰਗਰੇਜ਼ ਨੇ ਲਿਖਿਆ ਸੀ। ਇਹ ਮੰਨੀ ਪ੍ਰਮੰਨੀ ਗੱਲ ਹੈ ਕਿ ਕੌਮੀ ਇਤਿਹਾਸ ਨੂੰ ਉਸ ਕੌਮ ਦਾ ਬੰਦਾ ਹੀ ਠੀਕ ਲਿਖ ਸਕਦਾ ਹੈ, ਦੂਜੀ ਕੌਮ ਦਾ ਬੰਦਾ ਅੰਦਰਲੀਆਂ ਗੱਲਾਂ ਨੂੰ ਸਮਝ ਹੀ ਨਹੀਂ ਸਕਦਾ। ਗਰੈਂਡ ਡਫ ਨੇ ਮਰਹੱਟਿਆਂ ਦਾ ਇਤਿਹਾਸ ਲਿਖਿਆ ਤੇ ਸੁਹਣਾ ਲਿਖਿਆ, ਪਰ ਮਰਹੱਟਾ ਆਦਰਸ਼ ਨੂੰ ਉਹ ਸਮਝ ਨਾ ਸਕਿਆ।''[1] 'ਕਿਉਂਕਿ ਉਹਨੇ ਇਹ ਇਤਿਹਾਸ ਆਪਣੇ ਵਤਨ ਵਾਸੀਆਂ ਲਈ ਲਿਖਿਆ ਸੀ ਤੇ ਇਹ ਸੁਭਾਵਕ ਗੱਲ ਸੀ ਕਿ ਉਸ ਵੱਲੋਂ ਪ੍ਰਯੋਗ ਕੀਤੇ ਗਏ ਸ੍ਰੋਤਾਂ ਨੂੰ ਧਿਆਨ ਵਿਚ ਰੱਖਦਿਆਂ ਬਹੁਤੇ ਇਹ ਸ਼ੱਕ ਕਰਦੇ ਹਨ ਕਿ ਉਹਦੇ ਬਿਆਨ ਮਰਾਠਾ ਇਤਿਹਾਸ ਵਿਚ ਅੰਤਮ ਨਹੀਂ ਸਨ।[2]

ਇਹ ਦੇਖ ਕੇ ਮਰਹੱਟਿਆਂ ਦੇ ਦਿਲ ਵਿਚ ਚਾਹ ਉੱਠੀ ਕਿ ਆਪਣਾ ਇਤਿਹਾਸ ਅਸੀਂ ਆਪ ਕਿਉਂ ਨਾ ਸੰਪੂਰਨ ਕਰੀਏ ? ਉਤਸ਼ਾਹੀਆਂ ਦਾ ਇਕ ਜਥਾ ਬਣ ਗਿਆ ਅਤੇ ਉਹ ਮਸਾਲਾ ਇਕੱਠਾ ਕਰਨ ਲਗ ਪਏ। ਇਸ ਤਰ੍ਹਾਂ ਇਨ੍ਹਾਂ ਨੇ ਤੀਹ ਕਿਤਾਬਾਂ ਛਾਪੀਆਂ ਤੇ ਆਪਣੇ ਕੌਮੀ ਇਤਿਹਾਸ ਦਾ ਸਾਰਾ ਮਸਾਲਾ ਇਕੱਠਾ ਕਰ ਦਿੱਤਾ।[3]

ਮਰਹੱਟਿਆਂ ਨਾਲ ਮਿਲਦੀ ਜੁਲਦੀ ਗੱਲ ਸਾਡੇ ਨਾਮਧਾਰੀ ਇਤਿਹਾਸ ਦੀ ਹੈ। ਸਾਡਾ ਇਤਿਹਾਸ ਅੰਗਰੇਜ਼ਾਂ ਨੇ ਨਹੀਂ ਸੀ ਲਿਖਣਾ। ਭਾਰਤੀਆਂ ਨੇ ਲਿਖਿਆ ਨਹੀਂ। ਇਸ ਲੇਖਕ ਨੂੰ ਮੈਟ੍ਰਿਕ ਦੇ ਕੋਰਸ ਵਿਚ ਪੜ੍ਹਾਈ ਗਈ 'ਭਾਰਤ ਵਰਸ਼ ਦਾ ਇਤਿਹਾਸ'[4] ਵਿਚ ਨਾਮਧਾਰੀਆਂ ਦਾ ਕਿਤੇ ਨਾਂ ਥਾਂ ਨਹੀਂ ਸੀ। ਵਿਦਿਆਰਥੀਆਂ ਨੂੰ ਕੀ ਪਤਾ ਲੱਗਣਾ ਸੀ? ਉਨ੍ਹਾਂ ਨੂੰ ਜੋ ਪੜ੍ਹਾਇਆ ਜਾਣਾ ਹੈ ਉਸੇ ਦਾ ਗਿਆਨ ਹੁੰਦਾ ਹੈ। ਸਿੱਟਾ ਇਹ ਕਿ ਕਰੀਬ ਅਧੀ ਸਦੀ ਪਹਿਲਾਂ ਇੰਗਲੈਂਡ ਦਾ ਇਤਿਹਾਸ ਵਿਚ ਪੜ੍ਹਿਆ ਸ਼ਾਨਦਾਰ ਇਨਕਲਾਬ ਦਾ ਸੰਨ 1816 ਵੀ ਅਜੇ ਯਾਦ ਹੈ ਪਰ ਨਾਮਧਾਰੀ ਇਤਿਹਾਸ ਦਾ ਕੁਛ ਪਤਾ ਹੀ ਨਹੀਂ ਸੀ।

ਸਰਦਾਰ ਨਾਹਰ ਸਿੰਘ ਨੂੰ ਨਾਮਧਾਰੀ ਇਤਿਹਾਸ ਲਿਖਣ ਲਈ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਹੀ ਲੱਭਿਆ ਸੀ। ਸਰਦਾਰ ਜੀ ਨੇ ਜਤਨ ਸੁਹਣਾ ਕੀਤਾ ਸਾਡੇ ਲਈ ਪੂਰਨੇ ਪਾਏ ਪਰ ਗਰਾਂਟ ਡਫ ਵਾਂਗ ਉਨ੍ਹਾਂ ਦਾ ਪਿਛੋਕੜ ਨਾਮਧਾਰੀ ਨਹੀਂ ਸੀ ਜਿਸ ਦਾ ਝਾਉਲਾ ਉਨ੍ਹਾਂ ਦੀ ਕਿਰਤ ਵਿਚੋਂ ਪੈਂਦਾ ਹੈ ਫਿਰ ਵੀ ਉਨ੍ਹਾਂ ਨੇ ਇਕ ਜਤਨ ਕੀਤਾ ਸੀ 'ਨਾਮਧਾਰੀ ਹਿਸਟਰੀ ਰਿਸਰਚ ਸੋਸਾਇਟੀ, ਸ੍ਰੀ ਜੀਵਨ ਨਗਰ ਦਾ ਗਠਨ ਕਰਨ ਦਾ ਜਿਸ ਵਿਚ ਤਦ ਵਕਤੀ ਨਾਮਧਾਰੀ ਇਤਿਹਾਸਕਾਰਾਂ ਨੂੰ ਸ਼ਾਮਲ ਕੀਤਾ ਗਿਆ ਸੀ। ਸੋਸਾਇਟੀ ਵਿਚ ਇਸ ਲੇਖਕ ਦਾ ਗੁਣਾਂ ਵੀ ਪੈ ਗਿਆ ਸੀ। ਇਸ ਦਾ ਸਰਦਾਰ ਨਾਹਰ ਸਿੰਘ ਨਾਲ ਕਾਫੀ ਨੇੜ ਰਿਹਾ ਪਰ ਇਹ

1, ਸਰਦਾਰ ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ,ਸੰਪਾਦਕ ਗਿ: ਹੀਰਾ ਸਿੰਘ ਦਰਦੱ, ਅੰਮ੍ਰਿਤਸਰ, 1980, ਪੰਨਾਂ–18 ,19

2. Nilakanta, K. A. Sastri. Historical Method in relation to Indian History, Madras, 1956,p-135

3. ਸਰਦਾਰ ਕਰਮ ਸਿੰਘ ਹਿਸਟੋਰੀਅਨ, ਇਤਿਹਾਸਕ ਖੋਜ,ਸੰਪਾਦਕ ਗਿ: ਹੀਰਾ ਸਿੰਘ ਦਰਦੱ, ਅੰਮ੍ਰਿਤਸਰ, 1980,ਪੰਨਾਂ–18, 19

4. ਵਿਸ਼ਵਨਾਥ, ਗੋਲਡਨ ਇਤਿਹਾਸ ਭਾਰਤਵਰਸ਼, ਜਲੰਧਰ, 1955

Namdhari Elibrary NamdhariElibrary@gmail.com

ਸੋਸਾਇਟੀ ਬਹੁਤਾ ਕੁਛ ਕਰ ਨਾ ਸਕੀ। ਪਰ ਇਸ ਲੇਖਕ ਸਮੇਤ ਨਾਮਧਾਰੀਆਂ ਵਿਚ ਇਤਿਹਾਸ ਦੀ ਜਾਗ ਲਾਉਣ ਦਾ ਕੰਮ ਸਰਦਾਰ ਜੀ ਨੇ ਹੀ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਦੇ ਸਮਕਾਲੀਆਂ ਵਿਚੋ ਸਰਦਾਰ ਹੁਕਮ ਸਿੰਘ ਭੁਰਜੀ ਵਿਚ ਇਤਿਹਾਸ ਲਿਖਣ ਦੀ ਤਾਂਘ ਬਹੁਤ ਸੀ। ਉਹ ਪ੍ਰਗਟ ਸਤਿਗੁਰੂ ਜਗਜੀਤ ਸਿੰਘ ਕਾਲ ਵਿਚ ਹੋਏ। ਭੁੰਜੇ ਹੋਏ ਛੋਲੇ ਉਨ੍ਹਾਂ ਦੇ ਝੋਲੇ ਵਿਚ ਹੁੰਦੇ। ਜਿਥੇ ਜਾਂਦੇ ਆਪਣਾ ਪਰਨਾ ਵਿਛਾ ਕੇ ਆਰਾਮ ਕਰ ਲੈਂਦੇ ਤੇ ਛੋਲੇ ਚੱਬ ਕੇ ਪਾਣੀ ਪੀ ਲੈਂਦੇ ਪਰ ਉਨ੍ਹਾਂ ਦੀ ਲਿਖਤ ਅਣਛਪੀ ਹੀ ਰਹਿ ਗਈ। ਅਜਿਹੀ ਲਗਨ ਵਾਲੇ ਦੂਜੇ ਵਿਅਕਤੀ ਸੰਤ ਤਰਨ ਸਿੰਘ ਵਹਿਮੀ ਦੇਖੇ ਹਨ ਜਿਹੜੇ 'ਜਸ ਜੀਵਨ' ਵਰਗੀ ਬਹੁ-ਜਿਲਦੀ ਰਚਨਾ ਅਤੇ ਹੋਰ ਇਤਿਹਾਸਕ ਰਚਨਾਵਾਂ ਲਈ ਸਵੈ ਸਮਰਥ ਸਨ ਨਹੀਂ ਤਾਂ ਅਸੀਂ ਬਹੁਤ ਕਾਸੇ ਤੋ ਵਿਰਵੇ ਰਹਿ ਗਏ ਹੁੰਦੇ।

ਜਿਨ੍ਹਾਂ ਭਾਰਤੀ ਲੇਖਕਾਂ ਜਾਂ ਇਤਿਹਾਸਕਾਰਾਂ ਨੇ ਸੁਤੰਤਰ ਭਾਰਤ ਵਿਚ ਨਾਮਧਾਰੀ ਇਤਿਹਾਸ ਬਾਰੇ ਕੁਛ ਲਿਖਿਆ ਉਨ੍ਹਾਂ ਵਿਚੋਂ ਪਹਿਲ ਕਰਨ ਵਾਲਿਆਂ ਵਿਚੋ ਕੁਛ ਕੁ ਨੂੰ ਬਰਤਾਨਵੀ ਐਨਕਾਂ ਲੱਗੀਆਂ ਹੋਈਆਂ ਸਨ ਜਿਸ ਕਰ ਕੇ ਨਾਮਧਾਰੀ ਆਦਰਸ਼ ਤੇ ਕੁਰਬਾਨੀਆਂ ਨਾਲ ਉਹ ਨਿਆਂ ਨਹੀਂ ਸਨ ਕਰ ਸਕਦੇ। ਨਾਮਧਾਰੀਆਂ ਨਾਲ ਕੁਛ ਨਿਆਂ ਕੌਮੀ ਧਾਰਾ ਵਾਲੇ ਲੇਖਕਾਂ, ਜਿਵੇਂ ਭਾਈ ਪਰਮਾਨੰਦ, ਹਿੰਦੀ ਵਿਚ ਲਿਖੇ ਗਏ ਭਾਰਤ ਵਰਸ਼ ਕਾ ਇਤਿਹਾਸ ਦੇ ਲੇਖਕ ਇਕ ਇਤਿਹਾਸ ਪ੍ਰੇਮੀ, ਸਰਦਾਰ ਭਗਤ ਸਿੰਘ ਸ਼ਹੀਦ ਆਦਿ ਨੇ ਹੀ ਕੀਤਾ ਪਰ ਸਾਡੀ ਇਤਿਹਾਸਕਾਰੀ ਦੇ ਇਹ ਡੂੰਘੇ ਜਤਨ ਨਹੀਂ ਆਖੇ ਜਾ ਸਕਦੇ। ਕੇਵਲ ਸਤਿਗੁਰੂ ਰਾਮ ਸਿੰਘ ਦੀ ਕੀਰਤੀ ਤੱਕ ਜਾਂ ਵੱਧੋ ਵੱਧ ਮਲੇਰ ਕੋਟਲੇ ਦੀ ਕ੍ਰਾਂਤੀਕਾਰੀ ਘਟਨਾ ਤਕ ਹੀ ਸੀਮਿਤ ਹਨ।

ਸਾਡੇ ਇਤਿਹਾਸ ਵਿਚ ਵੀ ਤੋੜ-ਭੰਨ ਤੇ ਆਖੇਪਕਾਰੀ ਦੇ ਜਤਨ ਹੋਏ ਹਨ। ਡਾਕਟਰ ਗੰਡਾ ਸਿੰਘ ਦੁਆਰਾ ਰਚੀ ਗਈ 'ਕੂਕਿਆਂ ਦੀ ਵਿਥਿਆ'' ਇਸ ਦੀ ਉੱਘੀ ਉਦਾਹਰਣ ਹੈ ਜਿਸ ਵਿਚ ਨਾਮਧਾਰੀਆਂ ਨੂੰ ਝੂਠੇ ਸਿੱਧ ਕਰਨ ਲਈ ਇਤਿਹਾਸਕ ਘਟਨਾਵਾਂ ਦੀਆਂ ਤਾਰੀਖਾਂ ਵਿਚ ਇਕ ਇਕ ਸਾਲ ਦਾ ਫ਼ਰਕ ਬੜੀ ਸਫਲਤਾ ਨਾਲ ਪਾ ਕੇ ਪ੍ਰਚਾਰਿਆ ਵੀ। ਲੇਖਕ ਡਾਕਟਰ ਹੋਣ ਕਾਰਨ ਆਮ ਲੋਕ ਉਸ ਦੀ ਮਾਰੀ ਹੋਈ ਮੱਖੀ ਤੇ ਮੱਖੀ ਮਾਰੀ ਜਾਂਦੇ ਹਨ। ਪੰਜਾਬ ਦੇ ਨਾਮੀ ਇਤਿਹਾਸਕਾਰ ਇਹ ਮੰਨਣ ਲਈ ਤਿਆਰ ਨਹੀਂ ਕਿ ਬਾਬਾ ਸੋਹਣ ਸਿੰਘ ਭਕਨਾ ਨਾਮਧਾਰੀ ਸੀ। ਇਹ ਇਤਿਹਾਸ ਨਾਲ ਕਿੰਨਾ ਅਨਿਆਇ ਤੇ ਪਾਠਕਾਂ ਨਾਲ ਕਿੰਨਾਂ ਧੋਖਾ ਹੈ।[1]

ਇਤਿਹਾਸਕਾਰੀ ਸਬੰਧੀ ਨਾਮਧਾਰੀ ਤੇ ਗੈਰ ਨਾਮਧਾਰੀ ਲੇਖਕਾਂ ਦੀ ਸ਼ਨਾਸੀ ਵਿਚਲਾ ਫਰਕ ਦਰਸਾਉਂਦੀ ਇਕ ਉਦਾਹਰਣ ਅਨੁਚਿਤ ਨਹੀਂ ਹੋਵੇਗੀ। ਸਾਡੇ ਨਾਮਧਾਰੀ ਇਤਿਹਾਸ ਵਿਚ ਅੰਮ੍ਰਿਤਸਰ ਬੁੱਚੜਬਧ ਦਾ ਸਾਕਾ ਸਿੱਧ ਮੁਖ ਘਟਨਾਵਾਂ ਵਿਚੋ ਇਕ ਹੈ। ਨਾਮਧਾਰੀ ਇਹ ਕਹਿੰਦੇ ਆਏ ਹਨ ਕਿ ਬੁਚੜਾਂ ਨੂੰ ਕਤਲ ਕਰਨ ਵਾਲੇ ਸਿੰਘਾਂ ਨੇ ਸਤਿਗੁਰੂ ਰਾਮ ਸਿੰਘ ਦੇ ਆਦੇਸ਼ ਅਨੁਸਾਰ ਅਦਾਲਤ ਵਿਚ ਆਤਮ ਸਮਰਪਣ ਕਰ ਕੇ ਫਾਂਸੀ ਦੀ ਸਜ਼ਾ ਸੁਣ ਚੁਕੇ ਬੇਦੋਸ਼ੇ ਬੰਦੇ ਰਿਹਾ ਕਰਵਾਏ ਸਨ ਪਰ ਅੱਜ ਤੱਕ ਨਾਮਧਾਰੀ ਇਤਿਹਾਸ ਬਾਰੇ ਜਿੰਨੀਆਂ ਵੀ ਪੁਸਤਕਾਂ ਲਿਖੀਆਂ ਜਾ ਚੁੱਕੀਆਂ ਹਨ ਕਿਸੇ ਵਿਚ ਵੀ ਇਸ ਘਟਨਾ ਬਾਰੇ ਨਾਮਧਾਰੀ ਦ੍ਰਿਸ਼ਟੀਕੋਣ ਦਾ ਸੱਚ ਲੱਭਣ ਸਬੰਧੀ ਖੋਜ ਆਧਾਰਤ ਕੰਮ ਨਹੀਂ ਕੀਤਾ ਗਿਆ ਮਿਲਦਾ ਸਗੋਂ ਅੰਗਰੇਜ਼ ਸਰਕਾਰ ਵਲੋ ਤਿਆਰ ਮਿਸਲਾਂ ਨੂੰ ਹੀ ਆਧਾਰ ਬਣਾਇਆ ਗਿਆ ਹੈ। ਇਹ ਗੱਲ ਇਸ ਲੇਖਕ ਦੇ ਹਿੱਸੇ ਆਈ ਜਿਹਨੇ ਨਾਮਧਾਰੀ ਸਿੰਘਾਂ ਦਾ ਅਦਾਲਤ ਵਿਚ ਆਤਮ ਸਮਰਪਣ ਕਰਨ ਨਾਲ ਸਬੰਧਤ ਸੈਸ਼ਨ ਜੱਜ ਅਲਸਮਈ ਦੀ ਡਾਇਰੀ ਸਮੇਤ ਹੋਰ ਕਈ ਇਤਿਹਾਸਕ ਦਸਤਾਵੇਜ਼ੀ ਪ੍ਰਮਾਣਾਂ ਦੇ ਆਧਾਰ ਤੇ ਸਿੱਧ ਕਰਨ ਦਾ ਜਤਨ ਕੀਤਾ ਜਿਹੜਾ ਪੰਜਾਬ ਇਤਿਹਾਸ ਕਾਨਫਰੰਸ ਦੇ ਸਮਾਗਮ ਵਿਚ ਪੇਸ਼ ਹੋਣ ਪਿਛੋਂ ਪ੍ਰਕਾਸ਼ਤ ਹੋ ਚੁਕਾ ਹੈ।[2]

ਕਾਗਜ਼ੀ ਸ੍ਰੋਤ ਅਜਿਹਾ ਹੈ ਜੋ ਬੁੱਢਾ ਤਾਂ ਹੁੰਦਾ ਹੈ ਪਰ ਸੰਸਾਰ ਤੋਂ ਕੂਚ ਕਰਨ ਦੀ ਮਨੁਖ ਜਿੰਨੀ ਕਾਹਲ ਨਹੀਂ ਕਰਦਾ। ਨਾਮਧਾਰੀ ਇਤਿਹਾਸ ਨਾਲ ਸਬੰਧਤ ਕਈ ਮਿਸਲਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਦਿਖਾਉਣ ਤੋਂ ਕੇਂਦਰੀ ਮੁਹਾਫਜ਼ਖਾਨੇ (ਨੈਸ਼ਨਲ ਆਰਕਾਈਵਜ਼) ਦੇ ਅਧਿਕਾਰੀ ਵੀ ਕੰਨੀ ਕਤਰਾਉਂਦੇ ਹਨ ਕਿਉਂਕਿ ਪੱਤਰੇ ਭੁਰਨੇ ਸ਼ੁਰੂ ਹੋ ਗਏ ਹਨ। ਅਸੀਂ ਗੁਰੂ ਸਾਹਿਬਾਨ ਦੇ ਸਮਕਾਲੀ ਵਿਅਕਤੀਆਂ ਦੇ ਤੁਰ ਜਾਣ ਦੀ ਗੱਲ ਕਰਦੇ ਹਾਂ ਪਰ ਸਾਡੇ ਇਤਿਹਾਸ ਨਾਲ

1. Grewal,J.S., Puri, Harish, Banga. Indu, Ghadar Movement, Patiala, 2013. p-58.

2.Sanehi, S.S., Forgery in Butcher Murder Case 1871.Pb. History Conf. Patiala, Session-xviii

Namdhari Elibrary NamdhariElibrary@gmail.com

ਸਬੰਧਤ ਕਾਗਜ਼ੀ ਸਮਗਰੀ ਵੀ ਦੁਰਲਭ ਹੋਣ ਲਗ ਪਈ ਹੈ। ਗੁਰੂ ਹਰੀ ਸਿੰਘ ਕਾਲ ਨਾਲ ਸਬੰਧਤ ਇਕ ਮਿਸਲ ਦੇ ਬਹੁਤੇ ਵਰਕੇ ਭਰ ਚੁਕੇ ਹਨ।[1] ਨਾਮਧਾਰੀ ਇਤਿਹਾਸ ਦੀਆਂ ਗ੍ਰਹਿ ਵਿਭਾਗ ਤੇ ਬਦੇਸ਼ ਵਿਭਾਗ ਨਾਲ ਸਬੰਧਤ ਸੌ ਤੋਂ, ਵੱਧ ਮਿਸਲਾਂ ਅਜਿਹੀਆਂ ਹਨ ਜਿਨ੍ਹਾਂ ਦਾ ਕੋਈ ਖ਼ੁਰਾ ਖੋਜ ਨਹੀਂ ਮਿਲ ਰਿਹਾ। ਨਾ ਉਹ ਆਰਕਾਈਵਜ਼ ਵਿਚ ਤੇ ਨਾ ਹੀ ਕਿਸੇ ਉਕਤ ਮੰਤ੍ਰਾਲੇ ਵਿਚ ਉਪਲਬਧ ਹਨ। ਹੈਰਾਨੀ ਇਸ ਗਲ ਦੀ ਵੀ ਹੈ ਕਿ ਸੂਚਨਾ ਅਧਿਕਾਰ ਕਾਨੂੰਨ ਵੀ ਕੋਈ ਸਹਾਇਤਾ ਨਹੀਂ ਕਰ ਸਕਿਆ ਤੇ ਨਾ ਹੀ ਸਭਿਆਚਾਰ ਮੰਤਰੀ ਜੀ ਨੂੰ ਕੀਤੀਆਂ ਸ਼ਿਕਾਇਤਾਂ। ਇਤਿਹਾਸ ਦਾ ਇਹ ਖੱਪਾ ਅਸੀਂ ਕਿਵੇਂ ਪੂਰਾਂਗੇ?

ਇਤਿਹਾਸ-ਸ੍ਰੋਤ ਵਿਅਕਤੀ ਦੇ ਅੰਦਰਲੀ ਚਾਹ ਨਾਲ ਹੀ ਲੱਭੇ ਜਾਂਦੇ ਹਨ। ਚਕ੍ਰਵਰਤੀ ਜੀ ਨੇ ਸਤਿਗੁਰੂ ਬਾਲਕ ਸਿੰਘ ਜੀ ਦਾ ਜੀਵਨ ਲਿਖਣ ਲਈ ਸ੍ਰੋਤਾਂ ਦੀ ਭਾਲ ਵਿਚ ਅਟਕ ਦਰਿਆ ਤੋਂ ਪਾਰ ਪਿਸ਼ਾਵਰ ਆਦਿ ਦੁਰੇਡੀਆਂ ਥਾਵਾਂ ਤੇ ਵਿਚਰਨ ਦਾ ਜ਼ਿਕਰ ਕੀਤਾ ਹੈ।[2] ਪਰ ਸ੍ਰੋਤ ਮਿਲ ਜਾਣ ਤੇ ਵੀ ਉਨ੍ਹਾਂ ਦੇ ਸਹੀ ਤੇ ਸਾਰਥਕ ਪ੍ਰਯੋਗ ਦੀ ਸਮੱਸਿਆ ਉਸ ਤੋਂ ਵੀ ਵੱਡੀ ਹੈ ਜਿਹੜੀ ਭਵਿੱਖ ਵਿਚ ਹੋਰ ਵੀ ਡੂੰਘੀ ਹੋ ਜਾਣ ਦਾ ਖਤਰਾ ਹੈ। ਇਸ ਵਿਚ ਇਤਿਹਾਸ ਪ੍ਰਤੀ ਸਾਡੀ ਉਦਾਸੀਨਤਾ ਤੇ ਅਵੇਸਲਾਪਨ ਵੀ ਜ਼ਿੰਮੇਵਾਰ ਹੋਵੇਗਾ।

ਮਹਾਰਾਜ ਬੀਰ ਸਿੰਘ ਜੀ ਨੂੰ ਇਤਿਹਾਸ ਪ੍ਰੇਰਨਾ ਮਹਾਰਾਜ ਗੁਰਦਿਆਲ ਸਿੰਘ ਜੀ ਤੋਂ ਮਿਲੀ ਸੀ। ਉਨ੍ਹਾਂ ਦੀ ਰੁਚੀ ਇਤਿਹਾਸ ਪ੍ਰੇਮੀਆਂ ਵਾਲੀ ਸੀ। ਨਾਮਧਾਰੀ ਤੇ ਕਾਂਗਰਸ ਉਨ੍ਹਾਂ ਦੇ ਆਪਣੇ ਜੀਵਨ ਕਾਲ ਨਾਲ ਸਬੰਧਤ ਇਤਿਹਾਸ ਨਾਲ ਸਬੰਧਤ ਰਚਨਾ ਹੈ ਜਿਸ ਤੋਂ ਉਨ੍ਹਾਂ ਦੀ ਇਤਿਹਾਸ ਲਿਖਣ ਦੀ ਰੁਚੀ ਤੇ ਸਮਰੱਥਾ ਦਾ ਗਿਆਨ ਹੁੰਦਾ ਹੈ।[3]

ਨਾਮਧਾਰੀਆਂ ਵਿਚ ਇਕ ਗੱਲ ਤਾਂ ਪੁਰਾਣੀ ਹੋ ਚੁਕੀ ਹੈ ਕਿ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਭੈਣੀ ਸਾਹਿਬ ਰਹਿ ਕੇ ਨਾਨਕ ਪ੍ਰਕਾਸ਼ ਦੀ ਕਥਾ ਕਰਦੇ ਰਹੇ ਸਨ। ਇਸ ਕਿਆਮ ਸਮੇਂ ਹੀ ਉਨ੍ਹਾਂ ਨਾਮਧਾਰੀਆਂ ਨੂੰ ਜਿਵੇਂ ਦੇਖਿਆ, ਸੁਣਿਆ, ਅਨੁਭਵ ਕੀਤਾ ਉਹ 28 ਕਬਿਤਾਂ ਵਿਚ ਅੰਕਤ ਕੀਤਾ।[4] ਗਿਆਨੀ ਜੀ ਦੀ ਵਿਦਵਤਾ ਦਾ ਕਮਾਲ ਹੈ ਕਿ ਉਨ੍ਹਾਂ ਨੇ ਸਾਡੇ ਇਤਿਹਾਸ ਸਾਗਰ ਨੂੰ ਗਾਗਰ ਵਿਚ ਸੰਭਾਲ ਦਿਤਾ ਜੋ ਨਾਮਧਾਰੀ ਇਤਿਹਾਸ ਤੇ ਗੁਰੂ ਸਾਹਿਬਾਨ ਬਾਰੇ ਪ੍ਰਚਾਰੀਆਂ ਗਈਆਂ ਕਈ ਗਲਤ ਧਾਰਨਾਵਾਂ ਨੂੰ ਖਤਮ ਕਰਨ ਦੇ ਸਮਰੱਥ ਹੈ ਪਰ ਗਿਆਨੀ ਜੀ ਦੇ ਭੈਣੀ ਸਾਹਿਬ ਕਿਆਮ ਦਾ ਸਮਾਂ ਅੱਜ ਤੱਕ ਅਸੀਂ ਨੀਅਤ ਨਹੀਂ ਕਰ ਸਕੇ।

ਇਸ ਲੇਖਕ ਨੂੰ 1971 ਵਿਚ ਪਤਾ ਲਗਾ ਕਿ ਗਿਆਨੀ ਜੀ ਦੇ ਕਾਗਜ਼ਾਂ ਦਾ ਇਕ ਟਰੰਕ ਉਨ੍ਹਾਂ ਦੇ ਦੋਹਤੇ ਕੋਲ ਪਿਆ ਹੈ ਜਿਸ ਵਿਚ ਉਨ੍ਹਾਂ ਦਾ ਭੈਣੀ ਸਾਹਿਬ ਜਾਣ ਦਾ ਜ਼ਿਕਰ ਦਰਜ ਹੈ। ਲੇਖਕ ਕੋਲ ਖਰੀਦ ਸਮਰਥਾ ਨਾ ਹੋਣ ਕਰ ਕੇ ਉਸ ਨੇ ਇਹ ਗੱਲ ਮਹਾਰਾਜ ਬੀਰ ਸਿੰਘ ਜੀ ਨਾਲ ਸਾਂਝੀ ਕਰਦਿਆਂ ਟਰੰਕ ਪ੍ਰਾਪਤ ਕਰਨ ਦਾ ਸੁਝਾਉ ਦਿੱਤਾ ਪਰ ਇੰਨੀ ਮਹਤੱਵਪੂਰਨ ਗੱਲ ਉਨ੍ਹਾਂ ਤੋਂ ਵੀ ਵਿੱਸਰ ਗਈ ਤੇ ਜਦ ਨੂੰ ਟਰੰਕ ਕਿਸੇ ਅਯੋਗ ਹੱਥਾਂ ਵਿਚ ਜਾ ਕੇ ਗੁੰਮ ਹੋ ਗਿਆ ਤੇ ਨਾਲ ਹੀ ਸਾਡੇ ਇਤਿਹਾਸ ਦਾ ਇਕ ਕੀਮਤੀ ਸ੍ਰੋਤ ਅਜੇ ਵੀ ਜਤਨ ਕੀਤਿਆਂ ਉਹ ਮਹੀਨਾ ਸ਼ਾਇਦ ਲੱਭਿਆ ਜਾ ਸਕੇ ਜਿਸ ਲਈ ਜਤਨ ਜਾਰੀ ਹਨ।

ਸਵਰਨ ਸਿੰਘ ਸਨੇਹੀ,ਐਮ ਏ ਸ਼ਾਹਪੁਰ
(ਫਿਲੌਰ)-144410

1.. Home Depti. Jdi B, Oct. 1881
2. ਸੰਤ ਇੰਦਰ ਸਿੰਘ ਚਕ੍ਰਵਰਤੀ, ਨਾਮਧਾਰੀ ਇਤਿਹਾਸ, ਹਿਸਾ ਪਹਿਲਾ।
3. ਮਹਾਰਾਜ ਬੀਰ ਸਿੰਘ ਜੀ, ਨਾਮਧਾਰੀ ਤੇ ਕਾਂਗਰਸ, ਜੀਵਨ ਨਗਰ,
4. ਗਿਆਨੀ ਗਿਆਨ ਸਿੰਘ, ਪੰਥ ਪ੍ਰਕਾਸ਼, ਉਤਾਰਧ, ਬਿ:60

- -

Namdhari Elibrary NamdhariElibrary@gmail.com

ਸਖਤੀਆਂ ਦੇ ਦੌਰ ਵਿੱਚ ਗੁਰਬਾਣੀ ਪ੍ਰਚਾਰ-ਪ੍ਰਸਾਰ

ਸੰਤ ਨਿਸ਼ਾਨ ਸਿੰਘ 'ਕਥਾਵਾਚਕ'

ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਆਪਣੀ ਪਾਵਨ ਬਾਣੀ ਆਨੰਦ ਸਾਹਿਬ ਵਿੱਚ ਫੁਰਮਾਨ ਕਰਦੇ ਹਨ-

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥
ਬਾਣੀ ਤ ਗਾਵਹੁ ਗੁਰੂ ਕੇਰੀ ਬਾਣੀਆ ਸਿਰਿ ਬਾਣੀ॥
ਜਿਨ ਕਉ ਨਦਰਿ ਕਰਮੁ ਹੋਵੈ ਹਿਰਦੈ ਤਿਨਾ ਸਮਾਣੀ॥

ਗੁਰੂ, ਗੁਰਸਿੱਖੀ ਅਤੇ ਗੁਰਬਾਣੀ ਦਾ ਅਨਿਖੜਵਾਂ ਸੰਬੰਧ ਹੈ। ਗੁਰੂ ਉਪਦੇਸ਼, ਗੁਰਸਿੱਖੀ ਜੀਵਨ ਦਾ ਆਧਾਰ ਰੂਪ ਹੈ। ਜਿਥੇ ਗੁਰੂ ਰੱਬੀ ਪ੍ਰਕਾਸ਼ ਦਾ ਮੂਲ ਸ੍ਰੋਤ ਹੈ, ਉੱਥੇ ਗੁਰਬਾਣੀ ਜੀਵਨ ਦੇ ਹਨੇਰੇ ਰਸਤਿਆਂ ਵਿੱਚ ਚਾਨਣ ਦਾ ਕੰਮ ਕਰਦੀ ਹੈ। ਸੜਦੇ ਬਲਦੇ ਜਗਤ ਬਨ ਨੂੰ ਠੰਢਕ ਅਤੇ ਖੇੜਾ ਬਖਸ਼ਣ ਲਈ ਆਤਮਿਕ ਜਲ ਅਤੇ ਆਤਮਿਕ ਜੀਵਨ-ਰੌਅ ਨੂੰ ਜਾਰੀ ਰੱਖਣ ਵਾਸਤੇ ਸ਼ਕਤੀ ਦਾ ਸੋਮਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਨਿਵਾਜੇ ਖਾਲਸੇ ਦੀ ਰੀਤੀ ਅਤੇ ਮਰਯਾਦਾ ਬਾਰੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ-

ਕੀਰਤਨ, ਕਥਾ, ਪਾਠ, ਗੁਰੂ ਗ੍ਰੰਥ ਜੀ ਕੇ ਥਾਟ,
ਜੋੜ ਮੇਲ ਠਾਟ, ਰਾਠ ਕਾਠ ਮੇਲ ਠਾਨੀ ਥੇ॥
ਹੋਮ ਜਗ ਕਰਵਾਤੇ, ਪ੍ਰਸ਼ਾਦ ਬਟਵਾਤੇ,
ਰੌਣਕ ਰਖਾਤੇ, ਗਾਤੇ ਸ਼ਬਦ ਜੁ ਬਾਨੀ ਥੇ॥

ਨਾਮ ਬਾਣੀ ਤੇ ਸਿੱਖੀ ਰਹੁ-ਰੀਤਾਂ ਨੂੰ ਪ੍ਰਣਾਏ ਹੋਏ ਖਾਲਸੇ ਤੇ ਦਇਆਲ ਹੋ ਕੇ ਦਸਮੇਸ਼ ਦਾਤਾ ਜੀ ਨੇ ਰਾਜ ਭਾਗ ਦੀ ਬਖਸ਼ਿਸ਼ ਕਰ ਦਿੱਤੀ। ਪਰ ਛੇਤੀ ਹੀ ਰਾਜ ਮਦ ਵਿਚ ਮਸਤ ਹੋ ਕੇ ਖਾਲਸਾ ਗੁਰਮਤਿ ਚਾਲੀ ਨੂੰ ਭੁਲਾ ਬੈਠਾ। ਜਦੋਂ ਸਿੰਘ ਸਮੇਂ ਦੇ ਮਾਇਆਵੀ ਵੇਗ ਵਿਚ ਵਹਿ ਗਏ ਤਾਂ ਖ਼ਾਲਸਾ ਰਾਜ ਦਾ ਆਸ਼ਿਆਨਾ ਕੁੱਝ ਹੀ ਸਾਲਾਂ ਵਿਚ ਤੀਲਾ-ਤੀਲਾ ਹੋ ਕੇ ਖਿੰਡ-ਪੁੰਡ ਗਿਆ। ਉਸ ਵੇਲੇ ਦੀ ਸਿੱਖੀ ਬਾਰੇ ਗਿਆਨੀ ਜੀ ਲਿਖਦੇ ਹਨ-

ਜਾਗੈਂ ਬਡੀ ਰਾਤ ਤੈ ਨ ਗੁਰਬਾਨੀ ਗਾਤ ਹੈਂ
ਨ ਪਿੰਡੇ ਕਬੀ ਨਾਤ ਹੈ ਨ ਥਿਰ ਧਯਾਨ ਕੋ ਕਏ॥

ਫਿਰ ਅਕਾਲ ਪੁਰਖ ਜੀ ਨੇ ਦੁਖੀ ਲੁਕਾਈ ਉੱਤੇ ਤਰਸ ਕਰਕੇ ਧਰਾ ਅਤੇ ਧਰਮ ਦੀ ਰਾਖੀ ਵਾਸਤੇ ਆਪਣਾ ਨਿਜ ਸਰੂਪ ਗੁਰੂ ਰਾਮ ਸਿੰਘ ਸੰਸਾਰ ਵਿਚ ਭੇਜਿਆ। ਆਪ ਜੀ ਨੇ ਆ ਕੇ ਫੇਰ ਧਰਮ ਖੇਤੀ ਨੂੰ ਬੀਜਿਆ ਅਤੇ ਸ਼ਿੰਗਾਰਿਆ, ਸੰਵਾਰਿਆ। ਜਿਸਨੂੰ ਗਿਆਨੀ ਜੀ 'ਫੇਰ ਰਾਮ ਸਿੰਘ ਬੋਈ' ਕਹਿ ਕੇ ਯਾਦ ਕਰਦੇ ਹਨ। ਫੌਜ ਵਿਚ ਰਹਿੰਦਿਆਂ ਹੋਇਆਂ, ਸਿੱਖਾਂ ਦੀ ਗੁਰਬਾਣੀ ਪ੍ਰਤੀ ਬੇ-ਰੁਖੀ ਵੇਖ ਕੇ ਆਪ ਜੀ ਬਚਨ ਕਰਦੇ- ਸਾਰੀ ਰਾਤ ਤੂਫਾਨ ਵੱਢੀ ਜਾਂਦੇ ਹੈਂ, ਸਾਰਾ ਦਿਨ ਬੋਲੀ ਹੀ ਜਾਂਦੇ ਹੈਂ। ਨਾ ਨਾਮ ਜੱਪਦੇ ਹਨ ਨਾ ਬਾਣੀ ਪੜ੍ਹਦੇ ਹਨ। ਏਹਨਾ ਦਾ ਕੀ ਹਾਲ ਹੋਊਗਾ ? ਆਪ ਜੀ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਵਾਲੇ ਸਥਾਨ ਤੇ ਪੋਚਾ ਦੇ ਕੇ ਪ੍ਰਕਾਸ਼ ਕਰਕੇ ਪਾਠ ਕਰਦੇ। ਬਚਨ ਕਰਨਾ ਕਿ ਜੋ ਗ੍ਰੰਥ ਸਾਹਿਬ ਜੀ ਦੇ ਭੋਗ ਪਵਾਏਗਾ ਜੋ ਪੜ੍ਹੇਗਾ, ਸੁਣੇਗਾ ਸੋ ਬਚੇਗਾ। ਹੋਰ ਸੰਬਰ ਸੂਰੀ ਕੇ ਮੂੰਹ ਆਵੇਗਾ। ਜਿਸ ਤਰ੍ਹਾਂ ਚੱਕੀ ਦੀ ਕਿੱਲੀ ਦੇ ਕੋਲ ਦਾਣੇ ਬਚੇ ਰਹਿੰਦੇ ਹੈਂ, ਉਸੇ ਤਰ੍ਹਾਂ ਨਾਮ ਜਪਣ ਵਾਲਾ ਬਾਣੀ ਪੜ੍ਹਨ ਵਾਲਾ ਬਚ ਰਹੇਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੜ੍ਹੀ ਮਸਾਣਾਂ ਤੇ ਮੂਰਤੀਆਂ ਦੀ ਪੂਜਾ ਅਤੇ ਟੂਣੇ ਟਾਮਣ ਦੇ ਵਹਿਮਾਂ ਭਰਮਾਂ ਚੋਂ ਕੱਢ ਕੇ ਪੰਜਾਬ ਦੇ ਲੋਕਾਂ ਨੂੰ ਫਿਰ ਸਿੱਖੀ ਰਵਾਇਤਾਂ ਨਾਲ ਜੋੜਿਆ। ਗੁਰਬਾਣੀ ਸਤਿਕਾਰ ਦੀ ਜਾਚ ਦੱਸੀ । 'ਘਰਿ ਘਰਿ ਅੰਦਰ ਧਰਮਸਾਲ' ਬਣ ਗਈ ਅਤੇ ਗੁਰਬਾਣੀ ਦਾ ਨਾਦ ਗੂੰਜਣ ਲੱਗਾ। ਭਾਈ ਗਿਆਨ ਸਿੰਘ ਜੀ ਗਿਆਨੀ ਲਿਖਦੇ ਹਨ-

ਨਰ ਨਾਰਿ ਸਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ॥218॥
ਹਮਨ ਕਰੈ ਹੈਂ, ਭੋਗ ਗ੍ਰੰਥ ਜੀ ਕੇ ਪੈ ਹੈਂ,
ਬਹੁ ਸੰਗਤੋਂ ਕੇ ਕੱਠ ਥੈ ਹੈਂ, ਰੈਹੈ ਰਚਨਾ ਲਗੀ॥
ਇਨਸਾਨ ਕਰਹੈਂ ਸਕੇਸ ਵੇਸ ਰਾਤ ਹੀ ਤੇ,
ਵਾਹਿਗੁਰੂ ਨਾਮ ਮਾਹਿ ਰਾਖੈ ਰਸਨਾ ਪਗੀ॥219॥

ਪਰ ਹੋਣ ਹਾਰ ਨੂੰ ਕੁਝ ਹੋਰ ਹੀ ਮਨਜ਼ੂਰ ਸੀ । ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਕੌਮੀ ਆਜ਼ਾਦੀ ਲਈ ਸ਼ੁਰੂ ਕੀਤਾ ਗਿਆ ਸੰਘਰਸ਼ ਵਿਕਾਊ ਜ਼ਮੀਰ ਵਾਲੇ ਲੋਕਾਂ ਨੂੰ ਨਾ ਸੁਖਾਇਆ। ਰਿਆਸਤੀ ਰਾਜਿਆਂ, ਡੇਰੇਦਾਰ ਮਹੰਤਾਂ,

Namdhari Elibrary NamdhariElibrary@gmail.com

ਜੈਲਦਾਰਾਂ, ਨੰਬਰਦਾਰਾਂ, ਸਫ਼ੈਦਪੋਸ਼ਾਂ ਅਤੇ ਅੰਗ੍ਰੇਜ਼ ਦੇ ਚਾਟੜਿਆਂ ਨੇ ਇਸ ਦਾ ਡੱਟ ਕੇ ਵਿਰੋਧ ਕੀਤਾ। ਜਿਸ ਦੇ ਸਦਕਾ ਦੇਸ਼ ਦੀ ਗੁਲਾਮੀ ਅਤੇ ਧਰਮ ਦੀ ਬੇ-ਹੁਰਮਤੀ ਦੇ ਖਿਲਾਫ਼ ਆਵਾਜ਼ ਉਠਾਉਣ ਵਾਲੇ ਕੂਕੇ ਪ੍ਰਵਾਨਿਆਂ ਨੂੰ, ਭਾਰਤ ਦੀ ਵਿਦੇਸ਼ੀ ਸਰਕਾਰ ਵੱਲੋਂ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਤੋਪਾਂ ਨਾਲ ਉਡਾ ਦਿੱਤਾ ਗਿਆ। ਫਾਂਸੀਆਂ ਅਤੇ ਕਾਲੇ ਪਾਣੀਆਂ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਗਊ ਗਰੀਬ ਦੇ ਰਾਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਪ੍ਰਮੁੱਖ ਸੂਬਿਆਂ ਸਹਿਤ ਜਲਾਵਤਨ ਕਰ ਦਿੱਤਾ ਗਿਆ। ਸ੍ਰੀ ਭੈਣੀ ਸਾਹਿਬ ਦੀ ਪਾਵਨ ਤਪੋ-ਭੂਮੀ ਨੂੰ ਲੁੱਟਣ ਅਤੇ ਪੁੱਟਣ ਵਿੱਚ ਕੋਈ ਕਸਰ ਬਾਕੀ ਨਾ ਛੱਡੀ ਗਈ। ਪੂਰਾ ਨਾਮਧਾਰੀ ਸਮਾਜ ਬਾਗ਼ੀ ਕਰਾਰ ਦੇ ਦਿੱਤਾ ਗਿਆ। ਮਹਾਰਾਜ ਬੁੱਧ ਸਿੰਘ ਜੀ ਨੂੰ ਆਪਣੇ ਪਰਿਵਾਰ ਅਤੇ ਕੁਝ ਕੁ ਸੇਵਕਾਂ ਸਹਿਤ ਸ੍ਰੀ ਭੈਣੀ ਸਾਹਿਬ ਵਿੱਚ ਹੀ ਜੂਹ-ਬੰਦ ਕਰ ਦਿੱਤਾ ਗਿਆ। ਪੰਜਾਬ ਸਰਕਾਰ ਦੇ ਅੰਡਰ ਸੈਕਟਰੀ ਦੇ 23 ਜਨਵਰੀ 1872 ਦੇ ਹੁਕਮ ਅਨੁਸਾਰ ਪੂਰੇ ਪੰਜਾਬ ਵਿਚ ਪੰਜ ਕੂਕਿਆਂ ਦੇ ਇਕੱਠੇ ਹੋਣ 'ਤੇ ਪਾਬੰਦੀ ਲਾ ਦਿੱਤੀ ਗਈ। ਮਰਣੇ ਅਤੇ ਵਿਆਹ ਦੇ ਸਬੰਧ ਵਿੱਚ ਵੀ ਸਰਕਾਰੀ ਇਜਾਜ਼ਤ ਲੈਣੀ ਪੈਂਦੀ। ਗੁਰਦੁਆਰੇ ਦੇ ਬੂਹੇ ਅੱਗੇ ਪੁਲਿਸ ਦੀ ਚੌਂਕੀ ਬਿਠਾ ਦਿੱਤੀ ਗਈ। ਕਿਸੇ ਵੀ ਬਾਹਰੋਂ ਆਏ ਸਿੱਖ ਦਾ ਅੰਦਰ ਜਾਣਾ ਵਰਜਿਤ ਕਰ ਦਿੱਤਾ ਗਿਆ। ਹੁਕਮ ਦਿੱਤਾ ਗਿਆ ਕਿ ਕੋਈ ਵੀ ਕੂਕਾ ਪਿੰਡ ਦੀ ਪਟੜੀ ਤੋਂ ਅੰਦਰ ਨਾ ਲੰਘੇ। ਜੇ ਕੋਈ ਹੁਕਮ ਦੀ ਉਲੰਘਣਾ ਕਰੇ ਤਾਂ ਉਸ ਦਾ ਚਲਾਨ ਕੱਟ ਕੇ ਲੁਧਿਆਣੇ ਭੇਜ ਦਿੱਤਾ ਜਾਵੇ। ਗੁਰਬਾਣੀ ਦੇ ਪਾਠ ਭੋਗ ਅਤੇ ਦੀਵਾਨਾਂ ਉੱਪਰ ਵੀ ਸਖ਼ਤ ਪਾਬੰਦੀ ਲਾ ਦਿੱਤੀ ਗਈ।

ਜੇ ਕੋਈ ਕੂਕਾ ਕਿਧਰੇ ਜਾਵੇ ਤਾਂ ਥਾਣੇ ਵਿਚ ਇਤਲਾਹ ਦੇ ਕੇ ਜਾਵੇ। ਜਿਸ ਦੇ ਘਰ ਜਾਵੇ ਘਰ ਵਾਲਾ ਸਿੰਘ ਵੀ ਆਪਣੇ ਥਾਣੇ ਵਿਚ ਇਤਲਾਹ ਦੇਵੇ ਕਿ ਮੇਰੇ ਘਰ ਫਲਾਣਾ ਸਿੰਘ ਆਇਆ ਹੈ। ਪਿੰਡਾਂ ਵਿਚ ਫ਼ਰੰਗੀ ਸਰਕਾਰ ਅਤੇ ਰਿਆਸਤੀ ਰਾਜਿਆਂ ਦੇ ਸਿਪਾਹੀ ਹਰਲ-ਹਰਲ ਕਰਦੇ ਫਿਰ ਰਹੇ ਸਨ। ਡਰਾ ਧਮਕਾ ਕੇ ਖਾਲਸੇ ਦੇ ਅੰਦਰੋਂ ਗੁਰੂ ਰਾਮ ਸਿੰਘ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਸਨ। ਪਿੰਡਾਂ ਵਿਚ ਡੌਂਡੀ ਪਿਟਵਾਈ ਗਈ ਕਿ ਕੋਈ ਵੀ ਇਹ ਨਾ ਆਖੇ ਕਿ ਰਾਮ ਸਿੰਘ ਮੁੜ ਆਵੇਗਾ। ਜੋ ਇਸ ਤਰ੍ਹਾਂ ਕਹੇਗਾ ਉਸਨੂੰ ਸਜ਼ਾ ਦਿੱਤੀ ਜਾਵੇਗੀ। ਰਾਜਿਆਂ ਨੇ ਆਪੋ ਆਪਣੇ ਇਲਾਕਿਆਂ ਦੇ ਨਾਮਧਾਰੀ ਸਿੰਘਾਂ ਨੂੰ ਸੱਦ ਕੇ ਹੁਕਮ ਕੀਤਾ ਕਿ ਕੂਕਪੁਣਾ ਛੱਡੋ। ਬੋਕੇ ਦਾ ਪਾਣੀ ਪੀਉ। ਨਾ ਕਿਸੇ ਦੇ ਜਾਉ, ਨਾ ਆਉ। ਨਾ ਸ਼ਬਦ ਪੜ੍ਹੋ, ਨਾ ਭੋਗ ਪਾਉ। ਅੰਮ੍ਰਿਤਸਰ ਜਾ ਕੇ ਅੰਮ੍ਰਿਤ ਛਕੋ ਅਤੇ ਉੱਥੋਂ ਲਿਖਵਾ ਕੇ ਲਿਆਉ ਕਿ ਇਹ ਹੁਣ ਕੂਕੇ ਨਹੀਂ ਰਹੇ। ਨਾਮਧਾਰੀਆਂ ਨੂੰ ਲੋਕੀਂ ਮਖ਼ੌਲ ਕਰਦੇ ਅਤੇ ਕਹਿੰਦੇ ਕਿ ਹੋਰ ਬਣੋ ਨਾਮਧਾਰੀਏ। ਹੁਣ ਤੋਪਾਂ ਨਾਲ ਉਡੋਗੇ। ਯਾਦ ਰਹੇ ਕਿ ਜਿੱਥੇ ਗੁਰਦੁਆਰੇ ਅੰਦਰ ਸੰਗਤਾਂ ਦਾ ਆਉਣਾ ਜ਼ਬਰਦਸਤੀ ਬੰਦ ਕੀਤਾ ਗਿਆ ਉੱਥੇ ਦੋ ਵੇਲੇ ਹੋਣ ਵਾਲਾ ਸ਼ਬਦ ਕੀਰਤਨ ਵੀ ਗੁਰਦੁਆਰੇ ਵਿੱਚੋਂ ਬੰਦ ਕਰਵਾ ਦਿੱਤਾ ਗਿਆ। ਸਭ ਪਾਸੇ ਖ਼ਾਮੋਸ਼ੀ ਅਤੇ ਨਿਰਾਸਤਾ ਦਾ ਮਾਹੌਲ ਸੀ।

ਸ੍ਰੀ ਸਤਿਗੁਰੂ ਜੀ ਦੇ ਜਾਣ ਤੋਂ ਅਠ੍ਹਾਰਵੇਂ ਦਿਨ ਆਪ ਜੀ ਦੀ ਰਜ਼ਾ ਅਤੇ ਗੁਰੂ ਪਰਿਵਾਰ ਦੀ ਸਹਿਮਤੀ ਨਾਲ ਸ੍ਰੀ ਭੈਣੀ ਸਾਹਿਬ ਦੀਆਂ ਚਾਬੀਆਂ ਮਹਾਰਾਜ ਬੁੱਧ ਸਿੰਘ ਜੀ ਨੂੰ ਸਾਹਨੇਵਾਲ ਥਾਣੇ ਵਿਚ ਬੁਲਾ ਕੇ ਦੇ ਦਿੱਤੀਆਂ ਗਈਆਂ। ਲੁਧਿਆਣੇ ਬੁਲਾ ਕੇ, ਡੇਰੇ ਦੀ ਤਲਾਸ਼ੀ ਦੌਰਾਨ ਜ਼ਬਤ ਕੀਤੀਆਂ ਵਸਤਾਂ (ਨਕਦ ਰੁਪਏ ਤੋਂ ਬਿਨਾਂ) ਵਾਪਿਸ ਕਰ ਦਿੱਤੀਆਂ ਗਈਆਂ। ਗੁਰੂ ਘਰ ਦੀ ਚੱਲ ਅਤੇ ਅਚੱਲ ਸੰਪਤੀ ਨੂੰ ਮਹਾਰਾਜ ਬੁੱਧ ਸਿੰਘ ਜੀ ਦੇ ਨਾਮ ਕਰਨ ਤੇ ਜੋ ਖ਼ਰਚਾ ਆਇਆ ਉਹ 16 ਰੁਪਏ ਗੁਰੂ ਜੀ ਦੀ ਸਰਕਾਰੀ ਖਜਾਨੇ ਵਿਚ ਪਈ ਨਕਦ ਰਕਮ ਵਿਚੋਂ ਕੱਟ ਲਿਆ ਗਿਆ।

ਗੁਰਦੁਆਰੇ ਦਾ ਪ੍ਰਬੰਧ ਮਹਾਰਾਜ ਜੀ ਨੂੰ ਮਿਲਣ ਦੀ ਸੋਅ ਸੁਣ ਕੇ ਸਿੰਘਾਂ ਦੇ ਮਨ ਕੁਝ ਹਰੇ ਹੋਏ। ਸ਼ਰਧਾਵਾਨਾਂ ਦੇ ਅੰਦਰ ਹੋਰ ਦ੍ਰਿੜਤਾ ਆ ਗਈ ਕਿ ਦੋਵੇਂ ਭਾਈ ਇੱਕ ਹੀ ਰੂਪ ਹਨ। ਪਿਛਲੇ ਬਚਨ ਚੇਤੇ ਆਉਣ ਲੱਗੇ ਕਿਵੇਂ ਸਤਿਗੁਰੂ ਜੀ ਨੇ ਅਰਧ-ਕੁੰਭੀ ਦੇ ਮੌਕੇ ਤੇ ਹਰਿਦੁਆਰ ਵਿਖੇ ਸੰਕੇਤ ਦਿੱਤਾ ਸੀ ਕਿ ਉਹਨਾਂ ਦਾ ਭਾਰ ਕੇਵਲ ਉਹਨਾਂ ਦਾ ਭਾਈ ਹੀ ਚੁੱਕ ਸਕਦਾ ਹੈ। ਕਿਵੇਂ ਪ੍ਰਦੇਸ ਜਾਣ ਤੋਂ ਕੁੱਝ ਕੁ ਮਹੀਨੇ ਪਹਿਲਾਂ ਮਹਾਰਾਜ ਜੀ ਨੂੰ ਖੇਤੀਬਾੜੀ ਛੱਡ ਕੇ ਲੰਗਰ ਵਿਚੋਂ ਪ੍ਰਸ਼ਾਦਾ ਛਕਣ ਅਤੇ ਭਜਨ ਬਾਣੀ ਕਰਨ ਦਾ ਆਦੇਸ਼ ਦਿੱਤਾ ਸੀ। ਕਿਵੇਂ ਸ੍ਰੀ ਭੈਣੀ ਸਾਹਿਬ ਤੋਂ ਤੁਰਨ ਵੇਲੇ ਮਹਾਰਾਜ ਜੀ ਨੂੰ ਲੰਗਰ ਚਾਲੂ ਰੱਖਣ ਅਤੇ ਸਾਧ ਸੰਗਤ ਤੋਂ ਭਜਨ ਬਾਣੀ ਕਰਵਾਉਣ ਦੀ ਜ਼ਿੰਮੇਵਾਰੀ ਸੌਂਪੀ ਸੀ। ਹੁਣ ਡੇਰੇ ਦਾ ਪ੍ਰਬੰਧਕ ਥਾਪਣ ਕਰਕੇ ਗੁਰਸਿੱਖਾਂ ਦੇ ਮਨ ਵਿਚ ਪ੍ਰਤੀਤ ਹੋ ਆਈ ਕਿ ਇਨ੍ਹਾਂ (ਮਹਾਰਜਾ ਬੁੱਧ ਸਿੰਘ ਜੀ) ਨੂੰ ਏਸੇ ਸਮੇਂ ਲਈ ਛੁਪਾ ਕੇ ਰੱਖਿਆ ਹੋਇਆ ਸੀ। ਹੁਣ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਅੱਗੇ ਵਧਾਉਣਗੇ।

ਉਪਰੋਕਤ ਦੱਸੇ ਅਨੁਸਾਰ ਮਈ 1872 ਈ: ਤੱਕ ਸੁੰਨ ਸਮਾਧ ਹੀ ਵਰਤੀ ਰਹੀ। ਸਿੰਘਾਂ ਦੇ ਮਨ ਦੀ ਤੀਬਰ

Namdhari Elibrary NamdhariElibrary@gmail.com

ਇੱਛਾ ਉਹਨਾਂ ਨੂੰ ਗੁਰੂ-ਦਰਬਾਰ ਜਾਣ ਲਈ ਮਜ਼ਬੂਰ ਕਰ ਰਹੀ ਸੀ। ਦਿਲ ਵਿੱਚ ਉਤਾਵਲਾ-ਪਣ ਉਤਪੰਨ ਹੋ ਰਿਹਾ ਸੀ। ਕੁਝ ਨਰਮਾਈ ਹੋਈ ਸੁਣ ਕੇ ਕੋਈ-ਕੋਈ ਸਿੰਘ ਸ੍ਰੀ ਭੈਣੀ ਸਾਹਿਬ ਆਉਣਾ ਸ਼ੁਰੂ ਹੋ ਗਿਆ। ਜੋ ਮਹਾਰਾਜ ਜੀ ਦਾ ਦਰਸ਼ਨ ਕਰਦਾ 'ਤਨੁ ਮਨੁ ਥੀਵੈ ਹਰਿਆ' ਦੇ ਕਥਨ ਅਨੁਸਾਰ ਉਸਦਾ ਹਿਰਦਾ-ਕੰਵਲ ਟਹਿਕ ਉੱਠਦਾ।

ਮਹਾਰਾਜ ਜੀ ਨੂੰ ਗੁਪਤ ਆਵਾਜ਼ਾ ਹੋਇਆ ਕਿ ਸ੍ਰੀ ਸਤਿਗੁਰੂ ਜੀ ਦੇ ਨਮਿੱਤ ਪਾਠਾਂ ਦੇ ਭੋਗ ਪਾਏ ਜਾਣ। ਇਸ ਸਾਲ ਦਾ ਦੁਸਹਿਰਾ 11 ਅਕਤੂਬਰ ਨੂੰ ਸੀ। ਗੁਰੂ-ਪ੍ਰੇਮ ਦੇ ਖਿੱਚੇ ਹੋਏ ਦਰਸ਼ਨ ਅਭਿਲਾਸ਼ੀ ਸ੍ਰੀ ਭੈਣੀ ਸਾਹਿਬ ਪੁੱਜੇ। ਮੰਦਿਰ ਵਿੱਚ ਖੜ੍ਹੇ ਸਾਹਿਬ ਵਾਲੇ ਕਮਰੇ ਵਿੱਚ ਪੰਜ ਪਾਠਾਂ ਦੇ ਭੋਗ ਪਾਏ ਗਏ। ਮੁਖ਼ਬਰ ਜੋ ਹੁਣ ਤੱਕ ਇਹ ਸੋਚ ਰਹੇ ਸਨ ਕਿ ਉਹਨਾਂ ਨੇ ਇਹ ਪੰਥ-ਬੂਟਾ ਜ਼ਿਆਦਾ ਪੱਲਰਣ ਤੋਂ ਪਹਿਲਾਂ-ਪਹਿਲਾਂ ਹੀ ਪੁੱਟ ਸੁੱਟਿਆ ਹੈ ਅਤੇ ਹੁਣ ਇਸਦਾ ਖ਼ਾਤਮਾ ਨਿਸ਼ਚਿਤ ਹੈ, ਸੰਗਤ ਆਈ ਵੇਖ ਕੇ ਚਿੰਤਾਤੁਰ ਹੋ ਉਠੇ। ਇਹਨਾਂ ਗੋਰੇ ਦੇ ਬੂਟ-ਚੱਟੂ ਦੁਸ਼ਟਾਂ ਨੇ ਲੁਧਿਆਣੇ ਦੇ ਪੁਲਿਸ ਕਪਤਾਨ ਜੇ.ਪੀ. ਬਾਰਬਟਨ ਨੂੰ ਜਾ ਖ਼ਬਰ ਦਿੱਤੀ ਕਿ ਸਿੰਘ ਪਹਿਲੇ ਦੀ ਤਰ੍ਹਾਂ ਦੁਬਾਰਾ ਆਉਣ ਲੱਗੇ ਹਨ। ਹੁਣ ਤਾਂ ਉਹਨਾਂ ਨੇ ਪਾਠ ਵੀ ਆਰੰਭ ਕੀਤੇ ਹੋਏ ਹਨ। ਜੇ ਸਰਕਾਰ ਨੇ ਅਵੇਸਲਾ-ਪਨ ਵਿਖਾਇਆ ਤਾਂ ਇਹ ਫੇਰ ਅੱਗੇ ਦੀ ਤਰ੍ਹਾਂ ਨਵਾਂ ਫ਼ਸਾਦ ਖੜਾ ਕਰਨਗੇ। ਮੁਖ਼ਬਰਾਂ ਦਾ ਚੁੱਕਿਆ ਚੁਕਾਇਆ ਬਾਰਬਟਨ ਗੁਰਦੁਆਰੇ ਪਹੁੰਚਾ। ਭਾਵੇਂ ਉਸ ਦੇ ਆਉਣ ਤੋਂ ਪਹਿਲਾਂ ਹੀ ਪਾਠਾਂ ਦੇ ਭੋਗ ਪੈ ਚੁੱਕੇ ਸਨ। ਫਿਰ ਵੀ ਸ੍ਰੀ ਮਹਾਰਾਜ ਜੀ ਨੂੰ ਬੋਲ-ਕੁਬੋਲ ਬੋਲਣ ਲੱਗਾ।

'ਕੈਹਣੇ ਲਗਾ ਮਹਾਰਾਜ ਜੀ ਕੋ ਕੇ ਜੇਕਰ ਭਾਈ ਮਾਂਗੂ ਕਰੇਂਗਾ ਤਾਂ ਤੈਨੂੰ ਵੀ ਓਧੇ ਹੀ ਪਾਸ ਭੇਜਾਂਗੇ। ਭੋਗ ਨਾ ਪਾਵੋ। ਦੀਵਾਨ ਲਾਇਕੇ ਸ਼ਬਦ ਭੀ ਨਾ ਪੜ੍ਹੋ ਅਰੁ ਏਥੇ ਸਿੰਘ ਭੀ ਨਾ ਔਣ ਦੇਓ। ਮਹਾਰਾਜ ਬੁੱਧ ਸਿੰਘ ਜੀ ਬਚਨ ਕੀਤਾ ਜੇਕਰ ਹੁਕਮ ਦੇਓ ਤਾਂ ਭੋਗ ਗ੍ਰੰਥ ਸਾਹਿਬ ਜੀ ਕਾ ਪਾਇ ਲਈਏ। ਫਰੰਗੀ ਬੋਲਿਆ ਤੁਮਾਰੀ ਹਲਵਾ ਖਾਨੇ ਕੀ ਮਰਜੀ ਹੋਗੀ। ਭੋਗ ਨਹੀਂ ਪਾਓ ਅਰ ਏਥੇ ਸਿੰਘ ਭੀ ਨਾ ਔਣੇ ਦੇਓ। ਇਹ ਵੀ ਆਖਿਆ ਕਿ ਜੇਕਰ ਭੋਗ ਪਾਇਆ ਜਾਂ ਪੰਜ ਸਿੰਘ ਵੀ ਕਿਤੇ ਇੱਕਠੇ ਹੋਏ ਦੇਖ ਲਏ ਤਾਂ ਛੇ ਮਹੀਨੇ ਦੀ ਸਜ਼ਾ ਦਿਆਂਗੇ।'

ਸੁੱਖੂ ਨੰਬਰਦਾਰ ਮਹਾਰਾਜ ਜੀ ਨੂੰ ਆਖਣ ਲੱਗਾ ਕਿ ਜੇਕਰ ਖ਼ਬਰ ਹੁੰਦੀ ਕਿ ਤੂੰ ਵੀ ਭਰਾ ਵਾਂਗੂ ਹੀ ਕਰਨੀ ਹੈ ਤਾਂ ਤੈਨੂੰ ਵੀ ਉਸਦੇ ਨਾਲ ਹੀ ਤੋਰ ਦਿੰਦੇ।

ਪਰ ਰੋਕਾਂ ਟੋਕਾਂ ਦੇ ਬਾਵਜੂਦ ਵੀ 31 ਅਕਤੂਬਰ ਨੂੰ ਦੀਵਾਲੀ ਦੇ ਅਵਸਰ ਤੇ ਵੀ ਕਾਫ਼ੀ ਸੰਗਤ ਸ੍ਰੀ ਭੈਣੀ ਸਾਹਿਬ ਇੱਕਠੀ ਹੋ ਗਈ। ਜੋ ਵੀ ਗੁਰਸਿੱਖ ਮਹਾਰਾਜ ਜੀ ਦਾ ਦਰਸ਼ਨ ਕਰਦਾ, ਉਸਦੀ ਬੁੱਧੀ ਸ਼ੁੱਧ ਹੋ ਜਾਂਦੀ ਅਤੇ ਭਟਕਦਾ ਮਨ ਸਥਿਰ ਹੋ ਜਾਂਦਾ। ਸੁੱਖੂ ਨੇ ਲੁਧਿਆਣੇ ਜਾ ਅਰਜ਼ੀ ਪਾਈ ਕਿ ਇਕ ਤਾਂ ਸਰਕਾਰ ਨੇ ਜਲਾਵਤਨ ਕੀਤਾ ਹੁਣ ਦੂਜਾ ਪ੍ਰਗਟ ਹੋ ਗਿਆ ਹੈ। ਦੁਸਹਿਰੇ ਤੇ 500 ਕੂਕਾ ਇਕੱਠਾ ਹੋਇਆ ਸੀ। ਦੀਵਾਲੀ ਤੇ ਆਉਣ ਵਾਲੇ ਕੂਕਿਆਂ ਦੀ ਗਿਣਤੀ 1000 ਤੱਕ ਪਹੁੰਚ ਗਈ ਹੈ। ਆਉਂਦੀ ਮਾਘੀ ਨੂੰ ਪਤਾ ਨਹੀਂ ਕਿੰਨੇ ਹਜ਼ਾਰ ਇਕੱਠੇ ਹੋ ਜਾਣ।

ਡਿਉੜੀ ਜੋ ਪਹਿਲਾਂ ਕਣਕ ਨਾਲ ਭਰੀ ਹੋਈ ਸੀ, ਕਣਕ ਵਿਕਣ ਤੇ ਖਾਲੀ ਹੋ ਗਈ। ਗਾਰਦ, ਜਿਹੜੀ ਕਿ ਪਹਿਲਾਂ ਡਿਉੜੀ ਤੋਂ ਬਾਹਰ ਸੀ, ਖਾਲੀ ਡਿਉੜੀ ਵੇਖ ਕੇ ਅੰਦਰ ਡੇਰਾ ਲਾ ਬੈਠੀ।

ਇਥੇ ਇਹ ਗੱਲ ਵਿਸ਼ੇਸ ਧਿਆਨ ਦੇਣ ਵਾਲੀ ਹੈ ਕਿ ਵਿਰੋਧੀਆਂ ਦੀਆਂ ਇੰਨੀਆਂ ਸਖ਼ਤੀਆਂ ਅਤੇ ਕਠਿਨਾਈਆਂ ਭਰੇ ਇਸ ਸਮੇਂ ਵਿੱਚ ਵੀ ਨਾਮਧਾਰੀ ਗੁਰਬਾਣੀ ਨਾਲ ਜੁੜੇ ਰਹੇ। ਇਸਦਾ ਮੁੱਖ ਕਾਰਣ ਸੀ- ਗੁਰਬਾਣੀ ਪਾਹੁਲ ਵਿਚੋਂ ਪ੍ਰਗਟ ਹੋਏ ਅਤੇ ਆਪਣੇ ਸਤਿਗੁਰੂ ਨੂੰ ਸਮਰਪਿਤ ਖਾਲਸੇ ਦੀ ਦ੍ਰਿੜ ਗੁਰਸਿੱਖੀ ਲਗਨ। 'ਮੈ ਗੁਰਬਾਣੀ ਆਧਾਰ ਹੈ ਗੁਰਬਾਣੀ ਲਾਗਿ ਰਹਾਉ' ਦੀ ਪਾਵਨ ਭਾਵਨਾ ਸੰਤ ਖਾਲਸੇ ਦੇ ਰੋਮ-ਰੋਮ ਵਿੱਚ ਸਮਾਈ ਹੋਈ ਸੀ।

1931 ਬਿ: (1874 ਈ:) ਵਿੱਚ ਸਤਿਕਾਰਯੋਗ ਬਾਬਾ ਜੱਸਾ ਸਿੰਘ ਜੀ ਚਲਾਣਾ ਕਰ ਗਏ। ਮਹਾਰਾਜ ਬੁੱਧ ਸਿੰਘ ਜੀ ਸਰਕਾਰ ਨੂੰ ਅਰਜ਼ੀ ਦਿੱਤੀ ਕਿ ਉਹਨਾਂ ਦੇ ਪਿਤਾ ਜੀ ਚੜ੍ਹਾਈ ਕਰ ਗਏ ਹਨ। ਇਸ ਲਈ ਉਹਨਾਂ ਨੂੰ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਭੋਗ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ। ਅਪੀਲ ਮੰਜੂਰ ਹੋਈ। ਜਿਹੜੇ ਪਾਠ 1872 ਦੇ ਦੁਸਹਿਰੇ ਤੋਂ ਬੰਦ ਸਨ, ਹੁਣ ਫਿਰ ਗੁਰਬਾਣੀ ਦਾ ਪ੍ਰਵਾਹ ਸ਼ੁਰੂ ਹੋ ਗਿਆ। ਕੀਰਤਨ ਕਰਨ ਲਈ ਰਾਗੀ ਦੁਆਬੇ ਤੋਂ ਮੰਗਵਾਏ ਗਏ। ਬਾਬਾ ਜੀ ਦੀ ਚੜ੍ਹਾਈ ਤੋਂ ਤੀਜੇ ਦਿਨ ਦੋ ਵੇਲੇ ਦਾ ਕੀਰਤਨ ਦੁਬਾਰਾ ਆਰੰਭ ਹੋਇਆ।

ਇਸੇ ਸਾਲ ਮਹਾਰਾਜ ਜੀ ਨੂੰ ਅਵਾਜ਼ਾ ਹੋਇਆ ਕਿ ਸਾਡੇ ਨਮਿਤ ਪੰਜ ਅਖੰਡ ਭੋਗ ਪਾਉ। ਇਸ ਹੁਕਮ ਅਨੁਸਾਰ ਮਹੰਤ ਗੁਰਦਿੱਤ ਸਿੰਘ ਮੋਰੋਂ, ਰਾਘੋ ਸਿੰਘ ਲਾਂਗਰੀ ਅਤੇ ਨਰਾਇਣ ਸਿੰਘ ਸਿਆੜ੍ਹ ਦੇ ਨੇ ਪੰਜ ਪਾਠਾਂ ਦਾ ਸੰਕਲਪ

Namdhari Elibrary NamdhariElibrary@gmail.com

ਕਰਕੇ ਪਾਠ ਆਰੰਭ ਕੀਤਾ। ਦਿਨ ਵੇਲੇ ਸਤਿਗੁਰੂ ਜੀ ਦੇ ਦੋਹਤਰੇ ਬਸੰਤ ਸਿੰਘ ਹੋਰੀਂ ਮਦਦ ਕਰਦੇ ਅਤੇ ਰਾਤ ਉਪਰੋਕਤ ਤਿੰਨੇ ਸਿੰਘ ਕੱਢਦੇ। ਇਕ ਸਰੀਰ ਪਾਠ ਦੇ ਕੋਲ ਬੈਠ ਭਜਨ ਕਰਦਾ ਅਤੇ ਨਾਲੇ ਧੂਪ ਪਾਈ ਜਾਂਦਾ। ਧੂਪ ਲਗਾਤਾਰ ਧੁਖਦੀ ਰਹਿੰਦੀ ਅਤੇ ਇਕ ਦੇਸੀ ਘਿਉ ਦਾ ਦੀਵਾ ਲਗਾਤਾਰ ਜਗਦਾ ਰਹਿੰਦਾ। ਰਾਤ ਵੇਲੇ ਰੌਸ਼ਨੀ ਲਈ ਦੇਸੀ ਤੇਲ ਦਾ ਦੀਵਾ ਜਗਾਇਆ ਜਾਂਦਾ। ਸਿੰਘ ਸਣੇ-ਕੇਸੀ ਇਸ਼ਨਾਨ ਕਰਕੇ ਰੌਲ ਤੇ ਬੈਠਦੇ। ਪਹਿਲਾ ਪਾਠੀ ਦੂਜੇ ਨੂੰ ਤੁਕ ਦੇ ਕੇ ਹੀ ਕੋਈ ਬਚਨ ਕਰਦਾ। ਇਕ ਸਿੰਘ ਬਾਹਰੋਂ ਰਸਦ ਲਿਔਣ ਲਈ ਪਹਿਰੇ ਤੇ ਲਾਇਆ ਗਿਆ। ਤੀਜਾ ਪਾਠ ਚਲ ਰਿਹਾ ਸੀ, ਮੁਖ਼ਬਰਾਂ ਨੇ ਪੁਲਸ ਕਪਤਾਨ ਨੂੰ ਚਾੜ੍ਹ ਲਿਆਂਦਾ। ਸਿੰਘਾਂ ਨੇ ਸਮੇਂ ਦੀ ਨਜ਼ਾਕਤ ਦੇਖਦਿਆਂ ਦੀਵਾ ਬੁਝਾ ਦਿੱਤਾ। ਪਵਿੱਤਰ ਬੀੜ ਤੇ ਰੁਮਾਲਾ ਪਾ ਦਿੱਤਾ। ਜਿਸ ਤੁਕ ਤੇ ਪਾਠ ਚਲ ਰਿਹਾ ਸੀ ਉਹ ਤੁਕ ਚੁਬਾਰੇ ਉੱਪਰ ਪੜ੍ਹਦੇ ਰਹੇ। ਬਾਰਬਟਨ ਨੇ ਸਾਰੇ ਪਾਸੇ ਘੁੰਮ ਫਿਰ ਕੇ ਦੇਖਿਆ, ਲੰਗਰ ਵਿਚ ਵੀ ਗਿਆ, ਪਰ ਕਿਤੇ ਵੀ ਪਾਠ ਨਾ ਹੁੰਦਾ ਵੇਖ ਕੇ ਸ਼ਰਮਿੰਦਾ ਹੋ ਕੇ ਵਾਪਸ ਮੁੜ ਗਿਆ। ਉਸਦੇ ਜਾਣ ਤੋਂ ਬਾਅਦ ਜਿਸ ਤੁਕ ਤੇ ਪਾਠ ਛੱਡਿਆ ਸੀ ਫਿਰ ਸ਼ੁਰੂ ਕਰ ਦਿੱਤਾ ਗਿਆ। ਇਸ ਤਰ੍ਹਾਂ ਪਹਿਲੇ ਪੰਜ ਅਖੰਡ ਪਾਠਾਂ ਦੀ ਸਮਾਪਤੀ ਕੀਤੀ ਗਈ।

ਬਾਬਾ ਹਰਨਾਮ ਸਿੰਘ ਅਤੇ ਮਾਈ ਚੰਦੋ (ਪਿੰਡ ਭਾਣਾ ਰਿਆਸਤ ਫ਼ਰੀਦਕੋਟ) ਸਰਕਾਰ ਅਤੇ ਮਹਾਰਾਜ ਬੁੱਧ ਸਿੰਘ ਜੀ ਤੋਂ ਆਗਿਆ ਲੈ ਕੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਕਰਨ ਰੰਗੂਨ ਗਏ। ਇਹਨਾਂ ਦੇ ਹੱਥ ਮਹਾਰਾਜ ਜੀ ਨੇ ਉਪਰੋਕਤ ਪਾਠਾਂ ਬਾਰੇ ਬੇਨਤੀ ਪੱਤਰ ਲਿਖਕੇ ਹਜ਼ੂਰ ਦੇ ਚਰਨਾਂ ਵਿਚ ਭੇਜਿਆ ਕਿ ਗਰੀਬ ਨਿਵਾਜ਼ ਜੀਉ! ਅਸੀਂ ਇਸ ਮਰਯਾਦਾ ਅਨੁਸਾਰ ਪੰਜ ਅਖੰਡ ਪਾਠਾਂ ਦੇ ਭੋਗ ਪਾਏ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਇਸ ਸੁਭਾਗ ਜੋੜੀ ਦੇ ਹੱਥ ਅਖੰਡ ਪਾਠ ਦੀ ਮਰਯਾਦਾ ਲਿਖ ਕੇ ਭੇਜੀ ਇਸ ਵਿਧੀ ਨਾਲ ਅਖੰਡ ਪਾਠ ਕੀਤੇ ਜਾਣ। ਅਖੰਡ ਪਾਠ ਵਿਚ 14 ਅੰਮ੍ਰਿਤਧਾਰੀ ਸਿੰਘ ਲੱਗਣ- ਪੰਜ ਪਾਠੀ ਸਿੰਘ, ਪੰਜ ਧੂਪੀਏ ਸਿੰਘ (ਜੋ ਧੂਪ ਦੇ ਨਾਲ ਜਪੁ ਸਾਹਿਬ ਦਾ ਪਾਠ ਕਰਨਗੇ) ਦੋ ਲਾਂਗਰੀ, ਦੋ ਪਹਿਰੂ। ਧੂਪ, ਦੀਪ, ਕੁੰਭ ਨਾਰੀਅਲ ਆਦਿਕ ਸਮੱਗਰੀ ਰੱਖ ਕੇ '੧ੴ ਤੋਂ ਅਠਾਰਹ ਦਸ ਬੀਸ' ਤੱਕ ਨਿਰਵਿਘਨ ਪਾਠ ਕੀਤਾ ਜਾਵੇ। **ਯਾਦ ਰਹੇ ਕਿ ਇਹ ਉਹੀ ਮਰਯਾਦਾ ਹੈ ਜੋ ਅੱਜ ਤੱਕ ਨਾਮਧਾਰੀ ਪੰਥ ਵਿਚ ਪ੍ਰਚਲਿਤ ਹੈ। ਇਹ ਸਿੱਖ ਪੰਥ ਵਿਚ ਹੋਣ ਵਾਲੇ ਪਹਿਲੇ ਅਖੰਡ ਪਾਠ ਹਨ।** ਇਸ ਉਪਰੰਤ ਸਾਧਾਰਨ ਪਾਠ ਅਤੇ ਵਰਨੀ ਦੀ ਮਰਿਆਦਾ ਵੀ ਲਿਖ ਕੇ ਭੇਜੀ। ਭਗੌਤੀਆਂ ਦੇ ਪਾਠ ਕਰਨ ਦਾ ਵੀ ਹੁਕਮ ਦਿੱਤਾ।

ਇਹਨਾ ਹੀ ਦਿਨਾਂ ਵਿਚ ਬਾਬਾ ਦਰਬਾਰਾ ਸਿੰਘ ਜੀ ਰਾਏ ਪੁਰ ਵਾਲੇ ਸ੍ਰੀ ਭੈਣੀ ਸਾਹਿਬ ਆ ਕੇ ਰਹਿਣ ਲੱਗੇ। ਮਹਾਰਾਜ ਜੀ ਨੇ ਆਪ ਨੂੰ ਮਹੰਤ ਥਾਪਿਆ। ਜਿਥੇ ਦਾਨ ਸਿੰਘ ਦੇ ਨਾਲ ਆਪ ਨੂੰ ਡੇਰੇ ਦੀ ਮੁਖਤਿਆਰੀ ਦਿੱਤੀ, ਨਾਲ ਹੀ ਸਰਕਾਰੇ ਦਰਬਾਰੇ ਪੈਣ ਵਾਲੇ ਕੰਮਾਂ ਦਾ ਜ਼ਿੰਮਾ ਦਿੱਤਾ। ਬਾਬਾ ਦਰਬਾਰਾ ਸਿੰਘ ਜੀ, ਮਹਾਰਾਜ ਬੁੱਧ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਰੰਗੂਨ ਗਏ। ਇੱਥੇ ਇਹ ਗੱਲ ਵੀ ਧਿਆਨ ਦੇਣ ਯੋਗ ਹੈ ਕਿ ਬੇਸ਼ੱਕ ਬਾਬਾ ਹਰਨਾਮ ਸਿੰਘ ਜੀ ਅਤੇ ਮਾਈ ਚੰਦੋ ਨੇ ਰੰਗੂਨ ਜਾਣ ਲਈ ਤਿਆਰੀ ਪਹਿਲਾਂ ਕੀਤੀ ਸੀ, ਪਰ ਗਏ ਬਾਬਾ ਦਰਬਾਰਾ ਸਿੰਘ ਜੀ ਪਹਿਲਾਂ ਸਨ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਿਆਰੇ ਸਿੱਖ ਨੂੰ ਜਿਥੇ ਮਨਮੋਹਣੇ ਦਰਸ਼ਨ ਨਾਲ ਨਿਵਾਜਿਆ, ਉਥੇ ਹੁਕਮਨਾਮਾ ਵੀ ਬਖਸ਼ਿਸ਼ ਕੀਤਾ ਜਿਸ ਵਿਚ ਮਹਾਰਾਜ ਜੀ ਵਾਸਤੇ ਹੁਕਮ ਕੀਤਾ, ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੋਇਆ। ਸੰਗਤ ਨੂੰ ਹਰੀ ਰੱਖੇਗਾ। ਇਸਨੂੰ ਸਿਰ ਕਰਤਾ ਜਾਨਣਾ। ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ, ਮੇਰੇ ਧੱਕੇ ਨੂੰ ਇਹ ਬਖਸ਼ ਲਵੇਗਾ। ਜੋ ਇਸ ਮੂਰਤੀ ਨੂੰ ਮੇਰੇ ਸਮਾਨ ਜਾਣੇਗਾ, ਸੋ ਮੈਨੂੰ ਭੀ ਜਾਣੇਗਾ। ਜੋ ਏਨਾ ਕੋ ਮੇਰੇ ਸਮਾਨ ਨ ਜਾਣੇਗਾ, ਸੋ ਸੱਤ ਜਨਮ ਕੁਸ਼ਟੀ ਰਹੇਗਾ। "

ਬਾਬਾ ਜੀ ਨਾਲ ਬਚਨ ਕਰਦਿਆਂ ਪਾਤਸ਼ਾਹ ਜੀ ਫ਼ੁਰਮਾਇਆ ਕਿ ਸੰਗਤ ਕਹਿੰਦੀ ਹੁੰਦੀ ਸੀ ਕਿ ਚਰਨ ਪਾਉ। ਉਦੋਂ ਤੇ ਕਹਿਣ ਦੀਆਂ ਗੱਲਾਂ ਸਨ, ਹੁਣ ਕਰੋ ਮੇਰੇ ਨਮਿਤ ਜਿਸ ਕਰਨਾ ਹੈ, ਹੁਣ ਕਰਨ ਦਾ ਸਮਾਂ ਹੈ। ਸ੍ਰੀ ਗ੍ਰੰਥ ਸਾਹਿਬ ਜੀ ਦੇ ਸਾਧਾਰਨ ਅਤੇ ਅਖੰਡ ਪਾਠਾਂ ਦੇ ਭੋਗ ਪਾਓ। ਸਾਰੀ ਸੰਗਤ ਸਾਡੇ ਨਮਿਤ ਓਨਾਂ ਚਿਰ ਜ਼ਰੂਰ ਪਾਠ ਕਰੀ ਜਾਵੇ , ਜਿੰਨਾਂ ਚਿਰ ਅਸੀਂ ਵਾਪਿਸ ਨਹੀਂ ਆਉਂਦੇ।

ਹੁਣ ਸ੍ਰੀ ਸਤਿਗੁਰੂ ਜੀ ਦੀ ਦੱਸੀ ਹੋਈ ਮਰਯਾਦਾ ਅਨੁਸਾਰ ਗੁਪਤ ਰੂਪ ਵਿਚ ਪਾਠਾਂ ਦੇ ਭੋਗ ਪੈਣ ਲੱਗੇ। ਸ੍ਰੀ ਸਤਿਗੁਰੂ ਜੀ ਨੇ ਭੈਣੀ ਸਾਹਿਬ ਹੁੰਦਿਆਂ ਲੰਗਰ ਦੇ ਨਾਲ ਅਖੰਡ ਪਾਠਾਂ ਵਾਲੀ ਕੋਠੜੀ ਬਣਾਈ ਸੀ ਤੇ ਇਸ ਦਾ ਦਰਵਾਜਾ ਲਹਿੰਦੇ ਵੱਲ ਲੋਹ ਦੇ ਕੋਲ ਰੱਖਿਆ ਸੀ। ਸੁਜਾਨ ਸਿੰਘ ਲਾਂਗਰੀ ਨੇ ਦਰਵਾਜ਼ਾ ਇੱਥੋਂ ਬੰਦ ਕਰਕੇ ਦੂਜੇ ਪਾਸੇ ਕਰਨਾ ਚਾਹਿਆ। ਗੁਰੂ ਹਰੀ ਸਿੰਘ ਜੀ ਨੇ, ਜੋ ਲੰਗਰ ਦਾ ਥੜ੍ਹਾ ਅੱਗੇ ਵਧਾਇਆ ਸੀ, ਆਪ ਕਹੀ ਲੈ ਕੇ ਥੜ੍ਹਾ ਕੱਟ ਕੇ

Namdhari Elibrary NamdhariElibrary@gmail.com

ਦੁਬਾਰਾ ਦਰਵਾਜ਼ਾ ਪਹਿਲੀ ਜਗ੍ਹਾ ਹੀ ਕਰ ਦਿੱਤਾ। ਇਹ ਜਾਣੀ ਜਾਣ ਸਤਿਗੁਰੂ ਜੀ ਦੀ ਦੂਰ ਅੰਦੇਸੀ ਸੀ ਕਿ ਇੱਥੇ ਗੁਪਤ ਪਾਠ ਹੋਣਗੇ। ਹੁਣ ਭਾਵੇਂ ਸਖ਼ਤੀਆਂ ਦਾ ਬਹੁਤ ਜ਼ੋਰ ਸੀ। ਪੁਲੀਸ ਦੇ ਛੇ ਆਦਮੀ (ਇਕ ਹੌਲਦਾਰ, ਇਕ ਮੁਨਸ਼ੀ, ਚਾਰ ਸਿਪਾਹੀ) ਡਿਓਡੀ ਵਿਚ ਬੈਠੇ ਰਹਿੰਦੇ। ਕਾਣਾ ਹੌਲਦਾਰ ਜੁੱਤੀ ਪਛਾਂਣ ਲੈਂਦਾ ਸੀ ਕਿ ਇਹ ਡੇਰੇ ਦੇ ਆਦਮੀ ਦੀ ਹੈ ਜਾਂ ਬਾਹਰੋਂ ਆਏ ਦੀ। ਦੂਰ ਦੁਰਾਡਿਓਂ ਗੁਰੂ ਦਰਸ਼ਨ ਦੀ ਲਾਲਸਾ ਲੈ ਕੇ ਆਏ ਸਿੰਘਾਂ ਨੂੰ ਪ੍ਰਸ਼ਾਦਾ ਦੇਣ ਦੀ ਵੀ ਮਨਾਹੀ ਸੀ। ਹੋਰ ਕਿਸੇ ਰਾਹੀ ਨੂੰ ਤਾਂ ਭਾਵੇਂ ਪ੍ਰਸ਼ਾਦਾ ਮਿਲ ਜਾਵੇ ਪਰ ਕੋਈ ਨਾਮਧਾਰੀ ਸਿੰਘ ਜੇ ਆਣ ਕੇ ਪ੍ਰਸ਼ਾਦੇ ਦੀ ਮੰਗ ਕਰਦਾ ਤਾਂ ਉਸਨੂੰ ਪ੍ਰਸ਼ਾਦਾ ਨਾ ਦਿੱਤਾ ਜਾਂਦਾ, ਸਗੋਂ ਧੱਕੇ ਮਾਰ ਕੇ ਪਿੰਡ ਦੀ ਪਟੜੀ ਤੋਂ ਬਾਹਰ ਕੱਢ ਦਿੱਤਾ ਜਾਂਦਾ ਅਤੇ ਦੁਬਾਰਾ ਆਉਂਣ ਤੇ ਸਜ਼ਾ ਦੀ ਧਮਕੀ ਵੀ ਦਿੱਤੀ ਜਾਂਦੀ। ਗੁਰੂ ਹਰੀ ਸਿੰਘ ਜੀ ਬਾਹਰ ਬੈਠੇ ਭੁੱਖਣ ਭਾਣੇ ਸਿੰਘਾਂ ਨੂੰ ਜਾ ਦਰਸ਼ਨ ਦਿੰਦੇ, ਦੁੱਖ-ਸੁੱਖ ਸੁਣਦੇ ਅਤੇ ਧਰਵਾਸ ਦਿੰਦੇ। ਗਾਰਦ ਵੱਲੋਂ ਦਰਵਾਜ਼ੇ ਅੱਗੇ, ਅਕਾਲ ਬੁੰਗੇ ਅਤੇ ਰਾਮਸਰ, ਕਿਸੇ ਬਾਹਰੋਂ ਆਏ ਸਿੱਖ ਨੂੰ ਖੜ੍ਹੋਨ ਵੀ ਨਾ ਦਿੱਤਾ ਜਾਂਦਾ। ਗੁਰੂ ਜੀ ਜੰਗਲ ਜਾਣ ਦੇ ਬਹਾਨੇ ਸ਼ਰਦਾਈ ਦਾ ਗੜਵਾ ਭਰ ਲਿਜਾਂਦੇ, ਸਿੰਘਾਂ ਨੂੰ ਛਕਾ ਕੇ ਧੀਰਜ ਦੇ ਕੇ ਤੋਰਦੇ। ਡੇਰੇ ਦੇ ਸਿੰਘ ਵੀ ਕਦੇ ਬਾਹਰ ਕੂੜਾ ਸੁੱਟਣ ਦੇ ਬਹਾਨੇ ਚੋਰੀ ਛਿਪੇ ਪ੍ਰਸ਼ਾਦਾ ਪਹੁੰਚਾ ਆਉਂਦੇ। ਜੇ ਕੋਈ ਸਿੰਘਾਂ ਨੂੰ ਪ੍ਰਸ਼ਾਦਾ ਦਿੰਦਾ ਫੜ੍ਹਿਆ ਜਾਂਦਾ ਤਾਂ ਉਸਨੂੰ ਥਾਣੇ ਭੇਜਿਆ ਜਾਂਦਾ। ਸਿੰਘਾਂ ਨੇ ਪਾਣੀ ਦਾ ਆਸਰਾ ਤੱਕ ਕੇ ਰਾਤ ਰੇਤ ਦੇ ਬਿਸਤਰੇ ਤੇ ਗੁਜ਼ਾਰ ਲੈਣੀ। ਬਾਰਸ਼ਾਂ ਤੇ ਹਨੇਰੀਆਂ ਸਿਰਾਂ ਤੇ ਸਹਾਰਨੀਆਂ। ਗਾਰਦ ਇੱਕ ਦਿਨ ਵਿੱਚ ਪੰਜ ਸਿੰਘਾਂ ਨੂੰ ਡੇਰੇ ਦੇ ਅੰਦਰ ਜਾਣ ਦੀ ਆਗਿਆ ਦਿੰਦੀ ਸੀ, ਬਾਕੀਆਂ ਨੂੰ ਆਪਣੀ ਵਾਰੀ ਦੀ ਉਡੀਕ ਵਿਚ ਲੁੱਕ ਛਿਪ ਕੇ ਰਹਿਣਾ ਪੈਂਦਾ, ਲਾਗਲੇ ਪਿੰਡਾਂ ਵਾਲੇ ਵੀ ਆਪਣੇ ਪਿੰਡਾਂ 'ਚ ਨਾ ਵੜ੍ਹਨ ਦਿੰਦੇ। ਪਰ ਧੰਨ ਸਨ ਉਹ ਸਿਖ ਜੋ ਧੁੱਪਾਂ, ਠੰਡਾਂ, ਮੀਂਹ ਹਨੇਰੀਆਂ ਅਤੇ ਭੁੱਖ-ਪਿਆਸ ਦੇ ਦੁੱਖਾਂ ਨੂੰ ਸਿਰ ਤੇ ਸਹਿ ਕੇ ਪਤੰਗਿਆਂ ਵਾਂਗ ਗੁਰੂ ਸ਼ਮ੍ਹਾਂ ਉੱਤੇ ਆਪਣਾ ਆਪ ਨਿਛਾਵਰ ਕਰਨ ਲਈ ਦੂਰੋਂ ਦੂਰੋਂ ਖਿੱਚੇ ਚੱਲੇ ਆਉਂਦੇ।

ਹੁਣ ਤੱਕ ਲਿਖੇ ਸਿੰਘਾਂ ਤੋਂ ਬਿਨਾਂ ਪੈਂਤੀ ਦੇ ਕਰੀਬ ਸਿੰਘ ਚੋਰੀ ਗੁਰਦੁਆਰੇ ਦੇ ਵਿਚ ਰਹਿਣ ਲੱਗੇ। ਲੰਗਰ ਵਾਲੀ ਕੋਠੜੀ ਵਿਚ ਗੁਪਤ ਭੋਗ ਪੈਣ ਲੱਗੇ। ਸਿੰਘਾਂ ਨੇ ਹਨੇਰੇ ਹਨੇਰੇ ਡੇਰੇ ਦੇ ਸਿੰਘਾਂ ਨਾਲ ਜੰਗਲ ਮੈਦਾਨ ਹੋ ਆਉਣਾ। ਜੇ ਕਿਸੇ ਸਿੰਘ ਨੂੰ ਦਿਨ ਵੇਲੇ ਜੰਗਲ ਦੀ ਹਾਜਤ ਹੋ ਜਾਣੀ ਤਾਂ ਗਲੀ ਵਾਲੀ ਕੰਧ ਦੇ ਨਾਲ ਪਖ਼ਾਨਾ ਬਣਾਇਆ ਹੋਇਆ ਸੀ ਉੱਥੇ ਅੰਦਰੇ ਹੀ ਬੈਠ ਲੈਣਾ ਤਾਂ ਮਾਈ ਉੱਤਮੀ ਨੇ ਕੂੜੇ ਵਾਲੇ ਟੋਕਰੇ ਵਿਚ ਪਾ ਕੇ ਬਾਹਰ ਸੁੱਟ ਆਉਂਣਾ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ 1875 ਈ: ਵਿੱਚ 101 ਅਖੰਡ ਪਾਠ ਦਾ ਸੰਕਲਪ ਕਰ ਕੇ ਪਾਠ ਸ਼ੁਰੂ ਕਰ ਦਿੱਤੇ ਗਏ।

ਸ੍ਰੀ ਭੈਣੀ ਸਾਹਿਬ ਵਿਚ ਹੋ ਰਹੇ ਅਖੰਡ ਪਾਠਾਂ ਦੀ ਸੋਅ ਸੁਣ ਕੇ ਸੰਗਤਾਂ ਨੇ ਆਪਣੇ ਘਰਾਂ ਵਿਚ ਵੀ ਅਖੰਡ ਅਤੇ ਸਾਧਾਰਨ ਪਾਠ ਕਰਨੇ ਆਰੰਭ ਕੀਤੇ। ਇਸ ਵਾਸਤੇ ਸਰਕਾਰ ਕੋਲੋਂ ਇਜਾਜ਼ਤ ਲੈਣੀ ਪੈਂਦੀ ਸੀ। ਬਹੁਤ ਵਾਰੀ ਸਰਕਾਰ ਇਜਾਜ਼ਤ ਹੀ ਨਾ ਦਿੰਦੀ। ਕਈ ਵਾਰ ਇਜਾਜ਼ਤ ਦੇ ਕੇ ਮੁੱਕਰ ਜਾਂਦੀ ਅਤੇ ਕਈ ਵਾਰ ਕੋਈ ਨਾ ਕੋਈ ਬਹਾਨਾ ਲੱਭ ਕੇ ਸਜ਼ਾਵਾਂ ਵੀ ਦਿੰਦੀ। ਲੁਧਿਆਣੇ ਜਿਲੇ ਦੇ ਪਿੰਡ ਲੋਹਗੜ੍ਹ ਥਾਣਾ ਡੇਹਲੋਂ ਵਿਚ ਗੁਰੂ ਚਰਨਾਂ ਦੇ ਭੌਰੇ ਨਾਮ ਰਸੀਏ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਰਹਿੰਦੇ ਸਨ। ਇਹਨਾਂ ਦੇ ਵੱਡੇ ਭਾਈ ਸੰਤ ਦੇਵਾ ਸਿੰਘ ਜੀ ਮਲੇਰਕੋਟਲੇ ਦੇ ਸਾਕੇ ਵਿਚ ਜਾਮੇ ਸ਼ਹਾਦਤ ਪੀ ਚੁੱਕੇ ਸਨ। ਸੰਤ ਅਤਰ ਸਿੰਘ ਜੀ ਨੇ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਪੰਜ ਅਖੰਡ ਪਾਠ ਕਰਾਉਣ ਲਈ ਸਰਕਾਰ ਪਾਸੋਂ ਇਜਾਜ਼ਤ ਲਈ। ਗੁਰਬਾਣੀ ਅਤੇ ਗੁਰੂ ਚਰਨਾਂ ਦੇ ਆਸ਼ਕ ਮਹਾਤਮਾ ਉਹਨਾਂ ਦੇ ਸੱਦੇ ਤੇ ਉਹਨਾਂ ਦੇ ਘਰ ਪਹੁੰਚ ਗਏ। ਹਾਲੇ ਇਕ ਅਖੰਡ ਪਾਠ ਦਾ ਵੀ ਭੋਗ ਨਹੀਂ ਸੀ ਪਿਆ ਕਿ ਮੁਖ਼ਬਰਾਂ ਦੀ ਦਿੱਤੀ ਸੂਚਨਾ ਦੇ ਆਧਾਰ 'ਤੇ ਡੇਹਲੋਂ ਥਾਣੇ ਦਾ ਥਾਣੇਦਾਰ ਮਾਨ ਸਿੰਘ ਆਲੂਵਾਲੀਆ ਪਾਠ ਵਾਲੇ ਘਰ ਪਹੁੰਚ ਗਿਆ। ਬਾਦ ਵਿਚ ਪੁਲਿਸ ਕਪਤਾਨ ਬਾਰਬਟਨ ਖ਼ੁਦ ਉਥੇ ਪਹੁੰਚਿਆ ਤੇ ਸਾਰੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਬਿਨਾ ਕਿਸੇ ਦਲੀਲ, ਅਪੀਲ ਜਾਂ ਵਕੀਲ ਤੋਂ ਸਾਰੇ ਸਿੰਘਾਂ ਨੂੰ ਸਜ਼ਾਵਾਂ ਸੁਣਾ ਦਿੱਤੀਆਂ ਗਈਆਂ। ਸਜ਼ਾ ਪ੍ਰਾਪਤ ਸਿੰਘਾਂ ਦਾ ਵੇਰਵਾ ਇਸ ਪ੍ਰਕਾਰ ਹੈ-

1. ਸੰਤ ਅਤਰ ਸਿੰਘ ਜੀ (ਪਾਠ ਕਰਵਾਉਣ ਵਾਲੇ)- ਪੰਜ ਸਾਲ ਸਖ਼ਤ ਕੈਦ 500 ਰੁਪਏ ਜੁਰਮਾਨਾ
2. ਹਰਨਾਮ ਸਿੰਘ ਜੀ ਗ੍ਰੰਥੀ- 2 ਸਾਲ ਸਖ਼ਤ ਕੈਦ ਅਤੇ 300 ਰੁਪਏ ਜੁਰਮਾਨਾ
3. ਸੰਤ ਸਾਹਿਬ ਸਿੰਘ ਜੀ ਭੰਮਾਬੱਦੀ- 2 ਸਾਲ ਸਖ਼ਤ ਕੈਦ ਅਤੇ 300 ਰੁਪਏ ਜੁਰਮਾਨਾ
4. ਸੰਤ ਝਾਬਾ ਸਿੰਘ ਜੀ ਖੇੜਾ- 2 ਸਾਲ ਸਖ਼ਤ ਕੈਦ ਅਤੇ 300 ਰੁਪਏ ਜੁਰਮਾਨਾ
5. ਸੰਤ ਕਾਹਨ ਸਿੰਘ ਜੀ ਪੱਦੀ- 2 ਸਾਲ ਸਖ਼ਤ ਕੈਦ

Namdhari Elibrary NamdhariElibrary@gmail.com

ਅਤੇ 300 ਰੁਪਏ ਜੁਰਮਾਨਾ

6. ਸੰਤ ਰਾਏ ਸਿੰਘ ਜੀ ਗੁੰਬੀ- ਡੇਢ ਸਾਲ ਸਖ਼ਤ ਕੈਦ ਅਤੇ 100 ਰੁਪਏ ਜੁਰਮਾਨਾ
7. ਸੰਤ ਮਤਾਬ ਸਿੰਘ ਜੀ- ਡੇਢ ਸਾਲ ਸਖ਼ਤ ਕੈਦ
8. ਸੰਤ ਹੀਰਾ ਸਿੰਘ ਜੀ ਟਿੱਕਾ ਮੁੰਡੀਆਂ-1 ਸਾਲ ਸਖ਼ਤ ਕੈਦ
9. ਸੰਤ ਚੜਤ ਸਿੰਘ ਜੀ ਮਹਿਮਾ ਸਿੰਘ ਵਾਲਾ- 9 ਮਹੀਨੇ ਸਖ਼ਤ ਕੈਦ
10. ਸੰਤ ਵਸਾਵਾ ਸਿੰਘ ਜੀ ਸਿਆੜ੍- 6 ਮਹੀਨੇ ਸਖ਼ਤ ਕੈਦ ਅਤੇ 50 ਰੁਪਏ ਜੁਰਮਾਨਾ
11. ਸੰਤ ਲਾਲ ਸਿੰਘ ਜੀ ਸਿਆੜ੍- 6 ਮਹੀਨੇ ਸਖ਼ਤ ਕੈਦ ਅਤੇ 50 ਰੁਪਏ ਜੁਰਮਾਨਾ
12. ਸੰਤ ਅਮਰ ਸਿੰਘ ਜੀ ਸਿਆੜ੍- 6 ਮਹੀਨੇ ਸਖ਼ਤ ਕੈਦ ਅਤੇ 50 ਰੁਪਏ ਜੁਰਮਾਨਾ
13. ਸੰਤ ਜੀਵਾ ਸਿੰਘ ਜੀ ਰੁੜਕਾ- 6 ਮਹੀਨੇ ਸਖ਼ਤ ਕੈਦ
14. ਸੰਤ ਕਾਹਨ ਸਿੰਘ ਰੁੜਕਾ- 6 ਮਹੀਨੇ ਸਖ਼ਤ ਕੈਦ
15. ਸੰਤ ਚੜਤ ਸਿੰਘ ਜੀ ਰੁੜਕਾ- 6 ਮਹੀਨੇ ਸਖ਼ਤ ਕੈਦ
16. ਸੂਬਾ ਚੈਨ ਸਿੰਘ ਜੀ ਭੁੱਟਾ- 6 ਮਹੀਨੇ ਸਖ਼ਤ ਕੈਦ
17. ਸੰਤ ਬੂਟਾ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
18. ਸੰਤ ਹਜਾਰਾ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
19. ਸੰਤ ਸਰਦਾਰਾ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
20. ਸੰਤ ਜੀਵਨ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
21. ਸੰਤ ਖੇਮ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
22. ਸੰਤ ਗੱਜਾ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖਤ ਕੈਦ
23. ਸੰਤ ਖਜਾਨ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
24. ਸੰਤ ਚੈਨ ਸਿੰਘ ਜੀ ਗੁੱਜਰਵਾਲ- 3 ਮਹੀਨੇ ਸਖ਼ਤ ਕੈਦ
25. ਸੰਤ ਬਦਨ ਸਿੰਘ ਜੀ- 2 ਮਹੀਨੇ ਸਖ਼ਤ ਕੈਦ
26. ਸੰਤ ਬਚਿਤ੍ਰ ਸਿੰਘ ਜੀ ਮੁੰਡੀਆਂ- 500 ਰੁਪਏ ਦੀ ਘੋੜੀ ਜਬਤ ਅਤੇ 50 ਰੁਪਏ ਜੁਰਮਾਨਾ

ਹੌਲੀ-ਹੌਲੀ ਡੇਰੇ ਅੰਦਰ ਸਿੰਘਾਂ ਦੀ ਗਿਣਤੀ ਵਧਣ ਲੱਗੀ। ਪੰਜਾਹ ਕੁ ਸਿੰਘ ਅੰਦਰ ਰਹਿ ਕੇ ਗੁਪਤ ਅਖੰਡ ਪਾਠ ਕਰਨ ਲੱਗੇ। ਦੋ ਪਾਵਨ ਬੀੜਾਂ ਦਾ ਪ੍ਰਕਾਸ਼ ਕੀਤਾ ਗਿਆ। ਡੇਰੇ ਦੀ ਪਿਛਲੇ ਪਾਸੇ ਦੀ ਕੰਧ ਲਹਿਣਾ ਸਿੰਘ ਨਾਲ ਲੱਗਦੀ ਸੀ, ਸਿੰਘਾਂ ਨੇ ਕੰਧ ਟੱਪ ਕੇ ਬਾਹਰ ਅੰਦਰ ਵੀ ਹੋ ਆਉਣਾ। ਬਿਹੰਗਮ ਸਾਧੂ ਵੀ ਸੰਗਤ ਵਿਚ ਵਿਚਰਣ ਲੱਗੇ। ਘਰ-ਘਰ ਵਿਚ ਗੁਰਬਾਣੀ ਨਾਦ ਗੂੰਜਣ ਲੱਗਾ। ਧਰਮ ਦੀਆਂ ਜੜ੍ਹਾਂ ਵਿਚ ਅੰਮ੍ਰਿਤ ਪੈਣ ਲੱਗਾ। 1931 ਬਿ: (1875 ਈ.) ਤੋਂ ਬਾਅਦ ਹਰ ਸਾਲ ਗੁਰਦੁਆਰੇ ਅੰਦਰ 101 ਅਖੰਡ ਪਾਠਾਂ ਦਾ ਭੋਗ ਪੈਣ ਲੱਗਾ। ਬਾਹਰ ਦੀਆ ਸਖ਼ਤੀਆਂ ਅਤੇ ਜ਼ਿਆਦਾ ਗਿਣਤੀ ਵਿਚ ਸਿੰਘ ਰਹਿਣ ਕਰਕੇ 1933 ਬਿ: (1876 ਈ:) ਵਿਚ ਲੰਗਰ ਦੇ ਅੰਦਰ ਖੂਹੀ ਲਾਈ ਗਈ। ਉਸ ਵੇਲੇ ਪਾਠਾਂ ਦੀ ਸੇਵਾ ਕਰਨ ਵਾਲੇ ਕੁਝ ਸਿਰਲੱਥ ਸੂਰਮੇ ਪਾਠੀ ਸਿੰਘਾਂ ਦੇ ਨਾਵਾਂ ਦਾ ਵੇਰਵਾ ਸੰਤ ਸੰਤੋਖ ਸਿੰਘ ਜੀ ਬਾਹੋਵਾਲ ਇਸ ਤਰ੍ਹਾਂ ਦਿੰਦੇ ਹਨ:--

1. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਦੋਹਤਾ ਬਸੰਤ ਸਿੰਘ
2. ਸੰਤ ਬੀਰ ਸਿੰਘ ਜੀ ਸਿਆੜ੍
3. ਗੁਰੂ ਹਰੀ ਸਿੰਘ ਜੀ ਦਾ ਦੋਹਤਾ ਨਰੈਣ ਸਿੰਘ
4. ਸੰਤ ਧੰਨਾ ਸਿੰਘ ਜੀ ਗੁੰਮਟੀ
5. ਸੰਤ ਹਰਨਾਮ ਸਿੰਘ ਜੀ ਭੰਮਾਬੱਦੀ
6. ਸੰਤ ਹੀਰਾ ਸਿੰਘ ਜੀ ਮੁੰਡੀਆਂ
7. ਸੰਤ ਘਨ੍ਹਈਆ ਸਿੰਘ ਜੀ ਬਿਲਗਾ
8. ਮਹੰਤ ਗੁਰਦਿੱਤ ਸਿੰਘ ਜੀ ਮੋਰੋਂ

ਨਾਮਧਾਰੀ ਪੰਥ ਨੂੰ ਮਿਟਾਉਣ ਲਈ ਸਰਕਾਰ, ਦੇਸੀ ਰਾਜਿਆਂ, ਮਹੰਤਾਂ ਅਤੇ ਮੁਖ਼ਬਰਾਂ ਦਾ ਜ਼ੋਰ ਲੱਗਿਆ ਪਿਆ ਸੀ। ਜਿੱਥੇ ਪਿੰਡ ਅਤੇ ਲਾਗਲੇ ਪਿੰਡਾਂ ਦੇ ਨੰਬਰਦਾਰ ਹੱਥ ਧੋ ਕੇ ਪੰਥ ਦੇ ਪਿੱਛੇ ਪਏ ਹੋਏ ਸਨ ਉੱਥੇ ਕੁੱਝ ਮੁਖ਼ਬਰ ਡੇਰੇ ਵਿਚ ਰਹਿ ਕੇ ਸਭ ਸਹੂਲਤਾਂ ਗੁਰੂ-ਘਰੋਂ ਪ੍ਰਾਪਤ ਕਰਦੇ ਹੋਏ ਵੀ ਸਰਕਾਰ ਪਾਸੋਂ ਤਨਖ਼ਾਹ ਲੈ ਕੇ ਜਸੂਸੀਆਂ ਕਰਦੇ ਸਨ। ਸੰਤ ਬਾਹੋਵਾਲ ਜੀ ਨੇ ਸਤਿਗੁਰੂ ਬਿਲਾਸ ਭਾਗ 2 ਵਿਚ ਕਈ ਘਟਨਾਵਾਂ ਨੋਟ ਕੀਤੀਆਂ ਹਨ। ਗੁਪਤ ਪਾਠ ਦੇ ਸਿਰਲੇਖ ਹੇਠ ਆਪ ਲਿਖਦੇ ਹਨ, "ਬੀਸ ਬਾਈ ਦਿਨ ਹੋਏ, ਬਾਈ ਭੋਗ ਪਾਏ ਤੇ ਸਾਰੰਗ ਰਾਗ ਵਿਚ ਪਾਠ ਸੀ, ਲਹਿਣਾ ਸਿੰਘ ਨੇ ਖਵਰ ਦਿੱਤੀ ਕਿ ਮੁਕਬਲ ਥਾਣੇਦਾਰ ਚਾੜ੍ਹ ਲੈ

Namdhari Elibrary NamdhariElibrary@gmail.com

ਆਵੇਗਾ। ਜਾਂ ਥਾਣੇਦਾਰ ਆਇਆ, ਤੁਕ ਦੂਏ ਅਸਵਾਰੇ ਪਰ ਲਈ ਰੱਖੀ। ਚੁਬਾਰੇ ਵਿਚ ਪਾਠ ਬੰਦ ਕਰ ਦੀਆ। ਸਿੰਘ ਕੁਝ ਗੁਫ਼ਾ ਵਿਚ ਆਸੇ ਪਾਸੇ ਹੋ ਗਏ। ਜਾਂ ਦੇਖ ਕੇ ਚਲਾ ਗਿਆ ਥਾਣੇਦਾਰ, ਤਾਂ ਦੋ ਅਸਵਾਰੇ ਸਾਹਿਬ ਧਰ ਕੇ ਪਾਠ ਪੂਰਾ ਕੀਤਾ। ਸਿੰਘਾਂ ਨੇ ਰਾਤ ਲਾਟੋਂ ਕੀ ਢੱਕੀ ਮੇ ਕੱਟੀ।

ਗੁਰੂ ਹਰੀ ਸਿੰਘ ਜੀ ਕੋ ਆਪਣੇ ਆਦਮੀ ਨੇ ਖਵਰ ਦਿੱਤੀ ਕਿ ਹਾਕਮ ਚੜ੍ਹਕੇ ਆਵੇਗਾ। ਇੱਕ ਪਾਠ ਸੂਹੀ ਮੇਂ ਸੀ, ਦੂਆ ਸੋਰਠਿ ਮੇਂ ਸੀ। ਬਚਨ ਹੋਇਆ ਆਠ ਗ੍ਰੰਥ ਸਾਹਿਬ ਪ੍ਰਕਾਸ਼ ਕੇ ਰਾਤੋ-ਰਾਤ ਭੋਗ ਪਾਇ ਦੇਓ। ਸੋ ਪਾਇ ਦੀਏ। ਹਨੇਰੇ ਹੀ ਸਿੰਘ ਨਿਕਲ ਗਏ ਬਾਹਰ।"

"ਹਜਾਰਾ ਸਿੰਘ ਲਾਂਗਰੀ ਥਾ। ਇਕ ਦਿਨ ਮੁਕਬਲ ਨੇ ਹੌਲਦਾਰ ਨੂੰ ਕਹਾ ਕੇ ਇਸ ਵਕਤ ਹਜਾਰਾ ਸਿੰਘ ਗੁਰੂ ਜੀ ਕਾ ਇਸ਼ਨਾਨ ਕਰਾਉਂਦਾ ਹੈ। ਹੁਨ ਮੌਕਾ ਹੈ ਫੜਨੇ ਕਾ। ਦੋ ਸਿਪਾਹੀ ਬਾਹਰ ਖੜੇ ਕੀਤੇ, ਹੌਲਦਾਰ ਅੰਦਰ ਜਾ ਕੇ ਕਹਿਣ ਲੱਗਾ ਹੁਣ ਨਹੀਂ ਜਾਣ ਦੇਵਾਂਗੇ। ਛੱਤ ਉਤੇ ਚੜ੍ਹ ਕੇ ਹਜਾਰਾ ਸਿੰਘ ਨੇ ਛਾਲ ਮਾਰੀ ਬਾਹਰ ਨੂੰ ।ਜਾਂ ਸਿਪਾਹੀ ਬਾਹਰ ਨੂੰ ਨਿਕਲੇ ਤਾਂ ਹਜਾਰਾ ਸਿੰਘ ਅੰਦਰ ਲੰਗਰ ਮੇਂ ਆਇ ਬੜਿਆ।

ਏਕ ਸਮੇਂ ਦਰਵਾਜੇ ਨਿਕਲਦੇ ਕੋ ਫੜ ਲੀਆ ਹਜਾਰਾ ਸਿੰਘ ਕੋ। ਸਾਹਨੇ ਸੇ ਲੁਧਿਆਣੇ ਭੇਜ ਦੀਆ। ਤੀਨ ਮਹੀਨੇ ਹਵਾਲਾਤ ਮੈ ਰੱਖਿਆ। ਏਨੀ ਪੁੱਛਣ ਤੂੰ ਰਾਮਦਾਸਪੁਰੇ ਕਿਉਂ ਰਹਿੰਦਾ ਹੈ। ਹਜਾਰਾ ਸਿੰਘ ਕਹਿਣਾ ਸਾਡਾ ਗੁਰਦੁਆਰਾ ਹੈ। ਫੇਰ ਛੋੜ ਦੀਆ ਕਹਾ ਕੇ ਆਪਣੇ ਪਿੰਡ ਚਲੇ ਜਾਓ। ਜੇ ਰਾਮਦਾਸਪੁਰੇ ਗਿਆ ਤਾਂ ਤੁਮਕੋ ਕੈਦ ਕਰਾਂਗੇ। ਉਹ ਫੇਰ ਰਾਮਦਾਸਪੁਰੇ ਲੰਗਰ ਮੇ ਆਇ ਹਾਜਰ ਹੋਇਆ।

ਇਕ ਦਿਨ ਕੰਧ ਦੇ ਉੱਪਰ ਚੜ੍ਹਦੇ ਹਜਾਰਾ ਸਿੰਘ ਦੀ ਲੱਤ ਫੜ ਲਈ ਤੁਰਕ ਨੇ। ਉਹ ਹੇਠਾਂ ਨੂੰ ਖਿੱਚੇ, ਸਿੰਘ ਉਤੇ ਨੂੰ ਖਿਚੇ। ਨਾਲ ਹੀ ਤੁਰਕ ਉਪਰ ਚੁੱਕਿਆ ਗਿਆ। ਤੁਰਕ ਕੇ ਹੱਥ ਛੁਟ ਗਏ। ਸਿੰਘ ਇਸ਼ਨਾਨ ਕਰਕੇ ਲੰਗਰ ਮੈ ਆਨ ਹਾਜਰ ਹੋਇਆ।"

ਜਿਉਂ-ਜਿਉਂ ਸਖ਼ਤੀ ਦਾ ਦੌਰ ਕੁਝ ਮੱਠਾ ਪੈਣ ਲੱਗਾ, ਖਾਲਸੇ ਦਾ ਉਤਸ਼ਾਹ ਹੋਰ ਵੱਧਣ ਲੱਗਾ। ਸੰਗਤ ਵਿਚ ਪਾਠਾਂ ਦਾ ਪ੍ਰਵਾਹ ਸ਼ੁਰੂ ਹੋ ਗਿਆ। ਗੁਰੂ ਹਰੀ ਸਿੰਘ ਜੀ ਛੁੱਟੀ ਲੈ ਕੇ ਜਨਵਰੀ 1878 ਈ: ਵਿੱਚ ਮੁਕਤਸਰ ਦੀ ਮਾਘੀ ਤੇ ਗਏ। ਇਥੇ ਗੁਰੂ ਜੀ ਨੇ ਪੰਜ ਅਖੰਡ ਪਾਠ ਕਰਵਾਏ। ਫਿਰ ਅਪ੍ਰੈਲ 1878 ਈ: ਵਿਚ ਦਮਦਮਾ ਸਾਹਿਬ ਵਿਚ ਵੀ ਪੰਜ ਅਖੰਡ ਪਾਠ ਕੀਤੇ।

ਬਾਬਾ ਸਮੁੰਦ ਸਿੰਘ ਜੀ ਅਤੇ ਸੰਗਤ ਨੇ ਰਲ ਕੇ ਤਖਤੂ ਪੁਰੇ 101 ਪਾਠ ਕਰਕੇ ਭੋਗ ਪਾਇਆ। ਮੁਕਤਸਰ ਅਤੇ ਨਥਾਣੇ ਵੀ ਭੋਗ ਪਾਏ।

ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਘੁੱਕੇਵਾਲੀ ਦੇ ਗੁਰੂ ਕੇ ਬਾਗ ਗੁਰਦੁਆਰੇ ਵਿਚ ਸੰਗਤ ਨੇ 101 ਅਖੰਡ ਪਾਠ ਕੀਤੇ। ਘਰ-ਘਰ ਵਿੱਚ ਵਰਨੀਆਂ ਹਵਨ ਅਤੇ ਪਾਠ ਹੋਣ ਲੱਗੇ।

1887 ਈ. ਦੇ ਜੁਲਾਈ ਅਗਸਤ ਮਹੀਨੇ ਵਿੱਚ ਬਾਬਾ ਬੁੱਢਾ ਸਿੰਘ ਜੀ ਵਾਂ ਵਾਲਿਆਂ ਨੇ ਜਪੁ ਸਾਹਿਬ ਦੀਆਂ ਵਰਨੀਆਂ ਕਰਾਈਆਂ ਜਿਨ੍ਹਾਂ ਵਿੱਚ ਜਪੁ ਸਾਹਿਬ ਦਾ ਸਵਾ ਲੱਖ ਪਾਠ ਕੀਤਾ ਗਿਆ।

- ਜਨਵਰੀ 1895 ਈ: ਵਿੱਚ ਮੁਕਤਸਰ ਸਾਹਿਬ ਦੀ ਮਾਘੀ ਤੇ 322 ਪਾਠਾਂ ਦਾ ਭੋਗ ਪਾਇਆ।
- 1897-98 ਈ: ਸ੍ਰ. ਕਰਤਾਰ ਸਿੰਘ ਜੀ ਫਿਲੌਕੇ (ਜ਼ਿਲ੍ਹਾ ਗੁਜਰਾਂਵਾਲਾ) ਨੇ ਸ੍ਰੀ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ 101 ਪਾਠ ਕਰਵਾਏ।
- 1900 ਈ: ਵਿਚ ਸ੍ਰ. ਕੇਹਰ ਸਿੰਘ ਜੀ ਨੇ ਪਿੰਡ ਰਾਏ ਕਾ ਬੁਰਜ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਹੋਲੇ ਦੇ ਪੁਰਬ ਸਮੇਂ 101 ਪਾਠਾਂ ਦਾ ਭੋਗ ਪਾਇਆ।
- 1902 ਦੀ ਮਾਘੀ ਸਮੇਂ ਮੁਕਤਸਰ ਦੀ ਸੰਗਤ ਵਲੋਂ ਸ੍ਰੀ ਗੁਰੂ ਜੀ ਦੀ ਹਜ਼ੂਰੀ ਵਿੱਚ ਮੁਕਤਸਰ ਸਾਹਿਬ ਵਿਖੇ 180 ਪਾਠਾਂ ਦੇ ਭੋਗ ਪਾਏ ਗਏ।
- 1904-05 ਵਿੱਚ ਬਾਬਾ ਬਘੇਲ ਸਿੰਘ ਜੀ ਨਾਰਲੀ ਵਾਲਿਆਂ ਸ੍ਰੀ ਭੈਣੀ ਸਾਹਿਬ ਵਿਖੇ 101 ਪਾਠ ਕਰਵਾ ਕੇ ਭੋਗ ਪਾਏ।
- 1905 ਈ: ਵਿੱਚ ਮੁਕਤਸਰ ਮਾਘੀ ਤੇ 207 ਪਾਠਾਂ ਦੇ ਭੋਗ ਪਾਏ ਗਏ।
- 1897 ਈ: ਦੀ ਨਿਮਾਣੀ ਇਕਾਦਸ਼ੀ ਤੇ ਸ੍ਰੀ ਭੈਣੀ ਸਾਹਿਬ ਵਿਖੇ 216 ਭੋਗ ਪਾਏ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਅਨੁਸਾਰ ਗੁਰੂ ਹਰੀ ਸਿੰਘ ਜੀ ਨੇ ਬਾਬਾ ਗੋਪਾਲ ਸਿੰਘ ਹੁਰਾਂ ਪਾਸੋਂ ਗੁਰਬਾਣੀ ਸੰਥਿਆ ਲਈ ਅਤੇ ਆਪ ਜਿੱਥੇ ਰੋਜ਼ਾਨਾ ਪੰਜ ਬਾਣੀਆਂ ਅਤੇ ਪੰਜ ਗ੍ਰੰਥੀ ਦਾ ਸੰਪੂਰਨ ਪਾਠ ਕਰਦੇ ਸਨ। ਉੱਥੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 200 ਪੰਨਾ ਪਾਠ ਵੀ ਆਪ ਜੀ ਦੇ ਨਿਤਨੇਮ ਵਿੱਚ ਸ਼ਾਮਿਲ ਸੀ।

ਗੁਰੂ ਜੀ ਦੀ ਹਜ਼ੂਰੀ ਵਿੱਚ ਕੀਰਤਨ ਦੀਆਂ ਰੋਜ਼ਾਨਾ

Namdhari Elibrary NamdhariElibrary@gmail.com

6 ਚੌਂਕੀਆਂ ਹੁੰਦੀਆਂ ਸਨ। ਮਾਈਆਂ, ਬੀਬੀਆਂ ਨੂੰ ਹਜ਼ੂਰੀ ਵਿੱਚ ਕੀਰਤਨ ਕਰਨ ਦੀ ਆਗਿਆ ਵੀ ਆਪ ਜੀ ਨੇ ਹੀ ਦਿੱਤੀ। ਇਹਨਾਂ ਭਾਗਸ਼ਾਲੀ ਮਾਈਆਂ ਵਿੱਚੋਂ ਮਾਈ ਹੁਕਮੀ ਅਤੇ ਮਾਈ ਗੁਰਦੇਈ ਦਾ ਨਾਮ ਵਿਸ਼ੇਸ਼ ਤੌਰ ਤੇ ਲਿਆ ਜਾ ਸਕਦਾ ਹੈ।

ਪਿੰਡਾਂ ਵਿਚ ਕਰਵਾਏ ਜਾਣ ਵਾਲੇ ਪਾਠਾਂ ਦੇ ਸੰਬੰਧ ਵਿਚ ਹੋਈਆਂ ਸਜ਼ਾਵਾਂ ਦਾ ਜ਼ਿਕਰ ਕਰਦੇ ਹੋਏ ਸੰਤ ਬਿਸ਼ਨ ਸਿੰਘ ਹਿਸਟੋਰੀਅਨ ਨੇ ਕੁਝ ਨੋਟ ਦਿੱਤੇ ਹਨ:-

1. ਸੰਤ ਉੱਤਮ ਸਿੰਘ ਅਤੇ ਬਾਬਾ ਚੂਹੜ੍ਹ ਸਿੰਘ ਰਾਏਸਰ ਵਾਲਿਆਂ ਨੂੰ ਛੇ -2 ਮਹੀਨੇ ਕੈਦ।

2. ਭਾਈ ਜਗਤ ਸਿੰਘ ਸੁਆਣਕੇ ਨੂੰ 6 ਮਹੀਨੇ ਕੈਦ ਅਤੇ 100 ਰੁਪਿਆ ਜ਼ੁਰਮਾਨਾ।

3. ਸੰਤ ਪੰਜਾਬ ਸਿੰਘ ਝੋਰੜ ਨੂੰ ਸਖ਼ਤ ਸਜ਼ਾ।

4. ਬਾਬਾ ਸਾਹਿਬ ਸਿੰਘ ਜੀ ਮਜ਼ਬੀ ਸਿੰਘ ਦੀ ਪਾਠ ਕਰਨ ਬਦਲੇ ਗ੍ਰਿਫਤਾਰੀ। ਇਹਨਾਂ ਦੇ ਸਪੁੱਤਰਾਂ ਸੰਤ ਸਿੰਘ ਅਤੇ ਕਰਮ ਸਿੰਘ ਝੋਰੜ ਨੂੰ ਸਖ਼ਤ ਸਜ਼ਾ।

5. ਰੁਪਾਣੇ ਪਿੰਡ ਵਿੱਚ ਪਾਠਾਂ ਦੇ ਭੋਗ ਪੌਣ ਦੇ ਜ਼ੁਰਮ ਵਿੱਚ 44 ਸਿੰਘਾਂ ਨੂੰ 6-6 ਮਹੀਨੇ ਕੈਦ।

6. ਮਾਈ ਸੰਤ ਕੌਰ ਮੁਠੱਡਿਆਂ ਵਾਲੀ ਨੂੰ 6 ਮਹੀਨੇ ਕੈਦ।

7. ਸੰਤ ਕਾਹਨ ਸਿੰਘ (ਗੜ੍ਹੀ ਮਹਾਂ ਸਿੰਘ) ਨੂੰ 6 ਮਹੀਨੇ ਕੈਦ।

ਇਹ ਸ੍ਰੀ ਗੁਰੂ ਹਰੀ ਸਿੰਘ ਜੀ ਅਤੇ ਉਹਨਾਂ ਦੇ ਪਿਆਰੇ ਸਿੱਖਾਂ ਦੀ ਕਠਨ ਘਾਲਣਾਂ ਦਾ ਹੀ ਸਿੱਟਾ ਹੈ ਕਿ ਅੱਜ ਤੱਕ ਲੱਖਾਂ ਸਾਧਾਰਣ ਅਤੇ ਅਖੰਡ ਪਾਠ ਹੋ ਚੁੱਕੇ ਹਨ ਅਤੇ ਹੋ ਰਹੇ ਹਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ 1906 ਈ: ਵਿੱਚ ਗੁਰਗੱਦੀ 'ਤੇ ਸੁਭਾਇਮਾਨ ਹੋਣ ਤੋਂ ਬਾਅਦ ਹੁਣ ਤੱਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਵਾ ਸਵਾ ਲੱਖ ਪਾਠਾਂ ਦੀਆਂ 6 ਲੜੀਆਂ ਸੰਪੂਰਨ ਹੋ ਚੁੱਕੀਆਂ ਹਨ। ਇਸ ਵਿਚ ਸਾਲਾਨਾ ਮੇਲਿਆਂ ਤੇ ਪੈਣ ਵਾਲੇ ਅਤੇ ਨਿੱਜੀ ਇੱਛਾ ਅਨੁਸਾਰ ਘਰਾਂ ਅਤੇ ਗੁਰਦੁਆਰਿਆਂ ਵਿੱਚ ਪੈਣ ਵਾਲੇ ਭੋਗਾਂ ਦੀ ਗਿਣਤੀ ਸ਼ਾਮਿਲ ਨਹੀ ਹੈ।

ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ
ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਧੰਨ ਗੁਰੂ ਹਰੀ ਸਿੰਘ ਜੀ

ਧੰਨ ਗੁਰੂ ਹਰੀ ਸਿੰਘ ਜਿਸ ਸਿੱਖੀ ਹਰੀ ਰੱਖੀ
ਜੜ੍ਹਾਂ ਲਾਈਆਂ ਵਿੱਚ ਸੀ ਪਤਾਲ ਗੁਰੂ ਹਰੀ ਸਿੰਘ,
ਅਗਮ ਅਪਾਰ ਗੁਰੂ ਸੋਹਣਾ ਅਵਤਾਰ ਗੁਰੂ
ਸਤੋ ਗੁਣੀ ਪੁਰਖ ਅਕਾਲ ਗੁਰੂ ਹਰੀ ਸਿੰਘ,
ਜਪ,ਤਪ,ਸੁੱਚ,ਸੋਧ ਸੰਜਮ ਦੀ ਮੂਰਤ ਸੀ
ਦੀਨਨ ਦਿਆਲ ਕ੍ਰਿਪਾਲ ਗੁਰੂ ਹਰੀ ਸਿੰਘ,
ਦਯਾ ਖਿਮਾ ਧੀਰਜ ਪ੍ਰੇਮ ਪੁੰਜ ਪ੍ਰੀਤਮ ਸੀ
ਗਊ ਵਾ ਗਰੀਬ ਪ੍ਰਤਿਪਾਲ ਗੁਰੂ ਹਰੀ ਸਿੰਘ,
ਰੋਗੀਆਂ ਦੇ ਰੋਗ ਮੇਟੇ ਸੋਗੀਆਂ ਦੇ ਸੋਗ ਮੇਟੇ
ਕੱਟ ਦਿੱਤੇ ਜਮਾਂ ਵਾਲੇ ਜਾਲ ਗੁਰੂ ਹਰੀ ਸਿੰਘ,
ਕੰਗਲੇ ਦਲਿੱਦਰੀ ਭੇਖਾਰੀਆਂ ਤੇ ਮਿਹਰ ਕਰ
ਕਰ ਦੀਏ ਝੱਟ ਮਾਲੋ-ਮਾਲ ਗੁਰੂ ਹਰੀ ਸਿੰਘ,
ਪਾਪ ਸੰਤਾਪ ਤੀਨੇ ਤਾਪ ਕੋ ਮਿਟਾਇਆ ਜਿਸ
ਟਾਲ ਦੀਆ ਮੌਤ ਵਾਲਾ ਕਾਲ ਗੁਰੂ ਹਰੀ ਸਿੰਘ,
ਹਿੰਦੂ ਔ ਮੁਸਲਮਾਨ ਸਿੱਖ ਔ ਈਸਾਈਓਂ ਕੋ
ਵੇਖਿਆ ਸੀ ਸਮ ਦ੍ਰਿਸ਼ਟ ਨਾਲ ਗੁਰੂ ਹਰੀ ਸਿੰਘ,
ਬੰਜਰ ਜ਼ਮੀਨੋਂ ਅਰੁ ਖੰਡਰੋਂ ਮੇ ਡੇਰਾ ਲਾ ਕੇ
ਕਰਤੇ ਅਬਾਦ ਔ ਬਹਾਲ ਗੁਰੂ ਹਰੀ ਸਿੰਘ,
ਭੁੱਖਿਆਂ ਨੂੰ ਲੰਗਰ ਛਕਾਇਆ ਜਦ ਕਾਲ ਪਿਆ
ਕਰਤੀ ਛਪੰਜਾ ਚ ਕਮਾਲ ਗੁਰੂ ਹਰੀ ਸਿੰਘ,
ਐਸੇ ਸੀ ਸਵਾਲ ਜਿਹੜੇ ਜਿੰਨ੍ਹਾਂ ਦਾ ਨਾ ਹੱਲ ਕੋਈ
ਕਰ ਦੀਏ ਹੱਲ ਉਹ ਸਵਾਲ ਗੁਰੂ ਹਰੀ ਸਿੰਘ,
ਵਕਤਾਂ ਦੇ ਮਾਰਿਆਂ ਨੂੰ ਬੰਦੇ ਬੇ ਸਹਾਰਿਆਂ ਨੂੰ
ਗਲ਼ੇ ਲਾ ਕੇ ਪੁੱਛਿਆ ਸੀ ਹਾਲ ਗੁਰੂ ਹਰੀ ਸਿੰਘ,
ਦਰ-ਦਰ ਉੱਤੇ ਜਾ ਕੇ ਭੀਖ ਜਿਹੜੇ ਮੰਗਦੇ ਸੀ
ਦਿੱਤੇ ਉਹ ਤਖ਼ਤ ਬਿਠਾਲ ਗੁਰੂ ਹਰੀ ਸਿੰਘ,
'ਢਿੱਲੋਂ' ਆਖੇ ਕਿਹੜੀ-ਕਿਹੜੀ ਸਿਫ਼ਤ ਮੈ ਲਿਖਾਂ ਤੇਰੀ
ਰਹੂ ਕਰਜਾਈ ਵਾਲ-ਵਾਲ, ਗੁਰੂ ਹਰੀ ਸਿੰਘ।

ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ
ਨੰਬਰ - 94636-60990

Namdhari Elibrary NamdhariElibrary@gmail.com

ਨਾਮਧਾਰੀ ਮੱਤ ਨੂੰ ਸਤਿਗੁਰੂ ਹਰੀ ਸਿੰਘ ਜੀ ਦਾ ਇਤਿਹਾਸਿਕ ਯੋਗਦਾਨ

ਪ੍ਰੋ. ਕਿਰਪਾਲ ਸਿੰਘ ਕਸੇਲ

ਨਾਮਧਾਰੀ ਮੱਤ ਦੇ ਇਤਿਹਾਸ ਵਿੱਚ ਸਤਿਗੁਰੂ ਹਰੀ ਸਿੰਘ ਜੀ ਦਾ ਗੌਰਵਮਈ ਇਤਿਹਾਸਿਕ ਯੋਗਦਾਨ ਹੈ। ਸਤਿਗੁਰੂ ਹਰੀ ਸਿੰਘ ਦੇ ਇਤਿਹਾਸਿਕ ਯੋਗਦਾਨ ਬਾਰੇ 'ਦ ਨਾਮਧਾਰੀ ਸਿੱਖਸ' ਪੁਸਤਕ ਦੀ ਲੇਖਿਕਾ ਨੇ ਇਸ ਤਰ੍ਹਾਂ ਉਲੇਖ ਕੀਤਾ ਹੈ। ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਪਿਛੋਂ ਸਤਿਗੁਰੂ ਹਰੀ ਸਿੰਘ ਨੂੰ ਕੂਕਾ ਲਹਿਰ ਨੂੰ ਜਿਉਂਦਾ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਇਸ ਸਮੇਂ ਸਰਕਾਰ ਕੂਕਾ ਲਹਿਰ ਉੱਤੇ ਕਰੜੀ ਨਜ਼ਰ ਰੱਖ ਰਹੀ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਸ ਸਥਾਨ ਦੇ ਮੁੱਖ ਦਰਵਾਜ਼ੇ ਉੱਤੇ ਪੁਲਿਸ ਦੀ ਚੌਂਕੀ ਬਿਠਾਈ ਗਈ। ਡੇਰੇ ਦੀ ਸੇਵਾ ਕਰਨ ਵਾਲੇ ਸਿੱਖਾਂ ਨੂੰ ਆਪਣੇ-ਆਪਣੇ ਪਿੰਡਾਂ ਨੂੰ ਜਾਣ ਲਈ ਮਜ਼ਬੂਰ ਕੀਤਾ ਗਿਆ। ਸ੍ਰੀ ਭੈਣੀ ਸਾਹਿਬ ਦੇ ਦਰਸ਼ਨ ਕਰਨ ਲਈ ਕੇਵਲ ਪੰਜ ਸਿੰਘਾਂ ਨੂੰ ਹੀ ਆਗਿਆ ਦਿੱਤੀ ਜਾਂਦੀ ਸੀ। ਉਨ੍ਹਾਂ ਦੇ ਜਾਣ ਤੋਂ ਬਾਅਦ ਹੀ ਦੂਜੇ ਪੰਜ ਸਿੰਘਾਂ ਦੇ ਜਥੇ ਨੂੰ ਜਾਣ ਦਿੱਤਾ ਜਾਂਦਾ ਸੀ। ਯਾਤਰੀਆਂ ਨੂੰ ਪਿੰਡ ਦੀ ਹੱਦ ਤੋਂ ਬਾਹਰ ਹੀ ਰਹਿਣਾ ਪੈਂਦਾ ਸੀ। ਕੋਈ ਵੀ ਉਨ੍ਹਾਂ ਦੀ ਦੁਖਾਂ ਦੀ ਪੁਕਾਰ ਸੁਣਨ ਵਾਲਾ ਨਹੀਂ ਸੀ। ਪੁਲਿਸ ਦਾ ਤਸ਼ੱਦਦ ਪੂਰੇ ਜ਼ੋਰ ਤੇ ਸੀ। ਸਾਰੇ ਨਾਮਧਾਰੀ ਫਿਰਕੇ ਨੂੰ ਬਾਗ਼ੀ ਕਰਾਰ ਦਿੱਤਾ ਗਿਆ ਸੀ। ਪਿੰਡ ਦੇ ਨੰਬਰਦਾਰ ਤੋਂ ਆਗਿਆ ਲੈ ਕੇ ਹੀ ਉਹ ਬਾਹਰ ਜਾ ਸਕਦੇ ਸਨ। ਪੰਜ ਤੋਂ ਵੱਧ ਨਾਮਧਾਰੀਆਂ ਦੀ ਇਕੱਤਰਤਾ ਉੱਤੇ ਪਾਬੰਦੀ ਲਾਈ ਗਈ ਸੀ। ਇਸ ਤਰ੍ਹਾਂ ਨਾ ਤਾਂ ਉਹ ਕੋਈ ਧਾਰਮਿਕ ਦੀਵਾਨ ਕਰ ਸਕਦੇ ਸਨ, ਨਾ ਹੀ ਇੱਕ ਦੂਜੇ ਨਾਲ ਤਾਲਮੇਲ ਰੱਖ ਸਕਦੇ ਸਨ। ਉਹਨਾਂ ਨੂੰ ਆਪਣੀਆਂ ਕਾਰਵਾਈਆਂ ਚੋਰੀ-ਛੁਪੀ ਹੀ ਕਰਨੀਆਂ ਪੈਂਦੀਆਂ ਸਨ। ਭੈਣੀ ਸਾਹਿਬ ਦੇ ਗੁਰਦੁਆਰੇ ਦੀ ਤਿੰਨ ਵਾਰ ਆ ਕੇ ਤਲਾਸ਼ੀ ਕੀਤੀ ਗਈ ਅਤੇ ਡੂੰਘਾ ਪੁੱਟ-ਪੁੱਟ ਕੇ ਤਸੱਲੀ ਕੀਤੀ ਗਈ ਕਿ ਹੋਰ ਗੈਰ-ਕਾਨੂੰਨੀ ਵਸਤੂ ਨਾ ਛੁਪਾਈ ਗਈ ਹੋਵੇ।

ਇਨ੍ਹਾਂ ਸਭ ਪਾਬੰਦੀਆਂ ਦੇ ਹੁੰਦਿਆਂ ਹੋਇਆਂ ਸਤਿਗੁਰੂ ਹਰੀ ਸਿੰਘ ਨੇ ਆਜ਼ਾਦੀ ਦੀ ਜੋਤ ਨੂੰ ਜਗਦੀ ਰਖਿਆ। 21 ਸਾਲ ਤੱਕ ਆਪ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਨਾ ਜਾਣ ਦਿੱਤਾ ਗਿਆ। ਆਪ ਜੀ ਨੂੰ ਵਿਸ਼ੇਸ ਅਵਸਰਾਂ ਉੱਤੇ ਜਾਣ ਲਈ ਸਰਕਾਰ ਤੋਂ ਇਜ਼ਾਜਤ ਲੈਣੀ ਪੈਂਦੀ ਸੀ। ਫਿਰ ਵੀ ਆਪ ਜੀ ਨੇ ਆਪਣੇ ਪੂਰਬਲੇ ਗੁਰੂਆਂ ਸਮਾਨ ਧਾਰਮਿਕ ਕਾਰਵਾਈਆਂ ਨੂੰ ਜਾਰੀ ਰੱਖਿਆ।

ਕੂਕਾ ਲਹਿਰ ਉੱਤੇ ਇੰਨੀ ਸਖ਼ਤੀ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਾਣ ਤੋਂ ਤਿੰਨ ਸਾਲ ਪਿਛੋਂ ਹੀ ਨਾਮਧਾਰੀਆਂ ਨੂੰ ਉਨ੍ਹਾਂ ਦੇ ਬਾਰੇ ਪਤਾ ਲੱਗਾ। ਫੇਰ ਗੁਪਤ ਰੂਪ ਵਿੱਚ ਨਾਮਧਾਰੀ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਜਾਂਦੇ ਰਹੇ ਅਤੇ ਉਥੋਂ ਹੁਕਮਨਾਮੇ ਲਿਆਂਦੇ ਰਹੇ। ਸਤਿਗੁਰੂ ਹਰੀ ਸਿੰਘ ਜੀ ਨੇ ਰੰਗੂਨ ਅਤੇ ਭੈਣੀ ਸਾਹਿਬ ਵਿਖੇ ਲਗਾਤਾਰ ਸੰਬੰਧ ਜੋੜ ਲਿਆ ਸੀ।

ਨਾਮਧਾਰੀਆਂ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸੰਗਠਨ ਨੂੰ ਸਥਿਰ ਰੱਖਣ ਲਈ ਸਤਿਗੁਰੂ ਹਰੀ ਸਿੰਘ ਨੂੰ ਬੜਾ ਸੰਘਰਸ਼ ਕਰਨਾ ਪਿਆ। ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੇ ਰਾਜਨੀਤਕ ਸੰਗਰਾਮ ਨੂੰ ਵੀ ਜਾਰੀ ਰੱਖਿਆ। ਭਾਵੇਂ ਇਹ ਸ਼ਾਂਤਮਈ ਸੀ। ਪਰ ਇਸਦਾ ਅੰਗਰੇਜ਼ ਵਿਰੋਧੀ ਕਿਰਦਾਰ ਕਾਇਮ ਸੀ।

ਸਤਿਗੁਰੂ ਹਰੀ ਸਿੰਘ ਜੀ ਨੇ ਇਸ ਮਹਾਨ ਕਾਰਜ ਨੂੰ 34 ਸਾਲਾਂ ਤੱਕ ਨਿਭਾਇਆ। ਆਪ ਜੀ ਵੱਲੋਂ ਕੀਤੀਆਂ ਗਈਆਂ ਮੁੱਖ ਸਰਗਰਮੀਆਂ ਸਨ :

- ਭੈਣੀ ਸਾਹਿਬ ਦੇ ਗੁਰਧਾਮਾਂ ਦਾ ਵਿਸਥਾਰ ਕਰਨਾ। '
- ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਹੋਏ ਸਦਾ ਵਰਤ ਲੰਗਰ ਨੂੰ ਨਿਰੰਤਰ ਜਾਰੀ ਰੱਖਣਾ। ਨਾਮਧਾਰੀ ਸਿੰਘਾਂ ਨੂੰ ਇਹ ਸੰਦੇਸ਼ ਦੇ ਕੇ ਚੜ੍ਹਦੀਕਲਾ ਵਿੱਚ ਰੱਖਣਾ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣਗੇ।
- ਸਿੱਖ ਧਰਮ ਦੀ ਸ਼ਾਨਦਾਰ ਮਰਿਆਦਾ ਨੂੰ ਕਾਇਮ ਰੱਖਣਾ।
- ਨਾਮ ਬਾਣੀ ਦੇ ਪ੍ਰਵਾਹ ਨੂੰ ਤੁਰਦਾ ਰੱਖਣਾ।
- ਸਿੱਖ ਧਰਮ ਦੀਆਂ ਨੈਤਿਕ ਅਤੇ ਪੁਰਾਣੀਆਂ ਰਵਾਇਤਾਂ ਨੂੰ ਚਾਲੂ ਰੱਖਣਾ।
- ਅੰਗਰੇਜ਼ੀ ਸਰਕਾਰ ਦੀਆਂ ਕੁਰੀਤੀਆਂ ਦਾ ਟਾਕਰਾ

Namdhari Elibrary NamdhariElibrary@gmail.com

ਕਰਨਾ।
- ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਣਾ ਅਤੇ ਸਵਦੇਸ਼ੀ ਅਤੇ ਨਿੱਜੀ ਸਵੈ-ਨਿਰਭਰਤਾ ਉੱਤੇ ਨਿਰਭਰ ਰਹਿਣਾ।
- ਗਊ ਹੱਤਿਆ ਅਤੇ ਲੋਕਾਂ ਦੇ ਨਾਗਰਿਕ ਅਧਿਕਾਰਾਂ ਲਈ ਸੰਘਰਸ਼ ਨੂੰ ਜਾਰੀ ਰੱਖਣਾ ਆਦਿ।

ਸਤਿਗੁਰੂ ਹਰੀ ਸਿੰਘ ਜੀ ਨੇ ਰਾਮਸਰ ਦੇ ਆਲੇ-ਦੁਆਲੇ ਨੂੰ ਸੰਵਾਰਿਆ। ਬਾਗ ਅਤੇ ਕੋਠੀ ਦਾ ਨਿਰਮਾਣ ਕੀਤਾ। ਲੰਗਰ ਲਈ ਹੋਰ ਜ਼ਮੀਨ ਖਰੀਦ ਕੇ ਵਾਧਾ ਕੀਤਾ। ਸਰਕਾਰ ਵੱਲੋਂ ਸਾਰੀਆਂ ਪਾਬੰਦੀਆਂ ਦੇ ਬਾਵਜੂਦ ਸਤਿਗੁਰੂ ਰਾਮ ਸਿੰਘ ਜੀ ਦੇ ਸਥਾਨ (ਅਕਾਲ ਬੁੰਗੇ) ਦਾ ਨਿਰਮਾਣ ਕੀਤਾ। ਲੰਗਰ ਵਿੱਚ ਕਦੀ ਤੋਟ ਨਹੀਂ ਸੀ ਆਉਣ ਦਿੱਤੀ। ਕਈ ਵਾਰ ਤਾਂ ਆਪ ਏਥੋਂ ਤੱਕ ਬਚਨ ਕਰ ਦਿੰਦੇ ਸਨ ਕਿ ਲੰਗਰ ਨੂੰ ਜਾਰੀ ਰੱਖਣ ਲਈ ਬਾਲਣ ਦੀ ਥਾਂ ਅਸੀਂ ਆਪਣੀਆਂ ਹੱਡੀਆਂ ਵੀ ਨਿਛਾਵਰ ਕਰ ਸਕਦੇ ਹਾਂ। ਬਾਹਰ ਦੌਰਿਆਂ ਤੇ ਜਾ ਕੇ ਉਹਨਾਂ ਨੇ ਨਾਮਧਾਰੀ ਰਹਿਤ ਮਰਿਆਦਾ ਦਾ ਪ੍ਰਚਾਰ ਕੀਤਾ। ਸਤਿਗੁਰੂ ਜੀ ਦੀ ਸਰਪ੍ਰਸਤੀ ਵਿੱਚ ਕਈ ਨਾਮਧਾਰੀ ਸੰਤ ਪੁਰਸ਼ਾਂ ਨੇ ਬੜਾ ਜਸ ਖਟਿਆ। ਇਹਨਾਂ ਵਿੱਚੋਂ ਕੁਝ ਇੱਕ ਨਾਮ ਸੰਤ ਜੀਵਨ ਸਿੰਘ ਸਰਹਾਲੀ, ਸੰਤ ਕੇਸਰ ਸਿੰਘ ਮਹਾਵਾ, ਸੰਤ ਲਾਲ ਸਿੰਘ ਭੂਰੇ ਗਿੱਲ, ਬਾਬਾ ਜਵਾਹਰ ਸਿੰਘ ਮਿਰਜ਼ਾਵਾਲਾ, ਸੰਤ ਨਰਾਇਣ ਸਿੰਘ, ਸੰਤ ਕੇਸਰ ਸਿੰਘ ਚੁੱਪ, ਸੰਤ ਕੇਸਰ ਸਿੰਘ ਚਵਿੰਡਾ, ਸਿਆਲਕੋਟ, ਸੰਤ ਹੀਰਾ ਸਿੰਘ, ਬਾਬਾ ਜਮੀਤ ਸਿੰਘ ਗਿੱਲ ਆਦਿ।

ਸਤਿਗੁਰੂ ਹਰੀ ਸਿੰਘ ਜੀ ਨੇ ਸਰਕਾਰ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਸਹਿਜ ਅਤੇ ਅਖੰਡ ਪਾਠਾਂ ਨੂੰ ਜਾਰੀ ਰੱਖਿਆ। ਸਤਿਗੁਰੂ ਹਰੀ ਸਿੰਘ ਜੀ ਨੇ 'ਆਦਿ ਗ੍ਰੰਥ' ਦੇ 101 ਅਖੰਡ ਪਾਠ 1875 ਅਤੇ ਏਨੇ ਹੀ 1876 ਵਿੱਚ ਕਰਵਾਏ। ਨਾਮਧਾਰੀਆਂ ਵਿੱਚ ਪਾਠਾਂ ਦੀਆਂ ਲੜੀਆਂ ਨਿਰੰਤਰ ਜਾਰੀ ਰਹੀਆਂ। ਪਾਠ ਕਰਨ ਅਤੇ ਹੋਰ ਕਾਰਵਾਈਆਂ ਜਾਰੀ ਰੱਖਣ ਲਈ ਨਾਮਧਾਰੀ ਸਿੰਘਾਂ ਨੂੰ ਸਜ਼ਾਵਾਂ ਵੀ ਭੁਗਤਣੀਆਂ ਪਈਆਂ। ਮੇਲ-ਮਿਲਾਪ ਦੇ ਪੱਕੇ ਸਾਧਨ ਨਾ ਹੋਣ ਕਰਕੇ ਸੰਤ ਸੰਤੋਖ ਸਿੰਘ ਬਾਹੋਵਾਲ ਅਤੇ ਸੰਤ ਧਿਆਨ ਸਿੰਘ ਕਾਦਰਾਬਾਦੀ ਵਰਗੇ ਲੇਖਕ ਤੇ ਕਵੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਏ, ਜਿਨ੍ਹਾਂ ਨੇ ਕ੍ਰਮਵਾਰ 'ਸਤਿਗੁਰੂ ਬਿਲਾਸ' ਵਾਰਤਕ ਅਤੇ 'ਸਤਿਗੁਰੂ ਬਿਲਾਸ ਪਾਤਸ਼ਾਹੀ 12ਵੀਂ ਕਵਿਤਾ ਵਿੱਚ ਰਚੇ। ਸਤਿਗੁਰੂ ਹਰੀ ਸਿੰਘ ਜੀ ਦੇ ਵਿਅਕਤੀਤੱਵ ਬਾਰੇ ਬੀਬੀ ਬੇਅੰਤ ਕੌਰ ਲਿਖਦੀ ਹੈ। "ਸਤਿਗੁਰੂ ਹਰੀ ਸਿੰਘ ਜੀ ਮਿੱਠੇ ਮਿਲਾਪੜੇ ਸੁਭਾਅ ਦੇ ਸੁਆਮੀ ਸਨ ਅਤੇ ਬੜੇ ਰਹਿਮ ਦਿਲ ਅਤੇ ਪ੍ਰਸੰਨ ਚਿੱਤ ਰਹਿਣ ਵਾਲੇ ਵਿਅਕਤੀ ਸਨ, ਜੋ ਹਰ ਇੱਕ ਨੂੰ ਮੋਹ ਲੈਂਦੇ ਸਨ। ਆਪ ਸਦਾ ਗਰੀਬਾਂ ਅਤੇ ਨਿਥਾਵਿਆਂ ਦੀ ਸਹਾਇਤਾ ਕਰਦੇ ਸਨ। 1899 ਈ: ਦੇ ਕਾਲ ਪੀੜਤਾਂ ਲਈ ਸਤਿਗੁਰੂ ਹਰੀ ਸਿੰਘ ਜੀ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਉਨ੍ਹਾਂ ਲੋਕਾਂ ਲਈ ਲੰਗਰ ਜਾਰੀ ਰੱਖਿਆ, ਜੋ ਕਾਲ ਪੈ ਜਾਣ ਦੇ ਕਾਰਨ ਦਰੱਖ਼ਤਾਂ ਦੇ ਪੱਤੇ ਖਾਣ ਲਈ ਮਜ਼ਬੂਰ ਹੋ ਗਏ ਸਨ। ਉਨ੍ਹਾਂ ਦੇ ਪਸ਼ੂਆਂ ਲਈ ਵੀ ਚਾਰੇ ਦਾਨੇ ਦਾ ਪ੍ਰਬੰਧ ਕੀਤਾ। ਕਮਿਸ਼ਨਰ ਨੇ ਉਨ੍ਹਾਂ ਦੀ ਇਸ ਉਦਾਰਤਾ ਦੀ ਪ੍ਰਸੰਸਾ ਕੀਤੀ ਅਤੇ 2500 ਏਕੜ ਜ਼ਮੀਨ ਲੰਗਰ ਦੇ ਨਾਮ ਲਾਉਣ ਦੀ ਪੇਸ਼ਕਸ਼ ਕੀਤੀ। ਸਤਿਗੁਰੂ ਹਰੀ ਸਿੰਘ ਜੀ ਨੇ ਇਹ ਭੂਮੀ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਕਿਹਾ, "ਤੁਸੀਂ ਮੈਨੂੰ 2500 ਏਕੜ ਜ਼ਮੀਨ ਦੇ ਕੇ ਬਾਕੀ ਸਾਡੇ ਦੇਸ਼ ਦੀ ਸਾਰੀ ਭੂਮੀ ਆਪ ਹੜੱਪ ਕਰਨਾ ਚਾਹੁੰਦੇ ਹੋ, ਚੰਗਾ ਹੈ ਕਿ ਤੁਸੀਂ ਸਾਡੇ ਦੇਸ਼ ਤੋਂ ਸਦਾ ਚਲੇ ਜਾਉ।"

ਮਾਤਾ ਜੀਵਨ ਕੌਰ ਜੀ ਵੀ ਬੜੇ ਉਦਾਰ ਚਿੱਤ ਸੁਭਾਅ ਦੇ ਦਾਨੀ ਸਨ। ਦੋਵਾਂ ਨੇ ਦੀਨ ਦੁਖੀਆਂ ਦੀ ਬੜੀ ਸਹਾਇਤਾ ਕੀਤੀ।

ਸਤਿਗੁਰੂ ਹਰੀ ਸਿੰਘ ਜੀ ਦਾ ਪਾਵਨ ਵਿਅਕਤੀਤੱਵ

ਸਤਿਗੁਰੂ ਹਰੀ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਅਥਾਹ ਪ੍ਰੇਮ ਸੀ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਕਦੇ ਵੀ ਬਚਨ ਨਹੀਂ ਸੀ ਮੋੜਿਆ। ਸਤਿਗੁਰੂ ਰਾਮ ਸਿੰਘ ਜੀ ਬਚਨ ਕਰਦੇ ਹੁੰਦੇ ਸਨ ਕਿ "ਮੈਂ ਦਾਨੀ ਅਤੇ ਮਸਤਾਨੀ ਅਵਸਥਾ ਵਿੱਚ ਤੇਰੇ ਨਾਲ ਇੱਕ ਸਮਾਨ ਵਿਚਰਿਆ ਹਾਂ।" 1819 ਤੋਂ ਲੈ ਕੇ , 1868 ਤੱਕ ਆਪ ਸਧਾਰਨ ਘਰੋਗੀ ਕਾਰ-ਵਿਹਾਰ ਵਿੱਚ ਲੱਗੇ ਰਹੇ। ਸਰੀਰ ਵਿੱਚ ਇੰਨਾ ਬਲ ਸੀ ਕਿ ਆਪ ਪੰਜਾਂ ਸਰੀਰਾਂ ਜਿੰਨਾ ਇਕੱਲੇ ਹੀ ਕੰਮ ਕਰਦੇ ਸਨ।

1871 ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਉਨ੍ਹਾਂ ਤੋਂ ਹਲ ਛੁਡਵਾ ਕੇ ਲੰਗਰ ਵਿੱਚੋਂ ਪ੍ਰਸ਼ਾਦ ਛਕਣ ਲਈ ਕਿਹਾ। ਤਦੋਂ ਤੋਂ ਆਪ ਭਜਨ-ਬਾਣੀ ਵਿੱਚ ਲੀਨ ਰਹਿੰਦੇ। ਸਤਿਗੁਰੂ ਰਾਮ ਸਿੰਘ ਜੀ ਸੰਗਤ ਨੂੰ ਬਚਨ ਕਰਦੇ 'ਅਸੀਂ ਦੋਵੇਂ ਭਾਈ ਇੱਕ ਰੂਪ ਹਾਂ।' 1872 ਵਿੱਚ ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਸੂਬਿਆਂ ਸਮੇਤ ਗ੍ਰਿਫ਼ਤਾਰ ਕਰਕੇ ਪੰਜਾਬ ਤੋਂ ਬਾਹਰ ਲੈ ਗਈ, ਤਾਂ ਸਤਿਗੁਰੂ ਹਰੀ ਸਿੰਘ ਜੀ ਨੇ ਸਚਮੁੱਚ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਬਚਨਾਂ

Namdhari Elibrary NamdhariElibrary@gmail.com

ਦੀ ਪਾਲਨਾ ਕਰਦਿਆਂ ਹੋਇਆਂ ਕਠਿਨ ਅਤੇ ਮੁਸ਼ਕਲ ਸਮਿਆਂ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖੀ ਦੇ ਬਾਗ ਨੂੰ ਹਰਾ ਰੱਖਿਆ ਅਤੇ ਗੁਰਤਵ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦੇ ਹੋਇਆਂ ਆਜ਼ਾਦੀ ਦੀ ਜੋਤ ਨੂੰ ਜਗਾਈ ਰੱਖਿਆ। ਆਪਣੇ ਗੁਰੂ ਕਾਲ 1872 ਤੋਂ 1906 ਤੱਕ ਦੇ 34 ਸਾਲਾਂ ਵਿੱਚ ਨਾਮਧਾਰੀ ਪੰਥ ਨੂੰ ਪੱਕੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ।

ਹਰ ਸਰਕਾਰੀ ਜਬਰ ਦੇ ਵਾਰ ਨੂੰ ਸਬਰ ਨਾਲ ਜਰਿਆ। ਕਿਸੇ ਦੇ ਹਿਰਦੇ ਨੂੰ ਨਹੀਂ ਦੁਖਾਇਆ। ਦੋਖੀਆਂ ਨੂੰ ਵੀ ਖਿਮਾ ਕੀਤਾ। ਕਿਸੇ ਨਾਲ ਕੋਈ ਵਧੀਕੀ ਨਹੀਂ ਕੀਤੀ। ਖਿਮਾ ਅਤੇ ਉਦਾਰਤਾ ਦੇ ਆਪ ਸਾਖਿਆਤ ਸਰੂਪ ਸਨ। ਔਖੇ ਸਮਿਆਂ ਵਿੱਚ ਵੀ ਆਪ ਦ੍ਰਿੜ ਅਤੇ ਅਡੋਲ ਰਹੇ। ਪੰਥ ਦੇ ਬੇੜੇ ਨੂੰ ਵੀ ਡੋਲਣ ਨਹੀਂ ਦਿੱਤਾ। ਸਭ ਕੋਲੋਂ ਆਪ ਜੀ ਨੇ ਸਤਿਕਾਰ ਲਿਆ ਅਤੇ ਸਭ ਨੂੰ ਪਿਆਰ ਵੰਡਿਆ। ਨਾਮ, ਬਾਣੀ, ਕਥਾ, ਕੀਰਤਨ ਦੇ ਪ੍ਰਵਾਹ ਵਿੱਚ ਕੋਈ ਢਿੱਲ ਨਹੀਂ ਆਉਣ ਦਿੱਤੀ। ਆਪ ਜੀ ਦੀ ਨਦਰ ਕਰਮ ਸਦਕਾ ਨਾਮਧਾਰੀ ਸਿੱਖਾਂ ਦੇ ਆਚਰਨ ਵਿੱਚ ਹੋਰ ਦ੍ਰਿੜਤਾ ਆਈ ਅਤੇ ਗੁਰੂ ਦੀ ਜੋਤ ਉੱਤੇ ਭਰੋਸੇ ਵਿੱਚ ਅਥਾਹ ਵਾਧਾ ਹੋਇਆ। ਕਈਆਂ ਦੇ ਹਿਰਦੇ ਵਿੱਚ ਆਪ ਜੀ ਨੇ ਆਜ਼ਾਦੀ ਦੀ ਜੋਤ ਨੂੰ ਜਗਾਇਆ।

ਕੂਕਾ ਲਹਿਰ ਤੋਂ ਪਿਛੋਂ ਹਿੰਦੁਸਤਾਨ ਦੀ ਸੁਤੰਤਰਤਾ ਪ੍ਰਾਪਤੀ ਦੀਆਂ ਲਹਿਰਾਂ ਵਿੱਚੋਂ ਹਿੰਦੁਸਤਾਨ ਗਦਰ ਪਾਰਟੀ ਦਾ ਮਹੱਤਵ ਬਹੁਤ ਵੱਡਾ ਹੈ। ਇਸ ਕ੍ਰਾਂਤੀਕਾਰੀ ਆਜ਼ਾਦੀ ਦੀ ਲਹਿਰ ਨੇ ਅਥਾਹ ਕੁਰਬਾਨੀਆਂ ਦੀਆਂ ਉੱਚ ਕੋਟੀ ਦੀਆਂ ਮਸਾਲਾਂ ਕਾਇਮ ਕਰਕੇ ਭਾਰਤ ਦੇ ਸੁਤੰਤਰਤਾ ਸੰਗਰਾਮ ਵਿੱਚ ਵੱਡਾ ਯੋਗਦਾਨ ਪਾਇਆ।

ਹਿੰਦੁਸਤਾਨ ਗਦਰ ਪਾਰਟੀ ਦੇ ਬਾਨੀ, ਪ੍ਰਧਾਨ, ਪ੍ਰਸਿੱਧ ਦੇਸ਼ ਭਗਤ, ਬਾਬਾ ਸੋਹਣ ਸਿੰਘ ਜੀ ਭਕਨਾ ਸਤਿਗੁਰੂ ਹਰੀ ਸਿੰਘ ਜੀ ਦੇ ਨਾਮਧਾਰੀ ਮਤ ਤੋਂ ਹੀ ਵਿਰੋਸਾਏ ਗਏ ਸਨ। ਚੜ੍ਹਦੀ ਜਵਾਨੀ ਸਮੇਂ ਆਪ ਕੂਕਾ ਲਹਿਰ ਨਾਲ ਪੂਰੀ ਤਰ੍ਹਾਂ ਜੁੜੇ ਰਹੇ ਸਨ। ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਅਤੇ ਨਾਮਧਾਰੀ ਲਹਿਰ ਦੇ ਪਏ ਵਿਅਕਤੀਗਤ ਪ੍ਰਭਾਵਾਂ ਨੂੰ ਬਾਬਾ ਸੋਹਣ ਸਿੰਘ ਜੀ ਭਕਨਾ ਨੇ ਇਨ੍ਹਾਂ ਸ਼ਬਦਾਂ ਰਾਹੀਂ ਵਰਨਣ ਕੀਤਾ ਹੈ। "ਮੇਰਾ 1870 ਈਸਵੀ ਦਾ ਜਨਮ ਹੈ। 1896 ਵਿੱਚ ਮੈਂ ਬਾਬਾ ਕੇਸਰ ਸਿੰਘ ਮਹਾਵਾ ਨੂੰ ਮਿਲਿਆ ਹਾਂ। ਜਦ ਗੁਰੂ ਹਰੀ ਸਿੰਘ ਜੀ ਗੁਜਰੇ ਤੱਦ ਤੱਕ ਮੈਨੂੰ ਸੰਗਤ ਵਿੱਚ ਆਇਆਂ ਕਈ ਸਾਲ ਹੋ ਗਏ ਸਨ। 10 ਸਾਲ ਬਾਬਾ ਕੇਸਰ ਸਿੰਘ ਜੀ ਨਾਲ ਜਾ ਕਲ੍ਹਿਆਂ ਵੀ, ਮਹਾਰਾਜ ਜੀ ਦੇ ਦਰਸ਼ਨ ਕਰਨ ਦਾ ਸਮਾਂ ਮਿਲਿਆ। ਮੈਂ ਕਰੀਬਨ 20 ਕੁ ਵਾਰੀ ਸਤਿਗੁਰਾਂ ਦੇ ਦਰਸ਼ਨ ਕੀਤੇ। ਬਾਬਾ ਜੀ (ਸਤਿਗੁਰੂ ਹਰੀ ਸਿੰਘ) ਜੀ ਬੜੇ ਸ਼ਾਂਤ ਅਤੇ ਗੰਭੀਰ ਸਭਾਅ ਵਾਲੇ, ਡਾਢਾ ਪਿਆਰ ਕਰਨ ਵਾਲੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਉਨ੍ਹਾਂ ਦੇ ਚਿਹਰੇ ਤੇ ਮਾਤਾ ਦੇ ਦਾਗ ਉਘੜੇ ਹੋਏ ਨਹੀਂ ਸਨ। ਕੱਦ ਅਤੇ ਸਰੀਰ ਦਰਮਿਆਨਾ ਸੀ। ਸਫੈਦ ਬਸਤਰ ਪਹਿਨਿਆ ਕਰਦੇ। ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਉਨ੍ਹਾਂ ਨੇ ਸੰਗਤ ਨੂੰ ਇਕੱਤਰ ਰੱਖਿਆ ਅਤੇ ਲੰਗਰ ਚਲਾਇਆ। ਇੱਕ ਬਚਨ ਉਨ੍ਹਾਂ ਦਾ ਮੇਰਾ ਪ੍ਰੇਰਨਾ ਸੂਤਰ ਹੈ। ਆਪ ਜੀ ਕਿਹਾ ਕਰਦੇ ਸਨ ਕਿ ਸਤਿਜੁਗ ਚੱਲ ਰਿਹਾ ਹੈ। ਕਲਜੁਗ ਦੀ ਸਫ ਵਲੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾੜਿਆਂ ਦਾ ਯੁੱਗ ਅੰਤਿਮ ਪੜਾਅ ਤੇ ਹੈ। ਰੱਬੀ ਯੁੱਗ ਨੂੰ ਮਨੁੱਖ ਮਾਤਰ ਨੂੰ ਇਕੋ ਨੂਰ ਦਾ ਅੰਸ਼ ਮੰਨਣ ਵਾਲਾ ਯੁੱਗ ਆ ਰਿਹਾ ਹੈ। ਮਹਾਰਾਜ ਜੀ ਦੇ ਅੰਤਿਮ ਤਿੰਨ ਸਾਲਾਂ ਵਿੱਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ-ਮੈਂ ਸ੍ਰੀ ਠਾਕਰ ਜੀ (ਬਾਬਾ ਕੇਸਰ ਸਿੰਘ ਮਹਾਵਾ) ਦੇ ਕਹਿਣ ਤੇ ਨੇਤਰਾਂ ਦਾ ਪਤਾ ਕਰਨ ਲਈ ਭੈਣੀ ਸਾਹਿਬ ਗਿਆ। ਮਹਾਰਾਜ ਆਪਣੇ ਚੁਬਾਰੇ ਉੱਤੇ ਦਰਸ਼ਨ ਦੇ ਰਹੇ ਸਨ। ਮੇਰੇ ਨਾਲ ਉਨ੍ਹਾਂ ਦਾ ਕਾਫ਼ੀ ਸਨੇਹ ਸੀ। ਫਿਰ ਅਸੀਂ ਇੱਕ ਵਾਰ ਭਾਈ ਹਰਨਾਮ ਸਿੰਘ ਚਵਿੰਡਾ ਅਤੇ ਮਹੰਤ ਕੇਸਰ ਸਿੰਘ ਮਹਾਵਾ ਨਾਲ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਗਏ। ਸ੍ਰੀ ਸਤਿਗੁਰੂ ਜੀ ਬਹੁਤ ਸਤਿਕਾਰ ਕਰਦੇ ਸਨ। "

"ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀਆਂ ਵਿੱਚੋਂ ਹੀ ਹਾਸਿਲ ਕੀਤੀ ਹੈ। ਉੱਚਾ ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾਂ ਜੀਵਨ ਵਿੱਚ ਵਿਸ਼ਵਾਸ ਇਨ੍ਹਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਜਾਪਦਾ ਹੈ। ਮੈਂ ਭਾਵੇਂ ਹੁਣ ਮਾਲਾ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਪਾਸੋਂ ਹੀ ਪ੍ਰਾਪਤ ਕੀਤੀ ਹੈ। ਮੈਂ ਸਤਿਗੁਰੂ ਹਰੀ ਸਿੰਘ ਦਾ ਇੰਨਾ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਨਹੀਂ ਹੋਣਾ। ਮੈਂ ਨਾਮਧਾਰੀਆਂ ਵਿੱਚ ਅਥਾਹ ਪ੍ਰੇਮ, ਸੇਵਾ ਭਾਵ ਅਤੇ ਕੁਰਬਾਨੀ ਦਾ ਜਜ਼ਬਾ ਵੇਖਿਆ ਹੈ।" ਉਪਰੋਕਤ ਬਾਬਾ ਸੋਹਣ ਸਿੰਘ ਭਕਨਾ ਜੀ ਦੇ ਨਾਮਧਾਰੀ ਮੱਤ ਤੇ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਬਾਰੇ ਇਹ ਵਿਚਾਰ ਸਵਰਗ ਵਾਸੀ ਪ੍ਰੀਤਮ ਸਿੰਘ ਕਵੀ ਜੀ ਦੇ ਬਾਬਾ ਸੋਹਣ ਸਿੰਘ ਭਕਨਾ ਜੀ ਨਾਲ ਕੀਤੀ ਗਈ ਭੇਟ

Namdhari Elibrary NamdhariElibrary@gmail.com

ਵਾਰਤਾ ਉੱਤੇ ਆਧਾਰਿਤ ਹਨ।

ਥੋੜੇ ਸ਼ਬਦਾਂ ਵਿੱਚ ਜੇਕਰ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਵਿਅਕਤੀਤੱਵ ਬਾਰੇ ਕੁਝ ਕਹਿਣਾ ਹੋਵੇ ਤਾਂ ਇਨ੍ਹਾਂ ਸਤਰਾਂ ਦੇ ਲੇਖਕ ਨੂੰ ਆਪ ਬਾਬਾ ਫ਼ਰੀਦ ਜੀ ਦੇ ਸਲੋਕ ਦੇ ਸ਼ਬਦਾਂ

'ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ।'

(ਸਲੋਕ ਫਰੀਦ 60, ਪੰਨਾ 1381)

ਸਭਨਾ ਮਨ ਮਾਣਿਕ, ਠਾਹਣੁ ਮੂਲਿ ਮਚਾਂਗਵਾ।
ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ।

(ਸਲੋਕ ਫਰੀਦ 130, ਪੰਨਾ 1384)

ਦੇ ਸਾਖਿਆਤ ਸਰੂਪ ਜਾਪਦੇ ਹਨ।

....

ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਧੰਨ ਧੰਨ ਕਹੇ ਲੋਕਾਈ ਸਾਰੀ

ਗੁਰ ਦਰਸ਼ਨ ਦੀ ਆਸ ਦਾ ਦੀਵਾ,
ਸੰਗਤ ਨੂੰ ਧਰਵਾਸ ਦਾ ਦੀਵਾ।
ਰੱਖਿਆ ਸਦਾ ਜਗਾਈ ਗੁਰਾਂ ਨੇ,
ਪੰਥ ਦੀ ਫੜ ਕਲਾਈ ਗੁਰਾਂ ਨੇ।
ਸਦਾ ਵਰਤ ਲੰਗਰ ਰੱਖ ਜਾਰੀ,
ਦੁਸ਼ਮਣ ਨੂੰ ਵੰਗਾਰ ਕਰਾਰੀ।
ਸਤਿਗੁਰੂ ਹਰੀ ਸਿੰਘ ਜੀ ਮਾਰੀ,
ਧੰਨ ਧੰਨ ਕਹੇ ਲੋਕਾਈ ਸਾਰੀ।

ਗੁਰਧਾਮਾਂ ਦਾ ਕਰ ਵਿਸਥਾਰ,
ਸਿੱਖੀ ਰੀਤਾਂ ਤੇ ਸੰਸਕਾਰ।
ਮੱਟਵਾਂ, ਗਿੱਲਾਂ, ਚੱਕ ਦੇ ਹੋਲੇ,
ਸੰਗਤਾਂ ਆਈਆਂ ਬੰਨ੍ਹ ਬੰਨ੍ਹ ਟੋਲੇ।
ਜੋਤ ਆਜ਼ਾਦੀ ਜਗਦੀ ਰਹੀ,
ਬ੍ਰਿਟਿਸ਼ ਕੌਮ ਨੂੰ ਠੱਗਦੀ ਰਹੀ।
ਹਰ ਕੰਨ ਵਿਚ ਦੇ ਕੇ ਗੁਰਮੰਤਰ,
ਨਾ-ਮਿਲਵਰਤਣ ਲਹਿਰ ਨਿਰੰਤਰ।
ਸਵਦੇਸ਼ੀ ਦਾ ਬਿਗਲ ਵਜਾਇਆ,
ਸਵੈ-ਨਿਰਭਰਤਾ ਪਾਠ ਪੜ੍ਹਾਇਆ।

ਅੰਤਰ ਜਾਤੀ ਤੇ ਵਿਧਵਾ ਵਿਆਹ,
ਬਾਲ ਵਿਆਹ ਨੂੰ ਜੜ੍ਹੋਂ ਮੁਕਾ।
ਸਭ ਸੰਗਤਾਂ ਨੂੰ ਨਾਮ ਦ੍ਰਿੜਾ,
ਅਖੰਡ ਪਾਠਾਂ ਦੇ ਭੋਗ ਪਵਾ।
ਤੱਕਦੇ ਰਹੇ ਉਹ ਰਾਮ ਦਾ ਰਾਹ,
ਤੀਕਰ ਆਪਣੇ ਆਖਰੀ ਸਾਹ।
ਰੂਪ ਹਰੀ ਦਾ ਹੋ ਗਏ ਹਰੀ,
ਸਿੱਖੀ ਖੇਤੀ ਰੱਖੀ ਭਰੀ।

ਭੁੱਲਾਂ ਬਖਸ਼ਣ ਬਖਸ਼ਣਹਾਰ,
ਤੋੜ ਨਿਭਾਇਆ ਰਾਮ ਕਰਾਰ।
ਅੱਠ ਦਿਨ ਪਹਿਲਾਂ ਹੀ ਸਮਝਾਕੇ,
ਨਰੈਣ ਸਿੰਘ ਨੂੰ ਕੋਲ ਬੁਲਾ ਕੇ।
ਗੁਰ ਪਰਤਾਪ ਦੇ ਚਰਨੀਂ ਲਾ ਕੇ,
ਜੋਤ ਰਲੀ ਫਿਰ ਜੋਤ 'ਚ ਜਾ ਕੇ।
ਵੱਡ ਪਰਤਾਪ ਹਵਾਲੇ ਕਰ ਗਏ,
ਰਜਿੰਦਰ ਪੰਥ ਦੀ ਝੋਲੀ ਭਰ ਗਏ।

ਰਾਜਿੰਦਰ ਕੌਰ ਪੁੰਨੂ

Namdhari Elibrary NamdhariElibrary@gmail.com

ਹਰੀ ਸਿੰਘ ਨੂੰ ਜਾਨਣਾ ਰੂਪ ਮੇਰਾ

ਡਾ. ਧਰਮ ਸਿੰਘ, ਅੰਮ੍ਰਿਤਸਰ

ਨਾਮਧਾਰੀ ਸਾਹਿਤ-ਪ੍ਰੰਪਰਾ ਵਿਚ ਸੰਤ ਚੰਦਾ ਸਿੰਘ ਜੀ ਦਾ ਨਾਂ ਸਭ ਤੋਂ ਪਹਿਲਾਂ ਆਉਂਦਾ ਹੈ ਅਤੇ ਸੰਤ ਕਾਲਾ ਸਿੰਘ ਜੀ ਦਾ ਉਸ ਤੋਂ ਬਾਅਦ ਦੂਜੇ ਨੰਬਰ ਤੇ ਹੈ। ਸੰਤ ਚੰਦਾ ਸਿੰਘ ਦਾ ਕੇਵਲ ਬਾਰਾਂਮਾਹ ਹੀ ਮਿਲਦਾ ਹੈ ਜਦਕਿ ਸੰਤ ਕਾਲਾ ਸਿੰਘ ਜੀ ਦੀਆਂ ਦੱਸ ਕੁ ਰਚਨਾਵਾਂ ਦੀ ਦੱਸ ਪਈ ਹੈ, ਜਿਨ੍ਹਾਂ ਵਿਚ ਪੈਂਤੀ ਅੱਖਰੀ, ਉਸਤਿਤ ਨਾਮਾ, ਜਨਮ ਸਾਖੀ ਭਗਤ ਰਵਿਦਾਸ, ਜਨਮ ਸਾਖੀ ਭਗਤ ਨਾਮ ਦੇਵ ਜੀ ਅਤੇ ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਵਧੇਰੇ ਪ੍ਰਸਿੱਧ ਹਨ। ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਇਕ ਵੱਡ ਅਕਾਰੀ ਰਚਨਾ ਹੈ, ਜੋ 1914 ਈ: ਵਿਚ ਪਹਿਲੀ ਵਾਰ ਛਪੀ ਸੀ ਅਤੇ ਬੜੀ ਪੜ੍ਹੀ ਤੇ ਸਤਿਕਾਰੀ ਗਈ। ਏਸੇ ਪੰਥ ਪ੍ਰਕਾਸ਼ ਵਿਚੋਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਵਾਲੇ ਸ਼ਹੀਦਾਂ ਦੇ ਸਾਕੇ ਵਾਲੇ ਬਿਰਤਾਂਤਾਂ ਨੂੰ ਤਿੰਨ ਛੋਟੇ ਟ੍ਰੈਕਟਾਂ ਦੇ ਰੂਪ ਵਿਚ ਛਪੇ ਹੋਣ ਦੀ ਸੂਚਨਾ ਹੈ। ਇਹ ਪੰਥ ਪ੍ਰਕਾਸ਼ ਸੌ ਸਾਲ ਬਾਅਦ 2014 ਈ: ਵਿਚ ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ) ਦੁਆਰਾ ਸੰਪਾਦਿਤ ਹੋ ਕੇ ਦਰਬਾਰ ਭੈਣੀ ਸਾਹਿਬ ਵੱਲੋਂ ਛਾਪਿਆ ਗਿਆ।

ਸੰਤ ਕਾਲਾ ਸਿੰਘ ਜੀ ਦਾ ਜਨਮ 1864 ਈ: ਦੇ ਲਾਗੇ ਚਾਗੇ ਹੋਇਆ। ਕਿਉਂਕਿ ਉਹ ਆਪ ਦੱਸਦੇ ਹਨ ਕਿ ਮਲੇਰਕੋਟਲੇ ਵਾਲੇ ਸਾਕੇ ਸਮੇਂ ਉਸ ਦੀ ਉਮਰ ਕੇਵਲ ਸੱਤ ਕੁ ਸਾਲ ਦੀ ਸੀ। ਕਾਲਾ ਸਿੰਘ ਦੀਆਂ ਰਚਨਾਵਾਂ ਵਿਚ ਆਪਣੇ ਵੱਲੋਂ ਦਿਤੀ ਸੂਚਨਾ ਅਨੁਸਾਰ ਉਸ ਦਾ ਜੱਦੀ ਪਿੰਡ ਨੰਗਲ (ਵੱਡਾ) ਜ਼ਿਲ੍ਹਾ ਲੁਧਿਆਣਾ ਸੀ ਪਰ ਬਿਹਤਰ ਜ਼ਿੰਦਗੀ ਦੀ ਤਲਾਸ਼ ਵਿਚ ਇਸੇ ਜ਼ਿਲ੍ਹੇ ਦੇ ਪਿੰਡ ਪੱਖੋਵਾਲ ਵਿਚ ਵੱਸ ਗਿਆ ਸੀ। ਉਹ ਜਾਤ ਦਾ ਨਾਮਾ ਬੰਸੀ ਸੀ, ਗੋਤ ਨਿੱਝਰ ਸੀ। ਪਿਤਾ ਦਾ ਨਾਮ ਰਾਮ ਸਿੰਘ ਤੇ ਮਾਤਾ ਦਾ ਨਾਮ ਕਰਮ ਕੌਰ ਸੀ। ਉਹ ਪਹਿਲਾਂ ਕੱਪੜੇ ਧੋਣ ਦਾ ਕੰਮ ਕਰਦਾ ਸੀ ਪਰ ਬਾਅਦ ਵਿਚ ਠਠਿਆਰਾਂ ਦਾ ਕਿੱਤਾ ਅਪਨਾ ਲਿਆ। ਇਸ ਦੇ ਦੋ ਪੁਤਰ ਸਨ ਹੀਰਾ ਸਿੰਘ ਅਤੇ ਬਿਸ਼ਨ ਸਿੰਘ। ਬਿਸ਼ਨ ਸਿੰਘ ਨੂੰ ਨਾਮਧਾਰੀ ਸਮਾਜ ਵਿਚ ਹਿਸਟੋਰੀਅਨ ਕਰਕੇ ਵੀ ਜਾਣਿਆ ਜਾਂਦਾ ਹੈ ਅਤੇ ਉਸਨੇ ਆਪਣੀ ਵਿਰਾਸਤ ਨੂੰ ਅਗਾਂਹ ਵੀ ਤੋਰੀ ਰੱਖਿਆ ਹੈ। ਸੰਤ ਕਾਲਾ ਸਿੰਘ ਜੀ ਦਾ ਦੇਹਾਂਤ 29 ਮਾਘ 1985 ਬਿਕਰਮੀਂ (1929 ਈ:) ਨੂੰ ਹੋਇਆ।

ਸਾਡੀ ਅੱਜ ਦੇ ਪ੍ਰਸੰਗ ਵਿਚ ਵਿਸ਼ੇਸ਼ ਗੱਲ ਇਹ ਹੈ ਕਿ ਸੰਤ ਕਾਲਾ ਸਿੰਘ ਬਿਕ੍ਰਮੀਂ ਸੰਮਤ 1942 (1885 ਈ:) ਭੈਣੀ ਸਾਹਿਬ ਆਇਆ ਅਤੇ ਗੁਰੂ ਹਰੀ ਸਿੰਘ ਜੀ ਪਾਸੋਂ ਨਾਮ ਦਾਨ ਪ੍ਰਾਪਤ ਕਰਕੇ ਨਾਮਧਾਰੀ ਸਿੰਘ ਸਜ ਗਿਆ ਤੇ ਉਹ ਕਵਿਤਾ ਦੀ ਦਾਤ ਨੂੰ ਵੀ ਗੁਰੂ ਹਰੀ ਸਿੰਘ ਜੀ ਪਾਸੋਂ ਪ੍ਰਾਪਤ ਹੋਈ ਮੰਨਦਾ ਹੈ:-

ਗੁਰੂ ਹੈ ਬਾਲਕ ਸਿੰਘ ਗਿਆਰਵਾਂ ਸਰੂਪ ਜਾਣੋ
ਸਤਿਗੁਰੂ ਰਾਮ ਸਿੰਘ ਬਾਰ੍ਹਵੇਂ ਜੋ ਆਇਆ ਹੈ।
ਬਾਢੀਆਂ ਦੀ ਬੰਸ ਭੈਣੀ ਸਾਹਿਬ ਜੋ ਨਿਵਾਸ ਕੀਤਾ
ਨਾਮਧਾਰੀ ਪੰਥ ਸੰਤ ਖਾਲਸਾ ਚਲਾਇਆ ਹੈ।
ਗੁਰੂ ਹਰੀ ਸਿੰਘ ਜੀ ਦਾਸ ਤਾਈਂ ਵਰ ਦਿੱਤੇ
ਅਨੁਭਵ ਕਰ ਕਾਵਿ ਦਾਸ ਨੇ ਰਚਾਇਆ ਹੈ।

ਕਾਲਾ ਸਿੰਘ ਦੀ ਉਪਰ ਸੰਕੇਤਿਕ ਰਚਨਾ ਉਸਤਤ ਨਾਮਾ ਵਿਚ ਗੁਰੂ ਹਰੀ ਸਿੰਘ ਜੀ ਦੀ ਮਹਿਮਾ ਹੈ। ਪਹਿਲਾਂ ਇਕ ਬੈਂਤ ਅਤੇ ਫੇਰ ਚੌਦਾਂ ਕਬਿੱਤਾਂ ਵਿਚ ਗੁਰੂ ਰਾਮ ਸਿੰਘ ਜੀ ਦੀ ਉਸਤਤ ਕਰਦਾ ਹੈ ਅਤੇ ਫਿਰ ਦੋਹਰਿਆ ਕਬਿੱਤਾਂ ਅਤੇ ਸੱਵਈਆਂ ਵਿਚ ਗੁਰੂ ਹਰੀ ਸਿੰਘ ਜੀ ਦਾ ਅਭਿਨੰਦਨ ਹੈ।

'ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼' ਬੁਨਿਆਦੀ ਤੌਰ 'ਤੇ ਅਰੰਭਲੇ ਨਾਮਧਾਰੀ ਇਤਿਹਾਸ ਨੂੰ ਅੰਕਿਤ ਕਰਦਾ ਹੈ। ਇਸ ਲਈ ਉਹ ਗੁਰੂ ਹਰੀ ਸਿੰਘ ਜੀ ਬਾਰੇ ਵਿਸਥਾਰ ਵਿਚ ਨਹੀਂ ਪੈਂਦਾ। ਬਾਬਾ ਰਾਮ ਸਿੰਘ ਜੀ ਵਲੋਂ ਨਾਮਧਾਰੀ ਪੰਥ ਦੀ ਵਾਗਡੋਰ ਗੁਰੂ ਹਰੀ ਸਿੰਘ ਜੀ ਨੂੰ ਪਕੜਾਉਣ ਅਤੇ ਸੰਖੇਪ ਵਿਚ ਗੁਰੂ ਹਰੀ ਸਿੰਘ ਜੀ ਦਾ ਜਸ ਕਰਨ ਨਾਲ ਪੰਥ ਪ੍ਰਕਾਸ਼ ਖਤਮ ਹੋ ਜਾਂਦਾ ਹੈ। ਬੇਸ਼ੱਕ ਇਹ ਬਿਰਤਾਂਤ ਸੰਖੇਪ ਹੈ ਪਰ ਜਿੰਨਾਂ ਵੀ ਹੈ ਉਸ ਵਿਚ ਨਾਮਧਾਰੀ ਸਮਾਜ ਦੀ ਰਹਿਤ ਮਰਯਾਦਾ ਨੂੰ ਦ੍ਰਿੜ੍ਹ ਕਰਾਉਣਾ ਹੈ ਜਿਵੇਂ ਨਾਮ ਦਾਨ ਦੇਣਾ, ਹਮੇਸ਼ਾ ਲੰਗਰ ਚਲਾਈ ਰੱਖਣਾ, ਸੇਵਾ ਅਤੇ ਸਿਮਰਨ ਕਰਨਾ ਆਦਿ। ਸਭ ਤੋਂ ਵੱਡੀ ਗੱਲ ਇਹ ਹੈ ਕਿ ਗੁਰੂ ਰਾਮ ਸਿੰਘ ਜੀ

Namdhari Elibrary NamdhariElibrary@gmail.com

ਵੱਲੋਂ ਆਪ ਹੀ ਨਾਮਧਾਰੀ ਸਮਾਜ ਦੇ ਮੁੱਖੀ ਵਜੋਂ ਗੁਰੂ ਹਰੀ ਸਿੰਘ ਜੀ ਨੂੰ ਸਥਾਪਿਤ ਕਰਨ ਅਤੇ ਪੂਰੇ ਪੰਥ ਨੂੰ ਤਾਬਿਆ ਇਹਨਾਂ ਦੀ ਕਰਨਾ ਹੈ-

ਗੁਰੂ ਸਿਖ ਦਾ ਜਦੋਂ ਮਿਲਾਪ ਹੋਵੇ
ਜਨਮ ਜਨਮ ਦਾ ਦੁੱਖ ਮਟਾਇਆ ਹੈ।
ਆਤਮਕ ਸ਼ਕਤੀ ਵਾਲੀ ਜੋਤ ਭੇਜਣ
ਪਰਚਾ ਸਿੰਘਾਂ ਦੇ ਹੱਥ ਫੜਾਇਆ ਹੈ।
ਭੈਣੀ ਸਾਹਿਬ ਨੂੰ ਭੇਜਿਆ ਹੁਕਮਨਾਮਾ
ਸ੍ਰੀ ਆਪ ਮੁਖਵਾਕ ਫੁਰਮਾਇਆ ਹੈ।
ਸੰਮਤ ਉੱਨੀ ਸੌ ਚੌਂਤੀਏ ਸਾਲ ਅੰਦਰ
ਸੰਤ ਖਾਲਸਾ ਤਾਈਂ ਸੁਣਾਇਆ ਹੈ।
ਹਰੀ ਸਿੰਘ ਨੂੰ ਜਾਨਣਾ ਰੂਪ ਮੇਰਾ
ਮੇਰਾ ਏਸ ਦਾ ਭੇਦ ਨਾ ਪਾਇਆ ਹੈ।
ਜੀਨੂੰ ਏਹ ਬਖਸ਼ਣ ਮੇਰੀ ਬਖਸ਼ ਓਨੂੰ
ਥੋਨੂੰ ਇਨਾਂ ਦਾ ਪੱਲਾ ਫੜਾਇਆ ਹੈ।

ਸੰਤ ਕਾਲਾ ਸਿੰਘ ਜੀ ਦਾ ਗ੍ਰੰਥ 'ਸਿੰਘਾਂ ਨਾਮਧਾਰੀਆਂ ਦਾ ਪੰਥ ਪਰਕਾਸ਼' ਅਰੰਭਲੀ ਰਚਨਾ ਹੋਣ ਕਰਕੇ ਇਸ ਵਿਚਲਾ ਬਿਰਤਾਂਤ ਹਕੀਕਤ ਦੇ ਐਨ ਨੇੜੇ ਹੈ। ਇਸ ਗ੍ਰੰਥ ਵਿਚੋਂ ਗੁਰੂ ਹਰੀ ਸਿੰਘ ਜੀ ਨਾਲ ਸੰਬਧਿਤ ਬਿਰਤਾਂਤ ਮੂਲ ਰੂਪ ਵਿਚ ਏਥੇ ਹੀ ਅੰਕਿਤ ਕੀਤਾ ਜਾਂਦਾ ਹੈ।

ਤਨ ਮਨ ਤੇ ਧਨ ਲਾ ਕਰਨ ਸੇਵਾ,
ਭੇਟਾ ਨਗਦ ਹਜ਼ੂਰ ਚੜ੍ਹਾਇਆ ਹੈ।
ਰਹੇ ਦੇਗ ਕੜਾਹਿ ਤਿਆਰ ਹਰਦਮ
ਛਕਣ ਪੰਗਤਾਂ ਸਿੰਘਾਂ ਛਕਾਇਆ ਹੈ।
ਲੰਗਰ ਬੰਦ ਨਾ ਹੋਮਦਾ ਦਿਨੇ ਰਾਤੀ
ਚਲ ਰਿਹਾ ਜੋ ਦੂਣ ਸਵਾਇਆ ਹੈ।
ਭਜਨ ਦੱਸ ਕੇ ਮਰਦ ਤੇ ਔਰਤਾਂ ਨੂੰ
ਸਭ ਨੂੰ ਸਾਗਰੋਂ ਪਾਰ ਲੰਘਾਇਆ ਹੈ।
ਚੜ੍ਹਨ ਸੈਂਕੜੇ ਰੋਜ਼ ਜਹਾਜ ਗੁਰੂ ਦੇ
ਗੁਰਾਂ ਨਾਮ ਤੇ ਦਾਨ ਦਿੜਾਇਆ ਹੈ।
ਦਇਆ ਜਿਸ ਤੇ ਕਰਨ ਦਿਆਲ ਹੋ ਕੇ
ਸੋਈ ਵਿਚ ਬੈਕੁੰਠ ਪਹੁੰਚਾਇਆ ਹੈ।
ਹਰੀ ਸਿੰਘ ਸੱਚੇ ਗੁਰੂ ਕਰਨ ਕਾਰਨ
ਸੰਗਤ ਤਾਈਂ ਵੀ ਹਰੀ ਕਰਾਇਆ ਹੈ।
ਗੁਰੂ ਬਾਰਮਾਂ ਬਾਰਮੀਂ ਜਾਣ ਗੱਦੀ
ਜੋਤ ਇਕ ਦੋ ਰੂਪ ਬਟਾਇਆ ਹੈ।
ਸਾਹਿਬ ਕੌਰ ਮਾਈ ਸੇਵਾਦਾਰ ਗੁਰ ਕੀ
ਜੀਉਣ ਕੌਰ ਤੋਂ ਵੱਡੀ ਸਦਾਇਆ ਹੈ।
ਫਤੇ ਕੌਰ ਮਾਈ ਤੀਜੀ ਹੋਰ ਛੋਟੀ
ਓਸ ਪੰਥ ਦੀ ਸੇਵ ਕਮਾਇਆ ਹੈ।
ਪੁਤ੍ਰ ਤਿੰਨ ਮਾਤਾ ਜੀਉਣ ਕੌਰ ਜੀ ਦੇ
ਗੁਰ ਅੰਸ ਜੋ ਬੰਸ ਸਦਾਇਆ ਹੈ।
ਬਾਬਾ ਵੱਡਾ ਪ੍ਰਤਾਪ ਸਿੰਘ ਨਾਮ ਹੈ ਜੋ
ਵਕਤ ਉਹਨਾਂ ਨੂੰ ਗੱਦੀ ਦਾ ਆਇਆ ਹੈ।
ਹਰੀ ਸਿੰਘ ਸੱਚੇ ਪਾਤਸ਼ਾਹਿ ਜੀ ਨੇ
ਸ਼ਾਂਤੀ ਬਖਸ਼ ਕੇ ਪੰਥ ਬਧਾਇਆ ਹੈ।
ਸਿੰਘਾਂ ਪੁੱਛਿਆ ਸਾਡਾ ਹੈ ਕੌਣ ਝਾਲੂ
ਮਹਾਰਾਜ ਜੀ ਆਖ ਸੁਣਾਇਆ ਹੈ।
ਅਗੋਂ ਆਖਿਆ ਥੋਡਾ ਹੈ ਗੁਰੂ ਝਾਲੂ
ਹੱਥ ਬਾਬੇ ਜੀ ਵੱਲ ਉਠਾਇਆ ਹੈ।
ਕਾਲਾ ਸਿੰਘ ਸਿੰਘਾਂ ਫੇਰ ਅਰਜ਼ ਕੀਤੀ
ਸੀਸ ਚਰਨਾਂ ਦੇ ਉੱਤੇ ਟਕਾਇਆ ਹੈ॥ 180॥

ਸਿੰਘਾਂ ਨੇ ਅਰਜ਼ ਕਰਨੀ ਸ੍ਰੀ ਗੁਰੂ ਹਰੀ ਸਿੰਘ ਜੀ ਪਾਸ

ਮਹਾਰਾਜ ਹਰੀ ਸਿੰਘ ਗੁਰੂ ਅਗੇ
ਸਿੰਘਾਂ ਅਰਜ਼ ਕੀਤੀ ਲਾਈਂ ਪਾਰ ਸਾਨੂੰ।
ਸਾਡਾ ਕੌਣ ਝਾਲੂ ਤੇਰੇ ਬਾਝ ਹੋਵੇ
ਏ ਵੀ ਦਸ ਦੇਵੋ ਕ੍ਰਿਪਾ ਧਾਰ ਸਾਨੂੰ।
ਪੱਲਾ ਜਿਸ ਦਾ ਤੁਸੀਂ ਫੜਾਇ ਦੇਵੋ
ਅਸੀਂ ਪਕੜੀਏ ਕਹੋ ਪੁਕਾਰ ਸਾਨੂੰ।
ਕਾਲਾ ਸਿੰਘ ਏ ਅਰਜ਼ ਮਨਜ਼ੂਰ ਹੋਵੇ
ਦੱਸੋ ਧਾਰ ਕਿਰਪਾ ਕਰਨ ਹਾਰ ਸਾਨੂੰ॥ 191॥

ਗੁਰੂ ਹਰੀ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਪ੍ਰਤਾਪ ਸਿੰਘ ਜੀ ਦਾ ਪੱਲਾ ਫੜਾ ਦੇਣਾ

ਮਹਾਰਾਜ ਸਤਿਗੁਰੂ ਹਰੀ ਸਿੰਘ ਆਖੇ
ਬਲਹਾਰ ਬਲਹਾਰ ਬਲਹਾਰ ਵਾਰੀ।
ਥੋਡਾ ਝਾਲੂ ਅਕਾਲ ਤੇ ਗੁਰੂ ਬਾਰਾਂ
ਵਾਹਿਗੁਰੂ ਝਾਲੂ ਕਰਨ ਹਾਰ ਵਾਰੀ।
ਏਸ ਬਾਗ ਗੁਲਜ਼ਾਰ ਦਾ ਆਪ ਰਾਖਾ
ਰਾਮ ਸਿੰਘ ਸਤਿਗੁਰ ਪ੍ਰਵਦਗਾਰ ਵਾਰੀ।
ਅਸੀਂ ਦਿੱਤਾ ਸਮ੍ਹਾਲ ਪ੍ਰਤਾਪ ਸਿੰਘ ਨੂੰ
ਸਾਰਾ ਬਾਗ ਬਹਾਰ ਗੁਲਜ਼ਾਰ ਵਾਰੀ।
ਰਾਖੀ ਕਰੂ ਪਾਣੀ ਪਾਊ ਨਾਮ ਰੂਪੀ
ਕਰੂ ਖਾਲਸੇ ਨਾਲ ਪਿਆਰ ਵਾਰੀ।
ਜੋ ਕੁਛ ਕਹਿਣ ਸੋ ਮੰਨਣਾ ਖਾਲਸੇ ਨੇ

Namdhari Elibrary NamdhariElibrary@gmail.com

ਸਾਡਾ ਹੁਕਮ ਏਹੋ ਵਾਰ ਵਾਰ ਵਾਰੀ।
ਆਤਮਕ ਸ਼ਕਤੀ ਸ਼ਬਦ ਜੋਤ ਸਾਰੀ ਅਸੀਂ ਬਖਸ਼ ਦਿੱਤੀ
ਇਕੋ ਵਾਰ ਵਾਰੀ।
ਕਾਲਾ ਸਿੰਘ ਏਹੋ ਸੰਤ ਖਾਲਸੇ ਨੂੰ
ਦਿੰਦੇ ਸਤਿਗੁਰੂ ਹੁਕਮ ਉਚਾਰ ਵਾਰੀ॥192॥

ਪ੍ਰਸੰਗ ਮਹਾਰਾਜ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਸੱਚ ਖੰਡ ਨੂੰ ਜਾਣਾ

ਪੰਜ ਰੋਜ ਅਗੋਂ ਸਿੰਘਾਂ ਅਰਜ਼ ਕੀਤੀ
ਗੁਰਾਂ ਸਰਬ ਦੇ ਤਾਈਂ ਸੁਣਾਇਆ ਹੈ।
ਜੇਹੜਾ ਹੁਕਮ ਹੈ ਗੁਰੂ ਗ੍ਰੰਥ ਅੰਦਰ
ਸਤ ਧਰਮ ਦਾ ਉਪਦੇਸ ਦੜਾਇਆ ਹੈ।
ਸੰਮਤ ਉਨੀ ਸੈ ਚੌਤੀ ਤੇ ਸ਼ੁਰੂ ਕਰਕੇ
ਸੰਮਤ ਬਾਹਟ ਦੇ ਤਾਈਂ ਪੁਚਾਇਆ ਹੈ।
ਅਠਾਈ ਸਾਲ ਸੁਕਾ ਪੰਥ ਹਰਾ ਕੀਤਾ
ਹਰੀ ਸਿੰਘ ਗੁਰੂ ਨਾਮ ਸਦਾਇਆ ਹੈ।
ਸੰਮਤ ਉਨੀ ਸੈ ਬਾਹਟ ਦੇ ਵਿਚ ਸੰਤੋ
ਗੁਰਾਂ ਗਮਨ ਪ੍ਰਲੋਕ ਦਾ ਪਾਇਆ ਹੈ।
ਮਾਂਹਿ ਜੇਠ ਪੱਖ ਨ੍ਹੇਰ ਦੀ ਤਿੱਥ ਦਸਮੀਂ
ਸੋਮਵਾਰ ਦਾ ਦਿਨ ਸੁਹਾਇਆ ਹੈ।
ਆਉਣ ਵਾਲੀ ਨਿਮਾਣੀ ਸਤਾਰਵੇਂ ਨੂੰ
ਮੇਲਾ ਗੁਰਾਂ ਦਾ ਮਥ ਮਥਾਇਆ ਹੈ।
ਸੰਗਤ ਬਹੁਤ ਆਈ ਪਾਏ ਭੋਗ ਬਹੁਤੇ
ਕੁਝ ਅੰਤ ਸ਼ੁਮਾਰ ਨਾ ਆਇਆ ਹੈ।
ਤਾਰਕ ਜਗਤ ਗੁਰ ਦੀ ਯਾਦਗਾਰ ਓਹੋ
ਮੇਲਾ ਸਾਲ ਬਰ ਸਾਲ ਲਗਾਇਆ ਹੈ।
ਹੁਣ ਵੀ ਆਵੋ ਨਿਮਾਣੀ ਨੂੰ ਕਰੋ ਦਰਸ਼ਨ
ਮਾਨਸ ਜਨਮ ਹੋਵੇ ਸੁਫਲ ਪਾਇਆ ਹੈ।
ਆਦਿ ਅੰਤ ਤੋਂ ਏਹ ਪ੍ਰਸੰਗ ਸਾਰਾ
ਜੇਹਾ ਸੁਣਿਆ ਮੈਂ ਸੋਈ ਸੁਣਾਇਆ ਹੈ।
ਹੱਥ ਜੋੜ ਕੇ ਫਤੇ ਹੈ ਵਾਹਿਗੁਰੂ ਦੀ
ਸਤਿ ਸ੍ਰੀ ਅਕਾਲ ਗਜਾਇਆ ਹੈ।
ਕਰੇ ਮੁਸ਼ਕਲਾਂ ਹੱਲ ਅਕਾਲ ਸਚਾ
ਕਾਲਾ ਸਿੰਘ ਤੇਰੀ ਸ਼ਰਨ ਆਇਆ ਹੈ ॥193॥

ਡਾ. ਧਰਮ ਸਿੰਘ

ਤੇਰਾ ਪ੍ਰਤਾਪ ਏ

ਹਰਭਜਨ ਸਿੰਘ ਰਾਜ੍ਹਾ

ਕਾਲ ਨਾਲ ਬੁਰਾ ਹਾਲ ਆਏ ਚੱਲ ਨਰ ਨਾਰ
ਤੇਰੇ ਦਰ ਉਤੋ ਮਿਲੀ ਦਾਲ ਰੋਟੀ ਧਾਪ ਏ।
ਧਾਪ ਧਾਪ ਦਾਲ ਰੋਟੀ ਮਿਲੀ ਜਾ ਹਰੇਕ ਤਾਈਂ
ਬਿੱਲੇ ਅੰਗਰੇਜ਼ ਤਦੋਂ ਕਿਹਾ ਆਣ ਆਪ ਏ।
ਕਿਹਾ ਆਣ ਆਪ ਦਿਆਂ ਤੁਸਾਂ ਨੂੰ ਜ਼ਮੀਨ ਬਾਬਾ
ਜਿੰਨੀ ਤੁਸੀਂ ਧਰਤ ਚਾਹੋ ਓਨੀਂ ਲਵੋ ਨਾਪ ਏ।
ਲੈਣੀ ਨਹੀਂ ਜ਼ਮੀਨ ਅੱਗੋਂ ਕਰ ਇਨਕਾਰ ਦਿੱਤਾ
ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਰੋਗੀ ਜਾ ਵਿਜ਼ੋਗੀ ਸੋਗੀ ਕੋਈ ਆਇਆ ਦਰ ਉੱਤੇ
ਮਿਹਰ ਵਾਲੀ ਨਿਗ੍ਹਾ ਕਰ ਮੇਟੇ ਤੀਨੋ ਤਾਪ ਏ।
ਮੇਟੇ ਤੀਨੋ ਤਾਪ ਉਹਦੇ ਉਸੇ ਵੇਲੇ ਹਰੀ ਹਰਿ
ਚਰਨਾਂ ਦੇ ਉਤੇ ਜੋ ਵੀ ਡਿੱਗਾ ਚੁਪ-ਚਾਪ ਏ।
ਡਿਗਾ ਚੁਪ-ਚਾਪ ਉਹਨੂੰ ਗਲੇ ਲਾ ਕੇ ਹਰੀ ਬਾਪ
ਜਨਮ ਜਨਮਾਂਤਰਾਂ ਦੇ ਕੱਟੇ ਸੰਤਾਪ ਏ।
ਕੱਟੇ ਸੰਤਾਪ ਜਿਹਦੇ ਉਹੀ ਮੁਖੋਂ ਕਹਿਣ ਲੱਗਾ
ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਆਪ ਜੀ ਦੇ ਪੁੱਤ ਪੋਤੇ, ਰਹੇ ਸੰਗਤਾਂ ਚ ਸੋਹਤੇ
ਹਰ ਦਿਲ ਤਾਈ ਮੋਹਤੇ, ਰਾਗ ਮਿੱਠੜੇ ਅਲਾਪ ਏ।
ਮਿੱਠੜੇ ਅਲਾਪ ਇੰਗਲੈਂਡ ਥਾਈਲੈਂਡ ਵਿਚ
ਹਰ ਦਿਲ ਉਤੇ ਲਾਕੇ ਨਾਮ ਵਾਲੀ ਛਾਪ ਏ।
ਪਹਿਲਾਂ ਗੁਰੂ ਪ੍ਰਤਾਪ ਦੇਣ ਵਿਦਿਆ ਦੀ ਦਾਤ
ਫੇਰ ਗੁਰੂ ਜਗਜੀਤ ਦਿੱਤਾ ਕਾਲਜ ਸੀ ਥਾਪ ਏ।
'ਰਾਜ੍ਹਾ' ਜਾਏ ਬਲਿਹਾਰੇ ਉਦੇ ਸਿੰਘ ਗੁਰ ਪਿਆਰੇ
ਗੁਰੂ ਹਰੀ ਸਿੰਘ, ਸਾਰਾ ਤੇਰਾ ਪ੍ਰਤਾਪ ਏ।

ਐਲਨਾਬਾਦ
9416880763

Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਦੇ ਯੋਗਦਾਨ ਦੀ ਚਰਚਾ

–ਡਾ. ਜੋਗਿੰਦਰ ਸਿੰਘ

ਨਾਮਧਾਰੀ ਲੋਕ ਲਹਿਰ ਦੇ ਲੋਕ ਨਾਇਕ ਨਾਮਧਾਰੀ ਗੁਰੂ ਰਾਮ ਸਿੰਘ ਦੇ ਛੋਟੇ ਭਰਾ ਹਰੀ ਸਿੰਘ ਨੇ ਇਸ ਲਹਿਰ ਦੀ ਵਾਗ਼ਡੋਰ ਉਦੋਂ ਸੰਭਾਲੀ ਜਦੋਂ ਨਾਮਧਾਰੀ ਸਿੱਖ ਬੜੇ ਭਾਰੀ ਸੰਕਟ 'ਚ ਵਿਚਰ ਰਹੇ ਸਨ। ਗੁਰੂ ਹਰੀ ਸਿੰਘ ਦਾ ਜਨਮ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਰਾਈਆਂ (ਭੈਣੀ) ਵਿਖੇ 1819 ਈ. ਨੂੰ ਹੋਇਆ। ਬੁੱਧਵਾਰ ਜਨਮ ਲੈਣ ਕਰਕੇ ਮਾਤਾ-ਪਿਤਾ ਨੇ ਉਨ੍ਹਾਂ ਦਾ ਨਾਮ ਬੁਧ ਸਿੰਘ ਰੱਖਿਆ। ਸੰਨ 1871 ਵਿਚ ਵੱਡੇ ਭਰਾ ਦੀ ਆਗਿਆ ਅਨੁਸਾਰ ਆਪ ਨੇ ਵਾਹੀ ਦੇ ਕੰਮ ਨੂੰ ਛੱਡ ਦਿੱਤਾ। ਆਪ ਦਾ ਵਿਆਹ 7 ਸਾਲ ਦੀ ਉਮਰ ਵਿਚ ਬੀਬੀ ਸਾਹਿਬੋ, ਪਿੰਡ ਮਾਦਪੁਰ, ਜ਼ਿਲ੍ਹਾ ਲੁਧਿਆਣਾ ਨਾਲ ਹੋਇਆ। ਬਾਅਦ ਵਿਚ ਬੀਬੀ ਜੀਵਨ ਕੌਰ ਅਤੇ ਬੀਬੀ ਫਤਿਹ ਕੌਰ (ਦੋਨੋ ਭੈਣਾਂ) ਨਾਲ ਵਿਆਹ ਹੋਇਆ। ਮਾਤਾ ਜੀਵਨ ਕੌਰ ਦੀ ਕੁੱਖੋਂ ਗੁਰੂ ਪ੍ਰਤਾਪ ਸਿੰਘ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ ਜਨਮੇ। ਜਦੋਂ ਮਹਾਰਾਜ ਬੁਧ ਸਿੰਘ, ਨਾਮਧਾਰੀ ਸੰਪਰਦਾ ਦੇ ਗੱਦੀਨਸ਼ੀਨ ਹੋਏ ਤਾਂ ਉਨ੍ਹਾਂ ਦਾ ਨਾਮ ਹਰੀ ਸਿੰਘ ਰੱਖਿਆ ਗਿਆ।

ਸਰਕਾਰ ਅਤੇ ਸਰਕਾਰਪ੍ਰਸਤਾਂ ਵਲੋਂ ਨਾਮਧਾਰੀ ਲਹਿਰ ਨੂੰ ਜੜ੍ਹੋਂ ਉਖਾੜਨ ਦਾ ਨਿਸ਼ਚਾ ਕਰ ਲਿਆ ਸੀ ਕਿਉਂਕਿ ਸਰਕਾਰ ਅਤੇ ਸਰਕਾਰ ਪ੍ਰਸਤਾਂ ਲਈ ਕੂਕਾਇਜ਼ਮ ਖ਼ਤਰਨਾਕ ਵਿਚਾਰਧਾਰਾ ਬਣ ਗਈ ਸੀ। ਕੂਕਾਇਜ਼ਮ ਦੇ ਬਾਨੀ ਗੁਰੂ ਰਾਮ ਸਿੰਘ ਨੇ ਉਨ੍ਹੀਵੀਂ ਸ਼ਤਾਬਦੀ ਦੇ ਸੰਤ-ਬਾਬਿਆਂ ਅਤੇ ਖਾਨਦਾਨੀ ਆਗੂਆਂ ਦੀ ਤਰ੍ਹਾਂ ਬਰਤਾਨਵੀ ਹਕੂਮਤ ਅਤੇ ਇਸ ਦੇ ਰਾਜਨੀਤਕ ਸਭਿਆਚਾਰ ਨੂੰ ਸਵੀਕਾਰ ਨਹੀਂ ਕੀਤਾ ਸੀ। ਉਨ੍ਹਾਂ ਨੇ ਖਾਲਸਾ ਰਾਜ ਦੀ ਮੁੜ-ਬਹਾਲੀ ਲਈ ਨਾਮਧਾਰੀ ਸਿੱਖਾਂ ਨੂੰ ਲਾਮਬੰਦ ਕਰਨ ਲਈ ਰਵਾਇਤੀ ਪ੍ਰਣਾਲੀ ਅਰਥਾਤ ਸੰਤ ਖਾਲਸਾ, ਸੂਬਾ ਸਿਸਟਮ, ਜੁਝਾਰੂ ਸ਼ਕਤੀ ਪੈਦਾ ਕਰਨ ਲਈ ਖੰਡੇ-ਬਾਟੇ ਦਾ ਅੰਮ੍ਰਿਤ ਅਤੇ ਹੱਲੇ ਦੇ ਦੀਵਾਨ, ਰਵਾਇਤੀ ਹਥਿਆਰਾਂ ਦੀ ਸਿਖਲਾਈ, ਡਾਕ ਪ੍ਰਣਾਲੀ ਅਤੇ ਪੰਚਾਇਤੀ ਜਥੇਬੰਦੀਆਂ ਸਥਾਪਿਤ ਕਰ ਲਈਆਂ ਸਨ। ਸੰਤ ਖਾਲਸੇ ਦੀ ਸਿਰਜਣਾ ਇਸ ਲਈ ਜ਼ਰੂਰੀ ਸੀ ਕਿ ਰਾਜ-ਖਾਲਸਾ ਭਰਿਸ਼ਟ ਭੋਗ-ਵਿਲਾਸ ਅਤੇ ਸਾਜ਼ਿਸ਼ੀ ਚੱਕਰ ਵਿਚ ਫਸ ਗਿਆ ਸੀ। ਰਾਜ ਖਾਲਸਾ ਇਖ਼ਲਾਕੀ ਗਿਰਾਵਟ ਦਾ ਸ਼ਿਕਾਰ ਹੋ ਚੁੱਕਾ ਸੀ। ਉਸ ਦੀ ਇਖ਼ਲਾਕੀ ਗਿਰਾਵਟ ਅਤੇ ਧੜੇਬੰਦੀ ਦੀ ਸਿਆਸਤ ਨੇ ਬਰਤਾਨਵੀ ਹੁਕਮਰਾਨਾਂ ਨੂੰ ਖਾਲਸਾ ਰਾਜ ਦੇ ਅੰਤ ਕਰਨ ਵਿਚ ਵੱਡਾ ਯੋਗਦਾਨ ਪਾਇਆ। ਗੁਰੂ ਰਾਮ ਸਿੰਘ ਨੇ ਖਾਲਸੇ ਦੀ ਧੜੇਬੰਦੀ ਅਤੇ ਗਿਰਾਵਟ ਨੂੰ ਅੱਖੀਂ ਵੇਖਿਆ ਸੀ। ਉਹ ਏਨੇ ਨਿਰਾਸ਼ ਹੋਏ ਕਿ 1845 ਦੇ ਸਾਲ ਸਤਲੁਜ ਦਰਿਆ ਵਿਚ ਹਥਿਆਰ ਸੁੱਟ ਕੇ ਭੈਣੀ ਰਾਈਆਂ ਆ ਗਏ ਅਤੇ ਉਪਰੋਕਤ ਜਥੇਬੰਦੀਆਂ ਦਾ ਨਿਰਮਾਣ ਕੀਤਾ।

ਬਾਬਾ ਹਰੀ ਸਿੰਘ ਉਸ ਵੇਲੇ ਭੈਣੀ ਸਾਹਿਬ (ਰਾਈਆਂ) ਵਿਖੇ ਪੁਸ਼ਤੈਨੀ ਕਿੱਤਾ ਕਰ ਰਹੇ ਸਨ ਜਦੋਂ ਉਨ੍ਹਾਂ ਦੇ ਵੱਡੇ ਭਰਾ ਗੁਰੂ ਰਾਮ ਸਿੰਘ ਨੇ ਸੰਤ ਖਾਲਸਾ ਨੂੰ ਲਾਮਬੰਦ ਕੀਤਾ। ਭੈਣੀ ਸਾਹਿਬ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਬਣ ਰਿਹਾ ਸੀ। ਸਵੇਰੇ-ਸ਼ਾਮ ਧਾਰਮਿਕ ਮਰਿਆਦਾ ਅਨੁਸਾਰ ਗੁਰਬਾਣੀ ਦਾ ਪਾਠ ਅਤੇ ਕੀਰਤਨ ਕਰਨ ਲਈ ਦੀਵਾਨ ਸਜਾਏ ਜਾਂਦੇ ਸਨ। ਖੰਡੇ-ਬਾਟੇ ਦਾ ਅੰਮ੍ਰਿਤ ਛਕਾਇਆ ਜਾਂਦਾ ਸੀ। ਪੰਜ ਕਕਾਰ ਦੀ ਰਹਿਤ ਜ਼ਰੂਰੀ ਬਣਾ ਦਿੱਤੀ। ਮਰਦਾਂ ਵਾਂਗ ਇਸਤਰੀਆਂ ਨੂੰ ਵੀ ਅੰਮ੍ਰਿਤ ਛਕਾਇਆ। ਇਹ ਇਕ ਕ੍ਰਾਂਤੀਕਾਰੀ ਸੁਧਾਰ ਸੀ। ਇਸ ਕਦਮ ਨੇ ਮਰਦ-ਇਸਤਰੀ ਦੇ ਸਮਾਜਿਕ ਬਰਾਬਰੀ ਦੇ ਸੰਕਲਪ ਨੂੰ ਅੱਗੇ ਤੋਰਿਆ।

ਨਾਮਧਾਰੀ ਸਿੱਖਾਂ ਨੂੰ ਸਿੱਖ ਇਤਿਹਾਸ ਅਤੇ ਧਰਮ ਤੋਂ ਗਿਆਤ ਕਰਵਾਉਣ ਲਈ ਸਿੱਖ ਧਰਮ ਗ੍ਰੰਥਾਂ, ਰਹਿਤਨਾਮਿਆਂ ਅਤੇ ਸਾਖੀ ਸਾਹਿਤ ਦੀ ਕਥਾ ਕੀਤੀ ਜਾਂਦੀ ਸੀ। ਨਾਮਧਾਰੀ ਗੁਰੂ ਰਾਮ ਸਿੰਘ ਦੁਆਰਾ ਸੰਗਠਤ ਰਾਗੀ-ਜਥੇ ਅਤੇ ਪ੍ਰਚਾਰਕ ਖਾਲਸਾ ਮਰਿਆਦਾ ਦੇ ਪ੍ਰਚਾਰ ਦੇ ਨਾਲ-ਨਾਲ ਸਮਾਜਿਕ ਕੁਰੀਤੀਆਂ ਜਿਵੇਂ ਬਾਲ ਵਿਆਹ, ਸਤੀ ਦੀ ਰਸਮ, ਦਾਜ ਦਹੇਜ ਅਤੇ ਵੱਟੇ-ਸੱਟੇ ਦੀ ਲਾਹਨਤ, ਦੇਵੀ ਦੇਵਤਿਆਂ ਦੀ ਪੂਜਾ, ਬ੍ਰਾਹਮਣੀ ਰੀਤੀ ਰਿਵਾਜਾਂ ਅਤੇ ਵਹਿਮਾਂ-ਭਰਮਾਂ ਆਦਿ ਦਾ ਜ਼ੋਰਦਾਰ ਖੰਡਨ ਕਰਿਆ ਕਰਦੇ ਸਨ। ਦਾਜ-ਦਹੇਜ ਤੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅਨੰਦ ਰੀਤੀ ਅਨੁਸਾਰ ਵਿਆਹ ਦੀ ਪ੍ਰਥਾ ਨੂੰ

Namdhari Elibrary NamdhariElibrary@gmail.com

ਅਮਲੀ ਰੂਪ ਦੇਣ ਲਈ ਸਾਰਥਕ ਯਤਨ ਕਰ ਰਹੇ ਸਨ। 1863 ਈ. ਦੇ ਦਹਾਕੇ ਵਿਚ ਗੁਰੂ ਰਾਮ ਸਿੰਘ ਨੇ ਸਮੂਹਕ ਅਨੰਦ ਵਿਆਹ ਕਰਵਾਏ। ਉਨ੍ਹਾਂ ਨੇ ਸਿੱਖਾਂ ਦੀ ਬੜੀ ਵੱਡੀ ਗਿਣਤੀ ਨੂੰ ਅਫੀਮ, ਸ਼ਰਾਬ ਅਤੇ ਤੰਬਾਕੂ ਦਾ ਸੇਵਨ ਕਰਨ ਤੋਂ ਮੁਕਤ ਕਰਵਾਇਆ।

ਬਾਬਾ ਬੁੱਧ ਸਿੰਘ ਸੰਤ ਖਾਲਸੇ ਦੀ ਮਰਿਆਦਾ ਅਤੇ ਇਸ ਦੀ ਹਥਿਆਰਬੰਦ ਸਿਖਲਾਈ ਤੋਂ ਜਾਣੂ ਸਨ ਕਿਉਂਕਿ ਉਨ੍ਹਾਂ ਆਪ ਵੀ ਖੰਡੇ-ਬਾਟੇ ਦਾ ਅੰਮ੍ਰਿਤ ਛਕਿਆ ਹੋਇਆ ਸੀ। ਜਿਸ ਸੰਤ ਖਾਲਸੇ ਦੀ ਸਿਰਜਣਾ 12 ਅਪ੍ਰੈਲ 1857 ਈ. ਨੂੰ ਭੈਣੀ ਸਾਹਿਬ ਵਿਖੇ ਹੋਈ ਸੀ। ਉਸ ਦੀ ਗਿਣਤੀ ਸੰਨ 1863 ਈ. ਤੱਕ ਚਾਰ ਤੋਂ ਪੰਜ ਹਜ਼ਾਰ ਦੇ ਕਰੀਬ ਸੀ। ਨਾਮਧਾਰੀ ਗੁਰੂ ਰਾਮ ਸਿੰਘ ਦਾ ਉਦੇਸ਼ ਸੰਤ ਖਾਲਸੇ ਦੀ ਗਿਣਤੀ ਸਵਾ ਲੱਖ ਤਕ ਕਰਨ ਦੀ ਸੀ। ਬਾਬਾ ਬੁੱਧ ਸਿੰਘ ਇਸ ਤੱਥ ਤੋਂ ਜਾਣੂ ਸਨ ਕਿ ਸੰਤ ਖਾਲਸੇ ਦਾ ਨਿਸ਼ਾਨਾ ਫਿਰੰਗੀ ਰਾਜ ਦਾ ਅੰਤ ਕਰਨਾ ਸੀ। ਬਾਬਾ ਬੁੱਧ ਸਿੰਘ ਇਸ ਤੱਥ ਤੋਂ ਵੀ ਜਾਣੂ ਸਨ ਕਿ ਕੂਕਿਆਂ ਦੇ ਮਸਤਾਨਾ ਦਲ ਨੇ ਲੁਧਿਆਣਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਦੇ ਕਈ ਪਿੰਡਾਂ ਦੀਆਂ ਮੜੀਆਂ- ਮਸਾਣਾਂ ਨੂੰ ਇਸ ਲਈ ਢਾਹ ਦਿੱਤਾ ਸੀ ਤਾਂ ਕਿ ਸਿੱਖਾਂ ਨੂੰ ਭੂਤ-ਪ੍ਰੇਤਾਂ ਦੇ ਡਰ ਤੋਂ ਮੁਕਤ ਕੀਤਾ ਜਾ ਸਕੇ। ਇਸ ਮੜੀ-ਢਾਹ ਲਹਿਰ ਕਰਕੇ ਸੈਂਕੜੇ ਕੂਕਿਆਂ ਨੂੰ ਕੈਦਾਂ ਅਤੇ ਜੁਰਮਾਨੇ ਦੀਆਂ ਸਜ਼ਾਵਾਂ ਭੁਗਤਣੀਆਂ ਪਈਆਂ। ਪਰ ਉਹ ਭਰਮ ਤੋੜ ਕਾਰ ਤੋਂ ਪਿੱਛੇ ਨਾ ਹਟੇ, ਉਹ ਉੱਚੀ-ਉੱਚੀ ਪੜ੍ਹਦੇ ਸਨ :

'ਮੜ੍ਹੀ ਮਸੀਤਾ ਢਾਇ ਕੇ ਕਰਦਿਉ ਮੈਦਾਨਾ
ਪੈਹਲਾਂ ਮਾਰੋ ਪੀਰ ਬਨੌਈ, ਫਿਰ ਮਾਰੋ ਸੁਲਤਾਨਾ
ਭੈਣੀ ਸਤਿਗੁਰ ਜਾਗਿਆ, ਹੋਰ ਝੂਠ ਜਹਾਨਾ।'

ਕੂਕਿਆਂ ਦੀ ਇਹ ਨਿਡਰਤਾ ਦੰਦ ਕਥਾ ਬਣ ਗਈ ਸੀ। ਗੁਰੂ ਰਾਮ ਸਿੰਘ ਆਪਣੇ ਹਜ਼ਾਰਾਂ ਸ਼ਰਧਾਲੂਆਂ ਦੀ ਅਗਵਾਈ ਕਰਕੇ ਸਿੱਖਾਂ ਦੇ ਇਤਿਹਾਸਕ ਗੁਰਦੁਆਰਿਆਂ ਦੀ ਯਾਤਰਾ ਕਰ ਰਹੇ ਸਨ। ਉਨ੍ਹਾਂ ਦਾ ਟਕਰਾਅ ਇਨ੍ਹਾਂ ਗੁਰਦੁਆਰਿਆਂ ਦੇ ਮਹੰਤਾਂ ਪੁਜਾਰੀਆਂ ਨਾਲ ਹੋ ਰਿਹਾ ਸੀ। ਸਰਕਾਰ ਇਸ ਸਥਿਤੀ ਤੋਂ ਭੈਅ ਖਾਣ ਲੱਗ ਪਈ ਸੀ ਅਤੇ ਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ। 1871-72 ਦੇ ਅੰਮ੍ਰਿਤਸਰ, ਮਲੋਦ, ਰਾਏਪੁਰ, ਮਲੇਰਕੋਟਲੇ ਮਸਤਾਨੇ ਕੂਕਿਆਂ ਵਲੋਂ ਹਥਿਆਰਬੰਦ ਹਮਲਿਆਂ ਵਿਚ ਬੁੱਚੜ ਬਧ ਦੀਆਂ ਹੌਲਨਾਕ ਘਟਨਾਵਾਂ ਨੇ ਬਰਤਾਨਵੀ ਸਰਕਾਰ ਨੂੰ ਮੌਕਾ ਦੇ ਦਿੱਤਾ ਤਾਂ ਕਿ ਉਹ ਉਭਰ ਰਹੀ ਕੂਕਾਇਜ਼ਮ ਦੀ ਵਿਚਾਰਧਾਰਾ ਨੂੰ ਨਸ਼ਟ ਕਰ ਦੇਵੇ।

ਲੁਧਿਆਣੇ ਡਿਪਟੀ ਕਮਿਸ਼ਨਰ ਮਿ: ਕਾਵਨ ਨੇ 66 ਨਾਮਧਾਰੀਆਂ ਨੂੰ ਮਲੇਰਕੋਟਲਾ ਨੇੜੇ ਤੋਪਾਂ ਨਾਲ ਉਡਾ ਦਿੱਤਾ ਅਤੇ ਇਸ ਤੋਂ ਪਹਿਲਾਂ ਬਹੁਤ ਸਾਰਿਆਂ ਨੂੰ ਫਾਂਸੀ ਚੜ੍ਹਾ ਦਿੱਤਾ। ਗੁਰੂ ਰਾਮ ਸਿੰਘ ਨੂੰ ਕੈਦ ਕਰਕੇ ਪਹਿਲਾਂ ਅਲਾਹਾਬਾਦ ਅਤੇ ਫਿਰ 18 ਮਾਰਚ ਨੂੰ ਰੰਗੂਨ ਭੇਜ ਦਿੱਤਾ। ਉਥੋਂ ਆਪ ਨੂੰ ਸੰਨ 1880 ਈ. ਮਰਗੋਈ ਟਾਪੂ ਵਿਚ ਲੈ ਜਾਇਆ ਗਿਆ।

ਅਚਨਚੇਤ ਉਪਰੋਕਤ ਘਟਨਾਵਾਂ ਨੇ ਭੈਣੀ ਸਾਹਿਬ ਦੇ ਸੰਗਠਨ ਨੂੰ ਹਿਲਾ ਕੇ ਰੱਖ ਦਿੱਤਾ। ਗੁਰੂ ਰਾਮ ਸਿੰਘ ਦੀ ਗ੍ਰਿਫਤਾਰੀ ਤੋਂ ਬਾਅਦ ਡੇਰੇ ਦੇ ਪ੍ਰਬੰਧ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ। ਪਰ ਕਿਉਂਕਿ ਬਾਬਾ ਬੁੱਧ ਸਿੰਘ ਗੁਰੂ ਰਾਮ ਸਿੰਘ ਦੇ ਛੋਟੇ ਭਰਾ ਅਤੇ ਵਿਸ਼ਵਾਸ ਪਾਤਰ ਸਨ ਇਸ ਲਈ ਪ੍ਰਬੰਧ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਦਿੱਤੀ ਗਈ। 1872 ਤੋਂ 1875 ਈ. ਤਕ ਬਾਬਾ ਬੁੱਧ ਸਿੰਘ ਕੇਵਲ ਪ੍ਰਬੰਧਕ ਸਨ। ਵੱਡੀ ਮੁਸ਼ਕਿਲ ਇਹ ਸੀ ਕਿ ਸਰਕਾਰ ਨੇ 18 ਜਨਵਰੀ ਨੂੰ ਭੈਣੀ ਸਾਹਿਬ ਡੇਰੇ ਦੀ ਤਲਾਸ਼ੀ ਲਈ ਤੇ 172 ਬਾਲਕ , ਬੁੱਢੇ, ਤ੍ਰੀਮਤਾਂ ਤੇ ਜੁਆਨ ਸਭ ਨੂੰ ਤੋਰ ਕੇ ਸਭ ਨੂੰ ਲੁਧਿਆਣੇ ਲਿਆਂਦਾ ਗਿਆ। ਕਈ ਸੂਬਿਆਂ ਨੂੰ ਉਮਰ ਕੈਦ ਤੇ ਕਾਲੇ ਪਾਣੀ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਡੇਰੇ ਵਿਚ ਪੁਲਿਸ ਚੌਂਕੀ ਬਿਠਾ ਦਿੱਤੀ ਜੋ ਦਸੰਬਰ 1923 ਤਕ ਲਗਾਤਾਰ ਰਹੀ। ਬਾਬਾ ਬੁੱਧ ਸਿੰਘ ਨੂੰ ਭੈਣੀ ਸਾਹਿਬ ਅੰਦਰ ਨਜ਼ਰਬੰਦ ਕਰ ਦਿੱਤਾ ਸੀ। ਉਹਨਾਂ ਲਈ ਦੂਰ-ਦੁਰਾਡੇ ਸੂਬਿਆਂ ਅਤੇ ਜਥੇਦਾਰਾਂ ਨਾਲ ਸੰਪਰਕ ਸਥਾਪਿਤ ਕਰਨਾ ਬੇਹੱਦ ਮੁਸ਼ਕਿਲ ਸੀ। ਪਿੰਡਾਂ ਦੇ ਨਾਮਧਾਰੀ ਸਿੱਖਾਂ ਉੱਪਰ ਸਰਕਾਰ ਸਖ਼ਤੀ ਕਰ ਰਹੀ ਸੀ। ਉਨ੍ਹਾਂ ਨੂੰ ਨਜ਼ਦੀਕੀ ਥਾਣਿਆਂ ਵਿਚ ਆਪਣੇ ਆਉਣ ਜਾਣ ਦੀ ਇਤਲਾਹ ਦੇਣੀ ਪੈਂਦੀ ਸੀ। ਧਰਮਸਾਲਾਂ ਵਿਚ ਪਾਠ/ਅਖੰਡ ਪਾਠ ਜਾਂ ਦੀਵਾਨ ਲਗਾਉਣ ਦੀ ਮਨਾਹੀ ਸੀ। ਆਮ ਨਾਮਧਾਰੀਆਂ ਨੂੰ ਜ਼ਲੀਲ ਕੀਤਾ ਜਾਂਦਾ ਸੀ। ਪੰਜ ਤੋਂ ਵੱਧ ਨਾਮਧਾਰੀ ਇਕੱਠੇ ਨਹੀਂ ਹੋ ਸਕਦੇ ਸਨ। ਗੁਰੂ ਦੇ ਦਰਸ਼ਨਾਂ ਲਈ ਵੀ ਪੰਜ ਤੋਂ ਵੱਧ ਡੇਰੇ ਵਿਚ ਜਾਣ ਦੀ ਅਗਿਆ ਨਹੀਂ ਸੀ।

ਸਰਕਾਰੀ ਜ਼ਬਰ ਤੋਂ ਇਲਾਵਾ, ਨਾਮਧਾਰੀ ਸਿੱਖਾਂ ਨੂੰ ਰਈਸ ਸਰਦਾਰਾਂ ਅਤੇ ਮਹੰਤਾਂ/ਪੁਜਾਰੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਇਨ੍ਹਾਂ ਨੇ ਗਵਰਨਰ ਪੰਜਾਬ ਨੂੰ ਸੁਆਗਤੀ ਐਡਰਸ ਵਿਚ ਆਪਣੀ ਵਫ਼ਾਦਾਰੀ ਇਸ ਤਰ੍ਹਾਂ ਪ੍ਰਗਟ ਕੀਤੀ :

"ਹਮ ਜੁਮਲਾ ਸਿੰਘਾਨ ਅੰਮ੍ਰਿਤਸਰ ਮੁਤਫ਼ਿਕ ਹੋ ਕਰ ਯਕਦਿਲੀ ਸੇ ਗੁਜ਼ਾਰਿਸ਼ ਕਰਤੇ ਹੈਂ ਕਿ ਯਹ ਜੋ ਕੌਮ ਕੂਕਾ ਚੰਦ

Namdhari Elibrary NamdhariElibrary@gmail.com

ਅਰਸਾ ਸੇ ਮਸ਼ਹੂਰ ਹੈ, ਹਮ ਸੇ ਔਰ ਉਨ ਸੇ ਕਿਸੀ ਕਿਸਮ ਕਾ ਤੁਅੱਲਕ ਯਾ ਮੁਆਫਿਕਤ ਨਹੀਂ।...ਹਰ ਹਾਲ ਮੌ ਜੋ ਇੰਤਜ਼ਾਮ ਇਸ...ਫਿਰਕਾ ਕਾ ਸਰਕਾਰ ਜ਼ੁਲਇਕਤਦਾਰ ਕੀ ਤਰਫ ਸੇ ਹੂਆ ਹੈ, ਨਿਹਾਇਤ ਮੁਨਾਸਿਬ ਔਰ ਮੁਸਤਹਸਨ ਹੈ ਔਰ ਖ਼ਸੂਸਨ ਖ਼ੁਸ਼ੀ ਇਸ ਬਾਤ ਕੀ ਹੈ ਕਿ ਐਸੇ ਇੰਤਜ਼ਾਮ ਸੇ ਆਇੰਦਾ ਕਿਸੀ ਕਾ ਐਸੀ ਹਰਕਾਤਿ ਨਸ਼ਾਇਸਤਾ ਪਰ ਹੌਸਲਾ ਨਾ ਰਹੇਗਾ ਔਰ ਨਾ ਐਸੇ ਲੋਗੋ ਕੀ ਕਿਸੀ ਹਰਕਤਿ ਨਾਮਾਕੂਲ ਪਰ ਦੂਸਰੋ ਪਰ ਸ਼ੁਬਹ ਹੋ ਸਕੇਗਾ।"

(ਪੰਜਾਬ ਗੌਰਮੈਂਟ ਗ਼ਜ਼ਟ, 28 ਮਾਰਚ 1872)

ਜਨਵਰੀ 1875 ਈ. ਗੁਰੂ ਰਾਮ ਸਿੰਘ ਨੇ ਰੰਗੂਨ ਤੋ ਆਪਣੇ ਸੇਵਕ ਦਰਬਾਰਾ ਸਿੰਘ ਦੇ ਹੱਥੀਂ ਹੁਕਮਨਾਮਾ ਭੇਜ ਕੇ ਬਾਬਾ ਬੁੱਧ ਸਿੰਘ ਨੂੰ ਆਪਣਾ ਉਤਰਾਧਿਕਾਰੀ ਸਥਾਪਿਤ ਕੀਤਾ। ਬਾਬਾ ਬੁੱਧ ਸਿੰਘ ਗੁਰੂ ਹਰੀ ਸਿੰਘ ਦੇ ਨਾਮ ਨਾਲ ਪ੍ਰਚਲਤ ਹੋਏ। ਇਸ ਹੁਕਮਨਾਮੇ ਨੇ ਗੁਰੂ ਹਰੀ ਸਿੰਘ ਦੀ ਤਾਕਤ ਨੂੰ ਮਜ਼ਬੂਤ ਕੀਤਾ ਅਤੇ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਦੇ ਵਿਸ਼ਵਾਸਪਾਤਰ ਸੂਬਿਆਂ ਅਤੇ ਜਥੇਦਾਰਾਂ ਨਾਲ ਸੰਪਰਕ ਬਣਾਇਆ। ਕੂਕਾ ਲਹਿਰ ਨੂੰ ਬਲ ਬਖ਼ਸ਼ਣ ਲਈ ਸੂਬਾ ਗੁਰਚਰਨ ਸਿੰਘ ਦੇ ਰਾਹੀਂ ਰੂਸੀ ਹੁਕਮਰਾਨਾਂ ਨਾਲ ਸੰਬੰਧ ਸਥਾਪਿਤ ਕੀਤੇ। ਸੂਬਾ ਗੁਰਚਰਨ ਸਿੰਘ ਦੀ ਗ੍ਰਿਫ਼ਤਾਰੀ ਤੋ ਬਾਦ ਸੂਬਾ ਬਿਸ਼ਨ ਸਿੰਘ ਨੇ ਰੂਸੀ ਹਾਕਮਾਂ ਨਾਲ ਤਾਲਮੇਲ ਕਰਨ ਦੀ ਕੋਸ਼ਿਸ਼ ਕੀਤੀ। ਇਹ ਉਹ ਸਮਾਂ ਸੀ ਜਦੋ ਮਹਾਰਾਜਾ ਦਲੀਪ ਸਿੰਘ ਦੇਸ ਵਾਪਸੀ ਦੇ ਯਤਨ ਕਰ ਰਿਹਾ ਸੀ ਅਤੇ ਉਸ ਨੇ ਦੇਸ਼ ਵਾਸੀਆਂ ਦੇ ਨਾਮ 'ਤੇ ਚਿੱਠੀ 1886 ਈ. ਵਿਚ ਲਿਖੀ। ਗੁਰੂ ਹਰੀ ਸਿੰਘ ਅਤੇ ਕੁਝ ਸੂਬੇ ਮਹਾਰਾਜਾ ਦਲੀਪ ਸਿੰਘ ਨਾਲ ਤਾਲਮੇਲ ਕਰਨ ਲਈ ਯਤਨਸ਼ੀਲ ਸਨ। ਪਰ ਬਰਤਾਨਵੀ ਸਰਕਾਰ ਅਤੇ ਰਈਸ ਸਿੱਖ ਸਰਦਾਰਾਂ ਨੇ ਮਹਾਰਾਜਾ ਦਲੀਪ ਸਿੰਘ ਅਤੇ ਨਾਮਧਾਰੀ ਸਿੱਖਾਂ ਦੇ ਰਾਜ ਦੀ ਮੁੜ ਬਹਾਲੀ ਦੇ ਸਮੂਹਕ ਯਤਨ ਅਸਫ਼ਲ ਕਰ ਦਿੱਤੇ।

ਜਿਉਂ ਹੀ ਸਰਕਾਰੀ ਪਕੜ ਢਿੱਲੀ ਪਈ, ਨਾਮਧਾਰੀ ਗੁਰੂ ਹਰੀ ਸਿੰਘ ਨੇ ਧਾਰਮਿਕ ਪ੍ਰਚਾਰ ਲਈ ਦੌਰੇ ਸ਼ੁਰੂ ਕੀਤੇ ਅਤੇ ਸੰਗਠਨ ਨੂੰ ਦਰੁਸਤ ਕੀਤਾ। ਨਾਮਧਾਰੀ ਸਿੱਖ ਭੇਸ ਬਦਲ ਕੇ ਭੈਣੀ ਸਾਹਿਬ ਆਪਣੇ ਸਤਿਗੁਰੂ ਦੇ ਦਰਸ਼ਨ ਕਰਨ ਆਉਣ ਲੱਗ ਪਏ। ਜਦੋਂ ਵੀ ਇਨ੍ਹਾਂ ਸਿੱਖਾਂ ਨੇ ਦਰਸ਼ਨ ਕਰਨੇ ਹੁੰਦੇ ਤਾਂ ਉਹ ਭੈਣੀ ਪਿੰਡ ਦੇ ਰਿਸ਼ਤੇਦਾਰ ਦੱਸ ਕੇ ਰਾਤ-ਬਰਾਤੇ ਆ ਜਾਂਦੇ। ਪੰਜਾਬ ਪੁਲਿਸ ਦੀ ਖ਼ੁਫੀਆ ਰਿਪੋਰਟ ਅਨੁਸਾਰ ਤਿੰਨ ਹਫ਼ਤਿਆਂ (12 ਮਾਰਚ ਤੋਂ 2 ਅਪ੍ਰੈਲ 1881) ਤਕ ਦਰਸ਼ਨ ਕਰਨ ਵਾਲੇ ਨਾਮਧਾਰੀ ਸਿੱਖਾਂ ਦੀ ਗਿਣਤੀ 173 ਨੋਟ ਕੀਤੀ ਗਈ। ਸਰਕਾਰੀ ਤੰਤਰ ਕਿਸੇ ਕਿਸਮ ਦਾ ਜੋਖ਼ਮ ਉਠਾਉਣਾ ਨਹੀਂ ਚਾਹੁੰਦਾ ਸੀ ਕਿਉਂਕਿ ਕੂਕਿਆਂ ਦਾ ਇਕੱਠ ਰਾਜਨੀਤਕ ਖ਼ਤਰਾ ਬਣ ਸਕਦਾ ਸੀ। ਖੁਫੀਆ ਰਿਪੋਰਟ ਇਹ ਵੀ ਸੰਕੇਤ ਦਿੰਦਾ ਹੈ ਕਿ ਕੂਕਿਆਂ ਵਿਚ ਸ੍ਵੈ-ਵਿਸ਼ਵਾਸ ਦੀ ਭਾਵਨਾ ਜਾਗ ਪਈ ਸੀ। ਦਿਲਚਸਪ ਤੱਥ ਇਹ ਸੀ ਕਿ ਪੁਲਿਸ ਨੇ ਭੈਣੀ ਸਾਹਿਬ ਦੇ ਲਾਗਲੇ ਪਿੰਡਾਂ ਤੋਂ ਕੁਝ ਸੂਬੇ ਅਤੇ ਕੂਕੇ ਫੜੇ ਸਨ ਅਤੇ ਉਨ੍ਹਾਂ ਨੂੰ ਇਕ ਹਜ਼ਾਰ ਰੁਪੈ ਦੇ ਮੁਚਲਕੇ 'ਤੇ ਛੱਡਦੇ ਸਨ। ਪੁਲਿਸ ਨੇ ਇਨ੍ਹਾਂ ਕੂਕਿਆਂ ਕੋਲੋਂ ਗੁਰੂ ਰਾਮ ਸਿੰਘ ਦੇ ਹੁਕਮਨਾਮੇ ਜ਼ਬਤ ਕੀਤੇ ਸਨ। ਕੂਕੇ ਸਿੰਘਾਂ ਦੇ ਹੌਂਸਲੇ ਏਨੇ ਬੁਲੰਦ ਸਨ ਕਿ ਇਨ੍ਹਾਂ ਹੁਕਮਨਾਮਿਆਂ ਨੇ ਰੂਸੀ ਹਾਕਮਾਂ ਨੂੰ ਯਕੀਨ ਦਵਾਇਆ ਜੇ ਰੂਸ ਭਾਰਤੀ ਬਰਤਾਨਵੀ ਹਕੂਮਤ ਦੇ ਉਤਰ ਪੱਛਮ ਦੇ ਇਲਾਕੇ ਤੋਂ ਹਮਲਾ ਕਰੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਨਾਮਧਾਰੀ ਸਿੱਖ ਲਾਮਬੰਦ ਹੋ ਸਕਦੇ ਹਨ। ਨਾਮਧਾਰੀ ਸਿੱਖਾਂ ਦੇ ਹੋਸਲੇ ਬੁਲੰਦ ਹੋਣ ਦੀ ਮਿਸਾਲ, ਇਸ ਤੱਥ ਤੋਂ ਵੀ ਸਾਬਤ ਹੁੰਦੀ ਹੈ ਕਿ ਕੂਕਾ ਬਾਰਾਂ ਮਾਹ ਸਾਹਿਤ ਵਿਚ, ਸੂਬਾ ਬਿਸ਼ਨ ਸਿੰਘ ਨੂੰ ਇਕ ਨਾਇਕ ਦੇ ਤੌਰ 'ਤੇ ਪੇਸ਼ ਕੀਤਾ। ਅੰਮ੍ਰਿਤਸਰ ਵਿਖੇ ਇਕ ਦੀਵਾਨ ਵਿਚ ਉਸ ਦੀ ਬਹਾਦਰੀ ਦੇ ਕਿੱਸੇ ਗਾਏ ਗਏ। 1880 ਦੇ ਦਹਾਕੇ ਵਿਚ ਹੀ ਸੌ ਸਾਖੀ ਸਾਹਿਤ ਵੰਡਿਆ ਗਿਆ। ਇਸ ਸਾਹਿਤ ਵਿਚ ਗੁਰੂ ਰਾਮ ਸਿੰਘ ਦੀ ਦੇਸ-ਵਾਪਸੀ, ਉਤਰ-ਪੱਛਮੀ ਇਲਾਕੇ ਵਿਚ ਮੁਸਲਿਮ ਸਰਦਾਰਾਂ ਦੀ ਬਗ਼ਾਵਤ ਅਤੇ ਰੂਸ ਤੋਂ ਬਰਤਾਨਵੀ ਹਕੂਮਤ ਵਿਰੁੱਧ ਮਦਦ ਦੀ ਗਾਥਾ ਦਾ ਹਵਾਲਾ ਦਿੱਤਾ ਗਿਆ ਸੀ। ਇਸ ਸਮੇਂ ਵਿਚ ਹੀ ਕੂਕੇ ਸਿੱਖਾਂ ਮਹਾਰਾਜਾ ਕਸ਼ਮੀਰ ਅਤੇ ਨੇਪਾਲ ਦੇ ਹਾਕਮਾਂ ਨਾਲ ਕੂਟਨੀਤਕ ਸੰਬੰਧ ਸਥਾਪਤ ਕੀਤੇ। ਇਹ ਸੰਬੰਧ ਕੂਕੇ ਸਿੱਖਾਂ ਦੀ ਚੜ੍ਹਦੀ ਕਲਾ ਵੱਲ ਇਸ਼ਾਰਾ ਕਰਦੇ ਹਨ।

ਨਾਮਧਾਰੀ ਗੁਰੂ ਹਰੀ ਸਿੰਘ ਨੇ ਭੈਣੀ ਸਾਹਿਬ ਵਿਖੇ ਲੰਗਰ ਦੀ ਪ੍ਰਥਾ ਨੂੰ ਚਾਲੂ ਰੱਖਿਆ। ਦੱਸਿਆ ਜਾਂਦਾ ਹੈ ਕਿ ਸੰਨ 1899 ਈ. ਨੂੰ ਜਦੋਂ ਰਾਜਸਥਾਨ ਵਿਚ ਭਿਅੰਕਰ ਕਾਲ ਪਿਆ ਤਾਂ ਸੈਂਕੜਿਆਂ ਦੀ ਗਿਣਤੀ ਵਿਚ ਕਾਲ ਪੀੜਤ ਲੋਕਾਂ ਨੇ ਭੈਣੀ ਸਾਹਿਬ ਵਿਖੇ ਪ੍ਰਸ਼ਾਦ ਛਕਿਆ। ਲੰਗਰ ਲਈ ਏਨੀ ਵੱਡੀ ਸਮੱਗਰੀ ਇਕੱਠੀ ਕਰਨ ਦਾ ਕੰਮ ਕਈ ਕੂਕੇ ਸਿੱਖਾਂ ਨੇ ਘਰ-ਘਾਟ ਦਾ ਸਾਮਾਨ ਵੇਚ ਕੇ ਕੀਤਾ।। ਇਸ ਦਾ ਯੋਗਦਾਨ ਵੀ ਨਾਮਧਾਰੀ ਗੁਰੂ ਹਰੀ ਸਿੰਘ ਨੂੰ ਹੀ ਜਾਂਦਾ ਹੈ। ਸੰਨ 1906 ਈ. ਵਿਚ ਜਦੋਂ ਗੁਰੂ ਜੀ ਨੇ ਅਕਾਲ ਚਲਾਣਾ ਕੀਤਾ ਤਾਂ ਕੂਕੇ ਸਿੱਖਾਂ ਦੀ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਜੀਵਨ ਦੀ ਮੁੜ-ਸੁਰਜੀਤੀ ਹੋ ਗਈ ਸੀ।

Namdhari Elibrary NamdhariElibrary@gmail.com

ਸੀਤਲਤਾ ਦਾ ਸ੍ਰੋਤ ਸਤਿਗੁਰੂ ਹਰੀ ਸਿੰਘ : ਪਾਠਗਤ ਅਧਿਐਨ

ਡਾ. ਕੁਲਦੀਪ ਸਿੰਘ

ਮਾਸਟਰ ਨਿਹਾਲ ਸਿੰਘ ਰਚਿਤ ਕਾਵਿ ਰਚਨਾ 'ਸੀਤਲਤਾ ਦਾ ਸ੍ਰੋਤ' ਨਾਮਧਾਰੀ ਸਾਹਿਤ ਵਿਚ ਇੱਕ ਵਡਮੁੱਲਾ ਯੋਗਦਾਨ ਰੱਖਦੀ ਹੈ। ਮਾਸਟਰ ਨਿਹਾਲ ਸਿੰਘ ਇੱਕ ਅਜਿਹੀ ਅਦੁੱਤੀ ਸ਼ਖ਼ਸੀਅਤ ਦੇ ਮਾਲਿਕ ਸਨ, ਜਿਨ੍ਹਾਂ ਦੇ ਮਨ-ਮਸਤਕ ਵਿਚ ਦੇਸ਼ ਭਗਤੀ ਤੇ ਗੁਰੂ ਘਰ ਨਾਲ ਡਾਢਾ ਮੋਹ ਠਾਠਾਂ ਮਾਰਦਾ ਸੀ। ਉਹਨਾਂ ਅਜੋਕੇ ਸਮੇਂ ਵਿੱਚ ਇਹ ਪੁਸਤਕ ਰਚਕੇ ਨਾਸਤਕਵਾਦੀ ਸੋਚ ਨੂੰ ਗੁਰੂ ਸਿਦਕ ਦੀ ਭਾਵਨਾ ਤੇ ਸ਼ਰਧਾ ਭਗਤੀ ਲਈ ਪ੍ਰੇਰਿਤ ਕੀਤਾ ਹੈ।ਉਹਨਾਂ ਨੇ ਇਹ ਪੁਸਤਕ ਉਹਨਾਂ ਸ਼ਹੀਦਾਂ ਦੇ ਚਰਨਾਂ ਵਿਚ ਸਮਰਪਿਤ ਕੀਤੀ ਸੀ, ਜਿਨ੍ਹਾਂ ਨੇ ਆਪਣੇ ਪ੍ਰਾਣਾਂ ਨਾਲੋਂ ਦੇਸ਼ ਅਤੇ ਧਰਮ ਨੂੰ ਵਧੇਰੇ ਮਹੱਤਵ ਦਿੱਤਾ ਸੀ। ਉਹਨਾਂ ਨੇ ਇਹ ਸਾਬਿਤ ਕਰਨਾ ਚਾਹਿਆ ਕਿ ਭਾਰਤ ਅੱਜ ਜਿਸ ਆਜ਼ਾਦੀ ਦੇ ਜਲੌਅ ਨੂੰ ਮਾਣ ਰਿਹਾ ਹੈ, ਉਸਦਾ ਅਜੇ ਝਾਉਲਾ ਤੱਕ ਨਾ ਪੈਂਦਾ ਜੇ ਇਕ ਸਦੀ ਪਹਿਲਾਂ ਇਸ ਦੀਆਂ ਮਜ਼ਬੂਤ ਨੀਹਾਂ ਨਾਮਧਾਰੀ ਸੂਰਬੀਰਾਂ ਅਤੇ ਜਲਾਵਤਨ ਸਤਿਗੁਰੂ ਰਾਮ ਸਿੰਘ ਜੀ ਨੇ ਨਾ ਰੱਖੀਆਂ ਹੁੰਦੀਆਂ।

ਸਤਿਗੁਰੂ ਰਾਮ ਸਿੰਘ ਜੀ ਦੇ ਵਾਰਿਸ ਸ਼ਾਂਤੀ ਦੇ ਪੁੰਜ ਸਤਿਗੁਰੂ ਹਰੀ ਸਿੰਘ ਜੀ ਅੰਦਰ ਜਗਦੀ ਜੋਤ ਦੁਨੀਆਂ ਵਿੱਚ ਫੈਲੇ ਹਨ੍ਹੇਰੇ ਨੂੰ ਦੂਰ ਕਰਕੇ ਕੁਲ ਲੋਕਾਈ ਨੂੰ ਜਗਮਗ ਕਰ ਦੇਣਾ ਲੋਚਦੀ ਸੀ। ਉਹ ਚਾਹੁੰਦੇ ਸਨ ਕਿ ਹਰ ਹੀਲੇ ਦੇਸ਼ ਗ਼ੁਲਾਮੀ ਦੇ ਜੂਲੇ ਹੇਠੋਂ ਆਜ਼ਾਦ ਹੋਵੇ ਤੇ ਗਊ-ਗ਼ਰੀਬ ਉੱਤੇ ਹੁੰਦੇ ਤਸ਼ੱਦਦ ਤੋਂ ਨਿਜ਼ਾਤ ਮਿਲੇ। ਉਹ ਵਦੇਸ਼ੀਆਂ ਦੀਆਂ ਵਧੀਕੀਆਂ ਦਾ ਮੁਕਾਬਲਾ ਇਸ ਤਰ੍ਹਾਂ ਕਰਨ ਲਈ ਫਰਮਾਉਂਦੇ ਸਨ:

ਭਾਈ ਸਤਿਗੁਰਾਂ ਦਾ ਵਰਗ ਸ਼ੇਰ ਦਾ ਹੈ,
ਉਹ ਭਬਕਾਰ ਨਾਲ ਕੰਮ ਲੈਣ ਚਾਹੁੰਦੇ ਸਨ,
ਮੇਰਾ ਵਰਗ ਚੂਹੇ ਦਾ ਹੈ,
ਮੈਂ ਬਦੇਸ਼ੀਆਂ ਦੀਆਂ ਅੰਦਰੋਂ ਜੜ੍ਹਾਂ ਕੁਤਰਦਾ ਹਾਂ।[1]

'ਹਰੀ' ਸ਼ਬਦ ਦੇ ਅਰਥ ਭਾਵੇਂ ਅਨੇਕਾਂ, ਅਰਥ ਕੋਸ਼ਾਂ ਵਿਚ ਪ੍ਰਾਪਤ ਹੁੰਦੇ ਹਨ। ਪਰ ਮੁੱਖ ਅਰਥ ਹਰੀ ਸ਼ਬਦ ਦਾ ਸਾਕਾਰ ਸਰੂਪ ਵਾਲੇ ਸ੍ਰੀ ਵਿਸ਼ਨੂੰ ਜੀ ਦਾ ਵਾਚਕ ਹੈ। ਜਿਵੇਂ ਸਾਰੇ ਦੇਵਤਿਆਂ ਵਿਚੋਂ ਸ੍ਰੀ ਵਿਸ਼ਨੂੰ ਜੀ ਵਿਚਾਰਵਾਨ ਤੇ ਧੀਰਜਵਾਨ ਮੰਨੇ ਜਾਂਦੇ ਸਨ ਤਿਵੇਂ ਉਹ ਸਾਰੇ ਗੁਣ, ਸ੍ਰੀ ਗੁਰੂ ਹਰੀ ਸਿੰਘ ਜੀ ਦਾ ਨਾਮ (ਹਰੀ ਸਿੰਘ) ਸਤਿਗੁਰੂ ਰਾਮ ਸਿੰਘ ਜੀ ਦੇ ਮੁਖਾਰ ਬਿੰਦ ਵਿਚੋਂ ਨਿਕਲਦਿਆਂ ਹੀ, ਇਹਨਾਂ ਵਿਚ ਪ੍ਰਵੇਸ਼ ਹੋ ਗਏ। ''ਇਹ ਸਨ ਸੀਤਲਤਾ ਦੇ ਸਰੋਤ ਸ੍ਰੀ ਬੁੱਧ ਸਿੰਘ ਜੀ, ਮਹਾਰਾਜ ਸ੍ਰੀ ਸਤਿਗੁਰੂ ਰਾਮ ਸਿੰਘ ਦੀ ਦੇ ਛੋਟੇ ਵੀਰ, ਬਾਬਾ ਜੱਸਾ ਜੀ ਦੀਆਂ ਅੱਖਾਂ ਦੇ ਤਾਰੇ, ਮਾਤਾ ਸਦਾ ਕੌਰ ਦੇ ਦੁਲਾਰੇ, ਜਿਨ੍ਹਾਂ ਬਾਰੇ 1931 ਬਿਕ੍ਰਮੀ ਵਿਚ ਬਾਬਾ ਦਰਬਾਰਾ ਸਿੰਘ ਰਾਏ ਪੁਰੀਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਪਾਸੋਂ ਰੰਗੂਨੋਂ ਹੁਕਮਨਾਮਾ(ਜਨਵਰੀ 1875 ਈ: ਸਤਿਗਰੂ ਰਾਮ ਸਿੰਘ ਦੀ ਚਿੱਠੀ) ਲਿਆਇਆ ਸੀ.......

''ਅੱਜ ਤੋਂ ਇਹ ਹਰੀ ਸਿੰਘ ਹੋਇਆ। ਇਸਨੂੰ ਸਿਰ ਕਰਤਾ ਜਾਣਨਾ। ਇਹ ਸੰਗਤ ਹਰੀ ਰੱਖੇਗਾ। ਇਹ ਮੇਰੇ ਧੱਕੇ ਨੂੰ ਬਖ਼ਸ਼ ਸਕੇਗਾ। ਮੈਂ ਇਸਦੇ ਧੱਕੇ ਨੂੰ ਨਹੀਂ ਬਖ਼ਸ਼ਾਂਗਾ।[2] ਨਾਮਧਾਰੀ ਪੰਥ ਅਜੋਕੀ ਅਵਸਥਾ ਵਿੱਚ ਜਿਊਂਦਾ-ਜਾਗਦਾ ਨਹੀਂ ਲੱਭਣਾ ਸੀ ਜੇ ਇਸਦੀ ਚਿਣਾਈ ਵਿਚ 1871 ਈ. ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਖ਼ੂਨ ਦਾ ਇੱਕ-ਇੱਕ ਕਤਰਾ ਕੁਰਬਾਨ ਨਾ ਕੀਤਾ ਹੁੰਦਾ। ਨਿੱਤ ਪ੍ਰਤਿ ਪਲ-ਪਲ ਵਿਚ ਜੀਊਣ ਮਰਨ ਦੀ ਖੇਡ ਵਿੱਚ ਰਹਿਣਾ ਬਹੁਤ ਕਠਿਨ ਤੇ, ਸਖ਼ਤ ਕਾਰਜ ਸੀ। ਗੁਰਬਾਣੀ ਵਿੱਚ ਇਸਨੂੰ 'ਜੀਵਤਿਆ ਮਰ ਰਹਿਣ' ਵਾਲੀ ਅਵਸਥਾ ਮੰਨਿਆ ਗਿਆ ਹੈ। ਸਤਿਗੁਰੂ ਹਰੀ ਸਿੰਘ ਦੇ ਜਨਮ ਬਾਬਤ ਕਵੀ ਨਿਹਾਲ ਸਿੰਘ ਜੀ ਨੇ ਕਿਹਾ :

ਉਤਿਰਆ ਗਗਨਾਂ ਵਿਚੋਂ
ਬੁਧ ਸਾਰੇ ਕੰਮ ਰਾਸ
ਖੁਸ਼ੀਆਂ ਨੱਚੀਆਂ ਬਾਬੇ ਦੇ ਵਿਹੜੇ।
ਮੰਗਲਾ ਚਰਨ ਹੋਇਆ
ਲੋਕ ਪ੍ਰਲੋਕ ਵਿਚ ਵਧਾਈਆਂ
ਮਿਲੀਆਂ।[3]

ਸਤਿਗਰੂ ਹਰੀ ਸਿੰਘ ਜੀ ਸੱਤ ਸਾਲ ਦੇ ਹੋਏ ਤਾਂ ਇਹਨਾਂ ਦਾ ਵਿਆਹ ਬੀਬੀ ਸਾਹਬੋ ਨਾਲ ਪਿੰਡ ਮਾਦਪੁਰ ਵਿਚ ਹੋਇਆ ਸੀ। ਉਹਨਾਂ ਦੇ ਤਿੱਖੇ ਨਕਸ਼, ਮੋਟੇ ਨੇਤਰ, ਲੰਮਾ ਸੁਲੰਮਾ ਸਰੀਰ ਤੇ ਮਾਪਿਆਂ ਦਾ ਆਗਿਆਕਾਰ ਪੁੱਤਰ

Namdhari Elibrary NamdhariElibrary@gmail.com

ਭਾਵ ਆਪ ਸੂਰਤ ਤੇ ਸੀਰਤ ਦੋਵਾਂ ਪੱਖਾਂ ਤੋਂ ਮੁੱਢੋਂ ਉਜਵੱਲ ਸਨ। ਹਰ ਸਮੇਂ ਆਪਣੇ ਕੰਮ-ਕਾਰ ਵਿਚ ਰੁੱਝੇ ਰਹਿਣਾ, ਕਿਉਂਕਿ ਸਤਿਗੁਰੂ ਰਾਮ ਸਿੰਘ ਬਾਹਰ ਇਲਾਕਿਆਂ ਵਿਚ ਰਟਨ ਕਰਦੇ ਸਨ। ਪਰੰਤੂ ਦੋਵਾਂ ਭਰਾਵਾਂ ਦਾ ਆਪਸੀ ਪਿਆਰ ਤ੍ਰੇਤਾ ਯੁੱਗ ਦੇ ਰਾਮ-ਲਛਮਣ ਤੇ ਦੁਆਪਰ ਯੁਗ ਦੇ ਕ੍ਰਿਸ਼ਨ ਬਲਰਾਮ ਤੋਂ ਘੱਟ ਨਹੀ ਸੀ।

ਰਾਮ ਤੇ ਲਛਮਣ।
ਕ੍ਰਿਸ਼ਨ ਬਲਰਾਮ।
ਭੈਣੀ ਤੋਂ ਰਾਈਆਂ
ਰਾਈਆਂ ਤੋਂ ਭੈਣੀ
ਪੂਰੇ ਕਿਰਤੀ।
ਗੱਡਾ ਭਾੜਾ, ਵਾਹੀ ਭਿਆਲੀ,
ਦਸਾਂ ਨਵ੍ਹਾਂ ਦੀ ਕਿਰਤ।
ਹੱਥ ਕਾਰ ਵੱਲ
ਚਿੱਤ ਯਾਰ ਵੱਲ
ਬਿਗਾਨੀ ਅੰਸ਼
ਗਊ ਸੂਰ [4]

ਜਦੋਂ 1861 ਈਸਵੀ ਵਿਚ ਸਤਿਗੁਰੂ ਰਾਮ ਸਿੰਘ ਜੀ ਹਰਿਦੁਆਰ ਗਏ, ਉਨ੍ਹਾਂ ਬੜੇ ਕੌਤਕ ਕੀਤੇ। ਇਕ ਦਿਨ ਗੇਲੀ ਨੂੰ ਅੱਗ ਲਾ ਦਿੱਤੀ। ਸਤਿਗੁਰਾਂ ਸੰਗਤ ਨੂੰ ਹੁਕਮ ਕੀਤਾ ਇਕ ਪਾਸੇ ਲੱਗੋ, ਸਾਰੀ ਸੰਗਤ ਲੱਗੀ। ਸਤਿਗੁਰਾਂ ਗੇਲੀ ਚੁੱਕ ਲਈ ਪਰੰਤੂ ਸੰਗਤਾਂ ਪਾਸੋਂ ਨਾ ਚੁੱਕੀ ਗਈ। ਮੁੜ ਸ੍ਰੀ ਬੁਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਨੂੰ ਹੁਕਮ ਹੋਇਆ। ਉਹ ਆ ਲੱਗੇ ਦੋਹਾਂ ਭਰਾਵਾਂ ਨੇ ਗੇਲੀ ਚੁੱਕ ਵਗਾਹ ਮਾਰੀ ਤੇ ਇਸ਼ਾਰੇ ਨਾਲ ਸਮਝਾਇਆ 'ਇਹ ਸਾਰਾ ਕੰਮ ਤੇਰੇ ਤੇ ਮੇਰੇ ਕਰਨ ਦਾ ਹੀ ਹੈ ਇਸ ਸਬੰਧੀ ਕਵੀ ਨਿਹਾਲ ਸਿੰਘ ਨੇ ਇਨ੍ਹਾਂ ਸੁੰਦਰ ਸ਼ਬਦਾਂ ਨੂੰ ਕਾਵਿਕ ਰੰਗਣ ਇਉਂ ਦਿੱਤੀ :

ਹੋ ਜਾਓ ਇਕ ਪਾਸੇ
ਆ ਭਰਾਵਾ ਬੁਧ ਸਿੰਘ
ਮੇਰਾ ਤੇਰਾ ਜੋੜ ਜੁੱਗਾ ਜੁਗਾਂਤਰਾ ਤੋਂ
ਚੁੱਕੀ ਨਹੀਂ ਜਾਣੀ ਇਹ ਗੇਲੀ।
ਗੱਡਾ ਨਹੀਂ ਰਿੜਨਾ ਬਿਨਾਂ ਤੇਰੇ
ਕਰ ਕਮਰ ਕੱਸਾ
ਆ ਅੱਗੇ।[5]

ਸਤਿਗੁਰੂ ਰਾਮ ਸਿੰਘ ਨੇ 'ਗੇਲੀ ਦੀ ਬਾਤ' ਰਾਹੀਂ ਸਤਿਗੁਰੂ ਹਰੀ ਸਿੰਘ ਜੀ ਲਈ ਸੰਗਤਾਂ ਵਿਚ ਇਹ ਸਾਬਤ ਕਰਾਉਣਾ ਸੀ ਕਿ ਉਹਨਾਂ ਦੀਆਂ ਜ਼ਿੰਮੇਵਾਰੀਆਂ ਦਾ ਭਾਰ ਸਤਿਗੁਰੂ ਹਰੀ ਸਿੰਘ ਤੋਂ ਬਿਨਾਂ ਕੋਈ ਨਹੀਂ ਚੁੱਕ ਸਕਦਾ।

ਉਹਨਾਂ ਨੇ ਹਰੀ ਸਿੰਘ ਨੂੰ ਖੇਤੀ ਦੀ ਕਾਰ ਛੱਡ ਕੇ ਭਗਤੀ ਤੇ ਭਜਨ ਨਾਲ ਜੋੜ ਦਿੱਤਾ। ਉਹ ਕਿਰਤ ਜ਼ਰੂਰ ਕਰਿਆ ਕਰਦੇ ਸਨ। ਲੰਗਰ ਵਿੱਚ ਉਗਰਾਹੀ ਵੀ ਪਾਇਆ ਕਰਦੇ ਸਨ। 1871 ਈ. ਵਿੱਚ ਇੱਕ ਦਿਨ ਜਦੋ ਉਹ ਹੱਲ ਚੁੱਕੀ ਆ ਰਹੇ ਸਨ ਤਾਂ ਸਤਿਗੁਰਾਂ ਬਚਨ ਕੀਤਾ "ਭਾਈ ਹੱਲ ਰੱਖ ਦੇ, ਪ੍ਰਸ਼ਾਦਾ ਲੰਗਰੋਂ ਛਕਿਆ ਕਰ।[6] ਉਹਨਾਂ ਨੇ ਸਤਿਗੁਰੂ ਰਾਮ ਸਿੰਘ ਦੀ ਆਗਿਆ ਦਾ ਪਾਲਣ ਕਰਦੇ ਹੋਏ ਖੇਤੀ ਵਿਚ ਕੰਮ ਕਰਨਾ ਛੱਡ ਦਿੱਤਾ ਤੇ ਭਜਨ-ਬੰਦਗੀ ਵੱਲ ਲੱਗ ਗਏ ਤੇ ਪ੍ਰਸ਼ਾਦਾ ਵੀ ਲੰਗਰ ਵਿਚੋਂ ਛਕਣਾ ਸ਼ੁਰੂ ਕਰ ਦਿੱਤਾ। ਇਸ ਬਾਬਤ ਕਵੀ ਇਉਂ ਲਿਖਦੇ ਹਨ :

"ਬਸ ਰੱਖ ਦਿਓ ਹੱਲ
ਹੁਣ ਨਹੀਂ ਲੋੜ
ਭਜਨ ਕਰਿਆ ਕਰੋ।
ਬਹੁਤ ਵਾਹ ਲਈ ਏ
ਹੁਣ ਨਹੀਂ ਮੁੱਕਦੀ,
ਭਾਵੇਂ ਖਾਣ ਖੂਹਣੀਆਂ ਅਸੰਖ
ਦੋ ਹਜ਼ਾਰ ਦਸ ਹਜ਼ਾਰ
ਜੁਗਾਂ ਜੁਗੰਤਰਾਂ ਤੀਕ।
ਉਥੇ ਹੀ ਰੱਖ ਦਿੱਤਾ
ਫੇਰ ਨਹੀਂ ਹੱਥ ਲਾਇਆ।[7]

ਸਤਿਗੁਰੂ ਰਾਮ ਸਿੰਘ ਨੇ ਆਪਣੇ ਛੋਟੇ ਭਰਾ ਹਰੀ ਸਿੰਘ ਨੂੰ ਬੁਲਾਇਆ ਤੇ ਸੁੰਦਰ ਪੁਸ਼ਾਕੇ ਪੁਆ ਕੇ ਆਪਣੇ ਕੋਲ ਬਿਠਾ ਲਿਆ:

ਇਸ਼ਨਾਨ ਪਾਨ ਕਰਵਾ
ਸੁੰਦਰ ਬਸਤਰ ਪੁਆ
ਬਰਾਬਰ ਤੇ ਲਿਆ ਬਿਠਾਇਆ।[8]

ਸਤਿਗੁਰੂ ਨੇ ਜਦੋਂ ਸੁੰਦਰ ਕੱਪੜੇ ਪਵਾ ਕੇ ਆਪਣੇ ਬਾਰਬਰ ਬਿਠਾ ਕੇ ਸੂਬਿਆਂ ਨੂੰ ਪੁੱਛਿਆ ਕਿ ਵੇਖੋ ਕੋਈ ਫ਼ਰਕ ਹੈ:

ਦੋਨੋ ਭਈਆ ਏਕ
ਸਰੂਪ ਕਰ ਭਾਖੈ
ਸਤਿਗੁਰੂ ਆਪ ਮੁੱਖੋਂ ਪ੍ਰਕਾਸ਼ੇ।[9]

ਸਾਰੀ ਸੰਗਤ ਦੋਵਾਂ ਭਰਾਵਾਂ ਨੂੰ ਵੇਖਕੇ ਮੋਹੀ ਜਾ ਰਹੀ ਸੀ ਕਿਉਂਕਿ ਦੋਹਾਂ ਦੇ ਮੁਖੜਿਆਂ ਤੇ ਅਜਬ ਜਲਾਲ ਸੀ। ਸਭ ਸੰਗਤ ਅੱਸ਼ ਅੱਸ਼ ਕਰ ਰਹੀ ਸੀ ਤੇ ਕੋਈ ਜਿਹੜੇ ਹਕੀਕਤ ਨੂੰ ਪਹਿਚਾਣਦੇ ਸਨ ਉਹਨਾਂ ਮੂੰਹੋਂ ਸੁਭਾਵਕ ਨਿਕਲ ਰਿਹਾ ਸੀ।

Namdhari Elibrary NamdhariElibrary@gmail.com

ਧੰਨ ਤੂੰ ਧੰਨ ਤੇਰਾ ਵੀਰੜਾ।[10]

ਸਤਿਗੁਰੂ ਰਾਮ ਸਿੰਘ ਜੀ ਨੂੰ 18 ਜਨਵਰੀ 1872 ਈ. ਨੂੰ ਅੰਮ੍ਰਿਤ ਵੇਲੇ 4 ਵਜੇ ਦੇਸ਼ ਨਿਕਾਲਾ ਦਿੱਤਾ ਗਿਆ। ਇਸਨੂੰ ਨਾ ਕਾਨੂੰਨੀ ਜੱਦ ਵਿਚ ਲਿਆਂਦਾ ਗਿਆ ਤੇ ਨਾ ਹੀ ਸੂਰਜ ਦਾ ਚਾਨਣਾ ਵਿਖਾਇਆ ਗਿਆ ਅਤੇ ਨਾ ਹੀ ਸਿੰਘਾਂ ਨੂੰ ਤੋਪਾਂ ਅੱਗੇ ਉਡਾਉਣ ਵਾਂਗ ਕੀਤਾ ਗਿਆ ਕਿਉਂਕਿ ਸਰਕਾਰ ਨੂੰ ਇਸ ਗੱਲ ਦਾ ਖ਼ਤਰਾ ਸੀ ਕਿ ਜੇ ਉਹਨਾਂ ਨੂੰ ਚਿੱਟੇ ਦਿਨ ਦੇਸ਼ ਬਦਰ ਕੀਤਾ ਗਿਆ ਤਾਂ ਸਾਰਾ ਪੰਜਾਬ ਸਤਿਗੁਰੂ ਲਈ ਉੱਠ ਖੜਾ ਹੋਵੇਗਾ ਤੇ ਅਜਿਹੇ ਠਾਠਾਂ ਮਾਰਦੇ ਸੰਗਤ ਦੇ ਹੜ੍ਹ ਨੂੰ ਠੱਲ ਪਾਉਣਾ ਅਸੰਭਵ ਹੋ ਜਾਵੇਗਾ। ਸੰਤ ਸੰਤੋਖ ਸਿੰਘ ਅਨੁਸਾਰ ਫਰੰਗੀ ਨੇ ਦੋ ਕਾਗਜ਼ ਦਿਖਾਏ, "ਏਕ ਤਾਂ ਰਾਜਿਆਂ ਦਾ ਹੈ ਕਿ ਇਸ ਨੂੰ ਦੇਸੋਂ ਲੈ ਜਾਓ। ਜੇ ਏਸ ਦੇਸ਼ ਰਿਹਾ ਤਾਂ ਨਾ ਤੁਹਾਨੂੰ ਛਡੇ ਨਾ ਸਾਨੂੰ ਛੱਡੇ। ਦੂਜਾ ਪਰਵਾਨਾ ਪੁਜਾਰੀਆਂ ਦਾ ਦਿਖਾਇਆ, ਅਕਾਲ ਬੁੰਗੇ ਵਾਲਿਆ ਦਾ ਤੇ ਅਨੰਦਪੁਰੀਆਂ, ਮੁਕਤਸਰੀਆਂ, ਤੇ ਦਮਦਮੇ ਵਾਲਿਆਂ ਦਾ। ਕਹਿੰਦੇ ਹੈ ਕਿ ਏਨੂੰ, ਦੇਸੋਂ ਲੈ ਜਾਓ। ਜੇ ਇਸ ਦੇਸ ਰਿਹਾ ਤਾਂ ਨਾ ਤੁਹਾਨੂੰ ਛਡੇ ਤੇ ਨਾ ਸਾਨੂੰ ਛਡੇ।ਬ੍ਰਾਹਮਣ ਤਾਂ ਅੱਗੇ ਹੀ ਇਹ ਗੱਲ ਚਾਹੁੰਦੇ ਸਨ।

(ਸਤਿਗੁਰੂ ਬਿਲਾਸ ਸੰਪਾਦਕ, ਜਸਵਿੰਦਰ ਸਿੰਘ)

ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇਣ ਪਿੱਛੇ ਨਿਸ਼ਾਨਾ ਇਕੋ ਸੀ ਸਤਿਗੁਰੂ ਰਾਮ ਸਿੰਘ ਦੇ ਰਹਿਨੁਮਾਈ ਵਿੱਚ ਵੱਧ ਫੁੱਲ ਰਿਹਾ ਨਾਮਧਾਰੀ ਪੰਥ ਜਿਸਦੀ ਚੜ੍ਹਤ ਨੂੰ ਠੱਲ੍ਹ ਪਾਉਣਾ ਅੰਗਰੇਜ਼ਾਂ ਲਈ ਕਠਨ ਕਾਰਜ ਬਣਦਾ ਜਾ ਰਿਹਾ ਸੀ। ਸਤਿਗੁਰੂ ਹਰੀ ਸਿੰਘ ਨੇ 13 ਜਨਵਰੀ,1873 ਈ. ਨੂੰ ਸਤਿਗੁਰਾਂ ਨੂੰ ਮਿਲਣ ਦੀ ਅਰਜ਼ੀ ਅੰਗਰੇਜ਼ਾਂ ਸਨਮੁੱਖ ਰੱਖੀ, ਉਹਨਾਂ ਰੱਦ ਕਰ ਦਿੱਤੀ। ਫਿਰ ਦਰਬਾਰਾ ਸਿੰਘ ਗਰੇਵਾਲ ਰਾਏਪੁਰ ਦੇ ਨੰਬਰਦਾਰ ਨੇ ਯਤਨ ਕੀਤਾ। ਸਬੱਬ ਬਣ ਗਿਆ। ਉਹ ਲੁਧਿਆਣਾ ਦੇ ਸੁਪਰਿੰਡੈਂਟ ਬਾਰਬਟਨ ਘਰ ਕਿਸੇ ਕੰਮ ਗਿਆ। ਉਸਦੀ ਮੇਮ ਨੇ ਉਸਦੀ ਉਦਾਸੀ ਡੁਬ ਡੁਬਾਉਂਦੀਆਂ ਅੱਖਾਂ, ਕਮਜ਼ੋਰ ਸਰੀਰ ਵੇਖ ਕੇ ਕਾਰਨ ਪੁੱਛਿਆ। ਜਿਸ ਦੀ ਅਵਸਥਾ ਨੂੰ ਕਵੀ ਕਵਿਤਾ ਵਿੱਚ ਇਉਂ ਬਿਆਨ ਕਰਦਾ ਹੈ।

ਬਾਬਾ ਦਰਬਾਰਾ ਸਿੰਘ
ਕਾਰ ਮੁਖਤਿਆਰ
ਗਇਆ ਲੁਧਿਆਣੇ
ਕਿਸੇ ਕੰਮ, ਪੁਲਿਸ ਕਪਤਾਨ ਦੇ ਬੰਗਲੇ
ਬਾਰਬਟਨ ਦੋਗਲਾ, ਪਰਲੇ ਦਰਜੇ ਦਾ ਛਟਿਆ ਫੂਕਿਆ,
ਕੱਟੜ ਵੈਰੀ ਕੂਕਿਆਂ ਦਾ।
ਮਗਰ, ਘਰਵਾਲੀ ਸਵੇਰ ਸਾਰ ਨਾਉਂ ਲੈਣ ਵਾਲੀ।
ਨਿਰੀ ਦੇਵੀ।
"ਬਾਬਾ ਜਾਣਤੇ ਹੋ ਟੁਮ
ਟੁਮਾਰਾਂ ਗੁਰੂ ਕਹਾਂ ....
ਟੁਮ੍ਹਾਰਾਂ ਗੁਰੂ ਰੰਗੂਨ
ਬ੍ਰਹਮਾ ਦੇਸ਼
ਬਹਾਦਰ ਸ਼ਾਹ ਵਾਲੇ ਬੰਗਲੇ।
ਕਲਕੱਤਿਉਂ ਜਹਾਜ਼
ਹਰ ਸਾਤੇ ਜਾਏ ਪੰਦਰੀਂ ਦਿਨੀ।"

ਦਰਬਾਰਾ ਸਿੰਘ ਦੇ ਦੱਸਣ ਉੱਤੇ ਕਿ ਸਤਿਗੁਰੂ ਜੀ ਦਾ ਪਤਾ ਨਹੀਂ ਲੱਗਦਾ ਉਹ ਪਸੀਜ ਗਈ ਤੇ ਤਰੀਕੇ ਨਾਲ ਬਾਰਬਟਨ ਤੋਂ ਪੁੱਛ ਕੇ ਚੋਰੀ ਪਤਾ ਦੱਸਿਆ। ਦਰਬਾਰਾ ਸਿੰਘ ਨੇ ਜ਼ਮੀਨ ਜਾਇਦਾਦ ਵੇਚ ਕੇ ਗੁਰੂ ਦੇ ਲੇਖੇ ਲਾ ਦਿੱਤੀ ਸੀ ਤੇ ਸ੍ਰੀ ਭੈਣੀ ਸਾਹਿਬ ਹੀ ਰਹਿੰਦਾ ਸੀ। ਮੇਮ ਕੋਲੋਂ ਰੰਗੂਨ ਦਾ ਪਤਾ ਸੁਣ ਕੇ ਦਰਬਾਰਾ ਸਿੰਘ ਦੇ ਚਿਹਰੇ ਤੇ ਰੌਣਕ ਆ ਗਈ, ਉਹ ਭੇਸ ਵਟਾਕੇ ਸੂਹਾਂ ਲੈਂਦਾ ਟਿਕਾਣੇ ਪੁੱਜਾ। ਕਵੀ ਨਿਹਾਲ ਸਿੰਘ ਅਨੁਸਾਰ :

ਅੰਤ ਪੁੱਜ ਗਇਆ
ਦਰਬਾਰਾ ਸ਼ੇਰ
ਸਚੇ ਦਰਬਾਰ,
ਜਾ ਡਿੱਗਾ ਧੜੰਮ ਕਰਦਾ ਚਰਨੀਂ
ਗੰਗਾ ਜਮਨਾ ਹੜ ਚੜ੍ਹ ਆਈਆਂ।
ਕੋਮਲ ਚਰਨ ਡੁੱਬ ਗਏ।.... .....
ਡੁੱਲ੍ਹ ਪਿਆ ਦਰਬਾਰਾ
"ਜਿਸ ਤਨ ਲਾਗੇ ਸੋ ਤਨ ਜਾਣੇ
ਕੀ ਦਸੀਏ ਕੀ ਭਾ ਵਿਕਦੀ
ਏ ਕੂਕਿਆਂ ਨਾਲ।
ਰੋੜੇ ਪੱਥਰ ਹਨ ਕੂਕਿਆਂ ਦੇ ਰਾਹੀਂ,
ਬੁੱਧ ਸਿੰਘ ਹੀ ਹੈ
ਸਿਰ ਡਾਹੀ ਜਾ ਰਹਿਆ।[12]

ਸਤਿਗੁਰੂ ਰਾਮ ਸਿੰਘ ਨੇ ਹੁਕਮਨਾਮਾ ਲਿਖਕੇ ਦਰਬਾਰਾ ਸਿੰਘ ਦੇ ਹੱਥ ਭਿਜਵਾਇਆ ਸੀ। ਉਹ ਸਤਿਗੁਰੂ ਜੀ ਦਾ ਹੁਕਮਨਾਮਾ ਲੈ ਕੇ ਵਾਪਸ ਆਇਆ ਕਿ ਬੁੱਧ ਸਿੰਘ ਦਾ ਨਾਂ ਅੱਜ ਤੋਂ ਹਰੀ ਸਿੰਘ ਹੋਇਆ। ਉਹ ਸਿੱਖੀ ਨੂੰ ਹਰੀ ਰੱਖੇਗਾ। ਇਹ ਹੁਕਮਨਾਮਾ ਉਹ ਜਨਵਰੀ 1875 ਈ. ਵਿਚ ਲੈ ਕੇ ਆਇਆ ਸੀ। ਸਤਿਗੁਰੂ ਰਾਮ ਸਿੰਘ ਦਾ ਹੁਕਮ ਸੀ ਕਿ ਇਸ

Namdhari Elibrary NamdhariElibrary@gmail.com

ਮਹੱਲ ਨੂੰ ਉਸਾਰਨਾ ਹੈ, ਪਰਵਾਨ ਚੜ੍ਹਾਣਾ ਹੈ। ਪੰਜਾਬ ਵਿਚ ਇਸਦੀ ਉਸਾਰੀ ਨਿੱਜੀ, ਰਾਜਨੀਤਕ ਅਤੇ ਧਾਰਮਿਕ ਪੱਖਾਂ ਤੋਂ ਹੋ ਰਹੀ ਸੀ।

ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ 34 ਸਾਲਾ ਪੰਥਕ ਜ਼ਿੰਮੇਵਾਰੀਆਂ ਸਮੇਂ ਧਾਰਮਕ ਪੱਖ ਦੀ ਕਿਵੇਂ ਰੱਖਿਆ ਤੇ ਉਸਾਰੀ ਕੀਤੀ। ਨਵੀਂ ਸਮੱਗਰੀ ਇਕੱਤਰ ਕਰਕੇ ਕਿਸੇ ਮਹੱਲ ਦੀ ਉਸਾਰੀ ਕਰਨੀ ਹੋਵੇ ਤਾਂ ਉਹ ਔਖਾ ਕੰਮ ਨਹੀਂ। ਪਰੰਤੂ ਜਦੋਂ ਮਲਬੇ ਦੇ ਢੇਰ ਵਿਚੋਂ ਹੀ ਮੁੜ ਉਸਾਰੀ ਕਰਨੀ ਹੋਵੇ ਤਾਂ ਇਹ ਕਾਰਜ ਕੁਸ਼ਲਤਾ ਲਈ ਚੁਣੌਤੀ ਬਣਕੇ ਖੜਾ ਹੋ ਜਾਂਦਾ ਹੈ। ਸਤਿਗੁਰੂ ਹਰੀ ਸਿੰਘ ਨੇ ਮਲਬੇ ਤੇ ਢਹਿ-ਢੇਰੀ ਹੋ ਚੁੱਕੀ ਸਮੱਗਰੀ ਵਿਚੋਂ ਮੁੜ ਨਾਮਧਾਰੀਅਤ ਦਾ, ਸਦਾਚਾਰਕਤਾ ਦਾ ਮਹਿਲ ਤਾਮੀਰ ਕੀਤਾ।

ਸਤਿਗੁਰੂ ਹਰੀ ਸਿੰਘ ਜੀ ਨੂੰ ਬਰਤਾਨਵੀ ਦਬਾਉ ਨੇ ਵਾਰ-ਵਾਰ ਨਸੱਤਿਆਂ ਕਰਨ ਦੀ ਕੋਸ਼ਿਸ਼ ਕੀਤੀ। ਸਮੁੱਚੇ ਨਾਮਧਾਰੀ ਸਮਾਜ ਨੂੰ ਬਰਤਾਨਵੀ ਹਾਕਮਾਂ ਦੇ ਬੇਕਿਰਕ ਵਿਹਾਰ ਤੇ ਕਾਨੂੰਨਾਂ ਨਾਲ ਨਿਪਟਣਾ ਪਿਆ।ਦਸ ਲੱਖ ਨਾਮਧਾਰੀ ਬਿਲਕੁਲ ਸੁਦੇਸ਼ੀ ਜ਼ਿੰਦਗੀ ਬਸਰ ਕਰਦੇ ਸਨ। ਕੋਈ ਬਦੇਸ਼ੀ ਕੱਪੜਾ ਨਾਮਧਾਰੀ ਘਰਾਂ ਵਿੱਚ ਵਰਤਿਆ ਨਹੀ ਜਾਂਦਾ ਸੀ, ਇਵੇਂ ਉਹ ਸੁਦੇਸੀ ਵਸਤਾਂ ਖ਼ਰੀਦ ਕੇ ਪੰਜ ਲੱਖ ਰੁਪਿਆ ਸਾਲ ਦਾ ਬਚਾ ਰਹੇ ਸਨ, ਜੋ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਰੜਕਦਾ ਸੀ। ਕਵੀ ਨਿਹਾਲ ਸਿੰਘ ਕਹਿੰਦੇ ਹਨ:

ਬਦੇਸ਼ੀ ਵਸਤੂ ਚਿਮਟੇ
ਨਾਲ ਵੀ ਨ ਛੂਹਣ
ਹਿਸਾਬੀਆਂ ਹਿਸਾਬ ਲਾਇਆ
ਪੰਜਤਾਲੀ ਕਰੋੜ ਵਲੈਤ ਜਾਣੋਂ ਬਚਾਇਆ ਕੂਕਿਆਂ [13]

ਇੰਜ ਸੱਤਰ ਸਾਲ ਵਿੱਚ 34 ਕਰੋੜ ਰੁਪਿਆ ਹਿੰਦੁਸਤਾਨ ਵਿਚ ਬਚਾ ਕੇ ਰੱਖਿਆ। ਇਸ ਤਰੀਕੇ ਨਾਲ ਇਹਨਾਂ ਸਿੰਘਾ ਨੇ ਹਿੰਦੁਸਤਾਨ ਦੀ ਬੜੀ ਸੇਵਾ ਕੀਤੀ ਹੈ।[14]

ਜਦੋਂ ਨਾਮਧਾਰੀ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਭੇਸ ਵਟਾ ਕੇ ਮਿਲਕੇ ਆਉਂਦੇ ਤਾਂ ਉਹਨਾਂ ਦੇ ਹੁਕਮਨਾਮਿਆਂ ਦਾ ਅਦਾਨ ਪ੍ਰਦਾਨ ਸਤਿਗੁਰੂ ਹਰੀ ਸਿੰਘ ਨਾਲ ਬਣਿਆ ਰਹਿੰਦਾ ਸੀ। ਕਵੀ ਨਿਹਾਲ ਸਿੰਘ ਆਪਣੀ ਕਿਰਤ ਵਿਚ ਫੁਰਮਾਉਂਦੇ ਹਨ ਕਿ ਦਰਬਾਰਾ ਸਿੰਘ ਸਤਿਗੁਰੂ ਨੂੰ ਮਿਲ ਕੇ ਵਾਪਸ ਸਤਿਗੁਰੂ ਹਰੀ ਸਿੰਘ ਕੋਲ ਪੁੱਜਦੇ ਤਾਂ ਉਹਨਾਂ ਦੀ ਅਵਸਥਾ ਕੀ ਹੁੰਦੀ :

ਆ ਦਰਸ਼ਨ ਕੀਤੇ ਸ਼ਾਂਤੀ ਪੁੰਜ ਦੇ
ਥਕੇਵਾਂ ਲਹਿ ਗਇਆ
ਅਕੇਵਾਂ ਜਾਂਦਾ ਨਾ ਲੱਭਾ
ਹੌਲੇ ਫੁੱਲ।
ਠੰਢ ਪੈ ਗਈ।
ਸਭ ਕੁਝ ਰੱਖਿਆ ਚਰਨਾਂ ਤੇ
ਸੁਖ ਸਾਂਦ ਦੀਆਂ ਕਹਾਣੀਆਂ ਹੋਈਆਂ।[15]

ਜਦੋਂ ਅੰਗਰੇਜ਼ਾ ਨੂੰ ਸੂਹ ਮਿਲੀ ਤਾਂ ਉਹ ਦਗੜ-ਦਗੜ ਕਰਦੇ ਸਤਿਗੁਰੂ ਹਰੀ ਸਿੰਘ 'ਤੇ ਰੋਹਬ ਪਾਉਣ ਲੱਗੇ। ਸਭ ਸਮਾਨ ਸਿੰਘਾਂ ਲੋਹ ਹੇਠ ਸੁੱਟ ਕੇ ਸਾੜ ਦਿੱਤਾ ਕੋਈ ਵਸਤ ਅਜਿਹੀ ਨਾ ਮਿਲੀ ਜੋ ਹਰੀ ਸਿੰਘ ਜੀ ਨੂੰ ਹਿਰਾਸਤ ਵਿਚ ਲੈ ਸਕਦੇ। ਉਹਨਾਂ ਦੀਆਂ ਦੂਰਬੀਨਾਂ ਵੀ ਉਸ ਗਹਿਰਾਈ ਨੂੰ ਨਹੀਂ ਭਾਪ ਸਕਦੀਆ ਸਨ, ਜਿੱਥੇ ਸਤਿਗੁਰੂ ਸਭ ਕੁਝ ਸਾਂਭ ਰੱਖਿਆ ਹੋਇਆ ਸੀ।

''ਸਹਿਜੇ ਜਿਹੇ ਪੁੱਛਿਆ, ਕੀ ਲੱਭਦੇ ਹੋ
ਕੀ ਗੁਆਚਾ ਹੈ ਸਾਹਬ
ਅਸੀਂ ਆਪ ਦੇਂਦੇ ਹਾਂ, ਜਿਸ ਵਸਤੂ ਦੀ ਲੋੜ।
ਇਹ ਗੁਰੂ ਦਾ ਘਰ,
ਮੂੰਹੋ ਮੰਗੀਆ ਮੁਰਾਦਾਂ ਮਿਲਦੀਆਂ ਹਨ ਇਥੋਂ।[16]

ਅੰਗਰੇਜ਼ ਆ ਕੇ ਹਰੀ ਸਿੰਘ ਨੂੰ ਧਮਕੀਆਂ ਦਿੰਦੇ ਕਿ ਉਸਨੂੰ ਵੀ ਉਸਦੇ ਭਰਾ ਦੇ ਟਿਕਾਣੇ 'ਤੇ ਭੇਜ ਦਿੱਤਾ ਜਾਏਗਾ। ਪਰੰਤੂ ਹਰੀ ਸਿੰਘ ਭਜਨ ਬੰਦਗੀ ਵਿਚ ਲਿਵਲੀਨ, ਸਰਬਤ ਦੇ ਭਲੇ ਨੂੰ ਲੋਚਦੇ ਸਨ। ਸੁਤੰਤਰਤਾ ਦਾ ਜੀਵਨ ਜਿਉਣਾ ਚਾਹੁੰਦੇ ਸਨ ਕਿਉਂਕਿ ਪੰਜ ਤੋਂ ਵੱਧ ਨਾਮਧਾਰੀ ਇੱਕਠੇ ਨਹੀਂ ਬੈਠ ਸਕਦੇ ਸਨ ਉਹਨਾਂ ਨੂੰ ਰੋਜ਼ ਥਾਣੇ ਹਾਜ਼ਰੀ ਲਵਾਉਣ ਜਾਣਾ ਪੈਂਦਾ ਸੀ। ਅਜਿਹੀ ਹਾਰ ਦੀ ਹਾਲਤ ਵਿਚੋਂ ਕਿਸੇ ਮਹਾਂ ਗੰਭੀਰ ਵਿਅਕਤੀ ਦੁਆਰਾ ਹੀ ਨਜ਼ਾਤ ਪੁਆਈ ਜਾ ਸਕਦੀ ਸੀ। ਹੁਕਮਨਾਮਿਆਂ ਦੇ ਆਦਾਨ ਪ੍ਰਦਾਨ ਨਾਲ ਇੱਕ ਦਰਦ ਇਹ ਵੀ ਛਿੜ ਗਿਆ ਕਿ ਗੁਰਿਆਈ ਦਾ ਭਾਰ ਜੇ ਸਤਿਗੁਰੂ ਹਰੀ ਸਿੰਘ ਦੇ ਮੋਢਿਆਂ ਉਤੇ ਧਰ ਦਿੱਤਾ ਹੈ ਤਾਂ ਕੀ ਹੁਣ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਹੀਂ ਹੋਣਗੇ। ਸੂਝਵਾਨ ਲੋਕਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਕਦਮ ਸਮੇਂ ਅਨੁਕੂਲ ਜਾਪਿਆ ਕਿਉਂਕਿ ਉਹਨਾਂ ਆਪਣੇ ਸਨੇਹ ਦੀਆਂ ਰੌਆਂ ਨਵ-ਗੁਰੂ ਹਰੀ ਸਿੰਘ ਵੱਲ ਭੇਜਣੀਆਂ ਸ਼ੁਰੂ ਕਰ ਦਿੱਤੀਆ।

ਹੁਕਮ ਆਇਆ
ਕਰੋ ਪਾਠ, ਪਵਾਓ ਭੋਗ
ਫੇਰ ਸਾਰੇ ਦੁਖ ਕੱਟੇ ਜਾਣਗੇ
....

Namdhari Elibrary NamdhariElibrary@gmail.com

ਹਰੀ ਸਿੰਘਾ ਦਿਲ ਨਾ ਡੁਲਾ,
ਮੈਂ ਤੇਰੇ ਕੋਲ ਹਰਦਮ
ਅੱਠੇ ਪਹਿਰ,
ਤੂੰ ਕਰੀ ਜਾ ਆਪਣਾ ਕੰਮ
ਤੋਟ ਨਹੀਂ ਆਉਂਦੀ ਕਿਸੇ ਗੱਲੋਂ,
ਭਾਵੇਂ ਖਾ ਜਾਵੇ,
ਖੂਹਣੀਆਂ ਅਸੰਖ,
ਇਹ ਭੰਡਾਰਾ ਧੁਰ ਦਰਗਾਹੋਂ।[17]

ਗੁਰੂ ਦੀ ਕ੍ਰਿਪਾ ਸਦਕਾ ਸਤਿਗੁਰੂ ਹਰੀ ਸਿੰਘ ਦੇ ਲੰਗਰ ਵਿੱਚ ਕੋਈ ਤੋਟ ਨਾ ਆਉਂਦੀ ਹਰ ਆਉਂਦਾ ਜਾਂਦਾ ਦੁਸ਼ਮਣ, ਮਿੱਤਰ ਰੱਜ-ਰੱਜ, ਲੰਗਰ ਛਕਦਾ ਸੀ। ਕਿਉਂਕਿ ਸਤਿਗੁਰੂ ਹਰੀ ਸਿੰਘ ਜੀ ਨੂੰ ਪਿਆਰੇ ਪਰਦੇਸੀ ਭਰਾ ਦਾ ਸਭ ਤੋਂ ਜ਼ਰੂਰੀ ਹੁਕਮ 'ਲੰਗਰ ਜਾਰੀ ਰੱਖਣਾ" ਕਦੇ ਨਾ ਵਿਸਰਿਆ। ਸਤਿਗੁਰਾਂ ਕਈ ਵਾਰ ਇਹ ਵੀ ਬਚਨ ਕੀਤਾ। ਭਾਈ ਲੰਗਰ ਵਾਸਤੇ ਤਾਂ ਬਾਲਣ ਦੀ ਥਾਂ ਆਪਣੀਆਂ ਹੱਡੀਆਂ ਵੀ ਹਾਜ਼ਰ ਕਰਨ ਲਈ ਤਿਆਰ ਹਾਂ। ਗੁਰੂ ਘਰ ਦਾ ਇਹੋ ਹੀ ਤਾਂ ਇੱਕ ਸਦੀਵੀ ਚਿੰਨ੍ਹ ਹੈ। ਗੱਲ ਕੀ ਨਾਮਧਾਰੀ ਪੰਥ ਵਿੱਚ ਛਾਏ ਹੋਏ ਹਰ ਪ੍ਰਕਾਰ ਦੇ ਨਿਰਾਸ਼ਾ ਅਤੇ ਡਰ ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਸ਼ਾਂਤਮਈ ਸੁਭਾਅ, ਸੁਘੜਤਾ ਨਾਲ ਖ਼ਤਮ ਕਰ ਦਿੱਤਾ। ਸਭ ਤੋਂ ਪਹਿਲਾ ਡਰ ਨਾਮਧਾਰੀ ਜੋ ਭੈਣੀ ਸਾਹਿਬ ਦੇ ਨਿਵਾਸੀ ਸਨ, ਉਹਨਾਂ ਦਾ ਮੁਕਾਇਆ ਤੇ ਫੇਰ ਆਸੀਂ ਪਾਸੀਂ ਰਹਿੰਦੇ ਨਾਮਧਾਰੀਆਂ ਦਾ।

ਸਤਿਗੁਰੂ ਹਰੀ ਸਿੰਘ ਜੀ ਚਤੁਰ ਬੁੱਧੀ ਦੇ ਮਾਲਿਕ ਸਨ। ਅੰਗਰੇਜ਼ਾਂ ਨੇ ਕਿਹੜੀਆਂ ਗੋਂਦਾ ਕਿਸ ਸਮੇਂ ਗੁੰਦਣੀਆਂ ਹਨ, ਇਹਨਾਂ ਦਾ ਉਹਨਾਂ ਨੂੰ ਪਹਿਲਾਂ ਹੀ ਪਤਾ ਲੱਗ ਜਾਂਦਾ। ਜਦੋਂ ਗੋਰੀ ਸਰਕਾਰ ਉਹਨਾਂ ਨੂੰ ਫਾਹੁਣਾ ਚਾਹੁੰਦੀ ਸੀ। ਉਸ ਬਾਬਤ ਮਾਸਟਰ ਨਿਹਾਲ ਸਿੰਘ ਆਪਦੀ ਕਵਿਤਾ ਵਿੱਚ ਕਹਿੰਦੇ ਹਨ :

ਗੋਰੀ ਸਰਕਾਰ ਤਾੜ
ਲਿਆ ਮੌਕਿਆਂ।
ਕੂਕਿਆ ਨੂੰ ਫਾਹੁਣ ਦਾ।
ਠੱਗਾਂ ਦੇ ਕਈ ਹੱਥ
ਡਰਾਉਣਾ ਉਨ੍ਹਾਂ ਦਾ ਸ਼ਸਤਰ
ਧਮਕਾਉਣਾ ਉਨ੍ਹਾਂ ਦਾ ਅਸਤਰ,[18]

ਦੇਸ਼ ਵਿਚ ਕਾਲ ਪੈ ਗਿਆ। ਦਾਣਾ ਅਨਾਜ ਨਾ ਮਿਲੇ ਪਰੰਤੂ, ਸ੍ਰੀ ਭੈਣੀ ਸਾਹਿਬ ਅਤੁੱਟ ਲੰਗਰ ਵਰਤਿਆ। ਜਦੋਂ ਲੁਧਿਆਣੇ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਮਿਸਟਰ ਰੋ ਆਪਣੇ ਕਈ ਹਜ਼ੂਰੀਆਂ ਨਾਲ ਵਿਉਂਤਾਂ ਤੇ ਸਕੀਮਾਂ ਬਣਾਉਂਦਾ ਪੁੱਜਿਆ ਤਾਂ ਗੁਰੂ ਹਰੀ ਸਿੰਘ ਨੇ ਉਹਨਾਂ ਦੀ ਨੀਤ ਤਾੜਦਿਆਂ ਉਹਨਾਂ ਦੀ ਵੀ ਖੂਬ ਟਹਿਲ ਸੇਵਾ ਕੀਤੀ। ਕਵੀ ਕਹਿੰਦਾ ਹੈ :

"ਬਾਬਾ ਸਾਹਿਬ
ਬੁਹਤ ਖ਼ੂਬ ਕਮਾਲ
ਬੜਾ ਨੇਕ ਕਾਮ ਕੀਆ
ਬੜੀ ਖ਼ਿਦਮਤ ਕੀ।
ਭੂਖੋਂ ਕੋ ਖਾਣਾ, ਉਨ ਕੀ ਦੁਆਏਂ,
ਸਰਕਾਰ ਟੁਮ ਪਰ ਖੁਸ਼,
ਭੰਡਾਰੇ ਕੇ ਨਾਮ ਜਗੀਰ
ਅੱਸੀ ਮੁਰੱਬੇ, ਸੌ ਮੁਰੱਬੇ, ਜਿਤਨੇ ਚਾਹੋ
ਖਲਾਓ, ਪਲਾਓ ਗਰੀਬੋਂ ਕੋ
ਖੂਬ ਖੁਲਾਓ।[19]

ਸਤਿਗੁਰੂ ਹਰੀ ਸਿਘ ਗੋਰਿਆਂ ਦੀਆਂ ਝੂਠੀਆਂ ਖ਼ੁਸ਼ਾਮਦਾਂ ਤੋਂ ਬਾਖੂਬੀ ਵਾਕਿਫ਼ ਸਨ। ਉਹਨਾਂ ਅੰਗਰੇਜ਼ਾਂ ਦੀਆਂ ਜ਼ਾਬਰ ਤੇ ਕੂਟਨੀਤੀਆਂ ਦਾ ਸਵਾਦ ਚੱਖਿਆ ਹੋਇਆ ਸੀ। ਸਤਿਗੁਰੂ ਹਰੀ ਸਿੰਘ ਨੇ ਆਪਣੀ ਦੂਰ-ਦ੍ਰਿਸ਼ਟੀ ਤੋਂ ਕੰਮ ਲੈਂਦਿਆਂ ਬਿਪਤਾ ਤੇ ਔਖ ਦੇ ਸਮੇਂ ਵੀ ਉਹਨਾਂ ਤੋਂ ਮੁਰੱਬੇ ਲੈਣ ਤੋਂ ਇਨਕਾਰ ਕਰ ਦਿੱਤਾ। ਕਵੀ, ਸਤਿਗੁਰੂ ਹਰੀ ਸਿੰਘ ਜੀ ਦੀ ਰਾਜਨੀਤਕ ਸੂਝ ਬਾਰੇ ਇਉਂ ਫ਼ਰਮਾਉਂਦੇ ਸਨ :

"ਦੂਰ ਦੀ ਸੂਝ ਬੂਝ ਰੱਖਣ ਵਾਲੇ,
ਰਾਜਨੀਤੀ ਦੀ
ਸ਼ਤਰੰਜ ਦੇ ਆਲਾ ਖਿਡਾਰੀ,
ਕਦਮਾਂ ਨੂੰ ਫੂਕ ਫੂਕ ਰੱਖਣ ਵਾਲੇ
ਉਨ੍ਹਾਂ ਕੀਤੇ ਉਤ੍ਹਾਂ ਕਮਲ ਨੇਤਰ
ਮੱਠੇ ਜਿਹੇ ਬੁੱਲ੍ਹ ਫਰਕੇ :
"ਸਾਹਿਬ ਇਨ੍ਹਾਂ ਮੁਰੱਬਿਆਂ ਨਾਲ
ਲੰਗਰ ਨਹੀਂ ਚਲਦੇ
ਇਹ ਮੁਰੱਬੇ ਸਾਡੇ।
ਇਹ ਦੇਸ਼ ਸਾਡਾ।
ਇਹ ਖੇਤ ਸਾਡੇ।
ਇਹ ਭੋਏਂ ਲੈ ਮੈਂ ਨਹੀਂ ਸਿਧ ਕਰਨਾ ਕਿ ਬਾਕੀ ਦੇ
ਮਾਲਿਕ ਤੁਸੀਂ,
ਮੈਂ ਨਹੀਂ ਜਾਣਦਾ ਕਿਸੇ ਹੋਰ ਨੂੰ
ਮੇਰਾ ਅੰਨਦਾਤਾ
ਅਕਾਲ ਪੁਰਖ ਚੀਨੀ ਵਾਲਾ ਪਾਤਸ਼ਾਹ[20]

ਉਹ ਅੰਗਰੇਜ਼ਾਂ ਦਾ ਸਖ਼ਤ ਸ਼ਬਦਾਂ ਨਾਲ

Namdhari Elibrary NamdhariElibrary@gmail.com

ਨਹੀਂ ਨਿਮਰਤਾ ਨਾਲ ਟਾਕਰਾ ਕਰਦੇ ਸਨ। ਅੰਗਰੇਜ਼ ਹਕੂਮਤ ਨੇ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਪੁਲਿਸ ਚੌਂਕੀ ਬਿਠਾ ਕੇ ਸਤਿਗੁਰੂ ਹਰੀ ਸਿੰਘ ਮਹਾਰਾਜ ਨੂੰ ਵੀ ਹੱਦ ਬੰਦ ਕਰ ਦਿੱਤਾ ਹੋਇਆ ਸੀ। ਬਾਹਰੋਂ ਆਏ ਯਾਤਰੂ ਗਿਣਤੀ ਦੇ ਅੰਦਰ ਜਾਂਦੇ ਤੇ ਇਕ ਰਾਤ ਠਹਿਰ ਕੇ ਬਾਹਰ ਨਿਕਲਣ ਲਈ ਮਜ਼ਬੂਰ ਹੁੰਦੇ। ਕਾਫ਼ੀ ਦੇਰ ਬਾਅਦ ਸਤਿਗੁਰੂ ਹਰੀ ਸਿੰਘ ਨੂੰ ਇਕ ਸਾਲ ਵਿਚ ਇਕ ਮਹੀਨੇ ਲਈ ਦੌਰਾ ਕਰਨ ਦੀ ਛੁੱਟੀ ਮਿਲ ਗਈ। ਇਹ ਦੌਰੇ ਬੜੇ ਮਹਾਨਤਾ ਭਰੇ ਹੁੰਦੇ ਸਨ। 20 ਤੋਂ ਤੀਹ ਕੋਹ ਪੈਦਲ ਚੱਲ ਕੇ ਵੀ ਸੰਗਤਾਂ ਨੇ ਉਹਨਾਂ ਦੇ ਦਰਸ਼ਨਾਂ ਲਈ ਆਉਣਾ। ਅੰਤਮ ਉਮਰ ਵਿੱਚ ਜ਼ਿਲ੍ਹਾ ਗੁੱਜਰਾਂਵਾਲੇ ਦਾ ਦੌਰਾ ਕਰਨ ਲਈ ਸਤਿਗੁਰੂ ਜੀ ਨੂੰ ਅੰਗਰੇਜ਼ ਹਕੂਮਤ ਤੋਂ ਛੁੱਟੀ ਮਿਲ ਗਈ ਤਾਂ ਇਸ ਜ਼ਿਲ੍ਹੇ ਦੇ ਇੱਕ ਪਿੰਡ ਬੈਂਕੇ ਚੀਮੇ ਵਿੱਚ ਆਪ ਦਾ ਦੌਰਾ ਆਇਆ। ਦੌਰੇ ਵਿੱਚ ਕਾਫ਼ੀ ਸਿੰਘ ਤੇ ਮਾਈਆਂ ਆਪ ਜੀ ਨਾਲ ਆਈਆਂ। ਤਿੰਨ ਦਿਨਾਂ ਦੀ ਠਾਹਰ ਸਮੇਂ ਉੱਥੇ ਮੇਲੇ ਵਰਗਾ ਮਾਹੌਲ ਬਣਿਆ ਰਿਹਾ। ਸਤਿਗੁਰੂ ਹਰੀ ਸਿੰਘ ਬੁਹਤ ਕਰਕੇ ਆਪਣੇ ਮਸਤਕ ਦਾ ਧਿਆਨ ਨੀਵਾਂ ਹੀ ਰੱਖਦੇ ਹੁੰਦੇ ਸਨ।

ਜਿਤ ਵਲ
ਨਿਗਹ ਮੇਹਰ ਦੀ ਕਰਦੇ
ਜਾਨ ਜਿਸਮ ਵਿਚ ਪਾਵਕ।
ਇਸ ਥੀਂ ਜ਼ਿਆਦਾ ਹੋਰ ਪਵਿੱਤਰ।
ਆਵਾਗਵਨ ਮਿਟਾਵਨ।[21]

ਕੂਕਿਆਂ ਦੀ ਹੀ ਕੇਵਲ ਧਰਮ ਅਤੇ ਰਾਜਨੀਤਕ ਜਥੇਬੰਦੀ ਭਾਰਤ ਵਿਚ ਹੈ।ਇਸ ਲਹਿਰ ਨੇ ਅੰਗਰੇਜ਼ਾਂ ਨਾਲ ਕਿਸੇ ਵੀ ਸ਼ਰਤ ਤੇ ਸਮਝੌਤਾ ਕਰਨੋਂ ਇਨਕਾਰ ਕਰ ਦਿੱਤਾ। ਇਹਨਾ ਦਾ ਮੁੱਢਲਾ ਰਾਜਨੀਤਕ ਧਈਆ ਇਹੋ ਸੀ ਕਿ ਮਲੇਛਾਂ ਨੂੰ ਇਸ ਪਵਿੱਤਰ ਧਰਤੀ ਤੋਂ ਬਾਹਰ ਕੀਤਾ ਜਾਵੇ। ਧਰਮ ਨੂੰ ਰਾਜਨੀਤੀ ਤੋਂ ਅਲਹਿਦਾ ਨਹੀਂ ਕੀਤਾ ਜਾ ਸਕਦਾ, ਇਹੋ ਕੂਕਿਆਂ ਦਾ ਅਸਲ ਉਦੇਸ਼ ਸੀ। ਕਿਉਂਕਿ ਧਰਮ ਉਹ ਧੁਰਾ ਹੈ ਜਿਸਦੇ ਸਹਾਰੇ ਸਮਤੁਲਤਾ ਕਾਇਮ ਰਹਿੰਦੀ ਹੈ। ਧਰਮ-ਹੀਨ ਪੁਰਸ਼ ਸੁਆਰਥੀ ਹੁੰਦਾ ਹੈ। ਸਤਿਗੁਰੂ ਹਰੀ ਸਿੰਘ ਨੇ ਅਕਹਿ ਤੇ ਅਸਹਿ ਕਸ਼ਟ ਸਹਾਰੇ, ਮਗਰ ਕੂਕਿਆਂ ਨੂੰ ਧਰਮ ਦੇ ਪਾਸਿਓਂ ਢਿੱਲਾ ਨਾ ਹੋਣ ਦਿੱਤਾ ਸਗੋਂ ਉਸਦੀ ਗੰਢ ਨੂੰ ਹੋਰ ਪਕੇਰਾ ਤੇ ਪੀਡਾ ਕਰ ਦਿੱਤਾ।ਹਰ ਝੱਖੜਾਂ ਤੇ ਤੂਫਾਨਾਂ ਦਾ ਡੱਟ ਕੇ ਮੁਕਾਬਲਾ ਕੀਤਾ।

ਮਾਸਟਰ ਨਿਹਾਲ ਸਿੰਘ ਸਪੱਸ਼ਟੀਕਰਨ ਦਿੰਦੇ ਹੋਏ ਲਿਖਦੇ ਹਨ ਕਿ 'ਸੀਤਲਤਾ ਦਾ ਸ੍ਰੋਤ ਇਤਹਾਸ ਨਹੀਂ', ਵਿਸ਼ਾਲ ਇਤਿਹਾਸ ਵਿਚੋਂ ਕੇਵਲ ਇਤਿਹਾਸਕ ਝਾਕੀਆਂ ਅਥਵਾ ਗੁਰੂ ਮਹਿਮਾ ਦੇ ਕਣ ਹਨ ਅਤੇ ਨਾ ਹੀ ਇਹ ਕਵਿਤਾ ਹੈ, ਕੇਵਲ ਖ਼ਿਆਲ ਦਾ ਤ੍ਰੰਗ ਹੈ, ਜਿਸ ਨਾਲ ਧੀਰਜ, ਧੁਰੰਧਰ, ਧਰਮੀ ਤੇ ਸੀਤਲਤਾ ਦੇ ਪੁੰਜ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਨੂੰ ਛੂਹਣ ਦਾ ਨਿਗੂਣਾ ਯਤਨ ਕੀਤਾ ਹੈ।[22]

ਇਸ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਸਤਿਗੁਰੂ ਹਰੀ ਸਿੰਘ ਨਾਮਧਾਰੀ ਪੰਥ ਦੇ ਮੋਢੀ ਭਾਵੇਂ ਨਹੀਂ ਸਨ, ਪਰੰਤੂ ਨਾਮਧਾਰੀਆਂ ਦੇ ਢਹਿ ਚੁੱਕੇ ਮਹਿਲ ਦੇ ਉਸਰੱਈਏ ਤੇ ਨਾਮਧਾਰੀ ਲਹਿਰ ਦੇ ਸੁਚੇਤ ਮੁਹਾਣੇ ਸਨ।ਜਿਨ੍ਹਾਂ ਨੇ ਨਾਮਧਾਰੀਆਂ ਦੀ ਡੁੱਬਦੀ ਬੇੜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਟਿਕਾਣੇ ਲਾਇਆ ਤੇ ਨਾਮਧਾਰੀ ਸੰਗਤ ਨੂੰ ਭਜਨ ਬੰਦਗੀ ਤੇ ਲੰਗਰ ਦੀ ਮਹਿਮਾ ਤੋਂ ਜਾਣੂੰ ਕਰਵਾਇਆ।

1) ਮਾ. ਨਿਹਾਲ ਸਿਘ, ਸੀਤਲਤਾ ਦਾ ਸ੍ਰੋਤ, ਨਾਮਧਾਰੀ ਹਿਸਟਰੀ ਰੀਸਰਚ ਸੁਸਇਟੀ, ਸ੍ਰੀ ਜਵੀਨ ਨਰਗ, 1969, ਪੰਨਾ 13
2) ਸੀਤਲਤਾ ਦਾ ਸ੍ਰੋਤ, ਪੰਨਾ 37
3) ਸੀਤਲਤਾ ਦਾ ਸ੍ਰੋਤ, ਪੰਨਾ 45
4) ਸੀਤਲਤਾ ਦਾ ਸ੍ਰੋਤ, ਪੰਨਾ 50
5) ਸੀਤਲਤਾ ਦਾ ਸ੍ਰੋਤ, ਪੰਨਾ 54, 55
6) ਸੀਤਲਤਾ ਦੇ ਸ੍ਰੋਤ, ਪੰਨਾ 56
7) ਸੀਤਲਤਾ ਦੇ ਸ੍ਰੋਤ, ਪੰਨਾ 56
8) ਸੀਤਲਤਾ ਦੇ ਸ੍ਰੋਤ, ਪੰਨਾ 57
9) ਸੀਤਲਤਾ ਦਾ ਸ੍ਰੋਤ, ਪੰਨ 57
10) ਸੀਤਲਤਾ ਦੇ ਸ੍ਰੋਤ, ਪੰਨ 57
11) ਸੀਤਲਤਾ ਦਾ ਸ੍ਰੋਤ, ਪੰਨ 96
12) ਸੀਤਲਤਾ ਦਾ ਸ੍ਰੋਤ, ਪੰਨਾ 98
13) ਸੀਤਲਤਾ ਦਾ ਸ੍ਰੋਤ, ਪੰਨਾ 119
14) ਸ੍ਰੀ ਇੰਦਰ ਸਿੰਘ ਚਕ੍ਰਵਰਤੀ ਕੂਕਿਆਂ ਬਾਰੇ, ਪੰਨਾ 30
15) ਸੀਤਲਤਾ ਦਾ ਸ੍ਰੋਤ, ਪੰਨਾ 130
16) ਸੀਤਲਤਾ ਦੀ ਸ੍ਰੋਤ, ਪੰਨਾ 132
17) ਸੀਤਲਤਾ ਦਾ ਸ੍ਰੋਤ, ਪੰਨਾ 89
18) ਸੀਤਲਤਾ ਦਾ ਸ੍ਰੋਤ, ਪੰਨਾ 135
19) ਸੀਤਲਤਾ ਦਾ ਸ੍ਰੋਤ, ਪੰਨਾ 136
20) ਸੀਤਲਤਾ ਦਾ ਸ੍ਰੋਤ, ਪੰਨਾ 137
21) ਸੀਤਲਤਾ ਦਾ ਸ੍ਰੋਤ, ਪੰਨਾ 140
22) ਸੀਤਲਤਾ ਦਾ ਸ੍ਰੋਤ, ਪੰਨਾ 41

ਚੇਅਰ ਪਰਸਨ ਸਤਿਗੁਰੂ ਰਾਮ ਸਿੰਘ ਚੇਅਰ
ਸੈਂਟਰਲ ਯੂਨੀਵਰਸਟੀ ਪੰਜਾਬ, ਬਠਿੰਡਾ

Namdhari Elibrary NamdhariElibrary@gmail.com

ਸ੍ਰੀ ਗੁਰੂ ਹਰੀ ਸਿੰਘ ਜੀ ਦਾ ਅਚੰਭਿਆਂ ਭਰਿਆ ਜੀਵਨ ਬਿਰਤਾਂਤ

ਡਾ. ਗੋਪਾਲ ਸਿੰਘ ਬੁੱਟਰ

ਨਾਮਧਾਰੀ ਸੰਪਰਦਾਇ ਦੇ ਦੂਜੇ ਮੁਖੀ ਸ੍ਰੀ ਗੁਰੂ ਹਰੀ ਸਿੰਘ ਦੇ ਜੀਵਨ ਬਿਰਤਾਂਤ ਵੱਲ ਨਜ਼ਰ ਮਾਰਦਿਆਂ ਬਹੁਤ ਸਾਰੇ ਇਤਿਹਾਸਕ ਮੋੜ ਪਾਠਕ ਨੂੰ ਅਚੰਭਿਤ ਕਰ ਜਾਂਦੇ ਹਨ। ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਦੇ ਛੋਟੇ ਭਰਾ ਬਾਬਾ ਬੁੱਧ ਸਿੰਘ ਦਾ ਅੱਧੀ ਸਦੀ ਦਾ ਜੀਵਨ ਏਨਾ ਸਾਧਾਰਨ ਅਤੇ ਏਨਾ ਗੁੰਮਨਾਮੀ ਵਾਲਾ ਹੈ ਕਿ ਪਾਠਕ ਹੈਰਾਨ ਰਹਿ ਸਕਦਾ ਹੈ ਕਿ ਜਿਸ ਪੰਥ ਦੇ ਸਾਧਾਰਨ ਸੇਵਕ ਵੀ ਨਾਮਧਾਰੀ ਪੰਥ ਵਿਚ ਅਤੇ ਪੰਜਾਬ ਦੇ ਧਾਰਮਿਕ, ਸਮਾਜਿਕ ਤੇ ਰਾਜਸੀ ਖੇਤਰ ਵਿਚ ਚੰਗੀ ਪਛਾਣ ਬਣਾ ਚੁੱਕੇ ਸਨ, ਉਸ ਪੰਥ ਦੇ ਗੁਰੂ ਪਰਿਵਾਰ ਦਾ ਵਿਸ਼ੇਸ਼ ਮੈਂਬਰ, ਜਿਸ ਨੇ ਅੱਗੇ ਜਾ ਕੇ ਪੰਥ ਦੀ ਅਗਵਾਈ ਕਰਨੀ ਸੀ ਉਹ ਏਨੀ ਦੇਰ ਕਿਵੇਂ ਬੇ-ਪਛਾਣ ਰਿਹਾ। ਅਸੀਂ ਇੱਥੇ ਬਾਬਾ ਬੁੱਧ ਸਿੰਘ ਜੋ ਸਤਿਗੁਰੂ ਰਾਮ ਸਿੰਘ ਦੀ ਗ਼ੈਰ ਹਾਜ਼ਰੀ ਵਿਚ ਆਪਣੇ ਪੰਥ ਦੇ ਰੂਹਾਨੀ ਰਹਿਬਰ ਬਣਦੇ ਹਨ ਦੇ ਇਸ ਤਰ੍ਹਾਂ ਦੇ ਹੈਰਾਨ ਕਰਨ ਵਾਲੇ ਜੀਵਨ ਬਿਰਤਾਂਤਾਂ ਵਿੱਚੋਂ ਉੱਭਰਦਾ ਉਨ੍ਹਾਂ ਦਾ ਅਕਸ ਦੇਖਣ ਦੀ ਕੋਸ਼ਿਸ਼ ਕਰਾਂਗੇ।

ਨਿਰਸੰਦੇਹ ਸਤਿਗੁਰੂ ਰਾਮ ਸਿੰਘ ਜੀ ਬਹੁਤ ਵੱਡੇ ਧਾਰਮਿਕ ਆਗੂ, ਸਮਾਜ-ਸੇਵਕ, ਵਤਨ-ਪ੍ਰਸਤ ਅਤੇ ਅਲਬੇਲੀ ਤਬੀਅਤ ਦੇ ਮਾਲਕ, ਮਸਤਾਨੇ ਸਾਧੂ ਸਨ। ਪਰ ਉਨ੍ਹਾਂ ਦੇ ਅਧਿਆਤਮਕ ਪ੍ਰਚਾਰ ਦੇ ਪ੍ਰਭਾਵ ਹੇਠ ਬਹੁਤ ਜਲਦੀ ਹੀ ਸਿੱਖ ਸਮਾਜ ਦਾ ਬਹੁਤ ਵੱਡਾ ਹਿੱਸਾ ਆ ਗਿਆ। ਉਨ੍ਹਾਂ ਦੀ ਕਾਰਜਸ਼ੈਲੀ ਦੀ ਵਿਲੱਖਣਤਾ ਅਤੇ ਉਨ੍ਹਾਂ ਦੇ ਸਮਾਜ-ਸੁਧਾਰ ਅਤੇ ਰਾਜਸੀ ਵਿਚਾਰਾਂ ਤੋਂ ਜਨ-ਸਾਧਾਰਨ ਤੋਂ ਲੈ ਕੇ ਬਸਤੀਵਾਦੀ ਸਰਕਾਰ, ਉਸਦੇ ਕਰਿੰਦੇ ਅਤੇ ਖ਼ੈਰ ਖ਼ਵਾਹ ਆਪਣੇ ਆਪਣੇ ਢੰਗ ਨਾਲ ਪ੍ਰਭਾਵਿਤ ਹੋਏ। ਪਰੰਤੂ ਉਨ੍ਹਾਂ ਦੇ ਪਿਤਾ ਬਾਬਾ ਜੱਸਾ ਸਿੰਘ, ਮਾਤਾ ਸਦਾ ਕੌਰ ਤੇ ਛੋਟਾ ਭਰਾ ਬਾਬਾ ਬੁੱਧ ਸਿੰਘ ਆਪਣੇ ਜੱਦੀ ਕਿੱਤੇ ਨਾਲ ਹੀ ਸੰਬੰਧਿਤ ਰਹੇ। ਭਾਵੇਂ ਬਾਬਾ ਬੁੱਧ ਸਿੰਘ ਜੋ ਗੁਰਗੱਦੀ ਤੇ ਬੈਠਣ ਉਪਰੰਤ ਸਤਿਗੁਰੂ ਰਾਮ ਸਿੰਘ ਵੱਲੋਂ ਬਖ਼ਸ਼ੇ ਨਾਮ ਹਰੀ ਸਿੰਘ ਦੇ ਨਾਮ ਨਾਲ ਗੁਰੂ ਹਰੀ ਸਿੰਘ ਵੱਜੋਂ ਪ੍ਰਸਿੱਧ ਹੋਏ ਨੇ। 1857 ਈ. ਦੀ ਵਿਸਾਖੀ ਵਾਲੇ ਦਿਨ ਸਤਿਗੁਰੂ ਰਾਮ ਸਿੰਘ ਵੱਲੋਂ ਅੰਮ੍ਰਿਤ ਛਕਾ ਕੇ ਕੀਤੀ ਸੰਤ ਖ਼ਾਲਸੇ ਦੀ ਸਿਰਜਨਾ ਵੇਲੇ ਪਹਿਲੇ ਜਥੇ ਨਾਲ ਅੰਮ੍ਰਿਤ ਛਕਿਆ ਸੀ। ਪਰੰਤੂ ਉਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਨਾਲ ਇਸ ਲਹਿਰ ਦੇ ਪ੍ਰਚਾਰ ਪ੍ਰਸਾਰ ਦੇ ਕਾਰਜ ਨਾਲ ਜੁੜਨ ਦੀ ਥਾਂ ਸਾਧਾਰਨ ਵਿਅਕਤੀ ਵਾਂਗੂ ਆਪਣੇ ਪਿਤਾ ਨਾਲ ਖੇਤੀਬਾੜੀ ਦਾ ਕੰਮ ਕੀਤਾ। ਇਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਇਹ ਸੋਚ ਲਿਆ ਹੋਵੇ ਕਿ ਸਤਿਗੁਰੂ ਰਾਮ ਸਿੰਘ ਤਾਂ ਲੋਕ-ਕਲਿਆਣ ਲਈ ਆਏ ਹਨ। ਉਨ੍ਹਾਂ ਨੂੰ ਘਰੇਲੂ ਕਾਰ-ਵਿਹਾਰ ਤੋਂ ਮੁਕਤ ਰੱਖਿਆ ਜਾਵੇ ਤੇ ਘਰ ਪਰਿਵਾਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਆਪਣੇ ਸਿਰ ਲੈ ਲਈਆਂ ਜਾਣ। ਭੈਣੀ ਸਾਹਿਬ ਡੇਰੇ ਵਿਚ ਇਨ੍ਹਾਂ ਨੂੰ ਕੋਈ ਵਿਸ਼ੇਸ਼ ਅਧਿਕਾਰ ਹਾਸਿਲ ਨਹੀਂ ਸੀ। ਸਵਰਨ ਸਿੰਘ ਵਿਰਕ ਵਰਿਆਮ, ਅਕਤੂਬਰ 2006, ਸਤਿਗੁਰੂ ਹਰੀ ਸਿੰਘ ਅੰਕ ਵਿਚ ਛਪੇ ਆਪਣੇ ਲੇਖ, 'ਦਿਆਲ ਪੁਰਖ ਸਤਿਗੁਰੂ ਹਰੀ ਸਿੰਘ' ਅੰਕ ਦੇ ਪੰਨਾ 5-6 ਵਿਚ ਦੋ ਹੈਰਾਨ ਕਰਨ ਵਾਲੀਆਂ ਘਟਨਾਵਾਂ ਬਿਆਨ ਕਰਦੇ ਹਨ: 'ਅਣਗੌਲੇਪਣ ਦੀ ਵੀ ਕੋਈ ਹੱਦ ਹੁੰਦੀ ਹੋਵੇਗੀ। ਪਰ ਇੱਥੇ ਤੇ ਕੋਈ ਹੱਦ ਹੀ ਨਹੀਂ ਸੀ ਬਾਕੀ ਬਚੀ। ਬੁੱਧ ਸਿੰਘ ਖੇਤੀ ਕਾਰਜ ਕਰਦੇ ਸਨ। ਖੂਹ ਦੀ ਸਿੰਚਾਈ ਬੋਕੇ ਨਾਲ ਹੁੰਦੀ ਸੀ, ਜਿਸ ਨੂੰ ਖਿੱਚਣ ਲਈ ਆਪ ਨੇ ਡੇਰਾ ਭੈਣੀ ਸਾਹਿਬ ਦੀਆਂ ਲੱਜਾਂ ਲੈ ਲਈਆਂ। ਵੇਲੇ ਦੇ ਇਕ ਮੁਖਤਿਆਰ ਨੇ ਇਹ ਕਹਿ ਕੇ ਲੱਜਾਂ ਆਪਦੇ ਹੱਥੋਂ ਲੈ ਲਈਆਂ ਕਿ ਇਹ ਡੇਰੇ ਦੀਆਂ ਹਨ ਅਤੇ ਅਸੀਂ ਡੇਰੇ ਦੇ ਕੰਮ ਬਿਨਾਂ ਕਿਸੇ ਨੂੰ ਇਹ ਲੱਜਾਂ ਨਹੀਂ ਦਿੰਦੇ। ਸ਼ਾਇਦ ਭਾਈ ਲਈ ਅਪਮਾਨ ਭਰੇ ਇਸ ਵਤੀਰੇ ਕਾਰਨ ਹੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਘਟਨਾ ਬਾਅਦ ਹੁਕਮ ਲਾਇਆ ਕਿ ਹੁਣ ਹਲ ਛੱਡ ਦਿਉ। ਬਹੁਤ ਵਾਹ ਲਿਆ ਹੈ। ਪ੍ਰਸ਼ਾਦਾ ਲੰਗਰੋਂ ਛਕੋ ਅਤੇ ਨਾਮਬਾਣੀ ਵਿਚ ਜੁੱਟ ਜਾਓ। ਇਸ ਤੋਂ ਪਹਿਲਾਂ ਇਕ ਵੇਰ ਉੱਤਮ ਸਿੰਘ ਰਾਇਸਰੀਏ ਪਾਸ ਆਪ ਗਏ। ਉਸਦੇ ਨਗਰ ਵਿਚ ਜਾ ਕੇ ਸੁਨੇਹਾ ਇਹ ਭਿਜਵਾਇਆ ਕਿ ਇਕ ਲੁਹਾਰ ਸਿੰਘ ਤੁਹਾਨੂੰ ਮਿਲਣਾ ਚਾਹੁੰਦਾ ਹੈ। ਬਾਬਾ ਉੱਤਮ ਸਿੰਘ ਅਚੰਭਿਤ ਹੋਏ ਮਹਾਰਾਜ ਐਨੀ ਅਧੀਨਗੀ ਕਿਉਂ? ਤੁਸਾਂ ਆਪਣੀ ਪੂਰੀ ਪਹਿਚਾਣ ਕਿਉਂ ਨਹੀਂ

Namdhari Elibrary NamdhariElibrary@gmail.com

ਦੱਸ ਭੇਜੀ। ਜੁਆਬ ਦਿੱਤਾ ਕਿ ਸਾਰੀ ਮਹਿਮਾਂ ਤਾਂ ਸ੍ਰੀ ਸਤਿਗੁਰੂ ਜੀ ਦੀ ਹੀ ਹੈ। ਮੈਂ ਤਾਂ ਇਕ ਸਾਧਾਰਨ ਲੁਹਾਰ ਹੀ ਹਾਂ। ਮੈਂ ਸਤਿਗੁਰੂ ਜੀ ਦੇ ਜਲੌਅ ਦਾ, ਆਪਣੇ ਲਈ, ਆਪਣੀ ਹਸਤੀ ਦੇ ਉਲਟ, ਦੁਰਉਪਯੋਗ ਕਿਉਂ ਕਰਾਂ'?

ਸਤਿਗੁਰੂ ਰਾਮ ਸਿੰਘ ਦੀ ਜਲਾਵਤਨੀ ਦੀ 17-18 ਜਨਵਰੀ 1972 ਦੀ ਵਿਚਕਾਰਲੀ ਰਾਤ ਜਦ ਸਤਿਗੁਰੂ ਰਾਮ ਸਿੰਘ ਨੂੰ ਜਲਾਵਤਨੀ ਦੇ ਹੁਕਮ ਮਿਲੇ ਤਾਂ ਇਨ੍ਹਾਂ ਨੇ ਮਲੇਰ ਕੋਟਲੇ ਅਤੇ ਇਸ ਤੋਂ ਪਹਿਲਾਂ ਦੇ ਬੁੱਚੜਵੱਧ ਦਾ ਸਾਰਾ ਇਲਜ਼ਾਮ, ਆਪਣੇ ਸਿਰ ਲੈਣ ਦੀ ਗੱਲ ਕੀਤੀ। ਇਸ ਤੋ ਬਾਅਦ ਜਦ ਇਕ ਸੇਵਕ ਸਤਿਗੁਰੂ ਰਾਮ ਸਿੰਘ ਨੇ ਨਾਲ ਲਿਜਾਣਾ ਚਾਹਿਆ ਤਾਂ ਉਸ ਵੇਲੇ ਵੀ ਇਨ੍ਹਾਂ ਨੇ ਸਭ ਤੋਂ ਪਹਿਲਾਂ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ ਭਾਵੇਂ ਇਹ ਸੇਵਾ ਉਨ੍ਹਾਂ ਦੀ ਜਗ੍ਹਾ ਭਾਈ ਨਾਨੂੰ ਸਿੰਘ ਨੂੰ ਪ੍ਰਾਪਤ ਹੋਈ।

ਸੰਤ ਸੰਤੋਖ ਸਿੰਘ ਬਾਹੋਵਾਲ ਅਨੁਸਾਰ ਸਤਿਗੁਰੂ ਹਰੀ ਸਿੰਘ ਦੀ ਚੋਣ ਵੇਲੇ ਸਤਿਗੁਰੂ ਰਾਮ ਸਿੰਘ ਨੇ ਆਪਣੇ ਖ਼ਾਸ ਸੇਵਕਾਂ/ ਸੂਬਿਆਂ ਨੂੰ ਪੁੱਛਿਆ ਤਾਂ ਸਾਰਿਆਂ ਨੇ ਆਪਣੀ ਆਪਣੀ ਰਾਇ ਦਿੱਤੀ। ਜਦ ਇਨ੍ਹਾਂ ਨੂੰ ਪੰਥ ਦੇ ਪ੍ਰਮੁੱਖ ਵਜੋਂ ਸੇਵਾ ਕਰਨ ਲਈ ਚੁਣਨ ਦੀ ਗੱਲ ਚੱਲੀ ਤਾਂ ਕੁਝ ਇਤਰਾਜ਼ ਵੀ ਹੋਏ। ਏਥੇ ਇਸ ਪ੍ਰਸੰਗ ਵਿਚ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਨੇ ਆਪਣੇ ਪੰਥ ਨੂੰ ਕਿੰਨੀਆਂ ਲੋਕਤਾਂਤਰਿਕ ਸ਼ਕਤੀਆਂ ਬਖ਼ਸ਼ੀਆਂ ਸਨ। ਬਾਹੋਵਾਲ ਲਿਖਦੇ ਹਨ 'ਬਾਬੇ ਕਾਹਨ ਸਿੰਘ ਨੇ ਕਹਿਆ ਕਿ ਹੋਰ ਮੈਨੂੰ ਕੋਈ ਨਹੀਂ ਦਿਸਦਾ, ਜੋ ਏਸ ਕਾਰ ਨੂੰ ਤੋਰ ਲਵੇ। ਤੁਹਾਡਾ ਭਾਈ ਭਾਵੇਂ ਏਸ ਕਾਰ ਨੂੰ ਚਲਾਵੇ। ਹੋਰ ਕਿਸੇ ਜੀਵ ਕੀ ਸ਼ਕਤੀ ਨਹੀਂ। ਦੀਨ ਦਿਆਲ ਜੀ ਬਚਨ ਕੀਤਾ ਪ੍ਰਸੰਨ ਹੋਇ ਕੇ, ਸਾਡੀ ਭੀ ਏਹੋ ਹੀ ਰਾਇ ਸੀ ਕਿ ਓਹੀ ਚਲਾਵਨਗੇ। ਬਿੱਲੇ ਨੂੰ ਕਹਿ ਦੀਆ ਕਿ ਦੋ ਹੈਨ ਮੇਰੇ ਘਰ ਦੇ ਬਾਬਾ ਜੱਸਾ ਸਿੰਘ ਅਤੇ ਭਾਈ ਬੁੱਧ ਸਿੰਘ। ਬਾਬੇ ਜਵਾਹਰ ਸਿੰਘ ਅਤੇ ਹੋਰ ਸੂਬਿਆਂ ਨੇ ਸੁਣ ਕੇ ਕੋਲੋਂ ਕਹਾ ਜੀ ਘਰ ਵੰਨੇ ਨਿਗ੍ਹਾ ਕੀਤੀ ਹੈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਿ ਏਹੁ ਭਾਈ ਕੇ ਹੀ ਚੁਕਣੇ ਕਾ ਭਾਰ ਹੈ। ਏਹੁ ਕਾਰ ਏਸੇ ਕੇ ਚਲਾਵਣ ਕੀ ਹੈ। ਹੋਰ ਸੇ ਨਹੀਂ ਚੱਲ ਸਕਦੀ। ਤਾਂ ਏਹਨਾਂ ਨੂੰ ਬਖ਼ਸ਼ੀ ਹੈ। ਏਸ ਦਿਨ ਵਾਸਤੇ ਗੁਪਤ ਰੱਖਿਆ ਹੋਇਆ ਸੀ। ਜੇ ਆਗੇ ਪ੍ਰਗਟ ਹੋਇਆ ਹੁੰਦਾ ਤਾਂ ਮੇਰੇ ਨਾਲ ਹੀ ਫੜ ਲਿਆਉਂਦੇ। ਏਸੇ ਵਾਸਤੇ ਲੁਕਾਇਕੇ ਰੱਖਿਆ ਹੋਇਆ ਸੀ।' - (ਸੰਤ ਸੰਤੋਖ ਸਿੰਘ ਬਾਹੋਵਾਲ ਕ੍ਰਿਤ ਸਤਿਗੁਰੂ ਬਿਲਾਸ ਭਾਗ ਦੂਜਾ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਲੁਧਿਆਣਾ 2005 ਪੰਨੇ 22-23)। ਏਸੇ ਪੁਸਤਕ ਦੇ ਪੰਨਾ 87-88 ਵਿਚ ਸੰਤ ਬਾਹੋਵਾਲ ਸਤਿਗੁਰੂ ਰਾਮ ਸਿੰਘ ਦੀ ਬੇਟੀ ਅਤੇ ਸਤਿਗੁਰੂ ਹਰੀ ਸਿੰਘ ਦੀ ਭਤੀਜੀ, ਬੀਬੀ ਨੰਦਾ ਵੱਲੋਂ ਕੀਤੇ ਵਿਰੋਧ ਅਤੇ ਪਾਏ ਕਲੇਸ਼ ਦਾ ਵਰਨਣ ਮਿਲਦਾ ਹੈ। ਜਿੱਥੇ ਸਤਿਗੁਰੂ ਨੂੰ ਕੁੜੀ ਦੇ ਕਲੇਸ਼ ਤੋਂ ਬਚਣ ਲਈ ਭੁੱਖਣ ਭਾਣੇ ਰਹਿੰਦੇ ਦਰਸਾਇਆ ਗਿਆ ਹੈ। ਇਥੇ ਦੱਸਿਆ ਗਿਆ ਹੈ ਕਿ ਜਦ ਸਤਿਗੁਰੂ ਜੀ ਭੋਜਨ ਛਕਣ ਲੱਗਦੇ ਤਾਂ ਬੀਬੀ ਨੰਦਾ ਨੇ ਸਾਹਮਣੇ ਆ ਕੇ ਉੱਚੀ ਉੱਚੀ ਬੋਲ ਕੁਬੋਲ ਬੋਲਣ ਲੱਗ ਪੈਣਾ। ਜਦ ਉਨ੍ਹਾਂ ਨੇ ਖਾਣਾ ਛੱਡ ਦੇਣਾ ਤਾਂ ਉਸਨੇ ਚੁੱਪ ਕਰਕੇ ਆਪਣੇ ਕਮਰੇ ਵੱਲ ਚਲੇ ਜਾਣਾ। ਇਕ ਵੇਰ ਸੇਵਕ ਦੇ ਇਹ ਕਹਿਣ ਤੇ ਕਿ ਤੁਸੀਂ ਖਾਣਾ ਕਿਉਂ ਨਹੀਂ ਖਾਂਦੇ ਤਾਂ ਗੁਰੂ ਜੀ ਨੇ ਕਿਹਾ ਕਿ ਜੇ ਕੁੜੀ ਦੁਖੀ ਹੁੰਦੀ ਹੈ ਤਾਂ ਖਾਣਾ ਕੀ ਖਾਣਾ ਹੈ? ਇਸ ਅੰਦਰਲੇ ਵਿਰੋਧ ਦੇ ਨਾਲ ਨਾਲ ਬਰਤਾਨਵੀ ਸਾਮਰਾਜੀ ਸਰਕਾਰ ਦੇ ਦਮਨ ਦਾ ਕਹਿਰ ਸਤਿਗੁਰੂ ਰਾਮ ਸਿੰਘ ਦੇ ਦੌਰ ਨਾਲੋਂ ਵੀ ਜ਼ਿਆਦਾ ਖ਼ਤਰਨਾਕ ਹੋ ਗਿਆ। ਸਤਿਗੁਰੂ ਹਰੀ ਸਿੰਘ ਦੀਆਂ ਸਰਗਰਮੀਆਂ ਨੂੰ ਵੀ ਭੈਣੀ ਸਾਹਿਬ ਤੀਕਰ ਸੀਮਤ ਕਰ ਦਿੱਤਾ ਗਿਆ। ਡੇਰੇ ਦੇ ਬਾਹਰ ਪੁਲੀਸ ਤਾਇਨਾਤ ਕਰ ਦਿੱਤੀ ਗਈ। ਸੰਗਤ ਨੂੰ ਡੇਰੇ ਆਉਣ ਤੋ ਰੋਕਿਆ ਵਰਜਿਆ ਗਿਆ। ਸਤਿਗੁਰੂ ਰਾਮ ਸਿੰਘ ਦੇ ਸਾਥੀ ਸੂਬਿਆਂ ਤੇ ਸੇਵਕਾਂ 'ਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਇਸ ਦੌਰ ਦੇ ਸਰਕਾਰੀ ਦਮਨ ਚੱਕਰ ਅਤੇ ਸਰਕਾਰ ਦੇ ਪਾਲਤੂ ਮੁਖ਼ਬਰਾਂ ਦੀ ਕੋਸ਼ਿਸ਼ ਸੀ ਕਿ ਨਾਮਧਾਰੀ ਸੰਪਰਦਾਇ ਦਾ ਨਾਮ-ਓ-ਨਿਸ਼ਾਨ ਮਿਟਾ ਦਿੱਤਾ ਜਾਵੇ। ਪਰੰਤੂ ਨਾਮਧਾਰੀ ਸਿੱਖਾਂ ਦੀ ਆਪਣੇ ਗੁਰੂ ਵਿਚਲੀ ਅਕੀਦਤ ਤੇ ਡੂੰਘੇ ਵਿਸ਼ਵਾਸ ਦੀ ਸ਼ਕਤੀ ਅਤੇ ਸਤਿਗੁਰੂ ਹਰੀ ਸਿੰਘ ਦੀ ਦਿੱਬ-ਦ੍ਰਿਸ਼ਟੀ ਕਾਰਨ ਉਸ ਔਖੇ ਦੌਰ ਵਿਚ ਵੀ ਨਾਮਧਾਰੀ ਸੰਪਰਦਾਇ ਆਪਣੇ ਕਰਤੱਵ ਪ੍ਰਤੀ ਪੂਰੀ ਵਚਨ ਬੱਧਤਾ ਤੇ ਦ੍ਰਿੜਤਾ ਨਾਲ ਖੜ੍ਹੀ ਰਹੀ ਤੇ ਹੋਰ ਵਿਕਸਿਤ ਵੀ ਹੁੰਦੀ ਗਈ।

ਸਤਿਗੁਰੂ ਹਰੀ ਸਿੰਘ ਦੇ ਅਚੰਭਿਆਂ ਭਰੇ ਜੀਵਨ ਬਿਰਤਾਂਤ ਸੱਚਮੁੱਚ ਹੀ ਉਨ੍ਹਾਂ ਦੀ ਅਜ਼ਮਤ ਦਾ ਪ੍ਰਮਾਣ ਹਨ। ਲਗਪਗ ਅੱਧੀ ਸਦੀ ਇਕ ਸਾਧਾਰਨ ਵਿਅਕਤੀ ਵਜੋਂ ਕਿਸਾਨੀ ਨਾਲ ਜੁੜਿਆ ਵਿਅਕਤੀ ਇਕਦਮ ਹੀ ਰੂਹਾਨੀ ਧਾਰਮਿਕ ਸਮਾਜਿਕ ਅਤੇ ਰਾਜਸੀ ਬਾਰੀਕੀਆਂ ਨੂੰ ਸਮਝ ਕੇ ਉਚਿੱਤ ਫੈਸਲੇ ਲੈਣ ਦੇ ਸਮਰੱਥ ਕਿਸ ਤਰ੍ਹਾਂ ਹੋ ਸਕਦਾ ਹੈ। ਉਹ ਵੀ ਉਸ ਦੌਰ ਵਿਚ ਜਿਸ ਸਮੇਂ ਬਰਤਾਨਵੀ ਸਾਮਰਾਜ ਦੇ ਨਾਲ ਨਾਲ ਸਿੱਖ ਸਮਾਜ ਦੀ ਇਕ ਵੱਡੀ ਧਿਰ ਉਨ੍ਹਾਂ ਦਾ ਇਸ ਪੱਖ ਤੋਂ ਵਿਰੋਧ ਕਰ ਰਹੀ ਹੋਵੇ ਕਿ ਨਾਮਧਾਰੀ ਸ਼ਬਦ

Namdhari Elibrary NamdhariElibrary@gmail.com

ਗੁਰੂ ਦੀ ਥਾਂ ਦੇਹ ਧਾਰੀ ਗੁਰੂ ਵਿਚ ਆਸਥਾ ਰੱਖਦੇ ਹਨ।

ਸਤਿਗੁਰੂ ਹਰੀ ਸਿੰਘ ਨੇ ਸੰਤ ਖ਼ਾਲਸਾ ਪੰਥ ਦੇ ਬਾਨੀ ਸਤਿਗੁਰੂ ਰਾਮ ਸਿੰਘ ਵਾਂਗੂੰ ਹੀ ਬਰਤਾਨਵੀ ਸਾਮਰਾਜ ਦੇ ਵਿਰੋਧ ਦੀ ਨੀਤੀ ਨੂੰ ਜਾਰੀ ਰੱਖਦਿਆਂ ਨੇਪਾਲ ਤੇ ਕਸ਼ਮੀਰ ਦੇ ਸ਼ਾਸਕਾਂ ਨਾਲ ਸੰਬੰਧ ਬਣਾਉਣ ਦੇ ਵੱਡੇ ਉਪਰਾਲੇ ਕੀਤੇ। ਉਨ੍ਹਾਂ ਨੇ ਸੂਬਾ ਗੁਰਚਰਨ ਸਿੰਘ ਨੂੰ ਰੂਸ ਨਾਲ ਦੋਸਤਾਨਾ ਸੰਬੰਧ ਕਾਇਮ ਕਰਨ ਲਈ ਭੇਜਿਆ। ਇਸ ਸਮੇਂ ਰੂਸ ਨੇ ਕੇਂਦਰੀ ਏਸ਼ੀਆ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਸੀ ਅਤੇ ਸੰਨ 1866 ਈ. ਵਿਚ ਬੁਖ਼ਾਰੇ, 1868 ਈ. ਵਿਚ ਸਮਰਕੰਦ ਅਤੇ 1873 ਈ. ਵਿਚ ਤਾਸ਼ਕੰਦ ਵਿਚ ਆਪਣਾ ਅੱਡਾ ਕਾਇਮ ਕੀਤਾ ਸੀ। ਸੂਬਾ ਗੁਰਚਰਨ ਸਿੰਘ ਨੇ ਇਸ ਸਮੇਂ ਰੂਸੀ ਸਿਪਾਹੀ ਗ਼ੁਲਾਬ ਖਾਂ ਨੂੰ ਮਿਲ ਕੇ ਸਤਿਗੁਰੂ ਹਰੀ ਸਿੰਘ ਦੇ ਦੋ ਪੱਤਰ ਰੂਸ ਸਰਕਾਰ ਨੂੰ ਭੇਜਣ ਲਈ ਦਿੱਤੇ ਅਤੇ ਇਸ ਉਪਰੰਤ ਗੁਰਚਰਨ ਸਿੰਘ ਭੈਣੀ ਸਾਹਿਬ ਪਰਤ ਆਇਆ ਜੋ ਬਾਅਦ ਵਿਚ ਆਪਣੇ ਜੱਦੀ ਪਿੰਡ ਚੱਕ ਪਿਰਾਣਾ (ਚੱਕ ਰਾਮਦਾਸ) ਜ਼ਿਲ੍ਹਾ ਸਿਆਲਕੋਟ ਤੋਂ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਰੂਸੀ ਸਿਪਾਹੀ ਗ਼ੁਲਾਬ ਖ਼ਾਂ 3 ਜਨਵਰੀ 1881 ਈ. ਨੂੰ ਸਤਿਗੁਰੂ ਹਰੀ ਸਿੰਘ ਨੂੰ ਮਿਲਿਆ। ਸੂਬਾ ਗੁਰਚਰਨ ਸਿੰਘ ਦੀ ਗ੍ਰਿਫ਼ਤਾਰੀ ਤੋਂ ਬਾਦ ਉਸਦਾ ਕੰਮ ਸੂਬਾ ਬਿਸ਼ਨ ਸਿੰਘ ਨੂੰ ਸੌਂਪਿਆ ਗਿਆ। ਸੂਬਾ ਬਿਸ਼ਨ ਸਿੰਘ ਨੇ ਮਹਾਰਾਜਾ ਦਲੀਪ ਸਿੰਘ ਨੂੰ ਮਿਲ ਕੇ ਉਸ ਲਈ ਰੂਸ ਦੀ ਮਦਦ ਲੈਣੀ ਚਾਹੀ ਪਰ ਇਸ ਵਿਚ ਕੋਈ ਕਾਮਯਾਬੀ ਨਾ ਮਿਲੀ।

ਇਸ ਦੌਰਾਨ ਸਤਿਗੁਰੂ ਹਰੀ ਸਿੰਘ ਨੇ ਨਾਮਧਾਰੀ ਸੰਪਰਦਾਇ ਦੇ ਪ੍ਰਚਾਰ ਪ੍ਰਸਾਰ ਵੱਲ ਉਚੇਚਾ ਧਿਆਨ ਦਿੱਤਾ ਅਤੇ ਪੰਜਾਬ ਵਾਸੀ ਕੂਕਿਆਂ ਨੂੰ ਆਤਮਿਕ ਤੌਰ 'ਤੇ ਸੁਦ੍ਰਿੜ ਕਰਨ ਲਈ ਉਚੇਚਾ ਧਿਆਨ ਦਿੱਤਾ। ਸਤਿਗੁਰੂ ਹਰੀ ਸਿੰਘ ਦੇ ਆਖਰੀ ਦੌਰ ਵਿਚ ਸਰਕਾਰੀ ਦਮਨ ਚੱਕਰ ਵਿਚ ਵੀ ਢਿੱਲ ਆਉਣੀ ਸ਼ੁਰੂ ਹੋ ਗਈ। ਨਾਮਧਾਰੀ ਪੰਥ ਵਿਚ 'ਵੱਡੇ ਪਰਤਾਪਾਂ ਵਾਲੇ' ਦੇ ਨਾਮ ਨਾਲ ਜਾਣੇ ਜਾਂਦੇ ਆਪਦੇ ਵੱਡੇ ਸਪੁੱਤਰ ਅਤੇ ਪੰਥ ਦੇ ਅਗਲੇ ਰੂਹਾਨੀ ਗੁਰੂ, ਸਤਿਗੁਰੂ ਪਰਤਾਪ ਸਿੰਘ ਦੀ ਅਜ਼ਮਤ ਸਦਕਾ, ਸਤਿਗੁਰੂ ਹਰੀ ਸਿੰਘ ਵੱਲੋਂ ਸੰਭਾਲੇ ਸਤਿਗੁਰੂ ਰਾਮ ਸਿੰਘ ਦੇ ਨਾਮਧਾਰੀ ਪੰਥ ਨੇ ਹਰ ਲਿਹਾਜ਼ ਨਾਲ ਮਜ਼ਬੂਤ ਤੇ ਵਿਕਸਿਤ ਸੰਪਰਦਾਇ ਵਜੋਂ ਆਪਣੀ ਪਹਿਚਾਣ ਕਾਇਮ ਕੀਤੀ।

ਪੋਸਟ ਗਰੈਜੂਏਟ ਪੰਜਾਬੀ ਵਿਭਾਗ
ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ।
ਫੋਨ: 9915005814

ਗੁਰੂ ਹਰੀ ਸਿੰਘ ਜੀ

ਗੁਰਬਖਸ਼ ਸਿੰਘ ਹੰਸ

ਸਾਰੇ ਜੱਗ ਵਿਚ ਆ ਕੇ ਠੰਢ ਪਾਈਏ,
ਗੁਰੂ ਹਰੀ ਸਿੰਘ ਵਿੱਛੜੀ ਮਿਲਾਈਏ।
ਭਾਗਾਂ ਵਾਲਾ ਦਿਨ ਸੋਹਣਾ ਬੁੱਧਵਾਰ ਦਾ,
ਗੁਰੂ ਹਰੀ ਸਿੰਘ ਅਵਤਾਰ ਧਾਰਦਾ ।
ਸੰਗਤਾਂ ਨੇ ਰਲਕੇ ਖੁਸ਼ੀ ਮਨਾਈ ਏ,
ਗੁਰੂ ਹਰੀ ਸਿੰਘ ਵਿੱਛੜੀ ਮਿਲਾਈਏ।
ਅਰਸ਼ਾਂ ਦੀ ਮੂਰਤੀ ਧਰਾ ਤੇ ਆਈਏ,
ਗੁਰੂ ਹਰੀ ਸਿੰਘ ਵਿਛੜੀ ....

ਸਰੂ ਜਿਹਾ ਕੱਦ ਸੋਹਣਾ ਨੂਰੀ ਮੁੱਖੜਾ,
ਪਰਸ ਕੇ ਦਰਸ ਦੂਰ ਹੁੰਦਾ ਦੁੱਖੜਾ।
ਜੱਸਾ ਸਿੰਘ ਪਿਤਾ ਸਦਾ ਕੌਰ ਮਾਈ ਏ,
ਗੁਰ ਹਰੀ ਸਿੰਘ ....

ਬਾਗ਼ਾ ਨੇ ਵੀ ਹਾਰ ਤੇ ਸ਼ਿੰਗਾਰ ਲਾਏ ਨੇ,
ਗਣ ਤੇ ਗੰਧਰਬ ਜਸ ਗਾਣ ਆਏ ਨੇ ।
ਇੰਦਰ ਨੇ ਬਰਖਾ ਦੀ ਝੜੀ ਲਾਈ ਏ,
ਗੁਰੂ ਹਰੀ ਸਿੰਘ ....

ਨੂਰੋ ਨੂਰ ਸਾਰਾ ਹੀ ਜਹਾਨ ਹੋ ਗਿਆ,
ਪਾਪ ਅਪਰਾਧ ਜੱਗ ਤੇ ਖਲੋ ਗਿਆ ।
ਸੁਖਾਂ ਦੀ ਪ੍ਰਭਾਤ ਨਵਾਂ ਰੰਗ ਲਿਆਈਏ,
ਗੁਰੂ ਹਰੀ ਸਿੰਘ ....

Namdhari Elibrary NamdhariElibrary@gmail.com

ਜੋਤ ਕਾ ਜਾਮਾ ....ਜਿਨ ਟੁੱਟੀ ਲਈ ਮਿਲਾਇ॥

ਡਾ. ਗੁਲਜ਼ਾਰ ਸਿੰਘ ਪੰਧੇਰ

ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ 1857 ਦੀ ਪਹਿਲੀ ਜੰਗ-ਏ-ਆਜ਼ਾਦੀ ਕਾਮਯਾਬ ਨਾ ਹੋਈ। 1919 ਵਿਚ 13 ਅਪ੍ਰੈਲ ਨੂੰ ਜੱਲ੍ਹਿਆਂ ਵਾਲੇ ਬਾਗ ਦਾ ਖ਼ੂਨੀ ਸਾਕਾ ਵਾਪਰਦਾ ਹੈ। 1931 ਵਿਚ ਸ਼ਹੀਦ ਭਗਤ ਸਿੰਘ ਨੂੰ ਫਾਂਸੀ ਲਗਾਇਆ ਗਿਆ। ਵਿਚ ਵਿਚਾਲੇ ਵੀ ਹਿੰਦੋਸਤਾਨ ਤੇ ਖਾਸ ਕਰਕੇ ਪੰਜਾਬ ਸ਼ਾਂਤ ਨਹੀਂ ਸੀ। ਮਹਾਰਾਜਾ ਰਣਜੀਤ ਸਿੰਘ ਜੀ ਦਾ ਖਾਲਸਾ ਰਾਜ ਵਜੋਂ ਜਾਣਿਆਂ ਜਾਂਦਾ ਰਾਜ ਆਪਸੀ ਖ਼ੂਨ ਖਰਾਬੇ ਦਾ ਸ਼ਿਕਾਰ ਹੋ ਗਿਆ ਸੀ। ਸਿੱਖ ਗੁਰੂਆਂ ਦੀਆਂ ਮਨੁੱਖੀ ਅਜ਼ਾਦੀ ਅਤੇ ਹੱਕ ਸੱਚ ਇਨਸਾਫ ਲਈ ਪਾਈਆਂ ਅਮੀਰ ਰਵਾਇਤਾਂ ਦੇਸ਼ ਭਗਤਾਂ ਦੀ ਪ੍ਰੇਰਨਾ ਦਾ ਸੋਮਾ ਬਣਦੀਆਂ ਰਹੀਆਂ। ਸਿੰਘਾਂ ਤੇ ਫ਼ਰੰਗੀਆਂ ਦੀ ਜੰਗ ਸਮੇਂ ਸਿੰਘਾਂ ਦੀ ਇਖ਼ਲਾਕੀ ਗਿਰਾਵਟ ਕਾਰਨ ਨਿਰਾਸ਼ ਹੋ ਕੇ ਆਪਣੇ ਹਥਿਆਰ ਸਤਲੁਜ ਦਰਿਆ ਵਿਚ ਸੁੱਟ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵਾਪਸ ਭੈਣੀ ਸਾਹਿਬ ਆ ਗਏ ਸੀ। 1845 ਤੋਂ ਬਾਅਦ 1863 ਤੱਕ ਉਹਨਾਂ ਨੇ ਸਿੱਖੀ ਅਸੂਲਾਂ ਨੂੰ ਪੁਨਰ ਸੁਰਜੀਤ ਕਰਨ ਦਾ ਉਪਰਾਲਾ ਕਰਦਿਆਂ ਅੰਗਰੇਜ਼ ਰਾਜ ਦੇ ਵਪਾਰੀ ਪੈਂਤੜੇ ਨੂੰ ਸਮਝਦਿਆਂ ਉਹਨਾਂ ਵਲੋਂ ਆਈਆਂ ਚੀਜ਼ਾਂ ਵਸਤਾਂ ਦੇ ਬਾਈਕਾਟ ਦਾ ਸੱਦਾ ਦੇ ਕੇ ਸ਼ਾਂਤੀ ਪੂਰਬਕ ਵਿਰੋਧ ਸ਼ੁਰੂ ਕਰ ਦਿੱਤਾ ਸੀ। ਉਹਨਾਂ ਦੇ ਨਾਮ ਸਿਮਰਨ ਦੀ ਸੁਚੱਜੀ ਜੁਗਤ ਨੇ ਜਲਦੀ ਹੀ ਲੱਖਾਂ ਨਾਮਧਾਰੀਆਂ ਦਾ 'ਸੰਤ ਖਾਲਸਾ' ਉਸਾਰ ਲਿਆ। ਚੀਜ਼ਾਂ ਦੇ ਬਾਈਕਾਟ ਨਾਲ ਅੰਗਰੇਜ਼ਾਂ ਦੇ ਵਪਾਰੀ ਸਾਮਰਾਜ ਨੂੰ ਲੱਖਾਂ ਦੇ ਘਾਟੇ ਪੈਣੇ ਸ਼ੁਰੂ ਹੋ ਗਏ।

ਇਹ ਪੰਥ ਖਾਲਸਾ ਸਿੱਖੀ ਸਿਧਾਂਤਾਂ ਤੋਂ ਪ੍ਰੇਰਨਾ ਲੈ ਕੇ ਗਊ ਗਰੀਬ ਦੀ ਰੱਖਿਆ ਦਾ ਜ਼ਿੰਮਾ ਆਪਣੇ ਸਿਰ ਲੈਣ ਲੱਗਿਆ। ਇਸਦਾ ਸਿਖ਼ਰ ਮਲੇਰਕੋਟਲੇ ਦੇ ਰੜ ਦੇ ਸਥਾਨ ਤੇ 66 (ਕੂਕਿਆਂ) ਨਾਮਧਾਰੀਆਂ ਦੀਆਂ ਦੰਦ ਜੋੜ ਦੇਣ ਵਾਲੀਆਂ ਕੁਰਬਾਨੀਆਂ ਸੀ। ਇਸ ਲਹਿਰ ਦੇ ਦ੍ਰਿੜ ਵਿਸ਼ਵਾਸੀ, ਅਨੁਸ਼ਾਸਨ ਅਤੇ ਸਿਰਲੱਥ ਸੁਭਾ ਨੂੰ ਭਾਂਪ ਕੇ ਅੰਗਰੇਜ਼ ਹਾਕਮ ਵੱਡਾ ਖਤਰਾ ਸਮਝਦਿਆਂ ਤ੍ਰਹਿਣ ਲੱਗ ਪਏ ਸਨ। ਸਤਿਗੁਰੂ ਰਾਮ ਸਿੰਘ ਜੀ ਨੇ ਜੂਨ 1863 ਵਿਚ ਬੀਬੀਆਂ ਨੂੰ (ਮੇਰੇ ਪਿੰਡ ਸਿਆੜ੍ਹ ਵਿਖੇ) ਅੰਮ੍ਰਿਤ ਛਕਾ ਕੇ ਲਹਿਰ ਵਿਚ ਬਰਾਬਰ ਕਰ ਲਿਆ ਸੀ। ਸਧਾਰਨ ਪਿੰਡ ਅਤੇ ਸਧਾਰਨ ਪਰਿਵਾਰ ਵਿਚ ਪੈਦਾ ਹੋਈ ਇਸ ਲਹਿਰ ਦਾ ਸੁਭਾ ਲੋਕ-ਪੱਖੀ ਸੀ। ਖ਼ਤਰਾ ਭਾਂਪਦਿਆਂ 18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦਿੱਤਾ ਗਿਆ ਅਤੇ ਭੈਣੀ ਸਾਹਿਬ ਵਿਖੇ ਪੁਲਿਸ ਚੌਂਕੀ ਬਿਠਾ ਦਿੱਤੀ ਗਈ। ਜੋ ਲਗਾਤਾਰ 51 ਸਾਲ (1872 ਤੋਂ 12 ਮਈ 1923 ਤੱਕ) ਬੈਠੀ ਰਹੀ। ਪਿੰਡਾਂ ਵਿਚ ਨਾਮਧਾਰੀਆਂ ਦੀ ਹਾਜ਼ਰੀ ਲੱਗਦੀ। ਜ਼ਬਰ, ਜ਼ੁਲਮ, ਬਾਗ਼ੀ ਅਤੇ ਦੇਸ਼ ਧਰੋਹੀ ਸਮਝ ਕੇ ਸਜ਼ਾਵਾਂ ਦਿੱਤੀਆਂ ਜਾਣ ਲੱਗੀਆਂ।

ਅਜਿਹੇ ਸਮੇਂ ਜਦੋਂ ਲਹਿਰ ਨੇਤਾ ਰਹਿਤ ਹੋਣ ਲੱਗੀ ਤਾਂ ਲਾਜ਼ਮੀ ਤੌਰ ਤੇ ਸੁਚੱਜੀ ਅਗਵਾਈ ਦੀ ਜ਼ਰੂਰਤ ਸੀ। ਤਿੰਨ ਸਾਲਾਂ ਬਾਅਦ ਜਨਵਰੀ 1875 ਵਿੱਚ ਬਾਬਾ ਦਰਬਾਰਾ ਸਿੰਘ ਰਾਇਪੁਰੀਆ, ਬਾਰਬਟਨ ਦੀ ਮੇਮ ਤੋਂ ਸਤਿਗੁਰੂ ਜੀ ਦਾ ਰੰਗੂਨ ਹੋਣਾ ਸੁਣ ਕੇ, ਮਹਾਰਾਜ ਬੁੱਧ ਸਿੰਘ ਜੀ ਤੋਂ ਆਗਿਆ ਲੈ ਕੇ ਰੰਗੂਨ ਪੁੱਜਿਆ। ਕਈ ਦਿਨ ਸਤਿਗੁਰੂ ਜੀ ਦੇ ਦਰਸ਼ਨ ਦੀਦਾਰ, ਬਚਨ ਬਿਲਾਸ ਉਹਨਾਂ ਦੇ ਬੱਘੀ ਤੇ ਸੈਰ ਕਰਦਿਆਂ ਨਾਲ ਕੀਤੇ। ਸ੍ਰੀ ਭੈਣੀ ਸਾਹਿਬ, ਮਹਾਰਾਜ ਬੁੱਧ ਸਿੰਘ ਜੀ ਤੇ ਸਾਰੇ ਨਾਮਧਾਰੀ ਪੰਥ ਦੇ ਸਮਾਚਾਰ ਸਖ਼ਤੀਆਂ ਪਾਬੰਦੀਆਂ ਬਾਰੇ ਦੱਸੇ। ਉਹ ਆਉਂਦਾ ਹੋਇਆ ਸਤਿਗੁਰੂ ਜੀ ਤੋਂ ਇੱਕ ਹੁਕਮਨਾਮਾ ਆਪ ਜੀ ਦਾ ਹਸਤ ਲਿਖਤ ਲੈ ਕੇ ਆਇਆ, ਜਿਸ ਨੂੰ ਭੈਣੀ ਸਾਹਿਬ ਪੜ੍ਹਨ ਪਿੱਛੋਂ ਜਲ ਜਾਂ ਅਗਨੀ ਵਿਚ ਨਸ਼ਟ ਕਰ ਦੇਣ ਦਾ ਹੁਕਮ ਸੀ। ਇਸ ਹੁਕਮਨਾਮੇ ਨੇ ਮਹਾਰਾਜ ਬੁੱਧ ਸਿੰਘ ਜੀ ਨੂੰ ਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਨਾਮਧਾਰੀ ਪੰਥ ਦੀ ਅਧਿਆਤਮਕ ਗੱਦੀ ਤੇ ਸਥਾਪਿਤ ਕਰ ਦਿੱਤਾ।[2] ਲਹਿਰ ਨੂੰ ਹਰੀ ਰੱਖਣ ਭਾਵ ਲਗਾਤਾਰਤਾ ਵਿਚ ਜਾਰੀ ਰੱਖਣ ਦਾ ਇਸ਼ਾਰਾ ਸੀ। ਇਕ ਹੋਰ ਹਵਾਲੇ ਅਨੁਸਾਰ ਹੁਕਮਨਾਮੇ ਵਿਚ ਲਿਖਿਆ ਸੀ, ਬੁੱਧ ਸਿੰਘ ਦਾ ਨਾਮ ਹਰੀ ਸਿੰਘ ਹੋਇਆ, ਇਸ ਨੂੰ ਸਿਰ ਕਰਤਾ ਜਾਨਣਾ, ਸਿੱਖੀ ਨੂੰ ਹਰੀ ਰੱਖੇਗਾ, ਮੇਰੇ ਧੱਕੇ ਨੂੰ ਇਹ ਬਖ਼ਸ਼ ਲਏਗਾ, ਇਸ ਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ਾਂਗਾ ।[3] ਇਸ ਤੋਂ

Namdhari Elibrary NamdhariElibrary@gmail.com

ਪਿੱਛੋਂ ਨਾਮਧਾਰੀ ਪੰਥ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ 'ਜੋਤ ਕਾ ਜਾਮਾ......ਜਿਨ ਟੁੱਟੀ ਲਈ ਮਿਲਾਇ' ਮੰਨ ਲਿਆ ਤੇ ਅੰਗਰੇਜ਼ ਦੇ ਘੋਰ ਜ਼ੁਲਮ ਜ਼ਬਰ ਤੇ ਸੰਕਟ ਦੇ ਸਮੇਂ ਉਹਨਾਂ ਦੀ ਅਗਵਾਈ ਕਬੂਲੀ। ਇਸ ਸਾਰੇ ਸੰਦਰਭ ਤੋਂ ਇਕ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੀ ਇਸ ਸੰਕਟ ਮਈ ਸਮੇਂ ਵਿਚ ਸੰਗਰਾਮ ਨੂੰ ਜਾਰੀ ਰੱਖਣ ਦੀ ਅਹਿਮ ਇਤਿਹਾਸਕ ਭੂਮਿਕਾ ਰਹੀ ਹੈ। ਪਰ ਕਾਰਨ ਰਾਜਸੀ ਸਖਤੀ ਵੀ ਹੋ ਸਕਦਾ ਹੈ ਕਿ ਇਹਨਾਂ ਦੀ ਜੀਵਨ ਗਾਥਾ ਸਾਡੀ ਸਧਾਰਨ ਜਨਤਾ ਅਤੇ ਅਜੋਕੀ ਪੀੜ੍ਹੀ ਦੇ ਸੰਸਮਰਣ ਦਾ ਹਿੱਸਾ ਉਸ ਪੱਧਰ ਤੇ ਨਹੀਂ ਬਣ ਸਕੀ। ਅੰਗਰੇਜ਼ ਸਖਤੀਆਂ ਕਾਰਨ ਕਾਫ਼ੀ ਸਾਰਾ ਸੁਨਹਿਰੀ ਇਤਿਹਾਸ ਗੁੰਮ ਗੁਆਚ ਗਿਆ। ਪਰ ਫੇਰ ਵੀ ਇਹ ਵਡਮੁੱਲਾ ਇਤਿਹਾਸਿਕ ਕਾਰਜ ਸੰਤ ਸੰਤੋਖ ਸਿੰਘ ਜੀ ਬਾਹੋਵਾਲ ਨੇ ਕੀਤਾ। ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ, ਨਾਮ ਬਾਣੀ ਦਾ ਨਿਤਨੇਮ ਕਰਕੇ ਗੋਹੇ ਕੂੜੇ ਦੀ ਸੇਵਾ ਕਰਨੀ ਤੇ ਫੇਰ 'ਗੁਰੂ-ਜੱਸ' ਲਿਖਣਾ, ਸੰਤਾਂ ਦਾ ਨਿੱਤ-ਕਰਮ ਸੀ। ਸਿੱਖਾਂ ਨੂੰ ਉਹਨਾਂ ਲੁੱਕ-ਲੁਕਾ ਕੇ ਮਿਲਣਾ। ਪੁਲਿਸ ਤੋਂ ਚੋਰੀ ਸਿੱਖਾਂ ਦੀਆਂ ਦੱਸੀਆਂ ਗੱਲਾਂ ਲਿਖ ਲੈਣੀਆਂ ਤਾਂ ਕਿ ਕਿਸੇ ਨੂੰ ਪਤਾ ਨਾ ਲੱਗ ਜਾਏ।[4] ਇਸ ਤੋਂ ਸਾਬਤ ਹੁੰਦਾ ਹੈ ਕਿ ਕਿਵੇਂ ਇਕ ਸਾਧਾਰਨ ਪਰਿਵਾਰ ਵਿਚੋਂ ਉੱਠੀ ਲਹਿਰ ਨੂੰ ਸੰਭਾਲਣ ਵਾਲੇ ਵੀ ਸਮਾਜ ਦੀ ਜ਼ਮੀਨ ਨਾਲ ਜੁੜੀਆਂ ਤਹਿਆਂ ਵਿਚੋਂ ਹੀ ਸਨ। ਇਸ ਤੋਂ ਵੀ ਲਹਿਰ ਦੇ ਵਧੇਰੇ ਲੋਕ-ਪੱਖੀ ਹੋਣ ਦੀ ਕਨਸੋਅ ਮਿਲਦੀ ਹੈ। ਅਜਿਹੇ ਕਿਰਤੀ ਲੋਕ ਵੱਡ ਅਕਾਰੀ ਸਤਿਗੁਰੂ ਬਿਲਾਸ ਦੀ ਰਚਨਾ ਕਰਦੇ ਹਨ ਤਾਂ ਲਾਜ਼ਮੀਂ ਤੌਰ ਤੇ ਇਹ ਲਿਖਾਰੀ ਪੁਣਾ ਉਹਨਾਂ ਦਾ ਮਨਪਰਚਾਊ ਸ਼ੌਂਕ ਨਹੀਂ, ਸਗੋਂ ਆਪਣੇ ਆਪ ਵਿਚ ਹੀ ਸੰਗਰਾਮੀ ਕਾਰਜ ਸੀ। ਇਸ ਪਿੱਛੋਂ ਕਿਰਪਾਲ ਸਿੰਘ ਕਸੇਲ ਜੀ ਨੇ ਵੀ ਤਿੰਨ ਵੱਡ ਅਕਾਰੀ ਭਾਗਾਂ ਵਿਚ 'ਤਵਾਰੀਖ਼ ਸੰਤ ਖਾਲਸਾ' ਲਿਖਿਆ ਹੈ। ਸੁਵਰਨ ਸਿੰਘ ਵਿਰਕ ਜੀ ਦਾ 'ਕੂਕਾ ਲਹਿਰ ਦੇ ਅਮਰ ਨਾਇਕ' ਦੋ ਭਾਗਾਂ ਵਿਚ ਅਜੋਕੇ ਸਮੇਂ ਵਿਚ ਵੱਡੇ ਮਹਤੱਵ ਵਾਲਾ ਸੋਹਣੀ ਵਾਰਤਕ ਵਿਚ ਕੀਤਾ ਖੋਜ ਕਾਰਜ ਹੈ, ਅਜੇ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਤਿਗੁਰੂ ਹਰੀ ਸਿੰਘ ਜੀ ਦੇ ਜੀਵਨ ਸੰਬੰਧੀ ਹੋਰ ਵਧੇਰੇ ਖੋਜ ਕੀਤੀ ਜਾਣੀ ਬਣਦੀ ਹੈ ਤਾਂ ਕਿ ਉਹਨਾਂ ਦੀ ਇਤਿਹਾਸਿਕ ਮਹਤੱਤਾ ਸਾਡੀਆਂ ਆਉਣ ਵਾਲੀਆਂ ਪੀੜੀਆਂ ਦੀ ਪ੍ਰੇਰਣਾ ਦਾ ਹਿੱਸਾ ਬਣ ਸਕੇ।

ਨਾਮਧਾਰੀ ਪੰਥ ਦੀ ਵਾਗਡੋਰ ਸੰਭਾਲਣ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਬਹੁਤਾ ਕਿਸੇ ਕਿਸਮ ਦੀ ਰਾਜਨੀਤਕ ਪ੍ਰਕਿਰਿਆ ਵਿਚ ਨਹੀਂ ਸੀ ਪਾਇਆ। ਹਾਲਾਂਕਿ ਉਹ ਅਪ੍ਰਗਟ ਰੂਪ ਵਿਚ ਤਾਂ ਪੰਥ ਵਿਚ ਇਸ ਦੀ ਸਥਾਪਨਾ ਦੇ ਸਮੇਂ ਤੋਂ ਹੀ ਸ਼ਾਮਿਲ ਸਨ। ਪਰ ਭਾਵੀ ਰਣਨੀਤੀ ਵਿਚਾਰ ਕੇ ਸਤਿਗੁਰੂ ਜੀ ਉਹਨਾਂ ਨੂੰ ਆਪਣੇ ਪੰਥ ਵਿਚ ਕੋਈ ਆਗੂ ਰੋਲ ਦੇਣ ਦੀ ਬਜਾਏ, ਉਹਨਾਂ ਨੂੰ ਆਪਣੇ ਧੰਦੇ ਦੇ ਆਵਰਣ ਵਿਚ ਕੱਜ ਕੇ, ਇਕ ਤਰ੍ਹਾਂ ਲੁਕਾ ਕੇ ਵੇਖ ਰਹੇ ਸਨ। ਇਹ ਉਹਨਾਂ ਦੀ ਬੁੱਧ ਸਿੰਘ ਬਾਰੇ ਦੂਰ ਦਰਿਸ਼ਟਤਾ ਸੀ।[5] ਜਿਸਦਾ ਜ਼ਿਕਰ ਮਹਾਰਾਜ ਬੁੱਧ ਸਿੰਘ ਕਈ ਥਾਵਾਂ ਤੇ ਕਰਦੇ ਸਨ। ਉੱਝ ਇਸ਼ਾਰੇ ਮਾਤ੍ਰ ਗੋਲੀ ਦੂਹਾਂ ਦੁਆਰਾ ਚੁੱਕਣ ਵਾਲੀ ਘਟਨਾ ਅਤੇ ਜਲਾਵਤਨ ਤੋਂ ਬਾਅਦ ਚਾਬੀਆਂ ਭੇਜਣ ਵਾਲੀ ਘਟਨਾ ਇਸ਼ਾਰਾ ਕਰ ਜਾਂਦੀਆਂ ਹਨ।

ਪਰਿਵਾਰਕ ਕੁਰਸੀ ਨਾਮੇ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਪਿਤਾ ਜੱਸਾ ਸਿੰਘ ਅਤੇ ਮਾਤਾ ਸਦਾ ਕੌਰ ਦੇ ਸਤਿਗੁਰੂ ਰਾਮ ਸਿੰਘ ਜੀ ਤੋਂ ਕ੍ਰੀਬ ਚਾਰ ਸਾਲ ਬਾਅਦ ਜਨਮੇ ਛੋਟੇ ਸਪੁੱਤਰ ਸਨ। ਸਤਿਗੁਰੂ ਰਾਮ ਸਿੰਘ ਅਤੇ ਉਹਨਾਂ ਦੀ ਸੁਪਤਨੀ ਮਾਤਾ ਜੱਸਾਂ ਜੀ ਦੀਆਂ ਦੋ ਬੇਟੀਆਂ ਬੀਬੀ ਨੰਦ ਕੌਰ ਅਤੇ ਬੀਬੀ ਦਯਾ ਕੌਰ ਸਨ। ਸਤਿਗੁਰੂ ਹਰੀ ਸਿੰਘ ਜੀ ਦੀਆਂ ਤਿੰਨ ਸੁਪਤਨੀਆਂ ਬੀਬੀ ਸਾਹਿਬ ਕੌਰ, ਬੀਬੀ ਜੀਵਨ ਕੌਰ ਤੇ ਬੀਬੀ ਫਤਹਿ ਕੌਰ ਸਨ। ਜਿਹਨਾਂ ਤੋਂ ਫਤਹਿ ਕੌਰ ਦੇ ਸਪੁੱਤਰ ਮਹਾਰਾਜ ਜੰਗ ਸਿੰਘ, ਸਾਹਿਬ ਕੌਰ ਤੋਂ ਮਹਿਤਾਬ ਕੌਰ ਤੇ ਭਾਗੋ ਅਤੇ ਜੀਵਨ ਕੌਰ ਦੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਜੀ, ਮਹਾਰਾਜ ਨਿਹਾਲ ਸਿੰਘ ਜੀ ਅਤੇ ਮਹਾਰਾਜ ਗੁਰਦਿਆਲ ਸਿੰਘ ਜੀ ਸਨ।[6] ਬੀਬੀ ਨੰਦਾਂ ਦਾ ਵਿਹਾਰ ਸਤਿਗੁਰੂ ਹਰੀ ਸਿੰਘ ਜੀ ਪ੍ਰਤੀ ਬਹੁਤਾ ਚੰਗਾ ਨਹੀਂ ਸੀ ਪਰ ਸਤਿਗੁਰੂ ਜੀ ਹਕੂਮਤੀ ਜ਼ਬਰ ਸਿੰਘਾਂ ਤੇ ਚਲਿਆ ਦਮਨ ਚੱਕਰ ਅਤੇ ਪਰਿਵਾਰਿਕ ਸੰਕਟ ਨੂੰ ਬੜੇ ਸਿਦਕ ਠਰੰਮੇ ਤੇ ਗੰਭੀਰਤਾ ਨਾਲ ਸਹਾਰ ਕੇ ਸੰਕਟਮਈ ਸਮੇਂ ਵਿਚੋਂ ਪਾਰ ਹੋ ਕੇ ਨਿਕਲੇ। ਅੰਗ੍ਰੇਜ਼ ਦੋਸ਼ ਲਾਉਂਦਾ ਸੀ ਕਿ ਪਾਠ ਕਰਨ ਸਮੇਂ ਨਾਮਧਾਰੀ ਅੰਗ੍ਰੇਜ਼ਾਂ ਦੇ ਖਿਲਾਫ ਅਰਦਾਸ ਕਰਦੇ ਹਨ ਤੇ ਅਖੰਡ ਪਾਠਾਂ ਤੇ ਜਾਂ ਨਾਮਧਾਰੀਆਂ ਦੇ ਇਕੱਤਰ ਹੋਣ ਤੇ ਵੀ ਪਾਬੰਦੀਆਂ ਲਾਈਆਂ। ਪਰ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਅਖੰਡ ਪਾਠ ਜਾਰੀ ਰਹੇ ਅਤੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਗਈ ਲੰਗਰ ਦੀ ਪ੍ਰਥਾ ਸੰਕਟ ਸਮਿਆਂ ਵਿਚ ਵੀ ਜਾਰੀ ਰਹੀ। ਵਿੱਤੀ ਸੰਕਟ ਸਮੇਂ ਜੋ 6000 ਰੁਪੈ ਤਬੇਲੇ ਵਿਚ ਦਬਾ ਕੇ ਰੱਖੇ ਹੋਏ ਸਨ, ਉਹ ਵੀ ਕੱਢਕੇ ਲੰਗਰ ਵਿਚ ਪਾ ਦਿੱਤੇ ਗਏ।[5]

Namdhari Elibrary NamdhariElibrary@gmail.com

ਭਰੋਸਾ ਰੱਖਿਆ ਕਿ ਲੰਗਰ ਸਤਿਗੁਰੂ ਜੀ ਆਪ ਚਲਾਉਣਗੇ। ਇਕ ਮੌਕੇ ਵਿੱਤੀ ਸੰਕਟ ਨੂੰ ਕਮਜ਼ੋਰੀ ਸਮਝਦਿਆਂ ਅੰਗ੍ਰੇਜ਼ੀ ਸਰਕਾਰ ਨੇ 100 ਮੁਰੱਬੇ ਜਮੀਨ ਲੰਗਰ ਦੇ ਨਾਂ ਲਾਉਣ ਦੀ ਪੇਸਕਸ਼ ਕੀਤੀ ਤਾਂ ਸਤਿਗੁਰੂ ਜੀ ਨੇ ਸਰਕਾਰ ਦੀ ਪੇਸਕਸ਼ ਠੁਕਰਾਉਂਦੇ ਹੋਏ ਇਹ ਕਿਹਾ ਕਿ ਸਾਰਾ ਦੇਸ਼ ਹੀ ਸਾਡਾ ਹੈ, ਆਜ਼ਾਦੀ ਦੇ ਚੁੱਕੇ ਝੰਡੇ ਨੂੰ ਹੋਰ ਉਚੇਰਾ ਕਰ ਦਿੱਤਾ।[6] ਸਾਧ ਸੰਗਤ ਆਉਂਦੀ ਤੇ ਮੱਥਾ ਟੇਕਦੀ। ਇਸ ਸੰਕਟ ਸਮੇਂ ਕਾਹਨ ਸਿੰਘ ਬੁਰਜ ਤੇ ਬਘੇਲ ਸਿੰਘ ਨਾਰਲੀ ਦੇ ਨੇ 1000-1000 ਰੁਪੈ ਅਤੇ ਸੁਬੇਗ ਸਿੰਘ ਮਰਾਣਾ ਨੇ ਪੰਜ ਸੌ ਮੱਥਾ ਟੇਕਿਆ। ਬਾਬਾ ਬੂਟਾ ਸਿੰਘ ਲਾਖਣਾ ਉਗਰਾਹੀ ਕਰ ਕੇ ਲਿਆਉਂਦੇ।[7] ਪਿੰਡਾਂ ਵਿਚ ਲੰਗਰ ਲਈ ਹਾੜੀ ਸਾਉਣੀ ਉਗਰਾਹੀ ਹੁੰਦੀ। ਤੰਗੀਆਂ ਤਰੁਸ਼ੀਆਂ ਅਤੇ ਹੋਰ ਸੰਕਟ ਵਿਚ ਨਾਮਧਾਰੀਆਂ ਨੇ ਖੋਜ਼ ਕੱਢਿਆ ਕਿ ਸਤਿਗੁਰਾਂ ਨੂੰ ਨਾਨੂੰ ਸਿੰਘ ਸਮੇਤ ਪਹਿਲਾਂ ਰੰਗੂਨ ਵਿਚ ਫੇਰ 1880 ਤੋਂ ਬਾਅਦ ਮਰਗੋਈ ਵਿਚ ਰੱਖਿਆ ਹੋਇਆ ਹੈ। ਸਖ਼ਤ ਪਹਿਰੇ ਜਿੱਥੇ ਪੱਤਾ ਵੀ ਨਹੀਂ ਹਿੱਲਦਾ ਸੀ, ਹੁਕਮਨਾਮਿਆਂ ਰਾਹੀਂ ਲਹਿਰ ਵਿਚ ਰਵਾਨਗੀ ਆਉਂਦੀ ਰਹੀ। ਸਿੰਘ ਭੇਸ ਬਦਲ ਕੇ ਇਧਰੋਂ ਅਰਦਾਸਾਂ ਲਿਜਾਂਦੇ ਤੇ ਉਧਰੋਂ ਹੁਕਮਨਾਮੇ ਲਿਆਉਂਦੇ।ਅੰਡਰ ਗਰਾਉਂਡ ਤਰੀਕੇ ਨਾਲ ਡਾਕ ਪ੍ਰਬੰਧ ਸੂਬਿਆਂ ਰਾਹੀਂ ਚੱਲਦਾ ਰਿਹਾ। ਹੁਕਮਨਾਮਿਆਂ ਵਿਚ ਨਾਮ ਬਦਲ ਕੇ ਲਏ ਜਾਂਦੇ ਹਨ। ਆਪ ਹੁਕਮਨਾਮਾ 13 ਵਿਚ ਲਿਖਦੇ ਹਨ ਮੇਰਾ ਨਾਉਂ ਦਇਆਲ ਸਿੰਘ ਤੇ ਨਾਨੂੰ ਸਿੰਘ ਦਾ ਨਾਉਂ ਕ੍ਰਿਪਾਲ ਸਿੰਘ ਲਿਖਣਾ। ਆਪ ਦੇ ਭੇਜੇ 63 ਹੁਕਮਨਾਮੇ ਅਤੇ ਇਕ 1863 ਈ. ਦਾ ਰਹਿਤਨਾਮਾ ਜਸਵਿੰਦਰ ਸਿੰਘ ਐਮ.ਏ. ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹਕੂਮਨਾਮਿਆਂ ਵਿਚ ਸੰਕਲਿਤ ਕੀਤੇ ਹਨ। 11 ਹੁਕਮਨਾਮੇ ਗੁਰੂ ਹਰੀ ਸਿੰਘ ਜੀ ਨੂੰ ਸੰਬੋਧਿਤ ਹਨ। ਸਤਿਗੁਰੂ ਹਰੀ ਸਿੰਘ ਜੀ ਦੇ ਨਾਂ ਇਕੱਲੇ ਜਾਂ 10-20 ਸਿੱਖਾਂ ਦੇ ਨਾਂ ਹੁਕਮਨਾਮੇ ਲਿਖਦੇ ਹਨ.........। ਹਰੀ ਸਿੰਘ ਵੀ ਬੁੱਧ ਸਿੰਘ ਦਾ ਇਕ ਤਰ੍ਹਾਂ ਬਦਲਿਆ ਨਾਂ ਸੀ। ਅੰਗਰੇਜ਼ਾਂ ਦਾ ਨਾਂ ਬਿੱਲਾ ਸਿੰਘ ਤੇ ਰੂਸ ਦਾ ਨਾਂ ਸਰੂਪ ਸਿੰਘ ਸੀ।[8]

ਸਖ਼ਤੀ ਏਨੀ ਸੀ ਕਿ ਦਿਨੋ ਦਿਨ ਡੇਰੇ ਵਾਲੇ ਸਿੰਘਾਂ ਤੇ ਵੀ ਪਾਬੰਦੀ ਵਧਦੀ ਗਈ। ਏਕ ਸਿੰਘ ਗੁਰੂ ਹਰੀ ਸਿੰਘ ਜੀ ਕੋ ਮਿਲਕੇ ਚਲਾ ਗਿਆ ਤਾਂ ਹੌਲਦਾਰ ਨੇ ਦੇਖ ਲਿਆ। ਗੁਰੂ ਜੀ ਕੋ ਤੰਗ ਹੋਣੇ ਲੱਗਾ ਕਿ ਤੁਸੀਂ ਸਿੰਘਾਂ ਕੋ ਨਾ ਮਿਲਿਆ ਕਰੋ। ਰਾਤੋ ਰਾਤ ਸਿੰਘਾਂ ਨੇ ਤਾਂ ਹੋਇ ਆਉਣਾ ਮੈਦਾਨ, ਡੇਰੇ ਵਾਲੇ ਸਿੰਘ ਨਾਲ ਹੋਇ ਕੇ ਲੰਘ ਜਾਣਾ। ਜੇ ਸਪਾਹੀ ਬੁਲਾਵੇ ਤਾਂ ਡੇਰੇ ਦੇ ਸਿੰਘਾਂ ਨੇ ਉੱਤਰ ਦੇਣਾ। ਗੁਪਤ ਸਿੰਘ ਡੇਰੇ ਅੰਦਰ ਰਹਿਣ ਲੱਗੇ।[9] ਰਿਸ਼ਤੇਦਾਰਾਂ ਤੱਕ ਨੂੰ ਨਾ ਮਿਲਣ ਦਿੱਤਾ ਜਾਂਦਾ। ਮਾਮੇ ਦੀ ਨੂੰਹ ਭੋਲੀ ਆਥਣ ਹੋਏ ਆਈ ਕੇ ਮੈਨੂੰ ਪ੍ਰਸ਼ਾਦਾ ਮਿਲੇ, ਮੈਂ ਭੁੱਖੀ ਹਾਂ। ਬੀਬੀ ਭਾਗੋ ਨੇ ਪ੍ਰਸ਼ਾਦਾ ਦਿੱਤਾ ਜਾਂ ਤੁਰਕ ਕੋਲੋਂ ਚਲਿਆ ਗਿਆ ਤਾਂ ਆਖਿਆ ਮੈਂ ਤਾਂ ਭੋਲੀ ਹਾਂ। ਬੀਬੀ ਭਾਗੋ ਅੰਦਰ ਲੈ ਆਈ। ਹਨੇਰਾ ਸੀ ਸਪਾਹੀ ਨੇ ਪੁੱਛਿਆ, ਇਹ ਕੌਣ ਹੈ? ਬੀਬੀ ਨੇ ਕਿਹਾ ਕਿ ਬਹੂ ਹੈ। ਸਪਾਹੀ ਚੁੱਪ ਕਰ ਗਿਆ। ਭੋਲੀ ਭੂਆ ਦੇ ਘਰ ਆਈ।[10]

ਇਉਂ ਸੰਕਟ, ਤੰਗੀਆਂ, ਤਸੀਹਿਆਂ ਸੰਗ ਸਮਾਂ ਬੀਤਦਾ ਗਿਆ। ਗੁਰੂ ਹਰੀ ਸਿੰਘ ਜੀ ਦੀ ਅਗਵਾਈ ਹੇਠ, ਪੰਥ ਸੰਕਟ ਪਾਰ ਕਰਦਾ, ਡੋਲਿਆ ਨਹੀਂ। ਡੇਰੇ ਅੰਦਰ ਪਾਣੀ ਦੀ ਕਮੀ ਸੀ, ਟੋਇਆ ਪੁੱਟਕੇ ਪਾਣੀ ਭਰਿਆ ਜਾਂਦਾ ਤਾਂ ਸਵੇਰ ਨੂੰ ਬੜਾ ਥੋੜ੍ਹਾ ਰਹਿ ਜਾਂਦਾ। ਫੇਰ ਖੂਹੀ ਆਪਣੀ ਲਗਾਈ। ਸਿੰਘਾਂ ਨੂੰ ਇਸ਼ਨਾਨ ਪਾਣੀ ਦੀ ਸਹੂਲਤ ਹੋ ਗਈ। ਹੌਲੀ-ਹੌਲੀ ਫੇਰ ਜਨਤਕ ਸਮਾਗਮਾਂ ਤੇ ਸਰਕਾਰੋਂ ਛੁੱਟੀ ਲੈ ਕੇ ਜਾਣ ਲੱਗੇ। 1900 ਈ: ਵਿਚ 10 ਦਿਨਾਂ ਦੀ ਛੁੱਟੀ ਲੈ ਕੇ ਉਟਾਲਾਂ ਦੇ ਰਿਖੀ ਸਿੰਘ ਦਾ ਆਨੰਦ ਕਾਰਜ ਪੜ੍ਹਾਉਣ ਗੁਰੂ ਜੀ ਗਏ। 1900 ਵਿਚ ਹੀ ਇਕ ਮਹੀਨੇ ਦੀ ਛੁੱਟੀ ਲੈ ਕੇ ਸ਼ੇਖੂਪੁਰੇ ਤੇ ਅੰਮ੍ਰਿਤਸਰ ਦਾ ਦੌਰਾ ਕੀਤਾ। ਨਾਮਧਾਰੀ ਸੰਗਤ ਵਿਚ ਹੋਲੇ ਮਹੱਲੇ ਦੀ ਪਰੰਪਰਾ ਸੀ। 1901 ਵਿਚ ਦੋ ਮਹੀਨੇ ਦੀ ਛੁੱਟੀ ਲੈ ਕੇ ਸਤਿਗੁਰੂ ਹਰੀ ਸਿੰਘ ਜੀ ਨੇ ਸੱਦੋਵਾਲ ਦੇ ਹੋਲੇ ਵਿਚ ਹਾਜ਼ਰੀ ਭਰੀ। 1902 ਵਿਚ ਜ਼ਿਲਾ ਗੁਜ਼ਰਾਂਵਾਲਾ ਵਿਚ ਮੱਟਵਾਂ ਵਿਖੇ ਹੋਲਾ ਕੀਤਾ ਗਿਆ। 1903 ਵਿੱਚ ਗਿੱਲਾਂ ਵਿਖੇ ਹੋਲਾ ਕੀਤਾ ਗਿਆ।ਸੰਗਤ ਉਮੜ ਉਮੜ ਕੇ ਆਉਣ ਲੱਗੀ। 1904 ਵਿਚ ਸਿਆਲਕੋਟ ਜ਼ਿਲੇ ਦੇ ਪਿੰਡ ਗੁਰੂ ਚੱਕ ਵਿਚ ਹੋਲਾ ਹੋਇਆ। 1905 ਵਿਚ ਸ੍ਰੀ ਭੈਣੀ ਸਾਹਿਬ ਹੋਲਾ ਹੋਇਆ। 1906 ਵਿਚ ਜ਼ਿਲਾ ਸ਼ੇਖੂਪੁਰਾ ਦੇ ਮ੍ਹਾਨਾਂ ਵਾਲਾ ਵਿਚ ਹੋਲਾ ਹੋਇਆ। ਇਉਂ ਛੇ ਹੋਲੇ ਉਹਨਾਂ ਸਖਤੀਆਂ ਦੇ ਬਾਵਜੂਦ ਕੀਤੇ। ਸਤਿਗੁਰੂ ਰਾਮ ਸਿੰਘ ਜੀ ਵੱਲੋਂ ਰੂਸ ਅਤੇ ਨੇਪਾਲ ਨਾਲ ਜੋੜੇ ਸੰਬੰਧਾਂ ਨੂੰ ਵੀ ਜਾਰੀ ਰੱਖਦੇ ਰਹੇ। ਨਾਮਧਾਰੀ ਪੰਥ ਵਿਚ 24 ਮੰਜੀਆਂ ਬਣ ਚੁੱਕੀਆਂ ਸੀ। ਉਹ ਵੀ ਆਪਣੀ ਸੂਝ ਬੂਝ ਨਾਲ ਏਕੇ ਵਿਚ ਪਰੋਈਆਂ। 1904 ਵਿਚ ਹੀ ਬਾਬਾ ਸੋਹਣ ਸਿੰਘ ਭਕਨਾ ਦੇ ਪਿੰਡ ਭਕਨਾ ਵਿਖੇ ਬਾਬਾ ਜੀ ਦੀ ਅਰਜ਼ ਕਰਨ ਤੇ ਮੇਲਾ ਕੀਤਾ। 1906 ਵਿਚ ਵੱਡੇ ਸਪੁੱਤਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੱਦੀ ਦੇ ਕੇ ਜੋਤੀ ਜੋਤ ਸਮਾ ਗਏ। ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ

ਬਾਕੀ ਸਫ਼ਾ 77 'ਤੇ ....

Namdhari Elibrary NamdhariElibrary@gmail.com

"ਬੋਲਦਾ ਬੋਹੜ"

ਗੁਰਬਚਨ ਸਿੰਘ ਨਾਮਧਾਰੀ

ਉਹ ਸਰਦ ਰੁੱਤ ਦੀ ਇੱਕ ਠੰਢੀ ਸ਼ਾਮ ਸੀ। ਲੰਗਰ ਛੱਕ ਕੇ ਦਿੱਲੀ ਕਲੋਨੀ ਵਾਲੇ ਪਾਸੇ ਮਿਲੇ ਕਮਰੇ ਵਿਚ ਚਲਾ ਗਿਆ। ਧੁੰਧ ਪੈਣੀ ਅਰੰਭ ਹੋ ਗਈ। ਮੈਂ ਅਰਾਮ ਦੀ ਮੁਦਰਾ ਵਿਚ ਬੈਡ ਤੇ ਲੇਟ ਗਿਆ। ਪਲਕਾਂ ਬੰਦ ਕਰਦਿਆਂ ਕੋਈ ਅਣਪਛਾਤਾ ਜਿਹਾ ਸਾਇਆ ਬਾਹਰ ਆਉਣ ਦਾ ਸੱਦਾ ਦੇਂਦਾ ਲੱਗਾ। ਉਸ ਗੈਬੀ ਮੂਰਤਿ ਵਿਚ ਬਹੁਤ ਖਿੱਚ ਸੀ। ਮੈਂ ਉਸ ਖਿੱਚ ਨੂੰ ਆਪਣੀ ਇੱਛਾ ਸ਼ਕਤੀ ਨਾਲ ਨਕਾਰਨ ਦੀ ਅਸਫ਼ਲ ਕੋਸ਼ਿਸ਼ ਕਰਦਾ ਰਿਹਾ। ਵਰਨੀਆਂ ਪਾਸੋਂ ਘੜਿਆਲ ਨੇ ਦੱਸ ਵਜਾਇ। ਮੈਂ ਉਠ ਬੈਠਾ ਚੱਪਲਾਂ ਪਾਈਆਂ, ਲੋਈ ਦੀ ਬੁੱਕਲ ਮਾਰ ਦਰਵਾਜੇ ਤੋਂ ਬਾਹਰ ਹੋ ਗਿਆ। ਮੈਂ ਸੰਮੋਹਿਤ ਜਿਹਾ ਮੰਤਰ ਮੁਗਧ ਤੁਰਦਾ ਹੋਇਆ ਸਰੋਵਰ ਕੰਢੇ ਬੋਹੜ ਹੇਠ ਪਹੁੰਚ ਗਿਆ। ਸਾਰੀ ਕਾਇਨਾਤ ਗਹਿਰੀ ਧੁੰਧ ਵਿਚ ਲਵੇਟੀ ਹੋਈ ਸੀ। ਸਰੋਵਰ ਪਾਸੇ ਨਜ਼ਰ ਮਾਰੀ ਧੁੰਧ ਨਾਲ ਢੱਕੀ ਹੋਈ, ਕੋਈ ਘਾਟੀ ਜਾਪੀ। ਹਰੀ ਮੰਦਰ ਸਾਹਮਣੇ ਵਰਨੀਆਂ ਵਾਲਾ ਪਾਸਾ ਕੁਝ ਨਜ਼ਰ ਨਹੀਂ ਸੀ ਆਉਂਦਾ। ਗਹਿਰਾ ਸੰਨਾਟਾ। ਮੈਨੂੰ ਜਾਪਿਆ ਕੋਈ ਪਿਆਰਾ ਜਿਹਾ ਬਜ਼ੁਰਗ ਨਰਮ ਹੱਥਾਂ ਨਾਲ ਬੈਠਣ ਦਾ ਇਸ਼ਾਰਾ ਕਰ ਰਿਹਾ ਸੀ। ਮੈਂ ਪੂਰਾ ਜੋਰ ਲਾ ਕੇ ਚੇਤਨਾ ਸੰਭਾਲੀ...... ਇਹ ਬੋਹੜ ਦੀਆਂ ਕੂਲੀਆਂ ਕੂਲੀਆਂ ਕੋਪਲਾਂ ਦਾ ਸਪਰਸ਼ ਆਪਣੇ ਹੀ ਕਿਸੇ ਵਡੇਰੇ ਦੀਆਂ ਉਂਗਲਾਂ ਦਾ ਅਹਿਸਾਸ ਕਰਾ ਰਹੀਆਂ ਸੀ। ਉਹ ਇਕ ਵਿਸਮਾਦੀ ਅਵਸਥਾ ਸੀ। ਜਦੋਂ ਮੇਰੇ ਅਵਚੇਤਨ ਮਨ ਵਿਚ "ਭੈਣੀ ਤਪੋਵਨ" ਦੇ ਅਤੀਤ ਨੂੰ ਵੇਖਣ ਸਮਝਣ ਦੀ ਅਭਿਲਾਸ਼ਾ ਜਾਗ ਉਠੀ। ਉਸ ਬ੍ਰਿਖ ਦੇਵ ਦੀਆਂ ਨਰਮ ਕੋਪਲਾਂ ਨੇ ਮੇਰੀਆਂ ਅੱਖਾਂ ਨੂੰ ਛੂਹ, ਅਦਭੁਤ ਦ੍ਰਿਸ਼ਟੀ, ਸ਼ਮਤਾ ਵਿਕਸਤ ਕਰ ਦਿੱਤੀ। ਇਕ ਧੀਮੀਂ ਪਰ ਗੰਭੀਰ ਅਵਾਜ਼ ਕੰਨਾਂ ਵਿਚ ਪਈ "ਤੂੰ ਭੈਣੀ ਦਾ ਪਿਛੋਕੜ ਭਾਲਦਾ ਫਿਰਦੈਂ, ਇਸ ਤਪੋ ਭੂਮੀ ਦਾ ਇਤਿਹਾਸ ਮੇਰੇ ਸੀਨੇ ਵਿਚ ਛਪਿਆ ਪਿਐ। ਮੈਨੂੰ ਲਗਾ ਮਮਤਾਮਈ ਮਾਂ ਦੇ ਹੱਥ, ਮੇਰੇ ਸਿਰ ਮੂੰਹ ਤੇ ਰੂੰ ਦੇ ਨਰਮ ਫੰਬਿਆਂ ਵਾਂਗ ਹੌਲੀ ਹੌਲੀ ਫਿਰ ਰਹੇ ਹਨ ਅਤੇ ਬੋਹੜ ਦੀ ਮੰਦ ਗੰਭੀਰ ਅਵਾਜ਼ ਮੈਨੂੰ ਬਹੁਤ ਪਿੱਛੇ ਲੈ ਜਾ ਰਹੀ ਸੀ। ਉਸ ਬੋਹੜ ਸਪਰਸ਼ ਦੀ ਤਿਲਸਮੀ ਅਨਭੂਤੀ ਮੈਨੂੰ ਦੋ ਸਦੀਆਂ ਪਿਛੇ ਕਾਲ ਖੰਡ ਵਿਚ ਲੈ ਗਈ। ਮੇਰੇ ਅਵਚੇਤਨ ਦੇ ਅਵਕਾਸ਼ ਵਿਚ ਸਿਮ੍ਰਤੀਆਂ ਦੇ ਬੱਦਲ ਦ੍ਰਿਸ਼ਮਾਨ ਹੋਣ ਲਗ ਪਏ। ਉਹ ਸੁਪਨ ਲੋਕ ਜਿਹਾ ਨਜ਼ਾਰਾ ਸੀ।

ਮੈਂ ਸਾਖੀ ਹਾਂ- ਬੋਹੜ ਮੇਰੇ ਕੰਨ ਵਿਚ ਫੁਸਫੁਸਾਇਆ। ਭੈਣੀ ਦਾ ਬੀਤਿਆ ਹੋਇਆ ਕਾਲ ਖੰਡ ਮੇਰੀਆਂ ਯਾਦਾਂ ਵਿਚ ਸੁਰੱਖਿਅਤ ਹੈ। ਇਥੇ ਕੁਝ ਨਹੀਂ ਸੀ ਹੁੰਦਾ। ਮੇਰੇ ਨਾਲ ਇਸ ਥਾਂ ਤੇ ਨਿੰਮ, ਬਰੋਟਿਆਂ ਤੇ ਸਰਕੰਡਿਆਂ ਦਾ ਜੰਗਲ ਹੁੰਦਾ ਸੀ। ਬਸ, ਜੁਗਾਂ ਪੁਰਾਣਾ ਇਹ "ਰਾਮਸਰ" ਸੀ । ਸਾਮ੍ਹਣੇ ਦੂਰ ਦੂਰ ਤੱਕ ਰੇਤ ਦੇ ਟੋਇ ਟਿੱਬੇ। ਪਿੰਡ ਦੇ ਲਹਿੰਦੇ ਪਾਸ ਇੱਕਾ-ਦੁੱਕਾ ਘਰਿ ਤੇ ਅਗੇ ਰਾਈਆਂ ਵਿਚ ਵਿਰਲੀ ਵਿਰਲੀ ਵੱਸੋਂ ਸੀ। ਪਹਿਲੀ ਵਾਰ ਇਕ "ਰੱਬੀ ਜੋਤ" ਦੇ ਚਰਨ ਇਧਰ ਪਏ। ਉਸਦੀ ਅਲੌਕਿਕ ਖੁਸ਼ਬੋ ਨਾਲ ਮਹਿਕੀ ਹੋਈ ਹਵਾ ਨੇ ਰੱਬੀ ਜੋਤ ਦੇ ਉਤਾਰੇ ਦਾ ਸੁਨੇਹਾ ਦਿੱਤਾ। ਮੋਰਾਂ, ਕੋਇਲਾਂ, ਬ੍ਰਿਖਾਂ, ਬੂਟਿਆਂ ਵਿਚ ਵਧਾਈਆਂ ਦਾ ਮੋਨ ਅਦਾਨ ਪ੍ਰਦਾਨ ਹੋਇਆ। ਕੰਨੋਂ ਕੰਨ ਖਬਰ ਲੱਗੀ ਕੋਈ "ਤਪੀਆ" ਅਕਾਲ ਬੁੰਗੇ, ਤਪਲੀਨ ਹੈ। 12 ਵਰ੍ਹੇ ਕਠਿਨ ਤਪ ਤੇ ਰਾਸ਼ਟ੍ਰ ਚਿੰਤਨ। ਫਿਰ ਇਕ ਦਿਨ ਮੇਰੇ ਸਾਹਮਣੇ ਉਸ ਖੁਲੀ ਥਾਂ ਤੇ ਭਾਰੀ ਇਕੱਠ ਹੋਇਆ। ਉਹ ਦਿਨ ਵੈਸਾਖੀ ਦਾ ਸੀ। ਸੁਫ਼ੇਦ ਸਤਿਜੁਗੀ ਬਾਣੇ ਵਾਲੇ ਦੇਵ ਪੁਰਸ਼ ਨੇ ਪੰਜ ਸਿੱਖਾਂ ਨੂੰ ਅੰਮ੍ਰਿਤ ਛਕਾ ਦਸਮੇਸ਼ੀ ਸਿੱਖ ਪ੍ਰੰਪਰਾ ਸੁਰਜੀਤ ਕੀਤੀ। ਜੈ ਕਾਰਿਆਂ ਨਾਲ ਅਕਾਸ਼ ਗੂੰਜਿਆ। ਵਗਦੀ ਪੁਰਵਈਆਂ ਨੇ ਦੂਰ ਦੂਰ ਤੱਕ ਜਾ ਸੁਨੇਹੇ ਦਿੱਤੇ। "ਸਿੱਖ ਰਹੁ-ਰੀਤਾਂ ਅਤੇ ਮਰਯਾਦਾ ਨਾਲ ਸੱਜਿਆ ਸੰਵਰਿਆ ਪੰਜਾਬੀ ਸਭਿਅਚਾਰ ਦਾ ਪੁਨਰ ਜਨਮ ਹੋਇਆ"। ਇੱਕ ਖਿਣ ਲਈ ਬੋਹੜ ਚੁੱਪ ਹੋ ਗਿਆ। ਭੁੱਲੀਆਂ ਵਿਸਰੀਆਂ ਯਾਦਾਂ ਦੇ ਮੰਡਲ ਚੋਂ ਕੁਝ ਲੱਭ ਲਿਆਇਆ। ਫੇਰ ਬੋਲਿਆ ਤੈਨੂੰ ਕੀ ਦੱਸਾਂ ਪੁੱਤ ਐਸੇ ਐਸੇ ਗੱਭਰੂ ਵੇਖਦਿਆਂ ਭੁੱਖ ਲਹਿੰਦੀ। ਉਹ ਸਾਮ੍ਹਣੇ ਰਾਮ ਸਰਵੋਰ ਵਿਚ ਟੁੱਬੀਆਂ ਲਾਉਂਦੇ। ਰਾਤ ਦੇ ਪਿੱਛਲੇ ਪਹਿਰ ਜਦੋਂ ਜਗ ਸੁੱਤਾ ਹੁੰਦਾ ਉਹ ਗੁਰੂ ਪਿਆਰੇ ਸਿਮਰਨ ਰਾਹੀਂ ਪਰਮੇਸ਼ਰ ਨਾਲ ਜੁੜ ਬਹਿੰਦੇ। ਵਾਰ ਲਾਉਂਦੇ ਕੀਰਤਨ ਕਰਦੇ। ਦਿਨ

Namdhari Elibrary NamdhariElibrary@gmail.com

ਚੜ੍ਹਦਾ ਤਾਂ ਉਸ ਖੁਲ੍ਹੀ ਥਾਂ ਤੇ ਕਸਰਤ ਕਰਦੇ, ਗਤਕਾ ਖੇਡਦੇ, ਦੌੜਦੇ ਇਕ ਦੂਏ ਨੂੰ ਫੜਦੇ, ਛਾਲਾਂ ਮਾਰਦੇ, ਤਲਵਾਰ ਬਾਜੀ ਕਰਦੇ, ਥੱਕ ਕੇ ਜਦੋਂ ਬਹਿੰਦੇ, ਗੁਲਾਮੀ ਤੇ ਗਊ ਹੱਤਿਆ ਤੇ ਚਰਚਾ ਕਰਦੇ। ਮਰਨ ਮਾਰਨ ਦੀਆਂ ਗੱਲਾਂ ਹੁੰਦੀਆਂ, ਸਹੁੰਆਂ ਚੁੱਕੀਆਂ ਜਾਂਦੀਆਂ, ਵਗਦੀਆਂ ਹਵਾਵਾਂ ਦਸਦੀਆਂ, ਅੱਜ ਕੂਕਿਆ ਮਰਜੀਉੜਿਆਂ ਨੇ ਅੰਮ੍ਰਿਤਸਰ ਬੁਚੜਾਂ ਦਾ ਕਤਲ ਕਰ ਗਊਆਂ ਮੁਕਤਿ ਕਰਾਉਣੀਆਂ ਹਨ। ਅੱਜ ਰਾਇਕੋਟ....। ਗੁਰਬਾਣੀ ਦੇ ਸ਼ਬਦ ਪੜ੍ਹਦੇ, ਮਾਤ ਭੂਮੀਂ ਦੇ ਗੀਤ ਗਾਉਂਦੇ। ਉਹ ਸੋਹਣੇ ਜਵਾਨ ਹੱਸਦਿਆਂ ਹੱਸਦਿਆਂ ਮੌਤ ਨਾਲ ਮਖੌਲ ਕਰਦਿਆਂ ਫਾਹਿਆਂ ਤੇ ਝੂਲ ਗਏ। ਤੋਪਾਂ ਨਾਲ ਤੂੰਬਾ ਤੂੰਬਾ ਹੋ ਗਏ।

ਮਲੇਰਕੋਟਲੇ ਦਾ ਜ਼ਿਕਰ ਆਉਂਦਿਆ ਬੋਹੜ ਦੇ ਬੋਲ ਕੰਬਨ ਲੱਗ ਪਏ। ਹੀਰਾ ਸਿੰਘ ਨੇ ਜੈਕਾਰਾ ਛੱਡਿਆ। ਤੋਪਾਂ ਗਰਜੀਆਂ, ਆਜ਼ਾਦੀ ਦੇ ਗੀਤ ਦੇ ਗਵਈਏ ਚਿੱਥੜੇ ਬਣ ਅਕਾਸ਼ ਵਿੱਚ ਖਿੰਡ ਗਏ। ਫੇਰ ਸੱਤ ਜਵਾਨ ਅਗੇ ਆਉਂਦੇ, ਤੋਪਾਂ ਵਿਚ ਬਰੂਦ ਭਰਿਆ ਜਾਂਦਾ, ਤੋਪਚੀ ਨਿਸ਼ਾਨਾ ਲੈਂਦਾ, ਫਾਇਰ ਦਾ ਇਸ਼ਾਰਾ ਹੁੰਦਾ ਔਰ ਧੜਮ ਧੜਮ ਸੱਤ ਤੋਪਾਂ ਗਰਜਦੀਆਂ। ਸੱਤ ਲਾਡਲੇ ਫੀਤਾ ਫੀਤਾ ਹੋ ਹਵਾ ਵਿਚ ਖਿੰਡ ਜਾਂਦੇ। ਇਹ ਸਿਲ-ਸਿਲਾ ਸਾਰਾ ਦਿਨ ਚਲਦਾ ਰਿਹਾ। ਉਸੇ ਰਾਤ ਲੁਧਿਆਣੇ ਤੋਂ ਡਿਪਟੀ ਕਮਿਸ਼ਨਰ ਵਲੋਂ ਗੁਰੂ ਰਾਮ ਸਿੰਘ ਜੀ ਦੀ ਗ੍ਰਿਫਤਾਰੀ ਦਾ ਵਾਰੰਟ ਥਾਨੇਦਾਰ ਲੈ ਆਇਆ। ਮਾਘ ਦੀ ਠੰਡੀ ਰਾਤ ਉਹ ਦਰਵੇਸ਼ ਕਾਲੀ ਕੰਬਲੀ ਦੀ ਬੁੱਕਲ ਮਾਰੀ ਗੱਡੇ ਤੇ ਬੈਠ ਗਿਆ। ਸੰਗਤਾਂ ਕੁਰਲਾ ਉਠੀਆਂ। ਕਈਆਂ ਦੀਵਾਰਾਂ ਦਰਖੱਤਾਂ ਨਾਲ ਸਿਰ ਮਾਰੇ। ਲਹੂ ਲੁਹਾਨ ਹੋਈ ਸੰਗਤ ਵਿਰਲਾਪ ਕਰਦੀ ਰਹੀ। ਗੱਡਾ ਹਨੇਰੇ ਵਿਚ ਤੁਰ ਪਿਆ। ਛੋਟੇ ਭਰਾਤਾ ਭਾਈ ਬੁੱਧ ਸਿੰਘ ਨੇ ਭਰੇ ਨੇਤ੍ਰਾਂ ਨਾਲ, ਗਲ ਵਿਚ ਪੱਲਾ ਪਾ, ਖਲੋ ਗਏ। ਪਾਤਸ਼ਾਹ ! ਮਲੋਦ ਮਲੇਰਕੋਟਲੇ ਦਾ ਸਾਰਾ ਦੋਸ਼, ਮੈਂ ਆਪਣੇ ਸਿਰ ਲੈ ਲੈਂਦਾ ਹਾਂ, ਤੁਹਾਥੋਂ ਬਗੈਰ ਭੈਣੀ ਸੁੰਨੀ ਹੋ ਜਾਣੀ ਹੈ, ਤੁਸੀਂ ਉੱਤਰ ਆਓ ਗੱਡੇ ਤੋਂ...। ਮੈ ਤੁਰ ਜਾਂਦਾ ਹਾਂ। ਸਤਿਗੁਰ ਜੀ ਨਾ ਮੰਨੇ। ਪ੍ਰਮੇਸ਼ਰੀ ਭਾਣੇ ਅਧੀਨ ਗੱਡਾ ਤੁਰਦਾ ਗਿਆ......।

ਬੋਹੜ ਦੀਆਂ ਅੱਖਾਂ ਨਮ ਹੋ ਗਈਆਂ। ਰੁੰਧੀ ਅਵਾਜ਼ ਵਿਚ ਫੇਰ ਬੋਲਿਆ - ਦੂਜੇ ਦਿਨ ਗੁਰਦੁਆਰੇ ਦੀ ਡਿਉੜੀ ਨਾਲ ਪੁਲਿਸ ਚੌਂਕੀ ਬੈਠ ਗਈ। ਸਾਰੀ ਨਾਮਧਾਰੀ ਸੰਪ੍ਰਦਾ ਗੈਰ-ਕਨੂੰਨੀ ਘੋਸ਼ਿਤ ਕੀਤੀ ਗਈ। ਪੰਜ ਤੋਂ ਵੱਧ ਸਰੀਰ ਇੱਕਠਿਆਂ ਹੋਣ ਤੇ, ਦੀਵਾਨਾਂ, ਅਖੰਡ ਪਾਠਾਂ ਤੇ ਰੋਕ ਲਾ ਦਿੱਤੀ ਗਈ। ਸਾਰਾ ਭੈਣੀ ਸਾਹਿਬ ਪੁਲਿਸ ਘੇਰੇ ਵਿਚ ਲੈ ਲਿਆ ਗਿਆ। ਅਘੋਸ਼ਤ ਜੇਲ੍ਹ .....। ਬੋਹੜ ਦੁਖ ਭਰੇ ਸਮੇਂ ਨੂੰ ਯਾਦਾਂ ਦੀ ਰੁਚੀ ਨਾਲ ਚਿਤਰਤ ਕਰ ਰਿਹਾ ਸੀ। ਇੱਕ ਇੱਕ ਘਟਨਾ ਦਾ ਧਾਰਮਿਕ ਚਿਤਰਨ, ਸਾਰੇ ਪੱਤੇ ਸਾਖਾਂ, ਸਾਹ ਰੋਕ ਸੁਣ ਰਹੇ ਸਨ। ਉਹ ਸਮਾਂ ਅਤਿ ਦੁਖਦਾਈ ਸੀ। ਪ੍ਰੀਤਮ ਨੂੰ ਪ੍ਰਦੇਸ਼ ਲੈ ਗਏ। ਕਿੱਥੇ ਕਿਸ ਹਾਲ ਹਨ, ਕੋਈ ਉੱਘ ਸੁੱਘ ਨਹੀਂ। ਇਥੇ ਹਰ ਦਿਨ ਪੁਲਿਸ ਦਾ ਸਖ਼ਤ ਵਤੀਰਾ ਹੁੰਦਾ। ਗੁਰਦੁਆਰਾ ਲੋਹ ਲੰਗਰ ਤੱਕ ਦੀ ਕਈ ਕਈ ਵਾਰ ਤਲਾਸ਼ੀ...। ਬਾਹਰ ਜਾਣ ਜਾਂ ਬਾਹਰੋਂ ਕਿਸੇ ਦੇ ਆਉਣ ਤੇ ਪੂਰੀ ਤਰ੍ਹਾਂ ਪਾਬੰਦੀ। ਭਾਈ ਬੁੱਧ ਸਿੰਘ ਜੀ ਦਿਨੇ ਸੰਗਤ ਨੂੰ ਸੰਭਾਲਦੇ.., ਹੌਂਸਲਾ ਦੇਂਦੇ, ਸਤਿਗੁਰਾਂ ਦੇ ਛੇਤੀ ਮੁੜ ਆਉਣ ਦਾ ਭਰੋਸਾ ਦਿਵਾਉਂਦੇ। ਸ਼ਾਂਤ ਚਿਤ ਪੂਰੀ ਸਹਿਨ ਸ਼ਕਤੀ ਨਾਲ ਦਿਨ ਲੰਘਾਉਂਦੇ, ਰਾਤ ਹੁੰਦੀ ਤਾਂ ਜਿਵੇਂ ਟੁੱਟ ਜਾਂਦੇ। ਸਾਰਿਆਂ ਨੂੰ ਸੁੱਤਿਆਂ ਛੱਡ ਪਿੰਡ ਦੇ ਬਾਹਰ ਰੇਤ ਦੇ ਟਿੱਬਿਆਂ ਤੇ ਬੈਠ ਭੁੱਬਾਂ ਮਾਰ ਰੋਂਦੇ। ਬੋਹੜ ਦ੍ਰਵ ਗਿਆ....ਯਾਦਾਂ ਦੇ ਪਵਨ ਝੋਕੇ ਆਏ... ਬੋਹੜ ਦੀਆਂ ਜਿਵੇਂ ਸਿਸਕਾਰੀ ਨਿਕਲ ਰਹੀ ਸੀ। ਫੇਰ ਕੰਬਦੀ ਅਵਾਜ਼ ਵਿਚ ਬੋਲਨ ਲੱਗਾ, ਉਹ ਸਾਮ੍ਹਣੇ ਦੇ ਟਿਬਿਆਂ ਚੋਂ ਹਰ ਰਾਤ ਰੋਣ ਦੀ, ਸਿਸਕੀਆਂ ਦੀ ਆਵਾਜ਼ ਆਉਂਦੀ ਹੈ। ਉਸ ਰੁਦਨ ਨੂੰ ਵਿਛੋੜੇ ਦੀਆਂ ਹਿਚਕੀਆਂ ਨੂੰ ਉੱਤੇ ਆਸਮਾਨ ਵੱਲ ਵੇਖ, ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਕੀਤੀਆਂ ਅਰਜ਼ੋਈਆਂ ਨੂੰ ਵਗਦੀ ਹਵਾ ਮੇਰੇ ਤਾਈਂ ਪਹੁੰਚਾਉਂਦੀ। ਉਹ ਆਪ ਭੀ ਕਰੁਣਾ-ਭਿੱਜੀ ਹੁੰਦੀ। ਕਈ ਵਾਰ ਆਖਦੀ, ਮੈਥੋਂ ਇਹ ਦੁੱਖ ਵੇਖਿਆ ਨਹੀਂ ਜਾਂਦਾ। ਵੀਰ, ਤੂੰਈ ਕੁਝ ਕਰ, ਕਿਸੇ ਤਰ੍ਹਾਂ ਭਰਾਤਾ ਮਿਲਾਪ ਹੋ ਜਾਏ।

ਇਕ ਖਿਣ ਲਈ ਬੋਹੜ ਚੁੱਪ ਹੋ ਗਿਆ। ਸਿੰਮ੍ਰਿਤੀ ਮੰਡਲ ਚੋਂ ਇਕ ਹੰਝੂ ਭਿੱਜਾ ਪ੍ਰਸੰਗ ਲੈ ਆਇਆ। ਪ੍ਰਦੇਸ ਗਮਨ ਦੇ ਥੋੜੇ ਦਿਨਾਂ ਮਗਰੋਂ ਕਾਇਨਾਤ ਨੇ ਪਾਸਾ ਪਰਤਿਆ, ਬਨਸਪਤੀ ਮਉਲੀ.. ਬਸੰਤ ਆ ਗਈ। ਇਹਨਾਂ ਭਾਈ ਬੁੱਧ ਸਿੰਘ ਦਾ ਹਿਰਦਾ ਵਿੰਨ੍ਹ ਦਿੱਤਾ। ਉਸ ਰਾਤ ਇਕੋ ਸ਼ਬਦ ਬਾਰ ਬਾਰ ਪੜ੍ਹਦੇ-

ਨਾਨਕ ਤਿਨਾ ਬਸੰਤੁ ਹੈ ਜਿਨ੍ ਘਰਿ ਵਸਿਆ ਕੰਤੁ॥
ਜਿਨਕੇ ਕੰਤ ਦਿਸਾਪੁਰੀ ਸੇ ਅਹਿ ਨਿਸਿ ਫਿਰਹਿ ਜਲੰਤ॥

ਸਾਰੀ ਰਾਤ ਰੋਂਦੇ ਰਹੇ, ਸਮੇਂ ਨੂੰ ਕੋਸਦੇ ਰਹੇ, ਸਤਿਗੁਰਾਂ ਨੂੰ ਅਰਜ਼ੋਈਆਂ ਕਰਦੇ ਰਹੇ।

ਹਕੂਮਤ ਦੀ ਸਖਤੀ ਵਧਦੀ ਗਈ। ਬੋਹੜ ਨੇ ਗੱਲ ਤੋਰੀ ਰੱਖੀ। ਦਰਸ਼ਨਾਰਥੀ ਸਿੱਖਾਂ ਪ੍ਰਤੀ ਰਵੱਈਆ ਹੋਰ ਕਠੋਰ

Namdhari Elibrary NamdhariElibrary@gmail.com

ਹੁੰਦਾ ਗਿਆ। ਇਕ ਵਾਰ ਮਾਲਵੇ ਤੋਂ ਕੁਝ ਸੰਗਤ ਆਈ। ਚੌਂਕੀ ਦੇ ਥਾਨੇਦਾਰ ਨੇ ਸਾਰੇ ਤਬੇਲੇ ਵਿਚ ਡੱਕ ਦਿੱਤੇ ਦੂਰੋਂ ਆਏ ਭੁੱਖੇ ਭਾਣੇ ਸਿੱਖ। ਸਵੇਰੇ ਮਾਤਾ ਜੀਊਣ ਕੌਰ ਨੂੰ ਪਤਾ ਲੱਗਾ। ਇੱਕ ਟੋਕਰੇ ਵਿਚ ਪ੍ਰਸ਼ਾਦੇ ਰੱਖੇ, ਭਾਂਡੇ ਵਿਚ ਦਾਲਾ ਰੱਖ, ਡਿਉੜੀ ਆਏ ਪੁਲਸੀਆਂ ਨੂੰ ਮਿੰਨਤਾਂ ਕੀਤੀਆਂ, ਵੇ, ਮੇਰੇ ਪੁੱਤ, ਭੁੱਖੇ ਤ੍ਰਿਹਾਇ ਹਨ...ਪ੍ਰਸ਼ਾਦਾ ਪਾਣੀ ਛੱਕ ਲੈਣ ਦਿਉ। ਨਿਰਦਈ ਹਵਾਲਦਾਰ ਨੇ ਮਾਤਾ ਜੀ ਨੂੰ ਬੋਲ ਕਬੋਲ ਬੋਲੇ ਤੇ ਧੱਕਾ ਮਾਰਿਆ। ਮਾਤਾ ਜੀ ਪਰੇ ਜਾ ਡਿੱਗੇ। ਸਿਰ ਤੋਂ ਟੋਕਰਾ ਦੂਜੇ ਪਾਸੇ ਜਾ ਪਿਆ, ਦਾਲਾ ਪ੍ਰਸ਼ਾਦੇ ਭੁਏਂ ਖਿੰਡ ਗਏ। ਮਾਤਾ ਜੀ ਚੁਬਾਰੇ ਤੇ ਧਾਈਂ ਮਾਰ ਰੋਏ- ਸਤਿਗੁਰੂ ਰਾਮ ਸਿੰਘ ਜੀ ਜੇ ਤੈਨੂੰ ਪਤਾ ਸੀ, ਸਾਡੇ ਨਾਲ ਏਸ ਤਰਾਂ ਹੋਣੀ ਏਂ, ਤੂੰ ਪ੍ਰਦੇਸ਼ ਨਹੀਂ ਸੀ ਜਾਣਾ।

ਉਫ਼ ! ਉਹ ਰਾਤ ਬਹੁਤ ਭਿਆਨਕ ਸੀ। ਬੋਹੜ ਇਕ ਠੰਡਾ ਹੋਕਾ ਲੈ ਕੇ ਬੋਲਿਆ- ਭਾਦੋਂ ਦੀ ਇਕ ਬੱਦਲਾਂ ਭਰੀ ਕਾਲੀ ਰਾਤ, ਭਿਆਨਕ ਗਰਜਨਾਂ, ਲਿਸ਼ਕਦੀ ਕੜਕਦੀ ਬਿਜਲੀ, ਜਿਵੇਂ ਕੁਦਰਤ ਦਾ ਕਹਿਰ ਟੁੱਟ ਪਿਆ ਹੋਵੇ। ਅੱਧੀ ਰਾਤ ਦਾ ਸਮਾਂ ਹੋਣੈ...। ਤੇਜ ਵਰਖਾ ਵਿਚ ਇੱਕ ਮਨੁੱਖੀ ਸਾਇਆ, ਉਧਰੋਂ ਪਿਛਲੇ ਪਾਸਿਉਂ ਆਇਆ। ਇਹ ਸਾਮ੍ਹਣਿਉਂ ਹੌਲੀ ਹੌਲੀ ਉਧਰ ਨੂੰ ਲੰਘਾ। ਮੈਂ ਗੋਹ ਨਾਲ ਵੇਖਿਆ, ਕੋਈ ਨਾਰੀ ਮੂਰਤਿ ਸੀ। ਬ੍ਰਿਹਾ ਵਿਛੁੰਨੀ ਕੋਇਲ ਵਾਂਗ ਕੂਕਦੀ, ਵਿਛੋੜਾ ਹੰਢਾਉਂਦੀ ਗਾਉਂਦੀ ਲੰਘੀ...। ਨੇੜੇ ਜਾਂ ਆਈ..। ਉਹ ! ਏਹ ਤੇ ਭੈਣੀ ਸਾਹਿਬ ਹੈ। ਕਿੰਨਾਂ ਦਰਦ ਸੀ ਉਸ ਦੇ ਬੋਲਾਂ ਵਿਚ ...। ਖੋਰੇ ਉਸ ਦੀ ਵੇਦਨਾਂ ਤੋਂ ਬਿਹਬਲ ਹੋਇਆ ਅਕਾਸ਼ ਵੀ ਰੋ ਰਿਹਾ ਸੀ। ਨੇੜਿਉ ਲੰਘੀ ਤਾਂ ਬੋਲ ਸਪਸ਼ਟ ਹੋਏ -"ਮਾਹੀ ਗਿਆ ਪਰਦੇਸ਼ ਸਮਾਂ ਹੋਇਆ ਹਰਜਾਈ।" ਹਾਇ ਵੇ ਡਾਢਿਆ ਰੱਬਾ ਕਿਉਂ ਇਹ ਮੁਸੀਬਤ ਪਾਈ। ਮੈ ਵੀ ਕਿੰਨਾਂ ਚਿਰ ਗੁੰਮ ਸੁੰਮ ਰੋਂਦਾ ਰਿਹਾ। ਉਹ ਬਹੁਤ ਭਿਅਨਕ ਸਮਾਂ ਸੀ, ਰੱਬ ਨਾ ਕਰੇ ਕਿਸੇ ਦੁਸ਼ਮਨ ਨੂੰ ਵੀ ਇਹ ਦਿਨ ਵੇਖਨੇ ਪੈਣ। ਫੇਰ ਖੋਰੇ ਤਿੰਨ ਕੁ ਸਾਲਾਂ ਮਗਰੋਂ ਪਤਾ ਲੱਗਾ ਪ੍ਰਦੇਸ਼ੀ ਪ੍ਰੀਤਮ ਦਾ ਹੁਕਮਨਾਮਾ ਆਇਆ। ਭਾਈ ਬੁੱਧ ਸਿੰਘ, ਸਤਿਗੁਰੂ ਹਰੀ ਸਿੰਘ ਹੋ ਗਏ। ਸੰਗਤ ਦੀ ਸੰਭਾਲ ਯੋਗ ਸਾਰੀਆਂ ਜਿੰਮੇਵਾਰੀਆਂ ਨਿਰਵਾਹ ਦਾ ਸੁਨੇਹਾ। ਇਸ ਹੁਕਮਨਾਮੇ ਰਾਹੀਂ ਪ੍ਰੀਤਮ ਨੇ ਲੌਕਿਕ-ਅਲੌਕਿਕ ਸਾਰੀਆਂ ਸ਼ਕਤੀਆਂ, "ਨਵੇਂ ਗੁਰੂ" ਵਿਚ ਸਥਾਪਿਤ ਕਰ ਦਿੱਤੀਆ।

ਬੋਹੜ ਨੇ ਇੱਕ ਲੰਬਾ ਸਾਹ ਲਿਆ... ਫੇਰ ਬੋਲਿਆ, ਸਤਿਗੁਰੂ ਹਰੀ ਸਿੰਘ ਬਹੁਤ ਕਠਨ ਪ੍ਰੀਖਿਆ ਚੋਂ ਲੰਘ ਰਹੇ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਵਿਛੋੜਾ..., ਹਕੂਮਤ ਦੀ ਹੱਦ ਤੋਂ ਵੱਧ ਸਖਤੀ......, ਆਪਣਾ ਸਮਝਿਆ ਜਾਣ ਵਾਲਾ ਭਾਈਚਾਰਾ ਵੀ ਵੈਰੀਆਂ ਦੀ ਬੋਲੀ ਬੋਲ ਰਿਹਾ ਸੀ। ਪੱਤਾ ਪੱਤਾ ਵੈਰੀ ਹੋਇਆ ਸੀ। ਸਿੱਖੀ ਦੀ ਸੰਭਾਲ, ਸੇਵਾ, ਸਿਮਰਨ, ਲੋਹ ਲੰਗਰ ਦੀ ਨਿਰੰਤਰਤਾ ਨੂੰ ਕਾਇਮ ਰੱਖਣਾ, ਬਹੁਤ ਅਉਖੀ ਕਾਰ ਸੀ। ਕੋਈ ਸਹਾਰਾ ਨਹੀਂ, ਸਲਾਹਕਾਰ ਨਹੀਂ। ਅੰਗ੍ਰੇਜ਼ੀ ਅੱਤਿਆਚਾਰ ਦੇ ਝੱਖੜਾਂ ਵਿਚ ਗੁਰੂ ਰਾਮ ਸਿੰਘ ਜੀ ਦੁਆਰਾ ਅਜ਼ਾਦੀ ਜੋਤ ਨੂੰ ਜਲਾਈ ਰੱਖਣਾ ਬਹੁਤ ਵੱਡੀ ਜਿੰਮੇਵਾਰੀ ਸੀ। ਸਤਿਗੁਰੂ ਹਰੀ ਸਿੰਘ ਸ਼ਾਂਤ ਮੂਰਤ ਸਦਾ ਇਸ ਚਿੰਤਨ ਵਿਚ ਡੁੱਬੇ ਰਹਿੰਦੇ। ਇਹ ਸਾਮ੍ਹਣੇ ਹਰੀ ਮੰਦਰ ਦਿਖਦੈ... ਇਥੇ ਕੁਝ ਨਹੀਂ ਸੀ। ਬਸ ਕੁਝ ਨਿੰਮ ਬੇਰੀ ਟਾਹਲੀ ਦੇ ਦਰਖਤ ਦੇ ਸਰਕੰਡਿਆਂ ਦਾ ਝੁਰਮੁੱਟ। ਚਹੁੰ ਪਾਸਿਉਂ, ਝਾੜੀਆਂ ਦਰਖਤਾਂ ਨਾਲ ਘਿਰਿਆ ਇਹ ਥਾਂ ਗੁਰੂ ਹਰੀ ਸਿੰਘ ਜੀ ਦਾ 'ਤਪ ਥਲ' ਬਣ ਗਿਆ। ਕਿਸੇ ਗੁਪਤ ਮੰਤ੍ਰਨਾ ਲਈ, ਸਤਿਗੁਰੂ ਜੀ ਇਸ ਥਾਂ ਦੀ ਵਰਤੋਂ ਕਰਦੇ । ਮੈਂ ਕਈ ਵਾਰ ਵੇਖਿਆ। ਬੋਹੜ ਨੇ ਰੱਹਸ ਖੋਲਿਆ- ਇਕ ਲੰਮਾ ਆਕਰਖਨ ਨੈਣ ਨਕਸ਼ ਵਾਲਾ, ਸੁਡੋਲ ਸੁਘੜ ਮਧੇਸ਼ ਵਾਲਾ ਸਿੱਖ, ਕਈ ਵਾਰ, ਸਤਿਗੁਰਾਂ ਨਾਲ, ਸੁਗਾਤਾਂ ਸੁਨੇਹ ਦੇਂਦਾ ਲੈਂਦਾ ਵਿਖਾਈ ਦਿੰਦਾ ਸੀ। ਉਥੇ ਨਿੰਮ ਥੱਲੇ ਝੁਰ ਮੁੱਟ ਦੇ ਉਹਲੇ ਦੋਵੇਂ ਕਿੰਨਾਂ ਚਿਰ ਗੁਪਤ ਵਿਚਾਰ ਵਟਾਂਦਰਾ ਕਰਦੇ। ਫਿਰ ਅਚਾਨਕ ਦੋਵੇਂ ਦੋ ਪਾਸਿਉਂ ਗਾਇਬ ਹੋ ਜਾਂਦੇ। ਬਾਅਦ ਵਿਚ ਨਿੰਮ ਬੇਰੀ ਦੀ ਵਾਰਤਾ ਤੋਂ ਪਤਾ ਲਗਾ, ਉਸ ਸੁਨੱਖੜੇ ਸਿੱਖ ਦਾ ਨਾਂ ਸੂਬਾ ਗੁਰਚਰਨ ਸਿੰਘ ਸੀ। ਇਸੇ ਤਰ੍ਹਾਂ ਸੂਬਾ ਬਿਸ਼ਨ ਸਿੰਘ ਨਾਲ ਵੀ ਗੁਪਤ ਮੰਤਰਣਾ, ਇਸੇ ਥਾਂ ਹੁੰਦੀ। ਕਈ ਵੇਰ ਗਲਬਾਤ ਵਿਚ ਕਾਬਲ, ਕੰਧਾਰ, ਤੁਰਕਸਤਾਨ, ਰੂਸ ਜਾਰ, ਮਹਾਰਾਜ ਦਲੀਪ ਸਿੰਘ ਦਾ ਨਾਂ ਹੁੰਦਾ।

ਬ੍ਰਿਖਦੇਵ ਨੇ ਇਕ ਲੰਮਾ ਸਾਹ ਲਿਆ। ਪੁਰਾਣੀਆਂ ਸਿਮ੍ਰਤੀਆਂ ਲੈ ਕੇ ਫਿਰ ਬੋਲਿਆ, ਸੱਚ ਜਾਨਣਾ ਗੁਰੂ ਹਰੀ ਸਿੰਘ ਜੀ ਬਹੁਤ ਸ਼ਾਂਤ ਚਿੱਤ ਪਰ ਸਮੁੰਦਰ ਵਾਂਗ ਗਹਿਰੇ ਸਨ। ਗੁਰੂ ਰਾਮ ਸਿੰਘ ਦੇ ਅਰੰਭੇ ਕਿਸੇ ਕਾਜ ਨੂੰ ਅਧੂਰਾ ਨਾ ਛੱਡਿਆ। ਲੋਹ ਗੱਡਦਿਆਂ ਸਤਿਗੁਰਾਂ ਹੁਕਮ ਕੀਤਾ ਸੀ, ਇਹ ਸਰਬ-ਲੋਹ ਹੈ, ਸਦਾ-ਬਰਤ ਵਰਤੇਗੀ, ਅਨੰਦਪੁਰ ਵਾਂਗ। ਕੋਈ ਇਥੋਂ ਭੁੱਖਾਂ ਨਾ ਜਾਇ, ਭਾਵੇਂ ਗਊ ਹੱਤਿਆ ਕਰ, ਲਹੂ ਲਿਬੜੀ ਛੁਰੀ ਹੱਥ ਲੈ ਕੋਈ ਕਸਾਈ ਵੀ ਆਵੇ... ਇਥੋਂ ਭੁੱਖਾ ਨਾ ਜਾਵੇ।

ਗੁਰੂ ਹਰੀ ਸਿੰਘ ਜੀ ਨੇ ਸਤਿਗੁਰਾਂ ਦੇ ਇਸ ਕਉਲ

Namdhari Elibrary NamdhariElibrary@gmail.com

ਨੂੰ ਪੂਰੀ ਤਨ ਦੇਹੀ ਨਾਲ ਨਿਭਾਇਆ। ੧੯ਵੀਂ ਸਦੀ ਦੇ ਅੰਤ ਵਿਚ ਭਿਆਨਕ ਕਾਲ ਪਿਆ। ਡੰਗਰ ਮਨੁੱਖ ਭੁੱਖੇ ਮਰਨ ਲਗੇ। ਕਿਸੇ ਤਰ੍ਹਾਂ ਭੈਣੀ ਸਾਹਿਬ ਦੇ ਸਦਾ-ਬਰਤ ਲੰਗਰ ਦੀ ਖਬਰ ਉਥੇ ਪੁੱਜੀ। ਡਾਰਾਂ ਦੀਆਂ ਡਾਰਾਂ ਇਸ ਪਾਸੇ ਟੁਰ ਪਈਆਂ। ਥੁੜ ਜਾਪੀ ਤਾਂ ਪੁਰਾਣੇ ਸਾਂਭੇ ਹੋਏ ਗਹਿਣੇ ਵੇਚ ਦਿੱਤੇ। ਲੰਗਰ ਅਟੁੱਟ ਵਰਤਦਾ ਰਿਹਾ। ਲੁਧਿਆਣੇ ਦਾ ਡਿਪਟੀ ਕਮਿਸ਼ਨਰ ੨੫੦੦ ਏਕੜ ਜ਼ਮੀਨ ਦਾ ਪਟਾ ਲੈ ਗੁਰਾਂ ਦੇ ਹਜ਼ੂਰ ਆਇਆ। ਕਿਹਾ, ਤੁਸੀਂ ਮਨੁੱਖਤਾ ਦੀ ਸੇਵਾ ਕੀਤੀ ਏ, ਸਰਕਾਰ ਵਲੋਂ ਇਹ ਤੋਹਫਾ ਪ੍ਰਵਾਨ ਕਰੋ। ਸਤਿਗੁਰਾਂ ਕਿਹਾ, "ਇਹ ੨੫੦੦ ਏਕੜ ਲੈ ਕੇ ਅਸੀਂ ਸਵੀਕਾਰ ਕਰ ਲਈਏ ਕਿ ਬਾਕੀ ਹਿੰਦੁਸਤਾਨ ਤੁਹਾਡਾ ਹੈ ? ਇਹ ਨਹੀਂ ਹੋ ਸਕਦਾ।" ਅੰਗ੍ਰੇਜ਼ੀ ਪੇਸ਼ਕਸ਼ ਮੋੜ ਦਿੱਤੀ।

ਕੂਕਾ ਮਰਜੀਊੜਿਆਂ ਦੀ ਕੌਮ ਹੈ। ਦੇਸ਼ ਧਰਮ ਲਈ ਜਾਨਾਂ ਤਲੀ ਤੇ ਰੱਖ ਤੁਰਨ ਵਾਲੇ ਸੂਰਬੀਰਾਂ ਦਾ ਪੰਥ। ਉਨ੍ਹਾਂ ਨੂੰ ਵੇਖ ਮੈਂ ਵੀ ਇਸ ਧਰਤੀ ਤੇ ਖਲੋਤਾ ਮਾਣ ਮਹਿਸੂਸ ਕਰਦਾ ਹਾਂ। ਇਥੋਂ ਦੀ ਮਿੱਟੀ, ਸਰੋਵਰ ਦਾ ਪਾਣੀ, ਹਵਾ, ਪੰਖੀ, ਬੂਟੇ ਸਾਰੇ ਨਿਵੇਕਲੀ ਸ਼ਾਨ ਤੋਂ ਭਰੇ ਹਨ। ਉਨ੍ਹਾਂ ਸਖਤੀ ਦੇ ਦਿਨਾਂ ਵਿਚ ਇਥੇ ਪੁਲਸ ਚੌਂਕੀ ਤੇ ਗੇਂਦਾ ਸਿਪਾਹੀ ਕਿਤੋਂ ਤਬਦੀਲ ਹੋ ਕੇ ਆਇਆ। ਬਹੁਤ ਬੇਰਹਿਮ ਤੇ ਕੁਰਖਤ। ਹਰ ਆਉਂਦੇ ਜਾਂਦੇ ਸਿੱਖਾਂ ਨੂੰ ਮਾਰਦਾ ਕੁਟਦਾ..., ਗਾਲ੍ਹਾ ਕੱਢਦਾ। ਸਾਰੇ ਦੁੱਖੀ ਸਨ। ਸਤਿਗੁਰੂ ਦਾ ਇਕ ਭੌਰਾ ਅਲਮਸਤ ਜਵਾਨ ਕਿਤੋਂ ਭੈਣੀ ਆਇਆ। ਉਸ ਨੂੰ ਗੇਂਦੇ ਦੀ ਬਦ-ਸਲੂਕੀ। ਅੰਗਰੇਜ਼ੀ ਰਾਜ ਦਾ ਦੁਸ਼ਮਣ, 'ਭਗਵਾਨ ਸਿੰਘ ਅੜਬੰਗੀ', ਕਈ ਕੇਸਾਂ ਦਾ ਭਗੌੜਾ ਘੋਸ਼ਿਤ। ਕਈ ਥਾਵਾਂ ਦੀ ਪੁਲਿਸ ਨੂੰ ਉਸਦੀ ਤਲਾਸ਼ ਸੀ। ਉਸ ਇਕੋ ਸਲੋਤਰ ਭਵਾਂ ਕੇ ਮਾਰਿਆ, ਗੇਂਦੇ ਨੂੰ ਸਦਾ ਲਈ ਮੌਤ ਦੀ ਨੀਂਦ ਸਵਾ ਦਿੱਤਾ। ਹਵਾ ਨੇ, ਬ੍ਰਿਖਾਂ ਨੇ, ਬੂਟਿਆਂ ਨੇ, ਪੰਛੀਆਂ ਨੇ ਸਭ ਨੂੰ ਇਹ ਸੁਖ ਸੰਦੇਸ਼ ਪੁਚਾਇਆ। ਇਕ ਵਾਰ ਭੋਰ ਦੇ ਝੁਰਮੱਟ ਵਿਚ, ਰਾਤ ਦੇ ਪਿਛਲੇ ਪਹਿਰ ਇਕ ਤਕੜਾ ਜਵਾਨ ਸਣੇ ਕੇਸ਼ੀ ਇਸ਼ਨਾਨ ਕੀਤਾ ਹੋਇਆ ਮਧੁਰ ਸੁਰ ਵਿਚ ਗਾਉਂਦਾ ਇਧਰ ਆਇਆ...ਬਹੁਤ ਖਿੱਚ ਸੀ, ਉਸ ਦੀ ਅਵਾਜ਼ ਵਿਚ- ਇਹ ਭੈਣੀ ਦੀਆਂ ਗਲੀਆਂ, ਕਈ ਬਖਸ਼ੀਆਂ ਰੂਹਾਂ ਨੇ ਆਨ ਰਲੀਆਂ।

ਇਹ ਨਿੰਮ ਤੇ ਇਹ ਬਰੋਟੇ, ਸਾਧ ਵਾਂਗ ਇਹ ਬੋਹੜ ਖਲੋਤੇ।

ਇਹ ਰਾਮਸਰ ਦਾ ਪਾਣੀ ਇਸ ਦੀ ਕਦਰ ਦੇਵਤਿਆਂ ਜਾਣੀ।

ਸੋਭਾ ਇਸ ਦੀ ਗਗਨੰਤਰ ਹੈ, ਇਸ ਦਾ ਕੰਕਰ ਕੰਕਰ ਸ਼ੰਕਰ ਹੈ"। ਉਹ ਗਾਉਂਦਾ ਹੋਇਆ ਜਿਧਰੋਂ ਲੰਘਿਆ। ਹਵਾ ਵਿਚ ਇਕ ਗੈਬੀ ਮੁਗਧਤਾ ਦੀ ਮਹਿਕ ਬਿਖੇਰ ਗਿਆ। ਜਾਗੇ ਪੰਖੀ ਮੋਰ ਬ੍ਰਿਖ ਲਤਾਵਾਂ ਪੁੱਛਣ ਇਹ ਕੌਣ ਹੈ?

ਵੱਗਦੀ ਹਵਾ ਨੇ ਦੱਸਿਆ, -ਪਛਾਣਿਆਂ ਨਹੀਂ...... ਭਗਵਾਨ ਸਿੰਘ ਅੜਬੰਗੀ !

ਸਤਿਗੁਰਾਂ ਦਾ ਹੁਕਮਨਾਮਾਂ ਆਇਆ, ਸਾਧ ਸੰਗਤ ਜੀ ਆਦਿ ਸ੍ਰੀ ਗ੍ਰੰਥ ਸਾਹਿਬ ਦੇ ਪਾਠ ਜਿਤਨੇ ਹੋ ਸੱਕਣ ਕਰਵਾ ਕੇ ਭੋਗ ਪਾਉਣੇ... ਮੇਰੇ ਨਮਿਤ। ਸਤਿਗੁਰੂ ਹਰੀ ਸਿੰਘ ਜੀ ਨੇ ਲੰਗਰ ਵਿਚ ਗਹਿਰਾ ਟੋਇਆ ਪੁਟਵਾਇਆ...ਮਿੱਟੀ ਵੀ ਕਿਸੇ ਗੁਪਤ ਥਾਂ ਸੁਟਵਾਈ। ਹਕੂਮਤ ਵਲੋਂ ਰੋਕ ਸੀ। ਮੌਤ ਤੋਂ ਬੇਪਰਵਾਹ ਕੂਕਿਆਂ ਨੇ ਥਾਈਂ ਥਾਈਂ ਘਰੋਂ ਘਰੀਂ ਅਖੰਡ ਪਾਠ ਕਰਵਾਇ। ਜ਼ੁਰਮਾਨੇ ਭਰੇ...ਬਾਮੁਸ਼ਕਤ ਜੇਲ੍ਹ ਦੀਆਂ ਸਜਾਵਾਂ ਭੁਗਤੀਆਂ। ਅਖੰਡ ਪਾਠਾਂ ਦੀ ਲੜੀ ਚਲਦੀ ਰਹੀ.........।

ਕਿਸੇ ਮੇਰੇ ਪੈਰਾਂ ਨੂੰ ਹੱਥ ਲਾਇਆ, ਉਠ ਭਈ ਵਾਰੇ ਦਾ ਸਮਾਂ ਹੋ ਗਿਐ.....ਇਸ਼ਨਾਨ ਕਰੋ, ਵਰਨੀਆਂ ਚੋਂ ਘੜਿਆਲ ਤਿੰਨ ਵਾਰ ਖੜਕਿਆ ਹੈ। ਮੈਂ ਸ਼ਰਧਾਂ ਸਹਿਤ ਸ਼ੁਕਰਾਨੇ ਵਜੋਂ ਸਿਰ ਝੁਕਾ ਬੋਹੜ ਦਾ ਅਭਿਵਾਦਨ ਕੀਤਾ ਅਤੇ ਆਪਣੇ ਕਮਰੇ ਪਾਸੇ ਤੁਰ ਗਿਆ।—— ਬਸ

ਗੁਰੂਬਚਨ ਸਿੰਘ ਨਾਮਧਾਰੀ

06/02/2019

Namdhari Elibrary NamdhariElibrary@gmail.com

ਤੇਰੇ ਕਿੰਨੇ ਪੁੱਤਰ ਆ?

ਅਜੀਤ ਸਿੰਘ ਲਾਇਲ

ਆਪਣੇ ਸਿਰ ਦੇ ਸਾਂਈ ਦੀ ਹਾਲਤ ਵੇਖ ਉਸਨੂੰ ਹੱਥਾਂ ਪੈਰਾਂ ਦੀ ਪੈ ਗਈ। ਪਲਾਂ ਵਿਚ ਹੀ ਉਸਦੀਆਂ ਅੱਖਾਂ ਦੀਆਂ ਪੁਤਲੀਆਂ ਪੁਠੀਆਂ ਪੈ ਗਈਆਂ, ਸਰੀਰ ਠੰਢਾ ਹੋ ਗਿਆ ਤੇ ਮੰਜੇ ਤੇ ਬੈਠਾ-ਬੈਠਾ ਉਹ ਇਕ ਪਾਸੇ ਨੂੰ ਲੁਟਕ ਗਿਆ ਸੀ।

ਉਹ ਕਦੇ ਪਾਣੀ ਦੇ ਚਮਚੇ ਉਸ ਦੇ ਮੂੰਹ ਪਉਂਦੀ, ਕਦੇ ਪੈਰਾਂ ਦੀਆਂ ਤਲੀਆਂ ਝੱਸਦੀ ਕਦੇ ਜੀਅ-ਭਿਆਣੀ ਹਿਲਾਉਦੀ ਤੇ ਵਾਜਾਂ ਮਾਰਦੀ।

ਪਰ! ਸਾਹ ਸਤ ਹੀਣ ਹੋਇਆ, ਉਹ ਤਾਂ ਇਕ ਨਿਰਜਿੰਦ ਲਾਸ਼ ਬਣ ਮਿੱਟੀ ਦੀ ਢੇਰੀ ਵਾਂਗ ਇਕ ਪਾਸੇ ਨੂੰ ਡਿੱਗ ਪਿਆ ਸੀ।

ਉਸ ਨੂੰ ਕੁਝ ਨਾ ਸੁਝਿਆ ਤਾਂ ਵਾਹੋਦਾਹੀ ਉਹ ਨੰਗੇ ਪੈਰੀਂ ਗੁਰਦੁਆਰੇ ਵੱਲ ਭੱਜੀ, ਜਿਸ ਦੇ ਪਿੱਛਵਾੜੇ ਉਨ੍ਹਾਂ ਦਾ ਆਪਣਾ ਘਰ ਸੀ। ਗੁਰਦੁਆਰੇ ਦੀ ਡਿਉੜੀ ਲੰਘ ਉਹ ਸਾਹਮਣੇ, ਜਾਮਣੂਆ ਦੇ ਦਰਖਤਾਂ ਹੇਠ, ਤਖਤਪੋਸ਼ ਤੇ ਬੈਠੇ ਸਤਿਗੁਰੂ ਹਰੀ ਸਿੰਘ ਜੀ ਵੱਲ ਭੱਜੀ....

ਸਤਿਗੁਰੂ ਹਰੀ ਸਿੰਘ ਜੀ ਸਿਮਰਨ ਚ ਮਘਨ ਅੱਖਾਂ ਮੁੰਦੀ ਬਿਰਾਜਮਾਨ ਸਨ, ਪੈਰਾਂ ਦੀ ਪੈੜ ਚਾਲ ਸੁਣ ਉਤਾਹ ਤੱਕਿਆ ਤਾਂ ਬਚਨ ਕੀਤਾ।

ਆਤੀਏ...... ਤੇਰੇ ਕਿੰਨੇ ਪੁੱਤਰ ਆ....?

ਆਤੀ ਸਤਿਗੁਰੂ ਹਰੀ ਸਿੰਘ ਜੀ ਦੇ ਤਾਇਆ ਜੀ ਬਾਬਾ ਨੱਥਾ ਸਿੰਘ ਦੇ ਪਰਿਵਾਰ ਵਿੱਚੋਂ, ਰਿਸ਼ਤੇ ਵਿਚ ਸਤਿਗੁਰੂ ਜੀ ਦੀ ਭਰਜਾਈ ਲਗਦੀ ਸੀ। ਇਸੇ ਲਈ ਰੱਬੀ ਰਿਸ਼ਤਿਆਂ ਦੇ ਨਾਲ-ਨਾਲ ਦੁਨਿਆਵੀ ਰਿਸ਼ਤਿਆਂ ਦੀ ਵੀ ਨੇੜਤਾ ਸੀ। ਅਕਸਰ ਜਦੋਂ ਵੀ ਆਤੀ ਸਤਿਗੁਰੂ ਜੀ ਨੂੰ ਨਮਸਕਾਰ ਕਰਨ ਆਉਂਦੀ, ਤਾਂ ਹਜ਼ੂਰ ਇਹੀਓ ਬਚਨ ਕਰਿਆ ਕਰਦੇ ਸਨ- ਕਿ ਆਤੀਏ- ਤੇਰੇ ਕਿੰਨੇ ਪੁੱਤਰ ਆ....?

ਆਤੀ ਨੇ ਆਖਣਾ....... ਜੀ ਤਿੰਨ....

ਫਿਰ ਪਾਤਸ਼ਾਹ ਜੀ ਬਚਨ ਕਰਨਾ

ਅਸੀਂ ਤੇ ਸਭਨਾ ਨੂੰ ਚਾਰ-ਚਾਰ ਪੁੱਤਰ ਦਿੱਤੇ ਆ...।

ਆਤੀ ਨੇ ਆਖਣਾ... ਜੀ ਤੁਹਾਡੀਆਂ ਤੁਸੀਂ ਜਾਣੋ

ਅੱਜ ਵੀ ਜਦੋਂ ਸਤਿਗੁਰੂ ਹਰੀ ਸਿੰਘ ਜੀ ਬਚਨ ਕੀਤਾ ਕਿ-

ਆਤੀਏ- ਤੇਰੇ ਕਿੰਨੇ ਪੁੱਤਰ ਆ....?

ਤਾਂ ਆਤੀ ਦੀਆਂ ਭੁਬਾਂ ਨਿਕਲ ਗਈਆਂ

ਹਜ਼ੂਰ ਨੇ ਹੌਂਸਲਾ ਦੇਂਦਿਆਂ ਕਾਰਨ ਪੁੱਛਿਆ ਤਾਂ

ਆਤੀਂ ਨੇ ਹਟਕੋਰੇ ਲੈਂਦਿਆਂ ਆਖਿਆ

ਤੇਰਾ ਭਰਾ ਤੇ ਮੁਕਿਆ ਪਿਆ

ਮੁੰਡੇ ਹੁਣ ਕਿੱਥੋਂ ਆਉਣੇ ਆਂ......

ਸਤਿਗੁਰੂ ਜੀ ਇਕ ਦਮ ਗੰਭੀਰ ਹੋ ਗਏ। ਤਖਤਪੋਸ਼ ਤੋਂ ਉੱਤਰ ਖਲੋਤੇ ਤੇ ਜਲ ਵਾਲਾ ਗੜਵਾ ਚੱਕ ਲਿਆ।

ਸੇਵਕ ਰਾਗਾ ਸਿੰਘ ਨੇ ਅਗਾਹ ਹੋ ਗੜਵਾ ਫੜਨ ਦਾ ਯਤਨ ਕੀਤਾ, ਹਜ਼ੂਰ ਨੇ ਇਸ਼ਾਰਾ ਕਰਕੇ ਰੋਕ ਦਿੱਤਾ।

ਤੇ ਆਖਿਆ

ਆਤੀਏ- ਚੱਲ

ਸੇਵਕ ਰਾਗਾ ਸਿੰਘ ਨਾਲ ਤੁਰਨ ਲੱਗਾ ਤਾਂ ਪਾਤਸ਼ਾਹ ਜੀ ਨੇ ਫਿਰ ਇਸ਼ਾਰਾ ਕਰਕੇ ਰੋਕ ਦਿੱਤਾ ਤੇ ਆਤੀ ਦੇ ਨਾਲ ਛੋਹਲੇ ਕਦਮੀ ਗੁਰਦੁਆਰੇ ਦੇ ਪਿਛਵਾੜੇ ਹੁਕਮਾਂ ਸਿੰਘ ਨੂੰ ਵੇਖਣ ਤੁਰ ਪਏ।

ਇਹ ਘਰ ਉਹ ਹੀ ਸੀ ਜਿੱਥੇ ਸਤਿਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ ਤੇ ਜਿੱਥੇ ਬਾਬਾ ਜੱਸਾ ਸਿੰਘ ਤੇ ਬਾਬਾ ਨੱਥਾ ਸਿੰਘ ਨੇ ਰਾਈਆਂ ਤੋਂ ਪਰਿਵਾਰ ਸਮੇਤ ਆ ਨਿਵਾਸ ਕੀਤਾ ਸੀ। ਅੱਜ ਇਸੇ ਅਸਥਾਨ ਤੇ ਗੁਰੂ ਕਾ ਲੰਗਰ ਸਥਾਪਤ ਹੈ ਜਿਥੇ ਨਵਾਂ ਲੰਗਰ ਹਾਲ ਹੈ ਅਤੇ ਸੰਗਤਾਂ ਪ੍ਰਸ਼ਾਦਾ ਛਕਦੀਆਂ ਹਨ।

ਹਜ਼ੂਰ ਛੋਹਲੇ ਕਦਮੀਂ ਹੁਕਮਾਂ ਸਿੰਘ ਦੇ ਘਰ ਪਹੁੰਚੇ, ਹੁਕਮਾਂ ਸਿੰਘ ਨਿਰਜਿੰਦ, ਸਾਹ-ਸਤ ਹੀਣ ਮੰਜੇ ਤੇ ਪਿਆ ਸੀ। ਨਾ ਸਾਹਾਂ ਦੀ ਗਤੀ ਨਾ ਕੋਈ ਹਿਲਜੁਲ, ਰੰਗ ਜ਼ਰਦ-ਪੀਲਾ ਤੇ ਜਿਸਮ ਠੰਢਾ।

ਪਾਤਸ਼ਾਹ ਜੀ ਨੇ ਨਬਜ਼ ਟੋਹੀ, ਗੰਭੀਰ ਹੋਏ ਤੇ ਹੁਕਮਾਂ ਸਿੰਘ

Namdhari Elibrary NamdhariElibrary@gmail.com

ਦੇ ਮੰਜੇ ਦੁਆਲੇ ਇਕ ਚੱਕਰ ਲਾਇਆ।
ਤੇ
ਬਚਨ ਕੀਤਾ

"ਆਤੀਏ ਇਹਨੂੰ ਮੈਂ ਆਪਣੀ ਉਮਰ ਲਾ ਚੱਲਿਆ ਹਾਂ, ਪੰਜੇਟਿਆਂ ਤੋਂ ਹਕੀਮ ਨੂੰ ਬੁਲਾ ਕੇ ਇਲਾਜ ਕਰਵਾ ਲਈ। ਆਤੀ ਨੇ ਕਿਸੇ ਨੂੰ ਭੇਜ ਪੰਜੇਟਿਆਂ ਤੋਂ ਹਕੀਮ ਬੁਲਾਇਆ। ਹਕੀਮ ਨੇ ਨਬਜ਼ ਟੋਹੀ, ਅੱਖਾਂ ਪੁੱਟ ਕੇ ਵੇਖੀਆਂ, ਮੱਥੇ ਨੂੰ ਹੱਥ ਲਾਇਆ ਤੇ ਬੋਲਿਆ

ਕੋਈ ਕਾਗਜ਼ ਲਿਆਓ

ਕਾਗਜ਼ ਦੀ ਕੀਪ ਬਣਾ ਕੇ ਮੂੰਹ ਰਾਹੀਂ ਸੰਘ ਵਿਚ ਰੱਖੀ ਉਸ ਵਿਚ ਦੁਆਈ ਪਾ ਠੋਲਾ ਮਾਰਿਆ। ਦੁਆਈ ਜਿਓਂ ਹੀ ਹਲਕ ਤੋਂ ਨੀਚੇ ਗਈ ਹੁਕਮਾਂ ਸਿੰਘ ਨੇ ਇਕ ਲੰਬਾਂ ਸਾਹ ਲਿਆ। ਕੁਝ ਪਲਾਂ ਬਾਅਦ ਅੱਖਾਂ ਪੁੱਟੀਆਂ।
ਹਕੀਮ ਦੁਆਈ ਦੀਆਂ ਕੁਝ ਪੁੜੀਆ ਬੰਨ, ਪਰਹੇਜ਼ ਸਮਝਾ ਆਪਣੇ ਰਾਹੇ ਪਿਆ॥
ਅੱਜ ਹੋਰ
ਕੱਲ ਹੋਰ
ਜਿੰਦਗੀ ਫਿਰ ਆਪਣੇ ਰਾਹਾਂ ਤੇ ਤੁਰਨ ਲੱਗੀ
ਅਗਲੇ ਵਰ੍ਹੇ ਹੁਕਮਾਂ ਸਿੰਘ ਤੇ ਆਤੀ ਗੋਦੀ ਬਾਲ ਲੈ ਸਤਿਗੁਰੂ ਹਰੀ ਸਿੰਘ ਜੇ ਦੇ ਦਰਸ਼ਨਾਂ ਨੂੰ ਜਾ ਹਾਜ਼ਰ ਹੋਏ।
ਨਮਸਕਾਰ ਕੀਤੀ
ਪਾਤਸ਼ਾਹ ਜੀ ਬਚਨ ਕੀਤਾ

"ਆਤੀਏ- ਤੇਰੇ ਕਿੰਨੇ ਪੁੱਤਰ ਆ"?

ਆਤੀ ਦੀਆਂ ਅੱਖਾਂ ਵਿਚ ਖੁਸੀਂ ਦੇ ਅੱਥਰੂ ਸਨ ਤੇ ਬੋਲੀ
ਜੀ ਚਾਰ-
ਪਾਤਸ਼ਾਹ ਜੀ ਮੁਸਕਰਾਏ ਤੇ ਬਚਨ ਕੀਤਾ
"ਨਾਮ ਕੀ ਰੱਖਿਆ" ?
"ਜੀ ਬਿਸ਼ਨ ਸਿੰਘ"
ਹੁਕਮਾਂ ਸਿੰਘ ਹੱਥ ਜੋੜੀ ਗਲ ਵਿਚ ਪੱਲਾ ਪਾਈ ਹਜ਼ੂਰ ਦੇ ਸਨਮੁਖ ਖਲੋਤਾ ਸੀ। ਭਰੇ ਹੋਏ ਗਲੇ ਨਾਲ ਆਖਿਆ
"ਪਾਤਸ਼ਾਹ ਜੀ
ਮੈਨੂੰ ਵੀ ਜੀਵਨ-ਦਾਨ ਆਪ ਜੀ ਨੇ ਦਿੱਤਾ ਹੈ ਤੇ
ਇਹ ਬਾਲ ਵੀ।
ਮੇਹਿਰ ਕਰਿਓ
ਸਿੱਖੀ ਕੇਸਾਂ-ਸਵਾਸਾਂ ਨਾਲ ਨਿਭੇ।

ਬਾਕੀ ਸਫ਼ਾ 71 ਦੀ........ (ਜੋਤ ਕਾ ਜਾਮਾ....)

ਸਤਿਗੁਰੂ ਹਰੀ ਸਿੰਘ ਜੀ ਨੇ ਵਾਕਿਆ ਹੀ 'ਟੁੱਟੀ ਲਈ ਮਿਲਾਇ' ਦੇ ਵਾਕ ਨੂੰ ਨਿਭਾਇਆ ਹੈ। ਉਂਝ ਉਸ ਸਮੇਂ ਨਾਮਧਾਰੀ ਲਹਿਰ ਨੂੰ ਦਬਾ ਦੇਣ ਦੇ ਅੰਗ੍ਰੇਜ਼ ਹਾਕਮਾਂ ਨੇ ਸਿਰਤੋੜ ਯਤਨ ਕੀਤੇ ਤੇ ਦੁਨਿਆਵੀ ਤੌਰ ਤੇ ਅਜਿਹੀਆਂ ਸੰਭਾਵਨਾਵਾਂ ਵੀ ਬਣਦੀਆਂ ਰਹੀਆਂ ਸਨ।

ਹਵਾਲੇ

1 ਸੂਬਾ ਸੁਰਿੰਦਰ ਕੌਰ ਖਰਲ:- ਕੂਕਾ ਲਹਿਰ ਦੇ ਮਹਾਨ ਸੁਤੰਤਰਤਾ ਸੰਗ੍ਰਾਮੀ, ਨਾਮਧਾਰੀ ਸ਼ਹੀਦ, - 2008 ਪੰਨਾ- 47
2 ਸੁਵਰਨ ਸਿੰਘ ਵਿਰਕ:- ਕੂਕਾ ਲਹਿਰ ਦੇ ਅਮਰ ਨਾਇਕ ਭਾਗ-2 2019 ਪੰਨਾ- 12
3 ਬਖਸੀਸ ਸਿੰਘ ਲੋਦੀ ਪੱਟੀ ਸਿਆੜ੍ਹ:- ਭੁੱਲੇ ਵਿਸਰੇ ਇਤਿਹਾਸ ਦੇ ਪੰਨੇ ਪੰਨਾ-38
4 ਫੌਜਾ ਸਿੰਘ ਬਾਜਵਾ:- ਕੂਕਾ ਮੂਵਮੈਂਟ, ਵਿਸ਼ਵ ਨਾਮਧਾਰੀ ਸੰਗਤ (1965,2017) ਪੰਨਾ- 226
5 ਤਾਰਾ ਸਿੰਘ ਅਨਜਾਣ :- ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ, ਨਵੀਂ ਦਿੱਲੀ-2008, ਪੰਨਾ- 124, 125
6 ਸੂਬਾ ਸੁਰਿੰਦਰ ਕੌਰ ਖਰਲ:- ਕੂਕਾ ਲਹਿਰ ਦੇ ਮਹਾਨ ਸੁਤੰਤਰਤਾ ਸੰਗ੍ਰਾਮੀ, ਨਾਮਧਾਰੀ ਸ਼ਹੀਦ, - (2008) ਪੰਨਾ- 47
7 ਉਹੀ
8 ਉਹੀ
9 ਉਹੀ
10 ਸਤਿਗੁਰੂ ਬਿਲਾਸ:- ਸੰਤ ਸੰਤੋਖ ਸਿੰਘ ਬਾਹੋਵਾਲ - 2005 ਪੰਨਾ 62-63
11 ਸੁਵਰਨ ਸਿੰਘ ਵਿਰਕ :- ਕੂਕਾ ਲਹਿਰ ਦੇ ਅਮਰ ਨਾਇਕ ਭਾਗ -2, 2019 ਪੰਨਾ- 55-78

Namdhari Elibrary NamdhariElibrary@gmail.com

'ਉਤਪਾਤ ਸਹੇ ਅਤਿ ਆਮ ਜਿਨੋ'

ਹਰਪਾਲ ਸਿੰਘ ਸੇਵਕ

ਨਾਮਧਾਰੀ ਪੰਥ (ਸੰਤ-ਖਾਲਸਾ) ਦੇ ਸਿਰਜਨਹਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ 2016 ਈ: ਵਿਚ ਮਨਾਈ ਗਈ। ਆਪ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ ਸਮੇਂ 1916 ਵਿਚ ਬਰਤਾਨਵੀ ਸਾਮਰਾਜ ਸਮੇਂ ਆਪ ਦੁਆਰਾ ਜਗਾਈ ਆਜ਼ਾਦੀ ਦੀ ਜੋਤ ਗਦਰ ਲਹਿਰ ਅਤੇ ਪਗੜੀ ਸੰਭਾਲ ਜੱਟਾ ਆਦਿ ਲਹਿਰਾਂ ਦੇ ਰੂਪ ਵਿਚ ਪ੍ਰਚੰਡ ਰੂਪ ਧਾਰ ਰਹੀ ਸੀ। ਉਸ ਸਮੇਂ ਅੰਗ੍ਰੇਜ਼ੀ ਹਕੂਮਤ ਵਿਰੁੱਧ ਜੂਝਣਾ ਹੀ ਸ਼ਤਾਬਦੀ ਮਨਾਉਣਾ ਸੀ।

ਇਸੇ ਤਰ੍ਹਾਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਪਹਿਲੀ ਪ੍ਰਕਾਸ਼ ਸ਼ਤਾਬਦੀ 1919 ਈ: ਸਮੇਂ ਅੰਗ੍ਰੇਜ਼ ਹਕੂਮਤ ਦੇ ਜਬਰ ਦਾ ਸਾਮ੍ਹਣਾ, ਸਬਰ ਨਾਲ ਕਰਦਿਆਂ- ਸ਼ਹੀਦੀ ਸਾਕਾ ਜ਼ਲ੍ਹਿਆਂਵਾਲਾ ਬਾਗ, ਭਿਆਨਕ ਕਾਂਡ ਵਾਪਰਿਆ, ਸਤਿਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨਾਮਧਾਰੀ ਸਿੱਖ ਸੰਗਤਾਂ ਵਲੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਮਨਾਈ ਜਾ ਰਹੀ ਹੈ। ਜਲਿਆਂ ਵਾਲੇ ਸਾਕੇ ਬਾਰੇ ਸਤਿਜੁਗ ਦਾ ਵੈਸਾਖੀ-ਵਿਸ਼ੇਸ਼ ਅੰਕ ਕੱਢਿਆ ਜਾਵੇਗਾ। ਇਹ ਸੰਜੋਗ ਹੀ ਹੈ ਕਿ ਸਾਲ 2019 ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਸਾਢੇ ਪੰਜ ਸੌ (550) ਸਾਲਾ ਪ੍ਰਕਾਸ਼ ਵਰ੍ਹਾ ਹੈ ਜੋ ਕਿ ਪੂਰੇ ਸਿੱਖ ਸਮਾਜ ਵਲੋਂ ਬੜੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਅਦਾਰਾ ਸਤਿਜੁਗ ਵਲੋਂ ਨਵੰਬਰ 2018 ਸਤਿਗੁਰੂ ਨਾਨਕ ਦੇਵ ਪ੍ਰਕਾਸ਼ ਅੰਕ ਪ੍ਰਕਾਸ਼ਿਤ ਕੀਤਾ ਗਿਆ ਸੀ ਅਤੇ ਨਵੰਬਰ 2019 ਵਿਚ ਵਿਸ਼ੇਸ਼-ਅੰਕ ਪ੍ਰਕਾਸ਼ਿਤ ਕੀਤਾ ਜਾਵੇਗਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦਸਮ ਪਾਤਸ਼ਾਹ ਸਾਹਿਬ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਦੀ ਰਹਿਤ ਮਰਿਯਾਦਾ ਅਤੇ ਸਵੈਮਾਨ ਦੀ ਪੁਨਰ ਸਥਾਪਤੀ ਲਈ ਸੰਮਤ 1914 ਬ੍ਰਿ: (1857 ਈ:) ਵੈਸਾਖੀ ਨੂੰ ਪੰਜ ਸਿੰਘਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਸਾਜਨਾ ਕੀਤੀ ਅਤੇ ਸਫੈਦ ਤਿਕੋਣਾ ਝੰਡਾ ਝੁਲਾ ਕੇ ਜੰਗੇ-ਅਜ਼ਾਦੀ ਦਾ ਸ਼ੁਭ ਅਰੰਭ ਕੀਤਾ। 1860 ਈ: ਤੋਂ ਜ਼ੋਰ-ਸ਼ੋਰ ਨਾਲ ਪ੍ਰਚਾਰ ਸ਼ੁਰੂ ਹੋਇਆ। 1863 ਤੱਕ ਅੰਗ੍ਰੇਜ਼ ਸਰਕਾਰ ਨੇ ਘਬਰਾ ਕੇ ਆਪ ਨੂੰ ਸ੍ਰੀ ਭੈਣੀ ਸਾਹਿਬ ਨਜ਼ਰਬੰਦ ਕਰ ਦਿੱਤਾ, ਆਪ ਜੀ ਨੇ ਸੂਬੇ ਥਾਪੇ, ਉਹ ਵੀ ਨਜ਼ਰਬੰਦ ਕਰ ਕੇ ਅੰਗ੍ਰੇਜ਼ ਹਾਕਮ ਨੇ ਵਿਅੰਗ ਕੀਤਾ: "ਬਾਬਾ ਸਾਹਿਬ ਅਬ ਕਿਆ ਕਰੋਗੇ?"- ਸਤਿਗੁਰੂ ਜੀ ਦਾ ਬੀਰ ਰਸੀ ਨਿਰਭੈ ਉੱਤਰ ਸੀ: "ਜਾਹ ਓਹ ਬਿੱਲਿਆ, ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ।" ਭਾਵ ਸੀ ਕਿ ਮੈਂ ਦੇਸ਼ ਆਜ਼ਾਦੀ ਦੀ ਭਾਵਨਾ ਹਰ ਹਿਰਦੇ ਤਕ ਪੁਚਾ ਦੇਵਾਂਗਾ। 1867 ਵਿਚ ਸਤਿਆਗ੍ਰਹਿ ਕਰਕੇ, ਪਾਬੰਦੀਆਂ ਤੋੜ ਕੇ ਅਨੰਦਪੁਰ ਗਏ; ਹੋਲਾ ਮਹੱਲਾ ਕੀਤਾ। ਫੇਰ ਦੌਰੇ ਸ਼ੁਰੂ ਹੋ ਗਏ, ਵੱਡੇ-ਵੱਡੇ ਸਰਦਾਰ ਅਤੇ ਰਈਸ ਵੀ ਮਾਸ, ਸ਼ਰਾਬ ਆਦਿ ਬੁਰਿਆਈਆਂ ਤਿਆਗ ਕੇ ਨਾਮਧਾਰੀ ਸਿੰਘ ਸੱਜ ਗਏ। ਸਤਿਗੁਰੂ ਜੀ ਦਾ ਪ੍ਰਤਾਪ ਦੇਸ਼ ਦੀਆਂ ਸਰਹੱਦਾਂ ਪਾਰ ਕਰ ਨੇਪਾਲ, ਕਾਬਲ ਅਤੇ ਰੂਸ ਤੱਕ ਜਾ ਪੁੱਜਾ। ਕਸ਼ਮੀਰ ਵਿਚ ਕੂਕਾ ਪਲਟਣ ਕਾਇਮ ਹੋ ਗਈ। ਨਾਮਧਾਰੀ ਸ੍ਰੋਤਾਂ ਅਨੁਸਾਰ ਨਾਮਧਾਰੀ ਸਿੱਖਾਂ ਦੀ ਗਿਣਤੀ ਸੱਤ ਲੱਖ ਤੱਕ ਹੋ ਗਈ। 1871-72 ਤੱਕ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਤਾਪ ਸਿਖਰ ਤੇ ਪੁੱਜ ਚੁੱਕਾ ਸੀ। ਬਦੇਸ਼ੀ-ਹਾਕਮ ਇਸ ਗੱਲੋਂ ਪਰੇਸ਼ਾਨ ਸਨ ਕਿ ਇਸ ਦੇਸ਼ ਦੇ ਰਾਜੇ ਅਸੀਂ ਹੋਈਏ ਅਤੇ ਲੱਖਾਂ ਲੋਕ 'ਸੱਚਾ ਪਾਤਸ਼ਾਹ, ਸਤਿਗੁਰੂ ਰਾਮ ਸਿੰਘ ਜੀ ਨੂੰ ਮੰਨਦੇ ਹਨ। ਰਾਮ ਸਿੰਘ ਵੀ ਉਹ ਜੋ ਇਕ ਛੋਟੇ ਜਹੇ ਪਿੰਡ ਦੇ ਇਕ ਸਾਧਾਰਨ ਕਿਰਤੀ ਪ੍ਰਵਾਰ ਵਿਚੋਂ ਉਠ ਕੇ ਪਹਿਲੋਂ-ਪਹਿਲ ਮਹੰਤ ਰਾਮ ਸਿੰਘ, ਫੇਰ ਮਹਾਰਾਜ ਰਾਮ ਸਿੰਘ ਅਤੇ ਹੁਣ ਸਤਿਗੁਰੂ-ਸੱਚਾ ਪਾਤਸ਼ਾਹ ਕਹਿ ਕੇ ਸਤਿਕਾਰਿਆ ਜਾਂਦਾ ਹੈ। ਪਰ ਹਾਕਮ ਸਤਿਗੁਰੂ ਜੀ ਨੂੰ ਹੱਥ ਪਾਉਣੋਂ ਡਰਦੇ ਸਨ ਅਤੇ ਮੌਕੇ ਦੀ ਤਾੜ ਵਿਚ ਸਨ ਕਿ ਕੋਈ ਬਹਾਨਾ ਮਿਲੇ ਤਾਂ ਅਸੀਂ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼-ਬਦਰ ਕਰ ਸਕੀਏ।

ਜਦੋਂ ਅੰਗ੍ਰੇਜ਼ ਹਕੂਮਤ ਵਲੋਂ ਪੰਜਾਬ ਵਿਚ ਥਾਂ-ਥਾਂ ਗਊ-ਬੱਧ ਸ਼ੁਰੂ ਕਰਵਾ ਦਿੱਤਾ ਗਿਆ, ਅੰਮ੍ਰਿਤਸਰ ਅਤੇ ਰਾਇਕੋਟ ਗੁਰਧਾਮਾਂ ਦੇ ਨੇੜੇ ਬੁਚੜਖਾਨੇ ਖੁਲਵਾਏ ਗਏ। ਇਸ ਕੋਝੀ ਚਾਲ ਅਤੇ ਵੰਗਾਰ ਨੂੰ ਕਬੂਲਿਆ ਨਾਮਧਾਰੀ ਸਿੰਘਾਂ ਨੇ- ਅੰਗ੍ਰੇਜ਼ ਸਰਕਾਰ ਵਿਰੁੱਧ ਹਥਿਆਰ ਬੰਦ

Namdhari Elibrary NamdhariElibrary@gmail.com

ਬਗ਼ਾਵਤ ਕੀਤੀ ਅਤੇ ਖਿੜੇ ਮੱਥੇ ਫਾਂਸੀਆਂ ਦੇ ਰੱਸੇ ਆਪ ਗਲਾਂ ਵਿਚ ਪਾ ਕੇ ਖਾਲਸੇ ਦੇ ਕੁਰਬਾਨੀਆਂ ਦੇ ਇਤਿਹਾਸ ਨੂੰ ਦੁਹਰਾਇਆ। ਜਨਵਰੀ 1872 ਨੂੰ ਸਾਕਾ ਮਲੇਰਕੋਟਲਾ ਵਾਪਰਿਆ। ਇਸ ਸਾਕੇ ਵਿਚ 65 ਸਿੰਘ ਤੋਪਾਂ ਨਾਲ, ਇਕ ਤਲਵਾਰ ਨਾਲ, 10 ਸਿੰਘ ਲੜਦਿਆਂ ਅਤੇ 4 ਕਾਲੇ ਪਾਣੀ, ਕੁੱਲ 80 ਸਿੰਘ ਸ਼ਹੀਦ ਹੋਏ, 'ਅੱਸੀ ਸੀਸ ਖਾਲਸੇ ਦੀਨੇ; ਸੌ ਸਾਖੀ ਦਾ ਭਵਿੱਖਤ ਵਾਕ ਪੂਰਾ ਹੋਇਆ। ਇਸ ਸਾਕੇ ਦਾ ਦੋਸ਼ ਸਤਿਗੁਰੂ ਜੀ ਦੇ ਸਿਰ ਮੜ੍ਹ ਕੇ ਬਰਤਾਨਵੀ ਹਕੂਮਤ ਨੇ 17-18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਸੇਵਕ ਨਾਨੂੰ ਸਿੰਘ ਅਤੇ ਦਸ ਸੂਬਿਆਂ ਸਮੇਤ ਦੇਸ਼ ਨਿਰਵਾਸਤ ਕਰ ਦਿੱਤਾ, ਪਹਿਲੋਂ ਇਲਾਹਾਬਾਦ ਅਤੇ ਫੇਰ ਰੰਗੂਨ। ਆਪ ਜੀ ਦੇ ਪ੍ਰਮੁੱਖ 10 ਸੂਬਿਆਂ ਨੂੰ ਦੂਰ ਦੁਰਾਡੇ ਕਿਲਿਆਂ ਵਿਚ ਕੈਦ ਕਰ ਦਿੱਤਾ। ਜਿੰਨਾਂ ਚੋਂ ਬਹੁਤੇ ਕੈਦ ਦੌਰਾਨ ਹੀ ਸ਼ਹੀਦੀਆਂ ਪਾ ਗਏ ਅਤੇ ਬਾਕੀਆਂ ਨੂੰ ਕਰੀਬ 15 ਵਰ੍ਹਿਆਂ ਬਾਦ ਬਿਰਧ ਹੋਣ ਤੇ ਸਖ਼ਤ ਸ਼ਰਤਾਂ ਤਹਿਤ ਪੰਜਾਬ ਭੇਜ ਕੇ, ਉਹਨਾਂ ਦੇ ਨਗਰਾਂ ਵਿਚ ਹੀ ਨਜ਼ਰਬੰਦ ਰੱਖਿਆ। 17-18 ਜਨਵਰੀ 1872 ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ ਨਾਮਧਾਰੀ ਪੰਥ ਦੀ ਵਾਗਡੋਰ ਅਤੇ ਆਜ਼ਾਦੀ ਸੰਗਰਾਮ ਦੀ ਅਗੁਆਈ ਆਪ ਦੇ ਛੋਟੇ ਭ੍ਰਾਤਾ ਭਾਈ ਬੁੱਧ ਸਿੰਘ ਜੀ ਨੇ ਸੰਭਾਲੀ।

ਜਨਮਸਾਖੀ ਵਿਚ ਭਾਈ ਅਜਿੱਤੇ ਰੰਧਾਵੇ ਦੀ ਗੋਸਟ ਵਿਚ ਗੁਰੂ ਨਾਨਕ ਦੇਵ ਜੀ ਦੇ ਭਵਿੱਖਤ ਵਾਕ 'ਬੱਚਾ ਅਜਿੱਤਿਆ, ਬਾਰਵੇਂ ਜਾਮੇਂ ਦਾ ਸੋ ਸਿੱਖ ਸਦਾਏਗਾ ਜੋ ਕਾਲਾ ਮੂੰਹ ਕਰਕੇ ਸਾਰੀ ਦੁਨੀਆਂ ਦੀ ਫਕਰੀ ਝੱਲੇਗਾ।' - ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਦਾ ਸਮਾਂ ਸਿੱਖੀ ਸਿਦਕ ਦੀ ਪਰਖ ਦਾ ਸਮਾਂ ਸੀ। - ਇਕ ਪਾਸੇ ਅੰਗ੍ਰੇਜ਼ ਹਕੂਮਤ, ਉਸ ਸਮੇਂ ਦੀ ਦੁਨੀਆਂ ਦੀ ਸਭ ਤੋਂ ਤਾਕਤਵਰ ਹਕੂਮਤ, ਜੋ ਨਾਮਧਾਰੀ ਪੰਥ ਨੂੰ ਖਤਮ ਕਰਨ ਤੇ ਤੁਲੀ ਹੋਈ ਸੀ। ਦੂਸਰੇ ਗੁਰਦੁਆਰਿਆਂ ਦੇ ਮਹੰਤ, ਪੁਜਾਰੀ ਅਤੇ ਰਿਆਸਤੀ ਰਾਜੇ ਵੀ ਹਾਕਮਾਂ ਦੀ ਖੁਸ਼ੀ ਲੈਣ ਲਈ ਅਕਾਰਨ ਹੀ ਨਾਮਧਾਰੀ ਪੰਥ ਦੇ ਦੁਸ਼ਮਣ ਬਣੇ ਬੈਠੇ ਸਨ। ਤੀਸਰਾ ਸਤਿਗੁਰੂ ਰਾਮ ਸਿੰਘ ਜੀ ਦਾ ਜਲਾਵਤਨ ਕੀਤੇ ਜਾਣ ਉਪਰੰਤ ਨਾਮਧਾਰੀ ਪੰਥ ਤੇ ਸਰਕਾਰ ਵਲੋਂ ਪਾਬੰਦੀਆਂ ਅਤੇ ਸਖਤੀਆਂ ਦੇ ਦੌਰ ਵਿਚ ਲੰਗਰ ਨੂੰ ਚਲਦਾ ਰੱਖਣਾ, ਸਿੱਖਾਂ ਨੂੰ ਡੋਲਣੋਂ ਬਚਾਉਣਾ, ਨਾਮ-ਬਾਣੀ ਅਤੇ ਕੀਰਤਨ ਦੀ ਪਰੰਪਰਾ ਨੂੰ ਕਾਇਮ ਰੱਖਣਾ, ਸਚੁਮੱਚ ਹੀ ਹਾਰੀ ਸਾਰੀ ਦੇ ਵਸ ਦੀ ਗਲ ਨਹੀਂ ਸੀ। - ਫਰਵਰੀ 1872, ਜਦੋਂ ਸਤਿਗੁਰੂ ਰਾਮ ਸਿੰਘ ਜੀ ਇਲਾਹਾਬਾਦ ਕਿਲੇ ਵਿਚ ਪ੍ਰਮੁੱਖ ਸੂਬਿਆਂ ਸਹਿਤ ਨਜ਼ਰਬੰਦ ਸਨ। ਸਰਕਾਰ ਵੱਲੋਂ ਪੁੱਛਿਆ ਗਿਆ ਕਿ ਗੁਰਦੁਆਰਾ ਭੈਣੀ ਸਾਹਿਬ ਦਾ ਤੁਹਾਡੇ ਵੱਲੋਂ ਜ਼ਿੰਮੇਵਾਰ ਕੌਣ ਹੈ, ਚਾਬੀਆਂ ਕਿਸਨੂੰ ਦਿੱਤੀਆਂ ਜਾਣ? ਸ੍ਰੀ ਸਤਿਗੁਰੂ ਜੀ ਨੇ ਸੂਬਿਆਂ ਦੀ ਰਾਇ ਜਾਨਣੀ ਚਾਹੀ। ਕੋਈ ਪੰਚਾਇਤ ਬਣਾਉਣ ਦੀ ਰਾਇ ਦੇਣ, ਕੋਈ ਕੁਝ ਹੋਰ ਢੰਗ ਨਾਲ ਕੰਮ-ਕਾਰ ਚਲਾਉਣ ਬਾਰੇ ਆਖਦੇ ਸਨ। ਪਰ ਸਤਿਗੁਰੂ ਜੀ ਦੇ ਫ਼ੌਜੀ ਜੀਵਨ ਦੇ ਸਾਥੀ ਸੂਬੇਦਾਰ, ਬ੍ਰਹਮ ਗਿਆਨੀ, ਸੂਬਾ ਕਾਨ੍ਹ ਸਿੰਘ ਜੀ ਨਿਹੰਗ ਨੇ ਅਰਜ਼ ਕੀਤੀ: 'ਸੱਚੇ ਪਾਤਸ਼ਾਹ ਇਹ ਕਾਰ ਤੁਹਾਡੇ ਭਾਈ ਬਿਨਾਂ ਕਿਸੇ ਨਹੀਂ ਸਾਂਭ ਸਕਣੀ।' ਸਤਿਗੁਰੂ ਜੀ ਫ਼ੁਰਮਾਇਆ 'ਮੇਰੀ ਵੀ ਇਹੋ ਰਾਇ ਹੈ।' ਤਾਂ ਅਠਾਰਵੇਂ ਦਿਨ ਕੁੰਜੀਆਂ ਮਹਾਰਾਜ ਬੁੱਧ ਸਿੰਘ ਜੀ ਨੂੰ ਮਿਲੀਆਂ। ਜਿਵੇਂ ਲਹਿਣਾ ਜੀ ਦਾ ਨਾਮ ਅੰਗਦ ਕਰਕੇ ਸਤਿਗੁਰੂ ਨਾਨਕ ਦੇਵ ਜੀ ਨੇ ਗੁਰਤਾ ਬਖ਼ਸ਼ੀ ਸੀ ਇਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਨੇ ਬੁੱਧ ਸਿੰਘ ਤੋਂ ਹਰੀ ਸਿੰਘ ਕਰਕੇ ਵਰਦਾਨ ਅਤੇ ਆਪਣੇ ਤੋਂ ਵੀ ਵੱਧ ਅਖ਼ਤਿਆਰ ਬਖ਼ਸ਼ੇ। 1875 ਈ: ਨੂੰ ਬਾਬਾ ਦਰਬਾਰਾ ਸਿੰਘ ਹੱਥੀਂ ਭੇਜੇ ਹੁਕਮਨਾਮੇ ਦੇ ਬਚਨ ਹਨ- "ਇਸ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ, ਇਹ ਸਿੱਖੀ ਨੂੰ ਹਰੀ ਰੱਖੇਗਾ, ਮੇਰੇ ਧੱਕੇ ਨੂੰ ਇਹ ਬਖ਼ਸ਼ ਲਏਗਾ, ਇਹਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ਾਂਗਾ।" 1872 ਤੋਂ 1906 ਈ: ਤੱਕ 34 ਵਰ੍ਹੇ ਸਾਮਰਾਜੀ ਦਮਨ-ਚੱਕਰ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਸਿੱਖੀ ਨੂੰ ਹਰੀ ਰੱਖਿਆ।

18ਵੀਂ ਸਦੀ ਵਿਚ ਮੁਗਲ ਹਕੂਮਤ ਵਲੋਂ ਸਿੱਖਾਂ ਤੇ ਕੀਤੇ ਗਏ ਜ਼ੁਲਮਾਂ ਵਰਗਾ ਸਮਾਂ ਹੀ ਸੀ ਨਾਮਧਾਰੀ ਪੰਥ ਵਾਸਤੇ ਸਤਿਗੁਰੂ ਹਰੀ ਸਿੰਘ ਜੀ ਦਾ ਗੁਰਤਾ ਕਾਲ। ਅੰਗ੍ਰੇਜ਼ ਹਕੂਮਤ ਵਲੋਂ ਦਮਨ ਚੱਕਰ ਦਾ ਦੌਰ, 17-18 ਜਨਵਰੀ ਨੂੰ ਮਲੇਰਕੋਟਲੇ ਦੇ ਰੱਕੜ ਵਿਚ 66 ਨਾਮਧਾਰੀ ਸਿੰਘਾਂ ਨੂੰ ਤੋਪਾਂ ਨਾਲ ਉਡਾਉਣਾ, ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦਾ ਦੇਸ਼ ਨਿਰਵਾਸਨ, 18 ਜਨਵਰੀ ਨੂੰ ਪੁਲੀਸ ਵੱਲੋਂ ਗੁਰਦੁਆਰਾ ਭੈਣੀ ਸਾਹਿਬ ਦੀ ਥਾਂ-ਥਾਂ ਪੁਟਾਈ ਕਰਕੇ ਤਲਾਸ਼ੀ, ਸਤਿਗੁਰੂ ਹਰੀ ਸਿੰਘ ਜੀ ਅਤੇ ਗੁਰਦੁਆਰੇ ਵਿਚ ਰਹਿਣ ਵਾਲਿਆਂ ਨੂੰ ਪੈਦਲ ਲੁਧਿਆਣੇ ਲਿਜਾਣਾ, ਕੋਈ ਘਰਾਂ ਨੂੰ ਤੋਰ ਦਿੱਤੇ, ਕੁਝ ਗਿਣਤੀ ਦੇ ਸਿੰਘ ਜਮਾਨਤਾਂ ਤੇ ਭੈਣੀ ਸਾਹਿਬ ਭੇਜੇ, ਕਈ ਬਿਹੰਗਮ ਜੇਲਾਂ ਵਿਚ ਅਤੇ 19 ਜਨਵਰੀ ਤੋਂ ਗੁਰਦੁਆਰਾ ਭੈਣੀ ਸਾਹਿਬ ਦੀ ਡਿਓੜੀ ਅੱਗੇ ਸਥਾਈ ਪੁਲਿਸ ਚੌਂਕੀ ਤਾਇਨਾਤ ਜੋ 12 ਮਈ 1923 ਤੱਕ ਕਾਇਮ ਰਹੀ। ਪਾਠ, ਕਥਾ, ਕੀਰਤਨ, ਦੀਵਾਨ ਆਦਿ ਤੇ ਸਖ਼ਤ ਪਾਬੰਦੀਆਂ,

Namdhari Elibrary NamdhariElibrary@gmail.com

ਪੰਜ ਨਾਮਧਾਰੀ ਸਿੱਖਾਂ ਦੇ ਇਕੱਠੇ ਹੋਣ ਦੀ ਵੀ ਮਨਾਹੀ, ਪਿੰਡੋ-ਪਿੰਡੀ ਵੀ ਨਾਮਧਾਰੀ ਸਿੰਘਾਂ ਤੇ ਨਜ਼ਰਬੰਦੀ ਵਰਗੀਆਂ ਪਾਬੰਦੀਆਂ। ਸਾਰੇ ਨਾਮਧਾਰੀ ਪੰਥ ਨੂੰ ਜ਼ੁਰਾਇਮ ਪੇਸ਼ਾ ਕਰਾਰ। ਇਹ ਸਨ ਸਤਿਗੁਰੂ ਹਰੀ ਸਿੰਘ ਜੀ ਵਲੋਂ ਪੰਥ ਦੀ ਵਾਗਡੋਰ ਸੰਭਾਲਨ ਸਮੇਂ ਦੇ ਮੁੱਢਲੇ ਦਿਨਾਂ ਦੇ ਹਾਲਾਤ। ਵੈਸੇ ਵੀ ਸਤਿਗੁਰੂ ਨਾਨਕ ਦੇਵ ਦੀ ਰਾਜ-ਜੋਗ ਗੱਦੀ ਕੋਈ ਸੁਖ-ਰਹਿਣੀ ਫੁਲਾਂ ਦੀ ਸੇਜ ਨਹੀਂ ਸਗੋਂ ਇਹ ਤਾਂ ਤੱਤੀਆਂ ਤਵੀਆਂ ਤੇ ਬੈਠਣ ਅਤੇ ਧਰਮ ਹਿਤ ਸਰਬੰਸ ਕੁਰਬਾਨ ਕਰਨ ਵਾਲੀ ਗੱਦੀ ਹੈ।

ਸਮਕਾਲੀ ਇਤਿਹਾਸ ਲੇਖਕ ਸੰਤ ਸੰਤੋਖ ਸਿੰਘ ਜੀ ਬਾਹੋਵਾਲ ਲਿਖਦੇ ਹਨ "ਚਾਰ ਮਹੀਨੇ ਬੜੀ ਕਰੜਾਈ ਰਹੀ ਫੇਰ ਕੁਝ ਨਰਮਾਈ ਹੋਈ। ਸੰਮਤ 1929 ਮੁਤਾਬਿਕ 1872 ਈ: ਦੇ ਦੁਸਹਿਰੇ ਤੇ ਕੁਝ ਸਿੰਘ ਮਹਾਰਾਜ ਬੁੱਧ ਸਿੰਘ ਜੀ ਦੇ ਦਰਸ਼ਨ ਕਰਨ ਆਏ। ਹੋਰ ਭੀ ਸੰਗਤਾਂ ਚੋਰੀ-ਛਿਪੇ ਆਉਣ ਲਗੀਆਂ। ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਥੜੇ ਵਾਲੇ ਮੰਦਰ (ਰਾਮ ਮੰਦਰ) ਵਿਖੇ ਪੰਜ ਅਖੰਡ ਪਾਠਾਂ ਦੇ ਭੋਗ ਪਾਏ।" ਉਸ ਸਮੇਂ ਲੁਧਿਆਣਾ ਪੁਲਿਸ ਦਾ ਡੀ.ਐਸ.ਪੀ. ਬਾਰਬਟਨ ਸੀ। ਉਸ ਪਾਸ ਮੁਖ਼ਬਰੀ ਹੋਈ ਭੋਗਾਂ ਬਾਰੇ। ਪਰ ਉਸ ਦੇ ਆਉਣ ਤੋਂ ਪਹਿਲਾਂ ਭੋਗ ਪੈ ਚੁੱਕੇ ਸਨ। "ਬਟਨ ਨੇ ਦੇਖਿਆ ਕਿ ਪਾਠ ਤਾਂ ਕੋਈ ਨਹੀਂ ਹੈਂ। ਕੈਹਣੇ ਲਗਾ ਮਹਾਰਾਜ ਜੀ ਕੋ ਕੇ ਜੇਕਰ ਭਾਈ ਮਾਂਗੂ ਕਰੇਂਗਾ ਤਾਂ ਤੈਨੂੰ ਭੀ ਉਥੇ ਈ ਪਾਸ ਭੇਜਾਂਗੇ। ਭੋਗ ਨਾ ਪਾਵੋ, ਦੀਵਾਨ ਲਾਇਕੇ ਸ਼ਬਦ ਭੀ ਨਾ ਪੜ੍ਹੋ ਅਰ ਏਥੇ ਸਿੰਘ ਭੀ ਨਾ ਆਉਣੇ ਦਿਉ। ਉਹ ਜਾਂਦਾ ਜਾਂਦਾ ਕਹਿ ਗਿਆ ਕਿ ਹੁਣ ਜਿਥੇ ਵੀ ਭੋਗ ਪਾਉਗੇ ਜਾਂ ਜਿਥੇ ਵੀ ਪੰਜ ਕੂਕੇ ਇਕੱਠੇ ਹੋਏ, ਛੇ ਮਹੀਨੇ ਕੈਦ ਕਰਾਂਗੇ।

ਦੋ ਸਾਲਾਂ ਬਾਦ ਸੰਨ 1974 ਈ: ਵਿੱਚ ਬਾਬਾ ਜੱਸਾ ਸਿੰਘ ਜੀ ਦੇ ਚੜਾਈ ਕਰਨ ਉਪਰੰਤ ਪਾਠਾਂ ਦੇ ਭੋਗਾਂ ਦੀ ਮਨਜ਼ੂਰੀ ਮਿਲੀ, ਦੋਵੇਂ ਵੇਲੇ ਕੀਰਤਨ ਹੋਣ ਲੱਗਾ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਹੀ ਅਖੰਡ ਪਾਠ ਕਰਨ ਦੇ ਦੋਸ਼ ਵਿਚ ਨਾਮਧਾਰੀ ਸਿੱਖਾਂ ਨੇ ਕੈਦਾਂ ਕੱਟੀਆਂ, ਜ਼ੇਲਾਂ ਵਿਚ ਸ਼ਹੀਦ ਵੀ ਹੋਏ। ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਅੰਦਰ ਵੀ ਪੁਲਿਸ ਤੋਂ ਚੋਰੀ ਸਿੰਘ ਲੁਕ ਕੇ ਰਹਿੰਦੇ ਅਤੇ ਲੰਗਰ ਵਿਚ ਬਣੇ ਇਕ ਭੋਰੇ (ਕਮਰੇ) ਵਿਚ ਚੋਰੀ ਅਖੰਡ ਪਾਠ ਕਰਦੇ। ਅੱਠੀਂ ਪਹਿਰੀਂ ਕੇਵਲ ਪੰਜ ਸਿੰਘ (ਜੋ ਬਾਅਦ ਵਿਚ ਦਸ ਦੀ ਆਗਿਆ ਹੋ ਗਈ) ਦਰਸ਼ਨ ਕਰਨ ਆ ਸਕਦੇ ਸਨ। ਭਾਈ ਸੰਤੋਖ ਸਿੰਘ ਜੀ ਸਤਿਗੁਰੂ ਬਿਲਾਸ ਵਿਚ ਲਿਖਦੇ ਹਨ: "ਇਸ ਸਮੇਂ ਦਰਸ਼ਨ ਅਭਿਲਾਸ਼ੀ ਸਿੰਘ ਭੈਣੀ ਸਾਹਿਬ ਦੀ ਜੂਹ ਵਿਚ ਡੇਰੇ ਦੇ ਬਾਹਰ ਹੀ ਕਿਸੇ ਰੁੱਖ ਬਿਰਖ ਹੇਠ ਬੰਦਗੀ ਕਰਦਿਆਂ ਗੁਰੂ ਮਹਾਰਾਜ ਜੀ ਦੇ ਦਰਸ਼ਨ ਕਰ ਲੈਂਦੇ ਸੀ। ਮਹਾਰਾਜ ਜੀ ਉਹਨਾਂ ਲਈ ਛਿਪਾ ਕੇ ਜਲ ਪ੍ਰਸ਼ਾਦੇ ਵੀ ਲੈ ਜਾਂਦੇ। ਆਇਆਂ ਸਿੰਘਾਂ ਨੂੰ ਹਿੰਮਤ ਹੌਂਸਲਾ ਵੀ ਦੇਣਾ ਕਿ ਇਹ ਬਿਪਤਾ ਦਾ ਸਮਾਂ ਲੰਘ ਜਾਏਗਾ। ਆਲੇ-ਦੁਆਲੇ ਦੇ ਪਿੰਡਾਂ ਵਿੱਚ ਸਿੰਘ ਰਾਤ ਕੱਟ ਜਾਂਦੇ। ਜਿਨ੍ਹਾਂ ਪਿੰਡਾਂ ਵਿਚ ਸਿੰਘਾਂ ਦੇ ਠਹਿਰਣ ਦਾ ਪਤਾ ਲਗ ਜਾਂਦਾ, ਗੋਰਾ ਸ਼ਾਹੀ ਦੀ ਪੁਲੀਸ ਉਹਨਾਂ ਦੇ ਲੰਬੜਦਾਰਾਂ, ਚੌਂਕੀਦਾਰਾਂ ਨੂੰ ਕੁੱਟਦੀ। ਕਈਆਂ ਦੇ ਅਹੁਦੇ ਖੋਹ ਲਏ ਏਸੇ ਦੋਸ਼ ਵਿਚ।"

ਕਈ ਵਰ੍ਹਿਆਂ ਬਾਅਦ ਜਦੋਂ ਕਿਸੇ ਵਿਸ਼ੇਸ਼ ਮੇਲੇ, ਤੀਰਥ ਅਸਥਾਨ ਜਾਂ ਕਿਸੇ ਸਿੱਖ ਸੇਵਕ ਦੇ ਅਨੰਦ-ਕਾਰਜ ਲਈ ਅਰਜੀ ਦੇ ਕੇ ਛੁੱਟੀ ਮਿਲ ਵੀ ਜਾਂਦੀ ਤਾਂ ਕੋਈ ਬਹਾਨਾ ਲਾ ਕੇ, ਲਗਿਆ ਦੀਵਾਨ ਉਠਾ ਦੇਣਾ, ਵਾਪਸ ਭੈਣੀ ਸਾਹਿਬ ਜਾਣ ਦਾ ਆਦੇਸ਼ ਦੇ ਦੇਣਾ।

ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਤੋਂ ਹੁਕਮਨਾਮਾ ਭੇਜਿਆ ਕਿ ਜੋ ਕਹਿੰਦੇ ਸੀ ਸਾਡਾ ਸਰੀਰ ਤੁਹਾਡੇ ਨਮਿੱਤ ਲੱਗੇ, ਹੁਣ ਸਮਾਂ ਹੈ, ਉਹ ਸਾਡੇ ਨਮਿਤ ਪਾਠਾਂ ਦੇ ਭੋਗ ਪਵਾਉਣ। ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਤੇ ਫੁੱਲ ਚਾੜ੍ਹਨ ਲਈ ਸ੍ਰੀ ਭੈਣੀ ਸਾਹਿਬ ਤਾਂ ਸਰਕਾਰ ਤੋਂ ਚੋਰੀ ਅਖੰਡ ਪਾਠ ਹੁੰਦੇ ਹੀ ਸਨ। ਹੋਰ ਪਿੰਡਾਂ ਸ਼ਹਿਰਾਂ ਵਿਚ ਵੀ ਨਾਮਧਾਰੀ ਸੰਗਤਾਂ ਨੇ ਹਜ਼ਾਰਾਂ ਸਾਧਾਰਨ ਪਾਠ ਅਤੇ ਅਖੰਡ ਪਾਠਾਂ ਦੇ ਭੋਗ ਪਵਾਏ। ਸੂਬਾ ਸਮੁੰਦ ਸਿੰਘ ਖੋਟਿਆਂ ਵਾਲੇ ਨੇ ਤਖਤੂਪੁਰੇ ਇਤਿਹਾਸਕ ਗੁਰੂਧਾਮ ਤੇ ਇਕੋਤਰ ਸੌ ਅਖੰਡ-ਪਾਠ ਕਰਵਾਏ। ਮਾਝੇ ਦੇ ਸਿੰਘਾਂ ਨੇ ਗੁਰੂ ਕੇ ਬਾਗ ਵਿਖੇ ਬਾਬਾ ਗੰਡਾ ਸਿੰਘ ਜੀ ਨੇ ਇੱਕ ਸੌ ਇੱਕ ਸਾਧਾਰਨ ਪਾਠ ਕਰਵਾਏ। ਵਰਨੀਆਂ ਅਤੇ ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਵੀ ਨਾਮਧਾਰੀ ਸੰਗਤ ਵਲੋਂ ਆਮ ਪਾਏ ਜਾਂਦੇ ਸਨ। ਸਤਿਗੁਰੂ ਹਰੀ ਸਿੰਘ ਜੀ ਦੀ ਬਖ਼ਸ਼ਿਸ਼ ਸਦਕਾ ਏਨੇ ਸਖਤੀਆਂ ਦੇ ਦੌਰ ਵਿਚ ਵੀ ਨਾਮ ਬਾਣੀ ਦਾ ਪ੍ਰਵਾਹ ਇਸ ਸਮੇਂ ਦੂਣ ਸਵਾਇਆ ਹੋਇਆ। "ਰੰਗੂਨ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਦਮਦਮਾ ਸਾਹਿਬ ਅਤੇ ਮੁਕਤਸਰ ਗੁਰੂ-ਅਸਥਾਨਾਂ ਤੇ ਜਾ ਕੇ ਅਖੰਡ ਪਾਠ ਕਰਨ ਦਾ ਹੁਕਮ ਭੇਜਿਆ। ਇਸ ਹੁਕਮ ਤੇ ਫੁੱਲ ਚੜ੍ਹਾਉਣ ਲਈ ਗੁਰੂ ਜੀ ਜਨਵਰੀ 1878 ਨੂੰ ਮਾਘੀ ਸਮੇਂ ਛੁੱਟੀ ਲੈ ਕੇ ਮੁਕਤਸਰ ਪੁੱਜੇ। ਗੁੜ ਦਾ ਗੱਡਾ ਭਰ ਕੇ ਲੈ ਗਏ। ਸੰਗਤਾਂ ਨੂੰ ਵਰਤਾਇਆ, ਪੰਜ ਅਖੰਡ ਪਾਠ ਕਰਕੇ ਮੁੜੇ। ਇਸੇ ਤਰ੍ਹਾਂ ਵੈਸਾਖੀ ਤੇ ਪੰਜ ਅਖੰਡ ਦਮਦਮੇਂ ਜਾ ਕੇ ਕੀਤੇ।

Namdhari Elibrary NamdhariElibrary@gmail.com

ਮੁਖ਼ਬਰਾਂ ਨੇ ਫੇਰ ਮੁਖ਼ਬਰੀ ਕੀਤੀ ਕਿ ਗੁਰੂ ਰਾਮ ਸਿੰਘ ਜੀ ਦਾ ਭਾਈ ਦੌਰੇ ਕਰ ਰਿਹਾ ਹੈ। ਬਹੁਤ ਸਿੰਘ ਨਾਲ ਹਨ ਜਿਧਰ ਜਾਂਦਾ ਹੈ, ਲੋਕਾਂ ਨੂੰ ਵਿਗਾੜ ਰਿਹਾ ਹੈ, ਹੋਰ ਸਿੰਘ ਸਜ ਰਹੇ ਹਨ। ਜੇ ਏਸ ਨੇ ਸਿੰਘਾਂ ਨੂੰ ਕਹਿ ਦਿੱਤਾ ਤਾਂ ਸ਼ੋਰ ਮੱਚ ਜਾਵੇਗਾ। ਫਿਰ ਕੋਈ ਬੰਦੋਬਸਤ ਨਹੀਂ ਹੋਣਾ ਇਹ ਵੀ ਗੁਰੂ ਰਾਮ ਸਿੰਘ ਵਰਗਾ ਹੈ। ਇਕ ਗਿਆ ਤਾਂ ਦੂਜਾ ਜਾਗ ਪਿਆ ਹੈ। " ਸਿੰਘ ਇਨਕਾ ਹੁਕਮ ਮੰਨਦੇ ਹੈਂ। ਜੇ ਹੁਕਮ ਦੇ ਦੀਆ ਤਾਂ ਗ਼ਦਰ ਮਚਾਇ ਦੇਣਗੇ।" ਜਦੋਂ ਮੁੜਦੇ ਹੋਏ ਗੁਰੂ ਜੀ ਲੱਖਾ ਲੁਧਿਆਣੇ ਵਿਚ ਸਨ ਤਾਂ ਜਿਲ੍ਹੇ ਦਾ ਡੀ.ਸੀ., ਐਸ.ਪੀ. ਵਾਰਬਟਨ ਤੇ ਇਲਾਕੇ ਦਾ ਥਾਣੇਦਾਰ, ਤਿੰਨਾਂ ਨੇ ਜਾ ਕੇ, ਗੁਰੂ ਜੀ ਨੂੰ ਤੁਰੰਤ ਭੈਣੀ ਸਾਹਿਬ ਪੁੱਜਣ ਦਾ ਆਦੇਸ਼ ਦਿੱਤਾ। ਦਾਖਾ, ਮੰਡਿਆਲੀ, ਧਰੌੜ ਹੁੰਦੇ ਹੋਏ ਵਾਪਸ ਗੁਰਦੁਆਰਾ ਭੈਣੀ ਸਾਹਿਬ ਪੁੱਜੇ। (ਕੂਕਾ ਲਹਿਰ ਦੇ ਅਮਰ ਨਾਇਕ-2)

"ਦੋਨੋਂ ਭਈਆ ਏਕ ਸਰੂਪ ਕਰ ਭਾਸੇ।
ਸਤਿਗੁਰ ਆਪ ਮੁਖੋਂ ਪ੍ਰਗਾਸੇ।"

ਸੌ ਸਾਖੀ ਦੇ ਭਵਿਖਤ ਵਾਕ ਅਤੇ 'ਇਸਨੂੰ ਸਿਰ ਕਰਤਾ ਜਾਨਣਾ, ਇਹ ਸਿੱਖੀ ਹਰੀ ਰੱਖੇਗਾ। ਮੇਰੇ ਧੱਕੇ ਨੂੰ ਇਹ ਬਖ਼ਸ਼ ਲਏਗਾ।' ਹੁਕਮਨਾਮੇ ਦੇ ਬਚਨਾਂ ਅਨੁਸਾਰ ਨਾਮਧਾਰੀ ਸੰਗਤਾਂ ਗੁਰੂ ਹਰੀ ਸਿੰਘ ਜੀ ਨੂੰ, ਸਤਿਗੁਰੂ ਰਾਮ ਸਿੰਘ ਜੀ ਦਾ ਰੂਪ ਮੰਨ ਕੇ, ਉਸੇ ਆਸਥਾ ਨਾਲ ਹੁਕਮ ਮੰਨਦੀਆਂ। ਨਾਮਧਾਰੀ ਸਿੱਖ-ਸੰਗਤਾਂ ਰੋਜ਼ਾਨਾ ਹੀ ਅਰਦਾਸ ਵਿਚ 'ਜੋਤ ਕਾ ਜਾਮਾ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿਨਾਂ ਟੁੱਟੀ ਲਈ ਮਿਲਾਇ' ਸ਼ਬਦ ਨਾਲ ਯਾਦ ਕਰਦੀਆਂ ਹਨ। ਪਰ ਸਤਿਗੁਰੂ ਹਰੀ ਸਿੰਘ ਜੀ ਦੀ ਨਿਰਮਾਣਤਾ ਇਸ ਹੱਦ ਤੱਕ ਸੀ। ਆਪ ਕਈ ਵੇਰ ਬਚਨ ਕਰਦੇ। ਸਤਿਗੁਰੂ ਰਾਮ ਸਿੰਘ ਜੀ ਦਾ ਵਰਗ ਸ਼ੇਰ ਦਾ ਹੈ, ਉਹ ਭਬਕ ਮਾਰਦੇ ਸਨ ਤੇ ਬਿੱਲੇ ਡਰ ਜਾਂਦੇ ਸਨ। ਮੇਰਾ ਵਰਗ ਚੂਹੇ ਦਾ ਹੈ। ਮੈਂ ਅੰਦਰੇ-ਅੰਦਰ ਏਨ੍ਹਾਂ ਦੀਆਂ ਜੜ੍ਹਾਂ ਕੁਤਰ ਦੇਵਾਂਗਾ।

ਇਤਿਹਾਸ ਗਵਾਹ ਹੈ ਕਿ ਸਮਰਾਜੀ ਸ਼ਕਤੀਆਂ ਸਿੱਖਾਂ ਦੀ ਸਾਂਝ ਤੋੜ ਨਾ ਸਕੀਆਂ। 'ਜਿਉਂ ਜਿਉਂ ਮੰਨੂ ਵੱਡਦਾ, ਅਸੀਂ ਦੂਣ ਸਵਾਏ ਹੋਏ।' ਇਸੇ ਤਰ੍ਹਾਂ ਹੀ ਗੋਰੀ ਹਕੂਮਤ ਦੀਆਂ ਸਖਤੀਆਂ ਨਾਮਧਾਰੀ ਸੰਗਤਾਂ ਨੂੰ ਨਾ ਗੁਰੂ ਨਾਲੋਂ ਤੋੜ ਸਕੀਆਂ ਅਤੇ ਨਾ ਹੀ ਆਪਸੀ ਇਕਜੁੱਟਤਾ ਵਿਚ ਕੋਈ ਤ੍ਰੇੜ ਪਾ ਸਕੀਆਂ। ਨਾਮਧਾਰੀ ਸਿੱਖਾਂ ਦੀ ਆਪਸੀ ਸਾਂਝ ਸਕਿਆਂ ਨਾਲੋਂ ਵੀ ਪੀਡੀ ਸਾਂਝ ਸੀ। ਜੇ ਇਕ ਗ਼ਰੀਬ ਸਿੱਖ ਦੇ ਘਰ ਸਿੱਖਾਂ ਦਾ ਜਥਾ ਰਾਤ ਰੁੱਕਦਾ ਹੈ ਜੋ ਭੈਣੀ ਸਾਹਿਬ ਦਰਸ਼ਨਾਂ ਨੂੰ ਜਾ ਰਿਹਾ ਸੀ। ਉਹ ਸਿੱਖ ਜੋ ਕਣਕ ਬੀਜਣ ਚੱਲਿਆ ਸੀ, ਪੀਹ ਕੇ ਸਿੰਘਾਂ ਨੂੰ ਪ੍ਰਸ਼ਾਦਾ ਛਕਾ ਦੇਂਦਾ ਹੈ। ਬੀਜਣ ਵਾਸਤੇ ਹੋਰ ਦਾਣੇ ਪਾਸ ਨਹੀਂ ਹਨ। ਸਤਿਗੁਰੂ ਹਰੀ ਸਿੰਘ ਜੀ ਨੂੰ ਪਤਾ ਲੱਗਦਾ ਹੈ। ਸਰਬ ਕਲਾ ਸਮਰੱਥ ਸਤਿਗੁਰੂ ਜੀ ਉਸ ਸਿੱਖ ਨੂੰ ਹੁਕਮ ਭੇਜਦੇ ਹਨ ਕਿ ਖੇਤ ਵਿਚ ਖਾਲੀ ਪੋਰ ਹੀ ਫੇਰ ਦੇ, ਤੇਰਾ ਬੀਜ ਪੈ ਗਿਆ ਹੈ। ਸਿਦਕੀ ਸਿੱਖ ਨੇ ਇਵੇਂ ਹੀ ਕੀਤਾ। ਲੋਕ ਮਖੌਲ ਕਰਨ ਕਿ ਇਹ ਕੀ ਕਰ ਰਿਹਾ ਹੈ। ਪਰ ਜਦੋਂ ਸ਼ਰਧਾ ਅਤੇ ਭਗਤੀ ਭਾਵ ਦੀ ਦ੍ਰਿੜਤਾ ਹੋਵੇ ਤਾਂ ਕਰਾਮਾਤਾਂ ਵਾਪਰੀਆਂ ਹਨ। ਉਸ ਸਿੱਖ ਦੀ ਕਣਕ ਦਾ ਸਭ ਨਾਲੋਂ ਵੱਧ ਝਾੜ ਹੋਇਆ।

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਵਿਚ ਹੀ ਹਕੂਮਤ ਵਲੋਂ ਦੋ ਵੇਰ ਗੁਰਦੁਆਰਾ ਭੈਣੀ ਸਾਹਿਬ ਨੂੰ ਤੋਪਾਂ ਨਾਲ ਉਡਾ ਦੇਣ ਲਈ ਤੋਪਾਂ ਕੁਹਾੜੇ ਤੱਕ ਆ ਗਈਆਂ ਤੇ ਏਥੋਂ ਵਾਪਸ ਭੇਜੀਆ ਗਈਆਂ। ਇਕ ਵੇਰ ਸਤਿਗੁਰੂ ਰਾਮ ਸਿੰਘ ਜੀ ਪ੍ਰਦੇਸ ਗਮਨ ਸਮੇਂ ਸ੍ਰੀ ਭੈਣੀ ਸਾਹਿਬੋਂ ਰਵਾਨਗੀ ਵੇਲੇ ਅਤੇ ਦੂਸਰੀ ਵੇਰ ਸ੍ਰ. ਭਗਵਾਨ ਸਿੰਘ ਅੜਬੰਗੀ ਵਲੋਂ ਭੈਣੀ ਸਾਹਿਬ ਪੁਲੀਸ ਚੌਂਕੀ ਦੇ ਸਿਪਾਹੀ ਗੇਂਦੇ ਦੇ ਕਤਲ ਵੇਲੇ, ਸੰਨ 1883 ਈ. ਵਿੱਚ ਸੰਤ ਬਾਹੋਵਾਲ ਜੀ ਲਿਖਦੇ ਹਨ- "ਜ਼ਿਲਾ ਪੁਲੀਸ ਮੁਖੀ ਤੇ ਡਿਪਟੀ ਭੈਣੀ ਸਾਹਿਬ ਆਏ। ਇਸ ਸਮੇਂ ਵੀ ਉਨ੍ਹਾਂ ਕੁਹਾੜੇ ਦੇ ਪੜਾਅ ਤੇ ਤੋਪਾਂ ਬੀੜ ਦਿੱਤੀਆਂ ਸਨ ਕਿ ਜੇ ਲੋੜ ਪਵੇ ਤਾਂ ਕੂਕਿਆਂ ਦਾ ਡੇਰਾ ਹੀ ਉਡਾ ਦਿੱਤਾ ਜਾਵੇ। - 'ਬਾਰਬਟਨ ਤਾਂ ਕਹੇ ਕਿ ਡੇਰਾ ਉਡਾ ਦੇਈਏ ਪਰ ਡਿਪਟੀ ਕਮਿਸ਼ਨ ਨੇ ਕਿਹਾ ਕਿ ਮਲੇਰ ਕੋਟਲੇ ਕੂਕਿਆਂ ਨੂੰ ਉਡਾਉਣ ਵਾਲਾ ਡੀ.ਸੀ.ਕਾਵਨ, ਅਹੁਦੇ ਤੋਂ ਸਰਕਾਰ ਨੇ ਬਰਤਰਫ ਕਰ ਦਿੱਤਾ ਸੀ। ਵੈਸੇ ਵੀ ਕਸੂਰ ਗੇਂਦੇ ਸਿਪਾਹੀ ਦਾ ਸੀ, ਉਸਦੀ ਡਿਊਟੀ ਗੁਰਦੁਆਰੇ ਦੇ ਬੂਹੇ ਅੱਗੇ ਸੀ। ਉਹ ਤੀਜੇ ਪਿੰਡ ਦੀ ਜੂਹ ਵਿਚ ਕਿਉਂ ਗਿਆ?

ਇਸ ਤਰ੍ਹਾਂ ਦੇ ਸਖਤੀਆਂ ਦੇ ਦੌਰ ਵਿਚ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਸਿੱਖੀ ਨੂੰ ਹਰੀ ਰੱਖਿਆ, ਆਜ਼ਾਦੀ ਦੀ ਜੋਤ ਨੂੰ ਜਗਦੀ ਰੱਖਿਆ। ਝੱਖੜਾਂ ਅਤੇ ਤੁਫਾਨਾਂ ਸਮੇਂ ਸਾਗਰ ਵਿਚ ਬੇੜੀ ਠਿੱਲਣ ਵਾਂਗ ਅਤੇ ਵਰ੍ਹਿਆਂ ਦੀ ਔੜ ਸਮੇਂ ਖੇਤਾਂ ਵਿਚ ਖੇਤਾਂ ਵਿਚ ਹਰਿਆਵਲ ਕਾਇਮ ਰੱਖਣ ਵਰਗਾ ਯੋਗਦਾਨ ਹੈ ਸਤਿਗੁਰੂ ਹਰੀ ਸਿੰਘ ਜੀ ਦਾ। ਆਪ ਜੀ ਨੇ ਸਿੱਖਾਂ ਨੂੰ ਭੇਜ-ਭੇਜ ਕੇ ਲਗਾਤਾਰ ਰੰਗੂਨ ਅਤੇ ਮਰਗੋਈ ਜਲਾਵਤਨੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਨਾਲ ਸੰਪਰਕ ਕਾਇਮ ਰੱਖਿਆ। ਰੰਗੂਨ ਤੋਂ ਆਏ ਹੁਕਮਨਾਮੇ ਰੂਸ ਦੇ ਹਾਕਮਾਂ ਤੱਕ ਭੇਜਣੇ ਅਤੇ ਜਵਾਬੀ ਸੰਦੇਸ਼ ਮਰਗੋਈ ਤੱਕ ਪੁਚਾਉਣ ਲਈ ਸੰਪਰਕ ਸੂਤਰ ਵਜੋਂ ਭੂਮਿਕਾ

Namdhari Elibrary NamdhariElibrary@gmail.com

ਨਿਭਾਈ। -ਨਾਮ ਬਾਣੀ ਦਾ ਪ੍ਰਵਾਹ ਜਾਰੀ ਰੱਖਿਆ। -ਰਾਮ ਸਰੋਵਰ ਦੀ ਕਾਰ ਸੇਵਾ ਅਤੇ ਬਾਗ ਵਾਲੀ ਕੋਠੀ ਦੀ ਉਸਾਰੀ ਕੀਤੀ। ਜਦੋਂ ਹਾਕਮਾਂ ਨੇ ਰਸਤਾਂ ਆਉਣੀਆਂ ਵੀ ਬੰਦ ਕਰ ਦਿਤੀਆਂ ਪਰ ਆਪ ਨੇ ਸਦਾ ਵਰਤ ਲੰਗਰ ਜਾਰੀ ਰੱਖਿਆ। ਬਾਗੜ ਦੇ ਕਾਲ ਸਮੇਂ ਹਜ਼ਾਰਾਂ ਕਾਲ ਪੀੜਤਾਂ ਨੂੰ ਲੰਗਰ ਮਿਲਦਾ। ਵਿਦੇਸ਼ੀ ਹਕੂਮਤ ਨਾਲ ਨਾ-ਮਿਲਵਰਤਨ ਅਤੇ ਸਿੱਖੀ ਸਵੈਮਾਨ ਨੂੰ ਇਸ ਹੱਦ ਤੱਕ ਕਾਇਮ ਰੱਖਿਆ ਕਿ ਹਾਕਮਾਂ ਵਲੋਂ ਲੰਗਰ ਵਾਸਤੇ ਜਮੀਨ ਦੀ ਪੇਸ਼ਕਸ਼ ਨੂੰ ਇਹ ਆਖ ਕੇ ਠੁਕਰਾ ਦਿੱਤਾ ਕਿ ਅਸੀਂ ਸੌ ਮੁਰੱਬਾ ਜਮੀਨ ਲੈ ਕੇ ਮੰਨ ਲਈਏ, ਬਾਕੀ ਭਾਰਤ ਤੁਹਾਡਾ ਹੈ। ਇਹ ਸਾਡਾ ਦੇਸ਼ ਹੈ, ਜਦੋਂ ਲਵਾਂਗੇ, ਸਾਰਾ ਦੇਸ਼ ਹੀ ਲਵਾਂਗੇ। ਗੁਰਬਾਣੀ ਦੇ ਪ੍ਰਚਾਰ ਲਈ ਪਹਿਲੀ ਵੇਰ 1868 ਈ: ਵਿਚ ਪੱਥਰ ਦੇ ਛਾਪੇ ਦੀਆਂ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਛਪਵਾਈਆਂ ਅਤੇ ਦੂਸਰੀ ਵੇਰ 1881 ਈ. ਨੂੰ ਸ੍ਰੀ ਸਤਿਗੁਰੂ ਹਰੀ ਸਿਮਘ ਨੇ ਛਪਵਾਈਆਂ। ਕੁਝ ਸਖਤੀਆਂ ਘਟੀਆਂ ਤਾਂ ਆਪ ਨੇ ਪ੍ਰਚਾਰ ਦੌਰੇ ਵੀ ਕੀਤੇ। ਆਪ ਦੇ ਹਜ਼ੂਰ ਬਾਈ ਜੋੜੀਆਂ ਰਾਗੀਆਂ, ਰਬਾਬੀਆਂ ਦੀਆਂ ਕੀਰਤਨ ਕਰਿਆ ਕਰਦੀਆਂ ਸਨ। ਆਪ ਨੇ ਛੇ ਹੋਲੇ ਮਹੱਲੇ ਵੀ ਕੀਤੇ।

'ਸੂਰਜ ਏਕੋ ਰੁਤਿ ਅਨੇਕ॥ ਨਾਨਕ ਕਰਤੇ ਕੇ ਕੇਤੇ ਵੇਸ॥' ਗੁਰਵਾਕ ਅਨੁਸਾਰ ਸਿੱਖ ਇਤਿਹਾਸ ਵਿਚ ਸ਼ਾਂਤ ਸਰੂਪ ਸਤਿਗੁਰੂ ਅਰਜਨ ਦੇਵ ਜੀ ਤੋਂ ਬਾਅਦ ਦਲ ਭੰਜਨ ਗੁਰ ਸੂਰਮਾ ਸਤਿਗੁਰੂ ਹਰਿ ਗੋਬਿੰਦ ਜੀ ਅਤੇ ਸਤਿਗੁਰੂ ਤੇਗ ਬਹਾਦੁਰ ਜੀ ਸ਼ਹੀਦੀ ਤੋਂ ਬਾਅਦ ਦੁਸ਼ਟ ਦਮਨ ਦਸਮ ਪਾਤਸ਼ਾਹ ਦੇ ਪਰਗਟ ਹੋਣ ਵਾਂਗ ਹੀ ਠੰਢੀ ਮੂਰਤੀ, ਧਰਤੀ ਜੇਡੇ ਧੀਰਜਵਾਨ ਸਤਿਗੁਰੂ ਹਰੀ ਸਿੰਘ ਜੀ ਦੇ ਗ੍ਰਹਿ ਵਿਖੇ ਹਰੀ ਦਾ ਪ੍ਰਤਾਪ, ਭਗਵਾਨ ਦਾ ਤੇਜੱਸਵੀ ਰੂਪ ਵੱਡੇ ਪਰਤਾਪ ਵਾਲੇ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟ ਹੋਏ, ਜਿਨ੍ਹਾਂ ਦੇ ਸਮੇਂ ਵਿਚ ਬਰਤਾਨਵੀ ਸਾਮਰਾਜ ਦੀ ਗੁਲਾਮੀਂ ਦੇ ਬੰਧਨ ਤੋੜ ਕੇ ਭਾਰਤ ਵਰਸ਼ ਆਜ਼ਾਦ ਹੋ ਗਿਆ। ਅਜ਼ਾਦ ਭਾਰਤ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੱਛਮੀ ਪੰਜਾਬ ਤੋਂ ਉੱਜੜ ਕੇ ਆਇਆਂ ਨੂੰ ਤਦ ਵਕਤੀ ਜ਼ਿਲ੍ਹਾ ਹਿਸਾਰ ਵਿਚ ਮਾਤਾ ਜੀਵਨ ਕੌਰ ਜੀ ਦੇ ਨਾਮ ਤੇ ਸ੍ਰੀ ਜੀਵਨ ਨਗਰ ਵਸਾਇਆ। ਨਾਮਧਾਰੀ ਵੱਸੋਂ ਵਾਲੇ ਇਸ ਇਲਾਕਾ ਜੀਵਨ ਨਗਰ ਵਿਚ ਗੁਰੂ ਹਰੀ ਸਿੰਘ ਮਹਾਂ ਵਿਦਿਆਲਾ ਸਥਾਪਿਤ ਕੀਤਾ ਜੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਗੁਰੂ ਹਰੀ ਸਿੰਘ ਕਾਲਜ ਬਣ ਚੁੱਕਾ ਹੈ। ਗਊ ਧਨ ਦੀ ਸਾਂਭ ਸੰਭਾਲ ਅਤੇ ਨਸਲ ਸੁਧਾਰ ਲਈ ਸ੍ਰੀ ਜੀਵਨ ਨਗਰ ਵਿਖੇ ਹੀ ਗੁਰੂ ਹਰੀ ਸਿੰਘ ਪਸ਼ੂ ਪਾਲਣ ਫਾਰਮ ਕਾਇਮ ਕੀਤਾ ਗਿਆ ਜਿਥੋਂ ਦੀਆਂ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ ਸਰਬ ਹਿੰਦ ਪਸ਼ੂ ਪ੍ਰਦਰਸ਼ਨੀਆਂ ਵਿਚ ਸਰਵੋਤਮ ਰਹੀਆਂ।

ਸਤਿਗੁਰੂ-ਜਸ ਦਾ ਪਾਰਾਵਾਰ ਪਾ ਸੱਕਣਾ ਮਨੁੱਖੀ ਬੁੱਧੀ ਦੇ ਵਸ ਤੋਂ ਦੂਰ ਦੀ ਗਲ ਹੈ। ਜਿਵੇਂ ਇਕ ਕੀੜੀ ਮਿਸ਼ਰੀ ਦੇ ਪਹਾੜ ਦਾ ਅੰਤ ਨਹੀਂ ਪਾ ਸਕਦੀ, ਇਕ ਮੱਛੀ ਸਾਗਰ ਦਾ ਅੰਤ ਨਹੀਂ ਪਾ ਸਕਦੀ। ਪਰ ਉਹ ਸੁਾਦ-ਸੁਾਦ ਤਾਂ ਹੋ ਸਕਦੀ ਹੈ, ਜੀਵਨ ਭਰ ਅਨੰਦ ਮਾਣ ਸਕਦੀ ਹੈ- ਸੰਤ ਧਿਆਨ ਸਿੰਘ ਕਾਦਰਾਬਾਦੀ ਜੀ 'ਸਤਿਗੁਰੂ ਬਿਲਾਸ ਪਾਤਸ਼ਾਹੀ 12 ਵੀਂ ਵਿਚ ਲਿਖਦੇ ਹਨ-

ਗੁਰ ਕੋ ਜੱਸ ਹੈ ਸੈਲ ਨਬਾਤੇ।
ਮੈਂ ਚੀਟੀ ਕਿਆ ਚਕ ਹਉਂ ਤਾ ਤੇ॥
ਗੁਰ ਕੋ ਜੱਸ ਹੈ, ਸਿੰਧ ਮਹਾਨੇ।
ਮੀਨ ਹੀਨ ਮਤ ਕਿਆ ਗਤ ਜਾਨੇ॥

ਇਸ ਲਈ ਮੈਂ ਸਤਿਗੁਰੂ ਬਿਲਾਸ ਦੇ ਚੌਧਵੇਂ ਅਧਿਆਇ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਕੀਤੇ ਮੰਗਲ ਵਿਚ ਸੰਤ ਧਿਆਨ ਸਿੰਘ ਜੀ ਦੇ ਸ਼ਬਦਾਂ ਨਾਲ ਹੀ ਸਮਾਪਤ ਕਰਦਾਂ ਹਾਂ। ਸੰਤ ਜੀ ਵਲੋਂ ਕੀਤੇ ਕਾਵਿਕ ਮੰਗਲ ਦਾ ਸੰਖੇਪ ਭਾਵ ਹੈ: ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ, ਜਿਨਾਂ ਦਾ ਖਿਮਾਂ ਤੇ ਰਾਜ ਹੈ, ਜਿਨਾਂ ਨੇ ਨਿਮਰਤਾ ਧਾਰਨ ਕਰਕੇ ਦੁਬਿਧਾ ਮਿਟਾ ਦਿੱਤੀ। ਜਿਨਾਂ ਨੇ ਤਨ, ਮਨ, ਧਨ ਲਾ ਕੇ ਲੰਗਰ ਚਲਾਇਆ। ਜੋ ਜਨ ਰਾਮ (ਸਤਿਗੁਰੂ ਰਾਮ ਸਿੰਘ ਦੇ) ਨਾਮ ਦੀ ਮਾਲਾ ਫੇਰਦੇ ਹਨ ਉਨ੍ਹਾਂ ਦੀ ਪਾਲਨਾ ਕੀਤੀ ਜਿਸ ਸਤਿਗੁਰੂ ਨੇ, ਉਨ੍ਹਾਂ ਦੇ ਵਿਛੋੜੇ ਦਾ ਜ਼ਖਮ ਹਮੇਸ਼ਾਂ ਅੱਲਾ ਰਿਹਾ ਕਦੇ ਵੀ ਘਟਿਆ ਨਹੀਂ। ਇਸ ਲਈ ਹੇ ਮਨਾ ਜਿਸ ਦੀ ਕਿਰਪਾ ਨਾਲ ਮਾਹੀ ਦਾ ਜਾਪ ਕਰਦੇ ਹੋ ਉਸ ਸਤਿਗੁਰੂ ਹਰੀ ਸਿੰਘ ਨੂੰ ਧਿਆ ਲੈ। ਜਿਸ ਸਤਿਗੁਰੂ ਨੇ ਆਪਣੇ ਪ੍ਰੀਤਮ-ਸਤਿਗੁਰੂ ਰਾਮ ਸਿੰਘ ਨੂੰ ਪ੍ਰਦੇਸ ਜਾਣ ਵੇਲੇ ਕਿਹਾ ਸੀ।

ਜਿਨੋ ਪੀਆ ਜਾਵਤੇ ਕੋ, ਕਹਾ ਕਾਹੇ ਜਾਵਤੇ ਹੋ।
ਈਹਾ ਤੋ ਸੁਹਾਵਤੇ ਹੋ ਦਾਸ ਦੋਖ ਚਾਇਲੇ।

ਕਿ ਆਪ ਜੀ ਏਥੇ ਸੰਗਤਾਂ ਦੀ ਸੰਭਾਲ ਕਰੋ, ਮੈਂ ਹੀ ਸਾਰਾ ਦੋਸ਼ ਆਪਣੇ ਸਿਰ ਲੈ ਜਲਾਵਤਨ ਹੁੰਦਾ ਹਾਂ। ਜੋ ਸੁਖ ਰਾਜ ਭੋਗ ਵਿਚ ਵਿਰਕਤ ਰਹੇ, ਹਮੇਸ਼ਾਂ ਵਿਯੋਗ ਵਿਚ ਰਹਿਣ ਕਰਕੇ ਅੰਤਲੇ ਵਰ੍ਹਿਆਂ 'ਚ ਨੇਤ੍ਰ ਜੋਤ ਗਵਾ ਲਈ। ਜੋ ਐਸੇ ਸਤਿਗੁਰੂ ਨੂੰ ਨਹੀਂ ਮੰਨਦੇ ਉਹ ਗੁਰਦੋਖੀ

Namdhari Elibrary NamdhariElibrary@gmail.com

ਹਨ। - ਕਬਿੱਤ ਤੋਂ ਬਾਅਦ ਮੰਗਲ ਕਰਦਿਆਂ ਸੰਤ ਜੀ 'ਸਵੈਯਾ, ਲਿਖਦੇ ਹਨ:

'ਰਾਮ ਭ੍ਰਾਤ ਜੁਗੋ ਜੁਗ ਆਤ ਭੇ,
ਮਾਨ ਸੁ ਵਾਕ ਫਿਰਾਕ ਲਾਹੈਯਾ॥
ਲਹਿਣੇ ਸਮਾਂ ਲੀਓ ਕਹਿਣੇ ਕਮਾ ਰੰਗ,
ਸੰਗ ਗੁਰੂ ਲਗ ਅੰਗ ਹੁਵੱਯਾ॥

ਸੰਤ ਜੀ ਕੇਡੀ ਢੁਕਵੀਂ ਤੁਲਨਾ ਕਰਦੇ ਹਨ। ਕਿ ਰਾਮ-ਭ੍ਰਾਤ ਹਰ ਜੁਗ ਵਿਚ ਆਉਂਦੇ ਹਨ। ਤ੍ਰੇਤੇ ਵਿਚ ਭਗਵਾਨ ਰਾਮ ਚੰਦਰ ਜੀ ਨਾਲ ਭਰਤ ਜੀ ਆਏ। ਉਨ੍ਹਾਂ ਨੇ ਵੀ ਬਚਨ ਮੰਨ ਕੇ ਵਿਛੋੜਾ ਝੱਲਿਆ। ਇਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨਾਲ ਬੁੱਧ ਸਿੰਘ ਆਏ। ਉਵੇਂ ਹੀ ਬਚਨ ਮੰਨਿਆਂ ਜਿਵੇਂ ਲਹਿਣਾ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਬਚਨ ਕਮਾਇਆ ਅਤੇ ਗੁਰੂ ਦਾ ਅੰਗ- ਅੰਗਦ ਹੋ ਗਏ ਏਸੇ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਦਾ ਬਚਨ ਮੰਨ ਕੇ ਬੁੱਧ ਸਿੰਘ ਤੋਂ ਹਰੀ ਸਿੰਘ ਬਣ ਗਏ। ਜਿਸ ਦੇ ਧੱਕੇ ਨੂੰ ਰਾਮ (ਸਤਿਗੁਰੂ ਰਾਮ ਸਿੰਘ) ਵੀ ਨਹੀਂ ਰੱਖਦਾ ਅਤੇ ਜੋ ਰਾਮ ਦੇ ਧੱਕੇ ਨੂੰ ਰੱਖ ਸਕਦਾ ਹੈ। ਸੰਤ ਜੀ ਆਖਦੇ ਹਨ ਕਿ ਮੈਂ ਐਸੇ ਸਤਿਗੁਰੂ ਹਰੀ ਸਿੰਘ ਨੂੰ ਅਨੇਕਾਂ ਵਾਰ ਨਮਨ ਕਰਦਾ ਹਾਂ ਜੋ ਦਾਸਾਂ ਦੇ ਪਾਪਾਂ ਤੋਂ ਉਨ੍ਹਾਂ ਦੀ ਰੱਖਿਆ ਕਰਦੇ ਹਨ। ਉਹ ਸਤਿਗੁਰੂ ਜਿਨ੍ਹਾਂ ਦਾ ਨਾਮ ਹਰੀ ਸਿੰਘ ਹੈ, ਜਿਨਾਂ ਨੇ ਸਾਰੀਆਂ ਕਾਮਨਾਵਾਂ ਨੂੰ ਜਿੱਤ ਲਿਆ ਹੈ, ਰਾਮ ਹਰੀ ਹੈ ਅਤੇ ਹਰੀ ਰਾਮ ਹੈ, ਉਨ੍ਹਾਂ ਨੂੰ ਕੇਵਲ ਰਾਮ ਦਾ ਹੀ ਆਸਰਾ ਹੈ। ਜਿਨਾਂ ਨੇ ਆਪਣੇ ਗੁਰੂ ਦੇ ਇਕ ਬਚਨ ਤੇ ਹੀ ਕਮਰ ਕੱਸ ਕੇ, ਸਬਰ ਦੀ ਕਹੀ ਫੜਕੇ ਪੰਥ ਦੀ ਸਾਂਭ ਸੰਭਾਲ ਕੀਤੀ। ਅੰਤ ਵਿਚ ਸੰਤ ਧਿਆਨ ਸਿੰਘ ਜੀ ਲਿਖਦੇ ਹਨ:

ਦੂਰ ਬਾਦ ਕਹੇ ਸਦ ਸ਼ਾਂਤ ਰਹੇ,
ਉਤਪਾਤ ਸਹੇ ਅਤਿ ਆਮ ਜਿਨੋਂ॥
ਅਸ ਗਯਾਨ ਸਰੇ ਗੁਰ ਧਯਾਨ
ਧਰੇ ਹਰਿ ਧਯਾਨ ਕਰੇ ਪ੍ਰਣਾਮ ਤਿਨੋਂ॥

ਜੀਊਂਦਾ ਤੇ ਜਾਗਦਾ ਇਤਹਾਸ

ਸਮੇਂ ਤਾਈਂ ਯਾਦ ਸਦਾ ਰਹਿਣੀਆਂ ਕਹਾਣੀਆਂ।
ਜੀਊਂਦਾ ਤੇ ਜਾਗਦਾ ਇਤਹਾਸ ਬਣ ਜਾਣੀਆਂ।

ਲੈ ਗਏ ਸੀ ਫਰੰਗੀ ਜਦ ਮਾਲੀ ਏਸ ਬਾਗ ਦਾ।
ਹੰਝੂਆਂ ਦੇ ਹੜ੍ਹ ਆਏ, ਮੌਸਮ ਵੈਰਾਗ ਦਾ।
ਹਾਕਮਾਂ ਦੇ ਸਿਤਮ ਸਹੇ, ਸਮੇਂ ਦਿਆਂ ਹਾਣੀਆਂ।
ਜੀਊਂਦਾ ਤੇ...........

ਆਪਣੀ ਸੀ ਜੋਤਿ ਹਰ ਹਿਰਦੇ 'ਚ ਧਰ ਗਏ।
ਸਾਡੀ ਏਸ ਧਰਤ ਨੂੰ ਜੀਊਣ ਜੋਗਾ ਕਰ ਗਏ।
ਸਿਜਦੇ ਸੀ ਕੀਤੇ ਉਹਨੂੰ, ਰੁੱਖਾਂ, ਟਾਹਣ, ਟਾਹਣੀਆਂ।
ਜੀਊਂਦਾ ਤੇ..............

ਬੁੱਧ ਸਿੰਘੋਂ ਸਤਿਗੁਰੂ ਸੀ ਹਰੀ ਸਿੰਘ ਹੋ ਗਏ।
ਢਾਲ ਬਣ ਸਿੱਖੀ ਦੀ, ਸਿੱਖਾਂ ਲਈ ਖਲੋਅ ਗਏ।
ਰੱਖ ਸੀ ਵਿਖਾਈ ਸਿੱਖੀ, ਬਾਣੇ ਅਤੇ ਬਾਣੀਆਂ।
ਜੀਊਂਦਾ ਤੇ.........

ਘਰ-ਘਰ ਪੁਜ ਕੇ ਸੀ ਦੇਂਦੇ ਹੱਲਾ ਸ਼ੇਰੀਆਂ।
ਭੁੱਲਣੀਆਂ ਨਾ ਸਿੱਖਾਂ ਨੂੰ ਕੀਤੀਆਂ ਦਲੇਰੀਆਂ।
ਸਿੱਖੀਆਂ ਰਵਾਨੀਆਂ ਨੇ ਓਸ ਕੋਲੋਂ ਪਾਣੀਆਂ।
ਜੀਊਂਦਾ ਤੇ...........

ਭੁੱਲ ਜਾਊ ਸਿੱਖ ਪੰਥ, ਕਿਦਾਂ ਕੁਰਬਾਨੀਆਂ।
ਸੀਨਿਆਂ 'ਚ ਸਾਂਭੀਆਂ ਪਈਆਂ ਏਹ ਨਿਸ਼ਾਨੀਆਂ।
ਗਾਥਾ ਬੀਰਾਂ ਦੀਆਂ 'ਕੋਮਲ' ਸਮਿਆਂ ਨੇ ਗਾਣੀਆਂ।
ਜੀਊਂਦਾ ਤੇ ਜਾਗਦਾ ਇਤਿਹਾਸ ਬਣ ਜਾਣੀਆਂ।

ਸਤਿਨਾਮ ਸਿੰਘ 'ਕੋਮਲ'

Namdhari Elibrary NamdhariElibrary@gmail.com

ਭਏ ਹਰੀ ਹਰਿ ਹਰੀ

ਸੰਤ ਸਿੰਘ

ਸਤਿਗੁਰੂ ਹਰੀ ਸਿੰਘ ਜੀ ਦਾ ਅਵਤਾਰ ਬਾਬਾ ਜੱਸਾ ਸਿੰਘ ਜੀ ਦੇ ਗ੍ਰਹਿ ਵਿਖੇ ਮਾਤਾ ਸਦਾ ਕੌਰ ਦੀ ਕੁੱਖੋਂ 22 ਸਤੰਬਰ 1819 ਤਦੁਨਸਾਰ ਸੰਮਤ 1876 ਬਿਕ੍ਰਮੀ ਵਿਚ ਹੋਇਆ। ਇਸ ਪਰਥਾਇ ਸੰਤ ਸੰਤੋਖ ਸਿੰਘ ਜੀ 'ਸਤਿਗੁਰੂ ਬਿਲਾਸ ਵਿਚ ਲਿਖਦੇ ਹਨ:-

"ਬਾਲ ਲੀਲਾ ਕਰਦੇ ਚਾਰ ਬਰਸ ਕੇ ਜਾਂ ਹੋਏ ਤਾਂ ਦੂਈ ਮੂਰਤੀ ਮਹਾਰਾਜ ਬੁੱਧ ਸਿੰਘ ਜੀ ਅਵਤਾਰ ਧਾਰਿਆ ਅੱਸੂ ਸੁਦੀ ਤੀਜ ਸੰਮਤ 1876 ਬਿਕ੍ਰਮੀ ਦਿਨ ਬੁੱਧਵਾਰ, ਰਾਮਦਾਸ ਪੁਰੇ ਮੈ। ਦੇਵਤੇ ਦਰਸ਼ਨ ਕੋ ਆਏ। ਬੜੀ ਖੁਸ਼ੀ ਕੀਤੀ। ਸੀਸ ਨਿਵਾਏਕੈ ਆਪੋ ਆਪਣੀਆਂ ਪੁਰੀਆਂ ਕੋ ਗਏ। ਦਿਨ ਚੜ੍ਹਿਆ ਤਾਂ ਵਧਾਈਆਂ ਮਿਲਨੇ ਲੱਗੀਆਂ। ਗੁੜ੍ਹ ਪ੍ਰਸ਼ਾਦ ਵਰਤਿਆ। ਬੜੀ ਖੁਸ਼ੀ ਹੋਈ। ਗੁਰਬਾਣੀ ਦਾ ਮੁਖ ਵਾਕ ਹੈ-

"ਵਧੀ ਵੇਲਿ ਬਹੁ ਪੀੜੀ ਚਾਲੀ।
ਧਰਮ ਕਲਾ ਹਰਿ ਬੰਧਿ ਬਹਾਲੀ॥
(ਆਸਾ ਮ: ੫, ਪੰਨਾ 396)

ਮਾਨੋ ਧਰਮ ਕੀ ਧੁਜਾ ਖੜੀ ਹੋਈ ਹੈ। ਦਾਨ ਪੁੰਨ ਕੀਤਾ।ਪੰਦਰਾਂ ਦਿਨ ਦੁੱਧੀ ਨਹੀਂ ਲਈ। ਇਕ ਸਾਧ ਆਇਆ, ਉਸਨੇ ਐਸੀ ਦਵਾਈ ਨਾਸਕਾ ਦੇ ਰਸਤੇ ਚਾੜ੍ਹੀ ਤਾਂ ਫਿਰ ਦੁੱਧੀ ਲਈ। ਦਿਨੋ ਦਿਨ ਅੰਗ ਵਧਦੇ ਜਾਂਦੇ ਹੈਂ। ਸ੍ਰੀ ਅਕਾਲ ਪੁਰਖ ਨੇ ਦੋਨੋਂ ਮੂਰਤੀਆਂ ਧਾਰੀਆਂ ਹੈ, ਧਰਮ ਵਰਤਨੇ ਨੂੰ, ਪਾਪ ਹਟਾਵਣੇ ਨੂੰ। ਗਊ ਗਰੀਬ ਦਾ ਕਸ਼ਟ ਕਟਣ ਨੂੰ ਦਰਸ਼ਨ ਦਿੱਤਾ ਹੈ।

'ਲਾਲ ਏਹਿ ਰਤਨ' ਭਾਗ 4 ਦੇ ਪੰਨਾ 274 ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਤ ਧਿਆਨ ਸਿੰਘ ਦੀ ਇਸ ਕਵਿਤਾ ਦੁਆਰਾ ਫ਼ੁਰਮਾਉਂਦੇ ਹਨ "ਰਾਮ ਭ੍ਰਾਤ ਜੁਗੋ ਜੁਗ ਆਤ ਭੇ" ਰਾਮ ਚੰਦ੍ਰ ਜੀ ਤੇ ਉਹਨਾਂ ਦੇ ਭਾਈ, ਕਹਿੰਦੇ ਹਨ- ਜੁਗੋ ਜੁਗ ਆਤ ਭੇ। ਕ੍ਰਿਸ਼ਨ ਜੀ ਦੇ ਨਾਲ ਬਲਦੇਵ ਜੀ ਆਏ, ਰਾਮ ਜੀ ਦੇ ਨਾਲ ਭਰਤ ਜੀ ਆਏ ਤੇ ਸਤਿਗੁਰੂ ਜੀ ਦੇ ਨਾਲ ਇਹ ਪਹਿਲੇ ਬੱਬੇ ਦੇ ਨਾਲ ਗੁਰੂ ਹਰੀ ਸਿੰਘ ਜੀ ਆਏ। 'ਮਾਨ ਸੁ ਵਾਕ ਫਰਾਕ ਲਹੱਯਾ' ਫੇਰ ਭਰਤ ਜੀ ਦੇ ਵਕਤ ਭੀ ਇਹ ਗੱਲ ਹੋਈ ਸੀ ਕਿ ਮਾਨੁ ਸ ਵਾਕ' ਮੰਨ ਕੇ ਬਚਨ ਨੂੰ 'ਫਰਾਕ ਲਹੱਯਾ' - ਵਿਛੋੜਾ ਝੱਲਿਆ ਬਚਨ ਨੂੰ ਮੰਨ ਕੇ। ਜਿਸ ਵੇਲੇ ਭਰਤ ਜੀ ਜਾ ਕੇ ਮਿਲੇ ਸੀ ਤੇ ਅਰਜ਼ ਕੀਤੀ ਸੀ ਅਗੋਂ ਹੁਕਮ ਮਿਲਿਆ ਸੀ ਭਾਈ, "ਇਉਂ ਨਹੀਂ ਹੋ ਸਕਦਾ ਤੈਨੂੰ ਪਿੱਛੇ ਹੀ ਜਾਣਾ ਪਵੇਗਾ" ਖੜਾਵਾਂ ਲੈ ਕੇ ਸਿਰ ਉੱਤੇ ਧਰ ਲਈਆਂ, ਆ ਗਏ, ਆ ਕੇ ਬੈਠੇ। ਜੋ ਕੁਝ ਕੀਤਾ, ਭਾਈ ਚੰਦਾ ਸਿੰਘ ਜੀ ਕਹਿੰਦੇ ਹਨ, 'ਉਥੇ ਲਛਮਨ ਨੂੰ ਸਾਥ ਲੈ ਗਏ, ਏਥੇ ਨਾਨੂੰ ਸਿੰਘ ਨੂੰ ਨਾਲ ਲੈ ਗਏ-

ਪਿੱਛੇ ਵਾਂਗ ਭਰਤ ਭਾਈ ਰਹੇ।

ਮੰਨਿਆ ਬਚਨ ਪਰ ਇਹ ਜਿਹੜੀ ਚੀਜ਼ ਹੈ ਇਸ ਨੂੰ ਲੋਕ ਸਮਝ ਨਹੀਂ ਸਕਦੇ। ਕਿਰਪਾ ਹੋਵੇ ਤਾਂ ਪਤਾ ਲਗਦਾ ਹੈ, ਜੇ ਉਹਦਾ ਕੋਈ ਹਿੱਸਾ ਕਿਤੇ ਮਿਲੇ। ਗੁਰਬਾਣੀ ਦਾ ਕਥਨ ਹੈ-

ਜਿਨਾਂ ਅੰਦਰਿ ਉਮਰਥਲ ਸੇਈ ਜਾਣਨਿ ਸੂਲੀਆ॥
(ਮ:4, ਪੰਨਾ 311)

ਸਤਿਗੁਰੂ ਹਰੀ ਸਿੰਘ ਜੀ ਨੇ ਵੀ
ਮਾਨ ਸੁ ਵਾਕ ਫਰਾਕ ਲਹੱਯਾ

ਬਚਨ ਮੰਨਿਆ ਕਿ ਤੂੰ ਏਥੇ ਰਹਿਣਾਂ ਹੈ, ਤੂੰ ਜਾਣਾ ਨਹੀਂ ਔਰ ਬਚਨ ਮੰਨ ਕੇ ਵਿਛੋੜਾ ਝੱਲਿਆ ਸਤਿਗੁਰੂ ਹਰੀ ਸਿੰਘ ਜੀ ਨੇ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਸਮੇਂ ਆਖਿਆ ਸੀ - ਮਹਾਰਾਜ ਤੁਸੀਂ ਸੰਗਤਾਂ ਨੂੰ ਦਰਸ਼ਨ ਦਿਓ। ਦਾਸ ਦੋਸ ਚਾਇਲੇ- ਇਹ ਦੋਸ਼ ਮੈਂ ਆਪਣੇ ਸਿਰ ਤੇ ਚੁੱਕ ਲੈਨਾਂ ਕਿ ਜੋ ਕੁਝ ਕੀਤੇ ਮੈਂ ਕੀਤੈ, ਸਤਿਗੁਰਾਂ ਜੀ ਦਾ ਕੋਈ ਤੁਅੱਲਕ ਨਹੀਂ। ਪਰ ਸਤਿਗੁਰ ਕਹਿੰਦੇ- ਨਹੀਂ ਭਾਈ ਇਹ ਤੇਰਾ ਕੰਮ ਨਹੀਂ, ਇਹ ਅਸੀ ਕਰਨੈ, ਤੇਰਾ ਕੰਮ ਏਥੇ ਰਹਿਣਾ ਹੀ ਹੈ, ਤੂੰ ਏਥੇ ਰਹੁ।

ਲਹਿਣੇ ਸਮਾ ਲੀਓ, ਕਹਿਣੇ ਕਮਾ ਰੰਗ

ਜਿਸ ਤਰ੍ਹਾ ਲਹਿਣੇ ਨੇ ਹੁਕਮ ਮੰਨਿਆ ਸੀ ਤੇ ਲਹਿਣੇ ਤੋਂ ਅੰਗਦ ਹੋ ਗਿਆ ਸੀ, ਇਸੇ ਤਰ੍ਹਾਂ ਹੀ ਬੁੱਧ ਸਿੰਘ ਤੋਂ ਹਰੀ ਸਿੰਘ ਹੋ ਗਿਆ ਹੁਕਮ ਮੰਨ ਕੇ।

ਸੰਗ ਗੁਰੂ ਲਗ ਅੰਗ ਹੁਵੱਯਾ
ਗੁਰੂ ਦਾ ਹੀ ਅੰਗ ਹੋ ਗਏ, ਓਹੀ ਰੂਪ ਹੋ ਗਏ।

Namdhari Elibrary NamdhariElibrary@gmail.com

ਨਾ ਧਕੇ ਜਿਸ ਕੋ ਸੁ ਰਾਮ ਰਖੈ ਹੈ।

ਸਤਿਗੁਰੂ ਰਾਮ ਸਿੰਘ ਜੀ ਪਹਿਲੇ ਹੁਕਮਨਾਮੇ ਵਿੱਚ ਲਿਖਿਆ ਹੈ, ਇਸ ਨੂੰ ਸਿਰ ਕਰਤਾ ਜਾਨਣਾ, ਅੱਜ ਤੋਂ ਇਸ ਦਾ ਨਾਮ ਹਰੀ ਸਿੰਘ ਹੈ। ਇਹ ਸਾਧ ਸੰਗਤ ਨੂੰ ਹਰੀ ਰੱਖੇਗਾ, ਸਿੱਖੀ ਨੂੰ ਸਾਡੇ ਪਿੱਛੋਂ। ਮੇਰੇ ਧੱਕੇ ਨੂੰ ਇਹ ਬਖ਼ਸ਼ ਦੇਵੇਗਾ, ਇਹ ਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ਾਂਗਾ।

ਜੋ ਰਾਮ ਧਕੇ ਕੋ ਭਿ ਰਾਖ ਸਕੱਯਾ।

ਉਹ ਇਹੋ ਜਿਹੈ, ਜੋ ਰਾਮ ਧੱਕੇ ਨੂੰ ਭੀ ਰੱਖ ਸਕਦਾ ਹੈ, ਰਾਮ ਦੇ ਧੱਕੇ ਨੂੰ ਭੀ ਬਖ਼ਸ਼ ਸਕਦਾ ਹੈ। ਸਤਿਗੁਰੂ ਰਾਮ ਸਿੰਘ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਅਗੇ ਗੁਰਿਆਈ ਧਰ ਦਿੱਤੀ-

ਜੋਊ ਦਾਸਨ ਪਾਪ ਕੋ ਆਪ ਸਹੱਯਾ

ਜਿਹੜੇ ਦਾਸਾਂ ਦੇ ਪਾਪਾਂ ਨੂੰ ਲਾਹ ਕੇ ਆਪ ਰਖਿਆ ਕਰਦੇ ਹਨ।

ਜਿਨ ਨਾਮ ਹਰੀ ਹਰਿ ਕਾਮ ਹਰੀ, ਹਰਿ ਰਾਮ ਹਰੀ

ਜਿਨ੍ਹਾਂ ਦਾ ਨਾਮ ਹਰੀ ਹਰਿ ਹੈ-ਹਰੀ ਸਿੰਘ, ਕਾਮਨਾ ਨੂੰ ਹਰਨ ਵਾਲੇ ਹਨ, ਹਰੀ ਰੂਪ ਹੋ ਕੇ ਸ਼ਿਵ ਰੂਪ ਹੋ ਗਏ ਹਨ।

ਸਬਰ ਤੇ ਖਿਮਾਂ ਦੀ ਮੂਰਤ

ਗੁਰ ਅਮਰ ਪੈਹੀ ਕਸ ਕਮਰ ਸਹੀ

ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਉਤੇ ਕਮਰ ਕੱਸ ਕੇ ਲੰਗਰ ਦੀ ਸੇਵਾ ਕੀਤੀ।

ਗਹਿ ਸਬਰ ਨਹੀਂ ਕੀਆ ਕਾਮ ਜਿਨੈ।

ਜਿੰਨ੍ਹਾਂ ਨੇ ਸਬਰ ਦੀ ਕਹੀ ਫੜੀ। ਗੁਰਬਾਣੀ ਦਾ ਕਥਨ ਹੈ-

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ-

(ਪੰਨਾ 1384) ।

ਅੰਦਰ ਸਬਰ ਨੂੰ ਰਖਣਾ-ਏਹ ਕਮਾਣ ਹੈ ਤੇ ਸਬਰ ਦਾ ਹੀ ਉਹਨੂੰ ਧਾਗਾ ਪਾਉਣੈ- ਡੋਰਾ-ਨੀਹਣ। ਤੇ ਫੇਰ ਸਬਰ ਸੰਦਾ ਬਾਣੁ- ਸਬਰ ਦਾਰੀ ਬਾਣੁ।

'ਖਾਲਕੁ ਖਤਾਨ ਨ ਕਰੀ' - ਜਿੱਥੇ ਲਗੇਗਾ ਉਥੇ ਖਤਾ ਨਹੀਂ ਹੁੰਦਾ, ਉਹ ਬਾਣੁ ਐਵੇਂ ਨਹੀਂ ਜਾਂਦਾ ਜਿੰਨ੍ਹਾਂ ਨੇ ਸਬਰ ਦੀ ਕਹੀ ਫੜ ਕੇ 'ਕੀਆ ਕਾਮ ਜਿਨੋ। ॥

ਦੁਰਬਾਕ ਰਹੇ ਸਦ ਸਾਂਤ ਰਹੇ,

ਉਤਪਾਤ ਸਹੇ ਅਤਿ ਆਮ ਜਿਨੋ।

ਜਦੋ ਕਿਸੇ ਨੇ ਖੋਟਾ ਬਚਨ ਭੀ ਕੀਤਾ, ਸ਼ਾਂਤ-ਸਦਾ ਹੀ ਸ਼ਾਂਤੀ ਰੱਖੀ। ਉਤਪਾਤ-ਕਿਸ ਤਰ੍ਹਾਂ ਦੇ ਉਤਪਾਤ ? ਇਕ ਤੇ ਇਹ ਗੱਲ ਬਣੀ, ਬੀਬੀ ਨੰਦਾ ਜੀ ਨੇ ਇਹ ਕੰਮ ਕਰਨਾ-ਜਿੱਥੇ ਸਾਡੀ ਕੋਠੜੀ ਹੈ ਆਗਤ ਭਾਗਤ ਵਾਲੀ, ਇਹਦਾ ਮੂੰਹ ਲਹਿੰਦੇ ਵੱਲ ਸੀ। ਇਥੇ ਗੁਰੂ ਹਰੀ ਸਿੰਘ ਜੀ ਰਹਿੰਦੇ ਸਨ, ਗੁਰਦੁਆਰੇ ਦੀ ਹੱਦ ਤੋਂ ਬਾਹਰ। ਜਦੋਂ ਪ੍ਰਸ਼ਾਦਿ ਛਕਣ ਜਾਣਾ, ਬੀਬੀ ਜੀ ਨੇ ਦਰਵਾਜੇ 'ਚ ਖੜੇ ਹੋਣਾ ਗੁਰਦੁਆਰੇ ਦੇ 'ਚ ਛਿਬੀਆਂ ਦੇਣੀਆਂ ਸ਼ੁਰੂ ਕਰ ਦੇਣੀਆਂ, ਗਾਲ੍ਹਾਂ ਕੱਢੀ ਜਾਣੀਆਂ ਜਿੰਨਾਂ ਚਿਰ ਛੱਕਣਾ। ਜਦੋਂ ਮੁੜ ਕੇ ਇਹ ਬੂਹਾ ਲੰਘ ਜਾਣ ਫੇਰ ਬੰਦ ਹੋਣਾ। ਇਸੇ ਤਰ੍ਹਾਂ ਕਿੰਨਾ ਚਿਰ ਰਹੀ। ਫੇਰ ਕਦੇ ਕਦੇ ਸਤਿਗੁਰੂ ਜੀ ਨੇ ਪ੍ਰਸ਼ਾਦਿ ਨਾ ਛਕਣ ਜਾਣਾ। ਸਿੱਖਾਂ ਨੇ ਅਰਜ਼ ਕਰਨੀ ਤੇ ਕਹਿਣਾ, "ਭਾਈ ਕੁੜੀ ਔਖੀ ਹੁੰਦੀ ਹੈ।" ਆਪ ਨੂੰ ਕੋਈ ਔਖ ਨਹੀਂ, ਉਹਨਾਂ ਗਲ੍ਹਾਂ ਦਾ ਕੋਈ ਦੁੱਖ ਨਹੀਂ।

ਪੁਲਿਸ ਦੇ ਉਤਪਾਤ

ਅਖੰਡ ਪਾਠ ਹੋਣੇ। ਸਤਿਗੁਰੂ ਰਾਮ ਸਿੰਘ ਜੀ ਲਿਖਿਆ ਇਕ ਜਗ੍ਹਾ ਕਿ ਜਿਸ ਦਿਨ ਅਖੰਡ ਪਾਠ ਟੁੱਟੇ ਨੇ ਮੈਂ ਮਰਨ ਵਾਲਾ ਹੋ ਗਿਆ ਸੀ। ਪਾਠ ਉਦੋਂ ਕਿਵੇਂ ਟੁੱਟੇ? ਪੁਲਿਸ ਵਾਲੇ ਆ ਗਏ। ਅੰਦਰ ਪਾਠ ਹੁੰਦੇ ਸੀ, ਅੰਦਰੋਂ ਤੁਕ ਛੱਡ ਕੇ, ਜੋਤ ਬੁਝਾ ਕੇ ਤੁਕ ਚੁਬਾਰੇ ਗ੍ਰੰਥ ਸਾਹਿਬ ਵਾਲੇ 'ਚ ਲਈ ਰਖੀ। ਜਦੋਂ ਪੁਲਿਸ ਫਿਰ ਤੁਰ ਕੇ ਚਲੀ ਗਈ ਫਿਰ ਉੱਥੇ ਆ ਕੇ ਪਾਠ ਪੂਰੇ ਕੀਤੇ। ਤਾਂ ਉਹ ਪਾਠ ਟੁੱਟੇ। ਕਦੇ ਕਦੇ ਕਹਿਣਾਂ, "ਹੁਣ ਕੀ ਕਰੀਏ ? ਬਾਹਰ ਪੁਲਿਸ ਨਹੀਂ ਨਿਕਲਣ ਦੇਂਦੀ, ਅੰਦਰ ਇਹ ਕੁੜੀ ਨਹੀਂ ਟਿੱਕਣ ਦਿੰਦੀ, ਅਸੀਂ ਕਿਹੜੇ ਪਾਸੇ ਜਾਈਏ। ਹੇ ਸਤਿਗੁਰੂ ਰਾਮ ਸਿੰਘ ਜੀ ਅਸੀਂ ਕੀ ਕਰੀਏ ? ਗੁਰੂ ਹਰੀ ਸਿੰਘ ਜੀ ਨੇ ਐਡੇ ਐਡੇ ਉਤਪਾਤ ਝੱਲੇ, ਐਨੀ ਤਕਲੀਫ਼ ਝੱਲੀ।

ਭਏ ਹਰੀ ਹਰਿ ਹਰੀ

ਸੰਤ ਧਿਆਨ ਸਿੰਘ ਜੀ ਆਪਣੀ ਪੁਸਤਕ ਸਤਿਗੁਰੂ ਬਿਲਾਸ ਵਿਚ ਗੁਰੂ ਹਰੀ ਸਿੰਘ ਜੀ ਦਾ ਮੰਗਲ ਕਰਦੇ ਹਨ ਕਿ ਕਿਵੇਂ ਉਹਨਾਂ ਨੇ ਦੁਬਿਧਾ ਨੂੰ ਭਸਮ ਕਰਕੇ ਤਨ, ਮਨ, ਧਨ ਨਾਲ ਲੰਗਰ ਦੀ ਸੇਵਾ ਕੀਤੀ ਅਤੇ ਹਰ ਆਏ ਗਏ ਨੂੰ ਪ੍ਰਸੰਨ ਕੀਤਾ। ਉਹ 'ਲਾਲਿ ਏਹਿ ਰਤਨ' ਭਾਗ 3 ਦੇ ਪੰਨਾ 178 ਤੇ ਫ਼ੁਰਮਾਉਂਦੇ ਹਨ-

ਬੁਧ ਹਰਿ ਸੁਧ ਕਰ ਸਿਧ ਗੁਰ ਦਈ ਸਭ,

ਜਿਹੜੇ ਬੁੱਧ ਹਰਿ-ਪਹਿਲਾ ਨਾਮ ਸੀ ਮਹਾਰਾਜ ਦਾ, ਉਸ ਨੂੰ ਸੁਧ ਦੇ ਕੇ ਗੁਰੂ ਹਰੀ ਸਿੰਘ ਨਾਮ ਰੱਖਿਆ। ਭਏ ਹਰੀ ਹਰਿ ਹਰੀ ਕਰ ਸਚ ਸਭ ਦਾ।

ਹਰੀ ਰੂਪ ਬਣਕੇ ਸਾਰਿਆਂ ਨੂੰ ਹਰੀ ਕੀਤਾ।

ਜਨ ਫੇਰੇ ਉਨੀ ਮਾਲਾ ਉਨੀ ਜਨੋ ਰਾਮ ਪਾਲਾ

ਜਿਹਦੀ ਮਾਲਾ ਜਨ ਫੇਰਦੇ ਹਨ ਉਸ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਨਾਮ ਲੇ ਕੇ ਜਨਾਂ ਨੂੰ ਪਾਲਣ

Namdhari Elibrary NamdhariElibrary@gmail.com

ਵਾਸਤੇ ਸਤਿਗੁਰੂ ਹਰੀ ਸਿੰਘ ਜੀ ਆਖਿਆ ਸੀ- ਉਹ ਤੁਸੀਂ ਭਾਈ ਸੇਵਾ ਕਰੋ, ਮੈਂ ਹੀ ਤੁਹਾਡੇ ਨਾਮ ਦੀ ਮਾਲਾ ਫੇਰਦਾ ਹਾਂ, ਉਹ ਜਨਾਂ ਨੂੰ ਪਾਲਣ ਵਾਸਤੇ ਜਨਾਂ ਦੀ ਮਾਲਾ ਉਹਨਾਂ ਦੇ ਥਾਂ ਫੇਰਦੇ ਰਹੇ।

ਸਤਿਗੁਰੂ ਹਰੀ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਜਾਣ ਤੋਂ ਪਿੱਛੋਂ ਪਹਿਲਾਂ ਕੋਠੜੀ 'ਚ ਰਹੇ। ਫਿਰ ਚੁਬਾਰਾ ਪਾਇਆ, ਜਿਹੜਾ ਖਰਾਸ ਦੇ ਨਾਲ ਲਗਦੈ। ਰਾਤ ਨੌਂ, ਦਸ ਵਜੇ ਤੱਕ ਸਾਧ ਸੰਗਤ ਨੇ ਕੀਰਤਨ ਕਰਨਾ। ਸਾਧ ਜਿਹੜੇ ਇਕ ਦੋ ਕੋਲ ਹੋਣੇ, ਉਹਨਾਂ ਨੇ ਬਿਰਾਜ ਜਾਣਾ। ਇਕਲੇ ਬਾਹਰ ਨਿਕਲ ਜਾਣਾ, ਸਾਰੀ ਰਾਤ ਬਾਹਰ ਖੜੇ ਹੋ ਕੇ ਭਜਨ ਕਰਦੇ ਰਹਿਣਾ। ਦੋ ਵਜੇ ਤੋਂ ਜਰਾ ਕੁ ਪਹਿਲਾਂ ਆ ਜਾਣਾ। ਉਹਨਾਂ ਨੂੰ ਕੋਈ ਪਤਾ ਨਾ ਲਗਣਾ। ਫੇਰ ਆਖਣਾ-ਉਠੋ ਭਾਈ, ਚਲੋ ਇਸ਼ਨਾਨ ਕਰਨ ਚੱਲੀਏ, ਇਸ਼ਨਾਨ ਦਾ ਵੇਲਾ ਹੋ ਗਿਆ ਹੈ। ਕਈ ਸਾਲ ਇਹ ਪਤਾ ਹੀ ਕਿਸੇ ਨੂੰ ਨਾ ਲੱਗਿਆ। ਬਈ ਕਿਸ ਤਰ੍ਹਾਂ ਜਾਪ ਕਰਦੇ ਰਹੇ ਨੇ ਵੱਖਰੇ ਇਕੱਲੇ ਜਾ ਕੇ। ਇਸ ਤਰ੍ਹਾਂ -

ਆਲ੍ਹਾ ਰਹਿਓ ਬਾਲਾ ਬ੍ਰਿਹ ਕਮ ਦਮ ਨਾ ਕੱਦਾ।

ਜਿਨ੍ਹਾਂ ਦਾ ਵਿਛੋੜੇ ਰੂਪੀ- ਜਿਹੜਾ ਸਤਿਗੁਰਾਂ ਦੇ ਵਿਛੋੜੇ ਦਾ ਦੁਖ ਸੀ- ਉਹ ਬਾਲਾ ਰਿਹਾ, ਕਦੇ ਕਮ ਨਾ ਹੋਇਆ। ਕਿਸੇ ਵੇਲੇ ਭੀ ਉਸ ਨੂੰ ਨਹੀਂ ਭੁਲਾਇਆ। ਭਾਵੇਂ ਸ੍ਰਿਸ਼ਟੀ ਦੇ ਕਿੰਨੇ ਸੁਖ ਭੋਗੇ ਸਨ, ਪਰ ਉਹ ਵਿਯੋਗ ਵਿਚ ਹੀ ਰਹੇ। ਵਿਯੋਗੀ ਦੀ ਜਿਹੜੀ ਹਾਲਤ ਹੈ, ਇਹ ਉਹੀ ਜਾਣ ਸਕਦਾ ਹੈ, ਜਿਹਨੂੰ ਵਿਯੋਗ ਹੋਵੇ।

ਬ੍ਰਿਹੋ ਬੁਰੇ ਰੋਗ ਮਾਹਿ ਨੇਤ੍ਰ ਗਵਾਇ ਲੇ।

ਇਸ ਵਿਛੋੜੇ ਦੇ ਰੋਗ ਵਿਚ ਨੇਤ੍ਰ ਜਿਹੜੇ ਸਨ ਗੁਆ ਲਏ, ਨੇਤ੍ਰ ਬੰਦ ਕਰ ਲਏ।

ਜੋ ਨਾ ਮਾਨੈ ਐਸੇ ਗੁਰ ਗੁਰ ਘਾਤੀ ਸੋ ਅਸੁਰ।
ਕੋਟਿ ਕਾਲ ਝੁਰ ਝੁਰ ਮਰੇ ਪਛਤਾਇਲੇ ।

ਜਿਹੜਾ ਐਸੇ ਗੁਰੂ ਨੂੰ ਨਹੀਂ ਮੰਨਦਾ ਉਹ ਗੁਰ ਘਾਤੀ ਹੈ, ਉਹ ਗੁਰੂ ਦੋਖੀ ਹੈ, ਉਹ ਅਸੁਰ ਹੈ, ਦੈਂਤ ਹੈ, ਰਾਕਸ਼ ਹੈ, ਕਰੋੜਾਂ ਸਾਲ ਉਹ ਝੁਰੇਗਾ ਔਰ ਮਰੇਗਾ, ਪਛੋਤਾਅ ਕਰੇਗਾ।

ਅਪਨੇ ਕਰਤਬ ਜਾਨੈ ਆਪਿ

ਗੁਰਬਾਣੀ ਦਾ ਕਥਨ ਹੈ-

ਅਪਨੇ ਕਰਤਬ ਜਾਨੈ ਆਪਿ।
ਅੰਤਰ ਜਾਮੀ ਰਹਿਓ ਬਿਆਪਿ। (ਪੰਨਾ-292)

ਸਤਿਗੁਰੂ ਰਾਮ ਸਿੰਘ ਜੀ ਅਕਾਲ ਪੁਰਖ ਘਟ ਘਟ ਕੀ ਜਾਨਣਹਾਰ ਸਨ। ਉਹ ਅਪਣੇ ਕੌਤਕਾਂ ਦੇ ਖੁਦ ਰਚਨਹਾਰ ਸਨ। "ਲਾਲ ਏਹਿ ਰਤਨ' ਭਾਗ ਪਹਿਲੇ ਦੀ ਦੂਜੀ ਐਡੀਸ਼ਨ ਦੇ ਪੰਨਾ 455 ਤੇ ਮਾਨਾਂਵਾਲੇ ਹੋਲੇ ਤੇ ਫ਼ੁਰਮਾਉਂਦੇ ਹਨ- ਸਾਡਾ ਸਰੀਰ ਅੱਗ ਵਿਚ ਜਲਦਾ ਨਹੀਂ, ਪਾਣੀ ਵਿਚ ਡੁੱਬਦਾ ਨਹੀਂ ਔਰ ਅਸੀਂ ਜਾਵਾਂਗੇ ਬਿਦੇਸ਼। ਬਾਬੇ ਲਾਲ ਸਿੰਘ ਲਤਾਲੀਏ ਐਸ ਤਰ੍ਹਾਂ ਬਚਨ ਸੁਣਾਉਂਦੇ ਕਹਿੰਦੇ, ਬਾਹਰੋਂ ਤੁਰੇ ਆਉਂਦੇ ਹਨ ਸਿਆਲਕੋਟ ਦੇ ਜ਼ਿਲੇ ਦੇ ਦੌਰੇ ਕਹਿੰਦੇ ਨੇ, ਲਾਲ ਸਿੰਘ ਤੁਹਾਨੂੰ ਬਈ ਪਰਮ ਸੁਖ। ਜਾਣਨਾ ਹੈ। ਪਰਮ ਸੁਖ ਕਿਹੜੇ ਹੁੰਦੇ ਹਨ। ਬਾਬਾ ਜੀ ਨੇ ਉਤਰ ਦਿੱਤਾ ਜੀ ਨਹੀਂ- ਦਸੋ । ਸਤਿਗੁਰੂ ਜੀ ਕਹਿੰਦੇ, "ਪਰਲੋਕ ਦੇ ਸੁਖ ਵੀ ਇਥੇ ਹੀ ਦਿਆਂਗੇ, ਪਰ ਅਜੇ ਨਹੀਂ ਸਾਨੂੰ ਅੰਗਰੇਜ਼ ਫੜ ਕੇ ਲੈ ਜਾਣਗੇ, ਦੀਰਘ ਚਿਰ ਰਖਣਗੇ। ਫੇਰ ਓਦੂੰ ਬਾਅਦ ਆਵਾਂਗੇ ਤਾਂ ਤੁਹਾਨੂੰ ਸੁਖ ਹੋਣਗੇ।

"ਇਹ ਅੰਗਰੇਜ਼ ਸਾਨੂੰ ਹੱਥ ਪਾਉਣਗੇ, ਜਿੰਨਾ ਚਿਰ ਇਹ ਸਾਨੂੰ ਹੱਥ ਨਹੀਂ ਪਾਉਂਦੇ, ਇਹ ਬਿਦੇਸ਼ ਲੈ ਜਾਣਗੇ, ਮਰ ਗਿਆ ਲਿਖਣਗੇ। ਤੁਸਾਂ ਨਹੀ ਇਹ ਗੱਲ ਮੰਨਣੀ"।

ਲਾਲ ਏਹਿ ਰਤਨ"-ਭਾਗ ਪਹਿਲਾ ਪੰਨਾ 453

ਇਸ ਤਰ੍ਹਾਂ ਦਾ ਹੀ ਬਚਨ ਸਤਿਗੁਰੂ ਜੀ ਨੇ ਅਨੰਦ ਪੁਰ ਦੇ ਹੋਲੇ ਤੇ ਵੀ ਕੀਤਾ। ਲੋਕਾਂ ਦੇ ਅਰਜ਼ ਕਰਨ ਤੇ ਕਿ ਅਗਲੇ ਸਾਲ ਭੀ ਦਰਸ਼ਨ ਦੇਣੇ। ਫ਼ੁਰਮਾਇਆ-

ਪਰਾਲਬਧ ਸੇ ਦੇਖੇ ਹੋਲਾ। ਜਾਏ ਬਿਦੇਸ਼ ਕੋਇ ਦਿਨ ਚੋਲਾ।

ਸਤਿਗੁਰੂ ਰਾਮ ਸਿੰਘ ਜੀ ਜਾਣਦੇ ਸਨ ਕਿ ਉਹਨਾਂ ਦੇ ਪ੍ਰਦੇਸ਼ ਗਵਨ ਉਪਰੰਤ ਨਾਮਧਾਰੀਆਂ ਤੇ ਬਹੁਤ ਕਠਿਨਾਈਆਂ ਆਉਣਗੀਆਂ, ਅੰਗਰੇਜ਼ ਬਹੁਤ ਤਸ਼ਦੱਦ ਦੇਣਗੇ। ਬੜਾ ਔਖਾ ਸਮਾਂ ਆਵੇਗਾ। ਸ੍ਰੀ ਭੈਣੀ ਸਾਹਿਬ ਦੀ ਕਾਰ ਤੇ ਲੰਗਰ ਦੀ ਸੇਵਾ ਵੀ ਚਲਦੀ ਰਖਣੀ ਹੈ। ਸਾਧ ਸੰਗਤ ਨੂੰ ਵੀ ਸੰਭਾਲਣੈ, ਸਿੱਖਾਂ ਨੂੰ ਵਿਛੋੜੇ ਦੇ ਦੁੱਖ ਤੋਂ ਸਾਂਤਵਨਾਂ ਦੇਣੀ ਹੈ ਅਤੇ ਅੰਗਰੇਜ਼ਾਂ ਦੇ ਵਿਰੁੱਧ ਆਜ਼ਾਦੀ ਦੀ ਚਿਣਗ ਭੀ ਬਲਦੀ ਰੱਖਣੀ ਹੈ। ਇਹ ਸਾਰਾ ਕਾਰਜ ਉਹਨਾਂ ਦੇ ਭਰਾਤਾ ਮਹਾਰਾਜ ਬੁੱਧ ਸਿੰਘ ਜੀ ਹੀ ਰੱਖ ਸਕਦੇ ਹਨ। ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਜੀ ਦੇ ਗੁਣਾਂ ਨੂੰ ਜਾਣਦੇ ਸਨ, ਪਰ ਆਪਣੀ ਕੀਤੀ ਅਨੁਸਾਰ ਉਹਨਾਂ ਨੂੰ ਗੁਪਤ ਰਖਿਆ ਪਰ ਕਿਤੇ ਕਿਤੇ ਸਾਧ ਸੰਗਤ ਨੂੰ ਗਿਆਨ ਵੀ ਕਰਾ ਦਿਤਾ ਕਿ ਇਹ ਵੀ ਅਨੰਤ ਕਲਾ ਦੇ ਮਾਲਕ ਹਨ।

ਪਹਿਲਾ ਕੌਤਕ ਸੰਨ 1861 ਦੀ ਅਰਧਕੁੰਭੀ ਤੇ ਕੀਤਾ। ਇੱਕ ਗੋਲੀ ਨੂੰ ਅੱਗ ਲੱਗ ਗਈ। ਸਤਿਗੁਰੂ ਰਾਮ ਸਿੰਘ ਜੀ ਨੇ ਉਸ ਨੂੰ ਚੁੱਕ ਕੇ ਗੰਗਾ ਵਿਚ ਸੁੱਟਣ ਵਾਸਤੇ ਇਕ ਪਾਸੇ ਤੋਂ ਆਪ ਜੀ ਨੇ ਇਕੱਲੇ ਹੀ ਚੁੱਕ ਲਿਆ ਪਰ ਦੂਸਰੇ ਪਾਸੇ ਸਾਰੀ ਸਾਧ ਸੰਗਤ ਵੀ ਨਾ ਚੁੱਕ ਸਕੀ। ਆਖਿਰ ਸਤਿਗੁਰੂ

Namdhari Elibrary NamdhariElibrary@gmail.com

ਜੀ ਨੇ ਮਹਾਰਾਜ ਜੀ ਨੂੰ ਹੁਕਮ ਕੀਤਾ ਕਿ ਇਹ ਕੰਮ ਉਹਨਾਂ ਤੋਂ ਬਿਨਾਂ ਨਹੀਂ ਹੋ ਸਕਦਾ ਤਾਂ ਮਹਾਰਾਜ ਜੀ ਨੇ ਵੀ ਉਸ ਨੂੰ ਅਡੋਲ ਚੁੱਕ ਲਿਆ। ਇਹ ਕੌਤਕ ਭੀ ਆਉਣ ਵਾਲੇ ਸਮੇਂ ਦਾ ਸੰਕੇਤ ਹੀ ਸੀ ਅਤੇ ਮਹਾਰਾਜ ਜੀ ਦੇ ਗੁਣਾਂ ਦਾ ਪ੍ਰਗਟਾਵਾ ਵੀ ਸੀ।

ਏਕ ਸਰੂਪ ਕਰ ਭਾਸੇ

'ਲਾਲ ਏਹਿ ਰਤਨ' ਭਾਗ 4 ਦੇ ਪੰਨਾ 63, 64 ਤੇ ਇਸ ਤਰ੍ਹਾਂ ਫ਼ੁਰਮਾਉਂਦੇ ਹਨ। ਭਾਈ ਉੱਤਮ ਸਿੰਘ ਜੀ ਇਹ ਰਾਇਸਰ ਦੇ ਸਿੱਖ ਸਨ, ਜਿਨਾਂ ਨੂੰ ਸਤਿਗੁਰੂ ਜੀ ਬੀਰ ਕਹਿੰਦੇ ਸਨ। ਉਹਨਾਂ ਤੋਂ ਮਗਰੋਂ ਉਹਨਾਂ ਦੇ ਲੜਕੇ ਸੰਤ ਮਸਤਾਨ ਸਿੰਘ ਜੀ ਸੂਬੇ ਰਹੇ। ਉਹਨਾਂ ਨੇ ਦੱਸਿਆ ਕਿ ਭਾਈ ਉੱਤਮ ਸਿੰਘ ਜੀ ਦੱਸਦੇ ਸਨ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪ੍ਰਦੇਸ਼ ਜਾਣ ਤੋਂ ਛੇ ਮਹੀਨੇ ਪਹਿਲਾਂ ਇਕ ਦਿਨ ਗੁਰੂ ਹਰੀ ਸਿੰਘ ਜੀ ਨੂੰ ਸੱਦ ਕੇ ਇਸ਼ਨਾਨ ਪਾਣੀ ਕਰਵਾ ਕੇ ਆਪਣੇ ਨਾਲ ਪੁਸ਼ਾਕਾ ਪੁਆ ਕੇ, ਲੰਗਰ 'ਚ ਪ੍ਰਸ਼ਾਦ ਭੀ ਨਾਲ ਛਕਾਇਆ, ਇਕ ਆਸਣ ਤੇ ਬੈਠ ਕੇ ਸਾਧ ਸੰਗਤ ਨੂੰ ਕਿਹਾ, "ਭਾਈ ਦੇਖੋ ਸਾਡੇ ਵਿਚ ਫਰਕ ਤੇ ਮਲੂਮ ਨਹੀਂ ਹੁੰਦਾ"। ਉਹਨਾਂ 'ਚ ਭਾਈ ਉੱਤਮ ਸਿੰਘ ਰਾਇ ਸਰੀਏ ਸਨ, ਜਿਹਨਾਂ ਨੇ ਉਸ ਵੇਲੇ ਦਰਸ਼ਨ ਕੀਤਾ ਸੀ। ਉਦੂੰ ਬਾਅਦ ਕਹਿੰਦੇ, "ਭਾਈ ਲਾਹ ਦੇ ਹੁਣ ਬਸਤਰ।" ਫਿਰ ਉਸੇ ਤਰ੍ਹਾਂ ਕਰ ਛੱਡ ਆਏ। ਇਹ ਇਕ ਕੌਤਕ ਹੀ ਸੀ ਉਹਨਾਂ ਦਾ।

ਦੂਸਰੀ ਚੀਜ਼ ਕੁਝ ਮਾਇਆ – ਕਿਉਂਕਿ ਸਤਿਗੁਰੂ ਜਾਣਦੇ ਸੀ, ਬਈ ਸਾਡੇ ਜਿਹੜੇ ਥੜੇ ਵਾਲੇ ਮੰਦਰ ਹਨ ਇਹਨਾਂ ਨੂੰ ਤੇ ਪਾਣੀ ਹਾਂਢੇ ਤੱਕ ਪੁੱਟਣਾ ਹੈ। ਉਹ ਮਾਇਆ ਦੀ ਗਾਗਰ ਬਾਬੇ ਸਾਹਿਬ ਜੀ, ਮਹੰਤ ਗੁਰਦਿੱਤ ਸਿੰਘ ਤੇ ਗੁਰੂ ਹਰੀ ਸਿੰਘ ਜੀ ਨੂੰ ਨਾਲ ਲੈ ਕੇ ਤਬੇਲੇ 'ਚ ਦੱਬੀ। ਗੁਰੂ ਹਰੀ ਸਿੰਘ ਜੀ ਕਹਿੰਦੇ, "ਜਿੱਦਣ ਉਹ ਮਾਇਆ ਕੱਢ ਕੇ ਵਰਤੀ ਫੇਰ ਅਸੀਂ ਆਖਿਆ, ਹੁਣ ਸੱਚੇ ਪਾਤਸ਼ਾਹ ਕਿਵੇਂ ਬਣੇਗੀ ਖੇਡ ? ਫੇਰ ਪਤਾ ਨਹੀਂ ਕਿਧਰੋਂ ਆਉਂਦੀ ਗਈ। ਸਾਨੂੰ ਫਿਰ ਪਤਾ ਨਹੀਂ ਲੱਗਿਆ, ਸਤਿਗੁਰਾਂ ਕਿਸ ਤਰ੍ਹਾਂ ਲੰਗਰ ਚਲਾਇਆ ਹੈ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪ੍ਰਦੇਸ਼ ਜਾਣ ਤੋਂ ਬਾਅਦ, ਭਾਈ ਉੱਤਮ ਸਿੰਘ ਜੀ ਇਕ ਦਿਨ ਗੁਰੂ ਹਰੀ ਸਿੰਘ ਜੀ ਕੋਲ ਆਏ ਤੇ ਪੁੱਛਿਆ ਕਿ ਸਤਿਗੁਰੂ ਰਾਮ ਸਿੰਘ ਜੀ ਐਸ ਵੇਲੇ ਕਿੱਥੇ ਹਨ? ਗੁਰੂ ਹਰੀ ਸਿੰਘ ਜੀ ਕਹਿੰਦੇ, "ਭਾਈ ਉੱਤਮ ਸਿਹਾਂ ਜੇ ਤੂੰ ਥੋੜਾ ਜਿਹਾ ਚਿਰ ਪਹਿਲਾਂ ਆ ਜਾਂਦਾ ਤਾਂ ਤੈਨੂੰ ਵੀ ਇਥੇ ਹੀ ਦਰਸ਼ਨ ਕਰਾਉਂਦੇ।" ਕਹਿਣ ਲੱਗੇ, "ਭਾਈ ਜਦੋਂ ਦੇ ਸਤਿਗੁਰੂ ਗਏ, ਮੈਂ ਬਾਹਰ ਜਾ ਕੇ ਬਹੁਤ ਰੋਂਦਾ, ਧਾਹੀਂ ਮਾਰ ਮਾਰ ਕੇ। ਥੋੜਾ ਜਿਹਾ ਚਿਰ ਜੇ ਇਕ ਅੱਧਾ ਦਿਨ ਹੀ ਸਤਿਗੁਰੂ ਸੱਚੇ ਪਾਤਸ਼ਾਹ ਦਰਸ਼ਨ ਨਾ ਦਿੰਦੇ ਤਾਂ ਮੇਰਾ ਸਰੀਰ ਨਾ ਰਹਿੰਦਾ।" ਸਤਿਗੁਰੂ ਜੀ ਆ ਗਏ, ਸਤਿਗੁਰਾਂ ਨੇ ਆ ਕੇ ਕਿਹਾ, "ਭਾਈ ਮੈਂ ਤੇਰੇ ਕੋਲ ਸਦਾ ਅੰਗ ਸੰਗ ਹਾਂ। ਮੈ ਤੇਰੇ ਕੋਲ ਰਹਾਂਗਾ, ਤੂੰ ਕੰਮ-ਕਾਰ ਕਰ ਭਾਈ।" ਸਤਿਗੁਰੂ ਤਾਂ ਮੇਰੇ ਮੋਢੇ ਤੇ ਹੱਥ ਰਖਦੇ ਹਨ।

ਸਿਦਕ ਭਰੋਸਾ

'ਲਾਲ ਏਹਿ ਰਤਨ' ਭਾਗ 4 ਪੰਨਾ 66 ਤੇ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਤੋਂ ਬਾਅਦ ਬਹੁਤ ਸਰੀਰਾਂ ਦੀ ਇਹ ਚਿੱਤ ਚ ਖਾਹਿਸ਼ ਪੈਦਾ ਹੋਈ ਕਿ ਅਸੀਂ ਤਾਂ ਮੰਨਦੇ ਹਾਂ ਜੇ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਹੋਵੇ। ਬਹੁਤ ਸੱਜਣਾਂ ਨੂੰ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਸਤਿਗੁਰੂ ਰਾਮ ਸਿੰਘ ਜੀ ਤੋਂ ਪਹਿਲੇ ਹੋਇਆ, ਉਹੋ ਰੂਪ ਦਿਖਾਲਕੇ ਫੇਰ ਰੂਪ ਬਦਲਦੇ-ਤਾਂ ਉਹ ਚਰਨੀਂ ਲਗੇ। ਪੰਨਾਂ 65 ਤੇ ਵੀ ਇਸ ਤਰ੍ਹਾਂ ਫ਼ੁਰਮਾਉਂਦੇ ਹਨ:

ਬਾਬੇ ਲਾਲ ਸਿੰਘ ਹੋਰੀਂ ਲਤਾਲੀਏ, ਇਕ ਵੇਰ ਚਿੱਤ 'ਚ ਆ ਗਿਆ, ਸਤਿਗੁਰਾਂ ਦੀ ਦੇਹ ਤੇ ਸ਼ਰਧਾਂ ਸੀ- ਬਈ ਹੁਣ ਭੈਣੀ ਸਾਹਿਬ ਕੀ ਕਰਨ ਜਾਣਾ ਹੈ। ਸਤਿਗੁਰਾਂ ਇਕ ਦਿਨ ਦਰਸ਼ਨ ਦਿੱਤਾ ਦ੍ਰਿਸ਼ਟਾਂਤ ਵਿਚ। ਬਾਬੇ ਲਾਲ ਸਿੰਘ ਹੋਰੀਂ ਕਹਿੰਦੇ, ਮੈਂ ਦੋ ਰੁਪਈਏ ਰੱਖ ਕੇ ਮੱਥਾ ਟੇਕਿਆ ਤਾਂ ਸਤਿਗੁਰ ਪਿਛੇ ਹਟ ਗਏ, ਕਹਿੰਦੇ-ਅਸੀਂ ਨਹੀਂ ਤੇਰੇ ਰੁਪਈਏ ਲੈਣੇ।" ਜਦੋਂ ਪੁੱਛਿਆ ਕਿ ਕਿਉਂ ਨਹੀਂ ਲੈਣੇ ? ਤਾਂ ਕਹਿਣ ਲੱਗੇ, "ਜੇ ਰੁਪਈਏ ਦੇਣੇ ਨੇ ਤਾਂ ਭੈਣੀ ਸਾਹਿਬ ਜਾ ਕੇ ਦੇਹ।" ਬਾਬੇ ਲਾਲ ਸਿੰਘ ਹੋਰੀਂ ਆਏ। ਗੁਰੂ ਹਰੀ ਸਿੰਘ ਜੀ ਕਹਿਣ ਲੱਗੇ, ਭਾਈ ਲਾਲ ਸਿਹਾਂ, ਅਸੀਂ ਬੜੇ ਚਿਰ ਦੇ ਉਡੀਕਦੇ ਸੀ।

'ਲਾਲ ਏਹਿ ਰਤਨ' ਦੇ ਪੰਨਾ 273 ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਫ਼ੁਰਮਾਉਂਦੇ ਹਨ ਕਿ ਨਿਰੀ ਬਾਣੀ ਪੜ੍ਹੀ ਦਾ ਵੀ ਕੀ ਫਾਇਦਾ ਹੈ। ਅਸੀਂ ਸੌ ਪਾਠ ਗ੍ਰੰਥ ਸਾਹਿਬ ਜੀ ਦਾ ਕਰ ਲਈਏ, ਸਾਰਾ ਦਿਨ ਮਾਲਾ ਘਸਾਉਂਦੇ ਰਹੀਏ, ਜੇ ਸਾਨੂੰ ਸਤਿਗੁਰਾਂ ਤੇ ਯਕੀਨ ਨਹੀਂ, ਸਿੱਦਕ ਨਹੀਂ, ਸਾਡੇ ਪੱਲੇ ਕੁਝ ਵੀ ਨਹੀਂ। ਮਹਾਰਾਜ ਜੀ ਨੇ ਗੁਰਬਾਣੀ ਵਿਚ ਲਿਖਿਆ ਹੈ-

"ਬੈਸਨੋ ਨਾਮੁ ਕਰਮ ਹਉ ਜੁਗਤਾ
ਤੁਹ ਕੁਟੇ ਕਿਆ ਫਲੁ ਪਾਵੈ" -ਪੰਨਾ- 960

ਭਾਈ ਤਾਰੂ ਸਿੰਘ ਨੂੰ ਸਿੱਦਕ ਆਇਆ, ਬਈ ਗੁਰੂ ਗੋਬਿੰਦ ਸਿੰਘ ਜੀ ਦਾ ਅੰਮ੍ਰਿਤ ਕੇਸਾਂ ਵਿਚ ਪਿਆ ਹੈ, ਮੇਰੇ ਸਿਰ ਤੋਂ ਕੇਸ ਨਹੀਂ ਕੋਈ ਲਾਹ ਸਕਦਾ।

ਸਿੱਦਕ ਹੀ ਸਿੱਖੀ ਦਾ ਮੂਲ ਹੈ।

ਇਕ ਬਾਬਾ ਗੰਡਾ ਸਿੰਘ ਜੀ ਇਬਨ ਵਿਚ ਰਹਿੰਦੇ ਸਨ। ਬਹੁਤ ਕਰਨੀ ਵਾਲੇ ਮਹਾਂਪੁਰਖ ਸਨ। ਜਿੰਨੇ

Namdhari Elibrary NamdhariElibrary@gmail.com

ਸਰੀਰ ਉਹਨਾਂ ਕੋਲ ਰਹਿੰਦੇ ਸਨ, ਕੋਈ ਸਰੀਰ ਜੇ ਮਹਿੰ ਚੁੰਘਣ ਲਗ ਪਿਆ ਉਹਦਾ ਉਥੇ ਹੀ ਗਲ ਫੜਿਆ ਗਿਆ। ਜੇ ਕਿਸੇ ਨੇ ਇਸਤਰੀ ਵੱਲ ਬੁਰੀ ਨਿਗਾਹ ਝਾਕਿਆ ਤਾਂ ਉਥੇ ਹੀ ਮੁਸ਼ਕਾਂ ਆ ਗਈਆਂ। ਦੋ ਨਿਹੰਗ ਸਿੰਘ ਆਉਂਦੇ ਹਨ। ਮੰਜੇ ਤੇ ਬੈਠੇ ਰਹਿੰਦੇ ਭਜਨ ਬਾਣੀ ਕਰਨ ਵਾਲੇ ਸਨ। ਨਿਹੰਗ ਸਿੰਘ ਨੂੰ ਪੁਛਿਆ, ਨਿਹੰਗ ਸਿੰਘ ਜੀ ਕਿਧਰ ਨੂੰ ਤਿਆਰੀਆਂ ਕੀਤੀ ?

'ਜੀ ਚੱਲੇ ਹਾਂ ਮੁਕਤਸਰ ਸਾਹਿਬ।'

'ਕਾਹਦੇ ਵਾਸਤੇ'

'ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਵਾਸਤੇ।'

ਐਉਂ ਮੂੰਹ ਤੇ ਹੱਥ ਫੇਰ ਕਹਿੰਦੇ, ਜੇ "ਏਥੇ ਹੀ ਕਰਾ ਦੇਈਏ" ਉਹ ਕੂਕਾ ਨਹੀਂ ਸੀ, ਨਿਹੰਗ ਸਿੰਘ ਨੂੰ ਦਰਸ਼ਨ ਹੋ ਗਿਆ ਗੁਰੂ ਗੋਬਿੰਦ ਸਿੰਘ ਜੀ ਦਾ ਉਲਟ ਕੇ ਜਾ ਪਿਆ, ਪੱਗ ਕਿਧਰੇ ਲਹਿ ਗਈ। ਉਹ ਭਜਨ ਕਰੇ ਮੂਹੋਂ। ਉਹ ਦੂਜਾ ਨਿਹੰਗ ਸਿੰਘ ਆਖੇ-ਉਹ ਤੂੰ ਕੂਕਿਆਂ ਦਾ ਭਜਨ ਨਾ ਕਰ, ਗੁਰੂ ਗੋਬਿੰਦ ਸਿੰਘ ਵਾਲਾ ਕਰ। ਉਹ ਕਹਿੰਦੈ, "ਅੰਨਿਆ ਤੈਨੂੰ ਤੇ ਦਿਸਦਾ ਨਹੀਂ-ਏਥੇ ਸਾਹਮਣੇ ਬੈਠਾ ਹੈ ਗੁਰੂ ਗੋਬਿੰਦ ਸਿੰਘ ਤਾਂ ਮੇਰੇ।

ਸਤਿਗੁਰੂ ਹਰੀ ਸਿੰਘ ਜੀ ਉਹਨਾਂ ਨੂੰ ਮਿਲਣ ਗਏ ਤਾਂ ਉਹ ਮੰਜੇ ਤੇ ਹੀ ਬੈਠੇ ਰਹੇ। ਸਤਿਗੁਰੂ ਜੀ ਉਹਨਾਂ ਦੇ ਚਰਨੀਂ ਹੱਥ ਲਾ ਕੇ ਆ ਗਏ। ਸਾਰੀ ਸੱਤਿਆ ਉਹਨਾਂ ਦੀ ਖਿੱਚ ਲਈ, ਸਾਰੀ ਪ੍ਰਤਿਸ਼ਟਾ ਖਤਮ ਹੋ ਗਈ।

ਇਸ ਤਰ੍ਹਾਂ ਦੇ ਹੋਰ ਵੀ ਕੁਝ ਸਾਧ ਸਨ ਜਿਹੜੇ ਆਪਣੀਆਂ ਅਧਿਆਤਮਕ ਉਪਲਬੱਧੀਆਂ ਨੂੰ ਸਭ ਕੁਝ ਮੰਨਦੇ ਸਨ ਅਤੇ ਸਤਿਗੁਰੂ ਹਰੀ ਸਿੰਘ ਜੀ ਤੇ ਸ਼ਰਧਾ ਨਹੀਂ ਸਨ ਰੱਖਦੇ। ਸਮੇਂ ਨਾਲ ਉਹ ਸਾਰੇ ਹੀ ਇਕ ਸਾਧਾਰਨ ਜੀਵਹੀ ਬਣਕੇ ਰਹਿ ਗਏ।

ਸਤਿਗੁਰੂ ਸਮਰੱਥ ਹੋ

ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਵਾਗਡੋਰ ਸੰਨ 1872 ਤੋਂ ਲੈ 1906 ਤੀਕਰ ਸੰਭਾਲੀ। ਇਹ ਸਾਰਾ ਹੀ ਸਮਾਂ ਅਤਿ ਸੰਘਰਸ਼ੀਲ ਅਤੇ ਸਰਕਾਰੀ ਪਾਬੰਦੀਆਂ ਦਾ ਸੀ। ਸਾਧ ਸੰਗਤ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਨਾਲ ਜੋੜੀ ਰੱਖਣਾ, ਉਹਨਾਂ ਦੇ ਵਿਰਹੋਂ ਵਿਯੋਗ ਨੂੰ ਤਾਜ਼ਾ ਰਖਣਾ, ਸਾਰੇ ਪੰਥਕ ਕਾਰਜਾਂ ਨੂੰ ਚਲਾਉਣਾ ਅਤੇ ਲੰਗਰ ਦਾ ਚਲਦੇ ਰਹਿਣਾ, ਸਾਰੇ ਹੀ ਕੰਮ ਸਤਿਗੁਰੂ ਜੀ ਨੇ ਪੂਰਨ ਕੁਸ਼ਲਤਾ ਨਾਲ ਚਲਾਈ ਰੱਖੇ। ਆਪਣਾ ਨਿਮਖੀ ਦਾ ਹਥਿਆਰ ਵਰਤ ਕੇ ਅਤੇ ਨਾਮ ਸਿਮਰਨ ਵੱਧ ਤੋਂ ਵੱਧ ਕਰਕੇ ਸਤਿਗੁਰੂ ਰਾਮ ਸਿੰਘ ਜੀ ਦੀ ਵਿਸ਼ੇਸ ਕਿਰਪਾ ਸਦਕਾ ਸਤਿਗੁਰੂ ਹਰੀ ਸਿੰਘ ਜੀ ਨੇ ਇਹਨਾਂ ਕਠਿਨਾਈਆਂ ਨੂੰ ਭਲੀ ਪ੍ਰਕਾਰ ਝੱਲਿਆ।

ਅਨੇਕਾਂ ਹੀ ਦੁਖਿਆਰੀਆਂ ਦਾ ਦੁੱਖ ਦੂਰ ਕੀਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਸਦੀਵ ਅਪਣੇ ਅੰਗ ਸੰਗ ਸਮਝਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਫ਼ੁਰਮਾਉਂਦੇ ਹਨ ਕਿ ਇਕ ਚੀਜ਼ ਤੇ ਮੈਂ ਵੀ ਵੇਖੀ ਆਪਣੀ ਅੱਖੀਂ। ਛੋਟੇ ਛੋਟੇ ਸਾਂ ਬਗੈਰ ਮਤਲਬ ਤੋਂ ਚਲਦੇ ਚਲਦੇ ਰਾਹ ਵਿਚ ਖੜੇ ਹੋ ਜਾਣਾ ਉਥੇ ਚਰਨ ਨਾਲ ਮਿੱਟੀ ਥੋੜੀ ਜੇਹੀ ਖੁਰਚਣੀ, ਜ਼ਰਾ ਕੁ ਫਿਰ ਚਲਣਾ। ਇਕ ਕਦਮ ਨਹੀਂ ਉਠਾਉਂਦੇ ਜਿੰਨਾ ਚਿਰ ਸਤਿਗੁਰਾਂ ਦਾ ਹੁਕਮ ਨਹੀਂ ਸੀ ਚਲਦਾ।

ਸਤਿਗੁਰੂ ਹਰੀ ਸਿੰਘ ਜੀ ਗਹਿਰੇ ਅਤੇ ਵਿਸ਼ਾਲ ਸਨ ਉਹਨਾਂ ਦੇ ਗੁਣਾਂ ਦਾ ਵਰਨਣ ਕਰਨਾ ਅਸੰਭਵ ਹੈ। ਉਹ ਜੋ ਕੁਝ ਕਰਦੇ ਸਨ ਉਸ ਦੇ ਆਪ ਹੀ ਗਿਆਤਾ ਸਨ। ਇਕ ਬਾਬੇ ਸਮੁੰਦ ਸਿੰਘ ਜੀ ਖੋਟਿਆਂ ਵਾਲੇ ਬੜੇ ਪਰਮ-ਪੁਰਖ ਸਨ। ਸਤਿਗੁਰਾਂ ਦੇ ਸੂਬੇ ਸਨ। ਭੈਣੀ ਸਾਹਿਬ ਗਏ, ਲਗੇ ਜਾ ਕੇ ਗੁਰੂ ਹਰੀ ਸਿੰਘ ਜੀ ਨਾਲ ਬਚਨ ਕਰਨ, ਤੂੰ ਐਂ ! ਤੂੰ ਐਂ, ਆਪਣੇ ਸੁਭਾਅ 'ਚ ਆ ਕੇ, ਸੂਬੇ ਸਨ ਸਤਿਗੁਰਾਂ ਦੇ। ਗੁਰੂ ਹਰੀ ਸਿੰਘ ਜੀ ਇਕ ਬਚਨ ਕੀਤਾ। ਚਰਨੀਂ ਡਿੱਗ ਕੇ ਕਹਿੰਦੇ, ਸੱਚਿਆ ਪਾਤਸ਼ਾਹ ! ਗੁਰੂ ਰਾਮ ਸਿੰਘ ਦਾ ਤਾਂ ਕੁਝ ਪਤਾ ਲਗ ਜਾਂਦਾ ਸੀ, ਤੇਰੇ ਡੂੰਘ ਦੀ ਸਾਨੂੰ ਸਮਝ ਹੀ ਨਹੀਂ ਕੁਝ ਆਈ।

ਕਦੇ ਕਦੇ ਗੁਰੂ ਹਰੀ ਸਿੰਘ ਜੀ ਆਖਣਾ, ਤੁਸੀਂ ਮੇਰੀ ਸਿਫਤ ਕਰਦੇ ਹੋ, ਮੇਰਾ ਤਾ ਉਹ ਹਾਲ ਹੈ ਥਿੰਦੇ ਘੜੇ ਉਤੇ ਪਾਣੀ ਟਿਕਦਾ ਨਹੀਂ, ਤੁਹਾਡੀ ਸਿਫਤ ਨਹੀਂ ਮੈਨੂੰ ਲੱਗਦੀ। ਇਕ ਪਾਸੇ ਤੇ ਸਤਿਗੁਰੂ ਹਰੀ ਸਿੰਘ ਜੀ ਅਤਿ ਦੇ ਗੰਭੀਰ ਤੇ ਸ਼ਾਂਤੀ ਰੱਖਣ ਵਾਲੇ ਸਨ ਤੇ ਦੂਸਰੀ ਸਿਖਰ ਆਪ ਦੀ 1899 ਦੇ ਕਾਲ ਸਮੇਂ ਪ੍ਰਗਟ ਹੋਈ। ਐਡੇ ਭਿਅੰਕਰ ਕਾਲ ਵਿਚ ਆਪ ਜੀ ਨੇ ਬਾਗੜੀਆਂ ਨੂੰ ਲੰਗਰ ਹੀ ਨਹੀਂ ਛਕਾਇਆ, ਸਗੋਂ ਉਹਨਾਂ ਦੇ ਜਨਵਰਾਂ ਨੂੰ ਵੀ ਭਰ ਪੇਟ ਚਾਰਾ ਖੁਆਇਆ ਅਤੇ ਪਾਲਣਾ ਕੀਤੀ। ਅੰਗਰੇਜ਼ ਅਫ਼ਸਰ ਨੇ ਇਹ ਸਭ ਕੁਝ ਦੇਖ ਕੇ ਪ੍ਰਸੰਨਤਾ ਜ਼ਾਹਰ ਕੀਤੀ, ਸੌ ਮੁਰੱਬੇ ਜ਼ਮੀਨ ਦੀ ਪੇਸ਼ਕਸ਼ ਕੀਤੀ। ਸਤਿਗੁਰੂ ਜੀ ਨੇ ਨਿਧੜਕ ਹੋ ਕੇ ਜ਼ਮੀਨ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, ਇਹ ਤਾਂ ਸਾਡੀ ਹੀ ਜ਼ਮੀਨ ਹੈ, ਜਦੋਂ ਲਵਾਂਗੇ ਤਾਂ ਪੂਰਾ ਭਾਰਤ ਲਵਾਂਗੇ।

ਐਡੇ ਵਿਸ਼ਾਲ ਹਿਰਦੇ ਵਾਲੇ ਟੁਟੀ ਗੰਢਣਹਾਰ ਸਤਿਗੁਰੂ ਦੇ ਗੁਣਾਂ ਦਾ ਅੰਤ ਨਹੀਂ ਪਾਇਆ ਜਾ ਸਕਦਾ। ਕੇਵਲ ਅਰਦਾਸ ਹੀ ਕੀਤੀ ਜਾ ਸਕਦੀ ਹੈ ਕਿ ਸਤਿਗੁਰੂ ਜੀ ਬਖ਼ਸ਼ਿਸ ਕਰਨ ਅਤੇ ਆਪਣੇ ਚਰਨਾਂ ਦਾ ਸਿਦਕ ਭਰੋਸਾ ਬਖ਼ਸ਼ਣ। ਨਾ ਕਦੇ ਵਿਸਰਨ ਤੇ ਨਾ ਕਦੇ ਵਿਸਾਰਨ।

Namdhari Elibrary NamdhariElibrary@gmail.com

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਗੁਰਮਤਿ ਕੀਰਤਨ ਦੀ ਪਰੰਪਰਾ

ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)

ਆਦਿ ਕਾਲ ਤੋਂ ਜਦੋਂ ਤੋਂ ਸ੍ਰਿਸ਼ਟੀ ਦੀ ਰਚਨਾ ਹੋਈ ਹੈ, ਪ੍ਰਭੂ ਦੀ ਅਰਾਧਨਾ ਕਰਨ ਲਈ ਸਾਧਕ ਕਈ ਤਰ੍ਹਾਂ ਦੇ ਢੰਗ ਤਰੀਕੇ ਅਪਨਾਉਂਦਾ ਰਿਹਾ ਹੈ ਅਤੇ ਸਾਧਨਾਂ ਵਿਚੋਂ ਸਾਧਕ ਪ੍ਰਭੂ ਪਰਮੇਸ਼ਰ ਨੂੰ ਰਿਝਾਉਣ ਲਈ ਕੀਰਤਨ ਕਰਨ ਦੇ ਇੱਕ ਸਾਧਨ ਨੂੰ ਵੀ ਆਦਿ ਕਾਲ ਤੋਂ ਅਪਨਾਉਂਦਾ ਆ ਰਿਹਾ ਹੈ। ਭਾਰਤੀ ਧਾਰਮਿਕ ਗਰੰਥਾਂ ਵਿਚ ਕੀਰਤਨ ਨੂੰ ਰੂਹ ਦੀ ਖ਼ੁਰਾਕ ਮੰਨਿਆ ਜਾਂਦਾ ਹੈ। ਕੀਰਤਨ ਸਰਵਣ ਕਰਨ ਨਾਲ ਮਨ ਇਕਾਗਰਤਾ ਵਿਚ ਆਉਂਦਾ ਹੈ ਅਤੇ ਫਿਰ ਆਤਮਾ ਪਰਮਾਤਮਾ ਵਿਚ ਲਿਵਲੀਨ ਹੋ ਕੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਦੀ ਸਿਫਤ ਸਲਾਹ ਕਰਨ ਲਈ ਕੀਰਤਨ ਨੂੰ ਪ੍ਰਾਥਮਿਕਤਾ ਦਿੱਤੀ ਸੀ ਅਤੇ ਬਾਣੀ ਦੀ ਰਚਨਾ ਰਾਗਾਂ ਵਿਚ ਕਰਕੇ ਮੁਗ਼ਲ ਕਾਲ ਵਿਚ ਅਲੋਪ ਹੋ ਰਹੀ ਕੀਰਤਨ ਦੀ ਪਰੰਪਰਾ ਨੂੰ ਪੁਨਰ ਸੁਰਜੀਤ ਕੀਤਾ। ਉਹਨਾਂ ਨੇ ਜਿੰਦਗੀ ਦੇ ਮੁੱਢਲੇ ਬੱਤੀ ਸਾਲ, ਮਿਹਰਬਾਨ ਵਾਲੀ ਜਨਮ ਸਾਖੀ ਅਨੁਸਾਰ ਰਾਇ ਭੋਇ ਦੀ ਤਲਵੰਡੀ ਵਿਖੇ ਬਿਤਾਏ ਸਨ। ਉਥੇ ਹੀ ਗੁਰੂ ਜੀ ਨੂੰ ਮਰਾਸੀ ਜਾਤ ਦੇ ਦਾਨਾ ਜੀ ਨੂੰ ਦਰ ਦਰ ਮੰਗਦੇ ਨੂੰ ਗਾਉਂਦੇ ਵੇਖਿਆ ਤਾਂ ਆਖਿਆ ਸੀ ਤਾਂ ਜੇ ਤੂੰ ਮਰਦ ਬਣਕੇ ਇਕ ਮਾਲਕ ਦੀ ਸਿਫਤ ਸਲਾਹ ਕਰੇਂਗਾ ਅਤੇ ਪ੍ਰਭੂ ਦੀ ਕੀਰਤੀ ਕਰੇਂਗਾ ਤਾਂ ਤੂੰ ਮਰਦਾਨਾ ਅਖਾਵੇਂਗਾ ਅਤੇ ਮੈਂ ਤੇਰਾ ਇਥੇ ਅਤੇ ਉਥੇ ਸਹਾਈ ਹੋਵਾਂਗਾ। ਇਤਿਹਾਸ ਗਵਾਹ ਹੈ ਕਿ ਗੁਰੂ ਜੀ ਦੇ ਉਹਨਾਂ ਅਗੰਮੀ ਬੋਲਾਂ ਨੇ ਕੀਲ ਲਿਆ ਉਹ ਦਾਨੇ ਤੋਂ ਮਰਦਾਨਾ ਬਣਿਆ। ਭਾਈ ਮਰਦਾਨਾ ਤਾਂ ਘਰ ਬਾਰ ਦਾ ਤਿਆਗ ਕਰਕੇ ਗੁਰੂ ਜੀ ਦੇ ਚਰਨਾਂ ਦਾ ਭੌਰਾ ਬਣ ਗਿਆ। ਗੁਰੂ ਜੀ ਨੇ ਉਸ ਦੇ ਹੱਥ ਐਸੀ ਰਬਾਬ ਫੜਾਈ ਕਿ ਉਸਨੇ ਗੁਰੂ ਜੀ ਦੀ ਬਾਣੀ ਗਾਇ ਕਰਕੇ ਆਪਣਾ ਲੋਕ ਸੁਖੀਆ ਤੇ ਪ੍ਰਲੋਕ ਸੁਹੇਲਾ ਕਰ ਲਿਆ ਅਤੇ ਮਰਾਸੀਆਂ ਦੇ ਖਾਨਦਾਨਾਂ ਨੂੰ ਵੀ ਅਮਰ ਕਰ ਗਿਆ। ਸ਼ਾਇਦ ਇਸ ਕਰਕੇ ਹੀ ਕਿਹਾ ਜਾਂਦਾ ਹੈ ਕਿ ਜੇ ਮਰਾਸੀ ਰੋਵੇਗਾ ਜਾਂ ਹੱਸੇਗਾ ਤਾਂ ਰਾਗਾਂ ਵਿਚ ਹੀ ਰੋਵੇਗਾ, ਹੱਸੇਗਾ।

ਗੁਰੂ ਸਾਹਿਬਾਨ ਨੇ ਸਮੁੱਚੇ ਜਗਤ ਤੇ ਅਪਾਰ ਕਿਰਪਾ ਕੀਤੀ ਕਿ ਉਹਨਾਂ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਸ਼ਾਮਲ ਸਮੁੱਚੀ ਬਾਣੀ ਨੂੰ 31 ਰਾਗਾਂ ਵਿਚ ਲੈਅ ਬੱਧ ਕਰਕੇ ਅਤੇ ਰਾਗਾਂ ਸਮੇਤ ਰਾਗਣੀਆਂ ਨੂੰ ਵੀ ਰਾਗ ਲਿਖ ਕੇ ਉਨਾਂ ਨੂੰ ਅਮਰ ਕਰ ਦਿੱਤਾ ਅਤੇ ਰਾਗ ਮਾਝ ਜਿਹੇ ਰਾਗਾਂ ਨੂੰ ਜਿਨ੍ਹਾਂ ਨੂੰ ਭਾਰਤੀ ਸੰਗੀਤ ਵਿਚ ਉੱਚਤਾ ਹਾਸਿਲ ਨਹੀਂ ਸੀ, ਉਹਨਾਂ ਨੂੰ ਵੀ ਰਾਗ ਦਰਸਾ ਕੇ ਉਸ ਵਿਚ ਬਾਣੀ ਰਚੀ ਸੀ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਾਂਦੇੜ ਕੌਤਕ ਤੋਂ ਬਾਅਦ ਬਿਦੇਸ਼ੀ ਧਾੜਵੀ ਨਾਦਰ ਸ਼ਾਹ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲੇ ਅਤੇ ਪੰਜਾਬ ਦੇ ਮੁਗ਼ਲ ਹਾਕਮਾਂ ਦੇ ਸਿੱਖਾਂ ਉਪਰ ਅਤਿਆਚਾਰਾਂ ਕਾਰਨ ਜਿਥੇ ਸਿੱਖ ਪੰਥ ਨੂੰ ਨੁਕਸਾਨ ਪਹੁੰਚਾਇਆ। ਉਥੇ ਇਸਦੇ ਨਾਲ ਹੀ ਗੁਰਮਤਿ ਕੀਰਤਨ ਪ੍ਰੰਪਰਾ ਦੇ ਪ੍ਰਚਾਰ ਪ੍ਰਸਾਰ ਨੂੰ ਠੇਸ ਪਹੁੰਚੀ ਅਤੇ ਗੁਰਦੁਆਰਿਆਂ ਦੀ ਮਰਿਯਾਦਾ ਵੀ ਲਗਭਗ ਖਤਮ ਹੋ ਗਈ ਸੀ।

ਸਿੱਖ ਮਿਸਲ ਕਾਲ ਤੋਂ ਬਾਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਪ੍ਰੰਤੂ ਸਿੱਖ ਪੰਥ ਅਤੇ ਸਿੱਖ ਸਮਾਜ ਵਿੱਚ ਆ ਚੁੱਕੀ ਅਧੋਗਤੀ ਵਿਚ ਸੁਧਾਰ ਲਿਆਉਣ ਦਾ ਕੋਈ ਯਤਨ ਨਹੀਂ ਕੀਤਾ। ਆਪ ਮਹਾਰਾਜ ਜੰਗਾਂ ਯੁਧਾਂ ਵਿਚ ਫਸਿਆ ਰਿਹਾ, ਇਹੋ ਕਾਰਨ ਸੀ ਮਹਾਰਾਜਾ ਦੀ ਮ੍ਰਿਤੂ ਤੋਂ ਲਗਪਗ ਦਸ ਸਾਲ ਬਾਦ ਹੀ ਮਹਾਰਾਜੇ ਦਾ ਕਮਾਇਆ ਰਾਜ ਅੰਗਰੇਜ਼ ਝੋਲੀ ਵਿਚ ਪੈ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਮ੍ਰਿਤੂ ਤੋਂ ਲਗਪਗ ਅਠਾਰਾਂ ਸਾਲ ਬਾਅਦ ਪੰਜਾਬ ਦੀ ਧਰਤੀ ਦੇ ਭਾਗ ਜਾਗੇ। ਜਿਲ੍ਹਾ ਲੁਧਿਆਣਾ ਦਾ ਗੁਮਨਾਮ ਪਿੰਡ ਭੈਣੀ ਆਲਾ ਜਾਂ ਭੈਣੀ ਭੂੰਦੜ ਤੋਂ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਵਿਸਾਖੀ ਦੇ ਦਿਹਾੜੇ ਸੰਤ ਖਾਲਸਾ ਦੀ ਰਚਨਾ ਕਰਕੇ ਸਮੁੱਚੇ ਹਿੰਦੋਸਤਾਨ ਦੀ ਕਾਇਆ ਕਲਪ ਕਰ ਦਿੱਤੀ। ਉਹ ਪਿੰਡ ਕੁਝ ਹੀ ਸਮੇਂ ਵਿਚ ਭੈਣੀ ਸਾਹਿਬ ਦੇ ਨਾਂ ਨਾਲ ਹਿੰਦੁਸਤਾਨ ਦੇ ਨਕਸ਼ੇ ਤੇ ਚਮਕਿਆ ਸੀ, ਜਿਥੋਂ ਅੰਗਰੇਜ਼ ਦੇ ਖ਼ਿਲਾਫ ਆਜ਼ਾਦੀ ਦੀ ਜੰਗ ਦਾ ਬਿਗਲ ਵੱਜਿਆ।

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੇ 1857 ਈ. ਦੀ ਵਿਸਾਖੀ ਨੂੰ ਸੰਤ ਖਾਲਸਾ ਦੀ ਰਚਨਾ ਕਰਕੇ ਜਿਹੜੇ ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਬਖ਼ਸ਼ੀ ਉਹਨਾਂ ਵਿਚ ਭਾਈ ਲਾਭ ਵਿਚ ਰਾਗੀ ਵੀ ਸ਼ਾਮਲ ਸਨ।[1] ਸੰਤ ਖਾਲਸਾ ਦੀ ਸਿਰਜਨਾ ਕਰਕੇ ਸਤਿਗੁਰਾਂ ਨੇ ਕਲਿਜੁਗ ਵਿਚ ਸਤਿਜੁਗ ਵਰਤਾ ਦਿੱਤਾ ਅਤੇ ਫਿਰ ਧਰਮ ਪ੍ਰਚਾਰ ਨੂੰ ਪ੍ਰਚੰਡ ਕਰਨ ਲਈ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਰਾਗਾਂ ਤੇ ਅਧਾਰਿਤ ਤੰਤੀ ਸਾਜਾਂ ਨਾਲ ਕੀਰਤਨ ਕਰਨ ਲਈ ਕੀਰਤਨੀ ਜਥੇ ਨਿਯੁਕਤ ਕੀਤੇ ਜਿੰਨ੍ਹਾਂ ਦੀ ਸੂਚੀ ਇਸ ਪ੍ਰਕਾਰ ਸੀ।[2]

1. ਭਾਈ ਦਿਤੂ ਤੇ ਭਾਈ ਫਕੀਰੀਆ --- ਜਿਲ੍ਹਾ ਸਿਆਲਕੋਟ
2. ਭਾਈ ਤਾਰਾ ਤੇ ਭਾਈ ਮਾਲੀ ਅਟਾਰੀ ਵਾਲੇ --- ਮਾਝੇ ਦਾ ਇਲਾਕਾ
3. ਭਾਈ ਪ੍ਰੇਮ ਸਿੰਘ ਤੇ ਕ੍ਰਿਪਾਲ ਸਿੰਘ ਭਦੌੜ --- ਮਾਲਵੇ ਦਾ ਇਲਾਕਾ
4. ਭਾਈ ਸੂਬਾ ਸਿੰਘ --- ਦੁਆਬੇ ਦਾ ਇਲਾਕਾ
5. ਭਾਈ ਪਸ਼ੌਰਾ ਸਿੰਘ ਤੇ ਭਾਈ ਸੰਤ (ਮੱਲੀਆਂ ਦੀ ਤਲਵੰਡੀ) ਨੂੰ ਸਾਰੇ ਪੰਜਾਬ ਵਿਚ ਫਿਰਨ ਦਾ ਹੁਕਮ ਹੋਇਆ।

ਸਤਿਗੁਰੂ ਜੀ ਦੇ ਆਪਣੇ ਹਜ਼ੂਰੀ ਰਾਗੀ ਖਜਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ, ਅਤਰ ਸਿੰਘ ਨੂੰ ਲੋੜ ਅਨੁਸਾਰ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਪ੍ਰਚਾਰ ਕਰਨ ਲਈ ਭੇਜਿਆ ਜਾਂਦਾ ਸੀ। ਉਹਨਾਂ ਪ੍ਰਚਾਰਕਾਂ ਨੂੰ ਸਤਿਗੁਰਾਂ ਵੱਲੋਂ ਸਖ਼ਤ ਹਿਦਾਇਤਾਂ ਸਨ ਕਿ ਗੁਰਬਾਣੀ ਤੋਂ ਬਿਨ੍ਹਾਂ ਹੋਰ ਕੱਚੀ ਬਾਣੀ ਅਤੇ ਗੀਤ ਆਦਿਕ ਨਾ ਗਾਇਨ ਕੀਤੇ ਜਾਣ। ਜਦੋਂ ਸਤਿਗੁਰੂ ਜੀ ਹਰਦੁਆਰ ਗਏ ਤਾਂ ਰੋਪੜ ਨੇੜੇ ਸਤਿਗੁਰੂ ਜੀ ਦਾ ਵਹੀਰ ਜਾ ਰਿਹਾ ਸੀ ਤਾਂ ਭਾਈ ਦਿਤੂ ਤੇ ਭਾਈ ਕਿਰਪਾਲ ਸਿੰਘ ਰਾਗੀ ਮੌਜ ਵਿਚ ਆਕੇ 'ਦੂਰ ਰਾਂਝਣ ਦਾ ਡੇਰਾ' ਉੱਚੀ ਹੇਕ ਵਿਚ ਗਾਇਨ ਕਰਨ ਲੱਗੇ ਤਾਂ ਸਤਿਗੁਰੂ ਜੀ ਨੇ ਉਹਨਾਂ ਨੂੰ ਐਸਾ ਗਾਇਨ ਕਰਨ ਤੋਂ ਟੋਕਿਆ। ਸਤਿਗੁਰੂ ਜੀ ਨੇ ਸੰਗਤਾਂ ਵੱਲ ਚਿੱਠੀਆਂ ਲਿਖਕੇ ਉਚੇਚੇ ਹੁਕਮ ਕੀਤੇ ਸਨ ਕਿ ਉਹਨਾਂ ਰਾਗੀਆਂ ਨੂੰ ਅੱਛਾ ਪ੍ਰਸਾਦ ਪਾਣੀ ਦਿੱਤਾ ਜਾਵੇ ਅਤੇ ਹੋਰ ਖਰਚਾਂ ਲਈ ਰੋਜਾਨਾ ਇਕ ਰੁਪਿਆ ਦਿੱਤਾ ਜਾਵੇ।[3]

ਭਾਈ ਦਿਤੂ ਰਾਗੀ ਮਰਾਸੀ ਪਿੰਡ ਧੁਲੇਤਾ (ਜਿਲਾ ਜਲੰਧਰ- ਦੁਆਬਾ) ਦਾ ਵਸਨੀਕ ਸੀ। ਸਤਿਗੁਰੂ ਰਾਮ ਸਿੰਘ ਜੀ ਪ੍ਰਚਾਰ ਦੌਰਿਆਂ ਸਮੇਂ ਉਸ ਇਲਕੇ ਵਿਚ ਗਏ ਤੇ ਪੁਛਿਆ ਕਿ ਉਸ ਪਿੰਡ ਵਿਚ ਕੋਈ ਮਰਾਸੀਆਂ ਦਾ ਮੁੰਡਾ ਹੈ ਤਾਂ ਉਤਰ ਮਿਲਿਆ ਕਿ ਮਰਾਸੀ ਦਾ ਮੁੰਡਾ ਹੈ ਜੋ ਬਕਰੀਆਂ ਚਾਰਨ ਗਿਆ ਹੈ। ਸਤਿਗੁਰੂ ਜੀ ਉਸ ਕੋਲ ਪਹੁੰਚੇ ਤਾਂ ਉਸਨੂੰ ਪੁਛਿਆ ਕਿ ਤੈਨੂੰ ਕੁਛ ਆਉਂਦਾ ਹੈ। ਉਹ ਬੋਲਿਆ ਕਿ ਕੁਝ ਨਹੀਂ ਆਉਂਦਾ। ਫਿਰ ਸਤਿਗੁਰਾਂ ਨੇ ਦੋ ਤਿੰਨ ਵਾਰ ਪੁਛਿਆ ਤਾਂ ਉਸਨੇ ਕਿਹਾ ਸਿਰਫ ਇਕੋ ਹੀ ਆਉਂਦਾ-

ਜਾਂ ਕੋ ਰਾਮ ਧਨੀ। ਤਾਂ ਕੋ ਕਾਹੇ ਕੀ ਕਮੀ।[4]

ਸਤਿਗੁਰੂ ਜੀ ਉਸਦਾ ਉਤਰ ਸੁਣ ਕੇ ਪ੍ਰਸੰਨ ਹੋਏ ਕਿਉਂਕਿ ਸਤਿਗੁਰੂ ਜੀ ਦਾ ਬਚਪਨ ਵਿਚ ਅਵਤਾਰ ਧਾਰਨ ਸਮੇਂ ਨਾਮ "ਰਾਮ ਧਨ" ਰਖਿਆ ਗਿਆ ਸੀ। ਸਤਿਗੁਰੂ ਜੀ ਉਸਨੂੰ ਸ੍ਰੀ ਭੈਣੀ ਸਾਹਿਬ ਆਉਣ ਲਈ ਕਹਿ ਆਏ। ਅਰਧ ਕੁੰਭੀ ਦੇ ਮੌਕੇ ਸਮੇਂ ਸਤਿਗੁਰੂ ਜੀ ਸੰਗਤ ਸਮੇਤ ਹਰਿਦੁਆਰ ਗਏ ਤਾਂ ਉਸ ਸਮੇਂ ਸਤਿਗੁਰੂ ਜੀ ਮਸਤਾਨੀ ਬਿਰਤੀ ਵਿਚ ਸਨ, ਬਾਟੇ ਵਿਚ ਅੰਬਾਂ ਦੇ ਪੱਤਰ ਪਾ ਕੇ ਚੱਕਰ ਨਾਲ ਹਿਲਾਉਣ ਲੱਗੇ ਅਤੇ ਬਾਣੀ ਪੜੀ ਜਾਣ। ਫਿਰ ਸਤਿਗੁਰੂ ਜੀ ਨੇ ਕਿਹਾ, ਦਿਤੂ, ਇਹ ਹੁਣ ਡੋਲ੍ਹਣ ਵਾਲੀ ਚੀਜ਼ ਨਹੀਂ ਆ ਤੈਨੂੰ ਰਾਗ ਪਿਲਾਈਏ। ਦਿਤੂ ਝੁੱਕ ਕਰਕੇ ਬੈਠ ਗਿਆ ਅਤੇ ਉਹ ਅੰਮ੍ਰਿਤ ਦਾ ਘੁਟ ਪੀ ਲਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਬਚਨਾਂ ਵਿਚ ਜ਼ਿਕਰ ਆਉਂਦਾ ਹੈ ਕਿ ਦਿਤੂ ਦਾ ਸੁਰ ਬਹੁਤ ਉਚਾ ਸੀ ਅਤੇ ਔਰਤਾਂ ਜਿਨਾਂ ਸੁਰ ਲਗ ਜਾਂਦਾ ਸੀ।

ਉਸਨੇ ਸਤਿਗੁਰੂ ਹਰੀ ਸਿੰਘ ਜੀ ਕੋਲ ਅਰਜ਼ ਕੀਤੀ ਸੀ ਕਿ ਆਪ ਜੀ ਨੇ ਮੈਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਹੈ ਤਾਂ ਲਾਜ ਭੀ ਆਪ ਜੀ ਨੇ ਹੀ ਮੇਰੀ ਰੱਖਣੀ ਹੈ। ਮੇਰਾ ਸਰੀਰ ਸ੍ਰੀ ਅੰਮ੍ਰਿਤਸਰ ਛੁਟੇ ਜਾਂ ਸ੍ਰੀ ਭੈਣੀ ਸਾਹਿਬ ਛੁਟੇ। ਸਤਿਗੁਰੂ ਜੀ ਨੇ ਉਹਨਾਂ ਦਾ ਨਾਮ ਗੁਰਦਿਤ ਸਿੰਘ ਰਖਿਆ ਸੀ। ਉਹਨਾਂ ਦਾ ਵੀ ਉੱਥੇ ਹੀ ਸਰੀਰ ਸ੍ਰੀ ਅੰਮ੍ਰਿਤਸਰ ਛੁਟਿਆ ਸੀ ਅਤੇ ਸਸਕਾਰ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਰਾਗੀ ਜਥਿਆਂ ਬਾਰੇ ਉਪਦੇਸ਼ਾਂ ਵਿਚ ਪੁਸਤਕ "ਲਾਲ ਏਹਿ ਰਤਨ" ਭਾਗ ਪਹਿਲਾ ਪੰਨਾ 182-183 ਤੇ ਜ਼ਿਕਰ ਹੈ:-

"ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਜਿਸ ਵੇਲੇ ਪੰਥ ਪ੍ਰਗਟ ਕੀਤਾ, ਤਿੰਨ ਜੋੜੀਆਂ ਰਾਗੀਆਂ ਦੀਆਂ ਸਤਿਗੁਰਾਂ ਕੋਲ ਆਈਆਂ। ਇਕ ਭਾਈ ਪ੍ਰੇਮ ਸਿੰਘ ਜੀ- ਮਜ਼ਬੀ ਸਿੰਘ, ਉਹਨਾਂ ਦਾ ਲੜਕਾ ਕ੍ਰਿਪਾਲ ਸਿੰਘ ਸੀ। ਕ੍ਰਿਪਾਲ ਸਿੰਘ ਹੁਰਾਂ ਨਾਲ ਮੈਨੂੰ ਬਹੁਤ ਵਕਤ ਮਿਲਿਆ ਹੈ- ਦਰਸ਼ਨ ਕਰਨ ਦਾ। ਹੁਣ ਉਹਨਾਂ ਦਾ ਲੜਕਾ ਹੈ- ਹਜ਼ੂਰਾ

Namdhari Elibrary NamdhariElibrary@gmail.com

ਸਿੰਘ, ਹੋਰ ਵੀ ਦੋ ਤਿੰਨ ਉਹਨਾਂ ਦੇ ਪੋਤਰੇ ਹਨ ਪਰ ਕ੍ਰਿਪਾਲ ਸਿੰਘ ਜੀ ਬੜੇ ਗੁਰਮੁਖ ਸਾਧੂ ਥੇ, ਜਿਹੜੇ ਆਪਣੇ ਘਰ ਦਾ ਗਹਿਣਾ ਗੱਟਾ ਵੇਚ ਕੇ ਰੰਗੂਨ ਸਤਿਗੁਰਾਂ ਦੇ ਦਰਸ਼ਨ ਕਰਨ ਵਾਸਤੇ ਗਏ। ਇਹ ਭਾਈ- ਉਹਨਾਂ ਦਿਨਾਂ ਵਿਚ ਉਹਨਾਂ ਦਾ ਨਾਂ ਦਿਤੂ ਸੀ, ਫਿਰ ਅੰਮ੍ਰਿਤ ਛਕ ਕੇ ਗੁਰਦਿਤ ਸਿੰਘ ਬਣੇ, ਉਹ ਮਰਾਸੀ ਥੇ।

ਇਕ ਇਹਨਾਂ ਦੀ ਚੌਕੀ- ਇਕ ਭਾਈ ਤਾਰਾ ਤੇ ਮਾਲੀ ਅਟਾਰੀ ਦੇ ਹੁੰਦੇ ਸਨ। ਇਹ ਭਾਈ ਦਿਤੂ ਜੀ ਜਿਹੜੇ ਸਨ-ਇਹਨਾਂ ਦਾ ਜਨਮ ਦੁਆਬੇ ਦੇਸ ਦਾ ਸੀ, ਫਲੌਰੋਂ 3-4 ਕੋਹ ਬਾਟ ਹੈ -ਧੁਲੇਤਾ ਪਿੰਡ। ਸਤਿਗੁਰਾਂ ਨੇ ਤਿੰਨਾਂ ਨੂੰ ਉਸ ਵੇਲੇ ਹੁਕਮਨਾਮੇ ਲਿਖ ਕੇ ਭੇਜ ਦਿਤੇ ਕਿ ਭਾਈ ਜਿਧਰ ਇਹ ਸਾਧ ਸੰਗਤ ਵਿਚ ਜਾਣ ਇਕ ਰੁਪਿਆ ਰੋਜ ਚੌਕੀ ਨੂੰ ਮਿਲੇ। ਉਹਨਾਂ ਦਿਨਾਂ ਵਿਚ ਇਕ ਰੁਪਿਆ ਬੜੀ ਚੀਜ਼ ਸੀ।"

ਸਤਿਗੁਰੂ ਰਾਮ ਸਿੰਘ ਜੀ ਦੇ ਮੁਢਲੇ ਪ੍ਰਚਾਰ ਦੌਰਿਆਂ ਸਮੇਂ ਗੁਰਬਾਣੀ ਕੀਰਤਨ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਸੰਗਤ ਅਗੇ ਗਾਇਨ ਕਰਨ ਲਈ ਤੰਤੀ ਸਾਜਾਂ ਨਾਲ ਕੀਰਤਨ ਕਰਨ ਤੋਂ ਬਿਨਾਂ ਢੋਲਕ ਛੈਣਿਆਂ ਨਾਲ ਕੀਰਤਨ ਕਰਨ ਦੀ ਵੀ ਨਵੀਂ ਪਿਰਤ ਸ਼ੁਰੂ ਕੀਤੀ। ਢੋਲਕ ਛੈਣਿਆਂ ਨਾਲ ਹੱਲੇ ਦਾ ਕੀਰਤਨ, ਪੰਚਮ ਸੁਰਾਂ ਵਿਚ ਕੀਰਤਨ ਕਰਨ ਨਾਲ ਦੂਰ-ਦੂਰ ਤਕ ਆਵਾਜ਼ ਜਾਂਦੀ ਸੀ। ਸ੍ਰੀ ਸਤਿਗੁਰੂ ਜੀ ਬਚਨ ਕਰਿਆ ਕਰਦੇ ਸਨ ਕਿ ਜਿੱਥੋਂ ਤੱਕ ਹੱਲੇ ਦੇ ਕੀਰਤਨ ਦੀ ਢੋਲਕ ਦੀ ਆਵਾਜ਼ ਜਾਵੇਗਾ ਪ੍ਰੇਤ ਆਤਮਾਵਾਂ ਦੀ ਵੀ ਮੁਕਤੀ ਹੋ ਜਾਵੇਗੀ। ਸਿੰਘ ਤੇ ਬੀਬੀਆਂ ਕੀਰਤਨ ਕਰਦੇ ਸਮੇਂ ਮਸਤਾਨੇ ਹੋ ਜਾਂਦੇ, ਕੇਸ ਖੁੱਲ ਜਾਂਦੇ, ਗਲ ਵਿਚ ਪੈ ਜਾਂਦੇ ਅਤੇ ਦੀਵਾਨਾ ਵਿਚ ਮਸਤੀ ਦਾ ਆਲਮ ਛਾ ਜਾਂਦਾ ਜਿਸਦਾ ਬਾਰਾਂਮਾਹ ਸਾਹਿਤ ਵਿਚ ਇਸ ਪ੍ਰਕਾਰ ਜ਼ਿਕਰ ਆਉਂਦਾ ਹੈ:-

ਵਜੇ ਢੋਲਕ, ਛੈਣੇ ਖੜਕਣ,
ਹੱਲੇ ਦੇ ਸ਼ਬਦ, ਕਲੇਜੇ ਰੜਕਣ।
ਬੀਬੀਆਂ ਵਾਂਗ ਕਬੂਤਰ ਫੜਕਣ,
ਕਰਦੀਆਂ ਨਿਰਤ ਪੈਰ ਨਹੀਂ ਅਟਕਣ।
ਖੁੱਲੇ ਕੇਸ ਗਲੇ ਵਿਚ ਲਟਕਣ, ਸੋਭਾ ਪਾਂਵਦੇ।

ਭਾਈ ਗੁਰਦਿਤ ਸਿੰਘ (ਭਾਈ ਦਿਤੂ-ਮਰਾਸੀ) ਦਾ ਪੁਤਰ ਭਾਈ ਮੌਲੀ ਅਤੇ ਭਾਈ ਮੌਲੀ ਦਾ ਛੋਟਾ ਭਾਈ ਛਿੰਦਾ ਸੀ। ਭਾਈ ਮੌਲੀ ਸਤਿਗੁਰੂ ਹਰੀ ਸਿੰਘ ਜੀ ਪਾਸ ਕੀਰਤਨ ਕਰਦਾ ਰਿਹਾ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਉਸਦਾ ਨਾਮ "ਜੈ ਸਿੰਘ" ਰਖਿਆ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਹਜ਼ੂਰੀ ਵਿਚ ਕੀਰਤਨ ਕਰਨ ਵਾਲੇ ਰਾਗੀਆਂ ਦੇ ਨਾਮ ਇਸ ਪ੍ਰਕਾਰ ਨਾਮਧਾਰੀ ਇਤਿਹਾਸ ਤੇ ਸਾਹਿਤ ਵਿਚ ਸੰਭਾਲੇ ਹੋਏ ਹਨ :-

ਭਾਈ ਨੱਥਾ ਸਿੰਘ, ਭਾਈ ਕੱਥਾ ਸਿੰਘ, ਭਾਈ ਮੇਲਾ ਸਿੰਘ, ਭਾਈ ਖਜਾਨ ਸਿੰਘ, ਭਾਈ ਜੈਮਲ ਸਿੰਘ ਜੋੜੀ ਵਾਲਾ, ਭਾਈ ਰਤਨ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਸੁਜਾਨ ਸਿੰਘ। ਇਕ ਜੋ ਜੋੜੀ ਰਾਗੀਆਂ ਦੀ ਬਾਬੇ ਛੈਣਿਆਂ ਵਾਲੇ ਦੀ ਹੁੰਦੀ ਸੀ।

ਉਹਨਾਂ ਤੋਂ ਬਿਨਾਂ ਭਾਈ ਕਾਲੂ ਜੀ ਨਾਰੋਵਾਲ ਵਾਲੇ ਵੀ ਸਤਿਗੁਰੂ ਹਰੀ ਸਿੰਘ ਜੀ ਸਨਮੁਖ ਕੀਰਤਨ ਕਰਦੇ ਰਹੇ। ਉਹਨਾਂ ਦੇ ਸਾਥੀ ਭਾਈ ਫੱਤੂ ਜੀ ਅਤੇ ਭਾਈ ਮੱਤੂ ਜੀ ਸਨ। ਭਾਈ ਕਾਲੂ ਜੀ ਦਾ ਕੀਰਤਨ ਸੁਣ ਕੇ ਅਨੇਕ ਮਨਮਤੀਏ, ਨਾਮਧਾਰੀ ਸਜੇ ਸਨ ਅਤੇ ਨਾਮ ਦੀ ਦਾਤ ਪ੍ਰਾਪਤ ਕੀਤੀ ਸੀ। ਇਹਨਾਂ ਦੇ ਭਤੀਜੇ ਭਾਈ ਮੋਹਣਾ, ਭਾਈ ਸੁੰਦਰ ਵਾਜੇ ਵਾਲੇ ਅਤੇ ਭਾਈ ਸੰਦਲ ਜੋੜੀ ਵਾਲੇ ਆਪਣੇ ਤਾਇਆ ਜੀ ਨਾਲ ਮਿਲ ਕੇ ਕਈ ਸਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕੀਰਤਨ ਕਰਦੇ ਰਹੇ। ਸੰਤ ਲਾਲ ਸਿੰਘ ਜੀ ਭੂਰੇ ਗਿੱਲ ਉਸ ਸਮੇਂ ਦੇ, ਸਤਿਗੁਰੂ ਜੀ ਦੇ ਪਿਆਰ ਵਿਚ ਭਿੱਜੇ ਹੋਏ ਸਫਲ ਕੀਰਤਨੀਏ ਸਨ ਜਿਨ੍ਹਾਂ ਦਾ ਭਾਈ ਕਾਲੂ ਜੀ ਦੇ ਜਥੇ ਨਾਲ ਵਿਸ਼ੇਸ਼ ਪਿਆਰ ਸੀ। ਜਦੋਂ ਭਾਈ ਕਾਲੂ ਜੀ ਕੀਰਤਨ ਕਰਿਆ ਕਰਦੇ ਸਨ ਤਾਂ ਸੰਤ ਲਾਲ ਸਿੰਘ ਜੀ ਭੂਰੇ ਗਿੱਲ ਰੰਗ ਵਿਚ ਮਸਤ ਹੋ ਕੇ ਸ਼ਬਦ ਪੜ੍ਹਿਆ ਕਰਦੇ ਸਨ। ਉਹਨਾਂ ਨੇ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੂੰ ਭਜਨ ਦੀ ਦਾਤ ਬਖਸ਼ੀ ਸੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਢੋਲਕ ਛੈਣਿਆਂ ਦੇ ਦੀਵਾਨ ਬੜੇ ਆਕਰਸ਼ਕ ਲਗਦੇ ਰਹੇ ਸਨ। ਢੋਲਕ ਛੈਣਿਆਂ ਦੇ ਦੀਵਾਨ ਵਿਚ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਪ੍ਰਸੰਗ ਚਲਦਾ ਤਾਂ ਸਿਖਾਂ ਦੀਆਂ ਧਾਹਾਂ ਨਿਕਲ ਜਾਂਦੀਆਂ, ਕੇਸ ਖੁਲ ਕੇ ਗਲ ਵਿਚ ਪੈ ਜਾਂਦੇ। ਸੰਤ ਭਗਤ ਸਿੰਘ ਦਾਤੇਵਾਲੀਏ ਜਿਹਨਾਂ ਨੇ ਦੀਵਾਨਾਂ ਵਿਚ ਖੜੇ ਹੋ ਕੇ ਕੀਰਤਨ ਕਰਨ ਦੀ ਰੀਤ ਤੋਰੀ ਸੀ। ਉਹ ਸਤਿਗੁਰੂ ਹਰੀ ਸਿੰਘ ਜੀ ਦੇ ਪਿਆਰ ਵਿਚ ਭਿਜੇ ਹੋਏ ਸਿੱਖ ਸਨ, ਉਹਨਾਂ ਦੇ ਚਰਨਾਂ ਦੇ ਭੌਰੇ ਸਨ। ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜੋਤੀ-ਜੋਤ ਸਮਾ ਗਏ ਤਾਂ ਸੰਤ ਭਗਤ ਸਿੰਘ ਜੀ ਦਾਤੇਵਾਲੀਏ ਸ੍ਰੀ ਹਰੀ ਮੰਦਰ (ਜਿਥੇ ਸਤਿਗੁਰੂ ਹਰੀ ਸਿੰਘ ਜੀ ਦਾ ਸਸਕਾਰ ਹੋਇਆ ਸੀ।) ਤੋਂ ਅਕਾਲ ਬੁੰਗੇ ਤਕ ਨਿਰੰਤਰ ਅੱਠ ਦਿਨ ਤਕ ਕੀਰਤਨ ਕਰਦੇ ਰਹੇ ਸਨ। ਸੰਤ ਜੀ ਬੜੀ

Namdhari Elibrary NamdhariElibrary@gmail.com

ਕਰਨੀ ਵਾਲੇ ਮਹਾਂ ਪੁਰਸ਼ ਸਨ,ਇਕ ਵਾਰ ਸੰਤ ਜੀ ਨੇ ਦੀਵਾਨ ਲਗਾਇਆ ਹੋਇਆ ਸੀ, ਸਿੰਘ ਕੀਰਤਨ ਦੇ ਰਸ ਵਿਚ ਲੋਟ-ਪੋਟ ਹੋ ਰਹੇ ਸਨ, ਉਸ ਹੱਲੇ ਦੇ ਦੀਵਾਨ ਨੂੰ ਦੇਖ ਕੇ ਪੁਲਿਸ ਚੌਂਕੀ ਦੇ ਹਵਾਲਦਾਰ ਨੇ ਕਿਹਾ ਕਿ ਕੂਕੇ ਕੰਜਰ ਹਨ ਜੋ ਕੰਜਰੀਆਂ ਨਚਾਉਂਦੇ ਹਨ। ਇਹ ਗੱਲ ਸੰਤਾਂ ਤੱਕ ਵੀ ਪਹੁੰਚ ਗਈ, ਸੰਤਾਂ ਨੇ ਕਿਹਾ- ਦਿਨਾਂ ਦੇ ਅੰਦਰ-ਅੰਦਰ ਇਹੋ ਹਾਲ ਤੇਰਾ ਨਾ ਹੋਇਆ ਤੇ ਸਮਝ ਛੱਡੀ ਕਿ ਜੋ ਤੂੰ ਕਿਹਾ ਉਹ ਠੀਕ ਹੈ। ਜਿਨ੍ਹੇ ਦਿਨ ਸੰਤਾਂ ਨੇ ਆਖੇ ਸਨ, ਉਹਨਾਂ ਦਿਨਾਂ ਦੇ ਵਿਚ ਉਹ ਹਵਾਲਦਾਰ ਮੁੜ ਸੰਤਾਂ ਦੇ ਦੀਵਾਨ ਵਿਚ ਆ ਗਿਆ ਅਤੇ ਫਿਰ ਸੰਤਾਂ ਦੀ ਮਸਤਾਨੀ ਬਿਰਤੀ ਵਾਲੀ ਰਸੀਲੀ ਆਵਾਜ਼ ਦਾ ਐਸਾ ਝੁਨਕਾਰਾ ਵੱਜਾ ਕਿ ਉਸ ਹਵਾਲਦਾਰ ਨੇ ਆਪਣੀ ਵਰਦੀ ਪਾੜ ਸੁੱਟੀ ਅਤੇ ਮਸਤ ਹੋ ਕੇ ਉੱਚੀ ਨੋਕ ਵਾਲੀ ਜੁੱਤੀ ਅੱਡੀ ਵਾਲੇ ਪਾਸੇ ਤੋਂ ਮੂੰਹ ਵਿਚ ਫੜ ਕੇ ਬੇਹੋਸ਼ੀ ਵਿਚ ਤੁਰਿਆ ਫਿਰਦਾ ਵੇਖਿਆ ਗਿਆ ਸੀ।

ਉਹ ਸੰਤ ਭਗਤ ਸਿੰਘ ਜੀ ਸਤਿਗੁਰੂ ਹਰੀ ਸਿੰਘ ਜੀ ਦੇ ਦੇਹ ਦਾ ਓਹਲਾ ਕਰ ਜਾਣ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿਚ ਕਈ ਸਾਲ ਕੀਰਤਨ ਕਰਦੇ ਰਹੇ।

ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਢਾਡੀਆਂ ਦੀਆਂ ਕਈ ਜੋੜੀਆਂ ਸਨ। ਕਈ ਵਾਰ ਸਤਿਗੁਰੂ ਜੀ ਦੀ ਮਹਿਮਾ ਸੁਣ ਕੇ ਪ੍ਰਚਾਰ ਦੌਰੇ ਵਿਚ ਢਾਡੀ ਆ ਜਾਂਦੇ ਅਤੇ ਏਨੀਆਂ ਜਾਦੀਆਂ ਜੋੜੀਆਂ ਆ ਜਾਂਦੀਆਂ ਕਿ ਸਭਨਾਂ ਨੂੰ ਸੁਣਨਾ ਔਖਾ ਹੋ ਜਾਂਦਾ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਰਾਗੀ ਅਤੇ ਢਾਡੀ ਉਹੀ ਮੰਨਣੇ ਹਨ ਜਿਹਨਾਂ ਨੇ ਅੰਮ੍ਰਿਤ ਛਕਿਆ ਹੈ ਅਤੇ ਸਿੱਖੀ ਦੀ ਮਰਿਯਾਦਾ ਦੇ ਧਾਰਨੀ ਹਨ। ਸੰਤ ਸੰਤੋਖ ਸਿੰਘ ਬਾਹੋਵਾਲ ਆਪਣੇ ਗ੍ਰੰਥ ਵਿਚ ਇਸ ਪ੍ਰਕਾਰ ਲਿਖਦੇ ਹਨ :-

"ਗੁਰੂ ਮਹਾਰਾਜ ਜੀ ਏਹ ਹੁਕਮ ਦੀਆ ਸੋ ਰਾਗੀ ਮੰਨਣੇ ਹਨ ਜਿਹੜੇ ਅੰਮ੍ਰਿਤ ਛਕਣ ਤੇ ਸਿੰਘਾਂ ਦੀ ਰੀਤ ਰੱਖਣ। ਕਛਿਹਰੇ ਤੇ ਕੇਸ ਰੱਖਣ, ਇਸ਼ਨਾਨ ਕਰਕੇ ਆਸਾ ਦੀ ਵਾਰ ਲਾਵਣ। ਇਸ ਦੌਰੇ ਮੇ ਛੇ ਜੋੜੀਆਂ ਰਾਗੀਆਂ ਕੀਆਂ ਤੇ ਤਿੰਨ ਢਾਡੀਆਂ ਦੀਆਂ ਨਾਲ ਸੀ। ਦੋ ਤਿੰਨ ਰਾਗੀਆਂ ਕੀਆਂ ਜੋੜੀਆਂ ਸਵੇਰੇ ਕੀਰਤਨ ਕਰਦੀਆਂ ਅਰ ਤਿੰਨ ਜਾਂ ਚਾਰ ਦੁਪਹਿਰ ਕੋ ਰੋਜ਼। ਦਿਨ ਮੇ ਢਾਡੀ ਬੀ ਲੱਗਦੇ। ਹੱਲੇ ਦੇ ਦੀਵਾਨ ਬੀ ਲੱਗਣੇ। ਸਾਰੇ ਰਾਗੀ ਢਾਡੀ ਬਾਈ ਘੋੜਿਆਂ ਪਰ ਚਲਦੇ ਸੇ ਦੌਰੇ ਮੈ। ਭਾਈ ਨੱਥਾ ਸਿੰਘ, ਕੱਥਾ ਸਿੰਘ ਰਾਗੀਆਂ ਕੇ ਸਾਥ ਚਾਰੋਂ ਰਬਾਬਣਾ ਨੇ ਬੀ ਸ਼ਬਦ ਪੜ੍ਹਨੇ। ਪਹਿਲਾ ਸ਼ਬਦ ਰਾਗੀਆਂ ਪੜਨਾ ਪਾਛੈ ਰਬਾਬਣਾਂ। ਬੜਾ ਹੀ ਰਸ ਬਣਦਾ ਸੀ। ਅਬ ਰਾਗੀਆਂ ਢਾਡੀਆਂ ਦੇ ਨਾਮ ਲਿਖਦੇ ਹਾਂ :-

- ਭਾਈ ਨੱਥਾ ਸਿੰਘ, ਕੱਥਾ ਸਿੰਘ, ਹਜ਼ੂਰਾ ਸਿੰਘ ਅਰ ਮੁਲਤਾਨਾ ਸਿੰਘ। ਇਨ ਕੇ ਸਾਥ ਚਾਰੋਂ ਰਬਾਬਣਾ ਬੀ।
- ਭਾਈ ਗੁਰਦਿੱਤ ਸਿੰਘ (ਦਿੱਤੂ), ਸਾਥ ਉਸਕੇ ਪੁੱਤਰ ਜੈ ਸਿੰਘ ਅਰ ਚੰਦਾ ਸਿੰਘ।
- ਭਾਈ ਕਿਰਪਾਲ ਸਿੰਘ, ਨਿਹਾਲ ਸਿੰਘ ਤੇ ਹਰਨਾਮ ਸਿੰਘ ਤੀਨੋਂ ਭਾਈ ਅਰ ਕਦੇ-ਕਦੇ ਕਿਰਪਾਲ ਸਿੰਘ ਕਾ ਲੜਕਾ ਹਜੂਰ ਸਿੰਘ ਬੀ ਬੈਠਦਾ।
- ਰਾਗੀ ਖਜਾਨ ਸਿੰਘ ਛਾਪੇਵਾਲਾ, ਅਰ ਇਸਦੇ ਲੜਕੇ ਰਤਨ ਸਿੰਘ, ਹਰਨਾਮ ਸਿੰਘ, ਖ਼ਜਾਨ ਸਿੰਘ ਅਰ ਸੁਜਾਨ ਸਿੰਘ, ਜੋੜੀ ਬਾਲਾ ਜਗਤ ਸਿੰਘ।
- ਮੌਲੂ, ਕੀਮਾ ਅਰ ਬਾਬੇ ਛੈਣੇ ਬਾਲਿਆਂ ਕੇ ਰਾਗੀਆਂ ਕੀ ਜੋੜੀ।
- ਭਾਈ ਕਾਲੂ, ਫੱਤੂ, ਮੱਤੂ ਅਰ ਸੰਗ ਇਨਕਾ ਚਾਚਾ ਸੀ।
- ਢਾਡੀ ਸੰਤਾ ਸਿੰਘ ਅਰ ਇਸਕਾ ਲੜਕਾ ਮਾਧੋ ਸਿੰਘ ਢੱਡ ਬਜਾਉਂਦਾ ਸੀ।
- ਢਾਡੀ ਲਾਭ ਸਿੰਘ।
- ਢਾਡੀ ਭਾਈ ਰੂੜਾ ਕੁਰਾਲੇ ਵਾਲਾ।"

ਫੁੱਟ ਨੋਟ ਅਤੇ ਟਿੱਪਣੀਆਂ

1- ਪ੍ਰੋ. ਜਸਵੰਤ ਸਿੰਘ ਜੱਸ: ਬਾਬਾ ਰਾਮ ਸਿੰਘ ਨਾਮਧਾਰੀ, ਪੰਨਾ - 13
2- ਪ੍ਰੋ. ਜਸਵੰਤ ਸਿੰਘ ਜੱਸ: ਓਹੀ ਪੰਨਾ- 17
3- ਪ੍ਰੋ: ਜਸਵੰਤ ਸਿੰਘ ਜੱਸ: ਓਹੀ ਪੰਨਾ- 17
4- ਸ੍ਰੀ ਮਹਾਰਾਜ ਬੀਰ ਸਿੰਘ: ਗੁਰਬਾਣੀ ਕੀਰਤਨ ਪਰੰਪਰਾ ਅਤੇ ਮਹਾਤਮ ਸਤਿਜੁਗ ਅਖਬਾਰ ਦਾ ਬਸੰਤ ਅੰਕ, ਪੰਨਾ- 69, 21 ਮਾਘ 2043 (19 ਫਰਵਰੀ 1987 ਈਸਵੀ)
5- ਸੰਤ ਸੰਤੋਖ ਸਿੰਘ ਬਾਹੋਵਾਲ: ਸਤਿਗੁਰੂ ਬਿਲਾਸ (ਭਾਗ ਦੂਜਾ) ਸੰਪਾਦਕ ਜਸਵਿੰਦਰ ਸਿੰਘ, ਪੰਨਾ- 204

Namdhari Elibrary NamdhariElibrary@gmail.com

ਜ਼ਬਰ ਦੇ ਹਨੇਰੀ ਝੱਖੜ ਵਿੱਚ ਵੀ ਜੋਤ ਲਟ ਲਟ ਬਲਦੀ ਰਹੀ

ਡਾ: ਲਖਵੀਰ ਸਿੰਘ ਰਾਮਪੁਰਾ ਫੂਲ

ਸਚੁ ਸਾਹਿਬੁ ਸਤਿਗੁਰੂ ਕੈ ਵਲਿ ਹੈ
ਤਾਂ ਝਖਿ ਝਖਿ ਮਰੈ ਸਭ ਲੋੁਕਾਈ

ਦੇ ਮਹਾਂਵਾਕ ਅਨੁਸਾਰ ਜਿਹੜਾ ਪਰਮਾਤਮਾ ਅਕਾਲ ਪੁਰਖ ਈਸ਼ਵਰ ਹੈ ਉਹ ਸਚੇ ਗੁਰੂ ਵੱਲ ਹੀ ਹੁੰਦੈ ਅਤੇ ਜਿਹੜਾ ਵੀ ਸਤਿਗੁਰੂ ਜੀ ਦਾ ਵਿਰੋਧ ਕਰਦੈ ਉਹ ਖਤਮ ਹੋ ਜਾਂਦੈ। ਉਸ ਨੂੰ ਵਿਨਾਸ਼ਕਾਰੀ ਅਤੇ ਭੈੜੀ ਹੀ ਮੌਤ ਮਿਲਦੀ ਹੈ।

ਬਿਲਕੁਲ ਗੁਰਬਾਣੀ ਦੇ ਇਸ ਮਹਾਂਵਾਕ ਅਨੁਸਾਰ ਜਦੋਂ ਭਾਰਤ ਅਤੇ ਭਾਰਤ ਵਾਸ਼ੀਆਂ ਤੇ ਕਬਜਾਕਾਰੀ ਦੁਸ਼ਮਣ ਅੰਗ੍ਰੇਜ਼ ਨੇ 17-18 ਜਨਵਰੀ 1872 ਈ. ਨੂੰ ਦੇਸ਼ ਦੀ ਆਜ਼ਾਦੀ ਲਈ ਜੂਝਣ ਵਾਲੇ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉੱਡਾ ਦਿੱਤਾ ਗਿਆ ਅਤੇ ਆਜ਼ਾਦੀ ਸੰਗ੍ਰਾਮ ਦੇ ਮੋਢੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਸੂਬਿਆਂ ਸਮੇਤ ਜਲਾਵਤਨ ਕਰ ਦਿੱਤਾ ਗਿਆ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਵੱਸਦੇ ਸਰਗਰਮ ਨਾਮਧਾਰੀਆਂ ਨੂੰ ਥਾਂਓਂ ਥਾਈਂ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਭੈਣੀ ਸਾਹਿਬ ਦੀ ਹਰੇਕ ਚੀਜ਼ ਦੀ ਇੱਕ-ਇੱਕ ਤਲਾਸ਼ੀ ਲੈ ਕੇ ਇਥੇ ਪੁਲਿਸ ਚੌਂਕੀ ਸਥਾਪਿਤ ਕਰ ਦਿੱਤੀ ਗਈ। ਪੰਜ ਨਾਮਧਾਰੀਆਂ ਦੇ ਇਕੱਠ ਤੇ ਪਾਬੰਦੀ ਲਗਾ ਦਿੱਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਕਰਨ ਤੇ ਪਾਬੰਦੀ ਲਗਾ ਦਿੱਤੀ ਗਈ, ਦੀਵਾਨ ਲਗਾਉਣ ਤੇ ਕੀਰਤਨ ਕਰਨ ਤੇ ਪਾਬੰਦੀ ਲਗਾ ਦਿੱਤੀ। ਦੋਸ਼ੀ ਪਾਏ ਜਾਣ ਵਾਲੇ ਨੂੰ 6 ਮਹੀਨੇ ਦੀ ਸਜਾ ਦੇਣ ਦਾ ਹੁਕਮ ਚਾੜ੍ਹ ਦਿੱਤਾ ਗਿਆ। ਆਪਣੇ ਦੇਸ਼ ਪ੍ਰੇਮ ਵਿਚ ਰੰਗੇ ਨਾਮਧਾਰੀਆਂ ਦੀਆਂ ਜਮੀਨਾਂ ਜਾਇਦਾਦਾਂ ਜ਼ਬਤ ਕਰਕੇ ਬਾਗੀ ਫਿਰਕਾ ਕਰਾਰ ਦਿੱਤਾ ਗਿਆ। ਬਾਗੀ ਕੂਕਿਆਂ ਨਾਲ ਸੰਬੰਧ ਰੱਖਣ ਵਾਲਿਆਂ ਦੀ ਵੀ ਪੁੱਛ ਪੜਤਾਲ ਕੀਤੀ ਜਾਣ ਲੱਗੀ ਅਤੇ ਅੰਗ੍ਰੇਜ਼ ਨੇ ਕੂਕਾ ਅੰਦੋਲਨ ਨੂੰ ਪੂਰੀ ਤਰ੍ਹਾਂ ਕੁਚਲ ਦੇਣ ਦੀ ਠਾਣ ਲਈ, ਜ਼ਬਰ ਦੀਆਂ ਵੱਡੀਆਂ ਹਨ੍ਹੇਰੀਆਂ, ਝੱਖੜਾਂ, ਜ਼ੁਲਮ, ਤਸ਼ਦੱਦ ਅਤੇ ਸਖ਼ਤੀਆਂ ਦੇ ਦੌਰ ਵਿਚ ਵੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਧਰਮ ਦੀ ਰਾਖੀ ਲਈ, ਦੇਸ਼ ਦੀ ਅਜ਼ਾਦੀ ਲਈ ਜਗਾਈ ਜੋਤ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਜੋਤ ਲਟ ਲਟ ਬਲਦੀ ਰਹੀ। ਗੁਲਾਮੀ ਅਤੇ ਜਿਆਦਤੀਆਂ ਦੀ ਕਾਲੀ ਬੋਲੀ ਰਾਤ ਦੇ ਘੁੱਪ ਹਨੇਰੇ ਵਿਚ ਇਹ ਜੋਤ ਮਨੁੱਖਤਾ ਨੂੰ ਗੁਰ ਸਾਹਿਬਾਨ ਦੇ ਦਰਸਾਏ ਮਾਰਗ ਤੇ ਚੱਲਣ ਅਤੇ ਦੇਸ਼ ਅਜ਼ਾਦੀ ਲਈ ਦੇਸ਼ ਭਗਤਾਂ ਦੇ ਰਾਹਾਂ ਨੂੰ ਅਗਾਉਂ ਰੋਸ਼ਨੀ ਪ੍ਰਦਾਨ ਕਰਦੀ ਰਹੀ।

ਸਤਿਗੁਰੂ ਹਰੀ ਸਿੰਘ ਜੀ ਦਾ ਆਗਮਨ 22 ਸਤੰਬਰ 1819 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਪਿਤਾ ਬਾਬਾ ਜੱਸਾ ਸਿੰਘ ਜੀ ਦੇ ਘਰ ਅਤੇ ਮਾਤਾ ਸਦਾ ਕੌਰ ਜੀ ਦੀ ਕੁੱਖੋਂ ਬੁੱਧਵਾਰ ਵਾਲੇ ਦਿਨ ਹੋਇਆ। ਸਤਿਗੁਰੂ ਰਾਮ ਸਿੰਘ ਜੀ ਆਪ ਜੀ ਦੇ ਵੱਡੇ ਭਰਾਤਾ ਸਨ। ਆਪ ਜੀ ਬਚਪਨ ਤੋਂ ਹੀ ਨਿਮਰ ਸਹਿਜ ਫੁਰਤੀਲੇ ਅਤੇ ਮਿਹਨਤੀ ਹਨ। ਪਿਤਾ ਬਾਬਾ ਜੱਸਾ ਸਿੰਘ ਜੀ ਨਾਲ ਖੇਤੀ ਬਾੜੀ, ਸੇਪੀ ਦਾ ਲੁਹਾਰਾ ਤਰਖਾਣਾਂ ਕੰਮ ਕਰਾਉਂਦੇ। ਸਤਿਗੁਰੂ ਰਾਮ ਸਿੰਘ ਜੀ ਦੇ ਕੰਵਰ ਨੌਨਿਹਾਲ ਸਿੰਘ ਜੀ ਦੇ ਫੌਜ ਵਿਚ ਭਰਤੀ ਹੋਣ ਤੋਂ ਪਹਿਲਾਂ ਦੋਵੇਂ ਭਰਾ ਇਕੱਠੇ ਮਿਲ ਕੇ ਕੰਮ ਕਾਰ ਕਰਦੇ ਸੀ। ਅਨੇਕਾਂ ਘਟਨਾਵਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਆਉਣ ਬਾਰੇ ਭੱਵਿਖ ਬਾਰੇ ਜਾਣਦੇ ਸਨ ਕਿ ਆਉਣ ਬਾਰੇ ਸਮੇਂ ਦੀ ਕਾਰ ਦੋਵੇਂ ਭਰਾਵਾਂ ਨੇ ਕਿਵੇਂ ਸੰਭਾਲਣੀ ਹੈ। ਇਕ ਦਿਨ ਸੰਗਤ ਨਾਲ ਵਿਚਰਦਿਆਂ ਅਰਧ ਕੁੰਭੀ ਹਰਿਦੁਆਰ ਗੰਗਾ ਦਰਿਆ ਕਿਨਾਰੇ ਪਈ ਇਕ ਬਿਆਰ ਦੀ ਭਾਰੀ ਗੇਲੀ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਚੁੱਕ ਲਿਆ ਅਤੇ ਇਕ ਪਾਸਿਉਂ ਸੰਗਤ ਨੂੰ ਚੁੱਕ ਕੇ ਗੰਗਾ ਦਰਿਆ ਵਿੱਚ ਸੁੱਟਣ ਲਈ ਆਖਿਆ। ਸਤਿਗੁਰੂ ਰਾਮ ਸਿੰਘ ਜੀ ਨੇ ਤਾਂ ਆਪਣੇ ਵਾਲਾ ਪਾਸਾ ਚੁੱਕਿਆ ਹੋਇਆ ਸੀ ਪਰ ਸੰਗਤ ਤੋਂ ਆਪਣਾ ਪਾਸਾ ਨਾ ਚੁੱਕਿਆ ਗਿਆ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਛੋਟੇ ਭਰਾਤਾ ਨੂੰ ਆਖਿਆ, "ਬੁੱਧ ਸਿੰਘ ਆਉ ਭਾਈ ਮੈਂ ਤੇ ਤੂੰ ਹੀ ਚੁੱਕੀਏ, ਏਨਾਂ ਥੀਂ ਨਹੀਂ ਚੁੱਕਿਆ ਜਾਂਦਾ, ਜੋ ਮੈਂ ਤੇ ਤੈਂ ਕਰਨੀ ਹੈਂ, ਏਨਾਂ ਥੀ ਨਹੀਂ ਹੋਣੀ"। (ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ) ਦੋਹਾਂ ਭਰਾਵਾਂ ਨੇ ਅੱਗ ਲੱਗੀ ਹੋਈ ਗੇਲੀ ਨੂੰ ਚੁੱਕ ਕੇ ਦਰਿਆ ਵਿਚ ਸੁੱਟ ਦਿੱਤਾ।

ਸਤਿਗੁਰੂ ਜੀ ਦੇ ਛੋਟੇ ਭਰਾਤਾ ਭਾਈ ਬੁੱਧ ਸਿੰਘ ਜੀ

Namdhari Elibrary NamdhariElibrary@gmail.com

1871 ਈ: ਤੱਕ ਘਰ ਦਾ, ਖੇਤੀ, ਸੇਪੀ, ਪਸ਼ੂ ਢਾਂਡੇ ਦਾ ਹੀ ਕੰਮ ਸੰਭਾਲਦੇ, ਬਲਦਾਂ ਨੂੰ ਸ਼ਿੰਗਾਰ ਕੇ ਰੱਖਦੇ। ਇਕ ਦਿਨ ਜਦੋਂ ਭਾਈ ਬੁੱਧ ਸਿੰਘ ਜੀ ਅੱਗੇ ਬਲਦਾਂ ਨੂੰ ਲਗਾ ਕੇ ਮੋਢੇ ਤੇ ਹੱਲ ਰਖੀ ਘਰ ਆ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਭਰਾਤਾ ਨੂੰ ਬਚਨ ਕੀਤਾ ਕਿ ਹੁਣ ਤੁਸੀਂ ਭਜਨ ਬੰਦਗੀ ਕਰਿਆ ਕਰੋ ਤੇ ਪਰਸ਼ਾਦਾ ਲੰਗਰ ਵਿਚੋਂ ਛਕਿਆ ਕਰੋ। ਇਹ ਹਲ ਹੁਣ ਹੋਰ ਕੋਈ ਵਾਹੁਣਗੇ। ਫਿਰ ਸਤਿਗੁਰੂ ਜੀ ਆਪਣੇ ਭਰਾਤਾ ਦੀ ਬਾਂਹ ਫੜ ਕੇ ਲੰਗਰ ਵਿਚ ਲੈ ਆਏ। ਲਾਂਗਰੀਆਂ ਨੇ ਦੋ ਚੌਂਕੀਆਂ ਬੈਠਣ ਲਈ ਰੱਖ ਦਿੱਤੀਆਂ। ਦੋਵੇਂ ਭਰਾ ਦੋਹਾਂ ਚੌਕੀਆਂ ਤੇ ਬੈਠ ਗਏ ਅਤੇ ਪਰਸ਼ਾਦ ਛਕਣ ਲੱਗੇ। ਫਿਰ ਸਤਿਗੁਰੂ ਜੀ ਨੇ ਸਿੱਖਾਂ ਤੋਂ ਪੁੱਛਿਆ, ਸਾਡੇ ਦੋਹਾਂ ਵਿਚ ਕੋਈ ਫਰਕ ਲੱਗਦਾ ਹੈ। ਤਾਂ ਸਿੱਖਾਂ ਨੇ ਆਖਿਆ, "ਜੀ ਕੋਈ ਫਰਕ ਨਹੀਂ ਲੱਗਦਾ"। ਸਤਿਗੁਰੂ ਰਾਮ ਸਿੰਘ ਜੀ ਬਚਨ ਕਰਿਆ ਕਰਦੇ ਸਨ ਕਿ ਅਸੀਂ ਦੋਵੇਂ ਭਾਈ ਇਕ ਰੂਪ ਹੀ ਹਾਂ। ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਨੇ ਪਹਿਲਾਂ ਹੀ ਭਵਿੱਖਤ ਸਮੇਂ ਨੂੰ ਸੰਕੇਤਾਂ ਰਾਹੀਂ ਦਰਸਾ ਦਿੱਤਾ ਸੀ ਕਿ ਭਾਈ ਬੁੱਧ ਸਿੰਘ ਜੀ ਸਿੱਖ ਫੁੱਲਵਾੜੀ ਨੂੰ ਪਾਣੀ ਦੇਣ ਵਾਲੇ ਮਾਲੀ ਦੇ ਤੌਰ ਤੇ ਪਹਿਲਾਂ ਨਿਯੁਕਤ ਕਰ ਦਿੱਤਾ ਸੀ।

ਇਨਕਲਾਬੀ ਲਹਿਰ ਕੂਕਾ ਅੰਦੋਲਨ ਨੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਝੁਲਾਏ ਅਜ਼ਾਦੀ ਪ੍ਰਾਪਤੀ ਦੇ ਝੰਡੇ ਥੱਲੇ 10 ਲੱਖ ਲੋਕ ਨਾਮਧਾਰੀ ਸੱਜ ਗਏ ਸਨ ਅਤੇ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦੇਣ ਨਾਲ ਇਹ 10 ਲੱਖ ਨਾਮਧਾਰੀ ਆਪਣੇ ਰਹਿਬਰ ਦੇ ਵਿਛੋੜੇ ਵਿਚ, ਬ੍ਰਿਹਾ ਦੀ ਅਗਨੀ ਵਿਚ ਤੜਪ ਰਹੇ ਸਨ। ਸਤਿਗੁਰੂ ਜੀ ਦੇ ਭਰਾਤਾ ਭਾਈ ਬੁੱਧ ਸਿੰਘ ਜੀ ਇਕ-ਇਕ ਦਿਨ, ਇਕ ਇਕ ਪਲ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਜੀ ਦੇ ਰਾਹਾਂ ਵੱਲ ਅੱਖੀਆਂ ਵਿਛਾਈ ਉਡੀਕ ਰਹੇ ਸਨ ਕਿ ਕਦੋਂ ਦੀਨਾ ਨਾਥ ਸਤਿਗੁਰੂ ਜੀ ਆ ਕੇ ਆਪਣੀ ਕੌਮ ਨੂੰ ਆਪਣੇ ਕਲਾਵੇ ਵਿਚ ਲੈਣ। ਪਰ ਚੀਨੀ ਵਾਲੇ ਪਾਤਸ਼ਾਹ ਦਾ ਤਾਂ ਕਿਸੇ ਚਿੜੀ ਪਰਿੰਦੇ ਨੂੰ ਵੀ ਪਤਾ ਨਹੀਂ ਸੀ ਕਿ ਅੰਗਰੇਜ਼ਾ ਉਹਨਾਂ ਨੂੰ ਕਿੱਥੇ ਲੈ ਗਏ ਹਨ। ਭਾਈ ਬੁੱਧ ਸਿੰਘ ਜੀ ਦਾ ਦਿਲਾਸਾ, ਪਿਆਰ ਨਿਮਰ ਬਚਨ, ਵਿਲਕਦੇ ਦਿਲਾਂ ਨੂੰ ਠਾਰਦੇ, ਸ਼ਾਂਤੀ ਦਿੰਦੇ, ਹੌਂਸਲਾ ਦਿੰਦੇ। ਗੁੱਸੇ ਰੋਸ ਭਰੇ ਪੀਤੇ ਸਹਿਜ ਵਿਚ ਆ ਜਾਂਦੇ। ਪਰ ਅੰਗ੍ਰੇਜ਼ਾਂ ਦੀਆਂ ਸਖ਼ਤੀਆਂ ਕਾਰਨ ਪੰਜ ਸਿੰਘਾਂ ਤੋਂ ਵੱਧ ਇਕਠੇ ਵੀ ਨਹੀਂ ਸਨ ਹੋਣ ਦਿੰਦੇ। ਇਸ ਲਈ ਸਤਿਗੁਰੂ ਜੀ ਦੇ ਭਰਾਤਾ ਦੇ ਦਰਸ਼ਨ ਵੀ ਸੰਗਤ ਨੂੰ ਅਨੇਕਾਂ ਮੁਸ਼ਕਿਲਾਂ ਝੱਲਕੇ ਹੁੰਦੇ ਸਨ।

ਜਨਵਰੀ 1875 ਵਿਚ ਇਕ ਦਿਨ ਬਾਬਾ ਦਰਬਾਰਾ ਸਿੰਘ ਜੀ ਲੁਧਿਆਣੇ ਦੇ ਪੁਲਿਸ ਸੁਪਰਡੈਂਟ ਬਾਰਬਰਟਨ ਨੂੰ ਕਿਸੇ ਕੰਮ ਲਈ ਮਿਲਣ ਉਸ ਦੀ ਕੋਠੀ ਗਏ ਤਾਂ ਬਾਰਬਰਟਨ ਦੀ ਮੇਮ ਨਾਲ ਸਤਿਗੁਰੂ ਜੀ ਦੇ ਵਿਛੋੜੇ ਦੀ ਗਲ ਕਰਦਿਆਂ ਉਸ ਨੇ ਹਮਦਰਦੀ ਨਾਲ ਬਾਬਾ ਦਰਬਾਰਾ ਸਿੰਘ ਜੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਟਿਕਾਣਾ ਦੱਸ ਦਿੱਤਾ ਅਤੇ ਸਤਿਗੁਰੂ ਜੀ ਕੋਲ ਪਹੁੰਚਣ ਦਾ ਰਸਤਾ ਵੀ। ਬਾਬਾ ਦਰਬਾਰਾ ਸਿੰਘ ਖੁਸ਼ੀ ਵਿਚ ਫੁਲਿਆ ਨਹੀਂ ਸਮਾ ਰਿਹਾ ਸੀ। ਉਸ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਪਤੇ ਟਿਕਾਣੇ ਦਾ ਪਤਾ ਲੱਗਣ ਦਾ ਚਾਅ ਚੁੱਕਿਆ ਨਹੀਂ ਸੀ ਜਾਂਦਾ। ਉਸ ਨੇ ਭੈਣੀ ਸਾਹਿਬ ਆ ਕੇ ਇਹ ਵਾਰਤਾ ਸਤਿਗੁਰੂ ਜੀ ਦੇ ਭਰਾਤਾ ਭਾਈ ਬੁੱਧ ਸਿੰਘ ਜੀ ਨੂੰ ਦੱਸੀ ਅਤੇ ਉਹਨਾਂ ਦੀ ਆਗਿਆ ਅਤੇ ਅਸ਼ੀਰਵਾਦ ਲੈ ਬਾਬਾ ਦਰਬਾਰਾ ਸਿੰਘ ਜੀ ਰੇਲਾਂ, ਜਹਾਜ਼ਾਂ ਦਾ ਸਫਰ ਕਰਦੇ, ਕਠਿਨਾਈਆਂ ਨਾਲ ਦੋ ਚਾਰ ਹੁੰਦੇ ਹੋਏ, ਸਤਿਗੁਰੂ ਰਾਮ ਸਿੰਘ ਜੀ ਦੇ ਪਾਸ ਪਹੁੰਚ ਗਿਆ। ਜਦੋਂ ਪੁਲਿਸ ਪਹਿਰੇ ਹੇਠ ਸਤਿਗੁਰੂ ਜੀ ਬੱਘੀ ਤੇ ਸਵਾਰ ਹੋ ਬਾਹਰ ਆਉਂਦੇ ਤਾਂ ਉਹ ਸਤਿਗੁਰੂ ਜੀ ਦੇ ਦਰਸ਼ਨ ਵੀ ਕਰਦਾ ਅਤੇ ਬੱਘੀ ਨਾਲ ਨਾਲ ਟੁਰ ਕੇ ਕੁਝ ਵਾਰਤਾਲਾਪ ਭੀ। ਇਕ ਦਿਨ ਦਰਬਾਰਾ ਸਿੰਘ ਪਹਿਰੇ ਤੇ ਤਾਇਨਾਤ ਪੁਲਿਸ ਤੋਂ ਆਪਣੀ ਹੁਸ਼ਿਆਰੀ ਨਾਲ ਅੱਖ ਬਚਾ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਬੰਗਲੇ ਵਿਚ ਪਹੁੰਚਣ ਵਿਚ ਭੀ ਸਫਲ ਹੋ ਗਿਆ। ਉਸ ਨੇ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਦੇਸ਼ ਪੰਜਾਬ ਅਤੇ ਅੰਗਰੇਜ਼ ਦੇ ਅੱਤ ਦੇ ਜ਼ੁਲਮਾਂ ਦਾ ਬ੍ਰਿਤਾਂਤ ਸੁਣਾਇਆ। ਇਸ ਸਮੇਂ ਬਚਨ ਬਿਲਾਸ ਕਰਦਿਆਂ ਦਰਬਾਰਾ ਸਿੰਘ ਨੂੰ ਸਤਿਗੁਰੂ ਜੀ ਨੇ ਆਖਿਆ "ਅੱਜ ਤੋਂ ਬੁੱਧ ਸਿੰਘ ਦਾ ਨਾਮ ਹਰੀ ਸਿੰਘ ਹੋਇਆ। ਉਹ ਸਿੱਖੀ ਨੂੰ ਹਰੀ ਰੱਖੇਗਾ" ਤੇ ਇਕ ਹੁਕਮਨਾਮਾ ਲਿਖ ਕੇ ਭੀ ਦਰਬਾਰਾ ਸਿੰਘ ਨੂੰ ਦਿੱਤਾ ਜਿਸ ਵਿਚ ਲਿਖਿਆ ਹੋਇਆ ਸੀ- "ਜੋ ਏਸ ਮੂਰਤੀ ਕੋ ਮੇਰੇ ਸਮਾਨ ਜਾਣੇਗਾ ਸੋ ਮੈਨੂੰ ਭੀ ਜਾਣੇਗਾ, ਜੋ ਏਨਾਂ ਕੋ ਮੇਰੇ ਸਮਾਨ ਨਾ ਜਾਣੇਗਾ ਸੋ ਸਤ ਜਨਮ ਕੁਸ਼ਟੀ ਰਹੇਗਾ। ਅੱਜ ਤੋਂ ਏਨਾਂ ਦਾ ਨਾਮ ਹਰੀ ਸਿੰਘ ਹੋਇਆ। ਇਹ ਸੰਗਤ ਨੂੰ ਹਰੀ ਰੱਖੇਗਾ। ਏਸ ਨੂੰ ਸਿਰ ਕਰਤਾ ਜਾਨਣਾ। ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ, ਇਹ ਮੇਰੇ ਧੱਕੇ ਨੂੰ ਬਖਸ਼ ਲਵੇਗਾ"। (ਸਤਿਗੁਰੂ ਬਿਲਾਸ, ਭਾਗ ਦੂਜਾ ਪੰਨਾ 49)

ਇਸ ਤਰ੍ਹਾਂ ਬਾਬਾ ਬੁੱਧ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਏ। ਗੁਰਬਾਣੀ ਅਨੁਸਾਰ ਗੁਰੂ ਤੋਂ ਬਿਨਾਂ,

Namdhari Elibrary NamdhariElibrary@gmail.com

ਗੁਰੂ ਦੀ ਅਗਵਾਈ ਤੋਂ ਬਿਨਾਂ ਸਿੱਖ ਦੀ ਕੋਈ ਵੀ ਪ੍ਰਕਰਿਆ ਨੇਪਰੇ ਨਹੀਂ ਚੜ ਸਕਦੀ। ਗੁਰੂ ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ। ਗੁ+ਰੂ। ਜਿਸਦਾ ਭਾਵ ਹੈ ਹਨ੍ਹੇਰੇ ਚੋਂ ਕੱਢ ਕੇ ਰੋਸ਼ਨੀ ਪ੍ਰਦਾਨ ਕਰਨ ਵਾਲਾ, ਰਾਤ ਨੂੰ ਦਿਨ ਵਿਚ ਬਦਲ ਦੇਣ ਵਾਲਾ। ਗੁਰੂ ਦੀ ਕਿਰਪਾ ਦ੍ਰਿਸ਼ਟੀ ਭਵ ਸਾਗਰਾਂ ਤੋਂ ਪਾਰ ਕਰ ਦਿੰਦੀ ਹੈ। ਗੁਰੂ ਮਿਹਰਾਂ ਦਾ ਖਜ਼ਾਨਾ ਹੈ, ਬਖਸ਼ਿਸ਼ਾਂ ਦਾ ਭੰਡਾਰ ਹੈ, ਉਹ ਸਰਬ ਸੁਖ ਦਾਤਾ ਹੈ, ਗੁਰੂ ਧਰਤੀ ਤੇ ਉਤਰਿਆ ਅਕਾਲ ਪੁਰਖ ਹੈ, ਪਰਮਾਤਮਾ ਹੈ। ਨਿਮਰਤਾ ਅਤੇ ਸਹਿਜਤਾ ਦੇ ਭੰਡਾਰ ਸਤਿਗੁਰੂ ਹਰੀ ਸਿੰਘ ਜੀ ਆਪਣੀ ਗੁਰਤਾ ਕਾਲ ਦੌਰਾਨ ਅਨੇਕਾਂ ਜ਼ਬਰ ਦੀਆਂ ਕਾਲੀਆਂ ਬੋਲੀਆਂ ਘੁੱਪ ਹਨ੍ਹੇਰੀਆਂ ਵਿਚ ਵੀ ਸ਼ਾਂਤ ਦਰਿਆਵਾਂ ਵਾਂਗ ਵਗਦੇ ਰਹੇ। ਜਿਸ ਦੇ ਸੀਤਲ ਠੰਢੇ ਜਲ ਤੋਂ ਤਪਦੇ ਹਿਰਦਿਆਂ ਦੀ ਪਿਆਸ ਬੁੱਝਦੀ ਰਹੀ। ਜਿਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਜੀ ਵਲੋਂ ਧਰਮ ਦੀ ਰਾਖੀ ਅਤੇ ਦੇਸ਼ ਦੀ ਅਜ਼ਾਦੀ ਲਈ ਬਾਲੀ ਮਿਸ਼ਾਲ ਨੂੰ ਜਗਦੀ ਹੀ ਨਹੀਂ, ਸਗੋਂ ਇਸ ਮਿਸ਼ਾਲ ਨੂੰ ਅੰਦਰੂਨੀ ਰੂਪ ਵਿਚ ਅਜਿਹੀ ਲਟ ਲਟ ਬਲੀ ਜਿਸਦੀ ਰੋਸ਼ਨੀ ਪੰਜਾਬ, ਭਾਰਤ ਤੋਂ ਹੁੰਦੀ ਹੋਈ ਰੂਸ ਦਰਬਾਰ ਤੱਕ ਪਹੁੰਚ ਗਈ।

ਸਤਿਗੁਰੂ ਹਰੀ ਸਿੰਘ ਜੀ ਨੇ ਬਹੁਤ ਹੀ ਖਤਰਨਾਕ ਅਤੇ ਕਠਿਨਾਈਆਂ ਵਾਲੇ ਸਮੇਂ ਵਿਚ ਨਾਮਧਾਰੀ ਪੰਥ ਲਈ ਨਿਰਨਾਇਕ ਅਤੇ ਵਿਲੱਖਣ ਭੂਮਿਕਾਵਾਂ ਨਿਭਾਈਆਂ। ਸੰਗਤ ਨੂੰ ਬਲਦੀ ਅੱਗ ਵਿਚ ਆਪਣੀ ਬੁੱਕਲ ਵਿਚ ਲਕੋ ਕੇ ਰੱਖਿਆ। ਸੰਗਤ ਨੂੰ ਨਾਮ ਸਿਮਰਨ ਗੁਰਬਾਣੀ, ਕੀਰਤਨ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਨਮਿਤ ਪਾਠਾਂ ਦੇ ਪ੍ਰਵਾਹ ਨਾਲ ਜੋੜ ਕੇ ਰੱਖਿਆ। ਸ਼ਾਂਤੀ ਦੀ ਕਲਾ ਅਜੇਹੀ ਵਰਤਾਈ ਕਿ ਤਪਦੇ ਹਿਰਦੇ ਠੰਡੇ ਠਾਰ ਹੋ ਗਏ। ਸਤਿਗੁਰੂ ਹਰੀ ਸਿੰਘ ਜੀ ਰੋਜ਼ਾਨਾ ਸਵੇਰੇ 2 ਵਜੇ ਇਸ਼ਨਾਨ ਕਰਕੇ ਸਿਮਰਨ ਭਗਤੀ ਵਿਚ ਲੀਨ ਹੋ ਜਾਂਦੇ। ਗਰਮੀ ਅਤੇ ਸਰਦੀ ਦੀ ਰੁੱਤ ਮੁਤਾਬਿਕ ਸਵੇਰੇ 4-5 ਵਜੇ ਆਸਾ ਦੀ ਵਾਰ ਦਾ ਕੀਰਤਨ ਹਜ਼ੂਰੀ ਰਾਗੀਆਂ ਵੱਲੋਂ ਹੁੰਦਾ। ਸ੍ਰੀ ਸਤਿਗੁਰੂ ਜੀ ਆਸਾ ਦੀ ਵਾਰ ਦੇ ਕੀਰਤਨ ਵਿਚ ਦਰਸ਼ਨ ਦਿੰਦੇ। ਸਤਿਗੁਰੂ ਹਰੀ ਸਿੰਘ ਜੀ ਨੇ ਚੀਨੀ ਵਾਲੇ ਪਾਤਸ਼ਾਹ ਜੀ ਨੂੰ ਯਾਦ ਕਰਦਿਆਂ ਆਸਾ ਦੀ ਵਾਰ ਵਿਚ "ਤੁਮ ਘਰ ਆਵਹੁ ਮੇਰੇ ਮੀਤ" ਸ਼ਬਦ ਪੜ੍ਹਨਾ ਸ਼ੁਰੂ ਕਰਵਾਇਆ। ਸਤਿਗੁਰੂ ਜੀ ਡੇਰੇ ਦੇ ਕਾਰ ਵਿਹਾਰ ਸਦਾ ਵਰਤ ਲੰਗਰ, ਸਾਧ ਸੰਗਤ ਦੀਆਂ ਹਰ ਤਰ੍ਹਾਂ ਦੀਆਂ ਜਰੂਰਤਾਂ, ਆਈ ਗਈ ਸਾਧ ਸੰਗਤ ਦੀ ਸੇਵਾ ਪ੍ਰਸ਼ਾਦਾ ਪਾਣੀ ਅਤੇ ਨਿੱਜੀ ਤੌਰ ਤੇ ਬਚਨ ਬਿਲਾਸ ਕਰਕੇ ਹਰ ਤਰ੍ਹਾਂ ਨਾਲ ਪੂਰਾ ਖਿਆਲ ਰੱਖਦੇ। ਮਿੱਠੇ ਅਤੇ ਨਿਮਰ ਬਚਨਾਂ ਨਾਲ ਸਭ ਦੀਆਂ ਝੋਲੀਆਂ ਖੁਸ਼ੀਆਂ ਨਾਲ ਭਰਦੇ ਅਤੇ ਕਈ ਵਾਰ ਬਾਹਰੋਂ ਆਈ ਸਾਧ ਸੰਗਤ ਨੂੰ ਪੁਲਿਸ ਕਰੜਾਈ ਰੱਖਦੀ ਹੋਈ ਦਰਸ਼ਨ ਨਾ ਕਰਨ ਦੇਂਦੀ ਤਾਂ ਸਤਿਗੁਰੂ ਜੀ ਆਪਣੀ ਨਿਮਰ ਅਤੇ ਗੰਭੀਰ ਮਿਲਣੀ ਨਾਲ ਪੁਲਿਸ ਦੀ ਸਖ਼ਤਾਈ ਨੂੰ ਸੁਖਾਂਵਾਂ ਬਣਾ ਰੱਖਦੇ ਹਨ। ਕਈ ਵਾਰ ਸਤਿਗੁਰੂ ਜੀ ਪੁਲਿਸ ਦਰਵਾਜ਼ੇ ਤੇ ਬੈਠੀ ਪੁਲਿਸ ਚੌਂਕੀ ਤੋਂ ਜੰਗਲ ਪਾਣੀ ਦੇ ਬਹਾਨੇ ਗੜਵਾ ਲੈ ਕੇ ਬਾਹਰ ਵੀ ਜਾਂਦੇ ਅਤੇ ਪੁਲਸ ਤੋਂ ਲੁਕੇ ਹੋਏ ਸਰਗਰਮ ਅਜ਼ਾਦੀ ਘੁਲਾਟੀਆਂ ਨੂੰ ਦਰਸ਼ਨ ਵੀ ਦਿੰਦੇ, ਪ੍ਰਸ਼ਾਦਾ ਪਾਣੀ ਵੀ ਛਕਾਉਂਦੇ ਅਤੇ ਗੁਪਤ ਰੂਪਾਂ ਵਿਚ ਅੰਗ੍ਰੇਜ਼ਾਂ ਖਿਲਾਫ਼ ਚੱਲਦੀ ਲਹਿਰ ਦੀ ਆਪਣੀ ਸੁਘੜ ਅਤੇ ਵਿਸ਼ਾਲ ਵਿਚਾਰ ਧਾਰ ਨਾਲ ਅਗਵਾਈ ਵੀ ਕਰਦੇ। ਸ੍ਰੀ ਸਤਿਗੁਰੂ ਜੀ ਦੀ ਨਿਮਰ ਅਤੇ ਸਹਿਜ ਅਵਸਥਾ ਸੁਖਦਾਈ, ਅਨੰਦ ਮਈ, ਅਤੇ ਸਦਗੁਣਾਂ ਨਾ ਲੱਭਾ ਲੱਭ ਸੀ। ਸਤਿਗੁਰੂ ਜੀ ਹਰ ਰੋਜ਼ 18 ਤੋਂ 21 ਮਾਲਾ ਭਜਨ ਦੀਆਂ ਕਰਦੇ। ਸਤਿਗੁਰੂ ਜੀ ਦੀ ਉੱਚੀ ਗਿਆਨ ਵਾਲੀ ਅਵਸਥਾ ਵਿਚ ਆਤਮਿਕ ਸ਼ਾਂਤ ਅਡੋਲ, ਅਤੇ ਨਿਰਮਲ ਹੋ ਕੇ ਆਪਣੇ ਪ੍ਰੀਤਮ ਪਿਆਰੇ ਸਤਿਗੁਰੂ ਰਾਮ ਸਿੰਘ ਜੀ ਨਾਲ ਅਤੇ ਆਦਿ ਗੁਰੂ ਸਾਹਿਬਾਨਾਂ ਨਾਲ ਇੱਕ ਮਿੱਕ ਹੋ ਗਈ ਸੀ ਅਤੇ ਗੁਰੂ ਅਮਰਦਾਸ ਜੀ ਦਾ ਇਹ ਸ਼ਬਦ ਪੂਰਨ ਰੂਪ ਵਿਚ ਪ੍ਰਤੱਖ ਹੋ ਗਿਆ ਸੀ "ਭਾਈ ਰੇ ਗੁਰ ਬਿਨੁ ਸਹਜੁ ਨਾ ਹੋਇ॥ ਸਬਦੈ ਹੀ ਤੇ ਸਹਜੁ ਉਪਜੈ ਹਰਿ ਪਾਇਆ ਸਚੁ ਸੋਇ॥ " ਅਤੇ "ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ॥ " ਸ਼ਬਦ ਮੁਤਾਬਿਕ ਸਤਿਗੁਰੂ ਜੀ ਅੱਠਾਂ ਪਹਿਰਾਂ ਬਾਦ ਹੀ ਪ੍ਰਸ਼ਾਦਾ ਛਕਦੇ। ਸੰਗਤ ਨੂੰ ਨਾਮ ਸਿਮਰਨ ਅਤੇ ਗੁਰਬਾਣੀ ਨਾਲ ਜੁੜਨ ਦਾ ਬੜੇ ਠਰ੍ਹੰਮੇ ਨਾਲ ਪ੍ਰਚਾਰ ਪਸਾਰ ਕਰਦੇ ਅਤੇ ਗੁਰਸਿੱਖੀ ਦੇ ਪਰਚਾਰ ਪਸਾਰ ਅਤੇ ਅਜ਼ਾਦੀ ਪ੍ਰਾਪਤੀ ਦੇ ਰਾਹਾਂ ਨੂੰ ਰੌਸ਼ਣ ਰੱਖਣ ਲਈ ਸਤਿਗੁਰੂ ਹਰੀ ਸਿੰਘ ਜੀ ਨੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ 9 ਸੂਬੇ ਅਤੇ ਨਾਇਕ ਸੂਬੇ ਭੀ ਨਿਯੁਕਤ ਕੀਤੇ।

1 ਸੂਬਾ ਹਰਨਾਮ ਸਿੰਘ ਜੀ ਮੰਡੀ ਕਲਾਂ (ਰਿਆਸਤ ਪਟਿਆਲਾ)

2 ਸੂਬਾ ਸਮੁੰਦ ਸਿੰਘ ਜੀ ਪਿੰਡ ਖੋਟੇ (ਫਿਰੋਜ਼ਪੁਰ)

3 ਸੂਬਾ ਫੂਲਾ ਸਿੰਘ ਜੀ ਪਿੰਡ ਚੁਗਾਵਾਂ (ਅੰਮ੍ਰਿਤਸਰ)

4 ਸੂਬਾ ਕਾਹਨ ਸਿੰਘ ਜੀ ਪਿੰਡ ਬਾਜ਼ਾਖਾਨਾ

Namdhari Elibrary NamdhariElibrary@gmail.com

(ਫਰੀਦਕੋਟ)

5 ਸੂਬਾ ਗੁਰਦਿੱਤ ਸਿੰਘ ਜੀ ਪਿੰਡ ਨਾਈ ਵਾਲਾ (ਪਟਿਆਲਾ)

6 ਸੂਬਾ ਖਜਾਨ ਸਿਘ ਜੀ ਲੁਧਿਆਣਾ

7 ਸੂਬਾ ਨੱਥਾ ਸਿੰਘ ਜੀ ਪਿੰਡ ਗਾਦੜੀਵਾਲ (ਫਿਰੋਜ਼ਪੁਰ)

8 ਸੂਬਾ ਖੁਸ਼ਹਾਲ ਸਿੰਘ ਜੀ ਪਿੰਡ ਥਰਾਜ (ਸਿਰਸਾ)

9 ਸੂਬਾ ਫਤਿਹ ਸਿੰਘ ਜੀ ਵਲਟੋਆ (ਲਾਹੌਰ)

ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਸਰਕਾਰ ਦੀਆਂ ਦਮਨਕਾਰੀ ਨੀਤੀਆਂ ਦੇ ਬਾਵਜੂਦ ਨਾਮਧਾਰੀ ਮਜ਼ਬੂਤ ਅਧਾਰ ਨਾਲ ਇਕ ਸ਼ਾਂਤ ਮੂਵਮੈਂਟ ਦੇ ਰੂਪ ਵਿਚ ਆਪਣੀ ਚਰਮ ਸੀਮਾ ਅਜ਼ਾਦੀ ਪ੍ਰਾਪਤੀ ਵੱਲ ਸਫਲਤਾ ਪੂਰਵਕ ਵਧ ਰਹੀ ਸੀ। ਸਰਦਾਰ ਅਤਰ ਸਿੰਘ ਭਦੌੜ ਨਾਮਧਾਰੀਆਂ ਦੇ ਵਰਤਾਰੇ ਪ੍ਰਤੀ ਆਪਣੀ 1876 ਦੀ ਰਿਪੋਰਟ ਵਿਚ ਲਿਖਦਾ ਹੈ "ਜੇਕਰ ਕੂਕਿਆਂ ਦੇ ਫਿਰਕੇ ਨੂੰ ਹੁਣ ਨਾ ਦਬਾਇਆ ਗਿਆ ਇਸਦੇ ਵਿਚਾਰ ਵਧੇਰੇ ਜੋਰ ਸ਼ੋਰ ਨਾਲ ਫੈਲ ਜਾਣਗੇ ਤੇ ਇਹ ਪਹਿਲੇ ਵਿਦਰੋਹ ਨੂੰ ਵੀ ਵਧੇਰੇ ਖਤਰਨਾਕ, ਹਿੰਸਕ, ਬਗਾਵਤ ਦੇ ਪੈਦਾ ਹੋਣ ਦਾ ਕਾਰਨ ਬਣੇਗਾ"।

ਪਰ ਬਾਹਰੀ ਰੂਪ ਵਿਚ ਸਰਕਾਰ ਨੂੰ ਲਗਦਾ ਸੀ ਕਿ ਕੂਕਾ ਅੰਦੋਲਨ ਸਾਡੇ ਕੰਟਰੋਲ ਵਿੱਚ ਹੈ। ਇਹ ਸਿਮਰਨ, ਭਗਤੀ ਅਤੇ ਗੁਰਬਾਣੀ ਦਾ ਹੀ ਵਿਚਾਰ ਕਰਦੇ ਹਨ। ਇਸ ਲਈ ਸਰਕਾਰ ਨੇ ਸਤਿਗੁਰੂ ਹਰੀ ਸਿੰਘ ਜੀ ਨਾਲ ਇਕੋ ਸਮੇਂ 10 ਸਿੰਘਾਂ ਨੂੰ ਮਿਲਣ ਦੀ ਆਗਿਆ ਵੀ ਦੇ ਦਿੱਤੀ। ਨਾਮਧਾਰੀਆਂ ਦੇ ਉਸ ਸਮੇਂ ਦੇ ਹਲਾਤਾਂ ਬਾਰੇ ਪੁਲਿਸ ਸੁਪਰੀਡੈਂਟ ਬਾਰਬਰਟਨ ਆਪਣੀ ੩੧ ਅਗਸਤ 1876 ਈ ਦੀ ਰਿਪੋਰਟ ਵਿਚ ਲਿਖਦਾ ਹੈ-"ਮੇਰਾ ਇਹ ਦੱਸਣ ਦਾ ਫਰਜ਼ ਬਣਦਾ ਹੈ ਕਿ ਕੂਕੇ ਰਾਜਨੀਤਿਕ ਦੇ ਖਤਰੇ ਦੇ ਸਰੋਤ ਹਨ। ਬਹੁਤ ਸਾਰੇ ਲੋਕ ਵੱਡੇ ਗਿਣਤੀ ਵਿਚ ਨਵੇਂ ਸਿਰਿਓਂ ਕੂਕਾ ਮੱਤ ਨੂੰ ਅਪਣਾ ਰਹੇ ਹਨ। ਜਦੋਂ ਤੋਂ ਇਕ ਸਮੇਂ 10 ਕੂਕਿਆਂ ਨੂੰ ਬੁੱਧ ਸਿੰਘ (ਸਤਿਗੁਰੂ ਹਰੀ ਸਿੰਘ ਜੀ) ਨਾਲ ਮਿਲਣ ਦੀ ਆਗਿਆ ਦਿੱਤੀ ਹੈ ਕੂਕੇ ਹਰ ਪਾਸਿਓਂ ਭੈਣੀ ਸਾਹਿਬ ਆ ਰਹੇ ਹਨ"।

"ਪ੍ਰੀਫੇਸ ਕੂਕਾਜ਼ ਆਫਨੋਟਸ ਇਨ ਦਾ ਪੰਜਾਬ ਵਿਚ ਸਰਕਾਰੀ ਅਧਿਕਾਰੀਆਂ ਦੀ ਇਹ ਲਿਖਤ ਸਤਿਗੁਰੂ ਹਰੀ ਸਿੰਘ ਜੀ ਦੇ ਪ੍ਰਭਾਵ ਨੂੰ ਸਪਸ਼ਟ ਕਰਦੀ ਹੈ।"ਇਹ ਗੁਰੂ ਰਾਮ ਸਿੰਘ ਜੀ ਦਾ ਛੋਟਾ ਭਾਈ ਹੈ ਅਤੇ ਉਸ ਨੂੰ ਇਸ ਫਿਰਕੇ ਦਾ ਪ੍ਰਤੀਨਿਧ ਅਤੇ ਮੁੱਖੀ ਕਰਕੇ ਜਾਣਿਆ ਜਾਂਦਾ ਹੈ। ਉਹ ਨਵੇਂ ਕੂਕੇ ਬਣੌਂਦਾ ਹੈ ਅਤੇ ਉਹ ਗੁਰੂ ਰਾਮ ਸਿੰਘ ਵਾਲੇ ਸਾਰੇ ਕਾਰਜ ਨਿਭਾਉਂਦਾ ਹੈ। ਕੂਕਿਆਂ ਉਤੇ ਉਸਦਾ ਚੋਖਾ ਪ੍ਰਭਾਵ ਹੈ"

ਸਤਿਗੁਰੂ ਹਰੀ ਸਿੰਘ ਜੀ ਨੂੰ 21 ਸਾਲ ਤੱਕ ਭੈਣੀ ਸਾਹਿਬ ਦੀ ਜੂਹ ਵਿਚੋਂ ਬਾਹਰ ਨਹੀਂ ਜਾਣ ਦਿੱਤਾ ਗਿਆ। ਅਨੇਕਾਂ ਕੋਸ਼ਿਸ਼ਾਂ ਦੇ ਫਲਸਰੂਪ 1893 ਈ: ਵਿਚ ਸਰਕਾਰ ਨੇ ਸਤਿਗੁਰੂ ਜੀ ਨੂੰ ਭੈਣੀ ਸਾਹਿਬ ਤੋਂ ਬਾਹਰ ਜਾਣ ਦੀ ਆਗਿਆ ਦਿੱਤੀ ਤਾਂ ਸਤਿਗੁਰੂ ਜੀ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ, ਮੁਕਤਸਰ, ਲਾਹੌਰ, ਗੁੱਜਰਾਂਵਾਲਾ, ਸਿਆਲਕੋਟ, ਮੈਣ ਦੁਆਬ, ਸ਼ੇਖੂਪੁਰੇ ਦੇ ਇਲਾਕਿਆਂ ਵਿਚ ਪਿੰਡੋਂ ਪਿੰਡੀਂ ਜਾ ਕੇ ਸੰਗਤਾਂ ਦੀਆਂ ਤ੍ਰਿਸ਼ਨਾਵਾਂ ਬੁਝਾਈਆਂ, ਮਨੋਕਾਮਨਾ ਪੂਰਨ ਕੀਤੀਆਂ। ਜਿਸ ਨਾਲ ਸੰਗਤਾਂ ਵਿਚ ਭਾਰੀ ਉਤਸ਼ਾਹ ਵਧਿਆ। ਫਿਰੋਜ਼ਪੁਰ ਦੇ ਦੌਰੇ ਸਮੇਂ ਸਤਿਗੁਰੂ ਜੀ ਨੇ ਪਿੰਡ ਗੁਰੂ ਕੇ ਕੋਠੇ ਵਿਖੇ ਚਰਨ ਪਾਏ। ਇਹ ਲਿਖਤ ਇਤਿਹਾਸ ਵਿਚ ਦਰਜ ਨਹੀਂ ਹੈ ਇਸ ਲਈ ਮੈਂ ਸਤਿਗੁਰੂ ਜੀ ਦੀ ਇਸ ਬਖਸ਼ਿਸ ਬਾਰੇ ਜਰੂਰ ਲਿਖਣਾ ਚਾਹਾਂਗਾ। ਭਗਤਾ ਨਥਾਣਾ ਰੋਡ 'ਤੇ ਪਿੰਡ ਗੁਰੂ ਕਾ ਕੋਠਾ ਹੈ। ਗੁਰੂ ਕੇ ਕੋਠੇ ਅਤੇ ਭਗਤੇ ਦੇ ਵਿਚਕਾਰ ਸੜਕ ਦੇ ਉਪਰ ਇਕ ਅਸਥਾਨ ਹੈ। ਇਸੇ ਪਿੱਪਲ ਦੇ ਪੁਰਾਤਨ ਵੱਡੇ ਰੁੱਖ ਹੇਠ ਸਤਿਗੁਰੂ ਰਾਮ ਸਿੰਘ ਜੀ ਨੇ ਏਧਰੋਂ ਗੁਜਰਦਿਆਂ ਆਰਾਮ ਕੀਤਾ ਸੀ ਅਤੇ ਉੱਘੇ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਜੀ ਕੋਠਾ ਗੁਰੂ ਦੀ ਕਿਤਾਬ "ਕੋਠਾ ਗੁਰੂ ਦੀ ਗੌਰਵ ਗਾਥਾ" ਅਨੁਸਾਰ ਸਤਿਗੁਰੂ ਰਾਮ ਸਿੰਘ ਜੀ ਨੇ ਵਰਦਾਨ ਦਿੱਤਾ ਸੀ ਕਿ "ਇਸੇ ਜੰਗਲ ਵਿਚ ਮੰਗਲ ਲਗੇਗਾ"। ਸਤਿਗੁਰੂ ਰਾਮ ਸਿੰਘ ਜੀ ਦੇ ਆਰਾਮ ਕਰਨ ਕਰਕੇ ਸਤਿਗੁਰੂ ਹਰੀ ਸਿੰਘ ਜੀ ਨੇ ਵੀ ਏਸ ਅਸਥਾਨ ਦੀ ਯਾਤਰਾ ਕੀਤੀ ਅਤੇ ਇਸ ਵਾਰ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਇਸ ਸਥਾਨ ਤੇ ਅਨੰਦ ਕਾਰਜ ਭੀ ਹੋਏ। ਸਤਿਗੁਰੂ ਹਰੀ ਸਿੰਘ ਜੀ ਨੇ ਇਸ ਅਸਥਾਨ ਦਾ ਨਾਮ "ਅੰਮ੍ਰਿਤਸਰ" ਰੱਖਿਆ ਸੀ। ਇਸ ਅਸਥਾਨ ਦੇ 26 ਫਰਵਰੀ 2009 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਚਰਨ ਪਏ ਸੀ ਅਤੇ ਹਾਜ਼ਰਾ ਹਜ਼ੂਰ ਸਤਿਗੁਰੂ ਉਦੈ ਸਿੰਘ ਜੀ ਨੇ ਗੁਰਗੱਦੀ ਤੇ ਬਿਰਾਜਮਾਨ ਹੁੰਦਿਆਂ ਇਸ ਅਸਥਾਨ ਤੇ ਚਰਨ ਪਾਏ। ਸਤਿਗੁਰੂ ਉਦੈ ਸਿੰਘ ਜੀ ਨੇ ਮੈਨੂੰ ਉਚੇਚੇ ਤੌਰ ਤੇ ਹੁਕਮ ਕੀਤਾ ਸੀ ਇਥੇ ਇਸ ਅਸਥਾਨ ਵਿਚ ਸਤਿਗੁਰੂ ਹਰੀ ਸਿੰਘ ਜੀ ਦੀ ਤਸਵੀਰ ਲਗਾ ਦੇਣਾ। ਮੈ ਹਾਜ਼ਰ ਹਜ਼ੂਰ ਜੀ ਦੇ

Namdhari Elibrary NamdhariElibrary@gmail.com

ਹੁਕਮ ਮੁਤਾਬਿਕ ਉਥੇ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਤਸਵੀਰ ਲਗਾ ਦਿੱਤੀ ਹੈ।

ਸਤਿਗੁਰੂ ਹਰੀ ਸਿੰਘ ਜੀ ਨੇ ਇਹਨਾ ਦੌਰਿਆਂ ਦੌਰਾਨ 13 ਸਾਲਾਂ ਵਿਚ ਅਨੇਕਾਂ ਹੋਲੇ ਕੀਤੇ ਅਤੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ 7 ਹੋਲੇ ਵੀ ਹੋਏ। ਸਤਿਗੁਰੂ ਜੀ ਨੇ ਨਿਮਾਣੀ, ਮਾਘੀ, ਦੀਵਾਲੀ, ਇਕਾਦਸ਼ੀ ਦੇ ਸਾਲਾਨਾ ਮੇਲਿਆਂ ਦਾ ਪ੍ਰਵਾਹ ਚਲਾਇਆ। ਸ਼ਾਂਤ ਮੂਰਤ ਸਤਿਗੁਰੂ ਜੀ ਸੰਗਤਾਂ ਨਾਲ ਡਾਹਢਾ ਪਿਆਰ ਕਰਦੇ ਜਦੋਂ ਸਤਿਗੁਰੂ ਜੀ ਦੌਰਿਆਂ ਤੋਂ ਪਰਤ ਕੇ ਭੈਣੀ ਸਾਹਿਬ ਆਉਂਦੇ ਤਾਂ ਸੰਗਤਾਂ ਭੈਣੀ ਸਾਹਿਬ ਵੱਲ ਵਹੀਰਾਂ ਘੱਤ ਲੈਂਦੀਆਂ। ਸਦਾ ਵਰਤ ਲੰਗਰ ਦਿਨ ਰਾਤ ਚੱਲਦਾ। ਗੁਰਬਾਣੀ ਸਿਮਰਨ ਕੀਰਤਨ ਅਤੇ ਸੰਗੀਤ ਦੀਆਂ ਧੁਨਾਂ ਗੂੰਜਦੀਆਂ, ਵਰਨੀਆਂ ਹਵਨ ਹੁੰਦੇ। ਗੁਰੂ ਨਾਨਕ ਦੇ ਨਾਮ ਦਾ ਦਰਿਆ ਵਗਦਾ। ਇਕ ਵਾਰ 1898-99 ਵਿਚ ਅੰਨ ਦਾ ਕਾਲ ਪੈ ਗਿਆ। ਰਾਜਸਥਾਨ ਬੀਕਾਨੇਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਭੁੱਖ ਨਾਲ ਤੜਪਦੇ ਬਾਗੜੀਏ ਭੈਣੀ ਸਾਹਿਬ ਦੀ ਧਰਤੀ ਤੇ ਆ ਪੁੱਜੇ। ਸਤਿਗੁਰੂ ਜੀ ਦੇ ਸਦਾ ਵਰਤ ਲੰਗਰ ਵਿਚੋਂ ਉਹਨਾਂ ਨੂੰ ਰੋਜ਼ਾਨਾ ਰੱਜਵਾਂ ਪ੍ਰਸ਼ਾਦ ਵੀ ਮਿਲਦਾ ਅਤੇ ਪਸ਼ੂਆਂ ਨੂੰ ਚਾਰਾ ਵੀ ਜਿਸ ਨੂੰ ਵੇਖ ਕੇ ਅੰਗਰੇਜ਼ ਦੰਗ ਰਹਿ ਗਏ।ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਸਤਿਗੁਰੂ ਜੀ ਨੂੰ 25 ਮੁਰੱਬੇ ਦੇਣ ਦੀ ਪੇਸਕਸ਼ ਕੀਤੀ ਪਰ ਸਮਰੱਥ ਸਤਿਗੁਰੂ ਜੀ ਦਾ ਉੱਤਰ ਸੁਣ ਕੇ ਅੰਗ੍ਰੇਜ਼ ਪਾਣੀ ਪਾਣੀ ਹੋ ਗਿਆ। ਸਤਿਗੁਰੂ ਜੀ ਨੇ ਆਖਿਆ "ਜੇ ਜ਼ਮੀਨ ਦੇਣੀ ਹੈ ਤਾਂ ਇੰਗਲੈਂਡ ਵਿਚੋਂ ਦੇਹ ਭਾਰਤ ਤਾਂ ਸਾਡਾ ਹੀ ਦੇਸ਼ ਹੈ"।

ਸਤਿਗੁਰੂ ਜੀ ਦੇ ਪਰਿਵਾਰਕ ਵੱਲ ਨਜ਼ਰ ਮਾਰੀਏ ਤਾਂ ਸਤਿਗੁਰੂ ਹਰੀ ਸਿੰਘ ਜੀ ਦਾ ਵਿਆਹ ਮਾਤਾ ਸਾਹਿਬ ਕੌਰ ਜੀ ਨਾਲ ਪਿੰਡ ਮਾਦਪੁਰ ਵਿਖੇ ਹੋਇਆ। 1882 ਈ: ਵਿਚ ਮਾਤਾ ਜੀ ਪ੍ਰਲੋਕ ਸੁਧਾਰ ਗਏ। 1887 ਈ: ਵਿਚ ਸੂਬਾ ਖੁਸ਼ਹਾਲ ਸਿੰਘ ਜੀ ਦੀਆਂ ਦੋਵੇ ਪੁਤਰੀਆਂ ਮਾਤਾ ਜੀਵਨ ਕੌਰ ਅਤੇ ਮਾਤਾ ਫਤਿਹ ਕੌਰ ਜੀ ਦਾ ਵਿਆਹ ਸਤਿਗੁਰੂ ਹਰੀ ਸਿੰਘ ਜੀ ਨਾਲ ਹੋਇਆ। ਮਾਤਾ ਜੀਵਨ ਕੌਰ ਜੀ ਦੇ ਘਰ ਵਿਚ 9 ਮਾਰਚ 1890 ਈ: ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਪ੍ਰਗਟੇ। 1892 ਈ: ਨੂੰ ਮਹਾਰਾਜ ਨਿਹਾਲ ਸਿੰਘ ਜੀ ਅਤੇ 1897 ਨੂੰ ਮਹਾਰਾਜ ਗੁਰਦਿਆਲ ਸਿੰਘ ਜੀ ਅਤੇ ਮਾਤਾ ਫਤਿਹ ਕੌਰ ਜੀ ਦੇ ਗ੍ਰਿਹ ਵਿਖੇ ਮਹਾਰਜ ਜੰਗ ਸਿੰਘ ਜੀ ਜਨਮੇ। ਦੇਸ਼ ਦੀ ਅਜ਼ਾਦੀ ਵਿਚ ਸਤਿਗੁਰੂ ਹਰੀ ਸਿੰਘ ਜੀ ਦੇ ਤਿੰਨੇ ਪੁਤਰਾਂ ਨੇ ਅਹਿਮ ਭੂਮਿਕਾਵਾਂ ਨਿਭਾਈਆਂ। ਬਾਹਰੀ ਦਿੱਖ ਪੱਖੋਂ ਨਜ਼ਰ ਮਾਰੀਏ ਤਾਂ ਅੰਗਰੇਜ਼ ਦੀਆਂ ਅਨੇਕਾਂ ਸਖ਼ਤਾਈਆਂ ਦੇ ਬਾਵਜੂਦ ਨਾਮਧਾਰੀ ਸਹਿਜਤਾ, ਨਿਮਰਤਾ, ਸਾਦਗੀ ਅਤੇ ਪ੍ਰਭੂ ਭਗਤੀ ਵਿਚ ਲੀਨ ਆਪਣੀਆਂ ਮੰਜਿਲਾਂ ਸਫਲਤਾਵਾਂ ਨਾਲ ਸਰ ਕਰਦੇ ਨਜ਼ਰ ਆਉਂਦੇ ਹਨ। ਪਰ ਜੇਕਰ ਨਾਮਧਾਰੀਆਂ ਦੀਆਂ ਦੇਸ਼ ਦੀ ਅਜ਼ਾਦੀ ਲਈ ਰਾਜਨੀਤਿਕ ਅੰਦਰੂਨੀ ਗਤੀ ਵਿਧਿਆਂ ਵੱਲ ਨਜ਼ਰ ਮਾਰੀਏ ਤਾਂ ਇਤਿਹਾਸਿਕ ਤੱਥ ਰੌਂਗਟੇ ਖੜੇ ਕਰਨ ਵਾਲੇ ਹਨ।

ਬਾਬਾ ਦਰਬਾਰਾ ਸਿੰਘ ਜੀ ਦੇ ਰੰਗੂਨ ਵਿਖੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਤੋਂ ਬਾਅਦ ਨਾਮਧਾਰੀਆਂ ਨੇ ਰੰਗੂਨ ਵੱਲ ਨੂੰ (ਬਰਮਾ) ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਵਹੀਰਾਂ ਘੱਤ ਲਈਆਂ। ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਸਤਿਗੁਰੂ ਜੀ ਤੋਂ ਆਗਿਆ ਅਤੇ ਅਸ਼ੀਰਵਾਦ ਲੈ ਕੇ 96 ਨਮਧਾਰੀਆਂ ਨੇ ਅਨੇਕਾਂ ਕਸ਼ਟ ਤਕਲੀਫ਼ਾਂ ਅਤੇ ਸਰਕਾਰ ਦਾ ਤਸ਼ੱਦਦ ਝੱਲਦੇ ਹੋਏ ਆਪਣੇ ਦੇਸ਼ ਅਤੇ ਦਿੱਖ ਬਦਲ ਕੇ ਪਰਦੇਸ਼ਾਂ ਵਿਚ ਜਾ ਆਪਣੇ ਪ੍ਰੀਤਮ ਪਿਆਰੇ ਦੇ ਦਰਸ਼ਨ ਕੀਤੇ। ਬਰਮਾਂ ਤੋਂ ਪੰਜਾਬ ਵਿਚ ਸਿੰਘਾਂ ਦੇ ਆਉਣ ਜਾਣ ਨਾਲ ਜਿੱਥੇ ਸਤਿਗੁਰੂ ਹਰੀ ਸਿੰਘ ਜੀ ਦੇ ਸੰਦੇਸ਼ ਪੱਤਰ ਪੰਜਾਬ ਭਾਰਤ ਭੈਣੀ ਸਾਹਿਬ ਦੇ ਵਰਤਮਾਨ ਹਾਲਾਤਾਂ ਦਾ ਵੇਰਵਾ ਸਤਿਗੁਰੂ ਰਾਮ ਸਿੰਘ ਜੀ ਕੋਲ ਪਹੁੰਚਦਾ। ਉਥੇ ਸਤਿਗੁਰੂ ਰਾਮ ਸਿੰਘ ਜੀ ਦੇ ਹੱਥ ਲਿਖਤ ਹੁਕਮਨਾਮੇ ਸਤਿਗੁਰੂ ਹਰੀ ਸਿੰਘ ਜੀ ਅਤੇ ਸਾਧ ਸੰਗਤ ਕੋਲ ਪਹੁੰਚਦੇ। ਇਹਨਾਂ ਹੁਕਮਨਮਿਆ ਰਾਹੀਂ ਸੁਤੰਤਰਤਾ ਸੰਗ੍ਰਾਮ ਦੀ ਲਹਿਰ ਨੂੰ ਯੋਗ ਅਗਵਾਈ ਮਿਲਦੀ ਅਤੇ ਸੰਗਤ ਆਪਣੇ ਪ੍ਰੀਤਮ ਪਿਆਰ ਦੀਆਂ ਹੱਥ ਲਿਖਤਾਂ ਪੜ੍ਹ ਕੇ ਠਾਠਾਂ ਮਾਰਦੇ ਜੋਸ਼ ਅਤੇ ਅਨੰਦ ਨਾਲ ਸਰਸਾਰ ਹੋ ਜਾਂਦੀ। ਇਹਨਾਂ ਹੁਕਮਨਾਮਿਆਂ ਰਾਹੀਂ ਸਿੱਖ ਰਾਜ ਮੂਵਮੈਂਟ ਸਥਾਪਿਤ ਕਰਨ ਦੇ ਪ੍ਰੋਗਰਾਮ ਉਲੀਕੇ ਜਾਂਦੇ। ਇਹਨਾਂ ਹੁਕਮਨਾਮਿਆਂ ਰਾਹੀਂ ਸਿੱਖ ਰਹਿਤ ਮਰਯਾਦਾ ਅਤੇ ਗੁਰਮੁਖੀ ਜੀਵਨ ਜਾਚ ਦੀ ਪਰਪੱਕਤਾ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਸਾਧ-ਸੰਗਤ ਤੱਕ ਪਹੁੰਚਦੇ। ਇਹਨਾਂ ਹੁਕਮਨਾਮਿਆਂ ਰਾਹੀਂ ਹੀ ਕੂਕਾ ਅੰਦੋਲਨ ਦੀ ਅਜ਼ਾਦੀ ਦਾ ਘੋਲ ਪੰਜਾਬ ਅਤੇ ਭਾਰਤ ਤੋਂ ਵੱਧ ਕੇ ਅੰਤਰਰਾਸ਼ਟਰੀ ਪੱਧਰ ਤੱਕ ਫੈਲ ਗਿਆ। ਸੂਬਾ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਅਗਵਾਈ ਵਿਚ ਅਜ਼ਾਦੀ ਦੀ ਜੰਗ ਨੂੰ ਮਹਾਰਾਜਾ ਦਲੀਪ ਸਿੰਘ ਤੱਕ ਲੰਡਨ ਵਿਚ ਅਤੇ ਰੂਸ ਦਰਬਾਰ ਤੱਕ ਫੈਲਾ ਦਿੱਤਾ। ਉਸ ਵਕਤ ਇਹ ਸਾਖੀ ਪ੍ਰਚਲਤ ਹੋ ਗਈ ਸੀ ਕਿ ਰੂਸ ਕਾਬਲ ਰਾਹੀਂ

Namdhari Elibrary NamdhariElibrary@gmail.com

ਭਾਰਤ ਤੇ ਹਮਲਾ ਕਰੇਗਾ। ਰੂਸ ਅੰਗਰੇਜ਼ਾਂ ਦਾ ਦੁਸ਼ਮਣ ਹੈ। ਉਹ ਭਾਰਤੀਆਂ ਨਾਲ ਸੰਧੀ ਕਰਕੇ ਭਾਰਤੀਆਂ ਦੀ ਮਦਦ ਕਰੇਗਾ। 9 ਮਈ 1879 ਈ: ਨੂੰ ਅੰਗਰੇਜ਼ ਸਰਕਾਰ ਦੀਆਂ ਸਖਤੀਆਂ ਤੋਂ ਬਚ ਕੇ ਸਤਿਗੁਰੂ ਰਾਮ ਸਿੰਘ ਜੀ ਦਾ ਹੱਥ ਲਿਖਤ ਪੱਤਰ ਸਤਿਗੁਰੂ ਹਰੀ ਸਿੰਘ ਜੀ ਤੋਂ ਆਗਿਆ ਲੈ ਕੇ ਸੂਬਾ ਗੁਰਚਰਨ ਸਿੰਘ ਰੂਸੀ ਤੁਰਕਿਸਤਾਨ ਦੇ ਸਰਹੱਦੀ ਸ਼ਹਿਰ ਕੁਟਾਕਰਗਾਨ ਪਹੁੰਚ ਗਿਆ। ਇਹ ਕੋਈ ਸਰਕਾਰੀ ਦੂਤ ਨਹੀਂ ਸਗੋਂ ਨਾਮਧਾਰੀਆਂ ਦਾ ਨੁਮਾਇੰਦਾ ਸੀ ਜਿਸ ਦੇ ਸ਼ਹਿਰ ਵਿਚ ਪਹੁੰਚਣ ਨਾਲ ਉੱਥੇ ਹਲਚਲ ਮੱਚ ਗਈ। ਭਾਰਤ ਤੋਂ ਪੈਦਲ ਹੀ ਗੁਰਚਰਨ ਸਿੰਘ ਜਰਾਵਾਸਗਕਸ ਦੇ ਹੁਕਮਰਾਨ ਈਵਾਨੌਣ ਤੱਕ ਪਹੁੰਚ ਗਿਆ। ਰੂਸੀ ਦਰਬਾਰ ਵਿਚ ਪਹੁੰਚੇ ਇਸ ਪੱਤਰ ਦੇ ਕੁਝ ਅੰਸ਼ ਇਸ ਪਰਕਾਰ ਹਨ। "ਸੰਤ ਖਾਲਸੇ ਵੱਲੋਂ ਸਤਿ ਸ੍ਰੀ ਅਕਾਲ ਪਹੁੰਚੇ। ਮੈਂ ਆਪਣੇ ਸੂਬੇ ਨੂੰ ਆਪ ਵੱਲ ਭੇਜ ਰਿਹਾਂ ਹਾਂ ਉਸ ਦੀ ਪਹਿਚਾਣ ਤਸੱਲੀ ਕਰ ਲੈਣੀ। ਗੁਰਚਰਨ ਸਿੰਘ ਸੂਬੇ ਦਾ ਨਾਮ ਹੈ। ਗੁਰੂ ਗੋਬਿੰਦ ਸਿੰਘ ਜੀ ਬਹੁਤ ਚਿਰ ਪਹਿਲਾਂ ਆਖ ਗਏ ਹਨ। ਔਰੰਗਜ਼ੇਬ ਦੇ ਅੱਤਿਆਚਾਰ ਤੋਂ ਖਾਲਸੇ ਦੇ ਮੁਕਤ ਹੋ ਜਾਣ ਤੇ ਅੰਗਰੇਜ਼ ਉਸ ਨੂੰ ਹਰਾ ਕੇ ਰਾਜ ਕਰਨਾ ਸ਼ੁਰੂ ਕਰ ਦੇਵੇਗਾ। ਇਸ ਤੋਂ ਬਾਅਦ ਰੂਸ ਆਵੇਗਾ ਉਹ ਜਿੱਤੇਗਾ ਤਾਂ ਅੰਗਰੇਜ਼ਾਂ ਨੂੰ ਭਾਜੜਾਂ ਪੈਣਗੀਆਂ। ਸਾਡੇ ਹਿੱਤ ਵਿਚ 3 ਲੱਖ 50 ਹਜ਼ਾਰ ਫੌਜ ਹੈ ਲੋੜ ਪੈਣ 'ਤੇ ਹੋਰ ਵੀ ਇਕੱਠੀ ਕਰਨੀ ਮੁਸ਼ਕਲ ਨਹੀਂ ਹੋਵੇਗੀ। ਜਿਸ ਥਾਂ 'ਤੇ ਜਿੰਨੇ ਨਾਮਧਾਰੀ ਹਨ ਉਹ ਸਾਰੇ ਇਸ ਮੁਕਤੀ ਸੰਗ੍ਰਾਮ ਵਿਚ ਨਿਤਰਨਗੇ। ਬਾਬਾ ਬੁੱਧ ਸਿੰਘ ਸਭ ਕੁਝ ਜਾਣਦੇ ਹਨ ਉਹ ਪਿੱਛੇ ਹਨ। 34 ਸੂਬੇ ਉਹਨਾਂ ਦੇ ਹੁਕਮ ਵਿਚ ਹਨ"।

ਇਸ ਤਰ੍ਹਾਂ ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੋਵਾਂ ਨੇ ਮਿਲ ਕੇ ਅਜ਼ਾਦੀ ਸੰਘਰਸ਼ ਦੇ ਇਸ ਯੁੱਧ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਫੈਲਾਅ ਦਿੱਤਾ ਸੀ। ਬੰਗਲਾ ਦੇਸ਼ ਉੱਘੇ ਇਤਿਹਾਸਕਾਰ ਪੀ.ਸੀ. ਰਾਏ ਲਿਖਦੇ ਹਨ, "ਅਜ਼ਾਦੀ ਦੀ ਲੜਾਈ ਦੇ ਇਤਿਹਾਸ ਵਿਚ ਗੁਰੂ ਰਾਮ ਸਿੰਘ ਮੌਲਮੀਨ ਜੇਲ੍ਹ ਦੇ ਕਾਂਸਟੇਬਲ ਹਰਨਾਮ ਸਿੰਘ, ਭੈਣੀ ਸਾਹਿਬ ਦੇ ਗੁਰੂ ਬੁੱਧ ਸਿੰਘ, ਸਰਹਾਲੀ ਦੇ ਮੀਂਹਾ ਸਿੰਘ, ਸੰਤ ਸਿੰਘ, ਬਿਹਾਰੀ ਸਿੰਘ, ਚੱਕ ਪਰਾਨਾ ਦੇ ਗੁਰਚਰਨ ਸਿੰਘ, ਰੂਸੀ ਹਾਕਮ ਕਾਰਡਨ ਮਿਆਨ ਕਰੋਲੋਕੋਣ ਤੇ ਈਵਾਨੌਣ ਸਭਨਾਂ ਨੇ ਮਿਲ ਕੇ ਇਕ ਹੈਰਾਨ ਕਰਨ ਵਾਲੇ ਅਧਿਆਏ ਦੀ ਸਿਰਜਨਾ ਕੀਤੀ ਹੈ"।

ਇਸ ਤਰ੍ਹਾਂ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਨਿਮਰ ਅਤੇ ਸ਼ਾਂਤ ਸੁਭਾਅ ਨਾਲ ਆਪਣੇ ਵਤਨ ਲਈ, ਦੇਸ਼ ਦੀ ਅਜ਼ਾਦੀ ਲਈ, ਸਿੱਖ ਕੌਮ ਲਈ, ਭਾਰਤ ਦੇ ਉੱਜਲੇ ਭਵਿੱਖ ਲਈ ਅਜਿਹੇ ਅਧਿਆਏ ਦੀ ਸਿਰਜਨਾ ਕੀਤੀ ਹੈ ਜਿਸ ਤੇ ਦੇਸ਼ ਨੂੰ ਸਦਾ ਮਾਣ ਰਹੇਗਾ। ਇਹ ਅਧਿਆਏ ਭਾਰਤ ਦੇ ਸੁਨਹਿਰੀ ਪੰਨਿਆਂ ਦੀ ਸ਼ਾਨ ਹੋਰ ਵਧਾਏਗਾ। ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਵੱਲੋਂ ਰੱਖੀ ਇਸ ਅਜ਼ਾਦੀ ਦੀ ਨੀਂਹ ਉਪਰ ਹੀ ਆਜ਼ਾਦੀ ਦਾ ਮਾਹੌਲ ਉਸਰਿਆ ਹੈ। ਦੇਸ਼, ਕੌਮ, ਧਰਮ, ਅਣਖ, ਗੁਰਬਾਣੀ ਅਤੇ ਸਿਮਰਨ ਵਿਚ ਇੱਕ ਮਿੱਕ ਗੁਰੂ ਨਾਨਕ ਦੀ ਇਹ ਜੋਤ ਅੱਜ ਵੀ ਲਟ ਲਟ ਬਲ ਰਹੀ ਹੈ ਅਤੇ ਹਨ੍ਹੇਰੇ ਰਾਹਾਂ ਨੂੰ ਰੌਸ਼ਨ ਕਰ ਰਹੀ ਹੈ।

ਮੈਂ ਗੁਰੂ ਹਰੀ ਸਿੰਘ ਦਾ ਰਿਣੀ ਹਾਂ

ਬਾਬਾ ਸੋਹਣ ਸਿੰਘ ਭਕਨਾ

ਮਹਾਰਾਜ ਜੀ ਦੇ ਅੰਤਿਮ ਤਿੰਨਾਂ ਸਾਲਾਂ ਵਿੱਚ ਨੇਤਰ ਬੰਦ ਰਹੇ। ਆਪ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦਾ ਵੈਰਾਗ ਬਹੁਤ ਅਨੁਭਵ ਕੀਤਾ। ਮੈਂ ਸ੍ਰੀ ਠਾਕੁਰ (ਬਾਬਾ ਕੇਸਰ ਸਿੰਘ) ਜੀ ਦੇ ਕਹਿਣ 'ਤੇ ਨੇਤਰਾਂ ਦਾ ਪਤਾ ਕਰਨ ਲਈ ਸ੍ਰੀ ਭੈਣੀ ਸਾਹਿਬ ਗਿਆ। ਮਹਾਰਾਜ ਜੀ ਆਪਣੇ ਚੁਬਾਰੇ ਉਤੇ ਦਰਸ਼ਨ ਦੇ ਰਹੇ ਸਨ। ਮੈਨੂੰ ਇਕੱਲਿਆਂ ਪਾ ਕੇ ਠਾਕੁਰ ਜੀ ਅਤੇ ਹੋਰ ਸਾਰੇ ਇਲਾਕੇ ਦੀ ਸੁਖ ਸਾਂਦ ਪੁੱਛ ਕੇ, ਉਨ੍ਹਾਂ ਆਪਣੇ ਮਨ ਦੀ ਗੱਲ ਦੱਸੀ। ਆਪ ਜੀ ਦਾ ਮੇਰੇ ਨਾਲ ਕਾਫੀ ਸਨੇਹ ਸੀ। ਇਕ ਵਾਰ ਇਸ ਤੋਂ ਪਹਿਲਾ ਮੈਂ ਅਤੇ ਭਾਈ ਹਰਨਾਮ ਸਿੰਘ ਜੀ (ਰਾਗੀ) ਚਵਿੰਡੇ ਵਾਲੇ, ਮਹਾਰਾਜ ਜੀ ਦੇ ਦਰਸ਼ਨਾਂ ਨੂੰ ਗਏ ਤਾਂ ਨਾਲ ਕੇਸਰ ਜੀ ਵੀ ਸਨ। ਸ੍ਰੀ ਸਤਿਗੁਰੂ ਜੀ (ਉਹਨਾਂ ਦਾ) ਬਹੁਤ ਸਤਿਕਾਰ ਕਰਦੇ। ਉਹਨਾਂ ਨੂੰ ਆਪ ਬ੍ਰਹਮ ਗਿਆਨੀ ਸਮਝਿਆ ਕਰਦੇ ਸਨ।

.... ਅੱਜ ਭਾਵੇਂ ਹਾਲਾਤ ਹੋਰ ਹਨ, ਪਰ ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿਚੋਂ ਹੀ ਹਾਸਿਲ ਕੀਤੀ ਹੈ। ਉੱਚਾ ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾਂ-ਜੀਵਨ ਵਿਚ ਵਿਸ਼ਵਾਸ। ਇਹਨਾਂ ਤਿੰਨਾਂ ਗੱਲਾਂ ਨੂੰ ਘੁੱਟ ਕੇ ਫੜੀ ਰੱਖਣ ਨਾਲ ਮੈਨੂੰ ਹਰ ਤਰ੍ਹਾਂ, ਮਾਨਸਿਕ ਤਸੱਲੀ ਹੈ। ਸਾਰਾ ਵਿਸ਼ਵ ਆਪਣਾ ਹੀ ਹੈ।

.... ਮੈਂ ਭਾਵੇਂ ਹੁਣ ਮਾਲਾ ਤੇ ਨਹੀਂ ਫੇਰਦਾ ਪਹਿਲਾਂ ਵਾਂਗ। ਮਹਾਂ ਜੀਵਨ ਦੀ ਦ੍ਰਿਸ਼ਟੀ ਮੈਂ ਨਾਮਧਾਰੀ ਸੰਗਤ ਤੋਂ ਹੀ ਪ੍ਰਾਪਤ ਕੀਤੀ ਹੈ। ਮੈਂ ਸਤਿਗੁਰੂ ਹਰੀ ਸਿੰਘ ਜੀ ਦਾ ਏਨਾਂ ਰਿਣੀ ਹਾਂ ਕਿ ਉਹ ਰਿਣ ਮੈਥੋਂ ਅਦਾ ਹੋ ਹੀ ਨਹੀਂ ਸਕਦਾ।

Namdhari Elibrary NamdhariElibrary@gmail.com

"ਗੁਰੂ ਕੇ ਲੰਗਰ 'ਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਯੋਗਦਾਨ"

ਸੰਤੋਖ ਸਿੰਘ ਨਾਮਧਾਰੀ

ਸਿੱਖ ਪੰਥ ਦੇ ਬਾਨੀ ਸਤਿਗੁਰੂ ਨਾਨਕ ਦੇਵ ਜੀ ਵੱਲੋਂ ਭੁੱਖੇ ਸਾਧੂਆਂ ਨੂੰ ਲੰਗਰ ਛਕਾਉਣਾ ਹੀ ਗੁਰੂ ਕੇ ਲੰਗਰ ਦੀ ਆਰੰਭਤਾ ਕਹਿ ਸਕਦੇ ਹਾਂ। ਉਦਾਸੀਆਂ ਤੋਂ ਬਾਅਦ ਕਰਤਾਰਪੁਰ ਆ ਕੇ ਧਰਮਸਾਲਾ ਬਣਾਈ ਜਿਥੇ ਨਾਮ, ਬਾਣੀ, ਕਥਾ, ਕੀਰਤਨ ਦੇ ਪ੍ਰਵਾਹ ਨਾਲ ਹਰ ਲੋੜਵੰਦ ਨੂੰ ਭੋਜਨ ਮਿਲਦਾ, ਗੁਰੂ ਸਾਹਿਬ ਨੇ ਸਿੱਖਾਂ ਵਾਸਤੇ ਜੋ ਤਿੰਨ ਮੁੱਢਲੇ ਸਿਧਾਂਤ ਕਾਇਮ ਕੀਤੇ ਉਹ ਹਨ: ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਵੰਡ ਕੇ ਛਕਣਾ, ਲੰਗਰ ਦਾ ਸੰਕੇਤ ਹੀ ਹੈ। ਪਰ ਸੰਗਤ-ਪੰਗਤ ਦਾ ਸੰਕਲਪ ਸਾਹਿਬ ਗੁਰੂ ਅਮਰਦਾਸ ਜੀ ਵਲੋਂ ਅਰੰਭ ਹੋਇਆ ਮੰਨਿਆ ਜਾਂਦਾ ਹੈ। 18 ਵੀਂ ਸਦੀ ਵਿਚ ਜਦੋਂ ਸਿੱਖ ਜੰਗਲਾਂ ਵਿਚ ਰਹਿੰਦੇ ਸਨ, ਜੋ ਵੀ ਮਿਲਦਾ, ਲੰਗਰ ਤਿਆਰ ਕਰਕੇ। ਆਵਾਜ਼ ਦੇ ਕੇ ਲੋੜਵੰਦ ਨੂੰ ਲੰਗਰ ਛਕਾ ਕੇ ਆਪ ਛਕਦੇ। ਆਦਿ ਗੁਰੂ ਸਾਹਿਬ ਦੇ ਸਮੇਂ ਤੋਂ ਅੱਜ ਤੱਕ ਹਜ਼ਾਰਾਂ ਗੁਰਦੁਆਰਿਆਂ ਵਿਚ ਲੋੜਵੰਦਾਂ ਨੂੰ ਬਿਨਾਂ ਕਿਸੇ ਵਿਤਕਰੇ ਲੰਗਰ ਮਿਲਦਾ ਹੈ।

ਸ਼ਾਕਾਹਾਰੀ, ਸਾਤਵਿਕ ਅਤੇ ਸੁੱਚ ਮਰਿਯਾਦਾ ਨਾਲ ਨਾਮ ਜਪਦਿਆਂ ਲੰਗਰ ਤਿਆਰ ਕਰ ਅਤੇ ਅਰਦਾਸ ਕਰ-ਸ੍ਰੀ ਸਤਿਗੁਰੂ ਜੀ ਨੂੰ ਭੋਗ ਲੁਆ ਫਿਰ ਸੰਗਤ 'ਚ ਵਰਤਾਇਆ ਜਾਂਦਾ ਹੈ। ਬਣਾਉਣ ਵਾਲੇ ਲਾਂਗਰੀ ਅਤੇ ਵਰਤਾਉਣ ਵਾਲੇ ਸੇਵਾਦਾਰ, ਸਤ-ਸੰਤੋਖ ਦੇ ਧਾਰਨੀ ਹੋ, ਨਿਮਰਤਾ ਸਹਿਤ ਸੇਵਾ ਕਰਨ ਤਾਂ ਹੀ ਮਰਿਯਾਦਾ ਪੂਰੀ ਹੁੰਦੀ ਹੈ। ਇਸ ਮਰਯਾਦਾ ਚ ਲੰਗਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਗਤਾਂ ਚ ਪ੍ਰਚਲਿਤ ਕੀਤਾ। ਜੋ ਮਰਿਯਾਦਾ ਆਪ ਜੀ ਨੇ ਕਰੀਬ 1859 ਈ: ਵਿਚ ਭਾਈ ਰਾਇ ਸਿੰਘ ਨੂੰ ਹਜ਼ੂਰ ਸਾਹਿਬ ਭੇਜ ਕੇ ਮੰਗਵਾਈ ਸੀ।

ਲੰਗਰ ਦਾ ਸੰਬੰਧ ਜਿਥੇ ਪਵਿੱਤਰਤਾ ਨਾਲ ਹੈ, ਉਥੇ ਹੀ ਸੇਵਾ ਭਾਵਨਾ ਨਾਲ ਵੀ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖੀ ਰਹਿਤ-ਮਰਿਯਾਦਾ ਨੂੰ ਪੁਨਰ-ਸੁਰਜੀਤ ਕਰਨ ਹਿੱਤ ਪੰਜਾਂ ਸਿੰਘਾਂ ਨੂੰ ਸੰਮਤ 1914 ਬਿ. ਦੀ ਵਿਸਾਖੀ ਵਾਲੇ ਦਿਨ, ਅੰਮ੍ਰਿਤ ਛਕਾ ਕੇ ਨਾਮਧਾਰੀ ਪੰਥ ਦਾ ਮੁੱਢ ਬੰਨ੍ਹਿਆ। ਗੁਰਮਤ ਪ੍ਰਚਾਰ ਅਤੇ ਅੰਗ੍ਰੇਜੀ ਸਰਕਾਰ ਨਾਲ ਨਾ-ਮਿਲਵਰਤਨ ਦੀ ਲਹਿਰ ਚਲਾਈ। ਇਸ ਗੁਰਮਤ ਪ੍ਰਚਾਰ ਕਾਰਨ ਸ੍ਰੀ ਭੈਣੀ ਸਾਹਿਬ ਵਿਖੇ ਸੰਗਤਾਂ ਦੀ ਆਵਾਜਾਈ ਬਹੁਤ ਵੱਧ ਗਈ। ਸ੍ਰੀ ਸਤਿਗੁਰੂ ਜੀ ਨੇ ਆਪਣੇ ਪਰਿਵਾਰਿਕ ਨਿਰਵਾਹ ਲਈ ਪਹਿਲਾਂ ਹੀ ਲੋਹੇ ਕੱਪੜੇ ਦੀ ਦੁਕਾਨ ਪਿੰਡ ਚ ਖੋਲੀ ਹੋਈ ਸੀ। ਸੋ ਦੁਕਾਨ ਦੇ ਨਫੇ ਚੋਂ ਅਤੇ ਸਾਧ ਸੰਗਤ ਦੀ ਭੇਟਾ ਤੋਂ ਆਪ ਜੀ ਨੇ ਸ੍ਰੀ ਭੈਣੀ ਸਾਹਿਬ ਲੰਗਰ ਜਾਰੀ ਕੀਤਾ। ਜੋ ਸਦਾ ਵਰਤ ਦੇ ਨਾਮ ਨਾਲ ਵੀ ਮਸ਼ਹੂਰ ਹੈ। ਸੰਮਤ 1918 ਬਿ. (1861 ਈ:) ਤੋਂ ਜ਼ਾਰੀ ਕੀਤਾ ਹੋਇਆ ਇਹ ਲੰਗਰ ਅੱਜ ਤੀਕ ਚੱਲ ਰਿਹਾ ਹੈ ਅਤੇ ਚੱਲਦਾ ਹੀ ਰਹੇਗਾ। ਗਿ. ਗਿਆਨ ਸਿੰਘ ਲਿਖਦੇ ਹਨ-

"ਕਰਤੋ ਦੁਕਾਨ ਲੋਹੇ ਕੱਪੜੇ ਕੀ ਰਾਮ ਸਿੰਘ,
ਤਾਂ ਤੇ ਨਫ਼ਾ ਪਾਇ ਜੋਊ ਆਪ ਪੈਨੇ ਖਾਇ ਹੈਂ।
ਸੰਗਤ ਅਪਾਰ ਆਵੈ ਦ੍ਵਾਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ ਸੋ ਤੋ ਲੰਗਰ ਮੈ ਪਾਇ ਹੈਂ"।
ਅਤੇ "ਆਹ ਲੋਹ ਏ ਲੰਗਰ ਏ ਭਾਰਾ,
ਰਾਤ ਦਿਨੇ ਮਿਲਦਾ ਵਰਤਾਰਾ।
ਪ੍ਰਦੇਸੀ ਕਰ-ਕੰਵਲੀ ਗੱਡੀ,
ਤਪਦੀ ਏ ਤਪਦੀ ਰਹੁ ਸਾਵਾਂ।"

<u>ਸਦਾ-ਵਰਤ</u>- ਇਹ ਵੱਡਾ ਲੰਗਰ ਜਿਸ ਦੀ ਲੋਹ ਸ੍ਰੀ ਸਤਿਗੁਰੂ ਜੀ ਨੇ ਆਪਣੇ ਹਸਤ-ਕਮਲਾਂ ਨਾਲ ਸਥਾਪਿਤ ਕੀਤੀ ਸੀ। ਇਸ ਉੱਪਰ ਲੰਗਰ ਅੱਜ ਤੀਕ ਵੀ ਇਕ ਰਸ ਚੱਲ ਰਿਹਾ ਹੈ। ਜਿਥੇ ਚੌਵੀ ਘੰਟੇ ਹਰ ਲੋੜਵੰਦ ਨੂੰ ਲੰਗਰ ਮਿਲਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਜੋ ਨਾ-ਮਿਲਵਰਤਨ ਲਹਿਰ ਅੰਗ੍ਰੇਜ਼ੀ ਸਰਕਾਰ ਵਿਰੁੱਧ ਚਲਾਈ ਸੀ, ਉਸ ਦੀਆਂ ਧੁੰਮਾਂ ਲੰਡਨ ਤੀਕ ਪਈਆਂ। ਸਾਰੇ ਭਾਰਤ ਚ ਗੁਲਾਮੀ ਦੀਆਂ ਜ਼ੰਜ਼ੀਰਾਂ ਤੋੜਨ ਹਿਤ ਪ੍ਰਚਾਰ ਹੋਣ ਲੱਗਾ ਤੇ ਨਾਮਧਾਰੀ ਸਿੰਘ ਅੰਮ੍ਰਿਤਸਰ, ਰਾਏਕੋਟ, ਲੁਧਿਆਣੇ, ਮਲੇਰਕੋਲਟਾ ਆਦਿ ਸਾਕਿਆਂ ਵਿੱਚ ਸ਼ਹੀਦ ਕੀਤੇ। ਸ੍ਰੀ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੂੰ ਸੂਬਿਆਂ ਸਮੇਤ ਦੇਸ਼ ਨਿਕਾਲਾ ਦਿਤਾ ਗਿਆ। ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ਼-ਗਵਨ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਲੰਗਰ ਤੋਂ ਲੈ ਕੇ ਰਾਮ ਮੰਦਰ ਤੱਕ ਦੇ ਸਾਰੇ ਆਲੇ ਦੁਆਲੇ ਨੂੰ ਇਕ ਬੰਦੀਖਾਨੇ ਦੇ ਰੂਪ ਵਿਚ ਬਦਲ ਦਿੱਤਾ ਗਿਆ। ਇਥੋਂ ਦੇ ਮੰਦਰ ਨੂੰ ਪਾਣੀ ਹਾਂਡੇ ਤੀਕ ਪੁਟਵਾਇਆ ਗਿਆ। ਲੰਗਰ ਦੇ ਸਾਹਮਣੇ ਡਿਉਢੀ ਵਿਚ ਪੁਲਿਸ ਦੀ ਗਾਰਦ ਤਾਇਨਾਤ ਕੀਤੀ ਗਈ।

(ਸਤਿਜੁਗ 21 ਮਾਘ, 2046 ਪੰਨਾ 114)

18 ਜਨਵਰੀ, 1872ਈ. ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਸੂਬਿਆਂ ਸਮੇਤ ਜਲਾਵਤਨ ਕੀਤਾ ਤਾਂ ਸ੍ਰੀ ਸਤਿਗੁਰੂ ਜੀ ਦੇ ਛੋਟੇ ਭਾਈ ਮਹਾਰਾਜ ਬੁੱਧ ਸਿੰਘ ਜੋ ਬਾਅਦ 'ਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਨਾਮ ਨਾਲ ਜਾਣੇ ਗਏ ਦੇ ਮੋਢਿਆਂ ਤੇ ਪੰਥਕ ਜਿੰਮੇਵਾਰੀਆਂ ਦਾ ਭਾਰ ਪੈ ਗਿਆ। ਅੰਗ੍ਰੇਜ਼ੀ ਸਰਕਾਰ ਵੱਲੋਂ ਜੋ ਜ਼ੁਲਮ, ਤਸ਼ੱਦਦ ਉਸ ਵੇਲੇ ਨਾਮਧਾਰੀ ਪੰਥ ਤੇ, ਗੁਰੂ-ਪ੍ਰਵਾਰ ਤੇ ਕੀਤੇ ਗਏ, ਇਹ ਇਕ ਲੂੰ-ਕੰਡੇ ਖੜੇ ਕਰ ਦੇਣ ਵਾਲਾ ਇਤਿਹਾਸ ਹੈ। ਗਿ. ਕਾਲ੍ਹਾ ਸਿੰਘ ਇਸ ਸਮੇਂ ਬਾਰੇ ਲਿਖਦਾ ਹੈ-

"ਬਾਗੀ ਪੰਥ ਸਿੰਘਾਂ ਨਾਮਧਾਰੀਆਂ ਦਾ,
ਕਰਨ ਲੱਗੇ ਫਰੰਗੀ ਤੰਗੀਆਂ ਫਿਰ।
ਭੈਣੀ ਸਾਹਿਬ ਕਿਲ੍ਹਾ ਬਾਗੀ ਕੂਕਿਆਂ ਦਾ,
ਪੁਲਸੀ ਪਹਿਰੇ ਲਾਏ ਫਿਰੰਗੀਆਂ ਫਿਰ।
ਜ਼ਿਲ੍ਹੇ-ਜ਼ਿਲ੍ਹੇ ਪਿੰਡ-ਪਿੰਡ ਨਾਮਧਾਰੀ,
ਬਾਲ-ਬਿਰਧ ਤੇ ਲੌਣ ਪਾਬੰਦੀਆਂ ਫਿਰ।
ਗੁਰਦੁਆਰੇ ਨਾ ਸਿੰਘਾਂ ਨੂੰ ਜਾਣ ਦਿੰਦੇ,
ਦੀਵਾਨ ਬੰਦ ਨੇ ਕੀਤੇ ਕੁਢੰਗੀਆਂ ਫਿਰ।
ਪੁਲਿਸ ਗੋਰਿਆਂ ਦੇ ਬਣੇ ਯਾਰ ਸਭੇ,
ਨੰਬਰਦਾਰ, ਚੌਂਕੀਦਾਰ, ਭੰਗੀਆਂ ਫਿਰ।
ਗੋਰੇ ਕਰਨ ਸਖ਼ਤੀ ਕੂਕੇ ਪੰਥ ਉੱਤੇ,
ਕਰੇ ਨਵੇਂ ਕਾਨੂੰਨ ਬਦਰੰਗੀਆਂ ਫਿਰ।
ਕਾਹਲਾ ਸਿੰਘ ਜੋ ਸਿਦਕ ਵਿਚ ਰਹੇ ਰੱਤੇ,
ਦੁੱਖ ਮੰਨਣਾ ਕੀ ਸਤ ਸੰਗੀਆਂ ਫਿਰ।"

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਪ੍ਰਵਾਰ ਸਮੇਤ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਚ ਨਜ਼ਰਬੰਦ ਕਰ ਦਿੱਤਾ। ਗਿਆਨੀ ਕਾਹਲਾ ਸਿੰਘ ਜੀ ਇਓਂ ਵਰਨਣ ਕਰਦੇ ਹਨ-

"ਗੋਰੇ ਲਾਟ ਲਾਹੌਰ ਦੇ ਹੁਕਮ ਦਿੱਤਾ,
ਭੈਣੀ ਸਾਹਿਬ ਨੂੰ ਫੌਜ ਲਿਆਂਵਦੇ ਜੀ।
ਤਲਾਸ਼ੀ ਕਰਨ ਗੁਰਦੁਆਰਾ ਪੁੱਟ ਦਿੱਤਾ,
ਲੁੱਟ-ਪੁੱਟ ਮਾਇਆ ਲੈ ਜਾਂਵਦੇ ਜੀ।
ਪਹਿਰੇ ਵਿਚ ਚੌਂਕੀ ਬੰਦੇ ਅੱਠ ਹੈਸਨ,
ਡੇਰੇ ਸਿੰਘਾਂ ਨੂੰ ਦੁੱਖ ਪੁਚਾਂਵਦੇ ਜੀ।

ਡੇਰੇ ਬਾਹਰ ਨਾ ਦਿੰਦੇ ਸੀ ਜਾਣ ਦੇਖੋ,
ਗੁਰੂ ਹਰੀ ਸਿੰਘ ਜੀ ਤੋਂ ਭੈ ਖਾਂਵਦੇ ਜੀ।
ਤਿੰਨ ਸਾਲ ਸਖ਼ਤੀ ਸੀ ਕਰੀ ਭਾਰੀ,
ਫਿਰ ਲਾਟ ਐਲਾਨ ਛਪਾਂਵਦੇ ਜੀ।

ਸਦਾ ਵਰਤ ਲੰਗਰ ਦਿਨੇ ਰਾਤ ਵਰਤੇ,
ਭੁੱਖੇ ਰਾਹੀ ਗ਼ਰੀਬ ਜੋ ਖਾਂਵਦੇ ਜੀ।

ਇਸ ਕਠੋਰ ਸਮੇਂ ਜੋ ਜ਼ੁਲਮਾਂ ਦਾ ਝੱਖੜ ਪੁਲਿਸ, ਗੋਰੀ ਸਰਕਾਰ ਪਿੰਡਾਂ ਦੇ ਨੰਬਰਦਾਰ, ਜ਼ੈਲਦਾਰ ਆਦਿ ਨੇ ਨਾਮਧਾਰੀ ਪੰਥ ਤੇ ਕੀਤੇ, ਉਹ ਅਤਿ ਹਿਰਦੇ-ਵੇਧਕ ਹੈ। ਸੰਤ ਹਰਨਾਮ ਸਿੰਘ ਜੀ ਬਗਲੀ ਕਲਾਂ ਵਾਲੇ ਪੁਸਤਕ 'ਸੰਤ ਖਾਲਸਾ' ਚ ਬਿਆਨ ਕਰਦੇ ਹਨ-

"ਕੂਕਾ ਪਿੰਡ ਦਾ ਪਿੰਡ ਹੀ ਰਹੇ ਆਪਣੇ,
ਪਿੰਡੋਂ ਬਾਹਰਲਿਓਂ ਭੀ ਕੂਕਾ ਆਵੇ ਨਾਂਹੀ।
ਬਿਨਾਂ ਖਬਰ ਦਿੱਤੀ ਵਰਨੀ, ਬਾਣੀਆਂ ਦਾ,
ਕੂਕਾ ਪਾਠ ਯਾ ਭੋਗ ਪਵਾਵੇ ਨਾਂਹੀ।
ਚੌਂਕੀਦਾਰ, ਕਸੀਰਦਾਰ ਸਾਰੇ ਤਾੜ ਦਿੱਤੇ,
ਕੱਚੇ ਪੰਜ ਭੀ ਸਿੰਘ ਕਰਾਵੇ ਨਾਂਹੀ।
ਲਗਦੀ ਵਾਹ ਤਾੜੇ ਏਥੋਂ ਤੱਕ ਲੋਕੀਂ,
ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ।
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਿਲਾਵੇ ਨਾਂਹੀ"।

ਉਸ ਸਮੇਂ ਸਤਿਗੁਰੂ ਹਰੀ ਸਿੰਘ ਅਤੇ ਨਾਮਧਾਰੀ ਪੰਥ ਨੂੰ ਅਤਿ ਦੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ, ਪੁਲਸ ਨੇ ਬਹੁਤ ਤਸੀਹੇ ਦਿੱਤੇ। ਇਸ ਬਾਰੇ ਸਤਿਗੁਰੂ ਬਿਲਾਸ-2 ਦੇ ਕਰਤਾ ਸੰਤ ਸੰਤੋਖ ਸਿੰਘ ਬਾਹੋਵਾਲ ਲਿਖਦੇ ਹਨ-

"ਪਟੜੀ ਕੇ ਅੰਦਰ ਕੋਈ ਕੂਕਾ ਨਾ ਆਵੇ। ਜਿਹੜਾ ਸਿੰਘ ਆਵੇ ਉਸਕੋ ਪਟੜੀ ਕੇ ਬਾਹਰ ਕਰ ਦੇਣਾ। ਜਾਂ ਥਾਨੇ ਮੈਂ ਭੇਜ ਦੇਣਾ।---

ਸਿੰਘਾਂ ਲੁੱਕ ਛਿਪਕੇ ਦਿਨ ਕੱਟਣਾ। ਮਹਾਰਾਜ ਬੁੱਧ

Namdhari Elibrary NamdhariElibrary@gmail.com

ਸਿੰਘ ਕਾ ਦਰਸ਼ਨ ਕਰਕੇ ਮੁੜ ਜਾਣਾ ਚੁੱਪ-ਚਾਪ ਈ"।

"ਸਿੰਘਾਂ ਕੋ ਖੜੋਨ ਨਹੀਂ ਸੀ ਦਿੰਦੇ ਦਰਵਾਜੇ ਅੱਗੇ। ਬੜੀ ਕਰੜਾਈ ਕੀਤੀ ਹੈ।....

ਪੈਲੇ ਤਿੰਨ ਸਿਪਾਹੀ, ਇਕ ਹੌਲਦਾਰ ਸੀ। ਕਾਣਾ ਹੌਲਦਾਰ ਅਨਪੜ੍ਹ ਸੀ........

ਉਸ ਨੇ ਮੁਨਸ਼ੀ ਸਦਵਾਇ ਲਿਆ। ਰੋਜਾਨਾਮਚਾ ਲਿਖਣਾ ਸ਼ੁਰੂ ਕੀਤਾ। ਰੋਜ਼ ਕੇ ਰੋਜ ਲਿਖ ਕੇ ਖਬਰ ਭੇਜਣੀ।

ਸਿੰਘ ਔਣ ਰਾਤ ਕੱਟਕੇ ਬਾਹਰ ਮਹਾਰਾਜ ਜੀ ਕਾ ਦਰਸ਼ਨ ਕਰਕੇ ਚਲੇ ਜਾਣਾ.......

ਭੈਣੀ ਸਾਹਿਬ ਮੈਂ ਪਾਠ ਕਰਨਾ ਗ੍ਰੰਥ ਸਾਹਿਬ ਕਾ ਤੇ ਦੀਵਾਨ ਲਗਨਾ ਬੰਦ ਕਰ ਦੀਆ।

ਸਿੰਘਾਂ ਨੇ ਦੁੱਖ-ਸੁੱਖ ਦੀ ਰਾਤ ਕੱਟ ਕੇ, ਮਹਾਰਾਜ ਬੁੱਧ ਸਿੰਘ ਜੀ ਕਾ ਦਰਸ਼ਨ ਕਰ ਕੇ ਹਰਿਆ ਹੋਇ ਜਾਣਾ।--

ਪ੍ਰਸ਼ਾਦਾ ਗਾਰਦ ਸੇ ਚੋਰੀ ਲਜਾਇਕੇ ਦੇਣਾ ਹਨੇਰੇ ਹੋਇ। (ਪੰਨਾ 36)

<u>**ਲੰਗਰ ਦਾ ਪ੍ਰਸ਼ਾਦਾ**</u>-(ਪੰਨਾ 37-38) ਸਿਆਲ ਕੇ ਮੌਸਮ ਮੇ ਨੇੜੇ ਪਿੰਡੀਂ ਸਿੰਘਾਂ ਨੇ ਜਾਇ ਰਾਤ ਕੱਟਕੇ ਹਨ੍ਹੇਰੇ ਹੀ ਹਨੇਰੇ ਨਿਕਲ ਜਾਣਾ। ਦਰਵਾਜੇ ਅਗੇ ਤੇ ਅਕਾਲ ਬੁੰਗੇ ਤੇ ਰਾਮਸਰ ਤਿੰਨੀ ਜਗਾ ਸਿੰਘ ਕੋ ਖੜ੍ਹਾ ਭੀ ਨਾ ਸੇ ਹੋਣ ਦਿੰਦੇ।..

ਹੋਰ ਜੋ ਜਾਤ ਆਵੇ ਉਸਕੋ ਲੰਗਰੋਂ ਪ੍ਰਸ਼ਾਦਾ ਬੇਸ਼ੱਕ ਮਿਲੇ, ਜੇਕਰ ਨਾਮਧਾਰੀ ਸਿੰਘ ਆਵੇ ਉਸਕੋ ਲੰਗਰੋਂ ਪਰਸ਼ਾਦਾ ਭੀ ਨਾ ਸੀ ਦੇਣ ਦਿੰਦੇ ਸਪਾਹੀ, ਹੌਲਦਾਰ। ਜੇਹੜਾ ਕੋਈ ਪ੍ਰਸ਼ਾਦਾ ਲੈ ਜਾਏ ਉਸਕੋ ਪਕੜ ਲੈਣਾ ਤੇ ਥਾਨੇ ਭੇਜ ਦੇਣਾ ਕਿ ਜੇ ਪ੍ਰਸ਼ਾਦਾ ਮਿਲਿਆ ਤਾਂ ਜਮਾ ਹੁੰਦੇ ਹੈਂ।......

ਜੇਕਰ ਇਕ ਦੋ ਸਿੰਘ ਹੋਵਣ ਤਾਂ ਸਿੰਘਾਂ ਗੜਵੇ ਮੈਂ ਪਾਇਕੇ ਪ੍ਰਸ਼ਾਦੇ ਬਾਹਰ ਪੁਚਾਏ ਦੇਣੇ। ਮਹਾਰਾਜ ਜੀ ਭੀ ਉਸੇ ਦਿਸ਼ਾ ਕੋ ਜਾਣਾ, ਦਰਸ਼ਨ ਦੇ ਆਉਣਾ...... ਬਾਰਸ਼ ਅੰਧੇਰੀ ਸਿੰਘਾਂ

ਸਪਾਹੀਆਂ ਭੁੱਖੇ ਸਿੰਘਾਂ ਕੋ ਧੱਕੇ ਦਿੰਦੇ....... ਗਾਲ੍ਹਾਂ ਕੱਢਣੀਆਂ, ਪ੍ਰਸ਼ਾਦਾ ਨਾ ਲੈਣ ਦੇਣਾ।.......

ਬਗਲ ਮੈਂ ਪ੍ਰਸ਼ਾਦਾ ਲੈ ਕੇ ਉੱਤੋਂ ਦੀ ਬੁਕੱਲ ਮਾਰਕੇ, ਅੱਖ ਬਚਾਇਕੇ ਪ੍ਰਸ਼ਾਦਾ ਪੁਚਾਇ ਦੇਣਾ। ਜੇ ਰਾਤ ਪੈ ਜਾਏ ਤਾਂ ਰੇਤੇ ਮੇਂ ਬਿਸਤਰਾ ਕਰਕੇ ਸਿੰਘਾਂ ਰਾਤ ਕੱਟ ਲੈਣੀ।

ਇਸੇ ਗ੍ਰੰਥ ਸਤਿਗੁਰੂ ਬਿਲਾਸ ਭਾਗ 2 ਦੇ ਪੰਨੇ 40-41 ਤੇ ਸੰਤ ਜੀ ਲਿਖਿਆ ਹੈ-

"ਬਾਬਾ ਕੁਸਾਲ ਸਿੰਘ ਆਇਆ ਥਰਾਜਵਾਲਾ। ਬਾਬੇ ਨਾਲ ਮਹਾਰਾਜ ਬਚਨ ਕੀਤਾ ਜਾਂ ਸਤਿਗੁਰੂ ਜੀ ਚਲੇ ਗਏ ਤਾਂ ਮੈਂ ਬਾਹਰ ਜਾ ਕੇ ਧਾਂਹੀ ਮਾਰਕੇ ਰੋਣਾ। ਜੇੜਾ ਪਾਂਚ ਹਜ਼ਾਰ ਰੁਪਈਆ ਜਮਾ ਕਰ ਗਏ ਸੇ ਸੋ ਭੀ ਵਰਤਿਆ ਗਿਆ ਤਾਂ ਸਾਨੂੰ ਸੋਚ ਪ੍ਰਾਪਤ ਹੋਈ ਕਿ ਕਿਵੇਂ ਹੋਵੇਗੀ, ਖਰਚ ਬਹੁਤ ਹੈ। ਇਕ ਦਿਨ ਬਾਹਰ ਜਾ ਕੇ ਬੜਾ ਰੋਏ। ਬਹੁਤ ਬੈਰਾਗ ਕੀਤਾ ਜਾਂ ਘਰ ਨੂੰ ਆਉਣ ਲਗੇ ਤਾਂ ਸਤਿਗੁਰੂ ਜੀ ਪਰਗਟ ਦਰਸ਼ਨ ਦਿੱਤਾ। ਬਚਨ ਕੀਤਾ ਭਾਈ ਤੂੰ ਕਿਉਂ ਉਦਾਸ ਹੋਇਆ ਹੈਂ, ਮੈਂ ਤੇਰੇ ਪਾਸ ਹਾਂ, ਗਿਆ ਨਹੀਂ ਹਾਂ। ਤੂੰ ਲੰਗਰ ਤੋਰ ਚਿੰਤਾ ਨਾ ਕਰ। ਉਸੀ ਵਕਤ ਥੀਂ ਸਾਡੀ ਚਿੰਤਾ ਦੂਰ ਹੋਈ"।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਉਦੋਂ ਕੀਤੀ, ਜਦੋਂ ਪੱਤਾ-ਪੱਤਾ ਇਸ ਦਾ ਵੈਰੀ ਬਣ ਚੁੱਕਾ ਸੀ। ਪੁਲਿਸ ਵੱਲੋਂ ਜੋ ਗਾਰਦ ਲੰਗਰ-ਰਿਹਾਇਸ਼ ਦੇ ਦਰਵਾਜੇ ਅਗੇ ਬੈਠੀ ਰਹਿੰਦੀ, ਰੱਜ ਕੇ ਕਰੂਰ ਸੁਭਾ ਦੇ ਹੋਣ ਕਾਰਣ ਸ੍ਰੀ ਸਤਿਗੁਰੂ ਜੀ, ਪੂਜ ਮਾਤਾਵਾਂ, ਲਾਂਗਰੀਆਂ, ਸੇਵਕਾਂ, ਆਮ ਨਾਮਧਾਰੀ ਸੰਗਤ ਨੂੰ ਬੇਹੱਦ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ। ਇਹ ਕਠਿਨਾਈ ਇਕ-ਦੋ ਦਿਨ ਨਹੀਂ, ਇਕ-ਦੋ ਸਾਲ ਵੀ ਨਹੀਂ ਸਗੋਂ ਪੂਰੇ 34ਸਾਲ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਝੇਲਣੀ ਪਈ ਅਤੇ ਨਾਮਧਾਰੀ ਪੰਥ ਨੂੰ ਤਾਂ ਪੂਰੇ 51 ਸਾਲ ਇਸ ਪੁਲਿਸ ਦੇ ਤਸ਼ੱਦਦ ਬਰਦਾਸ਼ਤ ਕਰਨੇ ਪਏ। ਗਰੀਬ ਨਿਵਾਜ ਜੀ ਨੇ ਬੜੀ ਧੀਰਜ ਨਾਲ ਅਤੇ ਸ਼ਹਿਨਸ਼ੀਲਤਾ, ਸੁਘੜਤਾ ਨਾਲ ਇਸ ਸਮੇਂ ਕੂਕੇ ਪੰਥ ਨੂੰ ਸੰਭਾਲਿਆ।

ਇਸ ਸਥਿਤੀ ਦੇ ਦੌਰ 'ਚ ਜੋ ਵੀ ਮਾਇਆ ਜਾਂ ਕੀਮਤੀ ਵਸਤਾਂ, ਪੁਲਿਸ ਨੂੰ ਮਿਲੀਆਂ, ਸਭ ਜ਼ਬਤ ਕੀਤੀਆਂ ਗਈਆਂ। ਸਖ਼ਤੀਆਂ ਅਤੇ ਕਠਿਨਾਈਆਂ ਕਰਕੇ ਸੰਗਤਾਂ ਦਾ ਆਉਣਾ ਘਟ ਗਿਆ ਅਤੇ ਲੰਗਰ ਵਾਸਤੇ ਰਸਤ ਆਉਣੀ ਬੰਦ ਹੋ ਗਈ। ਉਸ ਵੇਲੇ ਦੇ ਸ੍ਰੀ ਭੈਣੀ ਸਾਹਿਬ 'ਚ ਰਹਿੰਦੇ ਸਾਧ-ਸੰਤ ਲਈ ਰਾਸ਼ਨ ਦੀ ਮੁਸ਼ਕਲ ਹੋ ਗਈ ਅਤੇ ਪਸ਼ੂਆਂ ਵਾਸਤੇ ਵੀ ਤੂੜੀ-ਪੱਠੇ ਆਦਿ ਦੀ ਕਿੱਲਤ ਹੋਈ। ਪਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਉਹ ਬਚਨ ਨਾ ਭੁੱਲਦਾ ਜੋ ਸਤਿਗੁਰੂ ਰਾਮ ਸਿੰਘ ਜੀ ਬਿਦੇਸ਼ ਜਾਣ ਸਮੇਂ ਕਿ ਸੀ ਕਿ-

'ਬੋਲੇ ਤੁਮ ਪੀਛੇ ਸਭ ਸਾਰਾ, ਈਹਾਂ ਰਾਖੋ ਭਲੀ ਪ੍ਰਕਾਰਾ' ਅਤੇ ਲੋਹ ਨਾ ਖਲੋਣ ਦੇਵੀਂ, ਸੋ ਸ੍ਰੀ ਸਤਿਗੁਰੂ ਜੀ ਹਰ ਸੰਭਵ ਅਸੰਭਵ ਯਤਨ ਕੀਤੇ ਤਾ ਕਿ ਲੰਗਰ ਚੱਲਦਾ ਰਹੇ।

"ਲੈਣੀ ਜੇ ਦਾਤ ਅਮੁੱਲੀ, ਭੁੱਖੇ ਨੂੰ ਦੇਣਾ ਗੁੱਲੀ।
ਨੰਗੇ ਨਿਥਾਵਿਆਂ ਨੂੰ ਜੁੱਲੀ ਤੇ ਦੇਣਾ ਕੁੱਲੀ।
(ਜੀਵਨ ਪ੍ਰਕਾਸ਼ 'ਜੀਵਨ')

Namdhari Elibrary NamdhariElibrary@gmail.com

"ਸੁੱਕੀ ਹੋਈ ਖੇਤੀ ਨਾਮਧਾਰੀਆਂ ਦੀ,
ਮੁੜਕੇ ਸਤਿਗੁਰਾਂ ਹਰੀ ਕਚੂਰ ਕੀਤੀ।
ਅੰਮ੍ਰਿਤ ਰੂਪ ਪਾਣੀ ਦੇ ਕੇ ਨਾਮ ਰੂਪੀ,
ਵਾੜੀ ਪੰਥ ਦੀ ਹਰੀ ਅਗੂੰਰ ਕੀਤੀ।
ਖਿੰਡੀ ਪੁੰਡੀ ਤਾਕਤ ਨਾਮਧਾਰੀਆਂ ਦੀ,
ਸਾਰੀ ਬਰਕਤਾਂ ਨਾਲ ਭਰਪੂਰ ਕੀਤੀ।
ਜਥੇਬੰਦੀ ਮੁੜ ਕਰੀ ਹਰਨਾਮ ਸਿੰਘਾ,
ਫੁੱਟ ਕੌਮ ਵਿਚੋਂ ਪਾਪਣ ਦੂਰ ਕੀਤੀ।"

ਇਹੋ ਜਿਹੇ ਸਮੇਂ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਕੁਝ ਗਊਆਂ, ਘੋੜੇ, ਪਸ਼ੂ ਵੇਚ, ਹੋਰ ਕੀਮਤੀ ਸਮਾਨ ਜੋ ਜ਼ਬਤੀ ਤੋਂ ਬਚ ਰਿਹਾ, ਵੇਚ ਕੁਝ ਸਮੇਂ ਤੀਕ ਲੰਗਰ ਚਲਾਈ ਰਖਿਆ। ਜਦੋਂ ਹੋਰ ਤੰਗੀ ਹੋਈ ਤਾਂ ਬਾਬਾ ਦਰਬਾਰਾ ਸਿੰਘ ਆਦਿ ਨੂੰ ਨਾਲ ਲੈ, ਸਤਿਗੁਰੂ ਰਾਮ ਸਿੰਘ ਜੀ ਜੋ ਗਾਗਰ ਚਾਂਦੀ ਦੇ ਰੁਪਈਆਂ ਦੀ ਤਬੇਲੇ ਚ ਦਬਵਾਈ ਸੀ, ਰਾਤ ਸਮੇਂ, ਕਿ ਔਖੇ ਸਮੇਂ ਕੰਮ ਆਵੇਗੀ, ਉਹ ਵੀ ਪੁਟਵਾ ਕੇ ਲੰਗਰ ਦੇ ਅਰਥ ਲਾਈ। ਜਦੋਂ ਭੇਟਾ ਆਉਣੀ ਹੀ ਬੰਦ ਹੋ ਗਈ ਸੀ ਤਾਂ ਲੰਗਰ ਕਿੰਨੀ ਕੁ ਦੇਰ ਚੱਲਦਾ ਰਹਿੰਦਾ। ਅੰਤ ਇਕ ਦਿਨ ਸ੍ਰੀ ਸਤਿਗੁਰੂ ਜੀ ਝੋਰਾ ਕੀਤਾ ਕਿ "ਗਰੀਬ ਨਿਵਾਜ ਇਹ ਲੰਗਰ ਦੀ ਕਾਰ ਤੇਰੇ ਹੀ ਚਲਾਣ ਦੀ ਏ। ਮੈਂ ਨਿਮਾਣਾ ਤਾਂ ਸਾਰਾ ਜ਼ੋਰ ਲਾ ਕੇ ਦਿਨ ਹੀ ਪੂਰੇ ਕਰ ਰਿਹਾ ਹਾਂ"। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਰਸ਼ਨ ਦੇ ਹੁਕਮ ਕੀਤਾ, "ਫਿਕਰ ਨਾ ਕਰੋ, ਗੁਰੂ ਆਪਣੀ ਕਾਰ ਆਪ ਚਲਾਏਗਾ"।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਅੰਗਰੇਜ਼ੀ ਸਰਕਾਰ ਨੇ 4 ਤੋਂ 5 ਸਾਲ ਜਾਂ ਇਸ ਤੋਂ ਵੱਧ ਸਮਾਂ ਸ੍ਰੀ ਭੈਣੀ ਸਾਹਿਬ ਦੀ ਜੂਹ ਚੋਂ ਬਾਹਰ ਨਹੀਂ ਜਾਣ ਦਿੱਤਾ ਅਤੇ ਨਾ ਹੀ ਸਾਧ ਸੰਗਤ ਨੂੰ ਵੜਣ ਦੇਂਦੇ ਸਨ। ਜਿਸ ਕਾਰਣ ਲੰਗਰ ਦੀ ਇਹ ਹਾਲਤ ਹੋ ਗਈ ਸੀ। ਜੋ ਕੁਝ ਵੀ ਕੋਲ ਸੀ ਗੁਰੂ ਜੀ ਨੇ ਲੋਹ ਲੰਗਰ ਲਈ ਖਰਚ ਕਰ ਦਿੱਤਾ। ਬਾਬਾ ਦਰਬਾਰਾ ਸਿੰਘ ਜੀ ਜਨਵਰੀ 1875 ਈ: (1931 ਬਿ:) ਚ ਜੋ ਪਹਿਲਾ ਹੁਕਮਨਾਮਾ ਸਤਿਗੁਰੂ ਰਾਮ ਸਿੰਘ ਜੀ ਤੋਂ ਬਿਦੇਸ਼ ਤੋਂ ਲਿਆਂਦਾ ਉਸ ਵਿਚ ਵੀ ਪੱਕੀ ਕੀਤੀ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ ਕਿ ਲੋਹ ਲੰਗਰ ਚੱਲਦਾ ਰਹੇ ਅਤੇ ਜੋ ਕੁਝ ਮੇਰਾ ਹੈ ਸਭ ਪ੍ਰਮੇਸ਼ਰ ਦੇ ਲੇਖੇ ਲਾ ਦੇਣਾ। ਇਹ ਵੀ ਬਚਨ ਹੁਕਮ ਕੀਤੇ ਕਿ ਮੋਟਾ ਪ੍ਰਸ਼ਾਦਾ ਤੇ ਕਰੜਾ ਦਾਲਾ ਹੋਵੇ।

ਬਾਬਾ ਦਰਬਾਰਾ ਸਿੰਘ ਜੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਇਕ ਮਹੀਨੇ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਚਰਣਾਂ ਚ ਪੁੱਜ ਹੁਕਮਨਾਮਾ ਵੀ ਦਿੱਤਾ ਤੇ ਬਚਨ ਵੀ ਸੁਣਾਇਆ ਕਿ 'ਮੋਟਾ ਪ੍ਰਸ਼ਾਦਾ' ਤੇ 'ਕਰੜੇ ਦਾਲੇ' ਦਾ ਹੁਕਮ ਹੋਇਆ ਹੈ। ਏਥੇ ਰਾਮਦਾਸਪੁਰੇ ਮਹਾਰਾਜ ਜੀ ਨੇ ਲਾਂਗਰੀਆਂ ਨੂੰ ਉਸੇ ਦਿਨ ਅੱਗੇ ਈ ਹੁਕਮ ਕੀਤਾ ਸੀ ਕਿ ਮੋਟਾ ਪ੍ਰਸ਼ਾਦਾ ਤੇ ਕਰੜਾ ਦਾਲਾ ਹੋਵੇ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਅਨੁਸਾਰ ਸਤਿਗੁਰੂ ਹਰੀ ਸਿੰਘ ਜੀ ਨੇ ਲੰਗਰ ਨੂੰ ਹਰ ਕੀਮਤ ਤੇ ਚਾਲੂ ਰੱਖਿਆ। ਆਪ ਜੀ ਕਈ ਵਾਰ ਬਚਨ ਕੀਤਾ ਕਰਦੇ- "ਭਾਈ ਲੰਗਰ ਵਾਸਤੇ ਤਾਂ ਮੈਂ ਬਾਲਣ ਦੀ ਥਾਂ ਆਪਣੀਆਂ ਹੱਡੀਆਂ ਵੀ ਹਾਜ਼ਰ ਕਰਨ ਨੂੰ ਤਿਆਰ ਹਾਂ।"

ਗੁਰੂ ਹਰੀ ਸਿੰਘ ਜੀ ਤੇ ਕਰੜੀ ਪਾਬੰਦੀ ਲਗਾਈ ਗਈ ਸੀ ਕਿ ਉਹ ਭੈਣੀ ਸਾਹਿਬ ਦੀ ਜੂਹ ਚੋਂ ਬਾਹਰ ਨਾ ਸੀ ਜਾ ਸਕਦੇ ਪਰ ਤਾਂ ਭੀ ਬਹੁਤੇ ਨਾਮਧਾਰੀ ਸਿੱਖ ਉਨ੍ਹਾਂ ਦੇ ਦਰਸ਼ਨਾਂ ਹਿਤ ਸ੍ਰੀ ਭੈਣੀ ਸਾਹਿਬ ਆਉਂਦੇ ਹੀ ਰਹਿੰਦੇ। ਹਾਲਾਂ ਕਿ ਸਿੱਖਾਂ ਤੇ ਮਨ-ਆਈਆਂ ਸਖ਼ਤੀਆਂ, ਕੁਰਕੀਆਂ ਆਦਿ ਪੁਲਿਸ ਕਰਦੀ ਰਹਿੰਦੀ ਪਰ ਸਿੱਖ ਫਿਰ ਵੀ ਅਉਣੋਂ ਨਾ ਹਟਦੇ ਸੀ। ਪਹਿਲਾਂ ਸਿਰਫ ਪੰਜ ਸਿੰਘਾਂ ਦੇ ਨਾਮ-ਗ੍ਰਾਮ ਲਿਖਕੇ ਪੂਰੀ ਪੜਚੋਲ, ਕਰ ਅੰਦਰ ਜਾਣ ਦਿੰਦੇ ਸਨ। ਉਨ੍ਹਾਂ ਦੇ ਬਾਹਰ ਅਉਣ ਤੇ ਹੀ ਦੂਜੇ ਪੰਜ ਸਿੰਘ ਇਵੇਂ ਪੜਚੋਲ ਕਰਵਾ ਅੰਦਰ ਜਾਂਦੇ ਸਨ। ਬਾਹਰੋਂ ਆਏ ਸਿੰਘਾਂ ਨੂੰ ਸ੍ਰੀ ਭੈਣੀ ਸਾਹਿਬ ਨਹੀਂ ਸੀ ਠਹਿਰਨ ਦਿਤਾ ਜਾਂਦਾ। ਇਹ ਸਿੰਘ-ਬੀਬੀਆਂ-ਬੱਚੇ ਆਦਿ ਗਰਮੀ-ਸਰਦੀ ਆਦਿ ਮੌਸਮ ਦੀ ਰਤੀ ਭਰ ਪ੍ਰਵਾਹ ਨਾ ਕਰਦੇ ਹੋਏ ਪਿੰਡੋਂ ਬਾਹਰ ਰੇਤਲੇ ਟਿੱਬਿਆਂ 'ਚ ਬੈਠ, ਛਿਪਕੇ ਸਮਾਂ ਉਡੀਕਦੇ ਕਿ ਕਦੋਂ ਗੁਰੂ ਜੀ ਦੇ ਦਰਸ਼ਨ ਹੋਣਗੇ ਅਤੇ ਲੰਗਰ ਛਕਣ ਨੂੰ ਮਿਲੇਗਾ। ਗੁਰੂ ਹਰੀ ਸਿੰਘ ਜੀ ਬਾਹਰ ਬੈਠੇ ਸਿੰਘਾਂ ਲਈ ਜੰਗਲ ਜਾਣ ਦੇ ਬਹਾਨੇ ਦਰਸ਼ਨ ਭੀ ਦੇਂਦੇ ਅਤੇ ਕਦੇ ਕਦਾਈਂ ਪੁਲਸੀਆਂ ਤੋਂ ਬਚਾਕੇ ਦੁੱਧ-ਸ਼ਰਦਾਈ ਆਦਿ ਭੀ ਗੜਵੇ 'ਚ ਲੈ ਜਾਂਦੇ ਅਤੇ ਉਨ੍ਹਾਂ ਨੂੰ ਛਕਾਉਂਦੇ। ਇਵੇਂ ਹੀ ਪੂਜ ਮਾਤਾ ਜੀ ਵੀ ਟੋਕਰੇ 'ਚ ਦਾਲਾ-ਪਰਸ਼ਾਦਾ ਪਾ ਕੇ, ਕੱਪੜੇ ਨਾਲ ਕੱਜ ਉਪਰ ਕੱਖ-ਕਾਨਾ ਦੇਕੇ (ਕੂੜਾ ਖੇਤਾਂ 'ਚ ਸੁੱਟਣ ਦੇ ਬਹਾਨੇ) ਬਾਹਰ ਲਿਜਾ ਉਨ੍ਹਾਂ ਭੁੱਖੇ ਸਿੰਘਾਂ-ਬੀਬੀਆਂ ਨੂੰ ਛਕਾਉਂਦੇ। ਹੋਰ ਭੀ ਜੋ ਮਦਦ ਉਨ੍ਹਾਂ ਦੀ ਜੋ ਵੀ ਹੋ ਸਕਦੀ ਉਹ ਕਰਦੇ। ਇਨ੍ਹਾਂ ਹੀ ਕਾਰਨਾਂ ਕਰਕੇ ਪੂਜ ਮਾਤਾਵਾਂ ਨੂੰ ਇਕ ਦੋ ਵਾਰੀ ਪੁਲਿਸ ਦੀ ਹਿਰਾਸਤ 'ਚ ਕਸ਼ਟ ਸਹਾਰਨੇ ਪਏ ਪਰ ਆਪ ਨੇ ਖਿੜੇ ਮੱਥੇ ਕਸ਼ਟ ਝੱਲ ਸਾਧ ਸੰਗਤ ਦੀ ਸੇਵਾ ਕੀਤੀ।

ਕੁਝ ਸਾਲਾਂ ਬਾਅਦ ਗੁਰੂ ਹਰੀ ਸਿੰਘ ਜੀ ਤੇ ਇਹ

Namdhari Elibrary NamdhariElibrary@gmail.com

ਕਰੜੀ ਪਾਬੰਦੀ ਨਰਮ ਹੋਈ ਤਾਂ ਸਰਕਾਰ ਤੋਂ ਮਨਜ਼ੂਰੀ ਲੈ ਆਪ ਜੀ ਕਦੀ-ਕਦਾਈਂ ਬਾਹਰਲੇ ਪਿੰਡਾਂ ਅਤੇ ਨਗਰਾਂ ਦਾ ਦੌਰਾ ਕਰਨ ਲੱਗੇ। ਸ੍ਰੀ ਸਤਿਗੁਰੂ ਜੀ ਨੇ ਲੰਗਰ ਨੂੰ ਚਲਾਉਣ ਹਿੱਤ ਹੁਕਮ ਕੀਤਾ ਕਿ ਜਿਸ ਮੈਨੂੰ ਆਪਣੇ ਘਰ ਜਾਂ ਪਿੰਡ ਲੈ ਜਾਣਾ ਹੈ, ਉਹ ਲੰਗਰ ਵਾਸਤੇ ਭੇਟਾ ਕਰਨ। ਪਰ ਧੰਨ ਹੈਨ ਗੁਰੂ ਕੇ ਸਿੱਖ ਜਿਨ੍ਹਾਂ ਨੇ ਦੋ-ਦੋ ਸੌ ਰੁਪਿਆ ਭੇਟ ਕਰ ਗੁਰੂ ਜੀ ਨੂੰ ਆਪਣੇ -2 ਘਰਾਂ ਜਾਂ ਪਿੰਡਾਂ 'ਚ ਲੈ ਗਏ।

"ਗੁਰੂ ਹਰੀ ਸਿੰਘ ਜੀ ਅੱਗੇ ਇਕ ਸਮੇਂ ਇਕ ਸਿੱਖ ਦੂਰ ਦੇ ਨਗਰ ਤੋਂ ਆਏ ਅਰਜ਼ ਕੀਤੀ ਆਪ ਮੇਰੇ ਨਗਰ ਦਰਸ਼ਨ ਦੇਵੋ। ਗੁਰੂ ਜੀ ਅਗਲੇ ਰੋਜ਼ ਘੋੜਿਆਂ ਤੇ ਸਵਾਰ ਹੋਏ ਦੁਪਹਿਰ ਤੱਕ ਖੇਚਲ ਕਰ ਉਸਦੇ ਨਗਰ ਪੁੱਜੇ। ਉਸ ਸਿੱਖ ਨੇ ਸ਼ਰਧਾ-ਆਦਰ ਤੇ ਸੇਵਾ ਬਹੁਤ ਕੀਤੀ। ਇਕ ਦਮੜਾ ਭੈਣੀ ਸਾਹਿਬ ਦੇ ਲੰਗਰ ਦੀ ਭੇਟ ਗੁਰੂ ਚਰਨਾਂ ਤੇ ਕੀਤੀ। ਗੁਰੂ ਜੀ ਅੱਗੇ ਹੱਥ ਕਰ, ਧੰਨ ਭਾਗ ਕਹਿ ਪ੍ਰਵਾਨ ਕੀਤਾ। ਵਾਪਸ ਮੁੜਦਿਆਂ ਇਕ ਸਿਖ ਕਿਹਾ, ਹੇ ਸੱਚੇ ਪਾਤਸ਼ਾਹੋ! ਇਤਨੀ ਖੇਚਲ ਪੰਧ ਤੇ ਧੁੱਪ ਦੀ ਆਪ ਜੀ ਸਿੱਖਾਂ ਸਮੇਤ ਕੀਤੀ ਹੈ। ਸਿਖ ਨੇ ਇਕੋ ਦਮੜਾ ਭੇਟਾ ਕੀਤਾ ਹੈ। ਜੇ ਆਪ ਨਾ ਭੀ ਏਤਨੀ ਖੇਚਲ ਕਰਦੇ ਤਾਂ ਕੀ ਫਰਕ ਪੈਂਦਾ ਸੀ। ਗੁਰੂ ਜੀ ਕਿਹਾ- ਨਾ ਭਾਈ ਐਸਾ ਨਹੀਂ ਕਹਿਣਾ। ਦੇਖੋ ਏਸ ਦਮੜੇ ਦੀ ਮਣ- ਸਵਾ ਮਣ ਕਣਕ ਤੇ ਕਿਤਨੇ ਸਿਖਾਂ ਦਾ ਪ੍ਰਸ਼ਾਦਾ ਸਜੇਗਾ। ਮੈਂ ਤੇ ਗੁਰੂ ਰਾਮ ਸਿੰਘ ਜੀ ਦੇ ਲੰਗਰ ਲਈ ਇੱਕ ਮੁੱਠੀ ਦਾਣੇ ਭੀ ਸਿੱਖ ਜੇ ਕਹੇ ਮੇਰੇ ਘਰੋਂ ਆਪ ਆਕੇ ਲਵੋ ਤਾਂ ਭੈਣੀ ਸਾਹਿਬੋਂ ਪੈਰੀਂ ਟੁਰ ਉਸਦੇ ਘਰੋਂ ਆਕੇ ਲੈਣ ਨੂੰ ਤਿਆਰ ਹਾਂ। ਸਤਿ ਧਰਮ ਦੀ ਕਮਾਈ ਵਾਲੇ ਸਿੱਖਾਂ ਦੀ ਪਾਰੋਂ ਹੀ ਗੁਰੂ ਕਾ ਲੰਗਰ ਚੱਲ ਰਿਹਾ ਹੈ।"

(ਵਹਿਮੀ ਜੀ ਗੁਰੂ ਹਰੀ ਸਿੰਘ ਜੀ ਅੰਕ ਵਿੱਚੋਂ)

ਸ੍ਰੀ ਭੈਣੀ ਸਾਹਿਬ ਜੋ ਤੰਗੀ ਪੁਲਿਸ ਦੇਂਦੀ ਉਸ ਬਾਰੇ 'ਜੱਸ ਜੀਵਨ' 'ਚ ਲਿਖਿਆ ਹੈ- "ਇਕ ਦਿਨ ਮਾਤਾ ਜੀਉਣ ਕੌਰ ਜੀ ਇਕ ਪਾਂਧੀ ਲਈ ਪ੍ਰਸ਼ਾਦੇ ਤੇ ਦਾਲਾ ਪਾ ਡਿਉਢੀ ਵਿਚੋਂ ਬਾਹਰ ਹੋ ਦੇਣ ਲੱਗੇ। ਪੁਲਸੀਏ ਪਾਂਧੀ ਨੂੰ ਝਿੜਕਿਆ। ਤੁਸੀਂ ਭੁਖੇ ਲੋਕ ਕਿਸੇ ਵੇਲੇ ਬੂਹਾ ਵਿਹਲਾ ਨਹੀਂ ਹੋਣ ਦਿੰਦੇ। ਮਾਤਾ ਜੀ ਕਿਹਾ ਬੀਰਾ ਪ੍ਰਸ਼ਾਦਾ ਲੈ ਲੈਣ ਦੇ ਸੂ, ਜਲ ਕਿਤੋਂ ਜਾ ਛਕੇਗਾ। ਪਰ ਪੁਲਸੀਏ ਦਾਲਾ ਪ੍ਰਸ਼ਾਦਾ ਉਸ ਪਾਂਧੀ ਨੂੰ ਨਾ ਹੀ ਲੈਣ ਦਿਤਾ। ਮਾਤਾ ਜੀ ਹਉਕਾ ਭਰ ਅੰਦਰ ਮੰਦਰ ਨੂੰ ਪਰਤ ਗਏ ਅਤੇ ਗੁਰੂ ਹਰੀ ਸਿੰਘ ਜੀ ਪਾਸ ਪਿਛਲੇ ਪਹਿਰ ਅਰਜ਼ ਕੀਤੀ- "ਅੱਜ ਮੈ ਬੜੀ ਦੁਖੀ ਹੋਈ ਆਂ, ਨਾ ਭੁੱਖ ਲਗੀ ਹੈ, ਨਾ ਕੁਝ ਮੂੰਹ ਪਾਇਆ ਹੈ। ਰਾਮ ਕਦੋਂ ਸਾਡੀ ਫਰਿਆਦ ਸੁਣੇਗਾ। ਅਤੇ ਤੰਗੀ ਪੁਲਿਸ ਵਲੋਂ ਮਿਲਦੀ ਹਟੇਗੀ। ਸਚੇ ਪਾਤਸ਼ਾਹੋ, ਅੱਜ ਭੁਖਾ ਪਾਂਧੀ ਨਿਰਾਸ ਝਿੜਕ ਪੁਲਸ ਟੋਰ ਦਿਤਾ ਹੈ। ਮੇਰੇ ਹੱਥਾਂ ਤੇ ਉਹਦੇ ਲਈ ਪ੍ਰਸ਼ਾਦਾ-ਦਾਲਾ ਲਿਆਂਦਾ ਦੇਖ ਕੇ ਭੀ ਦਰਦ ਨਹੀਂ ਕੀਤਾ ਪੁਲੀਸ ਤੇ ਅਰਜ਼ ਕੀਤੀ ਇਸੇ ਤਰ੍ਹਾਂ ਸੰਗਤਾਂ ਨੂੰ ਭੀ ਕਈ ਵਾਰ ਬੜੀ ਤੰਗੀ ਹੁੰਦੀ ਹੈ- ਪ੍ਰਸ਼ਾਦਾ ਲੈਣੋਂ-ਦੇਣੋਂ।

ਇਵੇਂ ਹੀ ਸੰਤ ਲਾਲ ਸਿੰਘ ਜੀ ਭੂਰੇ ਗਿੱਲਾਂ ਵਾਲੇ ਜਦੋਂ ਸੁਣਿਆ ਕਿ ਸਖ਼ਤੀ ਘਟੀ ਹੈ ਤਾਂ ਜਥੇ ਸਮੇਤ ਭੈਣੀ ਸਾਹਿਬ ਆਏ ਪਰ ਪੁਲਿਸ ਜਥਾ ਦੇਖ ਤਬੇਲੇ ਵਿਚ ਬੰਦ ਕਰ ਦਿੱਤੇ ਸੀ ਅਤੇ ਪ੍ਰਸ਼ਾਦੇ ਤੋਂ ਤੰਗੀ ਕੀਤੀ ਸੀ। ਸੋ ਇਸ ਤਰ੍ਹਾਂ ਦੀਆਂ ਤੰਗੀਆਂ- ਜ਼ੁਲਮ ਸਹਾਰਦੇ ਹੋਏ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਅਖੰਡ ਪਾਠ ਲੰਗਰ ਮੇਂ ਟੋਰੇ। ਅਖੰਡ ਪਾਠਾਂ ਦਾ ਪ੍ਰਤਾਪ ਸੁਣਕੇ ਕੁਛ ਦਾਨੇ, ਸੂਝ-ਬੂਝ ਵਾਲੇ ਸਿਆਣੇ ਗੁਰ ਸਿਖਾਂ ਦੇ ਅੰਦਰ ਵਸ ਗੁਰੂ ਰਾਮ ਸਿੰਘ ਜੀ ਉਨ੍ਹਾਂ ਤੋਂ ਲੰਗਰ ਦੀ ਸੇਵਾ ਲਈ। ਜਿਨ੍ਹਾਂ ਨੇ ਪਹਿਲਾਂ ਆਪ ਕਾਫ਼ੀ ਮਾਇਆ ਲੰਗਰ ਹਿਤ ਭੇਟ ਕਰ ਛੇ-ਮਹੀਨੇ ਬਾਅਦ ਸਾਧ ਸੰਗਤ 'ਚੋਂ ਉਗਰਾਹੀ ਕਰਨ ਦਾ ਪ੍ਰੋਗਰਾਮ ਬਣਾਇਆ।

1) ਬਾਬਾ ਬਘੇਲ ਸਿੰਘ ਜੀ ਨਾਰਲੀ ਜ਼ਿਲਾ ਲਾਹੌਰ- 1000/ ਰੁ:
2) ਬਾਬਾ ਨੱਥਾ ਸਿੰਘ ਜੀ ਗਾਧੜੀ ਫਿਰੋਜ਼ਪੁਰ- 1000/ ਰੁ:
3) ਬਾਬਾ ਕਾਨ੍ਹ ਸਿੰਘ ਜੀ ਬੁਰਜ ਅੰਮ੍ਰਿਤਸਰ- 1000/ ਰੁ:ਅਤੇ ਇਕ ਗੱਡਾ ਭਰਿਆ ਅਨਾਜ ਦਾ ਸਮੇਤ ਬਲਦਾਂ ਭੇਟ ਕੀਤਾ।
4) ਬਾਬਾ ਸੁਬੇਗ ਸਿੰਘ ਜੀ ਮਰ੍ਹਾਣਾ (ਜ਼ਿਲਾ ਅੰਮ੍ਰਿਤਸਰ)- 500/ ਰੁ:
5) ਬਾਬਾ ਬੂਟਾ ਸਿੰਘ ਜੀ ਲਾਖਣਾ- ਇਨ੍ਹਾਂ ਆਪਣਾ ਰਹਿੰਦਾ ਸਾਰਾ ਜੀਵਨ ਹੀ ਲੰਗਰ ਹਿੱਤ, ਗੁਰੂ ਘਰ ਦੀ ਉਗਰਾਹੀ ਸੇਵਾ ਹਿਤ ਅਰਪਣ ਕਰ ਦਿੱਤਾ।

ਇਤਨੀ ਸੇਵਾ ਆਪਣੇ ਵਲੋਂ ਕਰ ਫਿਰ ਝੋਲੀ ਫੈਲਾ ਅਰਦਾਸਾ ਕਰ ਸਾਧ ਸੰਗਤ 'ਚੋਂ ਉਗਰਾਹੀ ਸ਼ੁਰੂ ਕੀਤੀ। ਸੋ ਸਾਧ ਸੰਗਤ 'ਚੋਂ ਚੋਖੀ ਉਗਰਾਹੀ ਆਉਣ ਲਗੀ ਅਤੇ ਗੁਰੂ ਜੀ ਦੀ ਚਿੰਤਾ ਘਟੀ। ਇਹ ਉਹ ਸਮਾਂ ਸੀ ਜਦੋਂ ਭੈਣੀ ਸਾਹਿਬ ਵਿਖੇ ਲੰਗਰ ਚੱਲਦਾ ਰੱਖਣ ਲਈ ਕਈ ਸ਼ਰਧਾਵਾਨ ਨਾਮਧਾਰੀ ਪਰਿਵਾਰਾਂ ਨੇ ਆਪਣੀਆਂ ਜ਼ਮੀਨਾਂ ਜਾਇਦਾਦਾਂ ਵੇਚ ਦਿਤੀਆਂ ਸਨ। ਕੂਕਿਆਂ ਦੀ ਇਹ ਲਾ-

Namdhari Elibrary NamdhariElibrary@gmail.com

ਮਿਸਾਲ ਕੁਰਬਾਨੀ ਸੀ। ਸੰਤ ਹਰਨਾਮ ਸਿੰਘ ਬਗਲੀ ਵਾਲਿਆਂ ਦੇ ਵਡੇਰਿਆਂ ਨੇ ਵੀ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ, ਸ੍ਰੀ ਭੈਣੀ ਸਾਹਿਬ ਲੰਗਰ ਲੇਖੇ ਲਾ ਦਿਤੀ ਸੀ ਜਿਵੇਂ ਕਿ–

"ਸਾਡੇ ਪਿਤਾ ਜੀ ਤੇ ਦੋਨੋਂ ਚਾਚੇ ਤਾਏ, ਸਤਿਗੁਰੂ ਹਰੀ ਸਿੰਘ ਦੇ ਤਾਬੇਦਾਰ ਹੋਏ। ਮਨੋਂ, ਤਨੋਂ ਤੇ ਧਨੋਂ ਕੁਰਬਾਨ ਹੋ ਕੇ, ਭੈਣੀ ਸਾਹਿਬ ਜਾਕੇ ਸੇਵਾਦਾਰ ਹੋਏ। ਕੜੀਆਂ ਕੋਠੇ ਦੀਆਂ ਘਰ ਜ਼ਮੀਨ ਸਾਰੀ, ਲੰਗਰ ਪਾਇਕੇ ਸ਼ੁਕਰ ਗੁਜਾਰ ਹੋਏ। ਚਰਨਾਂ ਸਤਿਗੁਰਾਂ ਵਿਚ ਹੀ ਉਮਰ ਕੱਟੀ, ਉਨਾਂ ਨਾਲ ਸਤਿਗੁਰਾਂ ਦੇ ਪਿਆਰ ਹੋਏ।" ਇਸੇ ਤਰਾਂ ਹੋਰ ਸਿਖਾਂ – ਸੇਵਕਾਂ ਨੇ ਵੀ ਆਪਣਾ ਸਭ ਕੁਝ ਲੰਗਰ ਤੋਂ ਨਿਉਛਾਵਰ ਕਰ ਦਿਤਾ।

ਇਨ੍ਹਾਂ ਦਿਨਾਂ ਵਿੱਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸ਼ਾਮਲਾਟ ਜਗ੍ਹਾ ਤੇ ਖਰਾਸ ਲਾਉਣ ਬਾਰੇ ਵੀਚਾਰ ਕੀਤੀ। ਕਿਉਂਕਿ ਹੱਥ-ਚੱਕੀਆਂ ਤੇ ਪੀਸਣਾ ਅਤੇ ਜਾਂ ਬਾਹਰਲੇ ਖਰਾਸਾਂ ਤੋਂ ਆਟਾ ਪਿਸਾਉਣ ਨਾਲੋਂ ਆਪਣਾ ਹੀ ਖਰਾਸ ਲਾਉਣਾ ਠੀਕ ਸਮਝਿਆ। ਸਤਿਗੁਰੂ ਬਿਲਾਸ ਭਾਗ-2 ਦੇ ਪੰਨਾ 193 ਤੇ ਸੰਤ ਜੀ ਲਿਖਿਆ ਹੈ–

'ਫੇਰ ਬਾਠਾਂ ਵਾਲੇ ਕਾ ਠਾਕੁਰ ਸਿੰਘ ਆਇਆ। ਉਸਨੇ ਕਹਾ ਮੈਂ ਖਰਾਸ ਬਣਾਊਂਗਾ ਸਿੱਧੇ ਗੇੜ ਵਾਲਾ। ਸਾਰਾ ਕਾਠ ਤਿਆਰ ਕੀਤਾ ਤੇ ਲਾਵਣੇ ਵਾਸਤੇ ਜਗ੍ਹਾ ਪਸੰਦ ਕੀਤੀ।----

ਗੁਰੂ ਮਹਾਰਾਜ ਜੀ ਬਚਨ ਕੀਤਾ ਕਿ ਸਾਰੇ ਪਿੰਡ ਨੂੰ ਕੜਾਹ ਪ੍ਰਸ਼ਾਦ ਬਰਤਾਇਕੇ ਨੀਂਹ ਧਰ ਦੇਵੋ। ਕੜਾਹ ਪ੍ਰਸ਼ਾਦ ਕਰਕੇ ਨੀਂਹ ਧਰ ਦਿਤੀ ਪਹਿਲੇ ਨਰਾਤੇ ਅਰਦਾਸ ਕਰਕੇ। ਗੁਰੂ ਜੀ ਕੋਲ ਬੈਠੇ ਕੁਰਸੀ ਪਰ ਝਟਾ-ਝਟ ਕੰਧਾਂ ਤਿਆਰ ਕਰਕੇ ਤੀਏ ਦਿਨ ਛਤ ਪਾਇ ਦਿੱਤੀ। ਤਿਆਰ ਕਰਕੇ ਖਰਾਸ ਲਗਾਇ ਦੀਆ। ਦੁਸ਼ਹਿਰੇ ਵਾਲੇ ਰੋਜ਼ (28 ਸਿਤੰਬਰ 1895 ਈ.) ਚਲਣ ਲਗ ਪਿਆ।"

ਇਕ ਵਾਰ ਲੰਗਰ ਦੇ ਝੋਕਿਆਂ ਗੁਰੂ ਹਰੀ ਸਿੰਘ ਅਗੇ ਅਰਜ਼ ਕੀਤੀ ਕਿ ਬਾਲਣ ਮੁੱਕਣ ਵਾਲਾ ਹੈ ਅਤੇ ਮੌਸਮ ਬਰਸਾਤ ਵਾਲਾ ਹੈ ਸੋ ਬਾਲਣ ਦੀ ਕਿੱਲਤ ਹੈ ਤਾਂ ਗੁਰੂ ਜੀ ਹੁਕਮ ਕੀਤਾ ਨਵੇਂ ਛਤੇ ਤਬੇਲੇ ਦੇ 3-4 ਖਣ ਬਾਲੇ ਤੇ ਸ਼ਤੀਰ ਲਾਹਕੇ ਲੋਹ ਹੇਠ ਬਾਲ ਦਿਓ। ਲੰਗਰ ਨਹੀਂ ਰੁਕਣਾ ਚਾਹੀਦਾ।

ਲੰਗਰ ਲਈ ਜਗਾ ਤੇ ਬਾਲਣ – ਪੰਜ ਵਿਘੇ ਜ਼ਮੀਨ ਬਾਬਾ ਲਹਿਣਾ ਸਿੰਘ ਜੀ ਅਕਾਲ ਬੁੰਗੇ ਦੁਆਲੇ ਦਿਤੀ ਸੀ। ਬਾਬੇ ਲਹਿਣਾ ਸਿੰਘ ਦੇ ਪੁੱਤਰਾਂ ਬਿਸ਼ਨ ਸਿੰਘ, ਸੁੰਦਰ ਸਿੰਘ, ਫੁੰਮਣ ਸਿੰਘ ਤੇ ਕਿਸ਼ਨ ਸਿੰਘ ਸੜਕ ਲਾਗੇ ਬਾਹਰ ਵਾਲੀ ਜਗ੍ਹਾ, ਚੜਦੇ ਭੈਣੀ ਸਾਹਿਬੋਂ ਪੰਜ ਵਿਘੇ ਦਿਤੀ। ਮੱਲਾ ਸਿੰਘ ਜ਼ਿਮੀਦਾਰ ਨੇ ਗੁਰੂ ਹਰੀ ਸਿੰਘ ਜੀ ਸਮੇਂ ਆਪਣੀ ਸਾਰੀ ਮਾਲਕੀ ਲੰਗਰ ਲਈ ਚਾਲੀ ਵਿਘੇ ਜ਼ਮੀਨ ਤੇ ਘਰ ਡੇਰੇ ਦੇ ਨਾਂ ਲਾ ਦਿੱਤੀ।

ਗੁਰੂ ਹਰੀ ਸਿੰਘ ਜੀ ਸਮੇਂ ਨਹਿਰ ਕੁਝ ਕੁ ਮੀਲ ਨੀਲਾਮ ਹੋਇਆ ਕਰਦੀ ਸੀ, ਸਰਕਾਰ ਵਲੋਂ ਅਤੇ ਗੁਰੂ ਜੀ ਲੈ ਲੈਂਦੇ। ਮੱਝਾਂ, ਗਊਆਂ ਲਈ ਪੱਠੇ ਮਿਲ ਜਾਂਦੇ। ਕਾਨੇ, ਸਰਕੜਾ ਭੀ ਸਿਖ ਲੋਹ ਦੀ ਝੋਕੀ ਲਈ ਵੱਢ ਲੈਂਦੇ। ਪਰ ਸਰਕਾਰੀ ਝੋਲੀ ਚੁਕ ਫਿਰ ਵੀ ਔਖੇ ਰਹਿੰਦੇ। ਨਹਿਰ ਦੇ ਬਾਬੂ-ਬਾਰੇ ਕਟਾਣੀ ਦੇ ਨੰਬਰਦਾਰ ਵਰਿਆਮ ਸਿੰਘ ਸ਼ਿਕਾਇਤ ਕੀਤੀ ਕਿ ਨਹਿਰ ਵਾਲੇ ਬਾਬੂ ਨੇ ਬੜੀਆਂ ਮੋਟੀਆਂ ਲੱਕੜਾਂ ਦਿੱਤੀਆਂ ਹਨ ਕੂਕਾ ਭੈਣੀ ਨੂੰ। ਜ਼ਿਲੇ ਨੇ ਬਾਬੂ ਨੂੰ ਪੁੱਛਿਆ ਕਿਆ ਕਰਦੇ ਹੈ ਲਕੜੀਆਂ। ਬਾਬੂ ਨੇ ਕਹਾ- ਲੰਗਰ ਮੈਂ ਜਲਦੀਆਂ ਹੈ। ਨਹਿਰ ਵਾਲੇ ਫਰੰਗੀ ਨੇ ਦਿੱਤੀ ਹੈ ਲਕੜੀ। ਜੇ ਉਹ ਕੂਕਾ ਹੈ ਤਾਂ ਹਮ ਭੀ ਕੂਕੇ ਹੈਂ। ਸੁਣਕੇ ਜ਼ਿਲਾ ਚੁੱਪ ਰਿਹਾ, ਕੋਈ ਉੱਤਰ ਨਾ ਦੀਆ। ਨਿੰਦਕਾਂ ਦੇ ਮੂੰਹ ਕਾਲੇ ਹੋਏ।

ਸੰਮਤ 1956 ਦਾ ਕਾਲ – ਸੰਮਤ 1956 ਬਿ: (1899 ਈ:) ਵਿਚ ਬਹੁਤ ਭਿਆਨਕ ਕਾਲ ਪਿਆ। ਲੋਕ ਅੰਨ ਬਿਨਾ ਭੁੱਖੇ ਮਰਨ ਲੱਗੇ। ਰਾਜਸਥਾਨ ਬਾਗੜ ਦਾ ਇਲਾਕਾ ਤਾਂ ਜਿਵੇਂ ਉੱਜੜ ਹੀ ਗਿਆ। ਅੰਨ ਦੀ ਭਾਲ 'ਚ ਬਾਗੜ ਇਲਾਕੇ ਦੇ ਹਜ਼ਾਰਾਂ ਲੋਕ ਪੰਜਾਬ ਲੁਧਿਆਣੇ ਆਏ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਾਨੂੰ ਰੋਟੀ ਕੂਕਿਆਂ ਦੇ ਗੁਰੂ ਕੋਲੋਂ ਹੀ ਮਿਲ ਸਕਦੀ ਹੈ। ਸੋ ਕਈ ਹਜਾਰਾਂ ਦੀ ਗਿਣਤੀ 'ਚ ਬਾਗੜੀ ਲੋਕ ਸ੍ਰੀ ਭੈਣੀ ਸਾਹਿਬ ਆਉਣ ਲੱਗੇ। ਹਰ ਰੋਜ਼ ਅਨੇਕਾਂ ਪੰਗਤਾਂ ਲਗਦੀਆਂ। ਉਸ ਵੇਲੇ ਦੇ ਸਮੇਂ ਨੂੰ ਸੰਤ ਹਰਨਾਮ ਸਿੰਘ ਬਗਲੀ ਕਲਾਂ ਆਪਣੀ ਰਚਨਾ ਸੰਤ-ਖਾਲਸਾ 'ਚ ਵਰਨਣ ਕਰਦੇ ਹਨ–

"ਜਿਵੇਂ ਪਿਆ ਛਪੰਜੇ ਮੈ ਕਾਲ ਭਾਰਾ,
ਕਿਵੇਂ ਲਿਖਾਂ ਉਸਦੇ ਸਮਾਚਾਰ ਸਾਰੇ।
ਬੂੰਦ ਬਾਰਸ਼ਾਂ ਦੀ ਕਿਤੇ ਨਹੀਂ ਬਰਸੀ,
ਹੋਇਆ ਆਣ ਕ੍ਰੋਪ ਕਰਤਾਰ ਸਾਰੇ।
ਜੰਗਲ ਸੁੱਕ ਗਏ ਖੁਸ਼ਕ ਪਹਾੜ ਹੋ ਕੇ,
ਚਸ਼ਮੇ ਪ੍ਰਿਥਵੀ ਗਈ ਨਿਘਾਰ ਸਾਰੇ।
ਟੋਭੇ ਜੌਹੜ ਨਾਲੇ ਖਾਲੇ ਖੁਸ਼ਕ ਹੋ ਗਏ,

Namdhari Elibrary NamdhariElibrary@gmail.com

ਬਿਨਾਂ ਪਾਣੀਓਂ ਲੋਕ ਲਾਚਾਰ ਸਾਰੇ।

ਦੂਰੋਂ ਦੂਰੋਂ ਲੰਗਰ ਸੁਣ ਕੇ ਲੋਕ ਆਉਂਦੇ,
ਭੈਣੀ ਹੋਈ ਮਸ਼ਹੂਰ ਸੰਸਾਰ ਸਾਰੇ।
ਭੈਣੀ ਮਿਲੂ ਰੋਟੀ ਲੋਕੀ ਗੀਤ ਗਾਉਂਦੇ,
ਇਰਦ ਗਿਰਦ ਭੈਣੀ ਲਗੀ ਲਾਰ ਸਾਰੇ।
ਬਾਗੜ ਦੇਸ ਮਸ਼ਹੂਰ ਹੋ ਗਈ ਭੈਣੀ,
ਓਟੂ ਨੌਹਰ ਤੇ ਹਾਂਸੀ ਹਿਸਾਰ ਸਾਰੇ।
ਮਾਰਵਾੜੀਏ ਲੋਕ ਹਰਨਾਮ ਸਿੰਘਾ,
ਬੈਠੇ ਆਣ ਭੈਣੀ ਤਰਫ ਚਾਰ ਸਾਰੇ।"

ਇਸ ਮਹਾਂਕਾਲ ਸਮੇਂ ਸੰਤ ਹਰਨਾਮ ਸਿੰਘ ਜੀ ਅਤੇ ਉਦੋਂ ਸਾਹਿਬਜ਼ਾਦੇ ਪਰਤਾਪ ਸਿੰਘ ਜੀ ਕਿਵੇਂ ਸੇਵਾ ਕਰਦੇ ਰਹੇ ਦਾ ਵਰਨਣ ਹੈ-

"ਸਾਹਿਬਜ਼ਾਦੇ ਮਹਾਰਾਜ ਪਰਤਾਪ ਸਿੰਘ ਜੀ,
ਹੱਥੀਂ ਆਪਣੀ ਅੰਨ ਬਰਤਾਉਂਦੇ ਰਹੇ।
ਨੌਂ ਕੁ ਬਰਸ ਦੀ ਉਮਰ ਦੇ ਸਾਹਿਬਜ਼ਾਦੇ,
ਭੱਜ-ਭੱਜ ਕੇ ਰੋਟੀ ਖੁਆਉਂਦੇ ਰਹੇ।
ਫਿਰਦੇ ਦੇਖਦੇ ਸਤਿਗੁਰੂ ਹਰੀ ਸਿੰਘ ਜੀ,
ਮਾਲਾ ਨਾਲ ਇਸ਼ਾਰੇ ਕਰਾਉਂਦੇ ਰਹੇ।
ਮਹਾਰਾਜ ਤੇ ਅਸੀਂ ਹਰਨਾਮ ਸਿੰਘਾ,
ਸਾਰਾ ਸਾਰਾ ਦਿਨ ਹੀ ਫੇਰੇ ਪਾਉਂਦੇ ਰਹੇ।"

ਸਤਿਗੁਰੂ ਬਿਲਾਸ ਭਾਗ 2 ਦੇ ਕਰਤਾ ਸੰਤ ਸੰਤੋਖ ਸਿੰਘ ਲਿਖਦੇ ਹਨ - "ਕਾਲ ਬਹੁਤ ਪੈ ਗਿਆ। ਬੀਕਾਨੇਰ ਖਾਲੀ ਹੋ ਗਿਆ ਸਭ ਲੋਕ ਉੱਜੜ ਕੇ ਆਇ ਗੁਰੂ ਜੀ ਕੇ ਦਰ ਪਰ। ਛੇ-ਛੇ ਸੌ ਦੀ ਪੰਗਤ ਲਗਦੀ ਤੇ ਧੰਨ ਧੰਨ ਹੋਇ ਰਹੀ ਹੈ ਕਿ ਐਸਾ ਸਦਾ ਬਰਤ ਕਹੀਂ ਨਹੀਂ ਹੈ ਚਾਰ ਕੁੰਟ ਮੈਂ। ਅਜ ਰੱਜ ਕੇ ਛਕਿਆ ਹੈ।

ਛਪੰਜਾ ਕੇ ਕਾਲ ਮੈ ਛੁੱਟੀ ਚਾਰ ਮਹੀਨੇ ਕੀ ਮੰਗੀ ਉਗਰਾਹੀ ਕੋ ਤਾਂ ਫਰੰਗੀ ਨੇ ਕਹਿਆ ਏਨਾਂ ਬਾਗੜੀਆਂ ਕੋ ਰੋਟੀ ਨਾ ਦਿਓ। ਬਚਨ ਹੋਇਆ ਸੱਦਣ ਕਿਸੇ ਨੂੰ ਜਾਂਦੇ ਨਹੀਂ, ਆਏ ਨੂੰ ਪ੍ਰਸਾਦਾ ਦਿੰਦੇ ਹਾਂ। ਭੁੱਖੇ ਨੂੰ ਜਾਣ ਨਹੀਂ ਦਿੰਦੇ, ਜਿਤਨਾ ਚਿਰ ਅੰਦਰ ਦਾਨੇ ਹੈਂ ਉਤਨਾ ਚਿਰ ਲੰਗਰ ਬੰਦ ਨਹੀਂ ਹੁੰਦਾ ਹੈ। ਦੇਈ ਜਾਣਾ ਹੈ।

ਸੱਚੇ ਪਾਤਸ਼ਾਹ ਦਾ ਲੰਗਰ ਚਲਾਇਆ ਹੋਇਆ ਹੈ ਤੋਟ ਨਹੀਂ ਆਉਂਦੀ। ਫਰੰਗੀ ਨੇ ਕਹਾ ਜਬ ਦਾਣੇ ਬੀ ਮੁੱਕ ਗਏ ਫੇਰ ਕਿਆ ਕਰੋਗੇ। ਬਚਨ ਕੀਤਾ ਗੁਰੂ ਜੀ, ਡੇਰੇ ਕੀਆਂ ਕੜੀਆਂ ਬੇਚ ਕੇ ਬੀ ਲੰਗਰ ਮੈ ਪਾਇ ਦੇਵਾਂਗੇ। ਪਰ ਲੰਗਰ ਬੰਦ ਨਹੀਂ ਹੋਵੇਗਾ। ਫਰੰਗੀ ਬੋਲਿਆ ਯੈਹ ਤੋ ਅੱਛੀ ਬਾਤ ਹੈ। ਅਗਰ ਕੋਈ ਐਸੀ ਬਾਤ ਹੋ ਗਈ ਫਿਰ ਕਿਆ ਕਰੋਗੇ? ਬਚਨ ਹੋਇਆ ਅਸੀਂ ਬੀ ਏਨਾਂ ਕੇ ਸਾਥ ਤੁਰ ਪਵਾਂਗੇ। ਫਰੰਗੀ ਖੁਸ਼ ਹੋਇ ਕੇ ਕਹਾ ਐਸਾ ਲੰਗਰ ਔਰ ਕਹੀਂ ਨਹੀਂ ਹੈ। ਨੰਦਨ ਤਾਈਂ ਉਪਮਾ ਹੋਇ ਰਹੀ ਹੈ। ਲੰਗਰ ਵਾਸਤੇ ਫਰੰਗੀ 52 ਮੁਰੱਬੇ ਜ਼ਮੀਨ ਦੇਂਦਾ ਸੀ ਗੁਰੂ ਹਰੀ ਸਿੰਘ ਜੀ ਬਚਨ ਕੀਤਾ- ਇਹ ਜ਼ਮੀਨਾਂ ਤਾਂ ਸਾਡੀਆਂ ਹੀ ਹੈਂ, ਅਸਾਂ ਲੈ ਹੀ ਲੈਣੀਆਂ ਹੈਂ। ਦੇਨਾ ਹੈ ਤਾਂ ਬਲੈਤ ਬਿਚੋਂ ਦੇ। ਸੁਣ ਕੇ ਫਰੰਗੀ ਫੇਰ ਨਹੀਂ ਬੋਲਿਆ। ਚੁੱਪ ਹੋਇ ਗਿਆ।

ਇਹ ਬਾਗੜੀਆਂ ਦੀ ਵਹੀਰ ਛੇ ਮਹੀਨੇ ਲਗਾਤਾਰ ਸ੍ਰੀ ਭੈਣੀ ਸਾਹਿਬ ਲੰਗਰ ਛਕਦੀ ਰਹੀ। ਬਾਗੜੀ ਜਦੋਂ ਗਏ ਤਾਂ ਕਹਿੰਦੇ ਜਾਣ-

"ਗੁਰੂ ਜੀ ਥਾਰੋ ਭੰਡਾਰੋ ਭਰਪੂਰ ਗੁਰੂ ਜੀ ਥਾਰੋ।
ਤੁਸੀਂ ਜੁਗ-ਜੁਗ ਜੀਓ, ਠਾਰੋ ਕੰਗਾਲੋਂ ਕੇ ਹੀਓ।
ਕਰਦੋ ਕੰਚਨ ਮਨੂਰ, ਗੁਰੂ ਜੀ ਥਾਰੋ।

ਗੁਰੂ ਕੇ ਲਾਂਗਰੀ- ਸੰਤ ਕੰਧਾਰਾ ਸਿੰਘ ਜੀ (ਤਖ਼ਤ ਹਜ਼ਾਰੇ ਦੇ ਅਰੋੜੇ ਸਿੱਖ) ਗੁਰੂ ਹਰੀ ਸਿੰਘ ਜੀ ਦੇ ਸੇਵਕ ਸਨ। ਇਹ ਸੰਤ ਜੀ ਆਪਣੀ ਰਸਤ ਜੋ ਡੇਰੇ ਵਲੋਂ ਮਿਲਦੀ ਸੀ ਹੋਰ ਆਏ ਸਾਧਾਂ ਨੂੰ ਛਕਾ ਆਪ ਸਬਰ ਸੰਤੋਖ ਨਾਲ ਹੀ ਅਨੰਦ ਰਹਿੰਦੇ। ਏਕ ਸਮੇਂ ਗੁਰੂ ਹਰੀ ਸਿੰਘ ਜੀ ਵਾਸਤੇ ਸ਼ਰਦਾਈ ਰਗੜ ਪੁਣ-ਛਾਣ ਗੜਵੇ 'ਚ ਪਾ ਢੱਕ ਕੇ ਗਲਾਸ ਨਾਲ ਲੈ ਚਲੇ। ਅਗੋਂ ਮਿਲੇ ਲੋੜਵੰਦਾਂ ਦੇ ਅਰਜ਼ ਕਰਨ ਤੇ ਆਪ ਭੀ ਲਓ ਜੀ ਸ਼ਰਦਾਈ ਛਕੋ ਕਹਿ ਸੱਤ ਵਾਰੀ ਰਗੜ ਪੁੰਨ ਲੈ ਤੁਰੇ। ਗੁਰੂ ਜੀ ਪਾਸ ਪੁਜੇ ਤੇ ਦੇਰ ਹੋਈ ਤੌਂ ਅੰਦਰੋਂ ਸ਼ਰਮ ਖਾ ਰੋ ਪਏ ਤਾਂ ਗੁਰੂ ਹਰੀ ਸਿੰਘ ਜੀ ਇਨ੍ਹਾਂ ਨੂੰ ਉਚੇਚਾ ਉੱਠ ਅਗੋਂ ਮਿਲ ਧੀਰਜ ਦਿਤਾ ਤੇ ਕਿਹਾ- ਕੰਧਾਰਾ ਸਿੰਘ ਅਸਲ ਸ਼ਰਦਾਈ ਤੂੰ ਮੈਨੂੰ ਅੱਜ ਛਕਾਈ ਏ ਤੇ ਖੁਸ਼ ਹੋ ਵਰ ਦਿਤੇ- ਤੇਰਾ ਇਕ ਦਾ ਦਰਸ਼ਨ ਤੇ ਸੇਵਾ ਤੇਰੀ ਇਕ ਦੀ ਕੀਤੀ ਦਾ ਪੰਜਾਹ ਸਿੰਘਾਂ ਦੀ ਸੇਵਾ ਦਾ ਫਲ ਹੈ।

ਪੂਜਯ ਮਾਤਾ ਜੀਉਣ ਕੌਰ ਅਤੇ ਮਾਤਾ ਫਤਹਿ ਕੌਰ ਜੀ ਤਾਂ ਸਾਧ ਸੰਗਤ ਦੀ ਸੇਵਾ ਹਿਤ ਲੰਗਰ ਵਿਚ ਲਗੇ ਹੀ ਰਹਿੰਦੇ ਅਤੇ ਬਹੁਤ ਸਮਾਂ ਉਨ੍ਹਾਂ ਦਾ ਆਏ-ਗਏ ਦੀ ਸੇਵਾ ਹਿਤ ਹੀ ਲਗਦਾ। ਗੁਰੂ ਹਰੀ ਸਿੰਘ ਜੀ ਦੇ ਵੇਲੇ ਦੇ ਲਾਂਗਰੀ ਅਤੇ ਸੇਵਕ ਉਗਰਾਹੀ ਆਦਿ ਦੇ ਲਿਖੇ ਹਨ- ਸਤਿਗੁਰੂ ਹਰੀ ਸਿੰਘ ਜੀ ਨੂੰ ਸ਼ਰਦਾਈ, ਜਲ ਪਾਣੀ ਆਦਿ ਦੀ ਸੇਵਾ ਮਹੰਤ

ਬਾਕੀ ਸਫ਼ਾ 133 'ਤੇ ....

"ਬਾਗੀ ਪੰਥ ਸਿੰਘਾਂ
ਨਾਮਧਾਰੀਆਂ ਦਾ, ਕਰਨ ਲੱਗੇ ਫਰੰਗੀ ਤੰਗੀਆਂ ਫਿਰ।

Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਕਾਲ: ਕੂਕਾ ਲਹਿਰ ਦਾ ਸਾਹਿਤ

(1872 ਈ: ਤੋਂ 1906 ਈ: ਤੱਕ)

ਭਜਨ ਸਿੰਘ

ਪੰਜਾਬੀ ਸਾਹਿਤ ਦਾ ਵਿਸ਼ੇਸ਼ ਲੱਛਣ ਇਹ ਰਿਹਾ ਹੈ ਕਿ ਇਸ ਦਾ ਜਨਮ ਤੇ ਵਿਕਾਸ ਵੱਖ-ਵੱਖ ਸਮਿਆਂ ਵਿੱਚ ਚਲੀਆਂ ਲਹਿਰਾਂ ਦੇ ਸਹਾਰੇ ਹੋਇਆ ਹੈ। ਇਹੋ ਕਾਰਨ ਹੈ ਕਿ ਇਸਦਾ ਸਮੁੱਚਾ ਮੁਹਾਂਦਰਾ ਲੋਕ-ਪੱਖੀ ਅਤੇ ਲੋਕ-ਹਿਤੈਸ਼ੀ ਹੈ। ਮੱਧਕਾਲ ਵਿਚ ਗੁਰਮਤਿ ਅਤੇ ਸੂਫੀ ਲਹਿਰਾਂ ਚੱਲੀਆਂ, ਜਿਸਦੇ ਫਲਸਰੂਪ ਬੜਾ ਅਮੀਰ ਤੇ ਮੁੱਲਵਾਨ ਸਾਹਿਤ ਪੈਦਾ ਹੋਇਆ। ਆਧੁਨਿਕ ਪੰਜਾਬ ਵਿਚ ਕੂਕਾ ਲਹਿਰ, ਸਿੰਘ ਸਭਾ ਲਹਿਰ, ਅਕਾਲੀ ਲਹਿਰ, ਆਜ਼ਾਦੀ ਅੰਦੋਲਨ ਅਤੇ ਮਗਰੋਂ ਹੋਰ ਕਈ ਲਹਿਰਾਂ ਚੱਲੀਆਂ। ਇਹਨਾਂ ਲਹਿਰਾਂ ਦੇ ਅਸਰ ਅਧੀਨ ਵੀ ਬੇਸ਼ੁਮਾਰ ਅਤੇ ਕੀਮਤੀ ਸਾਹਿਤ ਪੈਦਾ ਹੋਇਆ। [1] ਕੂਕਾ ਅੰਦੋਲਨ ਦੇ ਸਾਹਿਤ ਦਾ ਮੁੱਢ 19ਵੀਂ ਸਦੀ ਦੇ ਮਗਰਲੇ ਅੱਧ ਵਿੱਚ ਬੱਝਦਾ ਹੈ। ਜਿਨ੍ਹਾਂ ਪਰਸਥਿਤਿਆਂ ਵਿੱਚ ਇਹ ਸਾਹਿਤ ਪੈਦਾ ਹੋਇਆ, ਉਹ ਪਰਸਥਿਤਿਆਂ ਕੂਕਿਆਂ ਦੇ ਅਨੁਕੂਲ ਨਹੀਂ ਸਨ। 1872ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਜਾਣ ਮਗਰੋਂ ਅੰਗਰੇਜ਼ ਸਰਕਾਰ ਨੇ ਕੂਕਿਆਂ ਦੀਆਂ ਸਾਰੀਆਂ ਗਤੀਵਿਧੀਆਂ ਉਤੇ ਕਰੜੀ ਨਿਗ੍ਹਾ ਰੱਖੀ ਹੋਈ ਸੀ। ਕੂਕੇ ਅਤਿ ਮੁਸ਼ਕਿਲਾਂ ਦੇ ਦੌਰ ਵਿਚੋਂ ਗੁਜ਼ਰ ਰਹੇ ਸਨ। ਇਸ ਸਮੇਂ ਕੂਕਿਆਂ ਦੀ ਅਗਵਾਈ ਸਤਿਗੁਰੂ ਹਰੀ ਸਿੰਘ ਜੀ ਕਰ ਰਹੇ ਸਨ। ਇਕ ਪਾਸੇ ਅੰਗਰੇਜ਼ ਸਰਕਾਰ ਕੂਕਿਆਂ ਨੂੰ ਖ਼ਤਮ ਕਰਨ ਤੇ ਤੁਲੀ ਹੋਈ ਸੀ, ਪਰ ਦੂਜੇ ਪਾਸੇ ਕੂਕੇ ਪਤਾ ਨਹੀਂ ਕਿਹੜੀ ਮਿੱਟੀ ਦੇ ਬਣੇ ਹੋਏ ਸਨ ਕਿ ਉਹ ਵਿਦੇਸ਼ ਬੈਠੇ ਆਪਣੇ ਗੁਰੂ ਨਾਲ ਚਿੱਠੀ ਪੱਤਰ ਰਾਹੀਂ ਸੰਪਰਕ ਕਾਇਮ ਰੱਖ ਕੇ ਅੰਗਰੇਜ਼ ਨੂੰ ਭਾਰਤ ਵਿਚੋਂ ਕੱਢਣ ਦੀ ਠਾਣੀ ਬੈਠੇ ਸਨ। ਕੂਕਿਆਂ ਦੇ ਸਾਹਿਤ ਦੇ ਇਤਿਹਾਸ ਦਾ ਮੁੱਢ ਵੀ ਇਹਨਾਂ ਪੱਤਰਾਂ ਜਾਂ ਹੁਕਮਨਾਮਿਆਂ ਰਾਹੀਂ ਹੀ ਬੱਝਦਾ ਹੈ।

ਕੂਕਾ ਸਹਿਤ ਦੇ ਆਰੰਭ ਵਿਚ ਪਰਿਸਥਿਤਿਆਂ ਪ੍ਰਤੀਕੂਲ ਹੋਣ ਕਾਰਨ ਕੂਕਾ ਸਾਹਿਤ ਦਾ ਬਹੁਤ ਸਾਰਾ ਕੀਮਤੀ ਖਜ਼ਾਨਾ ਸਮੇਂ ਦੀ ਗਰਦਿਸ਼ ਵਿਚ ਗੁੰਮ ਹੋ ਗਿਆ। ਅੰਗਰੇਜ਼ ਜਿਥੇ ਕੂਕਿਆਂ ਦੀਆਂ ਸੰਘਰਸ਼ਮਈ ਗਤੀਵਿਧੀਆਂ ਤੋਂ ਡਰਦਾ ਸੀ, ਉਥੇ ਉਹ ਨਾਮਧਾਰੀ ਸਾਹਿਤ ਨੂੰ ਵੀ ਖਾਸ ਕਰਕੇ ਕਵਿਤਾ ਨੂੰ ਬਗਾਵਤ ਦਾ ਇਕ ਅੰਗ ਸਮਝਦਾ ਸੀ। ਇਸ ਕਰਕੇ ਕੂਕਿਆਂ ਦੀਆਂ ਬਹੁਤ ਸਾਰੀਆਂ ਰਚਨਾਵਾਂ ਜ਼ਬਤ ਹੋਈਆਂ, ਲਿਖਾਰੀਆਂ ਨੂੰ ਇਹਨਾਂ ਲਿਖਤਾਂ ਕਰਕੇ ਜੇਲ੍ਹਾਂ ਵੀ ਕੱਟਣੀਆਂ ਪਈਆਂ।

ਨਾਮਧਾਰੀ ਸਾਹਿਤ ਦੀ ਕਾਲ ਵੰਡ ਨਾਮਧਾਰੀ ਸਤਿਗੁਰੂ ਸਾਹਿਬਾਨ ਦੀ ਕਾਲ-ਦਮਨ ਪਰੰਪਰਾ ਅਨੁਸਾਰ ਪ੍ਰੋਫੈਸਰ ਕ੍ਰਿਪਾਲ ਸਿੰਘ ਕਸੇਲ ਨੇ ਇੰਜ ਕੀਤੀ ਹੈ:-

1. 1857 ਈ: ਤੋਂ 1906 ਈ: ਤੱਕ (ਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਕਾਲ)
2. 1906 ਈ: ਤੋਂ 1959 ਈ: ਤੱਕ (ਸਤਿਗੁਰੂ ਪ੍ਰਤਾਪ ਸਿੰਘ ਕਾਲ)
3. 1959 ਈ: ਤੋਂ ਹੁਣ ਤੱਕ (ਸਤਿਗੁਰੂ ਜਗਜੀਤ ਸਿੰਘ ਕਾਲ) [2]

1857 ਈ: ਤੋਂ 1872 ਈ: ਤੱਕ ਕੋਈ ਵੀ ਨਾਮਧਾਰੀ ਸਾਹਿਤ ਨਾਲ ਸੰਬੰਧਿਤ ਰਚਨਾ ਪੈਦਾ ਨਹੀਂ ਹੋਈ। ਨਾਮਧਾਰੀ ਸਾਹਿਤ ਦੀ ਸਭ ਤੋਂ ਪਹਿਲੀ ਰਚਨਾ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਨੂੰ ਮੰਨਿਆ ਜਾਂਦਾ ਹੈ। ਇਹ ਹੁਕਮਨਾਮੇ 1872 ਈ: ਤੋਂ ਬਾਅਦ ਲਿਖੇ ਗਏ ਹਨ। ਇਸ ਕਰਕੇ ਹੱਥਲੇ ਖੋਜ-ਪੱਤਰ ਵਿੱਚ 1872 ਈ. ਤੋਂ ਸ਼ੁਰੂ ਕਰਕੇ 1906 ਈ. ਤੱਕ ਰੱਖ ਕੇ ਇਸਦਾ ਨਾਮ 'ਗੁਰੂ ਹਰੀ ਸਿੰਘ ਕਾਲ' ਰੱਖਿਆ ਹੈ।

ਨਾਮਧਾਰੀ ਸਾਹਿਤ ਨੂੰ ਪੜ੍ਹਨ ਅਤੇ ਵਾਚਣ ਤੋਂ ਪਹਿਲਾਂ ਇੱਕ ਗੱਲ ਨੂੰ ਹੋਰ ਸਮਝਣਾ ਅਤਿ ਜ਼ਰੂਰੀ ਹੈ। ਉਹ ਇਹ ਹੈ ਕਿ ਨਾਮਧਾਰੀ ਲਹਿਰ ਦਾ ਸਾਹਿਤ ਲਿਖਣ ਵਾਲੇ ਦੋ ਤਰ੍ਹਾਂ ਦੇ ਲੇਖਕ ਹਨ। ਪਹਿਲੇ ਹਨ ਨਾਮਧਾਰੀ ਲੇਖਕ, ਅਤੇ ਦੂਜੇ ਹਨ ਗੈਰ ਨਾਮਧਾਰੀ ਲੇਖਕ, ਜੋ ਇਸ ਲਹਿਰ ਬਾਰੇ ਲਿਖਦੇ ਹਨ। ਇਹ ਦੋਵੇਂ ਤਰ੍ਹਾਂ ਦੇ ਲੇਖਕ ਨਾਮਧਾਰੀ ਲਹਿਰ ਬਾਰੇ ਮੁੱਢ ਤੋਂ ਲੈ ਕੇ ਹੁਣ ਤੱਕ ਲਿਖ ਰਹੇ ਹਨ। ਗੁਰੂ ਹਰੀ ਸਿੰਘ ਕਾਲ ਦੇ ਕੂਕਾ ਸਾਹਿਤ ਵਿਚ ਬਾਕੀ ਤਾਂ ਸਾਰੇ ਲੇਖਕ ਨਾਮਧਾਰੀ ਹਨ, ਪਰ ਗਿਆਨੀ ਗਿਆਨ ਸਿੰਘ ਨਿਰਮਲ ਸੰਪ੍ਰਦਾਇ ਵਿਚੋਂ ਹਨ ਤੇ ਉਹ ਵੀ ਕੂਕਿਆਂ ਵੱਲੋਂ ਦੇਸ਼

Namdhari Elibrary NamdhariElibrary@gmail.com

ਆਜ਼ਾਦੀ ਲਈ ਵਿੱਢੇ ਸੰਗਰਾਮ ਦਾ ਜ਼ਿਕਰ ਆਪਣੀ ਕਲਮ ਨਾਲ ਕਰਦੇ ਹਨ।

ਨਾਮਧਾਰੀ ਲਹਿਰ ਕਾਲ ਸੰਬੰਧਿਤ ਸਾਹਿਤ ਵਿੱਚ ਵਿਸ਼ੇ ਅਤੇ ਰੂਪ ਦੋਹਾਂ ਪੱਖੋਂ ਕਾਫ਼ੀ ਵੰਨਗੀਆਂ ਹਨ। ਰੂਪ ਪੱਖੋਂ ਕਵਿਤਾ (ਮਹਾਂ ਕਾਵਿ, ਪ੍ਰਬੰਧ ਕਾਵਿ) ਅਤੇ ਵਾਰਤਕ (ਨਾਵਲ, ਕਹਾਣੀ, ਨਾਟਕ, ਨਿਬੰਧ, ਟੀਕੇ, ਅਨੁਵਾਦ, ਆਲੋਚਨਾ) ਦੋਹਾਂ ਵਿਚ ਹੀ ਸਾਹਿਤ ਸਿਰਜਿਆ ਗਿਆ ਹੈ। ਗੁਰੂ ਹਰੀ ਸਿੰਘ ਕਾਲ ਦੇ ਕੂਕਾ ਲਹਿਰ ਨਾਲ ਸੰਬੰਧਿਤ ਸਾਹਿਤ ਦੇ ਰਚਨਾਕਾਰਾਂ ਅਤੇ ਉਹਨਾਂ ਦੀਆਂ ਰਚਨਾਵਾਂ ਨੂੰ ਅਸੀਂ ਹੇਠਲੇ ਚਾਰਟ ਰਾਹੀਂ ਸਮਝ ਸਕਦੇ ਹਾਂ:-



ਨਾਮਧਾਰੀ ਲਹਿਰ ਦੀ ਵਾਰਤਕ:- 'ਗੁਰੂ ਹਰੀ ਸਿੰਘ ਕਾਲ' ਦੇ ਨਾਮਧਾਰੀ ਲਹਿਰ ਨਾਲ ਸੰਬੰਧਿਤ ਮੁੱਖ ਵਾਰਤਕਾਰ ਇਸ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਅਤੇ ਸੰਤੋਖ ਸਿੰਘ ਬਾਹੋਵਾਲ ਹਨ। ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਜੀ ਦੀ ਵਾਰਤਕ ਤਾਂ ਚਿੱਠੀ, ਪੱਤਰ ਰੂਪ ਵਿੱਚ ਹੀ ਪ੍ਰਾਪਤ ਹੈ, ਪਰ ਵਾਰਤਕ ਵਿੱਚ ਨਿੱਠ ਕੇ ਲਿਖਤ ਦਾ ਕੰਮ ਤੇ ਸੰਤੋਖ ਸਿੰਘ ਬਾਹੋਵਾਲ ਨੇ ਕੀਤਾ ਹੈ। ਸਤਿਗੁਰੂ ਰਾਮ ਸਿੰਘ ਦੇ ਹੁਕਮਨਾਮਿਆਂ ਅਤੇ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਦੀ ਵਾਰਤਕ ਨੂੰ ਅਸੀਂ ਪੰਜਾਬੀ ਸਾਹਿਤ ਦੀ ਪੁਰਾਤਨ ਅਤੇ ਆਧੁਨਿਕ ਵਾਰਤਕ ਵਿਚਲੀ ਕੜੀ ਮਿੱਥ ਸਕਦੇ ਹਾਂ, ਕਿਉਂਕਿ ਇਹ ਵਾਰਤਕ ਪੁਰਾਤਨਤਾ ਦਾ ਤਿਆਗ ਕਰਦੀ ਅਤੇ ਆਧੁਨਿਕਤਾ ਨੂੰ ਗ੍ਰਹਿਣ ਕਰਦੀ ਨਜ਼ਰ ਆਉਂਦੀ ਹੈ। ਸਵਰਨ ਸਿੰਘ ਸਨੇਹੀ ਆਪਣੇ ਇਕ ਲੇਖ ਵਿਚ ਨਾਮਧਾਰੀ ਸਾਹਿਤ ਸੰਬੰਧੀ ਇਕ ਹੋਰ ਬਹੁਤ ਹੀ ਦਿਲਚਸਪ ਗੱਲ ਸਾਂਝੀ ਕਰਦੇ ਹਨ—

"ਜਿਥੇ ਆਮ ਕਰਕੇ ਸਾਹਿਤ ਦਾ ਮੁੱਢ ਕਵਿਤਾ ਤੋਂ ਬੱਝਦਾ ਹੈ, ਉਥੇ ਨਾਮਧਾਰੀਆਂ ਵਿਚ ਇਹ ਗੱਲ ਬਿਲਕੁਲ ਉਲਟ ਹੈ। ਕੂਕਿਆਂ ਦਾ ਪੰਥ ਨਿਆਰਾ ਵਾਲੀ ਲੋਕੋਕਤੀ ਜੀਵਨ ਦੇ ਹੋਰ ਕਿਸੇ ਖੇਤਰ ਤੇ ਪੂਰੀ ਢੁੱਕਦੀ ਹੋਵੇ ਜਾਂ ਨਾ, ਪਰ ਸਾਹਿਤ ਸਿਰਜਨ ਦੇ ਖੇਤਰ ਵਿਚ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ। ਗੱਲ ਚਾਹੇ ਸਾਹਿਤਕ ਕ੍ਰਿਤਾਂ ਤੋਂ ਸ਼ੁਰੂ ਕਰੀਏ ਤੇ ਚਾਹੇ ਸਾਹਿਤ ਰੂਪਾਂ ਤੋਂ, ਪਹਿਲਾਂ ਵਾਰਤਕ ਹੀ ਅੱਗੇ ਆਉਂਦੀ ਹੈ, ਕਿਉਂ ਜੋ ਨਾਮਧਾਰੀ ਸਾਹਿਤ ਦਾ ਮੁੱਢ ਵਾਰਤਕ ਨਾਲ ਬੱਝਦਾ ਹੈ।"[3]

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ:- ਨਾਮਧਾਰੀ ਸਾਹਿਤ ਦੀ ਸਭ ਤੋਂ ਪਹਿਲੀ ਲਿਖਤ ਇਸ ਲਹਿਰ ਦੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਵਲੋਂ ਲਿਖੇ ਹੁਕਮਨਾਮੇ ਹਨ। ਇਸ ਲਿਖਤ ਦਾ ਰਚਨਾਕਾਲ ਉਨ੍ਹੀਵੀਂ ਸਦੀ ਦਾ ਅੱਠਵਾਂ ਤੇ ਨੌਵਾਂ ਦਹਾਕਾ ਹੈ। 1872 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ। ਇਸ ਤੋਂ ਬਾਅਦ ਬਹੁਤ ਸਾਰੇ ਨਾਮਧਾਰੀ ਸਿੱਖ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਰੰਗੂਨ ਤੇ ਫਿਰ ਮਰਗੋਈ ਤੱਕ ਪਹੁੰਚੇ। ਇਹਨਾਂ ਸਿੰਘਾਂ ਦੀ ਗਿਣਤੀ ਇੱਕ ਸੈਂਕੜੇ ਦੇ ਨੇੜੇ-ਤੇੜੇ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਜਸਵਿੰਦਰ ਸਿੰਘ ਹਿਸਟੋਰੀਅਨ ਵਲੋਂ

Namdhari Elibrary NamdhariElibrary@gmail.com

ਸੰਪਾਦਿਤ ਕੀਤੇ ਗਏ ਹਨ, ਇਹਨਾਂ ਦੀ ਗਿਣਤੀ 65 ਹੈ। ਜਸਵਿੰਦਰ ਸਿੰਘ ਹੁਰਾਂ ਅਨੁਸਾਰ ਬਹੁਤ ਸਾਰੇ ਹੁਕਮਨਾਮੇ ਗੁਆਚ ਵੀ ਗਏ ਹਨ। ਸਭ ਤੋਂ ਪਹਿਲਾ ਹੁਕਮਨਾਮਾ ਦਰਬਾਰਾ ਸਿੰਘ ਨੇ ਲਿਆਂਦਾ। ਉਸ ਤੋਂ ਬਾਅਦ ਹਰਨਾਮ ਸਿੰਘ ਤੇ ਉਸਦੀ ਪਤਨੀ ਬੀਬੀ ਚੰਦੋ ਲੈ ਕੇ ਆਏ। ਹੁਕਮਨਾਮਾ ਲੈ ਕੇ ਆਉਣ ਵਾਲੇ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਹੁਕਮ ਹੁੰਦਾ ਸੀ ਕਿ ਹੁਕਮਨਾਮਾ ਸੁਣਾ ਕੇ ਅੱਗ ਵਿਚ ਸਾੜ ਦੇਣਾ ਜਾਂ ਪਾਣੀ ਵਿਚ ਗਾਲ ਦੇਣਾ। ਉਹਨਾਂ ਦਾ ਮੰਤਵ ਸੀ ਕਿ ਬਰਤਾਨਵੀ ਅਧਿਕਾਰੀਆਂ ਨੂੰ ਇਸ ਸੰਪਰਕ ਸੂਤਰ ਦੀ ਭਿਣਕ ਨਾ ਪਵੇ। ਜਿਹੜੇ ਹੁਕਮਨਾਮੇ ਅੰਗਰੇਜ਼ ਅਧਿਕਾਰੀਆਂ ਹੱਥ ਲੱਗੇ ਉਹ ਜ਼ਬਤ ਕਰ ਲਏ ਗਏ। ਨਰੈਣ ਸਿੰਘ ਰੋਡੇ ਤੋਂ ਪੁਲਿਸ ਕਪਤਾਨ ਜੇ.ਪੀ. ਬਾਰਬਟਨ ਨੇ 18 ਜੂਨ 1879 ਈ: ਨੂੰ ਜਗਰਾਓਂ ਨੇੜਿਓਂ ਤਲਾਸ਼ੀ ਕਰਦੇ ਸਮੇਂ 28 ਹੁਕਮਨਾਮੇ ਫੜੇ ਸਨ। ਜਿਨ੍ਹਾਂ ਦਾ ਅੰਗਰੇਜ਼ੀ ਅਨੁਵਾਦ ਵੀ ਕਰਵਾਇਆ ਗਿਆ ਸੀ। ਜਸਵਿੰਦਰ ਸਿੰਘ ਹਿਸਟੋਰੀਅਨ ਲਿਖਦੇ ਹਨ, "1877 ਈ: ਤੋਂ 1881 ਈ: ਤੱਕ ਅਨੇਕਾਂ ਹੁਕਮਨਾਮੇ ਅੰਗਰੇਜ਼ ਸਰਕਾਰ ਨੇ ਨਾਮਧਾਰੀ ਸਿੰਘਾਂ ਦੀਆਂ ਤਲਾਸ਼ੀਆਂ ਸਮੇਂ ਪਕੜੇ ਸਨ ਅਤੇ ਕਈ ਹੁਕਮਨਾਮਿਆਂ ਦੇ ਉਤਾਰੇ ਕਰਕੇ ਮੁਖਬਰਾਂ ਨੇ ਬਾਰਬਟਨ ਅਤੇ ਸ੍ਰ: ਅਤਰ ਸਿੰਘ ਭਦੌੜ ਰਾਹੀਂ ਸਰਕਾਰ ਪਾਸ ਪਹੁੰਚਾਏ ਸਨ।[4] 1880 ਈ: ਵਿਚ ਧੰਨਾ ਸਿੰਘ ਗੁੰਮਟੀ ਵਾਲੇ ਕੋਲੋਂ ਹੁਕਮਨਾਮਾ ਪਕੜੇ ਜਾਣ ਤੋਂ ਛੇਤੀ ਮਗਰੋਂ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਤੋਂ ਮਰਗੋਈ ਭੇਜ ਦਿੱਤਾ ਸੀ। ਉਥੇ ਵੀ ਮੀਹਾਂ ਸਿੰਘ ਸਰਹਾਲੀ ਰੂਸ ਤੋਂ ਬਾਬਾ ਗੁਰਚਰਨ ਸਿੰਘ ਦੁਆਰਾ ਲਿਆਂਦੇ ਮਹੱਤਵਪੂਰਣ ਪੱਤਰ ਨੂੰ ਗੁਰੂ ਸਾਹਿਬ ਤੱਕ ਪਹੁੰਚਾਉਣ ਲਈ ਮਰਗੋਈ ਪਹੁੰਚ ਗਿਆ ਸੀ। ਨਾਮਧਾਰੀ ਸਿੱਖਾਂ ਨੇ ਸਤਿਗੁਰੂ ਰਾਮ ਸਿੰਘ ਜੀ ਨਾਲ ਚਿੱਠੀ-ਪੱਤਰ ਰਾਹੀਂ ਸੰਪਰਕ ਬਣਾਈ ਰੱਖਣ ਲਈ ਆਪਣੀਆਂ ਜਾਇਦਾਦਾਂ, ਘਰ-ਘਾਟ ਤੱਕ ਵੇਚ ਦਿੱਤੇ ਸਨ। ਸਤਿਗੁਰੂ ਰਾਮ ਸਿੰਘ ਜੀ ਦਾ ਸੰਪਰਕ ਰੰਗੂਨ, ਮਰਗੋਈ 'ਚ ਬੈਠਿਆਂ ਪੰਜਾਬ ਵਿਚ ਸਤਿਗੁਰੂ ਹਰੀ ਸਿੰਘ ਜੀ ਨਾਲ ਅਤੇ ਇਸ ਤੋਂ ਇਲਾਵਾ ਰੂਸ, ਨੇਪਾਲ, ਭੂਟਾਨ ਆਦਿ ਦੇਸ਼ਾਂ ਨਾਲ ਸੀ।

ਨਜ਼ਰਬੰਦੀ ਸਮੇਂ 1875 ਈ: ਤੋਂ 1881 ਈ: ਦੌਰਾਨ ਸਤਿਗੁਰੂ ਰਾਮ ਸਿੰਘ ਜੀ ਵਲੋਂ ਲਿਖੇ ਗਏ ਹੁਕਮਨਾਮੇ ਨਾਮਧਾਰੀ ਇਤਿਹਾਸ ਦੇ ਤਾਂ ਪਰਮਾਣਿਕ ਦਸਤਾਵੇਜ਼ ਹਨ ਹੀ, ਭਾਰਤ ਦੇ ਕੌਮੀ ਸੁਤੰਤਰਤਾ ਸੰਗ੍ਰਾਮ ਨਾਲ ਸੰਬੰਧਿਤ ਹੋਣ ਕਰਕੇ ਇਹ ਸਾਡਾ ਸਾਂਝਾ ਬੇਸ਼ਕੀਮਤੀ ਕੌਮੀ ਸਰਮਾਇਆ ਵੀ ਹਨ। ਇਤਿਹਾਸ, ਧਾਰਮਿਕ, ਸਮਾਜਿਕ, ਰਾਜਨੀਤਕ ਤੇ ਸਾਹਿਤਕ ਪਖੋਂ ਮਹੱਤਵਪੂਰਣ ਦਸਤਾਵੇਜ਼ ਦਾ ਰੁਤਬਾ ਰੱਖਣ ਵਾਲੇ ਇਹ ਹੁਕਮਨਾਮੇ ਗੁਰਮਤ ਆਦਰਸ਼ਾਂ ਨੂੰ ਪ੍ਰਣਾਏ, ਸੱਚੇ ਰਾਸ਼ਟਰ-ਭਗਤ ਅਤੇ ਭਵਿੱਖਮੁਖੀ ਦ੍ਰਿਸ਼ਟੀ ਵਾਲੇ ਰਹਿਨੁਮਾ ਦੀ ਮਨੋਵੇਦਨਾ ਦਾ ਇਜ਼ਹਾਰ ਕਰਦੇ ਹਨ, ਜੋ ਆਪਣੇ ਵਤਨ ਤੋਂ ਦੂਰ ਬੈਠਾ ਪ੍ਰਾਣਾਂ ਤੋਂ ਵੀ ਪਿਆਰੇ ਪੰਥ ਦੇ ਵਿਛੋੜੇ ਦਾ ਸੱਲ ਸਹਿੰਦਾ ਹੈ। ਇਹਨਾਂ ਹੁਕਮਨਾਮਿਆਂ ਵਿਚੋਂ ਗੁਰੂ ਜੀ ਦੇ ਪੰਥ-ਪਿਆਰ, ਆਪਣੇ ਵਤਨ ਨੂੰ ਆਜ਼ਾਦ ਕਰਵਾਉਣ ਦੀ ਸਿੱਕ ਅਤੇ ਉਸ ਤੜਪ ਤੇ ਲਾਚਾਰੀ ਦੇ ਦਰਸ਼ਨ ਵੀ ਹੁੰਦੇ ਹਨ ਜੋ ਵੱਡੇ ਜੋਖਮ ਲਾਹ ਕੇ ਸਤਿਗੁਰਾਂ ਨੂੰ ਮਿਲਣ ਗਏ ਸ਼ਰਧਾਲੂ ਕੂਕਿਆਂ ਨੂੰ ਨਾ ਮਿਲ ਸਕਣ, ਨਾ ਗੱਲ ਕਰ ਸਕਣ ਤੇ ਨਾ ਅੰਨ-ਪਾਣੀ ਦੀ ਸੇਵਾ ਕਰ ਸਕਣ ਦੀ ਮਜ਼ਬੂਰੀ ਚੋਂ ਉਠਦੀ ਹੈ।[5]

ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਰਾਜਨੀਤਕ ਪੱਖੋਂ ਬਹੁਤ ਮਹੱਤਵਪੂਰਨ ਹਨ। ਇਹਨਾਂ ਹੁਕਮਨਾਮਿਆਂ ਵਿਚ ਅੰਗਰੇਜ਼ ਵਿਰੁੱਧ ਚੱਲ ਰਹੀਆਂ ਗਤੀਵਿਧੀਆਂ ਸਪੱਸ਼ਟ ਦਿਖਾਈ ਦਿੰਦੀਆਂ ਹਨ। ਰੂਸ ਦੇ ਪੰਜਾਬ ਆਉਣ ਬਾਰੇ, ਰੂਸ-ਟਰਕੀ ਲੜਾਈ ਆਦਿ ਬਾਰੇ ਜ਼ਿਕਰ ਹੈ। ਇਸ ਤੋਂ ਇਲਾਵਾ ਚੌਧੇ (1857 ਈ:) ਦੇ ਗਦਰ ਵਰਗੇ ਹਾਲਾਤ ਅੰਗਰੇਜ਼ੀ ਸਰਕਾਰ ਵਿਰੁੱਧ ਭਵਿੱਖ-ਵਾਕ ਆਦਿ ਵੀ ਮਿਲਦੇ ਹਨ। ਜਿਵੇਂ- "ਪਿਛੋ ਤਾ ਲਿਆਏ ਹੈ, ਜੋ ਏਥੇ ਰਹਾ ਤਾ ਚੌਧੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਇਹ ਡਰ ਹੈ ਭਾਈ ਚਿੱਠੀ ਭੇਜ ਕੇ ਪਿਛੇ ਸੂੜ ਕਰਾ ਦੇਊ, ਇਹ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ, ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ।" **(ਹੁਕਮਨਾਮਾ-7)**

ਲੜਕੀਆਂ ਨੂੰ ਪੜ੍ਹਾਉਣ ਬਾਰੇ ਬੜੇ ਮਾਅਰਕੇ ਦੇ ਬਚਨ ਹਨ, "ਹੋਰ ਲੜਕੇ ਲੜਕੀਆਂ ਨੂੰ ਅਖਰ ਪੜਾਇ ਦੇਣੇ। ਹੋਰ ਲੜਕੀ ਨਾ ਕਿਸੇ ਨੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲੜਕੀ ਦੇ ਦਮ ਲੈਣੇ। ਜਿਹੜਾ ਲੜਕੀ ਮਾਰੇ, ਬੇਚੇ, ਬਟਾ ਕਰੇ, ਉਸਦੇ ਹੱਥ ਦਾ, ਘਰ ਦਾ ਅੰਨ-ਪਾਣੀ ਨਹੀਂ ਵਰਤਣਾ। ਉਸ ਨੂੰ ਸੰਗਤ ਬਿਚ ਨਹੀਂ ਬੜਨ ਦੇਣਾ।" **(ਹੁਕਮਨਾਮਾ-20)**

ਅੱਜ ਦੇ ਪਦਾਰਥਵਾਦੀ ਤੇ ਉਪਭੋਗਤਾਵਾਦੀ ਯੁੱਗ ਵਿੱਚ ਮਨੁੱਖੀ ਮਨ ਦੀ ਲਾਲਚ ਭਰੀ ਸੋਚ ਨੂੰ ਸੁਧਾਰਨ ਲਈ ਵੀ ਇਹ ਹੁਕਮਨਾਮੇ ਪ੍ਰਸੰਗਕ ਹਨ। ਜਿਵੇਂ- "ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧਕਾ ਕਰਕੇ, ਨਾ ਚੋਰੀ

Namdhari Elibrary NamdhariElibrary@gmail.com

ਕਰਕੇ, ਨਾ ਠਗੀ ਕਰਕੇ, ਕਖ ਆਦਿਕ ਬੀ ਨਹੀ ਲੈਣਾ। ਗੁਰੂ ਜੀ ਦਾ ਹੁਕਮ ਹੈ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ।' **(ਹੁਕਮਨਾਮਾ-20)**

ਜਿਥੋਂ ਤੱਕ ਇਹਨਾਂ ਹੁਕਮਨਾਮਿਆਂ ਦੇ ਸਾਹਿਤਕ ਮਹੱਤਵ ਦਾ ਸੁਆਲ ਹੈ, ਇਹ ਉਨੀਵੀਂ ਸਦੀ ਦੇ ਦੂਜੇ ਅੱਧ ਦੀ ਪੰਜਾਬੀ ਗੱਦ ਰਚਨਾ ਦਾ ਉਤਕ੍ਰਿਸ਼ਟ ਪ੍ਰਮਾਣ ਹਨ। ਦਰਅਸਲ ਸਤਿਗੁਰੂ ਜੀ ਨੂੰ ਹੋਰ ਬਹੁਤ ਸਾਰੀਆਂ ਕਾਰਵਾਈਆਂ ਦੇ ਮੋਢੀ ਹੋਣ ਦੇ ਨਾਲ-ਨਾਲ ਹੀ ਆਧੁਨਿਕ ਪੰਜਾਬੀ ਵਾਰਤਕ ਦਾ ਪਿਤਾਮਾ ਵੀ ਮੰਨਿਆ ਜਾ ਸਕਦਾ ਹੈ। ਉਸ ਸਮੇਂ ਦੇ ਹੋਰ ਪੰਜਾਬੀ ਵਾਰਤਕਕਾਰਾਂ ਸ਼ਰਧਾ ਰਾਮ ਫਲੌਰੀ, ਗਿਆਨੀ ਦਿੱਤ ਸਿੰਘ, ਪ੍ਰੋ. ਗੁਰਮੁੱਖ ਸਿੰਘ ਤੇ ਗਿਆਨੀ ਗਿਆਨ ਸਿੰਘ ਹੋਰਾਂ ਦੀ ਗੱਦ ਰਚਨਾ ਨਾਲ ਜਦੋਂ ਹੁਕਮਨਾਮਿਆਂ ਦੀ ਵਾਰਤਕ ਦੀ ਤੁਲਨਾ ਕੀਤੀ ਜਾਵੇਗੀ ਤਾਂ ਇਹ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚਾਲੇ ਇਕ ਮਹੱਤਵਪੂਰਨ ਕੜੀ ਦੇ ਤੌਰ 'ਤੇ ਨਜ਼ਰ ਆਏਗੀ। ਇਸ ਵਿੱਚ ਇਹ ਲੌਕਿਕ ਤੇ ਪਾਰ ਲੌਕਿਕ ਦੋਵੇਂ ਰੰਗ ਹਨ।[6] ਡਾ. ਹਰਿਭਜਨ ਸਿੰਘ ਅਨੁਸਾਰ- ਜਿਸ ਕਾਲਖੰਡ (ਉਨ੍ਹੀਵੀਂ ਸਦੀ ਦਾ ਦੂਜਾ ਅੱਧ) ਵਿੱਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤੱਕ ਪੰਜਾਬੀ ਵਾਰਤਕ ਦਾ ਕੋਈ ਸਮੱਸ਼ਟ ਨਮੂਨਾ ਉੱਭਰ ਕੇ ਸਾਹਮਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਸਨ। ਪੰਜਾਬੀ ਬੋਲਚਾਲ ਦੇ ਯੁਗ ਵਿਚੋਂ ਨਿਕਲਕੇ ਲਿਖਤ ਦੇ ਯੁਗ ਵਿੱਚ ਪ੍ਰਵੇਸ਼ ਕਰ ਰਹੀ ਸੀ।'

ਇਹ ਹੁਕਮਨਾਮੇ ਪੁਰਾਤਨ ਪੰਜਾਬੀ ਵਾਰਤਕ ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚ ਇਕ ਪੁਲ ਦਾ ਕੰਮ ਕਰਦੇ ਹਨ। ਇਹਨਾਂ ਹੁਕਮਨਾਮਿਆਂ ਦੀ ਸ਼ੈਲੀ ਬੜੀ ਸਰਲ ਤੇ ਸਪੱਸ਼ਟ ਦਿਖਾਈ ਦੇਂਦੀ ਹੈ। ਇਹ ਹੁਕਮਨਾਮੇ ਉਨ੍ਹੀਵੀਂ ਸਦੀ ਦਾ ਇਕ ਨਿਵੇਕਲਾ ਰੰਗ ਪੈਦਾ ਕਰਦੇ ਹਨ। ਇਹਨਾਂ ਦੀ ਭਾਸ਼ਾ ਲੁਧਿਆਣੇ ਜਿਲ੍ਹੇ ਵਿਚ ਬੋਲੀ ਜਾਣ ਵਾਲੀ ਉਸ ਸਮੇਂ ਦੀ ਮਲਵਈ ਹੈ। "ਹੁਕਮਨਾਮਿਆਂ ਵਿਚ ਭਾਵੇਂ ਸਥਾਨਕ ਮਲਵਈ ਰੰਗ ਭਾਰੂ ਹੈ ਪਰ ਕਿਤੇ ਕਿਤੇ ਬ੍ਰਜ ਭਾਸ਼ਾ ਦਾ ਮਿਸ਼ਰਣ ਇਸ ਗੱਲ ਦਾ ਪ੍ਰਮਾਣ ਹੈ ਕਿ 18ਵੀਂ 19ਵੀਂ ਸਦੀ ਵਿਚ ਸਿੱਖ ਵਿਦਵਾਨਾਂ ਦਾ ਰੁਝਾਨ ਬ੍ਰਜ ਭਾਸ਼ਾ ਵੱਲ ਰਿਹਾ ਹੈ। ਗੁਰਬਾਣੀ ਦੇ ਭਾਸ਼ਾਈ ਤੇ ਵਿਆਕਰਣਕ ਪ੍ਰਭਾਵ ਕਾਰਨ ਇਨ੍ਹਾਂ ਹੁਕਮਨਾਮਿਆਂ ਵਿਚ ਸ਼ਬਦ ਜੋੜ ਤੇ ਲਿਪੀ ਚਿੰਨ੍ਹ ਗੁਰਬਾਣੀ ਵਾਲੇ ਹਨ। ਉਨ੍ਹੀਵੀਂ ਸਦੀ ਵਿਚ ਪੰਜਾਬੀ ਭਾਸ਼ਾ ਦਾ 'ਬੋਲ' ਤੇ 'ਲਿਖਤ' ਰੂਪ ਕਿਹੋ ਜਿਹਾ ਸੀ? ਇਹ ਹੁਕਮਨਾਮੇ ਇਸਦਾ ਦਸਤਾਵੇਜ਼ੀ ਪ੍ਰਮਾਣ ਹਨ।"[8]

ਸਤਿਗੁਰੂ ਹਰੀ ਸਿੰਘ ਜੀ (ਪੱਤਰ)- ਜਿਥੇ ਸਤਿਗੁਰੂ ਰਾਮ ਸਿੰਘ ਜੀ ਪਹਿਲਾਂ ਰੰਗੂਨ ਅਤੇ ਫਿਰ ਮਰਗੋਈ ਤੋਂ ਹੁਕਮਨਾਮੇ ਸੰਗਤ ਲਈ ਭੇਜਦੇ ਸਨ, ਉੱਥੇ ਸਤਿਗੁਰੂ ਹਰੀ ਸਿੰਘ ਜੀ ਵੀ ਸਰਕਾਰੀ ਡਾਕ ਪ੍ਰਬੰਧ ਦੀ ਵਰਤੋਂ ਦੁਆਰਾ ਅਤੇ ਗੁਰੂ ਰਾਮ ਸਿੰਘ ਜੀ ਨੂੰ ਮਿਲਣ ਗਏ ਸਿੱਖਾਂ ਹੱਥੀਂ ਆਪਣੇ ਪੱਤਰ ਘੱਲਦੇ ਸਨ। ਜਿਥੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਵੀ ਪੜ੍ਹ ਕੇ ਜਾਂ ਸੁਣਾ ਕੇ ਸਾੜ ਦਿੱਤੇ ਜਾਂਦੇ ਜਾਂ ਪਾਣੀ ਵਿਚ ਗਾਲ ਦਿੱਤੇ ਜਾਂਦੇ ਸਨ। ਉਥੇ ਸਤਿਗੁਰੂ ਹਰੀ ਸਿੰਘ ਜੀ ਦੇ ਪੱਤਰ ਵੀ ਜਿਹੜੇ ਸਤਿਗੁਰੂ ਰਾਮ ਸਿੰਘ ਜੀ ਦੇ ਕੋਲ ਪਹੁੰਚਦੇ ਸਨ, ਉਹ ਪੜ੍ਹ ਕੇ ਨਸ਼ਟ ਕਰ ਦਿੱਤੇ ਜਾਂਦੇ ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਾਪਤ ਹੁਕਮਨਾਮੇ, ਉਹ ਹਨ, ਜੋ ਅੰਗਰੇਜ਼ ਸਰਕਾਰ ਸਿੱਖਾਂ ਦੇ ਘਰਾਂ ਦੀ ਤਲਾਸ਼ੀ ਸਮੇਂ ਜਾਂ ਹੁਕਮਨਾਮਾ ਲੈ ਕੇ ਆਉਂਦੇ ਸਿੱਖਾ ਕੋਲੋਂ ਜ਼ਬਤ ਕੀਤੇ। ਉਹ ਸਰਕਾਰੀ ਰਿਕਾਰਡ ਵਿੱਚੋਂ ਖੋਜ ਕੀਤਿਆਂ ਪ੍ਰਾਪਤ ਹੋਏ। ਇਸੇ ਤਰ੍ਹਾਂ ਬਹੁਤ ਸਾਰੇ ਸਤਿਗੁਰੂ ਹਰੀ ਸਿੰਘ ਜੀ ਦੇ ਸਤਿਗੁਰੂ ਰਾਮ ਸਿੰਘ ਜੀ ਵੱਲ ਲਿਖੇ ਪੱਤਰ ਜਿਹੜੇ ਅੰਗਰੇਜ਼ ਸਰਕਾਰ ਨੇ ਬਰਾਮਦ ਕੀਤੇ। ਉਹਨਾਂ ਵਿਚੋਂ ਇਕ ਪੱਤਰ 1879 ਈ: ਦਾ ਡਾ. ਨਵਤੇਜ ਸਿੰਘ ਨੇ ਪੰਚਕੂਲਾ ਆਰਕਾਈਵ ਵਿਭਾਗ ਵਿਚੋਂ ਪ੍ਰਾਪਤ ਕੀਤਾ ਹੈ। ਇਸ ਪੱਤਰ ਵਿਚੋਂ ਗੁਰੂ ਹਰੀ ਸਿੰਘ ਜੀ ਦੀ ਵਾਰਤਕ ਦਾ ਨਮੂਨਾ ਪੇਸ਼ ਕੀਤਾ ਜਾਂਦਾ ਹੈ। ਗੁਰੂ ਹਰੀ ਸਿੰਘ ਜੀ ਦੀ ਬੋਲੀ ਤੇ ਸ਼ੈਲੀ ਸਤਿਗੁਰੂ ਰਾਮ ਸਿੰਘ ਜੀ ਦੀ ਵਾਰਤਕ ਨਾਲ ਰਲਦੀ-ਮਿਲਦੀ ਹੀ ਹੈ। ਗੁਰੂ ਹਰੀ ਸਿੰਘ ਜੀ ਦੇ ਪੱਤਰ ਵਿਚੋਂ:-

ੴ ਸਤਿਗੁਰ ਪ੍ਰਸਾਦਿ

ਲਿਖਤੋ ਬਾਬਾ ਬੁਧ ਸਿੰਘ ਜੀ ਜੋਗੁ ਸ੍ਰੀ ਗੁਰੂ ਸਤਿਗੁਰੂ ਸਚਾ ਪਾਤਸਾਹੁ ਸ੍ਰੀ ਵਾਹਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤੇ ਬੁਲਾਈ ਪਰਵਾਨਿ ਕਰਣੀ ਬਹੁਤੁ ਕਰਕੇ ਚਰਣਾ ਉਤੇ। ਹੋਰ ਏਥੇ ਸੁਖ ਅਨੰਦ ਹੈ, ਆਪ ਕੀ ਸੁਖ ਗੁਰੂ ਕੋਲੋ ਮੰਗਿਦੇ ਹਾਂ।

ਸੰਤੋਖ ਸਿੰਘ ਬਾਹੋਵਾਲ (ਸਤਿਗੁਰੂ ਬਿਲਾਸ) :- ਵਾਰਤਕ ਵਿਚ ਲਿਖੀ ਕੂਕਾ ਸਾਹਿਤ ਦੀ ਇਕ ਹੋਰ ਮਹੱਤਵਪੂਰਨ ਰਚਨਾ ਗੁਰੂ ਹਰੀ ਸਿੰਘ ਕਾਲ ਵਿੱਚ ਲਿਖੀ ਗਈ। ਇਸ ਲਿਖਤ ਦਾ ਨਾਮ 'ਸਤਿਗੁਰੂ ਬਿਲਾਸ' ਹੈ ਅਤੇ ਇਸਦੇ ਲੇਖਕ ਦਾ ਨਾਮ ਸੰਤੋਖ ਸਿੰਘ ਬਾਹੋਵਾਲ ਹੈ। ਦੋ ਹਿੱਸਿਆਂ ਵਿਚ ਛਪੀ ਇਸ ਵੱਡ ਅਕਾਰੀ ਰਚਨਾ ਦਾ ਰਚਨਾ ਕਾਲ 1882 ਈ: ਤੋਂ 1906 ਈ: ਤੱਕ ਦਾ ਹੈ। ਇਸ ਗ੍ਰੰਥ

Namdhari Elibrary NamdhariElibrary@gmail.com

ਦੀ ਸੰਪਾਦਨਾ ਦਾ ਕਾਰਜ ਜਸਵਿੰਦਰ ਸਿੰਘ ਹਿਸਟੋਰੀਅਨ ਨੇ ਮੁਕੰਮਲ ਕੀਤਾ ਹੈ।

ਪਹਿਲੇ ਹਿੱਸੇ ਵਿਚ 1816 ਤੋਂ ਲੈ ਕੇ 1872 ਈ: ਤੱਕ ਦੇ ਨਾਮਧਾਰੀ ਇਤਿਹਾਸ ਦਾ ਵਰਨਣ ਹੈ ਅਤੇ ਦੂਸਰੇ ਹਿੱਸੇ ਵਿੱਚ 1872 ਤੋਂ ਲੈ ਕੇ 1906 ਈ. ਤੱਕ ਦਾ ਇਤਿਹਾਸ ਅੰਕਿਤ ਹੈ। ਜਸਵਿੰਦਰ ਸਿੰਘ ਲਿਖਦੇ ਹਨ, "ਸਰਕਾਰੀ ਦਸਤਾਵੇਜ਼ 1863 ਈ: ਤੋਂ ਮਿਲਣੇ ਸ਼ੁਰੂ ਹੁੰਦੇ ਹਨ। ਅਤੇ ਇਸ ਤੋਂ ਪਹਿਲਾਂ ਦਾ ਵਰਣਨ ਇੱਕ ਜਾਂ ਡੇਢ ਪੈਰ੍ਹੇ ਤੋਂ ਜਿਆਦਾ ਨਹੀਂ ਮਿਲਦਾ ਅਤੇ ਉਹ ਵੀ ਪਰਮਾਣਿਕਤਾ ਦੇ ਪੱਖ ਤੋਂ ਕਾਫ਼ੀ ਕਮਜ਼ੋਰ। ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਗਟ ਹੋਣ 1816 ਈ: ਤੋਂ ਲੈ ਕੇ 1863 ਤੱਕ ਦਾ ਸਟੀਕ ਅਤੇ ਵਿਸਤ੍ਰਿਤ ਵਰਣਨ ਕੇਵਲ ਤੇ ਕੇਵਲ ਸੰਤ ਸੰਤੋਖ ਸਿੰਘ ਜੀ ਦੇ ਗ੍ਰੰਥ 'ਸਤਿਗੁਰੂ ਬਿਲਾਸ' ਵਿੱਚ ਹੀ ਮਿਲਦਾ ਹੈ। ਇਸ ਤਰਾਂ ਸਤਿਗੁਰੂ ਰਾਮ ਸਿੰਘ ਜੀ ਲਈ ਸਾਰੇ ਲੇਖਕ ਸੰਤ ਸੰਤੋਖ ਸਿੰਘ ਜੀ ਦੀ ਰਚਨਾ ਦੇ ਮੁਥਾਜ ਹਨ।......ਅੱਜ ਤੱਕ ਨਾਮਧਾਰੀ ਸਮਾਜ ਬਾਰੇ ਅਤੇ ਇਤਿਹਾਸ ਬਾਰੇ ਜੋ ਕੁਝ ਵੀ ਲਿਖਿਆ ਗਿਆ ਹੈ ਉਸਦਾ ਮੂਲ ਆਧਾਰ ਅਤੇ ਸ੍ਰੋਤ ਇਹ ਗ੍ਰੰਥ ਹੀ ਹੈ।..... ਇੱਕ ਗੱਲ ਹੋਰ ਵੀ ਸੰਤ ਸੰਤੋਖ ਸਿੰਘ ਦੀ ਰਚਨਾ ਨੂੰ ਵਿਸ਼ੇਸ਼ ਮਹੱਤਤਾ ਪ੍ਰਦਾਨ ਕਰਦੀ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਰਗੋਈ ਵਿਖੇ ਭੇਜ ਦਿੱਤੇ ਜਾਣ (1881 ਈ:) ਤੋਂ ਬਾਅਦ ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੱਕ ਸਰਕਾਰੀ ਦਸਤਾਵੇਜ਼ ਵੀ ਕੋਈ ਜਿਆਦਾ ਜਾਣਕਾਰੀ ਨਹੀਂ ਦੇਂਦੇ। ਉਸ ਦੌਰਾਨ ਸਮਾਜ 'ਤੇ ਅਤੇ ਸ੍ਰੀ ਭੈਣੀ ਸਾਹਿਬ ਤੇ ਜੋ ਸਰਕਾਰ ਵਲੋਂ ਸਖ਼ਤੀਆਂ ਹੋਈਆਂ ਅਤੇ ਜਿਸ ਤਰ੍ਹਾਂ ਦੇ ਸਲੂਕ ਡੇਰੇ ਸ੍ਰੀ ਭੈਣੀ ਸਾਹਿਬ ਬੈਠੀ ਪੁਲੀਸ ਦੀ ਚੌਂਕੀ ਵਾਲੇ ਸਿਪਾਹੀ ਉਥੇ ਰਹਿੰਦੇ ਅਤੇ ਦਰਸ਼ਨ ਕਰਨ ਆਉਂਦੇ ਸਿੰਘਾਂ ਨਾਲ ਕਰਦੇ ਸਨ, ਉਹਨਾਂ ਸਾਰੀਆਂ ਘਟਨਾਵਾਂ ਦੀ ਜਾਣਕਾਰੀ ਏਸੇ ਗ੍ਰੰਥ ਰਾਹੀਂ ਸਾਨੂੰ ਮਿਲਦੀ ਹੈ ਅਤੇ ਇਸਦੀ ਪ੍ਰਮਾਣਿਕਤਾ ਵੀ ਸੰਦੇਹ ਰਹਿਤ ਹੈ, ਕਿਉਂਕਿ ਇਸ ਗ੍ਰੰਥ ਦਾ ਕਰਤਾ ਆਪ ਇਨ੍ਹਾਂ ਸਖ਼ਤੀਆਂ ਦੇ ਦੌਰ ਵਿਚ ਸ੍ਰੀ ਭੈਣੀ ਸਾਹਿਬ ਰਹਿੰਦਾ ਰਿਹਾ ਸੀ ਅਤੇ ਆਪਣੇ ਨੇਤਰੀਂ ਉਸਨੇ ਸਾਰੇ ਹਾਲਾਤ ਦੇਖੇ ਅਤੇ ਹੰਢਾਏ ਸਨ। ਉਹ ਆਪ ਵੀ ਕਈ ਵਾਰ ਸਿਪਾਹੀਆਂ ਦੀਆਂ ਸਖ਼ਤੀਆਂ ਦਾ ਸ਼ਿਕਾਰ ਹੋਇਆ ਅਤੇ ਜੇਲ੍ਹ ਕੱਟੀ ।[9]

ਸੰਤ ਸੰਤੋਖ ਸਿੰਘ ਬਾਹੋਵਾਲ 1882 ਈ. ਦੇ ਮਾਰਚ ਮਹੀਨੇ ਵਿਚ ਸ੍ਰੀ ਭੈਣੀ ਸਾਹਿਬ ਆ ਗਿਆ ਸੀ। ਫਿਰ ਇਥੇ ਗੁਰੂ ਹਰੀ ਸਿੰਘ ਜੀ ਕੋਲ ਰਹਿ, ਉਹਨਾਂ ਕੋਲੋਂ, ਉਸ ਵੇਲੇ ਦੇ ਹੋਰ ਸਿੰਘਾਂ ਕੋਲੋਂ ਗੁਰੂ ਰਾਮ ਸਿੰਘ ਅਤੇ ਸ਼ਹੀਦਾਂ ਆਦਿ ਬਾਬਤ ਕਾਰਨਾਮੇ ਸੁਣ ਲਿਖਦਾ ਅਤੇ ਇਸ ਤੋਂ ਇਲਾਵਾ ਉਹ ਆਪਣੇ ਸਮਕਾਲ ਵਿਚ ਵਾਪਰ ਰਹੀਆਂ ਘਟਨਾਵਾਂ ਨੂੰ ਵੀ ਲਿਖ ਲੈਂਦਾ। ਸੰਤ ਸੰਤੋਖ ਸਿੰਘ ਨੇ 'ਬੇਨਤੀ' ਵਿਚ ਵੀ ਲਿਖਿਆ ਹੈ-ਜਿਵੇਂ ਸਤਿਗੁਰੂ ਰਾਮ ਸਿੰਘ ਜੀ ਨਾਲ ਰਹੇ, ਜਿਵੇਂ ਬਚਨ ਹੋਏ, ਉਵੇਂ ਸਿੱਖਾਂ ਪਾਸੋਂ ਸੁਣ ਕੇ ਲਿਖੇ ਹੈਂ, ਵੱਧ-ਘੱਟ ਨਹੀਂ ਲਿਖੇ.....ਆਏ ਸਿੱਖਾਂ ਪਾਸੋਂ ਸਾਖੀਆਂ ਪੁਛਕੇ ਲਿਖ ਲੈਣੀਆਂ ਨਾਲੇ ਗੁਰੂ ਹਰੀ ਸਿੰਘ ਜੀ ਤੋਂ ਪਿੰਡ ਦੇ ਹਾਣੀਆਂ ਤੋਂ ਪੁੱਛ ਕੇ ਲਿਖਣੀਆਂ..... ਜਿਹੜੇ ਸਿੰਘ ਸਤਿਗੁਰਾਂ ਨਾਲ ਗਏ ਸੀ ਜਾਂ ਉਹ ਮੁੜਕੇ ਆਏ ਤਾਂ ਉਹਨਾਂ ਪਾਸੋਂ ਪੁੱਛ ਕੇ ਤੇ ਨਾਨੂੰ ਸਿੰਘ ਜੋ ਸਤਿਗੁਰਾਂ ਦਾ ਗੜਵਈ ਸੀ ਜਾਂ ਉਹ ਮੁੜਕੇ ਆਇਆ ਤਾਂ ਉਸ ਪਾਸੋਂ ਬੀ ਪੁਛ ਕੇ ਲਿਖੇ ਹੈਂ।[10]

ਇਸ ਗ੍ਰੰਥ ਦੇ ਕਰਤਾ ਸੰਤੋਖ ਸਿੰਘ ਬਾਹੋਵਾਲ ਦਾ ਜਨਮ 1845 ਈ: ਵਿਚ ਹੋਇਆ। ਸੰਤ ਤਰਨ ਸਿੰਘ ਵਹਿਮੀ ਮੁਤਾਬਿਕ- ਸੰਤੋਖ ਸਿੰਘ ਬਾਹੋਵਾਲ ਜਿਲ੍ਹਾ ਗੁਰਦਾਸਪੁਰ, ਡੇਰੇ ਬਾਬੇ ਨਾਨਕ ਦਾ ਸੀ। ਪਰ ਜਸਵਿੰਦਰ ਸਿੰਘ ਮੁਤਾਬਿਕ- ਗੁਰਦਾਸਪੁਰ ਇਲਾਕੇ ਵਿਚ ਬਾਹੋਵਾਲ ਨਾਂ ਦੇ ਕਿਸੇ ਪਿੰਡ ਦੀ ਜਾਣਕਾਰੀ ਨਹੀਂ ਮਿਲਦੀ, ਨਾ ਪੁਰਾਣੇ ਰਿਕਾਰਡਾਂ 'ਚੋਂ ਅਤੇ ਨਾ ਵਰਤਮਾਨ ਸਮੇਂ ਦੀਆਂ ਪੁਸਤਕਾਂ 'ਚੋਂ। ਬੋਲੀ ਅਤੇ ਲਿਖਣ ਸ਼ੈਲੀ ਵੀ ਲੇਖਕ ਦੀ ਮਾਝੇ ਵਾਲੀ ਨਹੀਂ ਹੈ। ਪੰਜਾਬ ਦੇ ਸਾਰੇ ਪਿੰਡਾਂ ਦੀ ਜੋ ਜਾਣਕਾਰੀ ਵਾਲੀ ਪੁਸਤਕ ਛਪੀ ਹੋਈ ਹੈ, ਉਸ ਅਨੁਸਾਰ ਹੁਸ਼ਿਆਰਪੁਰ ਤੋਂ ਲਗਭਗ ਤਿੰਨ ਕੁ ਕਿਲੋਮੀਟਰ ਦੀ ਵਿੱਥ 'ਤੇ ਬਾਹੋਵਾਲ ਪਿੰਡ ਹੈ। ਇਸ ਤਰ੍ਹਾਂ ਸੰਤ ਸੰਤੋਖ ਸਿੰਘ ਜਿਲ੍ਹਾ ਹੁਸ਼ਿਆਰਪੁਰ ਪਿੰਡ ਬਾਹੋ ਵਾਲ ਦੇ ਮੂਲ ਨਿਵਾਸੀ ਬਣਦੇ ਹਨ।[11]

ਪਹਿਲਾ ਜੀਵਨ ਸੰਤੋਖ ਸਿੰਘ ਨੇ ਕਾਫ਼ੀ ਭੇਖਾਂ ਵਿਚ ਵਿਚਰਦਿਆਂ ਕੱਟਿਆ। ਪਰ ਆਖਰੀ ਸਮਾਂ 1882 ਈ. ਤੋਂ ਲੈ ਕੇ 1909 ਈ. ਤੱਕ ਦੇਹਾਂਤ ਹੋਣ ਤੱਕ ਸ੍ਰੀ ਭੈਣੀ ਸਾਹਿਬ ਸੇਵਾ ਕਰਦਿਆਂ ਬਤੀਤ ਕੀਤਾ।

ਸੰਤੋਖ ਸਿੰਘ ਦੇ ਸਤਿਗੁਰੂ ਬਿਲਾਸ ਤੋਂ ਪਹਿਲਾਂ ਸਿੱਖ ਪੰਥ ਦੇ ਇਤਿਹਾਸ ਨੂੰ ਵਰਨਣ ਕਰਦੇ ਕਾਫ਼ੀ ਹੋਰ 'ਗੁਰ ਬਿਲਾਸ' ਲਿਖੇ ਗਏ। ਜਿਵੇਂ ਕਿ ਕੁਇਰ ਸਿੰਘ ਦਾ 'ਗੁਰ ਬਿਲਾਸ ਪਾ: 10ਵੀਂ', ਭਾਈ ਸੁੱਖਾ ਸਿੰਘ ਦਾ ਗੁਰ ਬਿਲਾਸ ਪਾ: 10ਵੀਂ', ਗੁਰ ਬਿਲਾਸ ਪਾ: 6ਵੀਂ', ਪਰ ਇਹ ਸਾਰੇ ਬਿਲਾਸ ਕਵਿਤਾ ਵਿਚ ਲਿਖੇ ਗਏ ਹਨ। ਸੰਤੋਖ ਸਿੰਘ ਦਾ ਸਤਿਗੁਰੂ ਬਿਲਾਸ ਵਾਰਤਕ ਵਿਚ ਜਨਮਸਾਖੀ ਸ਼ੈਲੀ ਵਿਚ

Namdhari Elibrary NamdhariElibrary@gmail.com

ਲਿਖਿਆ ਵੱਡ ਆਕਾਰੀ ਗ੍ਰੰਥ ਹੈ। ਇਸ ਵਿਚ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦੇ ਜੀਵਨ ਬਾਰੇ ਘਟਨਾਵਾਂ ਵਰਨਣ ਹਨ। ਜੀਵਨਸ਼ੈਲੀ ਵਿਚ ਲਿਖੇ ਇਸ ਗ੍ਰੰਥ ਵਿਚ ਜੀਵਨੀ ਮੂਲਕ, ਇਤਿਹਾਸ ਮੂਲਕ ਵੇਰਵਿਆਂ ਦੇ ਨਾਲ-ਨਾਲ ਸਵੈ-ਜੀਵਨੀ ਮੂਲਕ ਹਵਾਲੇ ਵੀ ਹਨ। ਇਥੇ ਇਕ ਸਵੈ-ਜੀਵਨੀ ਮੂਲਕ ਹਵਾਲਾ ਦਿੱਤਾ ਜਾਂਦਾ ਹੈ, ਜਿਸ ਨਾਲ ਲੇਖਕ ਦੇ ਵਾਰਤਕ ਦਾ ਨਮੂਨਾ ਵੀ ਵੇਖਿਆ ਜਾ ਸਕਦਾ ਹੈ।

"ਰਾਮਦਾਸ ਪੁਰੇ ਸਾਹਿਬ ਗੁਰੂ ਹਰੀ ਸਿੰਘ ਦਾ ਦਰਸ਼ਨ ਕਰਨ ਸੰਤੋਖ ਸਿੰਘ ਆਇਆ। ਗੁਰੂ ਹਰੀ ਸਿੰਘ ਜੀ ਬਚਨ ਕੀਤਾ ਇਹ ਤਾਂ ਬੜਾ ਗਰੀਬ ਸਾਧ ਹੈ। ਇੱਕ ਪਰਨਾ ਤੀਨ ਹਾਥ ਕਾ ਤੇ ਦੋ ਕਛਿਹਰੇ ਤਿੰਨ ਬਸਤਰ ਸੇ। ਦੀਨ ਦਿਆਲ ਜੀ ਕੁੜਤਾ, ਚਾਦਰ, ਪੈਰਾਂ ਨੂੰ ਜੋੜਾ ਤੇ ਸੀਸ ਕੋ ਪਰਨਾ ਦੀਆ। ਬਚਨ ਕੀਤਾ ਸੰਸਾ ਨਾ ਕਰੋ ਜੋ ਬਸਤਰ ਪਾਟੇ ਸੋ ਸਾਥੋਂ ਲਵੋ। ਭਜਨ ਕਰੋ, ਬਾਣੀ ਪੜੋ। ਸੰਤੋਖ ਸਿੰਘ ਦਾ ਐਸਾ ਮਨ ਪ੍ਰੇਰਿਆ ਕਿ ਸੇਵਾ ਕਰੇ ਗੁਰੂ ਜੀ ਦੇ ਘਰ ਕੀ। ਗੁਰੂ ਮਹਾਰਾਜ ਅੰਦਰ ਕੀ ਜਾਣ ਕੇ ਬਚਨ ਕੀਤਾ ਨੱਥਾ ਸਿੰਘ ਮਜ਼੍ਹਬੀ ਨਾਲ ਕੰਮ ਕਰਾਓ। ਨੱਥਾ ਸਿੰਘ ਲੰਗਰ ਵਾਸਤੇ ਅੱਕ ਪੁਟਦਾ ਹੁੰਦਾ ਸੀ। ਸੰਤੋਖ ਸਿੰਘ ਉਸਦੇ ਨਾਲ ਕੰਮ ਕਰੌਣਾ।

ਸੰਤੋਖ ਸਿੰਘ ਨੇ ਕਈ ਭੇਖ ਦੇਖੇ ਸ਼ਾਂਤ ਨਾ ਆਈ। ਸੁਥਰਾ ਪਰਮਹੰਸ ਨਾਗਾ ਭੀ ਹੋਇਆ। ਮੌਨ ਭੀ ਧਾਰਿਆ। ਫੇਰ ਨਿਰਮਲਿਆਂ ਦਾ ਉਪਦੇਸ਼ ਮਹਾਂਵਾਕ ਦਾ ਭੀ ਲਿਆ। ਏਤਨੇ ਭੇਖ ਫਿਰਿਆ ਪਰ ਸ਼ਾਂਤ ਨਾ ਆਈ। ਹਾਰ ਕੇ ਸ੍ਰੀ ਸਤਿਗੁਰੂ ਜੀ ਦਾ ਉਪਦੇਸ਼ ਲਿਆ ਚੇਤ ਚੌਦੇ ਪਰ ਸੰਮਤ 1939।"[12]

ਸੰਤ ਸੰਤੋਖ ਸਿੰਘ ਦੀ ਵਾਰਤਕ ਰਚਨਾ ਦੇ ਗੁਣਾਂ ਦਾ ਵੀ ਵਿਸ਼ੇਸ਼ ਮਹੱਤਵ ਹੈ। ਆਪਦੀ ਰਚਨਾ ਕਿਉਂਕਿ ਜੀਵਨ ਅਤੇ ਇਤਿਹਾਸ ਨਾਲ ਮੁਖ ਰੂਪ ਵਿਚ ਸੰਬੰਧਿਤ ਸੀ, ਇਸ ਲਈ ਇਸ ਵਿਚ ਇਕ ਪਾਸੇ ਕਥਾ/ ਬ੍ਰਿਤਾਂਤ ਅਤੇ ਦੂਜੇ ਪਾਸੇ ਚਿੱਤ੍ਰਣ ਦੇ ਬੜੇ ਸੁੱਚਜੇ ਸਾਹਿਤਕ ਗੁਣ ਮੌਜੂਦ ਹਨ। ਇਤਿਹਾਸਕ ਘਟਨਾਵਾਂ ਅਤੇ ਤੱਥਾਂ ਨੂੰ ਬੜੀ ਸੁੰਦਰ ਬਿਰਤਾਂਤਕ ਸ਼ੈਲੀ ਵਿੱਚ ਪੇਸ਼ ਕੀਤਾ ਗਿਆ ਹੈ, ਜਦ ਕਿ ਸਮੇਂ, ਸਥਾਨ ਆਦਿ ਦੇ ਵਰਣਨਾਂ ਨੂੰ ਬੜੀ ਖੂਬਸੂਰਤ ਕਲਾਤਮਕ ਛੋਹਾਂ ਰਾਹੀਂ ਬਿਆਨ ਕੀਤਾ ਗਿਆ ਹੈ।..... ਸਤਿਗੁਰੂ ਬਿਲਾਸ ਦੀ ਸ਼ੈਲੀ ਅਤੇ ਬੋਲੀ ਦੇ ਦੋਹਾਂ ਪੱਖਾਂ ਤੋਂ ਨਿਰਾਲੀ ਵਿਸ਼ੇਸ਼ਤਾ ਇਹ ਹੈ ਕਿ ਬੋਲੀ ਸਰਲ ਹੋਣ ਦੇ ਨਾਲ-ਨਾਲ ਇਸਦੀ ਸ਼ੈਲੀ ਵਿਚ ਉਤਸੁਕਤਾ, ਜਿਗਿਆਸਾ, ਸੁਰਸਤਾ ਅਤੇ ਨਾਟਕੀਅਤਾ ਦੇ ਗੁਣ ਵੀ ਮੌਜੂਦ ਹਨ, ਇਸਦੇ ਨਾਲ ਹੀ ਪ੍ਰਸ਼ਨੋਤਰੀ ਅਤੇ ਵੇਗਮਈ ਸਾਹਿਤਕ ਪ੍ਰਗਟਾ ਦੇ ਗੁਣ ਇਸਨੂੰ ਮਹੱਤਵ ਭਰਪੂਰ ਰਚਨਾ ਦਾ ਦਰਜਾ ਪ੍ਰਦਾਨ ਕਰਦੇ ਹਨ ...... ਪੰਜਾਬੀ ਵਾਰਤਕ ਦੇ ਇਤਿਹਾਸ ਦੀ ਗੁਰੂ ਬਿਲਾਸ ਪਰੰਪਰਾ ਵਿਚ ਵੀ ਸੰਤ ਸੰਤੋਖ ਸਿੰਘ ਬਾਹੋਵਾਲ ਰਚਿਤ "ਸਤਿਗੁਰੂ ਬਿਲਾਸ" ਦਾ ਗੌਰਵਮਈ ਸਥਾਨ ਹੈ।[13]

ਨਾਮਧਾਰੀ ਲਹਿਰ ਦੀ ਕਵਿਤਾ:- ਨਾਮਧਾਰੀ ਲਹਿਰ ਦੀ ਕਵਿਤਾ ਦਾ ਆਰੰਭ ਕਦੋਂ ਹੋਇਆ? ਇਹ ਪ੍ਰਸ਼ਨ ਆਪਣੇ ਆਪ ਵਿਚ ਕਾਫ਼ੀ ਮਹੱਤਵਪੂਰਨ ਹੈ। ਜਿੰਨ੍ਹਾਂ ਪ੍ਰਸਥਿਤੀਆਂ ਵਿਚ ਨਾਮਧਾਰੀ ਕਵਿਤਾ ਦਾ ਜਨਮ ਹੋਇਆ। ਉਹ ਇਸ ਕਵਿਤਾ ਦੇ ਅਨੁਕੂਲ ਨਹੀਂ ਸਨ। ਅੰਗਰੇਜ਼ ਸਰਕਾਰ ਨੇ ਇਸ ਲਹਿਰ ਨਾਲ ਜੁੜੀਆਂ ਹੋਈਆਂ ਸਾਰੀਆਂ ਗਤੀਵਿਧੀਆਂ ਉਪਰ ਕਰੜੀ ਨਜ਼ਰ ਰੱਖੀ ਹੋਈ ਸੀ। ਅੰਗਰੇਜ਼ ਸਰਕਾਰ ਨਾਮਧਾਰੀ ਲਹਿਰ ਦੇ ਸਾਹਿਤ, ਖ਼ਾਸ ਕਰਕੇ ਕਵਿਤਾ ਨੂੰ ਨਾਮਧਾਰੀਆਂ ਦੀ ਬਗਾਵਤ ਦਾ ਇਕ ਅੰਗ ਸਮਝਦੀ ਸੀ ਕਿਉਂਕਿ ਉਸ ਨੂੰ ਇਸ ਲਹਿਰ ਦੀ ਰਚਨਾ ਵਿਚੋਂ ਬਗਾਵਤ ਦੀ ਬੂ ਆਉਂਦੀ ਸੀ। ਇਸ ਕਰਕੇ ਨਾਮਧਾਰੀ ਲਹਿਰ ਦੇ ਉਦਭਵ ਤੇ ਵਿਕਾਸ ਦੌਰਾਨ ਕਾਵਿ-ਰਚਨਾ ਲਈ ਅਨੁਕੂਲ ਪ੍ਰਸਥਿਤੀਆਂ ਮੌਜੂਦ ਨਹੀਂ ਸਨ।[14]

ਪ੍ਰੋ. ਕਿਰਪਾਲ ਸਿੰਘ ਕਸੇਲ ਪਹਿਲੇ ਖੰਡ ਦੀ ਨਾਮਧਾਰੀ ਲਹਿਰ ਦੀ ਕਵਿਤਾ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਵੇਖਦੇ ਹਨ-

1. ਪੰਜਾਬੀ ਕਵਿਤਾ
2. ਬ੍ਰਿਜ ਮਿਸ਼ਰਿਤ ਪੰਜਾਬੀ ਕਵਿਤਾ

ਪੰਜਾਬੀ ਕਵਿਤਾ ਵਿਚ ਬਾਰ੍ਹਾਂ ਮਾਂਹਿਆਂ ਦੇ ਲੇਖਕ ਚੰਦਾ ਸਿੰਘ ਝੱਬਰ ਅਤੇ ਸੰਤ ਨਿਹਾਲ ਸਿੰਘ ਦੀ ਰਚਨਾ ਆ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਸੰਤ ਕਾਹਲਾ ਸਿੰਘ ਦੀਆਂ ਦੋ ਰਚਨਾਵਾਂ ਉਸਤਤਨਾਮਾ ਅਤੇ ਪੈਂਤੀ ਅੱਖਰੀ ਨੂੰ ਵੀ ਅਸੀਂ ਗੁਰੂ ਹਰੀ ਸਿੰਘ ਕਾਲ ਦੀਆਂ ਰਚਨਾਵਾਂ ਆਖ ਸਕਦੇ ਹਾਂ।

ਚੰਦਾ ਸਿੰਘ ਝੱਬਰ (ਬਾਰਾਂਮਾਂਹ):- ਨਾਮਧਾਰੀ ਲਹਿਰ ਦੀ ਕਵਿਤਾ ਸੰਬੰਧੀ ਪ੍ਰਾਪਤ ਤੱਥਾਂ ਦਾ ਅਧਿਐਨ ਕਰਨ ਤੋਂ ਬਾਦ ਬਾਬਾ ਚੰਦਾ ਸਿੰਘ ਝੱਬਰ ਇਸ ਲਹਿਰ ਦਾ ਪਹਿਲਾ ਕਵੀ ਮੰਨਿਆ ਗਿਆ ਹੈ।

ਬਾਬਾ ਚੰਦਾ ਸਿੰਘ ਨੇ ਇਕ ਬਾਰਾਂ ਮਾਂਹ ਲਿਖਿਆ ਹੈ। ਜਿਸ ਦਾ ਰਚਨਾ ਕਾਲ 1872ਈ. ਤੋਂ 1884ਈ. ਦੇ ਦਰਮਿਆਨ ਹੈ। 1867ਈ. ਨੂੰ ਜਦੋਂ ਸਤਿਗੁਰੂ ਰਾਮ ਸਿੰਘ ਝੱਬਰਾਂ ਵਿਚ ਗਏ ਤਾਂ ਉਸ ਸਮੇਂ ਚੰਦਾ ਸਿੰਘ ਨਾਮਧਾਰੀ ਬਣਦਾ ਹੈ। ਇਸ ਤਰ੍ਹਾਂ ਉਹ ਸਤਿਗੁਰੂ ਰਾਮ ਸਿੰਘ ਜੀ ਦਾ

Namdhari Elibrary NamdhariElibrary@gmail.com

ਸਮਕਾਲੀ ਹੈ। ਉਹ ਅੱਖਾਂ ਤੋਂ ਸੂਰਮਾ ਸਿੰਘ ਸੀ ਅਤੇ ਉਸ ਦਾ ਪਿੰਡ, ਜਿਲ੍ਹਾ ਸ਼ੇਖੂਪੁਰੇ ਦਾ ਮਸ਼ਹੂਰ ਪਿੰਡ ਝੱਬਰ ਸੀ ਤੇ ਉਹ ਕਾਰੀਗਰਾਂ ਦਾ ਮੁੰਡਾ ਸੀ। ਚੰਦਾ ਸਿੰਘ ਜਿਹੜੀ ਜਾਣਕਾਰੀ ਬਾਰਾਂਮਾਂਹਿਆਂ ਦੇ ਮੁੱਢ ਵਿਚ ਆਪਣੇ ਬਾਰੇ ਦੇਂਦਾ ਹੈ। ਉਹ ਇੰਜ ਹੈ-

ਚੰਦਾ ਸਿੰਘ ਝੱਬਰਾਂ ਦਾ ਸੂਰਮਾ
ਰਹੇ ਸਹਾਰਨ ਦੀਵਾਨ ਸਿੰਘ ਕੇ ਪਾਸ।
ਬਾਰਾਂਮਾਂਹ ਸ੍ਰੀ ਸਤਿਗੁਰੂ ਕਾ
ਮਾਨੋ ਗੁਰੂ ਬਿਲਾਸ।

ਇਸ ਤੋਂ ਇਲਾਵਾ ਉਸਦੇ ਜੀਵਨ ਬਾਰੇ ਹੋਰ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

ਨਾਮਧਾਰੀ ਕਵੀਆਂ ਦੁਆਰਾ ਲਿਖੇ ਗਏ ਬਾਰਾਂਮਾਂਹਿਆਂ ਦਾ ਸਰੂਪ ਪੰਜਾਬੀ ਬਾਰਾਂਮਾਂਹਿਆਂ ਕਾਵਿ-ਪ੍ਰੰਪਰਾ ਦੇ ਸੁਖਾਂਤਕ ਅੰਤ ਦੇ ਬਿਲਕੁਲ ਉਲਟ ਹੈ ਇਹਨਾਂ ਤੋਂ ਪੂਰਬਲੇ ਪੰਜਾਬੀ ਬਾਰਾਂਮਾਂਹਿਆਂ ਵਿਚ ਨਾਇਕਾ ਗਿਆਰਾਂ ਮਹੀਨੇ ਆਪਣੇ ਪ੍ਰੀਤਮ ਦਾ ਵਿਛੋੜਾ ਝੱਲਦੀ ਹੈ ਤੇ ਬਾਰ੍ਹਵੇਂ ਮਹੀਨੇ ਵਿਚ ਉਸ ਦਾ ਆਪਣੇ ਪ੍ਰੀਤਮ ਨਾਲ ਮਿਲਾਪ ਹੁੰਦਾ ਹੈ। ਇਸ ਤਰ੍ਹਾਂ ਇਹ ਬਾਰਾਂਮਾਂਹੇ ਵਿਯੋਗ ਤੋਂ ਸੰਯੋਗ ਤੱਕ ਦਾ ਸਫ਼ਰ ਤੈਅ ਕਰਦੇ ਹਨ। ਇਸ ਤੋਂ ਵਿਪਰੀਤ ਨਾਮਧਾਰੀ ਬਾਰਾਂਮਾਂਹਿਆਂ ਵਿਚ ਨਾਇਕਾ ਪਹਿਲੇ ਗਿਆਰਾਂ ਮਹੀਨੇ ਆਪਣੇ ਪ੍ਰੀਤਮ ਦਾ ਸਾਥ ਮਾਣਦੀ ਹੈ, ਭਾਵ ਸੰਯੋਗ ਦੀ ਸਥਿਤੀ ਵਿਚ ਹੁੰਦੀ ਹੈ ਅਤੇ ਬਾਰ੍ਹਵੇਂ ਮਹੀਨੇ ਵਿੱਚ ਉਸ ਦਾ ਆਪਣੇ ਨਾਇਕ ਪ੍ਰੇਮੀ-ਪਿਆਰੇ ਨਾਲੋਂ ਵਿਛੋੜਾ ਪੈ ਜਾਂਦਾ ਹੈ। ਇਹ ਬਾਰਾਂਮਾਂਹੇ ਨਾਮਧਾਰੀ ਲਹਿਰ ਅਤੇ ਵਿਸ਼ੇਸ਼ ਕਰਕੇ ਗੁਰੂ ਰਾਮ ਸਿੰਘ ਪ੍ਰਤਿ ਸ਼ਰਧਾ ਭਾਵਨਾ ਦੀ ਦ੍ਰਿਸ਼ਟੀ ਤੋਂ ਲਿਖੇ ਗਏ ਹਨ, ਪਰ ਇਹਨਾਂ ਦੀ ਸਾਹਿਤਿਕ ਅਤੇ ਇਤਿਹਾਸਿਕ ਮਹੱਤਤਾ ਵੀ ਨਿਰਵਿਵਾਦ ਹੈ। ਇਹਨਾਂ ਬਾਰਾਂਮਾਂਹਿਆਂ ਵਿਚ ਨਾਮਧਾਰੀ ਲਹਿਰ ਦੀਆਂ 1857ਈ. ਤੋਂ 1885ਈ. ਤੱਕ ਦੀਆਂ ਮਹੱਤਵਪੂਰਨ ਗਤੀਵਿਧੀਆਂ ਨੂੰ ਕਾਵਿ ਬੱਧ ਕੀਤਾ ਹੈ। ਇਸ ਦੇ ਨਾਲ ਹੀ, ਇਹ ਬਾਰਾਂਮਾਂਹੇ ਮੱਧਕਾਲੀ ਪੰਜਾਬੀ ਕਵਿਤਾ ਅਤੇ ਆਧੁਨਿਕ ਪੰਜਾਬੀ ਕਵਿਤਾ ਵਿਚਕਾਰ ਇਕ ਕੜੀ ਦੀ ਭੂਮਿਕਾ ਨਿਭਾਉਂਦੇ ਹਨ। ਇਹਨਾਂ ਬਾਰਾਂਮਾਂਹਿਆਂ ਵਿਚ ਸੰਯੋਗ,ਵਿਯੋਗ ਅਤੇ ਬਿਰਹਾ ਦਾ ਵਰਨਣ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਹੋਇਆ ਹੈ। ਇਹਨਾਂ ਬਾਰਾਂਮਾਂਹਿਆਂ ਦਾ ਸਾਂਝਾ ਗੁਣ ਇਹ ਹੈ ਕਿ ਇਹਨਾਂ ਦਾ ਨਾਇਕ ਗੁਰੂ ਰਾਮ ਸਿੰਘ ਹੈ ਅਤੇ ਨਾਇਕਾ ਨਾਮਧਾਰੀ ਸੰਗਤ।[15]

ਡਾ. ਸਰਬਜੀਤ ਸਿੰਘ ਲਿਖਦੇ ਹਨ, "ਬਾਬਾ ਚੰਦਾ ਸਿੰਘ ਅਤੇ ਸੰਤ ਨਿਹਾਲ ਸਿੰਘ ਦੇ ਦੋ ਬਾਰਾਂਮਾਂਹ ਭਾਵੇਂ ਨਾਮਧਾਰੀ ਸਹਿਤ ਦਾ ਅੰਗ ਹੀ ਹਨ ਪ੍ਰੰਤੂ ਇਹ ਆਪਣੇ ਸਾਹਿਤਿਕ ਗੁਣਾਂ ਸਦਕਾ ਪੰਜਾਬੀ ਸਾਹਿਤ ਵਿਚ ਉੱਚ ਪਾਏ ਦੇ ਬਾਰਾਂਮਾਂਹ ਹਨ। ਇਹਨਾਂ ਅੰਦਰ ਬਾਬਾ ਰਾਮ ਸਿੰਘ ਪ੍ਰਤਿ ਸ਼ਰਧਾ ਅਤੇ ਆਸਥਾ ਤਾਂ ਹੈ ਪ੍ਰੰਤੂ ਇਸ ਦੇ ਸਮਾਨਾਂਤਰ ਪੰਜਾਬੀ ਸਭਿਆਚਾਰ ਅਤੇ ਭਾਰਤੀ ਅਵਚੇਤਨ ਇਹਨਾਂ ਰਚਨਾਵਾਂ ਦੇ ਭਾਵ ਬੋਧ ਦਾ ਮਹੱਤਵਪੂਰਨ ਪਾਸਾਰ ਹੈ, ਜਿਸ ਕਰਕੇ ਇਹ ਸਰਲ ਬਿਰਤਾਂਤ ਨਹੀਂ ਸਗੋਂ ਜਟਿਲ ਅਤੇ ਸੰਘਣੇ ਬੋਧ ਵਾਲੀਆਂ ਰਚਨਾਵਾਂ ਹਨ।"[16]

ਬਾਬਾ ਚੰਦਾ ਸਿੰਘ ਝੱਬਰ ਆਪਣੇ ਬਾਰਾਂਮਾਂਹਾਂ ਵਿਚ ਪ੍ਰਕਿਰਤੀ ਵਰਨਣ, ਗੁਰੂ ਕੀ ਸੰਗਤ, ਸਮਕਾਲੀ ਇਤਿਹਾਸਿਕ ਘਟਨਾਵਾਂ, ਪ੍ਰੇਮ ਦੇ ਵੈਰਾਗ ਦੀ ਭਾਵਨਾ, ਅੰਗਰੇਜ਼ਾਂ ਦੀ ਕੂਟਿਲ ਨੀਤੀ ਅਤੇ ਗੁਰੂ ਰਾਮ ਸਿੰਘ ਦੇ ਆਜ਼ਾਦੀ ਲਈ ਕੀਤੇ ਯਤਨਾਂ ਦਾ ਬਾਖੂਬੀ ਚਿਤਰਣ ਕਰਦਾ ਹੈ। ਅੰਗਰੇਜ਼ ਸਰਕਾਰ ਦੀਆਂ ਨਜ਼ਰਾਂ ਵਿਚ ਚੰਦਾ ਸਿੰਘ ਦੀ ਇਹ ਰਚਨਾ ਅੰਗਰੇਜ਼ਾਂ ਵਿਰੁੱਧ ਕੂਕਿਆਂ ਅੰਦਰ ਜੋਸ਼ ਪੈਦਾ ਕਰਨ ਵਾਲੀ ਰਚਨਾ ਸੀ। ਪੰਜਾਬ ਪੁਲਿਸ ਦੇ ਅਧਿਕਾਰੀ ਆਈ. ਜੀ. ਮੈਕਕਰੇਕਨ ਨੇ ਇਸ ਰਚਨਾ ਬਾਰੇ ਨੋਟਿਸ ਲੈ ਕੇ ਅੰਮ੍ਰਿਤਸਰ ਦੇ ਪੁਲਿਸ ਕਪਤਾਨ ਨੂੰ ਸੂਚਨਾ ਭੇਜੀ ਸੀ ਕਿ ਦੇਵਾ ਸਿੰਘ ਪਿੰਡ ਸ਼ਾਹਬਾਜ਼ਾਰ ਜ਼ਿਲਾ ਫਿਰੋਜ਼ਪੁਰ ਨੇ ਜਦੋਂ ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਵਿਚ ਇਹ ਰਚਨਾ ਪੜ੍ਹ ਕੇ ਸਰੋਤਿਆਂ ਨੂੰ ਸੁਣਾਈ ਤਾਂ ਉਹਨਾਂ ਅੰਦਰ ਸਰਕਾਰ ਵਿਰੁੱਧ ਡਾਹਢਾ ਜੋਸ਼ ਭਰ ਗਿਆ ਸੀ। ਇਸ ਰਚਨਾ ਵਿਚਲੇ ਬਹੁਤ ਸਾਰੇ ਬਿਆਨ ਅੰਗਰੇਜ਼ ਸਰਕਾਰ ਨੂੰ ਭੜਕਾਊ ਲੱਗੇ। ਕਿਉਂਕਿ ਚੰਦਾ ਸਿੰਘ ਇਸ ਰਚਨਾ ਵਿਚ ਬਰਤਾਨਵੀ ਸਰਕਾਰ ਨੂੰ ਮਲੇਛ ਦੱਸਦਾ ਹੈ।

ਸਤਿਗੁਰ ਹੋਰ ਹੁਕਮ ਚੜ੍ਹਾਏ,
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਛ ਨੰਦਨੋਂ ਆਏ,
ਏਨ੍ਹਾਂ ਬੁਚੜ ਖਾਨੇ ਲਾਏ,
ਸਾਨੂੰ ਦੁਖ ਗਊਆਂ ਦਾ ਖਾਏ,
ਸਿੰਘੋ ਸੀਸ ਦੇਵਣੇ ਆਏ,
ਨਾਇ ਕਰਤਾਰ ਦੇ।

ਸਤਿਗੁਰੂ ਰਾਮ ਸਿੰਘ ਜੀ ਦੀ ਚੜ੍ਹਤ ਅਤੇ ਸਿੰਘਾਂ ਦੇ ਜੋਸ਼ ਅਤੇ ਉਹਨਾਂ ਦੀ ਨਿਡਰਤਾ ਸਾਹਮਣੇ ਬਾਬਾ ਚੰਦਾ ਸਿੰਘ ਅੰਗਰੇਜ਼ ਸਰਕਾਰ ਨੂੰ ਲਾਚਾਰ ਦੱਸਦਾ ਹੈ-

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਹਰੀ ਸਿੰਘ ਜੀ

ਮਾਤਾ ਜੀਵਨ ਕੌਰ ਜੀ, ਮਾਤਾ ਫ਼ਤਹ ਕੌਰ ਜੀ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਮਹਾਰਾਜ ਗੁਰਦਿਆਲ ਸਿੰਘ ਜੀ

ਮਹਾਰਾਜ ਨਿਹਾਲ ਸਿੰਘ ਜੀ

Namdhari Elibrary NamdhariElibrary@gmail.com



ਖੋਟਿਆਂ ਦੇ ਭਾਈ ਰਤਨ ਸਿੰਘ ਨੂੰ ਹਲਕ ਕੁੱਦ ਗਿਆ। ਗੁਰੂ ਹਰੀ ਸਿੰਘ ਜੀ ਨੇ ਸਣੇ ਪਊਇਆਂ ਦੇ ਉਸ ਦੇ ਸਰੀਰ 'ਤੇ ਦੋ ਗੇੜੇ ਲਾਏ। ਹਲਕ ਦੂਰ ਹੋ ਗਿਆ।

ਸਰਹਾਲੀ ਦੇ ਮੀਂਹਾਂ ਸਿੰਘ ਨੂੰ ਲਕਵਾ ਹੋ ਗਿਆ। ਉਸਦਾ ਪਿਤਾ ਸ਼ਾਮ ਸਿੰਘ ਆਤਸ਼ੀ ਸ਼ੀਸ਼ਾ ਵਿਖਾਉਣ ਲੱਗਾ ਤਾਂ ਮੀਹਾਂ ਸਿੰਘ ਨੇ ਸ਼ੀਸ਼ਾ ਵੇਖਣ ਦੀ ਬਜਾਏ ਭੈਣੀ ਸਾਹਿਬ ਜਾਕੇ ਗੁਰੂ ਹਰੀ ਸਿੰਘ ਦੇ ਦਰਸ਼ਨ ਕਰਨ ਨੂੰ ਚੰਗਾ ਸਮਝਿਆ। ਦਰਸ਼ਨ ਕਰਦਿਆਂ ਲਕਵਾ ਠੀਕ ਹੋ ਗਿਆ।

Namdhari Elibrary NamdhariElibrary@gmail.com



1899 ਈ. ਬਾਗੜ (ਰਾਜਸਥਾਨ) ਦੇ ਭਿਆਨਕ ਕਾਲ ਸਮੇਂ- ਲੋੜਵੰਦਾਂ ਨੂੰ ਸ੍ਰੀ ਭੈਣੀ ਸਾਹਿਬ ਲੰਗਰ ਮਿਲਦਾ ਰਿਹਾ।
ਅੰਗ੍ਰੇਜ਼ ਸਰਕਾਰ ਵਲੋਂ ਡਿਪਟੀ ਕਮਿਸ਼ਨਰ ਨੇ ਆ ਕੇ ਸਤਿਗੁਰੂ ਹਰੀ ਸਿੰਘ ਜੀ ਨੂੰ ਕਿਹਾ: ਇਸ ਲੰਗਰ ਵਾਸਤੇ
52 ਮੁਰੱਬੇ (1300 ਏਕੜ) ਜਮੀਨ ਸਰਕਾਰ ਵੱਲੋਂ ਤੁਹਾਨੂੰ ਦਿੱਤੇ ਜਾਂਦੇ ਹਨ।
ਇਸ ਪੇਸ਼ਕਸ਼ ਨੂੰ ਠੁਕਰਾਉਂਦਿਆਂ ਸਤਿਗੁਰੂ ਜੀ ਨੇ ਕਿਹਾ: "52 ਮੁਰੱਬੇ ਲੈ ਕੇ ਮੰਨ ਲਈਏ ਕਿ
ਬਾਕੀ ਭਾਰਤ ਤੁਹਾਡਾ ਹੈ। ਇਹ ਸਾਡਾ ਦੇਸ਼ ਹੈ ਜਦੋਂ ਲਵਾਂਗੇ, ਸਾਰਾ ਦੇਸ਼ ਹੀ ਲਵਾਂਗੇ।

ਪੁਲਿਸ ਤੋਂ ਚੋਰੀਂ ਬਾਹਰ ਸਿੱਖਾਂ ਵਾਸਤੇ
ਪ੍ਰਸ਼ਾਦੇ ਲਿਜਾਂਦੇ ਸਿੰਘ



ਸ੍ਰੀ ਭੈਣੀ ਸਾਹਿਬ ਸੰਨ 1897 ਈ. ਵਿੱਚ ਭਾਈ ਠਾਕਰ ਸਿੰਘ
ਬਾਠਾਂ ਵਾਲੇ ਵੱਲੋਂ ਬਣਾਇਆ ਗਿਆ ਖਰਾਸ।

ਸ੍ਰੀ ਸਤਿਗੁਰੂ ਸਿੰਘ ਹਰੀ ਜੀ ਵੇਲੇ ਸਖ਼ਤੀਆਂ ਦੇ ਬਾਵਜੂਦ ਹਜ਼ਾਰਾਂ ਅਖੰਡ ਪਾਠ ਹੋਏ ਅਤੇ ਪਾਠੀਆਂ ਨੂੰ ਸਜ਼ਾਵਾਂ ਅਤੇ ਜ਼ੁਰਮਾਨੇ ਵੀ ਹੋਏ।

ਗੁਰੂ ਹਰੀ ਸਿੰਘ ਜੀ ਗਰੰਥ ਸਾਹਿਬ ਵਾਲੇ ਇਸ ਚੁਬਾਰੇ ਵਿੱਚ ਰੋਜ਼ਾਨਾ ਆਦਿ ਗੁਰੂ ਗਰੰਥ ਸਾਹਿਬ ਦੇ 100 ਪੱਤਰਿਆਂ ਦਾ ਪਾਠ ਕਰਿਆ ਕਰਦੇ ਸਨ।

Namdhari Elibrary NamdhariElibrary@gmail.com



੧ੴ ਸਤਿਗੁਰ ਪ੍ਰਸਾਦਿ



੧ੴ ਸਤਿਗੁਰ ਪ੍ਰਸਾਦਿ

ਨੈਸ਼ਨਲ ਆਰਕਾਈਵਜ਼ (ਦਿੱਲੀ) ਤੋਂ ਪ੍ਰਾਪਤ
ਸੰਨ 1879 ਈ. ਸੂਬਾ ਗੁਰਚਰਨ ਸਿੰਘ ਦੀ ਤਸਵੀਰ ਅਤੇ
ਸਤਿਗੁਰੂ ਰਾਮ ਸਿੰਘ ਜੀ ਅਤੇ ਸਤਿਗੁਰੂ ਹਰੀ ਸਿੰਘ ਜੀ ਦੇ
ਰੂਸ ਦੇ ਹਾਕਮਾਂ ਵੱਲ ਲਿਖੇ ਪੱਤਰ ਅਤੇ ਫ਼ਾਰਸੀ ਵਿੱਚ ਜਵਾਬੀ ਸੰਦੇਸ਼।
(ਉੱਪਰ ਤਸਵੀਰ ਵਿੱਚ) ਸੂ. ਮੀਂਹਾਂ ਸਿੰਘ ਸਰਹਾਲੀ ਇਹ
ਜਵਾਬੀ ਸੰਦੇਸ਼ ਲੈ ਕੇ ਮਰਗੋਈ
ਸਤਿਗੁਰੂ ਰਾਮ ਸਿੰਘ ਜੀ ਪਾਸ ਪਹੁੰਚੇ।
ਰੰਗੂਨ ਸਤਿਗੁਰੂ ਰਾਮ ਸਿੰਘ ਜੀ ਅਤੇ ਰੂਸ ਸਰਕਾਰ ਵਿੱਚ ਸਤਿਗੁਰੂ ਹਰੀ
ਸਿੰਘ ਜੀ ਨੇ ਸੰਪਰਕ ਸੂਤਰ ਵਜੋਂ ਭੂਮਿਕਾ ਨਿਭਾਈ।





(1)

(2)

1. मकान गारद पुलिस है- जिसके शमाल (उत्तर दिशा) मे कोठड़ी सारजट है। और उसी मे असला रखा जाता है।
2. खरास है (खरास दी जग्हा) जिसके साथ तबादले की दरख़ुआसत (अरज़ी) है।

13 4/05

ਹਾਕਮ ਅਲੀ ਡਿਪਟੀ ਕਮਿਸ਼ਨਰ ਸਾਹਨੇਵਾਲ ਵਲੋਂ ਤਿਆਰ ਕਰਵਾਇਆ ਨਕਸ਼ਾ

Namdhari Elibrary NamdhariElibrary@gmail.com

از ڈپٹی کمشنر صاحب لودہانہ

واقعہ ۲۸ اکتوبر ۱۹۰۱ع

جناب کپتان [illegible] سپرنٹنڈنٹ کوکہ [illegible]

میں کشن سنگھ کوکہ سکنہ ضلع سیالکوٹ صرف ایک کلیم ۵ دن سے

یہاں آیا تھا چونکہ مشتبہ ہے [illegible] یہاں سے جلد گیا ہے

میں نے اوسکو کا رپورٹ کے واسطے [illegible] سے متعلق [illegible]

سالہ [illegible] کے ساتھ [illegible] تھی اور [illegible]

روانہ کردی ہے

[illegible]

جناب کرنیل صاحب [illegible]

[illegible] ۱۹۰۱ [illegible] ہوکر آیا ہے لکھے کشن سنگھ کوکہ

سکنہ ضلع سیالکوٹ [illegible] ہے ۔ نہ کوئی عالی آدمی

[illegible] سنگھ [illegible] کا [illegible] ہے ۔

ਤਹਿਸੀਲਦਾਰ ਸਾਹਿਬ ਲੁਧਿਆਣਾ

ਬਿਆਨ ਭਾਈ ਬੁੱਧ ਸਿੰਘ ਕੂਕਾ ਭੈਣੀ ਆਲਾ

ਮਸਮੀ ਕਿਸ਼ਨ ਸਿੰਘ ਕੂਕਾ ਸਕਨਾਤ ਜ਼ਿਲਾ ਸਿਆਲਕੋਟ ਸਿਰਫ ਏਕ ਯੋਮ (ਦਿਨ) ਕੇ ਵਾਸਤੇ ਯਹਾਂ ਆਯਾ ਥਾ। ਚੌਬੀਸ ਘੰਟੇ ਕੇ ਅੰਦਰ ਯਹਾਂ ਸੇ ਚਲਾ ਗਯਾ। ਮੈਨੇ ਉਸਕੋ ਕਾਰੇਜ਼ਰਾਤ (ਖੇਤੀਬਾੜੀ) ਕੇ ਵਾਸਤੇ ਰਸਮੇਸਰੀਰ ਮੁਤਕਲ ਨਹੀ ਰਖਾ (ਠਹਿਰਾਇਆ ਨਹੀਂ)। ਸਾਬਕਾ ਸਾਰਜੰਟ ਕੀ ਮੇਰੇ ਸਾਥ ਅਦਾਅਵਤ (ਦੁਸ਼ਮਣੀ) ਥੀ। ਉਸਨੇ ਨਾਹੱਕ (ਬੇਵਜ਼ਾ) ਰਿਪੋਰਟ ਕਰ ਦੀ ਹੈ।

ਹਸਤਾਖਰ ਗੁਰੂ ਹਰੀ ਸਿੰਘ

28 ਅਕਤੂਬਰ 1901

ਬਿਆਨ ਕਰਾਮਤ ਖਾਨ ਸਾਰਜੰਟ ਮੁਤਾਇਅਨਾ (ਮੌਜੂਦਾ)

ਬਜ਼ੋਹਰ 1 ਸਤੰਬਰ 1901 ਮੈਂ ਵਹਾਂ ਸੇ ਹੋਕਰ ਆਯਾ ਹੂੰ ਕਭੀ ਕਿਸ਼ਨ ਸਿੰਘ ਕੂਕਾ ਸਕਨਾਤ ਜ਼ਿਲਾ ਸਿਆਲਕੋਟ ਕੋ ਜਹਾਂ ਨਹੀਂ ਦੇਖਾ। ਨਾ ਕੋਈ ਫਾਲਤੂ ਆਦਮੀ ਭਾਈ ਬੁਧ ਸਿੰਘ ਨੇ ਅਰਾਮ ਸਰੀਰ ਰਖਾ ਹੈ (ਅਰਾਮ ਕਰਨ ਲਈ ਨਹੀਂ ਰੋਕਿਆ)।

1 ਸਤੰਬਰ 1901



1896 ਈ. ਵਿੱਚ ਬਾਗ ਵਾਲੀ ਕੋਠੀ ਤਿਆਰ ਹੋਈ ਸੀ। ਇਸ ਤੋਂ ਪਹਿਲਾਂ ਖੂਹ ਲਾ ਕੇ ਬਾਗ ਲਾ ਦਿੱਤਾ ਗਿਆ ਸੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਰਜਾ ਦੇ ਆਖਰੀ ਦਹਾਕੇ ਵਿੱਚ ਇੱਥੇ ਹੀ ਨਿਵਾਸ ਕੀਤਾ।



ਹਲਟ, ਖੂਹ ਅਤੇ ਬਾਗ ਵਾਲੀ ਕੋਠੀ- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਜਗ੍ਹਾ ਸਲਾਨਾ ਨਾਮ ਸਿਮਰਨ ਜਪ ਪ੍ਰਯੋਗ ਕੀਤੇ।

Namdhari Elibrary NamdhariElibrary@gmail.com

ਇਸ ਗੱਦੀ ਸਾਹਿਬ ਵਾਲੇ ਚੋਬਾਰੇ ਵਿੱਚ ਰੋਜ਼ ਸਵੇਰੇ ਆਸਾ ਦੀ ਵਾਰ ਲੱਗਦੀ ਅਤੇ ਸ਼ਾਮ ਦਾ ਦੀਵਾਨ ਹੁੰਦਾ। ਇੱਥੇ ਬੈਠਕੇ ਹੀ ਗੁਰੂ ਹਰੀ ਸਿੰਘ ਜੀ ਆਪਣਾ ਨਿਤਨੇਮ ਕਰਦੇ ਸਨ।

ਜਿਸ ਘਰ ਵਿੱਚ ਗੁਰੂ ਹਰੀ ਸਿੰਘ ਜੀ ਦਾ ਪ੍ਰਕਾਸ਼ ਹੋਇਆ ਸੀ, ਸਤਿਗੁਰੂ ਜਗਜੀਤ ਸਿੰਘ ਜੀ ਨੇ ਉੱਥੇ ਹੀ ਗੁਰੂ ਹਰੀ ਸਿੰਘ ਲੰਗਰ ਹਾਲ ਦੀ ਉਸਾਰੀ ਕਰਵਾ ਦਿੱਤੀ।

ਹਰੀ ਮੰਦਰ ਵਾਲੇ ਅਸਥਾਨ 'ਤੇ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਸਸਕਾਰ ਹੋਇਆ ਸੀ। ਬਾਅਦ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗਤ ਦੇ ਕਥਾ ਕੀਰਤਨ ਲਈ ਇੱਕ ਵੱਡੇ ਛੱਪਰ ਪੁਆਕੇ ਹਰੀ ਮੰਦਰ ਬਣਵਾ ਦਿੱਤਾ।

Namdhari Elibrary NamdhariElibrary@gmail.com





੧ੴ ਸਤਗੁਰ ਪ੍ਰਸਾਦਿ

ਲਿਖਤੋ ਬਾਬਾ ਬੁਧ ਸਿੰਘ ਜੀ ਜੋਗੁ ਸ੍ਰੀ ਗੁਰੂ ਸਤਗੁਰੂ ਸਚਾ ਪਾਤਸਾਹੁ ਸ੍ਰੀ ਵਾਹਗੁਰੂ ਜੀ ਕਾ ਖਾਲਸਾ ਸ੍ਰੀ ਵਾਹਗੁਰੂ ਜੀ ਕੀ ਫਤੇ ਬੁਲਾਈ ਪਰਵਾਨਿ ਕਰਣੀ ਬਹੁਤੁ ਕਰਕੇ ਚਰਣਾ ਉਤੇ ਹੋਰ ਏਥੇ ਸੁਖ ਅਨੰਦ ਹੈ ਆਪਿ ਕੀ ਸੁਖ ਗੁਰੂ ਕੋਲੋ ਮੰਗਿਦੇ ਹਾਂ ਦਰ ਹਮੇਸਾ ਹੋਰ ਜੀ ਬੀਬੀ ਨੰਦਾ ਦੀ ਰਾਮਿ ਸਤ ਬਸੰਤ ਸਿੰਘ ਦੀ ਸੂਰਤ ਸਿੰਘ ਦੀ ਹਰਿਨਾਮ ਸਿੰਘ ਦੀ ਸਭਨਾ ਦੀ ਕਰੀ ਫਤੇ ਪਰਵਾਨਿ ਕਰਣੀ ਚਰਨਾ ਉਤੇ ਹੋਰ ਜੀ ਸਾਰੇ ਡੇਰੇ ਦੀ ਫਤੇ ਮਾਂਈਆਂ ਬੀਬੀਆਂ ਦੀ ਰਾਮਿ ਸਤ ਪ੍ਰਵਾਨਿ ਕਰਣੀ ਚਰਣਾ ਉਤੇ ਸਭਨਾ ਦੀ ਹੋਰ ਲੰਗਰ ਚਲਿਆ ਜਾਦਾ ਹੈ ਹੋਰ ਕਾਰ ਚਲੀ ਜਾਦੀ ਹੈ ਹੋਰ ਜੀ ਦਾਣੇ ਬਹੁਤ ਮੈਹਗੇ ਹੋਇ ਰਹੇ ਹਨ ਹੋਰ ਜੀ ਮੁਸਦਾ ਸਿੰਘ ਤੇ ਮਾੜੀ ਦੋਨੋ ਪਰਲੋਕ ਹੋਇ ਗਏ ਹਨ ਹੋਰ ਜੀ ਆਪਿਣੀ ਤੁਸੀ ਖਵਰ ਸੁਖਿ ਸਾਤ ਦੀ ਭੇਜਣੀ ਜਰੂਰ ਕ੍ਰਿਪਾ ਕਰਕੇ ਹੋਰ ਜੀ ਗੁਰਦਿਤ ਸਿੰਘ ਦੀ ਗਡੇ ਬਾਲੇ ਦੀ ਫਤੇ ਬੁਲਾਈ ਪ੍ਰਵਾਨਿ ਕਰਣੀ ਚਰਣਾ ਉਤੇ ਹੋਰ ਜੀ ਹਰਿਨਾਮ ਸਿੰਘ ਦਾ ਪੈਰੁ ਰਾਜੀ ਹੋਇ ਗਿਆ ਹੈ ਸਟ ਲਗ ਥੀ ਹੋਰ ਮਾਈ ਭੋਲੀ ਦੀ ਰਾਮ ਸਤ ਪ੍ਰਵਾਨਿ ਕਰਣੀ ਚਰਣਾ ਉਤੇ ਬਹੁਤ ਬੇਨਤੀ ਕਰਦੀ ਹੈ

ਹਰ ਦਾਣੇ ਭਾਉ ੧) ਮਣ

ਘੇਉ ਦਾ ਭਾਉ) ੩॥ ਸੇਰ

ਗੁੜ ਸਕ੍ਰ ੧) ੬ ਸੇਰ

ਬੁਧ ਸਿੰਘ ਚਪੜਾਸੀ ਦੀ ਫਤੇ ਬੁਲਾਈ ਲੁਦੇਹਾਣੇ ਬਾਲਾ ਦਾਨਿ ਸਿੰਘ ਕੀ ਫਤੇ ਬਲਾਈ॥

ਸਤਿ ਸ੍ਰੀ ਅਕਾਲ ਗੁਰ ਬ੍ਰ ਅਕਾ ਅਕਾਲ

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲ ਲਿਖੀ ਅਰਦਾਸ (ਬੇਨਤੀ ਪੱਤਰ)

ਨੋਟ: ਬੁਧ ਸਿੰਘ ਚਪੜਾਸੀ

Namdhari Elibrary NamdhariElibrary@gmail.com



ਇਹ ਪੁਰਾਤਨ ਮੰਦਰ ਸ੍ਰੀ ਗੁਰੂ ਹਰੀ ਸਿੰਘ ਜੀ ਦਾ ਨਿਵਾਸ ਸਥਾਨ ਸੀ। ਇੱਥੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਹੋਇਆ।

ਇਸੇ ਜਗ੍ਹਾ ਦਾ ਪੁਰਾਤਨ ਦਿੱਖ ਵਾਲਾ ਵਰਤਮਾਨ ਸਰੂਪ

Namdhari Elibrary NamdhariElibrary@gmail.com

ਇਸ ਪਵਿੱਤਰ ਇਤਿਹਾਸਕ ਸਥਾਨ ਪਿੰਡ ਕੋਠਾ ਗੁਰੂ (ਬਠਿੰਡਾ) ਵਿੱਚ ਮਾਰਚ ਸੰਨ 1871 ਈ. ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਨੇ ਇਲਾਕੇ ਦੇ ਦੌਰੇ ਸਮੇਂ ਕੁਝ ਸਮਾਂ ਇੱਥੇ ਇਸ ਪਿੱਪਲ ਦੇ ਹੇਠ ਆਰਾਮ ਕੀਤਾ ਸੀ। ਇਸ ਕਰਕੇ ਮਗਰੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਇਸ ਜਗ੍ਹਾ ਵਿੱਚ ਠਹਿਰੇ ਅਤੇ ਪੰਜ ਅਨੰਦ ਕਾਰਜ ਕੀਤੇ ਅਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਇਸ ਸਥਾਨ ਦੀ ਯਾਤਰਾ ਕਰਦੇ ਹੋਏ ਇਸ ਸਥਾਨ ਨੂੰ ਇਲਾਕੇ ਵਿੱਚ ਅੰਮ੍ਰਿਤਸਰ ਅਤੇ ਗੁਰੂਸਰ ਵੀ ਕਹਿੰਦੇ ਹਨ। ਪਰ ਨਾਮਧਾਰੀ ਇਸ ਨੂੰ ਗੁਰਦੁਆਰਾ ਰਾਮਸਰ ਜੀ ਵੀ ਕਹਿੰਦੇ ਹਨ। ਸਥਾਨ ਦਾ ਇਹ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਆਗਮਨ ਦੀ ਯਾਦ ਵਿੱਚ ਰੱਖਿਆ ਗਿਆ ਹੈ।

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 1901 ਈ. ਫਿਰੋਜ਼ਪੁਰ ਦੇ ਦੌਰੇ ਦੌਰਾਨ ਅਬਲੂ ਨਗਰ ਆਏ।
ਪਿੰਡ ਦੇ ਲੋਕਾਂ ਨੇ ਅਰਜ਼ ਕੀਤੀ ਕਿ ਸਾਰੇ ਖੂਹਾਂ ਦਾ ਪਾਣੀ ਖਾਰਾ ਹੈ।
ਆਪ ਜੀ ਕਿਰਪਾ ਕਰੋ।
ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਖੂਹ ਦਾ ਟੱਪ ਲਾਇਆ।
ਜਿਸ ਦਾ ਪਾਣੀ ਮਿੱਠਾ ਨਿਕਲਿਆ।
ਅੱਜ ਤੱਕ ਇਹ ਯਾਦਗਾਰ ਮੌਜੂਦ ਹੈ

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਚੋਗਾ
(ਜੋ ਸ੍ਰੀ ਭੈਣੀ ਸਾਹਿਬ ਸੁਰੱਖਿਅਤ ਹੈ)

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦਾ ਚੋਗਾ।
ਸ੍ਰੀ ਭੈਣੀ ਸਾਹਿਬ ਵਿਖੇ-
ਸਰਦੀਆਂ ਦੇ ਦਿਨਾਂ ਵਿੱਚ ਇੱਕ ਵੇਰ
ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਸੰਤ ਵਸਾਵਾ ਸਿੰਘ ਦੁਰਗਾਪੁਰੀਏ ਨੂੰ
ਸਾਧਾਰਨ ਕੱਪੜਿਆਂ ਵਿੱਚ
ਠਰਦਿਆਂ ਵੇਖ ਕੇ ਆਪਣਾ ਕੋਟ ਲਾਹ ਕੇ
ਬਚਨ ਕੀਤਾ-
ਲੈ ਮਸਤਾਨਿਆਂ ਠੰਡ ਬੜੀ ਹੈ ਪਾ ਲੈ।
ਵਸਾਵਾ ਸਿੰਘ ਨੇ ਬਚਨ ਮੰਨ ਕੇ ਇੱਕ ਵੇਰ
ਪਾ ਲਿਆ ਅਤੇ ਫੇਰ ਸਤਿਗੁਰੂ ਜੀ ਦੀ
ਬਖਸ਼ੀ ਨਿਸ਼ਾਨੀ ਵਜੋਂ ਸੰਭਾਲ ਕੇ ਰੱਖ ਲਿਆ।
ਉਸ ਪਰਿਵਾਰ 'ਚੋਂ ਸੁਖਦੇਵ ਸਿੰਘ
ਸਪੁਤ੍ਰ ਬਿਸ਼ਨ ਸਿੰਘ ਨੇ ਭੈਣੀ ਸਹਿਬ ਦੇ ਦਿੱਤਾ।



ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀਆਂ ਨਿੱਜ ਵਰਤੋਂ ਦੀਆਂ ਦੁਰਲੱਭ ਵਸਤਾਂ

(ਇਹ ਵਸਤਾਂ ਸੇਠ ਫੂਲਾ ਸਿੰਘ ਚਾਵਲਾ, ਬੰਕੋਕ ਦੇ ਪਰਿਵਾਰ ਪਾਸ ਹਨ)

ਮਾਲਾ

ਪੱਖੀ



ਹਸਤ-ਲਿਖਤ ਨਿਤਨੇਮ ਦੀ ਪੋਥੀ



ਸ੍ਰੀ ਸਤਿਗੁਰੂ ਉਦੇ ਸਿੰਘ ਜੀ,
ਸਤਿਗੁਰੂ ਹਰੀ ਸਿੰਘ ਜੀ ਦੀ ਨਿਤਨੇਮ
ਵਾਲੀ ਪੋਥੀ ਨਿਹਾਰਦੇ ਹੋਏ,
ਪਾਸ ਬੈਠੇ ਸੇਠ ਧਰਮ ਸਿੰਘ ਚਾਵਲਾ
(ਪੋਤਰਾ ਸੇਠ ਫੂਲਾ ਸਿੰਘ ਜੀ)

Namdhari Elibrary NamdhariElibrary@gmail.com

ਗੋਰੇ ਬਹਿ ਬਹਿ ਕਰਨ ਸਲਾਹੀਂ
ਏਹ ਸਿੰਘ ਸਾਥੋਂ ਡਰਦੇ ਨਾਹੀਂ
ਜਿਹੜੇ ਹੋ ਮਸਤਾਨੇ ਜਾਹੀਂ
ਕੂਕਾਂ ਮਾਰਨ ਵਿਚ ਚੁਰਾਹੀਂ
ਇਹਨਾਂ ਨੂੰ ਖੌਫ ਕਿਸੇ ਦਾ ਨਾਹੀਂ
ਬਾਝ ਅਕਾਲ ਦੇ।....
ਸਤਿਗੁਰੂ ਆਪ ਹੁਕਮ ਚੜ੍ਹਾਏ
ਸੰਗਤ ਸਭ ਅਕਾਲ ਬੁਲਾਏ
ਗੋਰਾ ਮੂੰਹ ਵਿਚ ਉਂਗਲਾ ਪਾਏ
ਸਾਡਾ ਧੜਕ ਕਲੇਜਾ ਜਾਏ
ਐਸਾ ਕੌਣ ਅਕਾਲ ਹਟਾਏ
ਏਹਾ ਗੱਲ ਭਾਲਦੇ।

ਸਤਿਗੁਰੂ ਰਾਮ ਸਿੰਘ ਜੀ ਨੇ ਰੂਸ, ਕਸ਼ਮੀਰ, ਨੇਪਾਲ, ਭੂਟਾਨ, ਅਫਗਾਨਿਸਤਾਨ ਆਦਿ ਦੇਸ਼ਾਂ ਨਾਲ ਸੰਪਰਕ ਬਣਾਏ ਸਨ। ਉਹਨਾਂ ਤੋਂ ਸੈਨਿਕ ਮਦਦ ਲੈ ਕੇ ਅੰਗਰੇਜ਼ ਨੂੰ ਭਾਰਤ ਵਿਚੋਂ ਕੱਢਣਾ ਚਾਹੁੰਦੇ ਸਨ। ਪਰ ਅੰਗਰੇਜ਼ ਹਕੂਮਤ ਨੇ ਉਹਨਾਂ ਨੂੰ ਜਲਾਵਤਨ ਕਰ ਦਿੱਤਾ। ਕੂਕਿਆਂ ਵਿਚ ਉਹਨੀਂ ਦਿਨੀ ਇਹ ਗੱਲ ਪ੍ਰਚਲਿਤ ਸੀ ਕਿ ਰੂਸ ਦੀਆਂ ਫੌਜਾਂ ਹਿੰਦੁਸਤਾਨ 'ਤੇ ਚੜ੍ਹਾਈ ਕਰਕੇ ਅੰਗਰੇਜ਼ ਨੂੰ ਹਰਾ ਦੇਣਗੀਆਂ ਤੇ ਫਿਰ ਸਤਿਗੁਰੂ ਰਾਮ ਸਿੰਘ ਪੰਜਾਬ ਵਿਚ ਵਾਪਿਸ ਆਉਣਗੇ। ਜ਼ਾਲਮਾਂ ਦਾ ਨਾਸ਼ ਕਰਕੇ, ਇਕ ਅਕਾਲ ਪੁਰਖ ਦੇ ਲੜ ਲਾਉਣਗੇ। ਕਵੀ ਲਿਖਦਾ ਹੈ-

ਫੌਜਾਂ ਚੜ੍ਹ ਰੂਸ ਦੀਆਂ ਧਾਈਆਂ
ਫਿਰ ਗਈਆਂ ਲੰਦਨ ਵਿੱਚ ਦੁਹਾਈਆਂ
ਉਧਰੋਂ ਗੋਰੇ ਕਰਦੇ ਧਾਈਆਂ
ਦਿਨੋ ਦਿਨ ਹੋਸਨ ਬਹੁਤ ਲੜ੍ਹਾਈਆਂ
ਮਰਸਨ ਬੇਟੇ ਜਾਏ ਮਾਈਆਂ
ਬਹਿ ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇਕੇ।
ਸਤਿਗੁਰ ਫੇਰ ਪੰਜਾਬੇ ਆਵਨ
ਅਗਲੀਆਂ ਸਫ਼ਾਂ ਸਭ ਉੱਠਾਵਨ
ਨਵੇਂ ਹੋਰ ਨਿਸ਼ਾਨ ਝੁਲਾਵਨ
ਜਗ ਵਿਚ ਸ੍ਰੀ ਅਕਾਲ ਜਪਾਵਨ
ਅਸੁਰ ਸੰਘਾਰ ਕੇ।

ਚੰਦਾ ਸਿੰਘ ਦੀ ਇਸ ਰਚਨਾ ਦਾ ਪੰਜਾਬ ਦੇ ਕਾਰਜਕਾਰੀ ਸਕੱਤਰ ਮਿਸਟਰ ਸੀ.ਐੱਲ. ਟੱਪਰ ਨੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਮਿਸਟਰ ਏ. ਮੈਕੰਜੀ ਵੱਲ 27 ਜੂਨ 1984 ਈ. ਨੂੰ ਲਿਖ ਕੇ ਭੇਜਿਆ ਕਿ ਇਸ ਰਚਨਾ ਵਿਚ ਦਰਸਾਇਆ ਗਿਆ ਹੈ ਕਿ ਅੰਗਰੇਜ਼ ਕੂਕਿਆਂ ਤੋਂ ਡਰੇ ਹੋਏ ਹਨ। ਛੇਤੀ ਹੀ ਰੂਸ ਅੰਗਰੇਜ਼ਾਂ ਨੂੰ ਭਾਰਤ ਚੋਂ ਕੱਢਣ ਵਾਸਤੇ ਆ ਰਿਹਾ ਹੈ ਅਤੇ ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਦੇ ਮੁੜ ਪੰਜਾਬ ਆਉਣ ਦੀ ਭਵਿੱਖਬਾਣੀ ਵੀ ਕੀਤੀ ਹੋਈ ਹੈ।[17]

ਇਸ ਤਰ੍ਹਾਂ ਚੰਦਾ ਸਿੰਘ ਦੀ ਰਚਨਾ ਅੰਗਰੇਜ਼ਾਂ ਵੱਲੋ ਬਾਗੀਆਨਾ ਸੰਦੇਸ਼ ਦੇਣ ਵਾਲੀ ਇਹ ਪਹਿਲੀ ਰਚਨਾ ਹੈ ਅਤੇ ਉਸ ਸਮੇਂ ਇਸਦਾ ਅੰਗਰੇਜ਼ੀ ਅਨੁਵਾਦ ਕਰਕੇ ਉੱਚ ਅੰਗਰੇਜ਼ ਅਧਿਕਾਰੀਆਂ ਨੂੰ ਇਸ ਰਚਨਾ ਤੋਂ ਜਾਣੂੰ ਕਰਵਾਇਆ ਗਿਆ ਸੀ। ਇਸ ਤਰ੍ਹਾਂ ਇਹ ਬਾਰਾਂਮਾਂਹ ਦੀ ਪ੍ਰੰਪਰਾ ਵਿਚ ਪਹਿਲੀ ਪੰਜਾਬੀ ਰਚਨਾ ਹੋ ਨਿਬੜਦੀ ਹੈ, ਜਿਸਦਾ ਅੰਗਰੇਜ਼ੀ ਅਨੁਵਾਦ ਹੋਇਆ।

ਸੰਤ ਨਿਹਾਲ ਸਿੰਘ (ਬਾਰਾਂਮਾਂਹ)- ਬਾਰਾਂਮਾਂਹ ਲਿਖਣ ਵਾਲਾ ਦੂਸਰਾ ਕਵੀ ਕਵੀ ਨਿਹਾਲ ਸਿੰਘ ਹੈ। ਇਹ ਬਾਰਾਂਮਾਂਹ 'ਕਬਿੱਤ' ਛੰਦ ਵਿਚ ਲਿਖਿਆ ਗਿਆ ਹੈ ਅਤੇ ਇਸ ਦੇ ਕੁਲ 12 ਬੰਦ ਹਨ। ਸੰਤ ਨਿਹਾਲ ਸਿੰਘ ਦੇ ਜੀਵਨ ਬਾਰੇ ਨਾਮਧਾਰੀ ਇਤਿਹਾਸਕ ਸਰੋਤਾਂ ਵਿਚੋਂ ਕੋਈ ਵੀ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ। ਨਿਹਾਲ ਸਿੰਘ ਦੇ ਕਬਿੱਤ ਨਾਮਧਾਰੀ ਦੀਵਾਨਾਂ ਵਿਚ ਆਮ ਪੜ੍ਹੇ ਸੁਣੇ ਜਾਂਦੇ ਸਨ। ਪਹਿਲਾਂ ਪਹਿਲ ਇਹ ਕੇਵਲ ਸਿਮ੍ਰਤੀ ਦਾ ਹਿੱਸਾ ਹੀ ਸਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੀ ਗੁਰਿਆਈ ਦੇ ਮੁੱਢਲੇ ਵਰ੍ਹਿਆਂ ਵਿਚ ਇਕ ਮੇਲੇ 'ਤੇ ਸੰਗਤ ਨੂੰ ਸੰਬੋਧਨ ਹੁੰਦਿਆਂ ਨਿਹਾਲ ਸਿੰਘ ਦੇ ਬਾਰਾਂਮਾਂਹ ਦੀ ਲਿਖਤ ਬਾਰੇ ਪੁੱਛਿਆ ਸੀ, ਤਦ ਇਕ ਨਾਮਧਾਰੀ ਸਿੱਖ ਨੇ ਇਹ ਬਾਰਾਂਮਾਂਹ ਜ਼ੁਬਾਨੀ ਸੁਣਾਇਆ। ਫਿਰ ਉਸ ਕੋਲੋਂ ਕਵੀ ਪ੍ਰੀਤਮ ਸਿੰਘ ਨੇ ਨੋਟ ਕਰਕੇ ਸਤਿਜੁਗ ਪਰਚੇ ਦੇ 2022 ਬਿ. ਵਾਲੇ ਬਸੰਤ ਅੰਕ ਵਿਚ ਛਾਪ ਕੇ, ਉਹਨਾਂ ਨੂੰ ਅਲੋਪ ਹੋਣੋਂ ਬਚਾ ਲਿਆ।[18]

ਸੰਤ ਨਿਹਾਲ ਸਿੰਘ ਦੇ ਬਾਰਾਂਮਾਂਹ ਵਿਚ ਨਾਮਧਾਰੀ ਮੱਤ ਦੇ ਅਸੂਲਾਂ, ਗੁਰੂ ਪ੍ਰਤੀ ਸ਼ਰਧਾ, ਨਾਮ ਸਿਮਰਨ, ਕੀਰਤਨ ਅਤੇ ਸੰਤ ਖਾਲਸੇ ਦੇ ਉੱਚ ਆਚਰਣ ਦਾ ਵਰਣਨ ਹੈ। ਇਸ ਤੋਂ ਇਲਾਵਾ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਅਤੇ ਫਿਰ ਉਹਨਾਂ ਦੇ ਵਿਛੋੜੇ ਦੇ ਜ਼ਿਕਰ ਦੇ ਨਾਲ-ਨਾਲ ਬਿਰਹੋਂ ਕੁੱਠੀ ਨਾਮਧਾਰੀ ਸੰਗਤ ਦੀ ਹਾਲਤ ਦਾ ਬਾ-ਖ਼ੂਬੀ ਚਿਤਰਣ ਹੈ। ਇਸ ਰਚਨਾ ਦੇ ਰਚਨਾਕਾਲ ਬਾਰੇ ਸੁਵਰਨ ਸਿੰਘ ਵਿਰਕ ਲਿਖਦੇ ਹਨ:-

"ਭਾਈ ਨਿਹਾਲ ਸਿੰਘ ਨੇ ਆਪਣੀ ਇਹ ਰਚਨਾ ਵੀ ਚੰਦਾ ਸਿੰਘ ਹੋਰਾਂ ਦੇ ਪ੍ਰਭਾਵ ਵਿਚ ਰਚੀ ਹੈ, ਇਸ ਲਈ

Namdhari Elibrary NamdhariElibrary@gmail.com

ਇਸਦਾ ਰਚਨਾ ਕਾਲ, ਅਸੀਂ 1885 ਈ: ਦੇ ਲਾਗੇ-ਚਾਗੇ ਦਾ ਮਿਥ ਸਕਦੇ ਹਾਂ।"[19]

ਸੰਤ ਨਿਹਾਲ ਸਿੰਘ 'ਚੇਤਰ' ਮਹੀਨੇ ਤੋਂ ਸ਼ੁਰੂਆਤ ਕਰਕੇ 'ਫੱਗਣ' ਤੱਕ 12 ਮਹੀਨਿਆਂ ਦੇ ਨਾਵਾਂ ਸਹਿਤ ਇੱਕ-ਇੱਕ ਕਬਿੱਤ ਲਿਖਦੇ ਹਨ। ਸ਼ੁਰੂ ਵਿਚ ਉਹ ਨਾਮਧਾਰੀ ਰਹਿਤ ਮਰਿਆਦਾ ਨੂੰ 'ਚੇਤਰ' ਮਹੀਨੇ ਰਾਹੀਂ ਪੇਸ਼ ਕਰਦੇ ਹਨ:-

ਚੇਤਰ ਚਾਲ ਹੈ ਨਿਆਰੀ ਇਕ ਪੰਥ ਨਾਮਧਾਰੀ
ਸਿੰਘ ਹੋਇ ਬੇ-ਸ਼ੁਮਾਰੀ ਫਤੇ ਸਭ ਕੋ ਬੁਲਾਂਵਦੇ।
ਕੰਘਾ ਕੇਸ ਤੇ ਕਿਰਪਾਨ ਕੱਛ ਕੜਾ ਇਹ ਪਛਾਨ
ਇਹੋ ਸਿੰਘਾਂ ਦੇ ਨਿਸ਼ਾਨ ਜੋ ਪਹਿਰਾਵਾ ਅੰਗ ਲਾਂਵਦੇ।
ਬੈਠ ਲਾਂਵਦੇ ਦੀਵਾਨ ਸਾਰਾ ਵੇਖਦਾ ਜਹਾਨ
ਇਕ ਹੋਣ ਮਸਤਾਨੇ ਛੈਣੇ ਢੋਲਕੀ ਵਜਾਂਵਦੇ।
ਨਿਹਾਲ ਸਿੰਘ ਸਾਧ ਸੰਤ ਬੈਠ ਪੜ੍ਹਦੇ ਗ੍ਰੰਥ
ਇਕ ਉਠ ਪ੍ਰਭਾਤੇ ਵਾਰ ਆਸਾ ਦੀ ਲਗਾਂਵਦੇ।

ਅਖੀਰ ਤੇ ਫੱਗਣ ਮਹੀਨੇ ਵਿਚ ਬਿਰਹੋਂ ਹੰਢਾ ਰਹੀ ਨਾਮਧਾਰੀ ਸੰਗਤ ਦੀ ਹਾਲਤ ਕਵੀ ਇੰਜ ਬਿਆਨ ਕਰਦਾ ਹੈ:-

ਫੱਗਣ ਫੇਰ ਕਦੇ ਆਵੀਂ ਮੁਖ ਆਪਣਾ ਵਿਖਾਵੀਂ
ਰਤਾ ਚੈਨ ਨਹੀਂ ਆਵੇ ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ ਜੈਸੇ ਜਿਗਰ ਵਿਚ ਫੋੜਾ
ਦਿਨ ਰਾਤ ਇਹੋ ਝੋਰਾ ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ ਖੁੱਲ੍ਹੇ ਗਲ ਵਿਚ ਵਾਲ
ਫਿਰ ਥੱਕੀ ਢੂੰਢ ਭਾਲ ਨੈਣੀਂ ਨੀਂਦ ਨਹੀਂ ਆਂਵਦੀ।
ਨਿਹਾਲ ਸਿੰਘ ਔਗਣਹਾਰ ਆਇਆ ਤੇਰੇ ਦਰਬਾਰ
ਗੁਰੂ ਭੁੱਲ ਚੁੱਕ ਬਖ਼ਸ਼ ਸੰਗਤ ਸੀਸ ਹੈ ਨਿਵਾਂਵਦੀ।

ਡਾ. ਹਰਿਭਜਨ ਸਿੰਘ ਇਸ ਰਚਨਾ ਬਾਰੇ ਲਿਖਦੇ ਹਨ—

"ਇਹ ਰਚਨਾ ਜਨ ਸਧਾਰਨ ਦੇ ਬਹੁਤ ਨੇੜੇ ਹੈ। ਕਲਪਨਾ ਦੀ ਉੱਚ ਉਡਾਰੀ ਜਾਂ ਭਾਸ਼ਕ ਸ਼ਿਲਪ ਦੇ ਜਟਿਲ ਪ੍ਰਗਟਾਵੇ ਵਿੱਚ ਕਵੀ ਦੀ ਕੋਈ ਰੁਚੀ ਨਹੀਂ। ਨਿਰੋਲ ਸ਼ਰਧਾ ਦੀ ਸਰਲਤਾ ਇਸ ਰਚਨਾ ਦੇ ਆਰ ਪਾਰ ਫੈਲੀ ਹੋਈ ਹੈ। ਇਸ ਰਚਨਾ ਦਾ ਸੁਭਾਅ, ਤਤਕਾਲੀਨ ਸਾਦਾ ਨਾਮਧਾਰੀ ਜੀਵਨ-ਜਾਚ ਦੇ ਹੀ ਅਨੁਕੂਲ ਹੈ। ਨਾਮ, ਇਸ਼ਨਾਨ, ਸਾਦਾ ਵੇਸ, ਕੀਰਤਨ, ਮਾਸ ਸ਼ਰਾਬ ਪ੍ਰਤੀ ਅਰੁਚੀ, ਗੁਰੂ ਪ੍ਰਤੀ ਸਮਰਪਨ-ਭਾਵਨਾ, ਨਿੰਦਕਾਂ ਪ੍ਰਤੀ ਰੋਸ, ਅੰਗਰੇਜ਼ੀ ਰਾਜ-ਕਾਜ ਵਿਚ ਵਾਪਰੇ (ਸਤਿਗੁਰੂ) ਬਾਬਾ ਰਾਮ ਸਿੰਘ ਦੇ ਦੇਸ਼ ਨਿਕਾਲੇ ਆਦਿ ਦਾ ਸੰਖੇਪ ਵਰਣਨ, ਇਸ ਰਚਨਾ ਵਿਚ ਅਲੰਕਾਰਾਂ ਤੋਂ ਬਗ਼ੈਰ ਹੋਇਆ ਹੈ।[20]

ਗੁਰੂ ਹਰੀ ਸਿੰਘ ਕਾਲ ਵਿੱਚ ਲਿਖੇ ਗਏ ਚੰਦਾ ਸਿੰਘ ਅਤੇ ਸੰਤ ਨਿਹਾਲ ਸਿੰਘ ਦੇ ਬਾਰਾਂਮਾਹਿਆਂ ਬਾਰੇ ਡਾ. ਸੁਖਦੇਵ ਸਿੰਘ ਲਿਖਦੇ ਹਨ, "ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਲਿਖੇ ਗਏ ਬਾਬਾ ਚੰਦਾ ਸਿੰਘ ਝੱਬਰ ਅਤੇ ਸੰਤ ਨਿਹਾਲ ਸਿੰਘ ਦੇ ਬਾਰਾਂਮਾਂਹ ਦਿੱਖ ਦੀ ਪੱਧਰ 'ਤੇ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਹਿਜਰ ਵਿਯੋਗ ਦੀਆਂ ਰਚਨਾਵਾਂ ਹਨ, ਪਰ ਗੁੱਝੇ ਸਾਰ ਦੀ ਪੱਧਰ ਤੇ ਇਹ ਬਾਰਾਂਮਾਂਹੇ ਬਸਤੀਵਾਦੀ ਹਕੂਮਤ ਪ੍ਰਤੀ ਨਾਮਧਾਰੀਆਂ ਦੀ ਨਾਬਰੀ ਨੂੰ ਰੂਪਮਾਨ ਕਰਦੇ ਹਨ। ਇਹਨਾਂ ਰਚਨਾਵਾਂ ਵਿੱਚ ਨਾਮਧਾਰੀ ਲਹਿਰ ਦੇ ਜਨਮ, ਉੱਥਾਨ, ਨਾਮਧਾਰੀ ਜੀਵਨ-ਜਾਚ, ਨਾਮਧਾਰੀਆਂ ਵਲੋਂ ਸਨਾਤਨੀ ਰੀਤਾਂ ਅਤੇ ਧਾਰਮਿਕ ਕਰਮ-ਕਾਂਡ ਦੇ ਤਿਆਗ, ਹਿੰਦੂ-ਸਿੱਖ ਪੁਜਾਰੀਆਂ ਵੱਲੋਂ ਨਾਮਧਾਰੀ ਲਹਿਰ ਦੇ ਵਿਰੋਧ, ਨਾਮਧਾਰੀ ਸੰਗਠਨ ਦੇ ਵਿਸਤਾਰ 22 ਸੂਬਿਆਂ ਤੇ ਕੂਕਾ ਪ੍ਰਚਾਰਕਾਂ ਦੀ ਥਾਪਨਾ, ਕੂਕਿਆਂ ਵਲੋਂ ਗਊ ਬੱਧ ਕਰਨ ਵਾਲੇ ਬੁੱਚੜਾਂ ਦੇ ਕਤਲ, ਨਾਮਧਾਰੀਆਂ ਦੀ ਸਰਬ ਧਰਮ ਸਤਿਕਾਰ ਦੀ ਭਾਵਨਾ ਤੇ ਸੁਲ੍ਹਾਕੁਲ ਨੀਤੀ, ਕੌਮੀ ਆਜ਼ਾਦੀ ਦੀ ਤਾਂਘ, ਕੂਕਾ-ਰੂਸ ਸੰਬੰਧਾਂ, ਬਸਤੀਵਾਦੀ ਹਕੂਮਤ ਦੇ ਦਮਨ-ਚੱਕਰ, ਕੂਕਿਆਂ ਦੀ ਨਿਰਭਉ ਜੀਵਨ-ਸ਼ੈਲੀ, ਅੰਗਰੇਜ਼ ਅਧਿਕਾਰੀਆਂ ਪ੍ਰਤੀ ਨਾਬਰੀ, ਮਲੇਰਕੋਟਲੇ ਦੇ ਸਾਕੇ ਅਤੇ ਸਤਿਗੁਰੂ ਰਾਮ ਸਿੰਘ ਦੇ ਪ੍ਰਦੇਸ਼-ਗਮਨ ਤੋਂ ਉਪਜੀ ਕੂਕਿਆਂ ਦੀ ਮਾਨਸਿਕ ਪੀੜਾ ਅਤੇ ਦਰਸ਼ਨਾਂ ਲਈ ਵਿਆਕੁਲਤਾ ਦਾ ਸਰਲ-ਸੁਬੋਧ ਲੋਕ-ਕਾਵਿਕ ਸ਼ੈਲੀ ਵਿੱਚ ਬਿਆਨ ਹੈ।[21]

ਗਿਆਨੀ ਕਾਹਲਾ ਸਿੰਘ- (ਉਸਤਤਨਾਮਾ, ਪੈਂਤੀ ਅੱਖਰੀ)- ਗੁਰੂ ਹਰੀ ਸਿੰਘ ਕਾਲ ਦਾ ਪੰਜਾਬੀ ਕਵਿਤਾ ਲਿਖਣ ਵਾਲਾ ਤੀਸਰਾ ਨਾਮਧਾਰੀ ਕਵੀ ਗਿਆਨੀ ਕਾਹਲਾ ਸਿੰਘ ਹੈ। ਗਿਆਨੀ ਕਾਹਲਾ ਸਿੰਘ ਰਾਏਕੋਟ ਦੇ ਸਾਕੇ ਸਮੇਂ ਸੱਤ ਸਾਲ ਦੀ ਉਮਰ ਦਾ ਬਾਲ ਸੀ। ਰਾਏਕੋਟ ਦਾ ਸਾਕਾ 1871 ਈ: ਵਿੱਚ ਵਾਪਰਦਾ ਹੈ। ਇਸ ਤਰ੍ਹਾਂ ਕਾਹਲਾ ਸਿੰਘ ਦਾ ਜਨਮ 1864 ਈ. ਬਣਦਾ ਹੈ। ਗਿਆਨੀ ਕਾਹਲਾ ਸਿੰਘ ਗੁਰੂ ਹਰੀ ਸਿੰਘ ਦੇ ਸਮੇਂ ਨਾਮਧਾਰੀ ਸਜਦਾ ਹੈ। ਗਿਆਨੀ ਕਾਹਲਾ ਸਿੰਘ ਨੇ ਵਾਰਤਕ ਵਿੱਚ ਜਨਮਸਾਖੀ ਨਾਮਦੇਵ ਅਤੇ ਜਨਮਸਾਖੀ ਰਵਿਦਾਸ ਲਿਖੀ ਅਤੇ ਕਵਿਤਾ ਵਿੱਚ ਉਸਤਤਨਾਮਾ, ਪੈਂਤੀ ਅੱਖਰੀ, ਸ਼ਹੀਦ ਬਿਲਾਸ ਰਾਏਕੋਟ, ਸ਼ਹੀਦ ਬਿਲਾਸ ਅੰਮ੍ਰਿਤਸਰ, ਸ਼ਹੀਦ ਬਿਲਾਸ ਮਲੇਰਕੋਟਲਾ,

Namdhari Elibrary NamdhariElibrary@gmail.com

ਸੰਮਨ ਮੂਸਣ, ਸਾਕਾ ਤਰਨ ਤਾਰਨ, ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼ ਅਤੇ ਇਸ ਤੋਂ ਇਲਾਵਾ ਇਕ ਹੋਰ ਪੁਸਤਕ ਅਧਯਾਤਮਾ ਨੁਭਵਿਵੇਕ ਵੀ ਲਿਖੀ। 26 ਮਾਘ 1985 ਬਿ: ਮੁਤਾਬਿਕ ਫਰਵਰੀ 1929 ਈ: ਨੂੰ ਚੜ੍ਹਾਈ ਕੀਤੇ।

ਗੁਰੂ ਹਰੀ ਸਿੰਘ ਕਾਲ ਵਿੱਚ ਇਹਨਾਂ ਦੀਆਂ ਦੋ ਰਚਨਾਵਾਂ 1889 ਈ. ਵਿੱਚ ਛਪੀਆਂ। ਪਹਿਲੀ ਉਸਤਤਨਾਮਾ ਅਤੇ ਦੂਸਰੀ-ਪੈਂਤੀ ਅੱਖਰੀ (ਜੰਗਨਾਮਾ)।

ਡਾ. ਹਰਿਭਜਨ ਸਿੰਘ ਦੁਆਰਾ ਸੰਪਾਦਿਤ ਪੁਸਤਕ 'ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ ਦੇ ਦੱਸਵੇਂ ਖੰਡ ਵਿਚ 'ਉਸਤਤਨਾਮਾ' ਦਾ ਪਾਠ-ਸੰਪਾਦਨ ਕੀਤਾ ਹੈ। ਸੰਪਾਦਕ ਨੇ ਪਾਠ-ਸੰਪਾਦਨ ਕਰਨ ਦੇ ਨਾਲ-ਨਾਲ ਇਸ ਰਚਨਾ ਦਾ ਅਧਿਐਨ ਕਰਦਿਆਂ ਇਸ ਬਾਰੇ ਲਿਖਿਆ ਹੈ-

"ਉਸਤਤਨਾਮਾ ਕਵੀ ਕਾਹਲਾ ਸਿੰਘ ਦੀ ਗੁਰੂ-ਭਗਤੀ ਅਤੇ ਸ਼ਰਧਾ ਦਾ ਸਰਲ ਅਤੇ ਸਪੱਸ਼ਟ ਪ੍ਰਗਟਾਵਾ ਹੈ। ਰਚਨਾ ਵਿੱਚ ਨਾ ਕਲਪਨਾ ਦੀ ਉਡਾਨ ਹੈ, ਨਾ-ਸ਼ਬਦ ਚਮਤਕਾਰ ਦਾ ਵਿਖਾਲਾ ਪਾਉਣ ਦੀ ਉਚੇਚ। ਇਸ ਰਚਨਾ ਦਾ ਰਚਨਹਾਰ ਕਵੀ ਤੋਂ ਵਧੀਕ ਸ਼ਰਧਾਲੂ ਉਸਤਤਕਾਰ ਹੈ। ਪਹਿਲਾਂ ਇਕ ਬੈਂਤ ਅਤੇ ਚੌਦਾਂ ਕਬਿੱਤਾਂ ਵਿਚ ਗੁਰੂ ਰਾਮ ਸਿੰਘ ਦੀ ਉਸਤਤ ਗਾਇਨ ਹੈ, ਫਿਰ ਦੋਹਿਆਂ, ਕਬਿੱਤਾਂ, ਸਵੱਈਆਂ ਵਿੱਚ ਗੁਰੂ ਹਰੀ ਸਿੰਘ ਦਾ ਜੱਸ ਗਾਇਆ ਗਿਆ ਹੈ। ਸਿੱਧ ਪੱਧਰੀ ਬੋਲੀ ਵਿੱਚ ਸਰਲ-ਚਿੱਤ ਭਗਤੀ ਦਾ ਸਾਦ ਮੁਰਾਦਾ ਪ੍ਰਗਟਾਵਾ ਹੈ।[22]

'ਉਸਤਤਨਾਮਾ' ਵਿਚ ਕਵੀ ਨੇ ਨਾਮਧਾਰੀ ਗੁਰੂ ਰਾਮ ਸਿੰਘ ਤੇ ਗੁਰੂ ਹਰੀ ਸਿੰਘ ਦੀ ਉਪਮਾ ਦੇ ਨਾਲ-ਨਾਲ ਨਾਮਧਾਰੀ ਲਹਿਰ ਦੇ ਧਾਰਮਿਕ, ਸਮਾਜਿਕ, ਇਤਿਹਾਸਕ ਤੇ ਰਾਜਸੀ ਰਾਜਨੀਤਿਕ ਪੱਖਾਂ ਨੂੰ ਵੀ ਉਜਾਗਰ ਕੀਤਾ ਹੈ। ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਸਿੱਖਾਂ ਵਿੱਚ ਆਈ ਨੈਤਿਕ ਤੇ ਧਾਰਮਿਕ ਗਿਰਾਵਟ ਦੱਸਕੇ ਫਿਰ ਸੰਤ ਖਾਲਸੇ ਦੀ ਸਾਜਨਾ ਤੋਂ ਬਾਅਦ ਗੁਰੂ ਰਾਮ ਸਿੰਘ ਵੱਲੋਂ ਕੀਤੇ ਸੁਧਾਰਾਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਕੂਕਿਆਂ ਦੇ ਗਊ ਰੱਖਿਅਕ ਕਾਰਜ, ਰੂਸ ਨਾਲ ਸੰਪਰਕ ਬਾਰੇ ਅਤੇ ਨਾਮਧਾਰੀ ਰਹਿਤ ਮਰਿਆਦਾ ਦਾ ਜ਼ਿਕਰ ਵੀ ਕਵੀ ਕਾਹਲਾ ਸਿੰਘ ਨੇ 'ਉਸਤਤਨਾਮੇ' ਵਿੱਚ ਕੀਤਾ ਹੈ।

ਭਜਨ ਕੰਨ ਮੈਂ ਸੁਣਾਨ ਫੇਰ ਰਹਿਤ ਰਖਾਨ ਗੁਰ
ਸਿੰਘ ਅੰਮ੍ਰਿਤ ਛਕਾਨ ਕੂਕਾ ਸਿੰਘ ਜੋ ਸਦਾਉਂਦਾ।
ਗਊਆਂ ਸਹਾਈ ਪੰਥ, ਦੇਸ਼ ਦੀ ਭਲਾਈ ਪੰਥ
ਕਢੋ ਦੇਸ਼ ਤੇ ਫਰੰਗੀ ਰਾਜ ਆਪਣਾ ਕਰਾਉਂਦਾ।
ਖੋਲੇ ਅੰਧਕਾਰ ਨੈਨ ਸਿੰਘ ਘਲੇ ਰੂਸ ਲੈਨ
ਸਿੰਘ ਰਾਜ ਤਾਜ ਲੈਨ ਏਹ ਸਬਦ ਸਿਖਾਉਂਦਾ।
ਜਿਹੜੇ ਆਖਦੇ ਕਲਾਮ ਸੋਈ ਹੋਣ ਬੇਈਮਾਨ
ਮੂੰਹ ਕਾਲੇ ਨਰਕ ਜਾਣ ਕਵੀ ਸਿੰਘ ਹੈ ਸੁਣਾਉਂਦਾ।

ਕਵੀ ਦੀ 'ਉਸਤਤਨਾਮਾ' ਰਚਨਾ ਨਾਮਧਾਰੀ ਲਹਿਰ ਦੇ ਵੱਖ-ਵੱਖ ਕਾਰਜਾਂ ਦਾ ਉਲੇਖ ਤਾਂ ਕਰਦੀ ਹੈ। ਪਰ ਗੁਰੂ-ਭਗਤੀ ਦੀ ਪ੍ਰਧਾਨਤਾ ਹੈ।

ਇਸ ਤੋਂ ਬਾਅਦ ਕਾਹਲਾ ਸਿੰਘ ਦੀ ਇਸੇ ਕਾਲ ਖੰਡ ਦੀ ਰਚਨਾ 'ਪੈਂਤੀ ਅੱਖਰੀ (ਜੰਗਨਾਮਾ)' ਹੈ। ਸੁਵਰਨ ਸਿੰਘ ਵਿਰਕ ਇਸ ਰਚਨਾ ਬਾਰੇ ਲਿਖਦੇ ਹਨ, "ਕਵੀ ਜੀ ਨੂੰ ਸਭ ਤੋਂ ਵੱਧ ਪ੍ਰਸਿੱਧੀ ਉਹਨਾਂ ਦੀ ਕਾਵਿ-ਰਚਨਾ 'ਪੈਂਤੀ ਅੱਖਰੀ' ਸਦਕਾ ਹੀ ਮਿਲੀ, ਮਲੇਰਕੋਟਲੇ ਦੇ ਸਾਕੇ 'ਤੇ ਆਧਾਰਿਤ ਹੋਣ ਕਾਰਨ ਇਸਨੂੰ ਜੰਗਨਾਮਾ ਵੀ ਕਿਹਾ ਜਾਂਦਾ ਹੈ। ਇਸ ਇਕੱਲੀ ਸੰਖੇਪ ਰਚਨਾ ਸਦਕਾ ਹੀ ਗਿਆਨੀ ਜੀ ਦਾ ਨਾਮ ਨਾਮਧਾਰੀ ਇਤਿਹਾਸ ਅਤੇ ਪੰਜਾਬੀ ਸਾਹਿਤ ਵਿਚੋਂ ਖਾਰਜ ਕਰਨਾ ਸੰਭਵ ਨਹੀਂ।[23]

ਗਿਆਨੀ ਕਾਹਲਾ ਸਿੰਘ ਪੈਂਤੀ ਅੱਖਰੀ ਦੀ ਸ਼ੁਰੂਆਤ ਪੰਜਾਬੀ ਕਿੱਸਾਕਾਰਾ ਵਾਂਗ ਮੰਗਲਾਚਰਨ ਜਾਂ ਹਮਦ ਲਿਖ ਕੇ ਕਰਦਾ ਹੈ। ਉਸਦੀ ਇਹ ਹਮਦ ਗੁਰੂ ਰਾਮ ਸਿੰਘ ਅੱਗੇ ਹੈ।

ਸਤਿਗੁਰੂ ਸੱਚੇ ਅੱਗੇ ਅਰਦਾਸ ਮੇਰੀ
ਸੁਣਨਹਾਰ ਕਰਤਾਰ ਗੋਵਿੰਦ ਹੈਂ ਤੂੰ।
ਤੂੰ ਹੀ ਮਾਣਸਾਂ ਤੇ ਗੁਰੂ ਦੇਵ ਕੀਤੇ
ਸੰਤ ਖਾਲਸਾ ਪੰਥ ਕਰਿੰਦ ਹੈਂ ਤੂੰ।
ਤੂੰ ਹੀ ਕੋਟਲੇ ਦੇ ਵਿਚ ਖੇਲ ਕੀਤਾ
ਕਰਨਹਾਰ ਅਪਾਰ ਗੋਵਿੰਦ ਹੈਂ ਤੂੰ।
ਅਰਜ਼ ਖਾਲਸੇ ਦੀ ਗੁਰੂ ਰਾਮ ਸਿੰਘਾ
ਸ਼ਰਨ ਪਿਆ ਦੀ ਲਾਜ ਰਖਿੰਦ ਹੈਂ ਤੂੰ।

ਸਾਰੀ ਪੈਂਤੀ ਅੱਖਰੀ ਬੈਂਤ ਛੰਦ ਵਿਚ ਲਿਖੀ ਹੈ। ਚਾਰ-ਚਾਰ ਤੁਕਾਂ ਵਾਲੇ 38 ਬੰਦ ਹਨ। ਅਖੀਰ 'ਤੇ ਕਵੀ ਨੇ ਕਿੱਸਾਕਾਰਾਂ ਵਾਂਗ ਹੀ ਆਪਣੇ ਬਾਰੇ ਵੀ ਜਾਣਕਾਰੀ ਦਿੱਤੀ ਹੈ।

ਨੰਗਲ ਵੱਡਾ ਪੱਖੋਵਾਲ ਪਾਸ ਮੇਰਾ
ਭੈਣੀ ਸਾਹਿਬੋਂ ਸੋਲਾਂ ਕੋਹ ਧਾਮ ਹੈ ਜੀ।
ਸੁੰਦਰ ਸਿੰਘ ਮਤਾਬ ਸਿੰਘ ਹੈ ਸਿੰਘ ਭਾਈ
ਨਾਮਾ ਬੰਸੀਆਂ ਦਾ ਸਾਡਾ ਜਾਮ ਹੈ ਜੀ।
ਸਾਲ ਉਨੀ ਸੈ ਵਿਚ ਬਤਾਲੀਏ ਦੇ
ਅਸੀਂ ਪੁੱਛਿਆ ਗੁਰੂ ਦਾ ਨਾਮ ਹੈ ਜੀ।

Namdhari Elibrary NamdhariElibrary@gmail.com

ਸਤਿਗੁਰੂ ਬਗੈਰ ਅੰਧੇਰ ਸਾਰੇ
ਓਹਦੀ ਬੰਦਗੀ ਵਿਚ ਆਰਾਮ ਹੈ ਜੀ।
ਰਾਮ ਸਿੰਘ ਲੱਭਾ ਗੁਰੂ ਭੁਲਿਆਂ ਨੂੰ
ਮਿਲੀ ਸੱਚ ਦੇ ਗੁਰੂ ਦੀ ਸਾਮ ਹੈ ਜੀ।

ਕਵੀ ਕਾਹਲਾ ਸਿੰਘ ਲੁਧਿਆਣੇ ਜ਼ਿਲੇ ਦੇ ਪੱਖੋਵਾਲ ਦੇ ਨੇੜੇ ਦੇ ਪਿੰਡ ਨੰਗਲ ਕਲਾਂ ਦਾ ਜੰਮਪਾਲ ਸੀ। ਉਸਦੇ ਪਿਤਾ ਦਾ ਨਾਂ ਰਾਮ ਸਿੰਘ ਅਤੇ ਮਾਤਾ ਦਾ ਨਾਂ ਕਰਮ ਕੌਰ ਸੀ। ਉਹ ਜਾਤ ਦਾ ਨਾਮਾਬੰਸੀ, ਗੋਤ ਦਾ ਨਿੱਝਰ ਅਤੇ ਉਸਦਾ ਕਿੱਤਾ 'ਠਠਿਆਰ' ਸੀ।

ਬ੍ਰਿਜ ਮਿਸ਼ਰਿਤ ਪੰਜਾਬੀ ਕਵਿਤਾ - ਸਿੱਖ ਇਤਿਹਾਸ ਦੇ ਪੁਰਾਤਨ ਰਚਨਾਕਾਰਾਂ ਨੇ ਇਤਿਹਾਸ ਲਿਖਦਿਆਂ ਬ੍ਰਿਜ ਭਾਸ਼ਾ ਦੀ ਵਰਤੋਂ ਕੀਤੀ ਹੈ। ਉਹਨਾਂ ਉੱਤੇ ਕਿਤੇ ਨਾ ਕਿਤੇ 'ਗੋਸੁਆਮੀ ਤੁਲਸੀਦਾਸ' ਦੇ ਸ੍ਰੀ ਰਾਮ ਚਰਿਤ ਮਾਨਸ ਦਾ ਅਸਰ ਸੀ। ਤੁਲਸੀਦਾਸ ਨੇ ਬ੍ਰਿਜ ਦੇ ਇਲਾਕੇ ਵਿੱਚ ਬੋਲੀ ਜਾਂਦੀ ਬ੍ਰਿਜ ਭਾਸ਼ਾ ਨੂੰ ਆਪਣੀ ਰਚਨਾ ਦੀ ਭਾਸ਼ਾ ਬਣਾਇਆ। ਉਸੇ ਦਾ ਅਸਰ ਪੁਰਾਤਨ ਸਿੱਖ ਇਤਿਹਾਸਕਾਰਾਂ ਨੇ ਕਬੂਲਦਿਆਂ ਭਾਈ ਸੰਤੋਖ ਸਿੰਘ ਨੇ 'ਸ੍ਰੀ ਗੁਰ ਪ੍ਰਤਾਪ ਸੂਰਜ' ਭਾਈ ਸੁੱਖਾ ਸਿੰਘ, ਕੋਇਰ ਸਿੰਘ ਤੇ ਕਵੀ ਸੈਨਾਪਤੀ ਆਦਿ ਨੇ ਗੁਰ ਬਿਲਾਸ ਪਾ. 10 ਵੀਂ ਅਤੇ ਭਗਤ ਸਿੰਘ ਆਦਿ ਕਵੀਆਂ ਨੇ ਗੁਰ ਬਿਲਾਸ ਪਾ. 6 ਵੀਂ ਲਿਖੇ। ਇਹਨਾਂ ਸਾਰੇ ਗ੍ਰੰਥਾਂ ਦੀ ਭਾਸ਼ਾ ਬ੍ਰਿਜ ਹੈ। ਜਿਹੜੀ ਬ੍ਰਿਜ ਭਾਸ਼ਾ ਸਿੱਖ ਇਤਿਹਾਸਕਾਰਾਂ ਨੇ ਵਰਤੀ ਉਸ ਵਿੱਚ ਉਹ ਪੰਜਾਬੀ ਦਾ ਰਲਾਅ ਵੀ ਕਰਦੇ ਹਨ। ਇਹੀ ਅਸਰ ਨਾਮਧਾਰੀ ਇਤਿਹਾਸ ਨੂੰ ਬ੍ਰਿਜ ਭਾਸ਼ਾ ਵਿੱਚ ਲਿਖਣ ਵਾਲੇ ਕਵੀਆਂ ਉਪਰ ਦਿਖਾਈ ਦੇਂਦਾ ਹੈ। ਪੰਜਾਬੀ ਵਿਚ ਨਾਮਧਾਰੀ ਇਤਿਹਾਸ ਅਤੇ ਸਾਹਿਤ ਨਾਲ ਸੰਬੰਧਿਤ ਰਚਨਾਵਾਂ ਗਿਆਨੀ ਗਿਆਨ ਸਿੰਘ , ਸੰਤੋਖ ਸਿੰਘ ਬਾਹੋਵਾਲ ਅਤੇ ਧਿਆਨ ਸਿੰਘ ਕਾਦਰਾਬਾਦੀ ਦੀਆਂ ਹਨ।

ਗਿਆਨੀ ਗਿਆਨ ਸਿੰਘ- ਗਿਆਨੀ ਗਿਆਨ ਸਿੰਘ ਪਿੰਡ ਲੌਂਗੋਵਾਲ ਜ਼ਿਲਾ ਪਟਿਆਲਾ ਦੇ ਰਹਿਣ ਵਾਲੇ ਸਨ। ਉਹਨਾਂ ਦਾ ਜਨਮ 1822 ਈ. ਨੂੰ ਪਿਤਾ ਸ. ਭਾਗ ਸਿੰਘ ਦੇ ਘਰ ਮਾਤਾ ਦੇਸਾਂ ਦੀ ਕੁਖੋਂ ਹੋਇਆ। ਇਹਨਾਂ ਦਾ ਖਾਨਦਾਨੀ ਕਿੱਤਾ ਖੇਤੀ ਸੀ, ਪਰ ਉਹ ਪਟਿਆਲੇ ਦੇ ਰਾਜੇ ਕਰਮ ਸਿੰਘ ਦੀ ਫੌਜ ਵਿੱਚ ਨੌਕਰੀ ਕਰਦੇ ਰਹੇ। ਮੁਦਕੀ ਦੀ ਲੜਾਈ ਸਮੇਂ ਪੱਟ ਵਿਚ ਗੋਲੀ ਲੱਗ ਜਾਣ ਕਾਰਨ, ਇੱਕ ਲੱਤ ਜਾਂਦੀ ਰਹੀ, ਫਿਰ ਨਾ ਤਾਂ ਨੌਕਰੀ ਕਰ ਸਕੇ ਤੇ ਨਾ ਹੀ ਖੇਤੀ। ਇਸ ਤੋਂ ਬਾਅਦ ਸਿਖ ਧਰਮ ਅਤੇ ਸਿਖ ਇਤਿਹਾਸ ਦੇ ਪ੍ਰਚਾਰ ਵਾਸਤੇ ਲਿਖਣਾ ਸ਼ੁਰੂ ਕਰ ਦਿੱਤਾ। ਉਹਨਾਂ ਨੇ ਕਾਫ਼ੀ ਸਾਧੂਆਂ ਕੋਲੋਂ ਵਿੱਦਿਆ ਗ੍ਰਹਿਣ ਕੀਤੀ, ਪਰ ਉਹ ਪੰਡਿਤ ਤਾਰਾ ਸਿੰਘ ਨਿਰੋਤਮ ਨੂੰ ਆਪਣਾ ਵਿੱਦਿਆ ਗੁਰੂ ਮੰਨਦੇ ਸਨ। ਉਹਨਾਂ ਨੇ ਬਹੁਤ ਸਾਰੇ ਵਾਰਤਕ ਤੇ ਕਵਿਤਾ ਵਿੱਚ ਸਿੱਖ ਇਤਿਹਾਸ ਨੂੰ ਬਿਆਨ ਕਰਦਿਆਂ ਗ੍ਰੰਥ ਲਿਖੇ। ਸ੍ਰੀ ਗੁਰ ਪੰਥ ਪ੍ਰਕਾਸ਼ (1880) , ਤਵਾਰੀਖ ਗੁਰੂ ਖਾਲਸਾ ਦੋ ਭਾਗ (1891), ਨਿਰਮਲ ਪੰਥ ਪ੍ਰਦੀਪਕਾ (1891), ਇਤਿਹਾਸ ਰਿਆਸਤ ਬਾਗੜੀਆਂ (1917), ਤਵਾਰੀਖ ਸ੍ਰੀ ਅੰਮ੍ਰਿਤਸਰ (1919), ਤਵਾਰੀਖ ਲਾਹੌਰ, ਗੁਰਧਾਮ ਸੰਗ੍ਰਹਿ, ਰਿਪੁਦਮਨ ਪ੍ਰਕਾਸ਼, ਬਾਰਾਂ ਪੂਰਬਣਾਂ, ਭੁਪਿੰਦਰਾ ਨੰਦ, ਸ਼ਮਸ਼ੇਰ ਖਾਲਸਾ, ਰਾਜ ਖਾਲਸਾ, ਸਰਕਾਰ ਖਾਲਸਾ, ਇਤਿਹਾਸ ਭਾਈ ਰੂਪਚੰਦ ਆਦਿ ਹਨ। ਉਹਨਾਂ ਦੀਆਂ ਪੁਸਤਕਾਂ ਦੀ ਗਿਣਤੀ 26 ਦੇ ਕਰੀਬ ਹੈ।

ਗਿਆਨੀ ਜੀ ਦੀ ਸ਼ੈਲੀ ਸਰਲ, ਸਪੱਸ਼ਟ ਅਤੇ ਸਿੱਧੀ-ਸਾਦੀ ਹੈ। ਸਿੱਖ ਇਤਿਹਾਸ ਦੀਆਂ ਘਟਨਾਵਾਂ ਵਾਲੇ ਸਥਾਨਾਂ 'ਤੇ ਸਫ਼ਰ ਕਰਕੇ ਉੱਥੇ ਰਹਿ ਕੇ, ਖੋਜ ਕਰਕੇ ਬੜੀਆਂ ਦਲੀਲਾਂ ਨਾਲ ਉਹਨਾਂ ਨੂੰ ਬਿਆਨ ਕੀਤਾ ਹੈ। ਆਮ ਬੋਲ ਚਾਲ ਦੀ ਸ਼ਬਦਾਵਲੀ, ਦ੍ਰਿਸ਼ ਚਿਤਰਣ ਅਤੇ ਵੇਰਵੇ ਦੀ ਬਰੀਕੀ ਉਹਨਾਂ ਦੀ ਵਾਰਤਕ ਦੇ ਵਿਸ਼ੇਸ਼ ਗੁਣ ਹਨ। ਜਿਥੋਂ ਤੱਕ ਗਿਆਨੀ ਜੀ ਦਾ ਨਾਮਧਾਰੀ ਜਾਂ ਕੂਕਾ ਸਾਹਿਤ ਨਾਲ ਸੰਬੰਧ ਹੈ। ਉਹ ਹੈ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਲਿਖੇ 28 ਕਬਿੱਤ, ਇਕ ਦੋਹਰਾ ਤੇ ਕੁਝ ਚੌਪਾਈ ਦੇ ਬੰਦ। ਇਸ ਸਾਰੀ ਕਾਵਿ ਰਚਨਾ ਦੀ ਭਾਸ਼ਾ 'ਬ੍ਰਿਜ' ਹੈ। ਗਿਆਨੀ ਜੀ ਨੇ ਨਾਮਧਾਰੀ ਲਹਿਰ ਦੇ ਉਦਭਵ ਤੋਂ ਇਸ ਦੇ ਵਿਕਾਸ ਦਾ ਵਰਨਣ ਕਰਨ ਤੋਂ ਇਲਾਵਾ ਇਸ ਲਹਿਰ ਦੇ ਧਾਰਮਿਕ, ਇਤਿਹਾਸਿਕ, ਸਮਾਜਿਕ, ਸਭਿਆਚਾਰਕ ਅਤੇ ਰਾਜਨੀਤਿਕ ਪੱਖਾਂ ਨੂੰ ਬਾ-ਖੂਬੀ ਉਜਾਗਰ ਕੀਤਾ ਹੈ। ਉਹਨਾਂ ਨੇ ਸ਼ੁਰੂ ਵਿਚ ਇਸ ਲਹਿਰ ਦੇ ਨਾਮ 'ਨਾਮਧਾਰੀ' ਅਤੇ 'ਕੂਕਾ' ਸ਼ਬਦ ਦਾ ਨਿਰਣਾ ਕੀਤਾ ਹੈ।

ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ
ਕੂਕਾਂ ਮਾਰਨੇ ਤੇ ਕੂਕੇ ਜਗਤ ਬਖਾਨ ਹੈ।

ਉਹ ਕਹਿੰਦੇ ਹਨ ਕਿ ਇਹਨਾਂ ਦਾ ਸਹੀ ਨਾਮ ਤੇ ਨਾਮਧਾਰੀ ਹੀ ਹੈ। ਪਰ ਦੀਵਾਨ ਵਿਚ ਮਸਤਾਨੇ ਹੋ ਕੇ ਕੂਕਾਂ ਮਾਰਨ ਤੋਂ ਇਹਨਾਂ ਦਾ ਨਾਮ ਕੂਕੇ ਪਿਆ। ਇਸ ਤੋਂ ਬਾਅਦ ਗੁਰੂ ਬਾਲਕ ਸਿੰਘ ਦੇ ਜੀਵਨ, ਬੰਦਗੀ ਅਤੇ ਕਿਰਤ ਕਰਨ ਬਾਰੇ ਤੇ ਫਿਰ ਗੁਰੂ ਬਾਲਕ ਸਿੰਘ ਤੇ ਗੁਰੂ ਗੋਬਿੰਦ ਸਿੰਘ ਦੇ ਮਿਲਾਪ ਬਾਰੇ ਵੀ ਲਿਖਿਆ ਹੈ। ਸਤਿਗੁਰੂ ਰਾਮ ਸਿੰਘ ਬਾਰੇ ਉਹਨਾਂ ਨੇ ਜਨਮ ਤੋਂ ਲੈ ਕੇ ਫੌਜੀ ਜੀਵਨ, ਬੰਦਗੀ ਕਰਨ, ਪ੍ਰਚਾਰ ਦੌਰਿਆਂ ਆਦਿ ਬਾਰੇ ਬੜੇ ਸੰਖੇਪ ਵਿੱਚ ਸੁਚੱਜੇ ਢੰਗ

Namdhari Elibrary NamdhariElibrary@gmail.com

ਨਾਲ ਬਿਆਨ ਕੀਤਾ ਹੈ।

ਪਾਇ ਏਹ ਹੁਕਮ ਪ੍ਰਮੇਸ ਦਾ ਬਿਸੇਸ ਫਿਰ
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁਕੇ ਛਡਵਾਏ ਰਖਵਾਏ ਕੇਸ ਮੋਨਯੋਂ ਕੇ
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿਖ ਥੀਏ ਤਾਹਿ ਕੇ ਅਪਾਰੀ
ਸਿਖ ਪੰਥ ਬਿਰਧਾਇਓ ਨਾਲ ਰਸ ਪਾਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਜਾਰੀ
ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓ।

ਇਸ ਤੋਂ ਬਾਅਦ ਨਾਮਧਾਰੀ ਲਹਿਰ ਦੇ ਪੰਜਾਬ ਵਿੱਚ ਫੈਲਦੇ ਅਤੇ ਵੱਧਦੇ ਅਸਰ ਨੂੰ ਬਿਆਨ ਕੀਤਾ ਹੈ। ਮਾਝੇ, ਦੁਆਬੇ, ਪੋਠੋਹਾਰ, ਮੈਨ ਦੁਆਬ, ਮਾਲਵਾ ਆਦਿ ਪੰਜਾਬ ਦੇ ਖਿੱਤਿਆਂ ਵਿਚ ਕੂਕਾ ਲਹਿਰ ਬੜੇ ਜ਼ੋਰ ਨਾਲ ਵਧੀ ਤੇ ਫੈਲੀ। ਗੁਰੂ ਰਾਮ ਸਿੰਘ ਨੇ ਅਕਬਰ ਬਾਦਸ਼ਾਹ ਵਾਂਗੂੰ ਪੰਜਾਬ ਨੂੰ 22 ਹਿੱਸਿਆਂ ਵਿਚ ਵੰਡ ਕੇ ਉਹਨਾਂ ਦਾ ਇੱਕ-ਇੱਕ ਸੂਬਾ ਸਥਾਪਿਤ ਕੀਤਾ।

ਦੇਸ਼ਨ ਮੈ ਧੂਮ ਮਾਚੀ ਸਾਚੀ ਇਮ ਤਾਂਹਿ ਤਬ
ਆਵੈ ਲੋਗ ਸਿਖ ਥਾਵੈ ਅਜਮਾਵੈ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ
ਥੀਏ ਸਿਖ ਬੇਸ਼ੁਮਾਰ ਤੀਨ ਲਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹ ਨਿਆਈ
ਉਨਕੀ ਜ਼ੁਬਾਨ ਮੈਂ ਤਾਸੀਰ ਥਾਈ ਵੈਸ ਹੀ।
ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ
ਢੋਲਕੀ ਬਜਾਇ ਬਾਂਧ ਜੋਟੀਆਂ ਅਛੈ ਸਹੀ।

ਇਸ ਤੋਂ ਇਲਾਵਾ ਗਿਆਨੀ ਜੀ ਨੇ 28 ਕਬਿੱਤਾਂ ਵਿਚ ਨਾਮਧਾਰੀ ਰਹਿਤ ਮਰਿਯਾਦਾ ਅਤੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੀਆਂ ਬੁੱਚੜ ਬੱਧ ਘਟਨਾਵਾਂ ਦੇ ਇਤਿਹਾਸਿਕ ਵੇਰਵੇ ਵੀ ਦਿੱਤੇ ਹਨ। ਮਲੇਰਕੋਟਲੇ ਦੇ ਸਾਕੇ ਬਾਰੇ ਤਾਂ ਗਿਆਨੀ ਜੀ ਪੰਜਾਬੀ ਦੇ ਪਹਿਲੇ ਕਿੱਸਾਕਾਰ ਕਵੀ ਦਮੋਦਰ ਦੇ ਕਥਨ 'ਅਖੀਂ ਡਿੱਠਾ ਕਿੱਸਾ ਕੀਤਾ' ਵਾਂਗ ਲਿਖਦੇ ਹਨ-

ਉਨ ਸਿੰਘਨ ਕਾ ਹਾਲ ਤੋਂ ਲਿਖਿਓ ਕਿਤਾਬਨ ਮਾਂਹਿ।
ਹਮ ਨਿਜ ਨੈਨਨ ਜੋ ਪਿਖਿਓ ਸੋ ਅਬ ਸਾਚ ਸੁਨਾਂਹਿ।

ਗਿਆਨੀ ਗਿਆਨ ਸਿੰਘ ਜੀ ਨੇ ਚੌਪਈ ਛੰਦ ਵਿਚ ਮਲੇਰਕੋਟਲੇ ਦੇ ਸਿੰਘਾਂ ਦੀ ਸ਼ਹਾਦਤ ਦੇ ਪ੍ਰਸੰਗ ਨੂੰ ਬਾ-ਖ਼ੂਬੀ ਚਿੱਤਰਿਆ ਹੈ। ਉਹਨਾਂ ਨੇ ਨਾਮਧਾਰੀ ਸ਼ਹੀਦਾਂ ਦੀ ਬੀਰਤਾ, ਸਾਹਸ, ਬਹਾਦਰੀ ਤੇ ਉਹਨਾਂ ਦੀ ਗੁਰੂ ਭਗਤੀ ਦਾ ਬਿਆਨ ਕੀਤਾ ਹੈ।

ਦੀਵੇ ਪਰ ਜਯੋਂ ਆਇ ਪਤੰਗੇ।
ਤਯੋਂ ਤੋਪਨ ਦਿਸ ਜਾਇ ਨਿਸੰਗੇ।

ਗਿਆਨੀ ਜੀ ਕੂਕਿਆਂ ਦੇ ਸਫੈਦ ਬਾਣੇ, ਚਿੱਟੀ ਮਾਲਾ, ਸਿੱਧੇ ਦਸਤਾਰਾ, ਅਡੋਲ ਨਿਸ਼ਚੇ ਅਤੇ ਗੁਰੂ ਦੇ ਸੱਚੇ ਸਿੱਖ ਹੋਣ ਦਾ ਜ਼ਿਕਰ ਵੀ ਕਰ ਗਏ ਹਨ-

ਦਸਮੇ ਗੁਰੂ ਕੇ ਸਿੰਘ ਸਾਦਿਕ ਸਹੀਂ ਹੈ ਸਭ
ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ।
ਹੇਰੇ ਜੈਸੇ ਲਖਨ ਹੈ, ਟੇਰੇ ਤੈਸੋ ਗਿਆਨ ਸਿੰਘ
ਐਸੇ ਪ੍ਰਸਿਧ ਹੀ ਅਬਿਧ ਸਿਖ ਕੂਕੇ ਹੈਂ।

ਗਿਆਨੀ ਗਿਆਨ ਸਿੰਘ ਜੀ ਨੇ 28 ਕਬਿੱਤਾਂ ਨੂੰ 'ਨਾਮਧਾਰੀ ਸਿੱਖ-ਸੰਖੇਪ ਵਿਵਰਨ' ਨਾਂ ਹੇਠ ਮੈਨੇਜਰ ਸਤਿਜੁਗ ਸ੍ਰੀ ਜੀਵਨ ਨਗਰ ਸਿਰਸਾ ਨੇ 1968 ਈ. ਵਿਚ ਇਕ ਵੱਖਰੀ ਜਿਲਦ ਵਿਚ ਪ੍ਰਕਾਸ਼ਿਤ ਕੀਤਾ। ਇਹਨਾਂ ਕਬਿੱਤਾਂ ਦਾ ਡਾ. ਹਰਿਭਜਨ ਸਿੰਘ ਜੀ ਦੁਆਰਾ ਅੰਗਰੇਜ਼ੀ ਵਿਚ ਅਨੁਵਾਦ ਵੀ ਕੀਤਾ ਗਿਆ। ਕਬਿੱਤਾਂ ਦੀ ਭਾਸ਼ਾ ਬ੍ਰਜ ਹੈ ਪਰ ਇਹ ਗੁਰਮੁੱਖੀ ਲਿਪੀ ਵਿਚ ਲਿਖੇ ਗਏ ਹਨ। ਇਹ ਕਬਿੱਤ ਨਾਮਧਾਰੀ ਇਤਿਹਾਸ ਦਾ ਪ੍ਰਥਮ ਸਰੋਤ ਹਨ, ਕਿਉਂਕਿ ਇਹ ਨਾਮਧਾਰੀ ਲਹਿਰ ਦੇ ਆਰੰਭ ਤੋਂ ਲੈ ਕੇ ਵਿਕਾਸ ਤੱਕ ਦਾ ਤੱਥਮੂਲਕ ਵਿਵਰਨ ਹਨ। ਇਸ ਦੇ ਨਾਲ ਹੀ ਇਹਨਾਂ ਦਾ ਆਪਣਾ ਸਾਹਿਤਿਕ ਮਹੱਤਵ ਵੀ ਹੈ।

ਸ.ਸ. ਵਿਰਕ ਜੀ ਲਿਖਦੇ ਹਨ, "ਗਿਆਨੀ ਜੀ ਨੇ ਇਹਨਾਂ ਕਬਿੱਤਾਂ ਨੂੰ ਨਾਮਧਾਰੀਆਂ ਨਾਲ ਸੰਬੰਧਿਤ ਹਰ ਰਚਨਾ ਵਿੱਚ, ਏਨੀ ਵਾਰ ਦੁਹਰਾਇਆ ਜਾ ਚੁੱਕਾ ਹੈ ਕਿ ਗਿਆਨੀ ਜੀ ਦੇ ਜ਼ਿਕਰ ਤੋਂ ਬਿਨਾਂ ਸਾਨੂੰ ਵੀ ਕੂਕਾ ਲਹਿਰ ਦੇ ਸਾਹਿਤ ਦਾ ਵਰਨਣ ਅਧੂਰਾ ਮਾਲੂਮ ਹੁੰਦਾ ਹੈ। ਰਚਨਾ ਦੇ ਕਾਵਿਕ ਮੁੱਲ ਵੀ ਅਕੱਟ ਇਤਿਹਾਸ ਨਾਲ ਜੁੜ ਕੇ ਇਸਨੂੰ ਇਕ ਅਮਰ ਕ੍ਰਿਤੀ ਬਣਾਉਣ ਦੇ ਸਮਰੱਥ ਹਨ। ਗਿਆਨੀ ਜੀ ਦਾ ਭਾਸ਼ਾ ਸ਼ਿਲਪ, ਕਬਿੱਤ ਛੰਦ ਉੱਤੇ ਉਹਨਾਂ ਦੀ ਪਕੜ, ਕਵਿਤਾ ਦੀ ਚਾਲ ਵਿਚ ਉਨ੍ਹਾਂ ਦੀ ਰਵਾਨੀ, ਮੁਹਾਵਰੇਦਾਰ ਸ਼ੈਲੀ ਅਤੇ ਕੁਝ ਅਟੱਲ ਸੱਚਾਈਆਂ ਦੇ ਵਰਣਨ ਸਦਕਾ ਇਹਨਾਂ ਕਬਿੱਤਾਂ ਦਾ ਉਚਕੋਟੀ ਦਾ ਕਲਾ ਪੱਖ ਉਜਾਗਰ ਹੁੰਦਾ ਹੈ।"[24] 1880 ਈ. ਵਿਚ ਪੰਥ ਪ੍ਰਕਾਸ਼ ਦੇ ਛਪੇ ਜਾਣ ਕਾਰਣ ਇਹਨਾਂ ਕਬਿੱਤਾਂ ਦੇ ਰਚਨਾ ਕਾਲ ਵੀ 1880 ਈ. ਹੀ ਹੈ। 1890ਈ. ਦੇ ਬਾਦ ਵਾਲੇ ਪੰਥ ਪ੍ਰਕਾਸ਼ਾਂ ਦੇ ਐਡੀਸ਼ਨਾਂ ਵਿਚੋਂ ਕੂਕਿਆਂ ਨਾਲ ਸੰਬੰਧਿਤ ਬਹੁਤ ਸਾਰੇ ਕਬਿੱਤ ਕੱਢ ਵੀ ਦਿੱਤੇ ਗਏ ਸਨ। ਗਿਆਨੀ ਜੀ ਦਾ ਦੇਹਾਂਤ 24 ਸਤੰਬਰ 1924 ਈ. ਨੂੰ ਹੋਇਆ।

Namdhari Elibrary NamdhariElibrary@gmail.com

ਸੰਤੋਖ ਸਿੰਘ ਬਾਹੋਵਾਲ (3 ਕਬਿੱਤ)- ਸੰਤੋਖ ਸਿੰਘ ਬਾਹੋਵਾਲ ਮੂਲ ਰੂਪ ਵਿਚ ਵਾਰਤਕ ਲੇਖਕ ਹੈ। ਉਸਨੇ ਵੱਡ ਆਕਾਰੀ ਜਨਮਸਾਖੀ ਸ਼ੈਲੀ ਵਿਚ 'ਸਤਿਗੁਰੂ ਬਿਲਾਸ ਨਾਂ ਹੇਠ ਵਾਰਤਕ ਰਚਨਾ ਕੀਤੀ ਹੈ। ਇਸੇ ਗ੍ਰੰਥ ਵਿਚ ਉਸਨੇ ਤਿੰਨ ਕਬਿੱਤ ਬ੍ਰਿਜ ਭਾਸ਼ਾ ਵਿਚ ਲਿਖੇ ਹਨ। ਦੋ ਕਬਿੱਤ ਤਾਂ ਉਸਨੇ ਸ਼ੁਰੂ ਵਿਚ 'ਬੇਨਤੀ' ਵਿਚ ਲਿਖੇ ਹਨ। ਉਹ ਲਿਖਦਾ ਹੈ, "ਏਹ ਨਾ ਕੋਈ ਕਹੇ ਕਿ ਕਵਿਤਾ ਨਹੀਂ ਕਰਨੀ ਔਂਦੀ। ਹਨੂੰਮਾਨ ਨਾਟਕ ਵਾਂਗ ਦੋ ਕਬਿੱਤਾਂ ਮੈਂ ਸਾਰੇ ਗ੍ਰੰਥ ਦਾ ਤੱਤ ਲਿਖਿਆ ਹੈ।

ਮੰਗਲਾਚਰਨ ਆਦਿ ਉਤਪਤੀ ਸੰਸਾਰ ਗੋਸ਼ਟ
ਆਤਮਾ-ਪ੍ਰਮਾਤਮਾ ਜੁਗਾਵਲੀ ਲਿਖਾਇ ਬੋ।
ਅੰਗਨ ਸਮੇਤ ਤੀਰ ਬੇਦ ਤੇ ਪੁਰਾਣ ਵਿਦਿਆ
ਜਪੁਜੀ ਕੇ ਲਗਮਾਤ੍ਰ ਅੱਖਰ ਗੁਨਇ ਬੋ।
ਲਿਖਾ ਹੈ ਗੁਰਿੰਡਨਾਮਾ ਬਾਰ੍ਹਵੇਂ ਗੁਰਬੰਸ ਗਾਥ
ਗੁਰੂ ਯਾਰਵੇਂ ਦੀ ਪ੍ਰਗਟ ਹੋਨ ਕੀ ਦੀ ਜਤਾਇ ਬੋ।
ਏਤੇ ਲਿਖੇ ਆਦ ਗੁਣ ਕੇਤੇ ਗ੍ਰੰਥ ਸੋਧ ਸਾਧ
ਪੜ੍ਹੇ ਸੁਣੇ ਪ੍ਰੇਮੀ ਗੁਣੀ ਵੇਖਕੇ ਰਿਲਾਇ ਬੋ।

ਪੁਨਾ ਗੁਰੂ ਬਾਰ੍ਹਵੇਂ ਅਵਤਾਰ ਲੀਲਾ ਖੇਲ ਕਰ
ਨੌਕਰੀ ਲਾਹੌਰ ਹੂੰ ਹਜਰੋਂ ਮੇਂ ਜਾਇ ਬੋ।
ਲੈ ਕੇ ਉਪਦੇਸ ਮਸਤਾਨੇ ਹੋ ਨਰੇਸ ਸਾਚੇ
ਕਰੀ ਕਿਰਸਾਨੀ ਬਨਜ ਗੰਗਾ ਗਏ ਆਇ ਬੋ।
ਸੂਬੇ ਥਾਪ, ਧਰਮ ਵਰਤਾਏ, ਮੜੀ ਗੋਰ ਢਹਾਏ
ਬੁਚੜ ਹਟਾਏ ਜੈਸੇ ਕੋਟਲੇ ਪੈ ਧਾਇ ਬੋ।
ਪੰਥ ਪ੍ਰਕਾਸ਼ ਨਿਜ ਭਾਈ ਕੋ ਅਵਾਸ ਕਲਾ
ਜਾਇ ਟਾਪੂ ਕਵੀ ਕਹੇ ਫੇਰ ਗੁਰੂ ਆਇ ਬੋ।[25]

ਉਪਰੋਕਤ ਦੋਹਾਂ ਕਬਿੱਤਾਂ ਵਿਚ ਆਪਣੇ ਗ੍ਰੰਥ ਦਾ ਤਤਕਰਾ ਪੇਸ਼ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਇਕ ਹੋਰ ਕਬਿੱਤ ਸਤਿਗੁਰੂ ਰਾਮ ਸਿੰਘ ਜੀ ਦੀ ਸਿਫ਼ਤ ਵਿਚ ਲਿਖਿਆ ਹੈ। ਮੁਠੱਡੇ ਪਿੰਡ ਦੀਵਾਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਬੈਠਿਆਂ ਦਾ ਅਤੇ ਉਹਨੇ ਦੇ ਦਰਬਾਰ ਦਾ ਕਵੀ ਨੇ ਕਾਵਿ-ਚਿਤਰ ਖਿੱਚਿਆ ਹੈ। ਆਪਣੇ ਇਹਨਾਂ ਕਬਿੱਤਾਂ ਵਿਚ ਸੰਤੋਖ ਸਿੰਘ ਨੇ ਆਪਣਾ ਨਾਮ ਨਹੀਂ ਲਿਖਿਆ, ਆਪਣੇ ਆਪ ਨੂੰ ਕਵੀ ਜਾਂ ਕਵੀ ਸਿੰਘ ਆਖਦਾ ਹੈ-

ਮੁਖ ਬੜਾ ਆਬ ਹੈ ਜਿਓ ਕਮਲ ਗੁਲਾਬ ਹੈ
ਸਰੀਰ ਖਾਸ ਭਾਗ ਹੈ ਜੋ ਆਪ ਨਿਰੰਕਾਰ ਹੈ।
ਸੰਗਤ ਕੇ ਬੀਚ ਬੈਠੇ ਸੋਭਤੇ ਹੈਂ ਏਸ ਤੌਰ
ਤਾਰਿਆਂ ਦੇ ਬੀਚ ਜੈਸੇ ਸਸੀ ਦਾ ਆਕਾਰ ਹੈ।
ਸੋਂਹਦੀ ਗ੍ਰੀਵਾ ਉਚੀ ਜੈਸੇ ਸਰੂ ਬਾਗ ਵਿਚ
ਕੋਮਲ ਸੇ ਅੰਗ ਰੰਗ ਕਨਕ ਸਮਾਰ ਹੈ।
ਕੱਟੇ ਜਾਂਦੇ ਪਾਪ ਕਈ ਜਨਮਾਂ ਦੇ ਕਵੀ ਸਿੰਘਾ
ਜੇੜਾ ਨੈਨੀ ਦੇਖੇ ਇਕ ਵਾਰ ਹੀ ਨਿਹਾਰ ਹੈ।[26]

ਸੰਤ ਧਿਆਨ ਸਿੰਘ ਕਾਦਰਾਬਾਦੀ (ਸਤਿਗੁਰੂ ਬਿਲਾਸ) :- ਬ੍ਰਿਜ ਮਿਸ਼੍ਰਤ ਪੰਜਾਬੀ ਵਿਚ ਕਵਿਤਾ ਲਿਖਣ ਵਾਲਾ ਤੀਸਰਾ ਅਤੇ ਆਖਰੀ ਲੇਖਕ ਧਿਆਨ ਸਿੰਘ ਕਾਦਰਾਬਾਦੀ ਹੈ। ਧਿਆਨ ਸਿੰਘ ਕਾਦਰਾਬਾਦੀ ਦਾ ਜਨਮ 25 ਵੈਸਾਖ ਸੰਮਤ 1909 ਬਿ. ਮੁਤਾਬਿਕ 1852 ਈ: ਨੂੰ ਹੋਇਆ। ਉਹ ਕਾਦਰਾਬਾਦ ਜ਼ਿਲ੍ਹਾ ਮਿੰਟਗੁਮਰੀ ਦੇ ਰਹਿਣ ਵਾਲੇ ਸਨ। ਸੰਤ ਜੀ ਦੇ ਜੀਵਨ ਸੰਬੰਧੀ ਚੱਕ੍ਰਵਰਤੀ ਜੀ ਲਿਖਦੇ ਹਨ, "ਸੰਤ ਜੀ ਨੇ ਗ੍ਰਿਸਤੀ ਜੀਵਨ ਬਤੀਤ ਕੀਤਾ। ਆਪ ਦੀ ਪਹਿਲੀ ਸ਼ਾਦੀ ਸਰਦਾਰ ਝੰਡਾ ਸਿੰਘ ਥਾਣੇਦਾਰ ਦੀਪਾਲਪੁਰ ਦੀ ਸਪੁੱਤਰੀ ਨਰੈਣ ਕੌਰ ਨਾਲ ਹੋਈ। ਏਹ ਬੀਬੀ ਜਦ ਸ੍ਰੀ ਅੰਮ੍ਰਿਤਸਰ ਦੀ ਯਾਤਰਾ ਕਰਨ ਗਈ ਤਾਂ ਵਾਪਸ ਨਾ ਪਰਤੀ। ਪਤਾ ਨਹੀਂ ਲੱਗ ਸਕਿਆ, ਸ਼ਾਇਦ ਕਿਤੇ ਡੁੱਬ ਗਈ। ਦੂਜਾ ਵਿਆਹ ਰਾਠੌੜ ਸਿੰਘਾਂ ਦੇ ਕਿਸੇ ਚੰਗੇ ਉੱਚੇ ਘਰਾਣੇ 'ਚ ਕੀਤਾ। ਬੀਬੀ ਦਾ ਨਾਮ ਪਾਰਬਤੀ ਸੀ। ਸੰਤਾਨ ਦੋਹਾਂ 'ਚੋਂ ਨਹੀਂ ਹੋਈ। ਆਪਦੀ ਸੰਤਾਨ ਆਪਦੀ ਅਮਰ ਪੁਸਤਕ ਹੈ, ਜੋ ਨਾਮਧਾਰੀ ਜਨਤਾ ਨੂੰ ਗੁਰੂ ਯਸ਼ ਯਾਦ ਕਰਵਾਇਆ ਕਰੇਗੀ। ..... ਆਪ ਦੇ ਪਿਤਾ ਚੰਗੀ ਜ਼ਮੀਨ ਦੇ ਮਾਲਕ ਸਨ। ਨਾਮ ਸ੍ਰ. ਤ੍ਰਿਲੋਕ ਸਿੰਘ ਜੀ ਅਰੋੜ ਬੰਸ ਵਿਚੋਂ ਸਨ ਤੇ ਮਾਤਾ ਦਾ ਨਾਮ ਨਰਾਇਣ ਕੌਰ ਸੀ। ...... ਸੰਤ ਜੀ ਨੇ ਇਸ ਅਸਾਰ ਸੰਸਾਰ ਦੀ 55 ਸਾਲ ਯਾਤਰਾ ਕੀਤੀ। ਬੜੀ ਪਿਆਰੀ ਤੇ ਮਿੱਠੀ ਜਿਹੀ ਜੀਵਨੀ ਨੂੰ 1964 ਸੰਮਤ (1903ਈ:) ਵਿਚ ਤਿਆਗ ਕੇ ਪਰਮ ਆਤਮਾ ਵਿੱਚ ਲੀਨ ਹੋ ਗਏ। ਇਹ ਕੁਦਰਤੀ ਘਟਨਾ ਹੁਜਰਾ ਜ਼ਿਲ੍ਹਾ (ਮਿੰਟਗੁਮਰੀ) ਵਿੱਚ ਘਟੀ।"[27]

ਸੰਤ ਧਿਆਨ ਸਿੰਘ ਕਾਦਰਾਬਾਦੀ ਦੀ ਇਕੋ ਇਕ ਰਚਨਾ 'ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ' ਉਪਲਬਧ ਹੈ। ਬ੍ਰਿਜ ਭਾਸ਼ਾ ਵਿਚ ਲਿਖੀ ਇਹ ਪੁਸਤਕ ਪ੍ਰਬੰਧ-ਕਾਵਿ ਦੀ ਵੰਨਗੀ ਹੈ ਅਤੇ ਇਸਦੇ 20 ਅਧਿਆਇ ਹਨ। ਇਸ ਗ੍ਰੰਥ ਦੇ ਰਚੇ ਜਾਣ ਦਾ ਸਮਾਂ 19 ਵੀਂ ਸਦੀ ਦੇ ਆਖਰੀ ਦਹਾਕੇ ਦੇ ਆਖਰੀ ਸਾਲ ਹਨ। ਹਰੇਕ ਅਧਿਆਇ ਤੋਂ ਪਹਿਲਾਂ ਮੰਗਲਾਚਰਨ ਕੀਤਾ ਹੈ। ਪਹਿਲੇ ਅਧਿਆਇ ਵਿਚ ਅਕਾਲ ਪੁਰਖ ਦਾ ਮੰਗਲ ਕਰਕੇ ਫਿਰ ਸੰਤ ਜੀ ਨੇ ਕੁਝ ਪੁਸਤਕ ਸੰਬੰਧੀ ਅਤੇ ਕੁਝ ਆਪਣੇ ਜੀਵਨ ਸੰਬੰਧੀ ਘਟਨਾਵਾਂ ਲਿਖੀਆਂ ਹਨ। ਉਸ ਤੋਂ ਬਾਅਦ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਹਰੀ ਸਿੰਘ

Namdhari Elibrary NamdhariElibrary@gmail.com

ਤੱਕ ਤਰਤੀਬਵਾਰ ਹਰੇਕ ਅਧਿਆਇ ਤੋਂ ਪਹਿਲਾਂ ਇਕ ਗੁਰੂ ਦਾ ਮੰਗਲ ਕਰਕੇ ਕਾਵਿ ਰੂਪ ਵਿਚ ਕੂਕਾ ਇਤਿਹਾਸ ਲਿਖਿਆ ਹੈ। ਸਤਿਗੁਰੂ ਬਾਲਕ ਸਿੰਘ ਤੇ ਸਤਿਗੁਰੂ ਰਾਮ ਸਿੰਘ ਦਾ ਮਿਲਾਪ, ਭਾਈ ਰਾਇ ਸਿੰਘ ਦਾ ਪ੍ਰਸੰਗ, ਗੁਰੂਦੁਆਰਾ ਭੈਣੀ ਸਾਹਿਬ ਲਈ ਖਰੀਦੀ ਜ਼ਮੀਨ, ਭਾਈ ਹਰਮੀਤ ਸਿੰਘ ਦੇ ਜੀਵਨ ਦੀਆਂ ਘਟਨਾਵਾਂ, ਅੰਮ੍ਰਿਤਸਰ ਦੀ ਦੀਵਾਲੀ, ਅਨੋਖ ਸਿੰਘ ਦਾ ਪ੍ਰਸੰਗ, ਨਿਹੰਗ ਕੂਕੇ ਦੀ ਵਾਰਤਾ, ਆਨੰਦਪੁਰ ਦਾ ਹੋਲਾ-ਮਹੱਲਾ, ਸ਼ਹੀਦਾਂ ਦੇ ਕਾਰਨਾਮੇ, ਗੁਰੂ ਰਾਮ ਸਿੰਘ ਦਾ ਪ੍ਰਦੇਸ ਗਮਨ ਆਦਿ ਪ੍ਰਸੰਗ, ਕਬਿੱਤ, ਸਵੈਯਾ, ਦੋਹਰਾ, ਚੌਪਈ, ਨਰਾਜ ਛੰਦ, ਤ੍ਰਿਭੰਗੀ ਛੰਦ, ਸੋਰਠਾ ਆਦਿ ਛੰਦਾਂ ਵਿਚ ਲਿਖੇ ਹਨ। ਇਸ ਗ੍ਰੰਥ ਵਿਚਲੇ ਪ੍ਰਸੰਗ ਸੰਤ ਧਿਆਨ ਸਿੰਘ ਨੇ ਭਾਈ ਰਾਇ ਸਿੰਘ ਅਤੇ ਭਾਈ ਹਰਮੀਤ ਸਿੰਘ ਤੋਂ ਸੁਣ ਕੇ ਲਿਖੇ ਹਨ। ਆਪਣੀ ਰਚਨਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਕਵੀ ਨੇ ਸ਼ਬਦ-ਚਮਤਕਾਰਾਂ, ਰਸਾਂ, ਅਲੰਕਾਰਾਂ, ਬਿੰਬਾਂ ਤੇ ਪ੍ਰਤੀਕਾਂ ਆਦਿ ਕਾਵਿ-ਜੁਗਤਾਂ ਦੀ ਵਰਤੋਂ ਕੀਤੀ ਹੈ। ਕਵੀ ਨੇ ਰਚਨਾ ਸਮੇਂ ਆਪਣੀ ਭਾਸ਼ਾਈ ਕਲਾ ਵੀ ਵਿਖਾਈ ਹੈ। ਚੌਪਈ ਛੰਦ ਲਿਖਦਿਆਂ ਤਾਂ ਕਿਤੇ-ਕਿਤੇ ਪੰਜਾਬੀ ਦੀ ਵਰਤੋਂ ਕਰਦਾ ਹੈ, ਪਰ ਕਬਿੱਤ ਜਾਂ ਸਵੈਯਾ ਛੰਦ ਲਿਖਦਿਆਂ ਗੂੜ੍ਹ ਬ੍ਰਿਜ ਭਾਸ਼ਾ ਦੀ ਵਰਤੋਂ ਕਰਦਾ ਹੈ। ਕਈ ਥਾਈਂ ਕਵੀ ਆਪਣੀ ਕਵਿਤਾ ਵਿਚ ਅੰਗਰੇਜ਼ੀ ਦੇ ਸ਼ਬਦਾਂ ਦੀ ਵਰਤੋਂ ਬ੍ਰਜ਼ ਭਾਸ਼ਾ ਨਾਲ ਰਲਾ ਕੇ ਸੂਖਮ ਹਾਸ-ਰਾਸ ਵੀ ਪੈਦਾ ਕਰਦਾ ਹੈ-

ਜਿਲਾ ਕਮਿਸ਼ਨਰ ਵਾ ਕਪਤਾਨ।
ਬੈਠੇ ਤੋ ਸਤਿਗੁਰ ਢਿਗ ਆਨ।
"ਅਹੋ ਖੁਸ਼ੀ ਤੁਮ ਤੀਨੋ ਗੋਰੇ?"
"ਗੁਰੂ ਡਇਆ ਟੁਮਗਰੀ ਸੋ ਰੇ।
ਯੂ ਗੁਡ ਬੀ ਗੁਰ ਸਿਖਨ ਵਾਲੀ?"
ਹਾਂ ਬੋਲੇ ਪ੍ਰਭ ਤਬ੍ਹਾ ਲਉਬਾਲੀ।
ਪੁਨ 'ਵੀ ਗੋ' ਪੂਛਾ ਪ੍ਰਭ ਪਾਹੀ।
ਠਾਣੇਦਾਰ ਸਮੇਤ ਸਿਪਾਹੀ।
ਲੋ ਯੇ ਟੈਨ ਮੈਨ ਟੁਮਹਾਰ।
ਗੁਡ ਮੈਨ ਇਜ਼ ਠਾਨੇਦਾਰ।

ਨਾਮਧਾਰੀ ਪੰਥ ਵਿੱਚ ਇਸ ਰਚਨਾ ਨੂੰ ਇਹ ਗੌਰਵ ਵੀ ਹਾਂਸਿਲ ਹੈ, ਜੋ ਉਪਦੇਸ਼ ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗਤ ਨੂੰ ਕਰਦੇ ਸਨ (ਜੋ ਹੁਣ ਲਾਲ ਏਹਿ ਰਤਨ ਦੇ ਰੂਪ ਵਿੱਚ ਪ੍ਰਕਾਸ਼ਿਤ ਹਨ) ਉਹ ਇਸ ਪੁਸਤਕ ਨੂੰ ਅਧਾਰ ਬਣਾ ਕੇ ਕਥਾ ਦੇ ਰੂਪ ਵਿਚ ਕੀਤੇ ਗਏ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਮਗਰੋਂ ਇਸ ਗ੍ਰੰਥ ਦੀ ਕਥਾ ਸਤਿਗੁਰੂ ਜਗਜੀਤ ਸਿੰਘ ਜੀ ਵੀ ਕਰਦੇ ਰਹੇ। ਸੰਤ ਧਿਆਨ ਸਿੰਘ ਹੁਰੀਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਦਿਆ ਗੁਰੂ ਵੀ ਸਨ। ਇਸ ਪੁਸਤਕ ਦੀ ਭੂਮਿਕਾ ਲਿਖਦਿਆਂ ਡਾ. ਅਮਰ ਭਾਰਤੀ ਇਸ ਪੁਸਤਕ ਬਾਰੇ ਆਪਣੀ ਰਾਏ ਦੇਂਦੇ ਹੋਏ ਲਿਖਦੇ ਹਨ -

"ਇਹ ਪੁਸਤਕ ਮੁੱਖ ਰੂਪ ਵਿੱਚ ਇਤਿਹਾਸਕ ਪੁਸਤਕ ਨਹੀਂ ਸਗੋਂ ਸਤਿਗੁਰੂ ਰਾਮ ਸਿੰਘ ਜੀ ਦੇ ਕੌਤਕਾਂ ਦਾ ਭਗਤੀ ਪੂਰਨ ਵਰਣਨ ਹੈ। ਫਿਰ ਵੀ ਇਸ ਪੁਸਤਕ ਦੀ ਇਕ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਨਾਮਧਾਰੀ ਸਮਾਜ ਦੀ ਬੁਨਿਆਦ, ਉਸਦੀ ਚੜ੍ਹਤ ਤੇ ਉਸਦੀਆਂ ਵਿਸ਼ੇਸ਼ ਇਤਿਹਾਸਿਕ ਘਟਨਾਵਾਂ ਉਪਰ ਇਕ ਐਸੀ ਸਟੀਕ ਟਿੱਪਣੀ ਮੌਜੂਦ ਹੈ, ਜੋ ਹੋਰ ਕਿਸੇ ਵੀ ਇਤਿਹਾਸਿਕ ਗ੍ਰੰਥ ਦੇ ਮੁਕਾਬਲੇ, ਸੰਵੇਦਨਸ਼ੀਲ, ਮਨੋਵਿਗਿਆਨਿਕ ਤੇ ਇਤਿਹਾਸਿਕ ਪੱਖ ਤੋਂ ਪ੍ਰਮਾਣੀਕ ਹੈ।"[28]

ਇਸ ਪੁਸਤਕ ਵਿੱਚ ਗੁਰੂ ਭਗਤੀ, ਸ਼ਰਧਾ, ਪ੍ਰੇਮ ਅਤੇ ਗੁਰੂ ਜਸ ਲਿਖਣ ਦਾ ਚਾਅ ਪ੍ਰਤੀਤ ਹੁੰਦਾ ਹੈ। ਇਹੀ ਕਾਰਨ ਹੈ ਕਿ ਹਰੇਕ ਅਧਿਆਇ ਦੀ ਸ਼ੁਰੂਆਤ ਤੋਂ ਪਹਿਲਾਂ ਉਹ ਗੁਰੂ ਦੀ ਸਿਫਤ ਵਿੱਚ ਮੰਗਲਾਚਰਨ ਲਿਖਦੇ ਹਨ। 20 ਵੇਂ ਅਧਿਆਇ ਦੇ ਸ਼ੁਰੂ ਵਿੱਚ ਗੁਰੂ ਹਰੀ ਸਿੰਘ ਦਾ ਮੰਗਲ ਲਿਖਦੇ ਹਨ।

ਗੁਰ ਨਾਮ ਹਰੀ ਹਰਿ ਕਾਮ ਹਰੀ
ਹਰਿ ਰਾਮ ਹਰੀ ਮਤ ਲੇ ਗੁਰ ਓਟਾ।
ਹਰਿ ਰਾਮ ਗਏ ਕਹਿ ਕਾਮ ਗਏ
ਸੁ ਤਮਾਮ ਭਏ ਸਿਰ ਲੇਵਤ ਪੋਟਾ।
ਪਾ ਨੀਵ ਸਦੀਵ ਹੀ ਸਾਂਤ ਸੁਭਾ
ਸੁਬ੍ਹਾ ਸ਼ਾਮ ਹੀ ਨਾਮ ਕੋ ਦੇਵਤ ਘੋਟਾ।
ਬੁਧ ਸੋ ਨਾਮ ਹਰੀ ਹਰਿ ਰਾਮ
ਕੀਏ ਪਰਨਾਮ ਨ ਰਹੇ ਵਥ ਤੋਟਾ।

(ਪੰਨਾ-133)

ਸੰਤ ਧਿਆਨ ਸਿੰਘ ਦੀ ਰਚਨਾ ਵਿੱਚ ਸ਼ਾਬਦਿਕ ਚਮਤਕਾਰ ਵੀ ਭਲੀਭਾਂਤ ਨਜ਼ਰ ਪੈਂਦੇ ਹਨ।

ਦਰ ਪਰ ਬਰ ਤਰ ਰਾਮ ਸਰ ਪੀਪਰ ਸਘਨ ਸੋ ਛਾਇ।
ਤਰ ਨਰ ਕਰ ਹਰਿ ਦਰਸ ਵਰ ਦਰਪਰ ਬਾਢੀ ਰਾਇ।

(ਪੰਨਾ-55)

ਗੁਰੂ ਰਾਮ ਸਿੰਘ ਜੀ ਦੀ ਸਿਫ਼ਤ ਕਰਦਿਆਂ ਬੜਾ ਸੁੰਦਰ ਸ਼ਬਦਾਲੰਕਾਰ ਦੀ ਵਰਤੋਂ ਕੀਤੀ ਹੈ-

ਕੀਮਤ ਕੌਨ ਕਹੈ ਕਰੁਣਾਨਿਧ ਕੀ
ਮਤਿ ਕੀਰ ਕਮੀਨ ਕਵੀ ਕੋ।

Namdhari Elibrary NamdhariElibrary@gmail.com

ਕੂਕ ਕਹੀ ਕਵਿਤਾ ਕਈ ਕੋਟਿਕ
ਕਾਲ ਕਮਾਲ ਕਰਯੋ ਰਮਣੀਕੋ।
ਕੇਸਰ ਸੀ ਕਥਨੀਕ ਸੁਭਾਵ
ਕੁਸੰਭਵਤੀ ਕੁਸਮੋ ਛਬ ਫੀਕੋ।
ਕੇਵਲ ਕੰਤ ਕੇ ਦੇਖ ਚਰਿਤ੍ਰ
ਬੋਲ ਉਠੀ ਸੁਧ ਆਹਿ ਨ ਜੀ ਕੋ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸੰਤ ਧਿਆਨ ਸਿੰਘ ਦੀ ਕਵਿਤਾ ਰਸਾਂ, ਬਿੰਬਾਂ, ਅਲੰਕਾਰਾਂ ਆਦਿ ਦਾ ਸੁਹਜ ਪ੍ਰਦਾਨ ਕਰਦੀ ਹੈ। ਨਾਮਧਾਰੀ ਸਾਹਿਤ ਦੇ ਇਤਿਹਾਸ ਦੇ ਪਹਿਲੇ ਕਾਲ ਖੰਡ ਜਾਂ ਗੁਰੂ ਹਰੀ ਕਾਲ ਦੀ ਇਹ ਆਖਰੀ ਰਚਨਾ ਹੈ।

ਗੁਰੂ ਹਰੀ ਸਿੰਘ ਕਾਲ ਦਾ ਕੂਕਾ ਸਾਹਿਤ ਵਿਸ਼ੇ ਅਤੇ ਰੂਪ ਪੱਖੋਂ ਪੰਜਾਬੀ ਸਾਹਿਤ ਵਿੱਚ ਗਿਣਾਤਮਕ ਅਤੇ ਗੁਣਾਤਮਕ ਵਾਧੇ ਕਰਦਾ ਹੈ। ਇਸ ਸਾਹਿਤ ਵਿਚ ਬਰਤਾਨਵੀ ਬਸਤੀਵਾਦ ਦੇ ਖਿਲਾਫ ਨਾਬਰੀ ਦੀ ਸੁਰ ਵੀ ਗੂੰਜਦੀ ਹੈ ਅਤੇ ਸਤਿਗੁਰੂ ਰਾਮ ਸਿੰਘ ਦੇ ਵਿਛੋੜੇ ਵਿਚ ਬਿਰਹੋਂ ਹੰਢਾ ਰਹੀ ਨਾਮਧਾਰੀ ਸੰਗਤ ਦੀ ਆਤਮਾ ਦੀ ਪੀੜ ਵੀ ਹੈ। ਇਹ ਸਾਹਿਤ ਗੁਰੂ-ਭਗਤੀ, ਪ੍ਰੇਮ, ਸ਼ਰਧਾ, ਤਿਆਗ ਅਤੇ ਕੁਰਬਾਨੀ ਲਈ ਤਿਆਰ ਕੂਕਿਆਂ ਦੀ ਗਾਥਾ ਨੂੰ ਬਿਆਨ ਕਰਦਾ ਹੈ।

ਹਵਾਲੇ

1. ਧਰਮ ਸਿੰਘ (ਡਾ.), "ਕੂਕਾ ਲਹਿਰ ਦੀ ਪੰਜਾਬੀ ਵਾਰਤਕ ਨੂੰ ਦੇਣ", ਜਨ ਸਾਹਿਤ, ਮਈ- ਜੂਨ- ਜੁਲਾਈ 2008, ਪੰਨਾ-15
2. ਕਿਰਪਾਲ ਸਿੰਘ ਕਸੇਲ (ਪ੍ਰੋ.), "ਨਾਮਧਾਰੀ ਮੱਤ ਦਾ ਸਾਹਿਤ ਤੇ ਪੱਤਰਕਾਰੀ", ਨਾਮਧਾਰੀ ਲਹਿਰ, ਪੰਨਾ-127.
3. ਸਵਰਨ ਸਿੰਘ ਸਨੇਹੀ, "ਨਾਮਧਾਰੀਆਂ ਦੀ ਪੰਜਾਬੀ ਸਾਹਿਤ ਨੂੰ ਦੇਣ," ਸਤਿਜੁਗ ਦਾ ਬਸੰਤ ਅੰਕ, 2ਫੱਗਣ 2042 ਪੰਨਾ-39.
4. ਜਸਵਿੰਦਰ ਸਿੰਘ (ਸੰਪਾ.), ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, ਪੰਨਾ 130-131.
5. ਸੁਖਦੇਵ ਸਿੰਘ ਸਿਰਸਾ(ਡਾ.), "ਹੁਕਮਨਾਮੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ: ਬਰਤਾਨਵੀ ਪ੍ਰਬੰਧ ਤੋਂ ਨਾਬਰੀ," ਕੂਕਾ ਲਹਿਰ ਸਾਹਿਤ ਤੇ ਇਤਿਹਾਸ, (ਸੰਪਾ.) ਗੁਰਭੇਜ ਸਿੰਘ ਗੁਰਾਇਆ, ਪੰਨਾ-65.
6. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਪੰਨਾ-36.
7. ਹਰਿਭਜਨ ਸਿੰਘ (ਡਾ.), 'ਸੇਵਾ' (ਭੂਮਿਕਾ- ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ), ਪੰਨਾ- 48, 49.
8. ਸੁਖਦੇਵ ਸਿੰਘ ਸਿਰਸਾ, ਉਹੀ, ਪੰਨਾ-72,73.
9. ਜਸਵਿੰਦਰ ਸਿੰਘ (ਸੰਪਾ.), ਸਤਿਗੁਰੂ ਬਿਲਾਸ ਭਾਗ ਪਹਿਲਾ, ਪੰਨਾ-11
10. ਉਹੀ, ਪੰਨਾ12.
11. ਉਹੀ, ਪੰਨਾ-8.
12. ਉਹੀ, ਸਤਿਗੁਰੂ ਬਿਲਾਸ ਭਾਗ ਦੂਜਾ, ਪੰਨਾ-153
13. ਸਤਿੰਦਰ ਸਿੰਘ (ਪ੍ਰੋ.), "ਸ੍ਰੇਸ਼ਠ ਨਾਮਧਾਰੀ ਸਾਹਿਤਕਾਰ- ਸੰਤ ਸੰਤੋਖ ਸਿੰਘ ਬਾਹੋਵਾਲ", ਸਤਿਜੁਗ, ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ, 2003 ਈ:,ਪੰਨਾ 21.
14. ਰਣਜੀਤ ਕੌਰ (ਡਾ.), ਨਾਮਧਾਰੀ ਲਹਿਰ ਕਵਿਤਾ ਬਹੁਪੱਖੀ ਅਧਿਐਨ, ਪੰਨਾ 23.
15. ਉਹੀ ਪੰਨਾ - 29, 30.
16. ਸਰਬਜੀਤ ਸਿੰਘ (ਡਾ.), "ਬਸਤੀਵਾਦ, ਨਾਮਧਾਰੀ ਲਹਿਰ ਤੇ ਇਤਿਹਾਸ, ਕੂਕਾ ਲਹਿਰ ਸਾਹਿਤ ਤੇ ਇਤਿਹਾਸ (ਸੰਪਾ.) ਗੁਰਭੇਜ ਸਿੰਘ ਗੁਰਾਇਆ ਪੰਨਾ-44, 45.
17. ਜਸਵਿੰਦਰ ਸਿੰਘ, ਕੂਕਾ ਮੂਵਮੈਂਟ-294.
18. ਸੁਵਰਨ ਸਿੰਘ ਵਿਰਕ, ਉਹੀ ਪੰਨਾ-125.
19. ਉਹੀ ਪੰਨਾ-127.
20. ਹਰਿਭਜਨ ਸਿੰਘ (ਡਾ.), ਉਨ੍ਹੀਵੀਂ ਸਦੀ ਦਾ ਚੋਣਵਾਂ ਸਾਹਿਤ, ਪੰਨਾ 537.
21. ਸੁਖਦੇਵ ਸਿੰਘ ਸਿਰਸਾ (ਡਾ.), ਨਾਮਧਾਰੀ ਬਾਰਾਂਮਾਹੇ ਤੇ ਲੋਕ ਮੁਖ ਇਤਿਹਾਸਕਾਰੀ, ਅਪ੍ਰਕਾਸ਼ਿਤ
22. ਹਰਿਭਜਨ ਸਿੰਘ (ਡਾ.), ਉਹੀ ਪੰਨਾ-543.
23. ਸੁਵਰਨ ਸਿੰਘ ਵਿਰਕ, ਉਹੀ ਪੰਨਾ-131.
24. ਉਹੀ ਪੰਨਾ-61.
25. ਜਸਵਿੰਦਰ ਸਿੰਘ (ਸੰਪਾ:), ਸਤਿਗੁਰੂ ਬਿਲਾਸ ਭਾਗ ਪਹਿਲਾ ਪੰਨਾ-27.
26. ਉਹੀ ਪੰਨਾ 167.
27. ਇੰਦਰ ਸਿੰਘ ਚੱਕ੍ਰਵਰਤੀ, "ਪਰਵੇਸ਼ਿਕਾ", ਸ੍ਰੀ ਸਤਿਗੁਰੂ ਬਿਲਾਸ ਪਾ: 12ਵੀਂ ਪੰਨਾ-14.
28. ਅਮਰ ਭਾਰਤੀ ਡਾ., ਭੂਮਿਕਾ, ਉਹੀ, ਪੰਨਾ-6.

Namdhari Elibrary NamdhariElibrary@gmail.com

ਆਜ਼ਾਦੀ ਸੰਗ੍ਰਾਮ ਤੇ ਸਤਿਗੁਰੂ ਹਰੀ ਸਿੰਘ

ਗੁਰਲਾਲ ਸਿੰਘ

1872 ਈ. ਦਾ ਸਾਲ ਕੂਕਿਆਂ ਲਈ ਮੁਸੀਬਤਾਂ ਲੈ ਕੇ ਆਇਆ। ਬਸਤੀਵਾਦੀ ਸਰਕਾਰ ਦੀ ਜ਼ੁਲਮ ਹਨ੍ਹੇਰੀ ਕੂਕਾ ਅੰਦੋਲਨ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦੇਣਾ ਚਾਹੁੰਦੀ ਸੀ। ਸਰਕਾਰੀ ਤੰਤਰ ਜਿਨ੍ਹੀਆਂ ਸਖ਼ਤੀਆਂ ਕਰ ਸਕਦਾ ਸੀ, ਉਸ ਨੇ ਕੂਕਿਆਂ ਖਿਲਾਫ਼ ਕੀਤੀਆਂ। ਸਰਕਾਰ ਵੱਲੋਂ ਸਾਰੇ ਕੂਕੇ ਬਾਗ਼ੀ ਐਲਾਨੇ ਗਏ। ਭੈਣੀ ਸਾਹਿਬ ਵਿੱਚ ਪੁਲਿਸ ਚੌਂਕੀ ਬੈਠ ਗਈ। ਆਲੇ ਦੁਆਲੇ ਦੇ ਪਿੰਡਾਂ ਦੇ ਨੰਬਰਦਾਰਾਂ, ਚੌਧਰੀਆਂ ਤੇ ਚੌਂਕੀਦਾਰਾਂ ਨੂੰ ਸਖ਼ਤ ਹਦਾਇਤਾਂ ਸਨ ਜੇ ਕੂਕਾ ਤੁਹਾਡੇ ਪਿੰਡ ਵਿੱਚ ਰਾਤ ਰਹਿ ਗਿਆ ਤਾਂ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕਰ ਦਿੱਤੇ ਜਾਉਗੇ, ਬੇਇਜ਼ਤੀ ਤੇ ਜ਼ੁਰਮਾਨਾ ਵੱਖਰਾ। ਇਸ ਲਈ ਜਦੋਂ ਕੋਈ ਕੂਕਾ ਤੁਹਾਡੇ ਪਿੰਡ ਆਵੇ ਚੌਂਕੀ ਇਤਲਾਹ ਦਿਉ ਅਤੇ ਉਸ ਨੂੰ ਧੱਕੇ ਮਾਰ ਪਿੰਡ 'ਚੋਂ ਕੱਢ ਦਿੱਤਾ ਜਾਵੇ।ਕੂਕਿਆਂ ਲਈ ਪੰਜਾਬ ਦੇ ਪਿੰਡ ਕਿਸੇ ਹੋਰ ਦੇਸ ਬਾਰਡਰ ਵਰਗੇ ਹੋ ਗਏ, ਜੋ ਲੋਕ ਕੱਲ੍ਹ ਤੱਕ ਆਪਣੇ ਸਨ, ਉਹ ਇਸ ਐਲਾਨ ਤੋਂ ਬਾਅਦ ਮੁਖ਼ਬਰ ਬਣ ਗਏ।

"ਬਾਗ਼ਬਾਂ ਨੇ ਆਗ ਦੀ ਜਬ ਆਸ਼ਿਆਨੇ ਕੋ ਮਿਰੇ
ਜਿਨ ਪੇ ਤਕੀਆ ਥਾ, ਵਹੀ ਪੱਤੇ ਹਵਾ ਦੇਨੇ ਲਗੇ"

ਏਸੇ ਸਖ਼ਤੀ ਦੇ ਸਮੇਂ ਸਿੱਖਾਂ ਅੰਦਰ ਆਜ਼ਾਦੀ ਜਜ਼ਬਾ ਕਾਇਮ ਰੱਖਣਾ ਜ਼ਰੂਰੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਚਲਾਏ ਮੁਕਤੀ ਅੰਦੋਲਨ ਨੂੰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਯੋਗ ਅਗਵਾਈ ਪ੍ਰਾਪਤ ਹੋਈ। ਸਤਿਗੁਰੂ ਜੀ ਦੇ ਹੁਕਮ ਮੁਤਾਬਿਕ ਸਿੱਖ ਗੁਪਤ ਰੂਪ ਵਿੱਚ ਇਕੱਠੇ ਹੋ ਕੇ ਦੇਸ਼ ਆਜ਼ਾਦੀ ਲਈ ਵਿਚਾਰ ਕਰਨ ਲੱਗੇ। ਮੁਖ਼ਬਰਾਂ ਨੇ ਸਰਕਾਰ ਨੂੰ ਰਿਪੋਰਟਾਂ ਦੇਣੀਆਂ ਸ਼ੁਰੂ ਕੀਤੀਆਂ। ਇਨ੍ਹਾਂ ਖ਼ਬਰਾਂ ਦਾ ਅਸਰ ਪੰਜਾਬ ਸਰਕਾਰ ਦੇ ਕਰਨਲ ਐਚ.ਐਨ. ਮਿਲਰ ਨੂੰ, ਜ਼ਿਲ੍ਹਾ ਸੁਪਰਡੈਂਟ ਪੁਲਿਸ ਬਾਰਬਰਟਨ ਵੱਲੋਂ ਅਗਸਤ 1878 ਨੂੰ ਲਿਖੇ ਪੱਤਰ ਤੋਂ ਵੇਖਿਆ ਜਾ ਸਕਦਾ ਹੈ। ਬਾਰਬਰਟਨ ਲਿਖਦਾ ਹੈ ਕਿ, "ਮੇਰਾ ਇਹ ਦੱਸਣ ਦਾ ਫਰਜ਼ ਬਣਦਾ ਹੈ ਕਿ ਕੂਕੇ ਰਾਜਨੀਤਕ ਖਤਰੇ ਦੇ ਸਰੋਤ ਹਨ। ਭਾਂਵੇ ਇਨ੍ਹਾਂ ਦੀ ਗਿਣਤੀ ਹਾਲੀਂ ਥੋੜੀ ਹੈ, ਪਰ ਬਹੁਤ ਸਾਰੇ ਲੋਕ ਵੱਡੀ ਗਿਣਤੀ ਵਿੱਚ ਨਵੇਂ ਸਿਰਿਉਂ ਕੂਕਾ ਮੱਤ ਨੂੰ ਅਪਨਾ ਰਹੇ ਹਨ। ਜਦੋਂ ਤੋਂ ਦਸਾਂ ਕੂਕਿਆਂ ਨੂੰ ਇਕੋ ਸਮੇਂ ਬੁੱਧ ਸਿੰਘ ਨਾਲ ਮਿਲਣ ਦੀ ਆਗਿਆ ਦਿੱਤੀ ਗਈ ਹੈ। ਕੂਕੇ ਸਭ ਪਾਸਿਉਂ ਭੈਣੀ ਆ ਰਹੇ ਹਨ ਅਤੇ ਭੈਣੀ ਦੇ ਬਾਹਰਵਾਰ ਲਾਗਲੇ ਪਿੰਡਾਂ ਵਿੱਚ ਆ ਕੇ ਠਹਿਰਦੇ ਹਨ। ਪਟਿਆਲਾ ਰਿਆਸਤ ਦੇ ਲੱਲਾਂ ਪਿੰਡ ਵਿੱਚ ਰਾਤ ਨੂੰ ਕੂਕਿਆਂ ਦੀਆਂ ਇਕੱਤਰਤਾਵਾਂ ਹੁੰਦੀਆਂ ਹਨ, ਉਹਨਾਂ ਦਾ ਖ਼ਬਰਾਂ ਭੇਜਣ ਦਾ ਪ੍ਰਬੰਧ ਬੜਾ ਮਜ਼ਬੂਤ ਹੈ। ਜਾਪਦਾ ਹੈ ਕਿ ਕੂਕੇ ਜ਼ਰੂਰ ਕੋਈ ਗੜਬੜ ਕਰਨਗੇ। ਸਾਡੀ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਉਨ੍ਹਾਂ ਨੂੰ ਹਰ ਤਰ੍ਹਾਂ ਨਾਲ ਸ਼ਰਾਰਤ ਕਰਨੋਂ ਰੋਕਿਆ ਜਾਵੇ।"[1]

ਇਸ ਪੱਤਰ ਵਿੱਚ ਅਗੇ ਜਾ ਕੇ ਬਾਰ ਬਰਟਨ ਕੂਕਿਆਂ 'ਤੇ ਸਖ਼ਤ ਕਾਰਵਾਈ ਕਰਨ ਦੀ ਮੰਗ ਕਰਦਾ ਹੈ। ਸ. ਦਰਬਾਰਾ ਸਿੰਘ ਦੇ ਹੁਕਮਨਾਮਾ ਲਿਆਉਣ ਤੋਂ ਬਾਅਦ ਨਾਮਧਾਰੀ ਸਿਖਾਂ ਵਿੱਚ ਨਵਾਂ ਉਤਸ਼ਾਹ ਪੈਦਾ ਹੋ ਜਾਂਦਾ ਹੈ। ਸਿੱਖਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਲਈ ਰੰਗੂਨ ਨੂੰ ਵਹੀਰਾਂ ਘੱਤ ਦਿਤੀਆਂ। ਰੰਗੂਨ ਤੋਂ ਆਏ ਹੁਕਮਨਾਮਿਆਂ ਦਾ ਪਾਠ ਸ੍ਰੀ ਭੈਣੀ ਸਾਹਿਬ ਆਏ ਸਿੱਖਾਂ ਨੂੰ ਗੁਰੂ ਹਰੀ ਸਿੰਘ ਜੀ ਆਪ ਸੁਣਾਉਂਦੇ। ਹੁਕਮਨਾਮਿਆਂ ਦੇ ਸ਼ਬਦ ਜਿਥੇ ਸਿੱਖਾਂ ਨੂੰ ਹੌਂਸਲਾ ਦੇਂਦੇ ਉਥੇ ਬਸਤੀਵਾਦੀ ਸਰਕਾਰ ਖਿਲਾਫ਼ ਰੋਸ ਪੈਦਾ ਕਰਦੇ। ਸਤਿਗੁਰੂ ਹਰੀ ਸਿੰਘ ਦੇ ਕਾਰਜ ਨੂੰ ਮੁਖ਼ਬਰਾਂ ਦੀਆਂ ਰਿਪੋਰਟਾਂ ਬਿਆਨ ਕਰਦੀਆਂ ਹਨ- ਏ ਭੀ ਰਾਮ ਸਿੰਘ ਵਰਗਾ ਹੈ। ਇੱਕ ਗਿਆ ਤੇ ਦੂਜਾ ਜਾਗ ਪਿਆ ਹੈ। ਜਿਧਰ ਜਾਂਦਾ ਹੈ ਓਧਰੇ ਹੀ ਸਿੰਘ ਨਾਲ ਲਈ ਫਿਰਦਾ ਹੈ। ਸਿੰਘ ਇਨਕਾ ਹੁਕਮ ਮੰਨਦੇ ਹੈਂ। ਜੇ ਹੁਕਮ ਦੇ ਦੀਆ ਤਾਂ ਗਦਰ ਮਚਾਇ ਦੇਣਗੇ।[2]

ਸਤਿਗੁਰੂ ਰਾਮ ਸਿੰਘ ਜੀ ਨੇ ਅੰਗ੍ਰੇਜ਼ੀ ਸਰਕਾਰ ਖਿਲਾਫ਼ ਜੋ ਸਮਾਨੰਤਰ ਰਾਜ ਪ੍ਰਬੰਧ ਸਥਾਪਿਤ ਕੀਤਾ ਉਸ ਦਾ ਮੁੱਖ ਧੁਰਾ ਸੂਬੇ ਸਨ। ਉਨ੍ਹਾਂ ਪੰਜਾਬ ਨੂੰ 22 ਹਿੱਸਿਆਂ ਵਿੱਚ ਵੰਡ ਕੇ ਹਰ ਖੇਤਰ ਦਾ ਵੱਖਰਾ ਸੂਬਾ ਸਥਾਪਿਤ ਕੀਤਾ। ਇਸ ਤੋਂ ਬਗੈਰ ਨਾਇਬ ਸੂਬੇ ਮੁੱਖ ਸੂਬਿਆਂ ਦੀ ਸਹਾਇਤਾ ਲਈ ਥਾਪੇ, ਪਰ ਅੰਗ੍ਰੇਜੀ ਸਰਕਾਰ ਨੇ ਇਸ ਸਾਮਨੰਤਰ ਸਰਕਾਰ ਨੂੰ ਖ਼ਤਮ ਕਰਨ ਲਈ 10 ਸੂਬੇ ਵੱਖ-ਵੱਖ ਜੇਲ੍ਹਾਂ ਵਿੱਚ ਕੈਦ

Namdhari Elibrary NamdhariElibrary@gmail.com

ਕਰ ਲਏ। ਇਸ ਸਥਾਪਿਤ ਕੀਤੇ ਰਾਜ ਪ੍ਰਬੰਧ ਨੂੰ ਗੁਰੂ ਹਰੀ ਸਿੰਘ ਜੀ ਨੇ ਟੁੱਟਣ ਨਹੀਂ ਦਿੱਤਾ। ਨਵੇਂ ਸੂਬੇ ਥਾਪੇ ਗਏ ਸੂਬਾ ਹਰਨਾਮ ਸਿੰਘ ਮੰਡੀ ਕਲ੍ਹਾਂ (ਪਟਿ.), ਫੂਲਾ ਸਿੰਘ ਚੋਗਾਵਾਂ, ਸੂਬਾ ਕਾਹਨ ਸਿੰਘ ਬਾਜੇਖਾਨਾ, ਗੁਰਦਿੱਤ ਸਿੰਘ ਨਾਈਵਾਲ, ਨੱਥਾ ਸਿੰਘ ਗਾਦੜੀ ਵਾਲਾ (ਫਿਰੋਜਪੁਰ) ਫਤਿਹ ਸਿੰਘ ਵਲਟੋਹਾ, ਦੇਵਾ ਸਿੰਘ ਲਾਹੌਰ, ਅਰਜਨ ਸਿੰਘ ਜੀਆ ਬੱਗਾ ਆਦਿ। ਇਹ ਸੂਬੇ ਆਪਣਿਆ ਇਲਾਕਿਆਂ ਵਿੱਚ ਜਿੱਥੇ ਸਿੱਖੀ ਪ੍ਰਚਾਰ ਕਰਦੇ ਉੱਥੇ ਅੰਗ੍ਰੇਜ਼ਾਂ ਦੀਆਂ ਕੁਨੀਤੀਆਂ ਬਾਰੇ ਲੋਕਾਂ ਨੂੰ ਜਾਣੂੰ ਕਰਵਾਉਂਦੇ। ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਨਾ-ਮਿਲਵਰਤਣ ਲਹਿਰ ਨੂੰ ਸਤਿਗੁਰੂ ਹਰੀ ਸਿੰਘ ਜੀ ਨੇ ਬਰਕਰਾਰ ਰੱਖਿਆ। ਸਿਖਾਂ ਨੂੰ ਵਾਰ-ਵਾਰ ਆਦੇਸ਼ ਕਰਨਾ ਗੋਰਿਆਂ ਨਾਲ ਕੋਈ ਸਾਂਝ ਨਹੀ ਰੱਖਣੀ। ਜੇ ਕਿਸੇ ਸਿੱਖ ਦੀ ਅੰਗ੍ਰੇਜ਼ਾਂ ਨਾਲ ਵਰਤੋਂ-ਵਿਹਾਰ ਦੀ ਗੱਲ ਪਤਾ ਲੱਗ ਜਾਣੀ ਤਾਂ ਉਸ ਨੂੰ ਸਖ਼ਤੀ ਨਾਲ ਝਿੜਕ ਕੇ ਅੱਗੇ ਤੋਂ ਤੋਬਾ ਕਰਵਾਉਣੀ। ਨੱਥਾ ਸਿੰਘ ਗਾਦੜੀ ਵਾਲੇ ਨੇ ਅਫ਼ਗਾਨਿਸਤਾਨ ਖਿਲਾਫ਼ ਜੰਗ ਵਿੱਚ ਅੰਗ੍ਰੇਜ਼ਾਂ ਨੂੰ ਊਠ ਦਿੱਤੇ। ਸਤਿਗੁਰੂ ਜੀ ਨੇ ਨੱਥਾ ਸਿੰਘ ਨੂੰ ਤਾੜਨਾ ਕੀਤੀ ਅਤੇ 1500 ਰੁਪਏ ਡੰਨ ਲਾਇਆ। ਬਦੇਸ਼ੀ ਕੱਪੜਾ, ਕਚਹਿਰੀਆਂ, ਸਰਕਾਰੀ ਨੌਕਰੀਆਂ, ਸਰਕਾਰੀ ਸਕੂਲਾਂ ਤੋਂ ਪੂਰਨ ਰੋਕ ਸੀ "ਏਕ ਦਿਨ ਕੁਝ ਸਿੰਘਾਂ ਨੇ ਗੁਰੂ ਜੀ ਕਾ ਦਰਸ਼ਨ ਕੀਤਾ। ਅਰਜ ਕੀਤੀ ਜੀ ਨੌਕਰੀ ਤੁਸੀਂ ਕਹਿੰਦੇ ਹੋ ਕਰੋ ਨਾ। ਬਾਰਸ਼ ਹੋਈ ਨਹੀਂ ਕੀ ਛਕਾਂਗੇ? ਬਚਨ ਹੋਇਆ ਦਸ ਦਿਨ ਠਹਿਰੋ। ਦਸ ਦਿਨ ਠਹਿਰ ਕੇ ਗਏ, ਜਾਂਦਿਆਂ ਨੂੰ ਬੜੀ ਬਾਰਸ਼ ਹੋਈ ਬੜੀ ਫ਼ਸਲ ਹੋਈ।[3]

ਭਾਵੇਂ ਪੁਲਿਸ ਦੀ ਸਖ਼ਤ ਨਿਗਰਾਨੀ ਵਿੱਚ ਭੈਣੀ ਸਾਹਿਬ ਗੁਰਦੁਆਰਾ ਸੀ। ਫਿਰ ਵੀ ਕੁਝ ਦੇਸ਼ ਦੀ ਆਜਾਦੀ ਲਈ ਸਰਗਰਮ ਸਿੱਖ, ਸਤਿਗੁਰੂ ਜੀ ਦਾ ਦਰਸ਼ਨ ਕਰਨ ਅਤੇ ਭਵਿੱਖ ਦੇ ਕਾਰਜਾਂ ਲਈ ਸਲਾਹ ਮਸ਼ਵਰਾ ਲੈਣ ਆਉਂਦੇ ਰਹਿੰਦੇ। ਅੰਮ੍ਰਿਤਸਰ ਬੁੱਚੜ ਕਤਲ ਕੇਸ ਵਿੱਚ ਮਫ਼ਰੂਰ ਮੇਹਰ ਸਿੰਘ ਲੋਪੋਕੇ ਸ੍ਰੀ ਭੈਣੀ ਸਾਹਿਬ ਗੁਰਦੁਆਰੇ ਦੇ ਅੰਦਰ ਸੰਤਾ ਸਿੰਘ ਨਾਮ ਨਾਲ ਰਹਿ ਰਿਹਾ ਸੀ। ਇਸ ਹੀ ਕੇਸ ਵਿੱਚ ਮਫ਼ਰੂਰ ਭਗਵਾਨ ਸਿੰਘ ਅੜਬੰਗੀ ਵੀ ਡੇਰੇ ਆਉਂਦਾ ਜਾਂਦਾ ਰਹਿੰਦਾ।

ਇਕ ਦਿਨ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਭਗਵਾਨ ਸਿੰਘ ਕੋਲੋਂ ਨਵੇਂ ਆਏ ਪੁਲਿਸ ਸਿਪਾਹੀ ਪਠਾਨ ਗੇਂਦੇ ਦੀਆਂ ਵਧੀਕੀਆਂ ਸਹਾਰੀਆਂ ਨਾ ਗਈਆਂ। ਉਸ ਨੂੰ ਆਪਣੇ ਪਿੱਛੇ ਲਾ ਨੀਲੋਂ ਪਿੰਡ ਦੀ ਜੂਹ ਵਿੱਚ ਲੈ ਗਿਆ। ਸੂਰਮੇ ਨੇ ਐਸਾ ਵਾਰ ਕੀਤਾ ਗੇਂਦਾ ਦੁਬਾਰਾ ਚੌਂਕੀ ਵਾਪਸ ਨਾ ਜਾ ਸਕਿਆ। ਇਸ ਘਟਨਾ ਨੂੰ ਸਾਡਾ ਪਹਿਲਾ ਇਤਿਹਾਸਕਾਰ ਇਸ ਤਰ੍ਹਾਂ ਆਪਣੇ ਗ੍ਰੰਥ ਵਿੱਚ ਦਰਜ਼ ਕਰਦਾ ਹੈ।

"ਅੜਬੰਗ ਸਿੰਘ ਖੜਾ ਹੋਇਆ ਤੇ ਕਿਹਾ ਕਿ ਵਾਰ ਕਰ ਲੈ। ਤੁਰਕ ਨੇ ਆਇਕੇ ਡੰਡਾ ਮਾਰਿਆ। ਅੜਬੰਗ ਸਿੰਘ ਕੀ ਸੱਜੀ ਅੱਖ ਦੇ ਹੇਠਾਂ ਲੱਗਿਆ। ਸਿੰਘ ਨੇ ਜ਼ਰਾ ਕੁ ਸਿਰ ਫੇਰਿਆ ਫੇਰ ਸਿੰਘ ਨੇ ਖੂੰਡੇ ਵਾਲੇ ਪਾਸਿਓਂ ਜਿਓਂ ਸੋਟਾ ਮਾਰਿਆ ਤੁਰਕ ਕੀ ਪੁੜਪੁੜੀ ਮੇਂ ਲਗਾ। ਤੁਰਕ ਬੇਹੋਸ਼ ਹੋਇਕੇ ਧਰਤੀ ਪਰ ਡਿੱਗ ਪਿਆ। ਉਠਨੇ ਲਗਾ ਤਾਂ ਇਕ ਹੋਰ ਮਾਰਿਆ ਮੱਥੇ ਵਿੱਚ, ਨੱਕ ਦੇ ਉਤੋਂ ਦੀ ਲੱਗਾ। ਇਕ ਹੋਰ ਭੀ ਲਾਇਆ। ਗੇਂਦਾ ਹੰਕਾਰੀ ਸੈਹਕ-ਸੈਹਕ ਕੇ ਮਰਿਆ।"[4]

ਐਸੇ ਕ੍ਰਾਂਤੀਕਾਰੀ ਯੋਧੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਉਂਦੇ ਰਹਿੰਦੇ। ਸਤਿਗੁਰੂ ਜੀ ਇਨ੍ਹਾਂ ਸੂਰਮਿਆਂ ਨੂੰ ਵਕਤ ਅਤੇ ਹਾਲਾਤ ਅਨੁਸਾਰ ਸਿਖਿਆ ਦੇਂਦੇ। ਬਾਬਾ ਸੋਹਣ ਸਿੰਘ 'ਭਕਨਾ' ਗਦਰ ਪਾਰਟੀ ਦੇ ਪ੍ਰਧਾਨ ਆਪਣੀ ਇੱਕ ਮੁਲਾਕਾਤ ਵਿੱਚ ਪ੍ਰੀਤਮ ਸਿੰਘ ਕਵੀ ਹੁਰਾਂ ਨੂੰ ਦੱਸਦੇ ਹਨ ਕਿ "ਮੈਂ 20 ਕੁ ਵਾਰੀ ਸਤਿਗੁਰਾਂ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਗਿਆ ਹਾਂ। ਸਤਿਗੁਰੂ ਜੀ ਦਾ ਇੱਕ ਬਚਨ ਮੇਰਾ ਪ੍ਰੇਰਨਾ ਸੂਤਰ ਹੈ।ਕਲਿਜੁਗ ਦੀ ਸਫ਼ ਵਲ੍ਹੇਟੀ ਜਾ ਰਹੀ ਹੈ। ਮੈਂ ਵੇਖ ਰਿਹਾ ਹਾਂ ਕਿ ਹੁਣ ਮਾਇਆ ਦਾ ਯੁਗ ਅੰਤਮ ਪੜਾ ਤੇ ਹੈ, ਰੱਬੀ ਯੁੱਗ ਮਨੁੱਖ ਮਾਤਰ ਨੂੰ ਇਕੋ ਨੂਰ ਦਾ ਅੰਗ ਮੰਨਣ ਵਾਲਾ ਯੁਗ ਆ ਗਿਆ ਹੈ।" ਭਕਨਾ ਜੀ ਅਗੇ ਜਾ ਕਹਿੰਦੇ ਹਨ, "ਮੈਂ ਜੀਵਨ ਦੀ ਬੁਨਿਆਦੀ ਸੂਝ ਨਾਮਧਾਰੀ ਸੰਗਤ ਵਿਚੋਂ ਹਾਂਸਿਲ ਕੀਤੀ ਹੈ। ਉਚਾ ਸਦਾਚਾਰ, ਸਾਧ ਸੰਗਤ ਦੀ ਸੇਵਾ, ਮਹਾ ਜੀਵਨ ਵਿੱਚ ਵਿਸ਼ਵਾਸ"[5]

ਏਸੇ ਤਰ੍ਹਾਂ ਦੇ ਅਨੇਕਾਂ ਹੀ ਕ੍ਰਾਂਤੀਕਾਰੀ ਚੰਦ੍ਰਮਾਂ ਭੈਣੀ ਦੇ ਭਾਨ ਤੋਂ ਰੌਸ਼ਨੀ ਲੈਂਦੇ ਰਹੇ। ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨਾਂ ਲਈ ਸਿੱਖ ਕੋਈ ਨਾ ਕੋਈ ਤਰਤੀਬ ਬਣਾ ਹੀ ਲੈਂਦੇ। ਭੈਣੀ ਸਾਹਿਬ ਆਉਣ ਵਾਲੇ ਸਿੱਖਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਸੀ। ਪੰਜਾਬ ਪੁਲਿਸ ਦੇ ਖੁਫ਼ੀਆ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ":12 ਮਾਰਚ ਤੋਂ 2 ਅਪ੍ਰੈਲ 1881 ਈ. ਤੱਕ 173 ਸਿੱਖ ਦਰਸ਼ਨਾਂ ਨੂੰ ਆਏ"[6] ਪੁਲਿਸ ਦੀਆਂ ਅਨੇਕਾਂ ਸਖ਼ਤੀਆਂ ਝੱਲਦੇ ਇਹ ਗੁਰੂ ਕੇ ਲਾਲ ਆਪਣੇ ਮਹਿਬੂਬ ਦੇ ਦਰਸ਼ਨ ਕਰਦੇ। ਕੂਕਿਆਂ ਦੀ ਬਦੇਸ਼ੀ ਰਾਜ ਪ੍ਰਤੀ ਮਾਨਸਿਕਤਾ ਸਾਡੇ ਲੋਕ ਗੀਤਾਂ ਵਿੱਚ ਵੇਖੀ ਜਾ

Namdhari Elibrary NamdhariElibrary@gmail.com

ਸਕਦੀ ਹੈ–

'ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ'
ਅਸਾਂ ਹਿੰਦ'ਚ ਗਦਰ ਮਚਾਉਣਾ ਕੱਢਣਾ ਫਰੰਗੀਆਂ ਨੂੰ'
'ਕੂਕੇ ਮਾਰ ਕੇ ਛਿੱਤਰ ਕੱਢ ਦੇਂਦੇ ਗੋਰਿਆਂ ਸਾਹਿਬਾਂ ਨੂੰ'

ਇਹ ਲੋਕ ਗੀਤ ਕੂਕੇ ਆਮ ਗਾਉਂਦੇ ਸਨ। ਇਸ ਸਮੇਂ ਦੇ ਕੂਕੇ ਪ੍ਰਚਾਰਕ ਪੰਜਾਬ ਦੇ ਪਿੰਡਾਂ-ਪਿੰਡਾਂ ਵਿੱਚ ਜਿਥੇ ਸਿਖੀ ਦਾ ਪ੍ਰਚਾਰ ਕਰਦੇ, ਉਥੇ ਨੌਜਵਾਨਾਂ ਨੂੰ ਦੇਸ਼ ਪ੍ਰਤੀ ਉਨ੍ਹਾਂ ਦੇ ਫਰਜ਼ਾਂ ਤੋਂ ਜਾਣੂੰ ਕਰਵਾਉਂਦੇ ਸਨ। 1849 ਈ. ਵਿੱਚ ਪੰਜਾਬ 'ਤੇ ਕਾਬਜ਼ ਹੋ ਅਤੇ ਸਤਵੰਜਾ ਦਾ ਵਿਦ੍ਰੋਹ ਦਬਾ ਕੇ ਬਰਤਾਨਵੀ ਸਾਮਰਾਜ ਨੇ ਇਹ ਗਲ ਸਪੱਸ਼ਟ ਕਰ ਦਿੱਤੀ ਕਿ ਉਹ ਹੁਣ ਏਸ਼ੀਆ ਦੀ ਵੱਡੀ ਤਾਕਤ ਹੈ ਜੋ ਕਿਸੇ ਵੀ ਮੁਸ਼ਕਿਲ ਦਾ ਸਾਮ੍ਹਣਾ ਕਰ ਸਕਦੀ ਹੈ। ਇਸੇ ਤਾਕਤ ਨੂੰ ਖ਼ਤਮ ਕਰਨ ਲਈ ਸਤਿਗੁਰੂ ਰਾਮ ਸਿੰਘ ਜੀ ਨੇ ਵਿਦੇਸ਼ ਨਾਲ ਸੰਪਰਕ ਕਾਇਮ ਕੀਤੇ। 1872 ਈ. ਵਿੱਚ ਇੱਕ ਹੋਰ ਵੱਡੀ ਤਾਕਤ ਰੂਸ ਮੱਧ ਏਸ਼ੀਆ ਵਿੱਚ ਅਗੇ ਵਧ ਰਹੀ ਸੀ। ਕੁਝ ਹੀ ਸਾਲਾਂ ਵਿੱਚ ਰੂਸ ਨੇ ਤੁਰਕਿਸਤਾਨ ਤੋਂ ਲੈ ਕੇ ਔਕਸਸ (OXUS) ਦਰਿਆ ਤੱਕ ਆਪਣਾ ਸਾਮਰਾਜ ਸਥਾਪਿਤ ਕਰ ਲਿਆ ਸੀ। ਭਾਰਤ ਵਿੱਚ ਬੈਠੀ ਅੰਗ੍ਰੇਜ਼ੀ ਹਕੂਮਤ ਅਤੇ ਰੂਸ ਵਿੱਚ ਸਿਰਫ਼ ਅਫ਼ਗਾਨ ਰਹਿ ਗਏ ਸਨ। 1875 ਈ. ਤੱਕ ਜਾਰ ਦਾ ਸਾਰੇ ਮੱਧ ਏਸ਼ੀਆ ਉਤੇ ਅਧਿਕਾਰ ਸੀ"[7]

ਜਦੋਂ ਦੋਹਾਂ ਤਾਕਤਾਂ ਵਿੱਚ ਤਨਾਅ ਵਾਲੀ ਸਥਿਤੀ ਬਣੀ ਹੋਈ ਸੀ, ਉਸ ਸਮੇਂ ਸੂਬਾ ਗੁਰਚਰਨ ਸਿੰਘ ਅਤੇ ਸੂਬਾ ਬਿਸ਼ਨ ਸਿੰਘ ਰੂਸ ਸਰਕਾਰ ਨਾਲ ਸੰਬੰਧ ਸਥਾਪਿਤ ਕਰਨ ਲਈ ਲਗਾਤਾਰ ਪੰਜਾਬ ਤੋਂ ਮੱਧ ਏਸ਼ੀਆ ਦੀ ਯਾਤਰਾ ਕਰ ਰਹੇ ਸਨ। ਆਖਰ ਮਈ 1879 ਵਿਚ ਸਤਿਗੁਰੂ ਜੀ ਦਾ ਪੱਤਰ ਰੂਸੀ ਅਧਿਕਾਰੀਆਂ ਤੱਕ ਪਹੁੰਚਦਾ ਹੈ। ਇਸ ਪੱਤਰ ਵਿੱਚ ਅੰਗ੍ਰੇਜ਼ ਨੂੰ ਭਾਰਤ ਵਿੱਚੋਂ ਕੱਢਣ ਦੀ ਗਲ ਕੀਤੀ ਗਈ ਸੀ ਅਤੇ ਰੂਸ ਜੇ ਭਾਰਤ ਤੇ ਹਮਲਾ ਕਰੇ ਤਾਂ 315000 ਕੂਕੇ ਉਸ ਦੀ ਮੱਦਦ ਕਰਨਗੇ। ਇਸ ਸਮੇਂ ਕੂਕਿਆਂ ਨੂੰ ਪੂਰੀ ਆਸ ਸੀ ਕਿ ਰੂਸ ਪੰਜਾਬ ਵੱਲ ਅੱਗੇ ਵੱਧੇਗਾ ਤੇ ਬਰਤਾਨਵੀ ਸਾਮਰਾਜ ਖ਼ਤਮ ਹੋਵੇਗਾ। ਕੂਕੇ ਰੂਸ ਦੇ ਹਮਲੇ ਨੂੰ ਭਾਰਤ ਦੀ ਆਜ਼ਾਦੀ ਦਾ ਰਸਤਾ ਸਮਝਦੇ ਸਨ। ਇਸ ਹਮਲੇ ਦੀ ਕਲਪਨਾ ਨਾਮਧਾਰੀ ਲਹਿਰ ਦਾ ਪਹਿਲਾ ਕਵੀ, ਭਾਈ ਚੰਦਾ ਸਿੰਘ ਕਰਦਾ ਹੈ–

ਫੌਜਾਂ ਚੜ੍ਹ ਰੂਸ ਦੀਆਂ ਆਈਆਂ
ਫਿਰ ਗਈਆਂ ਲੰਦਨ ਵਿੱਚ ਦੁਹਾਈਆਂ
ਓਧਰੋਂ ਗੋਰੇ ਕਰਦੇ ਧਾਈਆਂ
ਮਰਸਨ ਬੇਟੇ ਜਾਏ ਮਾਈਆਂ
ਬਹਿ-ਬਹਿ ਰੋਵਨ ਧੀਆਂ ਪਰਾਈਆਂ
ਪੱਲੂ ਪਾਇਕੇ।

ਸ੍ਰੀ ਭੈਣੀ ਸਹਿਬ ਤੋਂ ਚਿੱਠੀ ਪੱਤਰ ਰੂਸ ਅਤੇ ਰੂਸ ਤੋਂ ਆਈਆਂ ਚਿੱਠੀਆਂ ਦੇ ਜਵਾਬਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਕੋਲ ਭੇਜਿਆ ਜਾਂਦਾ। ਇਸ ਤਰ੍ਹਾਂ ਬਸਤੀਵਾਦੀ ਸਰਕਾਰ ਕੂਕਿਆਂ ਦੇ ਇਸ ਸੰਪਰਕ ਨੂੰ ਤੋੜਨ ਦਾ ਪੂਰਾ ਯਤਨ ਕਰ ਰਹੀ ਸੀ।ਬਰਤਾਨਵੀ ਜਸੂਸ ਗੁਲਾਬ ਖ਼ਾਂ ਦੇ ਬਿਆਨਾਂ ਅਨੁਸਾਰ ਰੂਸੀ ਅਧਿਕਾਰੀਆਂ ਵੱਲੋਂ ਗੁਰਚਰਨ ਸਿੰਘ ਦਾ ਕਾਫੀ ਸਤਿਕਾਰ ਹੋਇਆ। ਸ਼ਿਕਾਰਪੁਰ ਦੇ ਸੌਦਾਗਰ ਜਵਾਲਾ ਸਿੰਘ ਨੂੰ ਉਸਦੀ ਮਹਿਮਾਨ ਨਿਵਾਜੀ ਲਈ ਮੁੱਕਰਰ ਕੀਤਾ ਗਿਆ। ਗੁਲਾਬ ਖ਼ਾਂ 20 ਜੂਨ 1880 ਦੇ ਪੱਤਰ ਦੇ ਹਵਾਲੇ ਰਾਹੀਂ ਦੱਸਿਆ ਕਿ 1 ਅਕਤੂਬਰ 1879 ਨੂੰ ਗੁਰਚਰਨ ਸਿੰਘ ਦਾ ਵਿਸ਼ੇਸ ਤੌਰ ਤੇ (ਦੂਤ ਸਮਝ ਕੇ) ਰੂਸੀ ਸਰਕਾਰ ਵੱਲੋਂ ਸਤਿਕਾਰ ਕੀਤਾ ਗਿਆ ਅਤੇ ਉਸ ਨੂੰ ਉਪਰੋਕਤ ਪੱਤਰ ਦਾ ਉਤਰ ਦੇ ਕੇ ਵਾਪਸ ਪੰਜਾਬ ਜਾਣ ਲਈ ਕਿਹਾ ਗਿਆ। ਇਸ ਅਵਸਰ ਉੱਤੇ ਉਸ ਨੂੰ ਕੁਝ ਨਕਦ ਰਕਮਾਂ ਅਤੇ ਰੇਸ਼ਮੀ ਚੋਗੇ, ਖਿਲਤਾਂ ਵੀ ਸੌਗਾਤ ਵਜੋਂ ਦਿੱਤੇ ਗਏ"। ਇਹ ਸਾਰੀ ਜਾਣਕਾਰੀ ਗੁਲਾਬ ਖ਼ਾਂ ਰਾਹੀ ਬ੍ਰਿਟਿਸ਼ ਅਧਿਕਾਰੀਆਂ ਕੋਲ ਪਹੁੰਚਦੀ ਹੈ। ਉਹ ਰੂਸ ਨਾਲ ਹੋ ਰਹੀ ਗੱਲਬਾਤ ਨੂੰ ਜਾਨਣ ਲਈ ਗੁਲਾਬ ਖਾਂ ਨੂੰ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਕੋਲ ਭੇਜਦੇ ਹਨ। ਪਰ ਉਹ ਭੇਤ ਲੈਣ ਵਿੱਚ ਕਾਮਯਾਬ ਨਹੀਂ ਹੁੰਦਾ। ਜਦੋਂ ਸੂਬਾ ਗੁਰਚਰਨ ਸਿੰਘ ਨੂੰ ਬਰਤਾਨਵੀ ਸਰਕਾਰ ਲਾਹੌਰ ਕਾਲ ਕੋਠੜੀ ਵਿੱਚ ਬੰਦ ਕਰਦੀ ਹੈ, ਤਾਂ ਗੁਲਾਬ ਖਾਂ ਇੱਕ ਰਾਤ ਉਸ ਕੋਠੜੀ ਵਿਚ ਕੈਦੀ ਬਣ ਕੇ ਭੇਤ ਲੈਣ ਆਉਂਦਾ ਹੈ।

ਅੰਗਰੇਜ਼ ਸਰਕਾਰ ਜਾਣਦੀ ਸੀ ਕਿ ਰੰਗੂਨ ਤੋਂ ਰੂਸ ਤੱਕ ਜੋ ਸੰਪਰਕ ਬਣੇ ਹਨ। ਉਹਨਾਂ ਦਾ ਕੇਂਦਰੀ ਧੁਰਾ ਸ੍ਰੀ ਭੈਣੀ ਸਾਹਿਬ ਬੈਠਾ ਗੁਰੂ ਹਰੀ ਸਿੰਘ ਹੈ। ਇਕ ਹੋਰ ਰਿਪੋਰਟ ਜਿਸ ਦਾ ਜਿਕਰ ਸ. ਜਸਵਿੰਦਰ ਸਿੰਘ ਕਰਦੇ ਹਨ। ਜਿਸ ਵਿੱਚ ਰੂਸ ਦੀ ਮਦਦ ਲਈ ਕੂਕਿਆਂ ਦੀ ਤਿਆਰੀ ਦਾ ਪਤਾ ਲੱਗਦਾ ਹੈ- 27 ਜੂਨ 1885 ਦੀ ਲੁਧਿਆਣੇ ਦੇ ਪੁਲਿਸ ਕਪਤਾਨ ਨੇ ਰਿਪੋਰਟ ਦਿਤੀ ਕੇ ਕਮਾਲਪੁਰ ਦਾ ਕਾਹਨ ਸਿੰਘ ਕਹਿੰਦਾ ਹੈ ਕਿ ਬਿਸ਼ਨ ਸਿੰਘ ਕੋਲ 300-400 ਦੇ ਕਰੀਬ ਸੈਨਿਕ ਹਨ। ਉਹਨਾਂ ਵਿੱਚ ਕੁਝ ਮਲੇਰਕੋਟਲੇ ਸਾਕੇ ਦੇ ਭਗੌੜੇ ਬੰਦੇ ਹਨ। ਹੋਰ ਇਲਾਕਿਆ ਵਿਚੋਂ ਕੂਕੇ ਆ ਉਸ ਨਾਲ ਜੰਗੀ ਤਿਆਰੀ ਕਰ ਰਹੇ ਹਨ।[8]

Namdhari Elibrary NamdhariElibrary@gmail.com

1887 ਈ. ਦੇ ਆਰੰਭ ਵਿੱਚ ਮਹਾਰਾਜਾ ਦਲੀਪ ਸਿੰਘ ਬ੍ਰਿਟਿਸ਼ ਸਰਕਾਰ ਤੋਂ ਬਾਗ਼ੀ ਹੋ ਮਾਸਕੋ ਪਹੁੰਚ ਜਾਂਦਾ ਹੈ। ਮਹਾਰਾਜੇ ਦੇ ਰੂਸ ਪਹੁੰਚਣ ਤੋਂ ਪਹਿਲਾਂ ਹੀ ਉਸ ਦੀ ਖ਼ਬਰ ਸੂਬਾ ਗੁਰਚਰਨ ਸਿੰਘ ਰਾਹੀਂ ਕੂਕਿਆਂ ਦੇ ਘਰ-ਘਰ ਪਹੁੰਚ ਜਾਂਦੀ ਹੈ। ਦੂਸਰੇ ਪਾਸੇ ਬਨਾਰਸੀ ਦਾਸ ਕੂਕਾ ਜਿਸ ਨੂੰ ਦਲੀਪ ਸਿੰਘ ਨੇ ਗੁਰੂ ਧਾਰ ਲਿਆ ਸੀ। "ਉਸ ਨੇ ਹਿੰਦੋਸਤਾਨ ਆ ਕੇ ਮਹਾਰਾਜਾ ਦਲੀਪ ਸਿੰਘ ਦਾ ਬਹੁਤ ਪ੍ਰਚਾਰ ਕੀਤਾ। ਉਤਰੀ ਭਾਰਤ ਵਿੱਚ ਉਹ ਬੜਾ ਰਸੂਖ ਵਾਲਾ ਬੰਦਾ ਸੀ। ਸਰਕਾਰੀ ਰਿਪੋਰਟ ਅਨੁਸਾਰ ਉਸਦਾ ਇਹ ਪ੍ਰਚਾਰ ਬਾਗ਼ੀਆਨਾ ਸੀ। ਜਿਸ ਕਰਕੇ ਉਸ ਨੂੰ ਸਜ਼ਾ ਵੀ ਭੁਗਤਨੀ ਪਈ।"[9]

ਮਹਾਰਾਜਾ ਦਲੀਪ ਸਿੰਘ ਦੇ ਵਤਨ ਵਾਪਸੀ ਦੇ ਮਨੋਰਥ ਨੂੰ ਜਾਣ ਕੇ ਸਤਿਗੁਰੂ ਹਰੀ ਸਿੰਘ ਜੀ ਉਸ ਨੂੰ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਬਚਨ ਦਿੰਦੇ ਹਨ। ਇਸ ਸਮੇਂ ਕੂਕਿਆਂ ਵਿਚ ਬਹੁਤ ਉਤਸ਼ਾਹ ਸੀ। ਇਸ ਸਮੇਂ ਦੀ ਇਕ ਰਿਪੋਰਟ ਜਰਨਲ ਮੈਕਲਿਨ ਬ੍ਰਿਟਿਸ਼ ਸਰਕਾਰ ਨੂੰ ਦਿੰਦਾ ਹੈ-

"23 ਜੁਲਾਈ 1887 ਨੂੰ ਕੂਕੇ ਹੁਸ਼ਿਆਰ ਪੁਰ ਜ਼ਿਲ੍ਹੇ ਦੇ ਚੁਰਾ ਪਿੰਡ ਵਿਚ ਮੇਲਾ ਕਰਦੇ ਹਨ। ਹੋਰ ਕਾਰਜਾਂ ਬਾਰੇ ਚਰਚਾ ਕਰਦੇ ਇਸ ਗੱਲ ਦਾ ਜ਼ਿਕਰ ਵੀ ਕਰਦੇ ਹਨ ਕਿ ਸੂਬਾ ਬਿਸ਼ਨ ਸਿੰਘ ਰੂਸ ਵਿਚ ਦਲੀਪ ਸਿੰਘ ਨੂੰ ਮਿਲਿਆ ਹੈ। ਮਹਾਰਾਜਾ ਪੰਜਾਬ ਤੇ ਹਮਲੇ ਲਈ ਤਿਆਰੀ ਕਰ ਰਿਹਾ ਹੈ। ਇਹ ਸੁਣ ਕੂਕੇ ਪੂਰੇ ਉਤਸ਼ਾਹ ਵਿਚ ਆ ਜਾਂਦੇ ਹਨ ਅਤੇ ਕੁਝ ਕੂਕੇ ਚਿੱਠੀਆਂ ਤੇ ਤੋਹਫ਼ੇ ਮਹਾਰਾਜੇ ਲਈ ਭੇਜਦੇ ਹਨ।[10]

ਆਪਣੇ ਵਤਨ ਵਾਪਸ ਆਉਣ ਦੀ ਇੱਛਾ ਮਹਾਰਾਜ ਦਲੀਪ ਸਿੰਘ ਦਿਲ ਵਿੱਚ ਲੈ ਵਾਪਸ ਪਰਤ ਗਿਆ, ਕਿਉਂਕਿ ਅੰਗਰੇਜ਼ ਭਗਤ ਸਿੱਖ ਸਰਦਾਰਾਂ ਨੇ 30 ਅਕਤੂਬਰ 1889 ਨੂੰ ਇੱਕ ਪੱਤਰ ਵਿੱਚ ਲਿਖਿਆ ਸੀ। "ਤੂੰ ਅੰਗਰੇਜ਼ੀ ਸਰਕਾਰ ਦਾ ਬਾਗ਼ੀ ਹੋਇਆ ਹੈ। ਇਸ ਲਈ ਤੂੰ ਸਾਡੇ ਤੋਂ ਸਹਾਇਤਾ ਦੀ ਕੋਈ ਆਸ ਨਾ ਰੱਖੀਂ।"[11]

ਮਹਾਰਾਜਾ ਦਲੀਪ ਸਿੰਘ ਦੇ ਪੈਰਿਸ ਵਾਪਸ ਮੁੜਨ ਦੀ ਕੂਕਿਆਂ ਨੂੰ ਬੜੀ ਨਿਰਾਸ਼ਾ ਹੋਈ ਪਰ ਸਤਿਗੁਰੂ ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਆਜ਼ਾਦੀ ਦੀ ਲਹਿਰ ਨੂੰ ਮੱਧਮ ਨਹੀਂ ਪੈਣ ਦਿੱਤਾ, ਭਾਵੇਂ ਇਹ ਸਮਾਂ ਨਾਮਧਾਰੀਆਂ ਲਈ ਬੜਾ ਕਰੜਾ ਸੀ। ਸਤਿਗੁਰੂ ਹਰੀ ਸਿੰਘ ਜੀ ਨੇ ਜਿੱਥੇ ਪੰਥ ਦੀ ਸੰਭਾਲ ਕੀਤੀ ਉਥੇ ਆਜ਼ਾਦ ਜੀਵਨ ਦੀ ਮੰਗ ਨੂੰ ਸਿੱਖਾਂ ਅੰਦਰੋਂ ਖ਼ਤਮ ਨਹੀਂ ਹੋਣ ਦਿੱਤਾ। 1947 ਤੱਕ ਚੱਲੇ ਇਸ ਦੇਸ਼ ਆਜ਼ਾਦੀ ਦੇ ਸੰਘਰਸ਼ ਵਿਚ ਕੋਈ ਕੂਕਾ ਅੰਗਰੇਜ਼ ਦਾ ਵਫ਼ਾਦਾਰ ਨਹੀਂ ਹੋਇਆ ਜਿਸ ਦਾ ਕਾਰਨ ਗੁਰੂ ਹਰੀ ਸਿੰਘ ਦਾ ਜੀਵਨ ਸੰਦੇਸ਼ ਸੀ। ਮੁਰੱਬਿਆਂ ਦੀ ਪੇਸਕਸ਼ ਕਰਦੇ ਅੰਗਰੇਜ਼ ਅਧਿਕਾਰੀ ਨੂੰ ਆਪ ਨੇ ਸਪੱਸ਼ਟ ਕਹਿ ਦਿੱਤਾ "ਇਹ ਸਾਰਾ ਦੇਸ਼ ਸਾਡਾ ਹੈ ਕੁਝ ਮੁਰੱਬੇ ਲੈ ਕੇ ਬਾਕੀ ਦੇਸ਼ ਅਸੀਂ ਤੇਰਾ ਨਹੀਂ ਮੰਨ ਲਈਏ ਜਦੋਂ ਲਵਾਂਗੇ ਸਾਰਾ ਦੇਸ਼ ਲਵਾਂਗੇ" ਇਸ ਤਰ੍ਹਾਂ ਦੇ ਜੀਵਨ ਸੰਦੇਸ਼ ਨੇ ਕੂਕਿਆਂ ਨੂੰ ਹਮੇਸ਼ਾ ਕ੍ਰਾਂਤੀਕਾਰੀ ਸੋਚ ਦਿੱਤੀ।

ਹਵਾਲੇ ਤੇ ਟਿੱਪਣੀਆਂ

1. ਕਿਰਪਾਲ ਸਿੰਘ 'ਕਸੇਲ' ਤਵਾਰੀਖ ਸੰਥ ਖਾਲਸਾ ਗੁਰ-ਇਤਿਹਾਸ-1 ਪੰਨਾ-840
2. ਸੰਤ ਸੰਤੋਖ ਸਿੰਘ, ਸਤਿਗੁਰੂ ਬਿਲਾਸ ਭਾਗ-2, ਪੰਨਾ-83
3. ਓਹੀ ਪੰਨਾ- 232
4. ਓਹੀ ਪੰਨਾ-159
5. ਸਤਿਜੁਗ, ਸਤਿਗੁਰੂ ਹਰੀ ਸਿੰਘ ਅੰਕ 2022, ਪੰਨਾ-19
6. Dr. Fauja Singh Bajwa, Kuka Movement Page-132
7. ਓਹੀ ਪੰਨਾ- 135
8. Jaswinder Singh, Kuka Movement Freedem Struggle in Punjab Page 192
9. Dr. Fauja Singh Bajwa, Kuka Movement Page- 207
10. ਓਹੀ ਪੰਨਾ - 161
11. ਸੰਤ ਨਿਧਾਨ ਸਿੰਘ 'ਆਲਮ' ਜੁਗ ਪਲਟਾਉ ਸਤਿਗੁਰੂ ਪੰਨਾ-18

- - - - - - - - - - - - - - - - -

Namdhari Elibrary NamdhariElibrary@gmail.com

ਸਤਿਗੁਰੂ ਹਰੀ ਸਿੰਘ ਜੀ ਦੇ ਬਖ਼ਸ਼ਿਸ਼ ਪਾਤਰ ਦੋ ਸੇਵਕ

ਜਸਵੰਤ ਸਿੰਘ 'ਮਸਤ'

ਸਤਿਗੁਰੂ ਹਰੀ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਬੇਮਿਸਾਲ ਕੰਮ ਕਰਨ ਵਾਲੇ ਬੇਸ਼ੱਕ ਅਨੇਕਾਂ ਸਿੱਖ ਹਨ। ਪਰ ਇਸ ਲੇਖ ਵਿਚ ਹਰ ਸਿੱਖ ਦਾ ਜ਼ਿਕਰ ਤਾਂ ਨਹੀਂ ਕੀਤਾ ਜਾ ਸਕਦਾ ਸੀ। ਸਾਰਿਆਂ ਦਾ ਜ਼ਿਕਰ ਕਰਨ ਲਈ ਤਾਂ ਇਕ ਵੱਖਰੀ ਪੁਸਤਕ ਦੀ ਲੋੜ ਹੈ। ਫਿਰ ਵੀ ਬਹੁਤ ਸਾਰੇ ਸਾਡੀ ਪਹੁੰਚ ਤੋਂ ਬਾਹਰ ਰਹਿ ਜਾਣਗੇ। ਅੰਕ ਦੇ ਆਕਾਰ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਮੈਂ ਗੁਰੂ ਹਰੀ ਸਿੰਘ ਜੀ ਦੇ ਬਖਸ਼ਿਸ਼ ਪਾਤਰ ਸਿੱਖਾਂ ਦੇ ਵਿਚੋਂ ਸਿਰਫ ਦੋ ਸਿੱਖਾਂ ਨੂੰ ਚੁਣਿਆ ਹੈ। ਜਿਨ੍ਹਾਂ ਦੇ ਵਿਚ ਇਕ ਮਾਈ ਗੁਰਦੇਈ ਅਤੇ ਦੂਸਰੇ ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਹਨ। ਹੁਣ ਅਸੀਂ ਸੰਖੇਪ ਰੂਪ ਵਿਚ ਦੋਹਾਂ ਦੇ ਜੀਵਨ ਬਾਰੇ ਚਰਚਾ ਕਰਾਂਗੇ।

ਮਾਈ ਗੁਰਦੇਈ

ਮਾਈ ਗੁਰਦੇਈ ਬੇਸ਼ੱਕ ਨਾਮਧਾਰੀ ਮਿਸ਼ਨ ਨਾਲ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਹੀ ਜੁੜ ਗਈ ਸੀ, ਪਰ ਇਕ ਪ੍ਰਬੰਧਕ ਦੇ ਰੂਪ ਵਿਚ ਗੁਰੂ ਹਰੀ ਸਿੰਘ ਜੀ ਦੇ ਸਮੇਂ ਸਾਹਮਣੇ ਆਉਂਦੀ ਹੈ। ਆਪਦਾ ਪੇਕਾ ਸ਼ਹਿਰ ਅੰਬਾਲਾ ਸੀ ਅਤੇ ਆਪ ਆਹਲੂਵਾਲੀਆਂ ਦੇ ਖਾਨਦਾਨ ਵਿਚੋਂ ਸਨ। "ਮਾਈ ਗੁਰਦੇਈ ਦਾ ਜਨਮ 1840 ਈ, ਅਤੇ ਮੌਤ 1910 ਈ. ਤੋਂ ਪਹਿਲਾਂ ਮਾਲੂਮ ਹੁੰਦੀ ਹੈ। ਬਿਸ਼ਨ ਸਿੰਘ ਉਹਨਾਂ ਦੀ ਉਮਰ 63 ਸਾਲ ਲਿਖਦੇ ਹਨ, ਇਹ ਵੱਧ ਘੱਟ ਵੀ ਹੋ ਸਕਦੀ ਹੈ। 1906 ਈ. ਤੱਕ ਉਹਨਾਂ ਦੇ ਜੀਵਤ ਹੋਣ ਦਾ ਸਬੂਤ ਇਤਿਹਾਸ ਵਿਚ ਮਿਲਦਾ ਹੈ। ਸਤਿਗੁਰੂ ਪਰਤਾਪ ਸਿੰਘ ਕਾਲ ਦੇ ਮੁੱਢਲੇ ਸਾਲਾਂ ਵਿਚ ਹੀ ਉਹਨਾਂ ਦਾ ਅੰਤ ਸਮਾਂ ਨਿਸ਼ਚਿਤ ਹੁੰਦਾ ਹੈ।"[1]

ਉਸ ਸਮੇਂ ਦੇ ਰਿਵਾਜ਼ ਅਨੁਸਾਰ ਮਾਈ ਗੁਰਦੇਈ ਦਾ ਵਿਆਹ ਛੋਟੀ ਉਮਰ ਵਿਚ ਹੀ ਖੰਨਾ (ਲੁਧਿਆਣਾ) ਦੇ ਰਾਜਾ ਸਹਿਪੂਰ ਸਿੰਘ ਨਾਲ ਹੋ ਗਿਆ। ਇਹ ਰਾਜਾ ਸਹਿਪੂਰ ਸਿੰਘ ਖੰਨੇ ਦੇ ਨੇੜੇ ਸੱਤਰ ਕੁ ਪਿੰਡਾਂ ਦੀ ਇਕ ਛੋਟੀ ਜਿਹੀ ਰਿਆਸਤ ਦਾ ਮਾਲਕ ਸੀ। 1845 ਈ: ਵਿਚ ਮੁਦਕੀ ਦੀ ਜੰਗ ਸਮੇਂ ਰਾਜਾ ਸਹਿਪੂਰ ਸਿੰਘ ਅੰਗਰੇਜ਼ਾਂ ਦੇ ਵਿਰੁੱਧ ਲਾਹੌਰ ਦਰਬਾਰ ਵਲੋਂ ਬੜੀ ਬਹਾਦਰੀ ਨਾਲ ਲੜਿਆ ਸੀ। ਇਸ ਲੜਾਈ ਵਿਚ ਇਸਦੇ ਦੋ ਭਤੀਜੇ ਅਤੇ ਕਈ ਸੈਨਿਕ ਵੀ ਸ਼ਹੀਦ ਹੋ ਗਏ। ਸ਼ਹੀਦ ਭਤੀਜਿਆਂ ਦੀਆਂ ਪਤਨੀਆਂ ਦੇ ਨਾਮ ਰਾਣੀ ਛਿੱਬੀ, ਰਾਣੀ ਕਰਤਾਰੀ, ਰਾਣੀ ਭਗਵਾਨੀ ਸਨ। ਰਾਣੀ ਗੁਰਦੇਈ ਸੰਨ 1860 ਈ: ਦੇ ਲਗਭਗ ਆਪਣੇ ਮੁਕਲਾਵੇ ਗਈ ਤਾਂ ਥੋੜੇ ਹੀ ਸਮੇਂ ਬਾਅਦ ਸਹਿਪੂਰ ਸਿੰਘ ਰਾਜੇ ਦੀ ਮੌਤ ਹੋ ਗਈ। ਰਾਜੇ ਦੇ ਦੇਹਾਂਤ ਤੋਂ ਬਾਅਦ ਛੇ ਕੁ ਮਹੀਨੇ ਦੇ ਵਕਫੇ ਤੇ ਰਾਣੀ ਗੁਰਦੇਈ ਦੇ ਘਰ ਇਕ ਬਾਲਕ ਜਨਮਿਆ। ਜਿਸ ਦਾ ਨਾਮ ਰਤਨ ਸਿੰਘ ਰੱਖਿਆ ਗਿਆ। ਲਾਟ ਹਿੰਦ ਨੇ ਰਾਜਾ ਸਹਿਪੂਰ ਸਿੰਘ ਦੀ ਰਿਆਸਤ ਜ਼ਬਤ ਕਰ ਲਈ ਅਤੇ ਕੁਝ ਗੁਜਾਰ ਭੱਤਾ ਗੁਰਦੇਈ ਤੇ ਉਸਦੇ ਬੱਚੇ ਨੂੰ ਲਾ ਦਿੱਤਾ। ਮਾਈ ਗੁਰਦੇਈ ਪਾਸ ਅੰਬਾਲੇ ਵਿਖੇ ਵੀ ਕੁਝ ਜ਼ਮੀਨ ਦੀ ਮਾਲਕੀ ਸੀ। ਪਰ ਅੰਗਰੇਜ਼ ਨੇ ਉਸ ਉਪਰ ਕਬਜ਼ਾ ਕਰਕੇ ਛਾਉਣੀ ਪਾ ਲਈ ਅਤੇ ਇਹ ਜਾਇਦਾਦ ਵੀ ਮਾਈ ਤੋਂ ਖੋਹ ਲਈ। ਅਜਿਹੇ ਸਮੇਂ ਵਿਚ ਮਾਈ ਨਾਭਾ ਰਿਆਸਤ ਤੋਂ ਵੀ ਆਰਥਿਕ ਮਦਦ ਲੈਂਦੀ ਰਹੀ।

ਇਸ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੀ ਸੋਅ ਸਾਰੇ ਪੰਜਾਬ ਵਿਚ ਫੈਲ ਚੁੱਕੀ ਸੀ। ਸਤਿਗੁਰੂ ਜੀ ਜਿਥੇ ਬਾਕੀ ਪੰਜਾਬ ਵਿਚ ਦੌਰੇ ਕਰ ਰਹੇ ਸਨ ਉਥੇ ਖੰਨੇ ਵੀ ਉਹਨਾਂ ਕਈ ਵਾਰ ਦਰਸ਼ਨ ਦਿੱਤੇ। ਅਜਿਹੇ ਹੀ ਖੰਨੇ ਦੇ ਕਿਸੇ ਦੌਰੇ ਸਮੇਂ ਮਾਈ ਗੁਰਦੇਈ ਵੀ ਗੁਰੂ ਜੀ ਦੇ ਦਰਸ਼ਨ ਕਰਨ ਆਈ ਤੇ ਪੈਨਸ਼ਨ ਕੱਟੇ ਜਾਣ ਦੇ ਖਤਰੇ ਜਾਂ ਅੰਗਰੇਜ਼ ਦੇ ਰੋਹਬ ਦੀ ਪਰਵਾਹ ਨਾ ਕਰਦਿਆਂ ਹੋਇਆਂ ਨਾਮਧਾਰੀ ਜਾਂ ਕੂਕਾ ਪੰਥ ਵਿਚ ਸ਼ਾਮਲ ਹੋ ਗਈ। ਮਾਈ ਗੁਰਦੇਈ ਆਪਣੇ ਬੱਚੇ ਅਤੇ ਪਤੀ ਦੇ ਸ਼ਹੀਦ ਭਤੀਜਿਆਂ ਦੀਆਂ ਪਤਨੀਆਂ ਨਾਲ ਦਿਨ ਕੱਟ ਰਹੀ ਸੀ। 1877 ਈ ਵਿਚ ਸੂਬਾ ਹੁਕਮੀ ਜੀ ਦੇ ਰਾਹੀਂ ਮਾਈ ਜਾਂ ਰਾਣੀ ਗੁਰਦੇਈ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿਚ ਆ ਟਿਕੀ। ਸੂਬਾ ਹੁਕਮੀ ਦੀ ਇਹ ਭੂਮਿਕਾ ਸੀ ਕਿ ਉਸਨੇ ਗੁਰੂ ਹਰੀ ਸਿੰਘ ਜੀ ਨੂੰ ਮਾਈ ਗੁਰਦੇਈ ਦੇ ਦੇਸ਼ਭਗਤ ਅਤੇ ਨਾਮਧਾਰੀ ਪਿਛੋਕੜ ਬਾਰੇ ਜਾਣਕਾਰੀ ਦਿੱਤੀ ਸੀ। ਇਹ ਅਜਿਹਾ ਸਮਾਂ ਸੀ ਜਦੋਂ ਨਾਮਧਾਰੀਆਂ ਤੇ ਅੰਗਰੇਜ਼ ਦੀਆਂ ਸਖ਼ਤੀਆਂ ਦਾ ਦੌਰ ਚੱਲ ਰਿਹਾ ਸੀ। ਅਜਿਹੇ ਸਮੇਂ ਵਿਚ

Namdhari Elibrary NamdhariElibrary@gmail.com

ਸਿੱਧੇ ਤੌਰ 'ਤੇ ਇੱਕ ਰਾਜੇ ਦੀ ਵਿਧਵਾ ਦਾ ਨਾਮਧਾਰੀਆਂ ਨਾਲ ਖੁੱਲ੍ਹਮ-ਖੁੱਲ੍ਹਾ ਵਿਚਰਨਾ ਜਾਂ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਆ ਟਿਕਣਾ ਇਕ ਬਹਾਦਰਾਨਾ ਕਦਮ ਸੀ।

ਮਾਈ ਗੁਰਦੇਈ ਜਦੋਂ ਰਾਜਾ ਸਾਹਿਪੁਰ ਸਿੰਘ ਦੇ ਸ਼ਹੀਦ ਭਤੀਜਿਆਂ ਦੀਆ ਪਤਨੀਆਂ ਰਾਣੀ ਛਿੱਬੀ ਤੇ ਰਾਣੀ ਕਰਤਾਰੀ ਆਦਿ ਨਾਲ ਸ੍ਰੀ ਭੈਣੀ ਸਾਹਿਬ ਆਉਂਦੀ ਹੈ ਤਾਂ ਸ਼ਾਹੀ ਠਾਠ-ਬਾਠ ਤਿਆਗ ਦਿੰਦੀ ਹੈ ਅਤੇ ਸਿਰ ਤੇ ਦਸਤਾਰ ਸਜਾ ਤੇ ਨੀਵਾਂ ਚੋਲਾ ਪਾ ਕੇ ਲੰਗਰ ਦੀ ਸੇਵਾ ਕਰਨ ਵਿਚ ਜੁੱਟ ਜਾਂਦੀ ਹੈ। ਮਾਈ ਗੁਰਦੇਈ ਦੀ ਸੇਵਾ ਭਾਵਨਾ, ਸਾਫ਼ ਨੀਅਤ ਅਤੇ ਨਾਮ ਬਾਣੀ ਨਾਲ ਪ੍ਰੇਮ ਨੂੰ ਦੇਖਦੇ ਹੋਏ ਗੁਰਦੁਆਰੇ ਵਿਚ ਆਉਣ ਤੋਂ ਕੁਝ ਸਮੇਂ ਬਾਅਦ 1890 ਜਾਂ 1891 ਨੂੰ ਗੁਰੂ ਹਰੀ ਸਿੰਘ ਜੀ ਨੇ ਖਜ਼ਾਨੇ ਜ਼ਿੰਮੇਵਾਰੀ ਦਿੱਤੀ। ਮਾਈ ਗੁਰਦੇਈ ਲਗਭਗ 10 ਸਾਲ ਗੁਰੂ ਘਰ ਦੀ ਕੁੰਜੀ ਬਰਦਾਰ ਰਹੀ। ਜਿਸ ਸਮੇਂ ਮਾਈ ਨੂੰ ਇਹ ਜਿੰਮੇਵਾਰੀ ਮਿਲੀ ਤਾਂ ਲੰਗਰ ਲਈ ਆਟਾ ਹੱਥ-ਚੱਕੀਆਂ ਨਾਲ ਹੀ ਪੀਸਿਆ ਜਾਂਦਾ ਸੀ। ਗੁਰਦੁਆਰੇ ਵਿਚ ਰਹਿਣ ਵਾਲੇ ਸਰੀਰਾਂ ਤੋਂ ਇਲਾਵਾ, ਜਿਹੜਾ ਕੋਈ ਰਾਹਗੀਰ ਆਉਂਦਾ ਉਸਨੂੰ ਵੀ ਪ੍ਰਸ਼ਾਦਾ ਛਕਾਉਣਾ ਹੁੰਦਾ ਅਤੇ ਜਿਹੜੀ ਸੰਗਤ ਟਿੱਬਿਆਂ ਵਿਚ ਗੁਰੂ ਕੇ ਦਰਸ਼ਨਾਂ ਨੂੰ ਬੈਠੀ ਹੁੰਦੀ ਸੀ ਉਹਨਾਂ ਨੂੰ ਵੀ ਰਾਤ-ਬਰਾਤੇ ਪੁਲਿਸ ਤੋਂ ਚੋਰੀ ਪ੍ਰਸ਼ਾਦਾ ਪਹੁੰਚਾਇਆ ਜਾਂਦਾ।ਇਸ ਲਈ ਚੱਕੀਆਂ ਦੀ ਗਿਣਤੀ ਥੋੜ੍ਹੀ ਹੋਣ ਕਰਕੇ ਮੁਸ਼ਕਿਲ ਆਉਂਦੀ। ਇਸ ਨੂੰ ਵੇਖਦਿਆਂ ਮਾਈ ਗੁਰਦੇਈ ਨੇ ਚੱਕੀਆਂ ਦੀ ਗਿਣਤੀ ਵਧਾ ਕੇ 12 ਕਰ ਲਈ। ਹੋਰ ਬੀਬੀਆਂ ਨਾਲ ਮਾਈ ਗੁਰਦੇਈ ਖੁਦ ਵੀ ਚੱਕੀ ਚਲਾਉਂਦੀ। ਰੋਜ਼ਾਨਾਂ ਹੀ ਸਵੇਰੇ ਇਸ਼ਨਾਨ ਤੋਂ ਬਾਅਦ ਭਜਨ-ਬਾਣੀ ਦੇ ਨਾਲ-ਨਾਲ ਚੱਕੀ ਚਲਾਉਣਾ ਮਾਈ ਦੇ ਨਿਤਨੇਮ ਵਿਚ ਸ਼ਾਮਿਲ ਸੀ। ਮਾਈ ਨੇ ਲਗਭਗ 18 ਸਾਲ ਚੱਕੀ ਦੀ ਸੇਵਾ ਕੀਤੀ।

ਇਸ ਤੋਂ ਬਾਅਦ 28 ਸਤੰਬਰ 1895 ਨੂੰ ਦੁਸਹਿਰੇ ਦੇ ਦਿਨ ਭਾਈ ਠਾਕੁਰ ਸਿੰਘ ਬਾਠਾਂ ਵਾਲਾ (ਸਿਆਲਕੋਟ) ਨੇ ਖਰਾਸ ਲਾ ਦਿੱਤਾ ਸੀ। ਉਹ ਵੱਖਰੀ ਗੱਲ ਹੈ ਕਿ ਅੰਗਰੇਜ਼ ਦੇ ਕੁਝ ਕਰਿੰਦਿਆਂ ਨੇ ਖਰਾਸ ਦਾ ਵੀ ਵਿਰੋਧ ਕੀਤਾ ਸੀ। ਮਾਈ ਗੁਰਦੇਈ ਚੰਗੀ ਘੋੜ ਸਵਾਰ ਵੀ ਸੀ। ਉਹ ਲੰਗਰ ਲਈ ਰਸਦ ਦਾ ਸਮਾਨ ਵੀ ਮਾਛੀਵਾੜੇ ਤੋਂ ਘੋੜੇ ਤੇ ਹੀ ਲੈ ਆਉਂਦੀ। ਕਈ ਵਾਰ ਲੋੜ ਪੈਣ ਤੇ ਮਾਈ ਨੇ ਦੋ-ਦੋ ਗੇੜੇ ਵੀ ਲਾਉਣੇ, ਕਿਉਂਕਿ ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਅਖੰਡ ਪਾਠ ਵੀ ਚੱਲ ਰਹੇ ਸਨ ਜਿਸ ਕਰਕੇ ਰਸਦ ਵੱਧ ਮਾਤਰਾ ਵਿਚ ਲੱਗਦੀ। ਮਾਈ ਗੁਰਦੇਈ ਨੇ ਬਚਪਨ ਤੋਂ ਹੀ ਕੀਰਤਨ ਦੀ ਸਿੱਖਿਆ ਲਈ ਹੋਈ ਸੀ। ਗੁਰੂ ਹਰੀ ਸਿੰਘ ਜੀ ਸਮੇਂ ਚੱਕੀਆਂ ਪੀਹਣ ਤੋਂ ਬਾਅਦ ਮਾਈ ਗੁਰਦੇਈ ਆਸਾ ਦੀ ਵਾਰ ਲਾਉਣ ਸਮੇਂ ਸਿਤਾਰ ਵਜਾ ਕੇ ਬਾਕੀ ਜਥੇ ਦਾ ਸਾਥ ਦੇਂਦੀ। "ਮਾਈ ਗੁਰਦੇਈ ਦੇ ਦੈਨਿਕ ਜੀਵਨ ਦਾ ਧਾਰਮਿਕ ਕਾਰਜ-ਕਰਮ ਬੜਾ ਵਿਸ਼ਾਲ ਸੀ। ਉਸਦਾ ਖਾਨ-ਪਾਨ ਸਾਦਾ ਅਤੇ ਸੀਮਿਤ ਸੀ। ਉਸਦੇ ਨਿਤਨੇਮ ਵਿਚ ਰੋਜ਼ਾਨਾ ਪੰਜ ਮਾਲਾ ਭਜਨ ਦੀਆਂ, ਪੰਜਾਹ ਪੰਨੇ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪਾਠ ਅਤੇ ਮੂੰਹ ਜ਼ੁਬਾਨੀ ਕੰਠ ਕੀਤੀ ਬਾਣੀ, ਪੋਥੀ ਪੰਜ ਗ੍ਰੰਥੀ ਦਾ ਪਾਠ ਸ਼ਾਮਿਲ ਸੀ।"[2]

ਮਾਈ ਗੁਰਦੇਈ ਗੁਰਦੁਆਰੇ ਦੇ ਖਜ਼ਾਨੇ ਦੀ ਕੁੰਜੀ ਬਰਦਾਰ ਬਣਨ ਤੋਂ ਬਾਅਦ ਵੀ ਪਹਿਲਾਂ ਵਾਂਗ ਹੀ ਸੇਵਾ ਵਿਚ ਲੱਗੀ ਰਹਿੰਦੀ। ਜਿਸ ਦੀ ਮਿਸਾਲ ਇਹ ਦਿੱਤੀ ਜਾ ਸਕਦੀ ਹੈ ਕਿ ਗੁਰਦੁਆਰੇ ਦੀਆਂ ਕੰਧਾਂ, ਛੱਤਾਂ ਆਦਿ ਨੂੰ ਲਿੱਪਣ ਪੋਚਣ ਸਮੇਂ ਆਪ ਅੱਗੇ ਹੋ ਕੇ ਸੇਵਾ ਕਰਦੀ। ਮਾਈ ਗੁਰੂ ਹਰੀ ਸਿੰਘ ਜੀ ਨੂੰ ਪ੍ਰਸ਼ਾਦਾ ਛਕਾਉਣ ਦੀ ਸੇਵਾ ਵੀ ਕਾਫ਼ੀ ਸਮਾਂ ਕਰਦੀ ਰਹੀ।

ਮਾਈ ਦਾ ਪੁੱਤਰ ਰਤਨ ਸਿੰਘ ਜਿੱਥੇ ਹੋਰ ਸੇਵਾ ਕਰਦਾ ਰਿਹਾ ਉੱਥੇ ਹੀ ਉਹ ਕਾਫੀ ਸਮਾਂ ਲਗਾਤਾਰ ਬਾਗ਼ ਵਾਲੀ ਕੋਠੀ ਵਿਚ ਸੁਚੱਜੇ ਮਾਲੀ ਦੀ ਸੇਵਾ ਵੀ ਨਿਭਾਉਂਦਾ ਰਿਹਾ। ਫਿਰ ਉਹ ਗੁਰੂ ਹਰੀ ਸਿੰਘ ਜੀ ਤੋਂ ਛੁੱਟੀ ਲੈ ਕੇ ਖੰਨੇ ਵਿਖੇ ਆਪਣੇ ਪੁਸ਼ਤੈਨੀ ਮਕਾਨ ਵਿਚ ਚਲਾ ਗਿਆ। ਇਥੇ ਉਸਨੇ ਆਪਣੀ ਘਰੋਗੀ ਜਾਇਦਾਦ ਵਿਚੋਂ 15 ਘੋੜੇ ਲੈ ਕੇ ਯੱਕੇ ਤਿਆਰ ਕਰ ਲਏ। ਇਹਨਾਂ ਦੇ ਕਿਰਾਏ ਨਾਲ ਰਤਨ ਸਿੰਘ ਆਪਣਾ ਨਿਰਬਾਹ ਕਰਦਾ ਉੱਥੇ ਹਰ ਮਹੀਨੇ 25 ਰੁ. ਦਸਵੰਧ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਵੀ ਭੇਜਦਾ। ਖੰਨੇ ਰਹਿੰਦੇ ਸਮੇਂ ਇਕ ਵਾਰ ਭਾਈ ਰਤਨ ਸਿੰਘ ਦਾ ਮਨ ਨੌਕਰੀ ਕਰਨ ਲਈ ਕੀਤਾ। ਜਦੋਂ ਇਸ ਗੱਲ ਦਾ ਮਾਈ ਗੁਰਦੇਈ ਨੂੰ ਪਤਾ ਲੱਗਾ ਤਾਂ ਮਾਈ ਨੇ ਗੁਰੂ ਹਰੀ ਸਿੰਘ ਜੀ ਨੂੰ ਦੱਸ ਦਿੱਤਾ।

ਨਤੀਜੇ ਵੱਜੋਂ ਗੁਰੂ ਹਰੀ ਸਿੰਘ ਨੇ ਦੁਰੋਗਾ ਸੁਹੇਲ ਸਿੰਘ ਨੂੰ ਭੇਜ ਕੇ ਰਤਨ ਸਿੰਘ ਨੂੰ ਨੌਕਰੀ ਤੋਂ ਵਾਪਸ ਬੁਲਾ ਲਿਆ ਤੇ ਨਾਮਧਾਰੀਆਂ ਦੇ ਅੰਗਰੇਜ਼ ਨਾਲ ਬਾਈਕਾਟ ਦੇ ਸਿਧਾਂਤ ਤੇ ਚੱਲਣ ਲਈ ਰਤਨ ਸਿੰਘ ਨੂੰ ਅੱਗੇ ਤੋਂ ਪੱਕਿਆਂ ਕੀਤਾ। ਰਤਨ ਸਿੰਘ ਅਚਾਨਕ ਬਿਮਾਰ ਹੋਣ ਕਰਕੇ 1900 ਤੋਂ ਲੈ ਕੇ 1903 ਈ: ਦੇ ਦੌਰਾਨ ਕਿਸੇ ਸਮੇਂ ਚੜ੍ਹਾਈ ਕਰ ਗਿਆ। ਉਸਦੇ ਭੋਗ 'ਤੇ ਅੰਗਰੇਜ਼ ਸਰਕਾਰ ਤੋਂ ਨੌਂ ਜਾਂ ਦਸ ਦਿਨਾਂ ਦੀ ਛੁੱਟੀ ਲੈ ਕੇ ਗੁਰੂ ਹਰੀ ਸਿੰਘ ਜੀ ਵੀ ਪਹੁੰਚੇ।

Namdhari Elibrary NamdhariElibrary@gmail.com

ਇਸ ਦੌਰਾਨ ਗੁਰੂ ਜੀ ਨੇ ਖੰਨੇ ਦੇ ਆਸ-ਪਾਸ ਦੇ ਕੂਕਿਆਂ ਦੇ ਪਿੰਡਾਂ ਵਿਚ ਵੀ ਦੌਰਾ ਕੀਤਾ। ਰਤਨ ਸਿੰਘ ਦੇ ਚੜ੍ਹਾਈ ਕਰ ਜਾਣ ਬਾਅਦ ਮਾਈ ਹੁਣ ਬੇਔਲਾਦ ਸੀ। ਰਤਨ ਸਿੰਘ ਦੇ ਭੋਗ ਸਮੇਂ ਮਾਈ ਨੇ ਆਪਣੇ ਪਰਿਵਾਰ ਦਾ ਬਹੁਤ ਸਾਰਾ ਧਨ ਪਦਾਰਥ, ਘਰੇਲੂ ਬਸਤਰ, ਬਰਤਨ ਆਦਿ ਤੋਂ ਬਿਨਾਂ ਦੋ ਘੋੜਿਆਂ ਦੁਆਰਾ ਚਲਾਈ ਜਾਣ ਵਾਲੀ ਬੱਘੀ ਘੋੜਿਆਂ ਸਮੇਤ ਗੁਰੂ ਜੀ ਨੂੰ ਮੱਥਾ ਟੇਕ ਦਿੱਤੀ। ਮਾਈ ਗੁਰਦੇਈ ਆਪਣੇ ਸਮੇਂ ਦੌਰਾਨ ਨਾਮਧਾਰੀ ਪੰਥ ਵਿਚ ਕਿਸੇ ਜਾਣ ਪਛਾਣ ਦੀ ਮੁਥਾਜ ਨਹੀਂ ਸੀ।

ਸਮੇਂ ਸਮੇਂ ਵਿਖਾਏ ਕੌਤਕਾਂ ਸਦਕਾ ਮਾਈ ਗੁਰਦੇਈ ਗੁਰੂ ਹਰੀ ਸਿੰਘ ਜੀ ਦੀ ਆਖਰੀ ਸਵਾਸਾਂ ਤੱਕ ਸ਼ਰਧਾਲੂ ਸਿੱਖ ਬਣੀ ਰਹੀ। "ਇਕ ਸਮੇਂ ਗੁਰਦੇਈ ਮਰਨ ਵਾਲੀ ਹੋਈ। ਗੁਰੂ ਮਹਾਰਾਜ ਬਚਨ ਕੀਤਾ, ਗੁਲਾਬ ਸਿੰਘ ਇਸਨੂੰ ਦੁਆਈ ਦੇ। ਕਹਿਣ ਲੱਗਾ ਜੀ ਮੈਂ ਇਸਨੂੰ ਕਿਹੜੀ ਦੁਆਈ ਦੇਵਾਂ, ਬੇਹੋਸ਼ ਮਰਨ ਵਾਲੀ ਹੋਈ ਪਈ ਹੈ। ਬਚਨ ਹੋਇਆ ਕੁਝ ਤਾਂ ਦੇ, ਇਕ ਦੁਆਈ ਮੂੰਹ ਮੇਂ ਪਾਈ। ਗੁਰੂ ਜੀ ਕੇ ਬਚਨ ਨਾਲ ਨਾੜਾਂ ਸਾਬਤ ਹੋਈਆਂ। ਗਰਮ ਹੋਇ ਆਈ। ਦਸਤਾਂ ਕੀ ਬਿਮਾਰੀ ਸੀ ਤੁਰੰਤ ਰਾਜੀ ਹੋਈ। ਕਹੇ ਕਿ ਮੈਨੂੰ ਗੁਰੂ ਮਹਾਰਾਜ ਜੀ ਮੋੜ ਕੇ ਲਿਆਏ ਹੈਂ। "ਮਿਰਤਕ ਕਉ ਜੀਵਾਲਨਹਾਰ। ਭੂਖੇ ਕਉ ਦੇਵਤ ਅਧਾਰ।"[3]

ਮਾਈ ਗੁਰਦੇਈ ਦੇ ਗੁਰੂ ਹਰੀ ਸਿੰਘ ਨਾਲ ਦੌਰੇ ਤੇ ਜਾਣ ਅਤੇ ਮਸਤਾਨੇ ਹੋਣ (ਅਰਥਾਤ ਕੂਕਾ ਕਾਰ ਵਿਚ ਰੰਗੀ ਹੋਣ) ਦਾ ਜ਼ਿਕਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿਚ ਵੀ ਮਿਲਦਾ ਹੈ। ਸੂਬਾ ਜਮੀਅਤ ਸਿੰਘ ਗਿੱਲ ਦੇ ਭੋਗ ਮੇਲੇ ਤੇ 11 ਸਤੰਬਰ 1897 ਈ. ਨੂੰ ਸਤਿਗੁਰੂ ਹਰੀ ਸਿੰਘ ਜੀ ਨਾਲ ਸੱਤ ਸਾਲ ਦੀ ਉਮਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਵੀ ਗਏ ਸਨ। ਇਸ ਦੌਰੇ ਦਾ ਆਪਣੇ ਉਪਦੇਸ਼ ਵਿਚ ਜ਼ਿਕਰ ਕਰਦਿਆਂ ਗੁਰੂ ਪ੍ਰਤਾਪ ਸਿੰਘ ਜੀ ਫੁਰਮਾਉਂਦੇ ਹਨ- "ਗੁਰਦੇਈ ਹੁਕਮੀ ਸਾਰੀਆਂ ਮਸਤਾਨੀਆਂ ਹੋਈਆਂ ਸੀ ਰਾਤ ਨੂੰ, ਦੀਵਾਨ ਲੱਗਾ ਉੱਥੇ।"[4]

ਇਸ ਤਰ੍ਹਾਂ ਮਾਈ ਗੁਰਦੇਈ ਆਪਣੇ ਅਖੀਰਲੇ ਸਮੇਂ ਤੱਕ ਗੁਰੂ ਘਰ ਵਿਚ ਸੇਵਾ ਕਰਦੀ ਰਹੀ। ਸ੍ਰੀ ਭੈਣੀ ਸਾਹਿਬ ਰਹਿੰਦਿਆਂ ਗੁਰੂ ਹਰੀ ਸਿੰਘ ਜੀ ਦੀ ਬਖ਼ਸ਼ਿਸ਼ ਨਾਲ ਸਾਰੀ ਉਮਰ ਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤੀ। 1910 ਈ. ਦੇ ਆਸਪਾਸ ਮਾਈ ਚੜ੍ਹਾਈ ਕਰ ਗਈ।

ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ'

ਸੰਤ ਜੀ ਬਾਰੇ ਇਸ ਅੰਕ ਦੇ ਵਿਸਥਾਰ ਨੂੰ ਧਿਆਨ ਵਿੱਚ ਰੱਖਦੇ ਹੋਇਆਂ ਸੰਖੇਪ ਵਿਚ ਹੀ ਲਿਖਾਂਗਾ। ਸੰਤ ਜੀ ਸਤਿਗੁਰੂ ਹਰੀ ਸਿੰਘ ਜੀ ਦੀਆਂ ਬਖ਼ਸ਼ਿਸ਼ਾਂ ਦੇ ਪਾਤਰ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਵਾਜੇ ਹੋਏ ਸਨ। ਸੰਤ ਮੰਗਲ ਸਿੰਘ ਵੀਹਵੀਂ ਸਦੀ ਦੇ ਪਹਿਲੇ ਅੱਧ ਵਿੱਚ ਹੋਏ ਪ੍ਰਮੁੱਖ ਨਾਮਧਾਰੀ ਪ੍ਰਚਾਰਕਾਂ ਅਤੇ ਨਾਮਧਾਰੀ ਆਜ਼ਾਦੀ ਘੁਲਾਟੀਆਂ ਦੀ ਸਫ਼ ਵਿੱਚ ਸ਼੍ਰੋਮਣੀ ਸਿੰਘਾਂ ਵਿੱਚ ਖਲੋਤੇ ਨਜ਼ਰ ਆਉਂਦੇ ਹਨ। ਆਪ ਨੇ ਪੂਰੀ ਅੱਧੀ ਸਦੀ ਪੰਜਾਬ ਵਿੱਚ ਦੇਸ਼ ਦੀ ਆਜ਼ਾਦੀ ਲਈ ਨਾਮਧਾਰੀ, ਕਾਂਗਰਸ ਅਤੇ ਹੋਰ ਜਨਤਕ ਅੰਦਲੋਨਾਂ ਵਿੱਚ ਸਰਗਰਮ ਭੂਮਿਕਾ ਨਿਭਾਈ। ਸੰਤ ਮੰਗਲ ਸਿੰਘ ਹੋਰਾਂ ਦਾ ਜਨਮ 1880 ਈ. ਨੂੰ ਨਾਨਕੇ ਪਿੰਡ ਡੋਗਰਾਂਵਾਲਾ ਜ਼ਿਲ੍ਹਾ ਗੁੱਜਰਾਂਵਾਲਾ ਵਿਖੇ ਹੋਇਆ।

ਸੰਤਾਂ ਦੀ ਮਾਤਾ ਦਾ ਨਾਮ ਦਿਆਲ ਕੌਰ ਅਤੇ ਪਿਤਾ ਨਰਾਇਣ ਸਿੰਘ ਜੋ ਕਿੱਤੇ ਵਜੋਂ ਫੌਜੀ ਸਨ। ਮਾਤਾ ਜੀ ਤਾਂ ਸੰਤਾਂ ਦੇ ਸੁਰਤ ਸੰਭਾਲਣ ਤੋਂ ਪਹਿਲਾਂ ਹੀ ਚੱਲ ਵਸੇ, ਪਿਤਾ ਜੀ ਵੀ ਸੰਤਾਂ ਨੂੰ 15 ਕੁ ਸਾਲ ਦੀ ਉਮਰ ਵਿਚ ਯਤੀਮ ਕਰ ਗਏ। ਮਾਂ ਤੋਂ ਬਾਅਦ ਨਾਨੇ ਨਾਨੀ ਨੇ ਮਾਪਿਆਂ ਵਾਂਗ ਪਿਆਰ ਨਾਲ ਪਾਲਿਆ। ਨਾਨਾ ਜੀ ਮਿਲਟਰੀ ਪੁਲੀਸ ਵਿੱਚ ਨੌਕਰ ਸਨ। 7 ਸਾਲ ਦੀ ਉਮਰ ਵਿਚ ਆਪ ਉਹਨਾਂ ਨਾਲ ਅੰਡੇਮਾਨ ਟਾਪੂ (ਕਾਲੇਪਾਣੀ) ਵਿੱਚ ਪੁੱਜ ਗਏ। 4 ਸਾਲ ਇੱਥੇ ਰਹੇ। ਇੱਥੇ ਇੱਕ ਅੰਗਰੇਜ਼ ਅਫਸਰ ਦੀ ਕੁੜੀ ਨਾਲ ਖੇਡਦਿਆਂ ਬਚਪਨ ਬਤੀਤ ਕੀਤਾ। ਅੰਗਰੇਜ਼ ਲੜਕੀ ਅਤੇ ਉਸਦੇ ਪਰਿਵਾਰ ਦੇ ਮੇਲ ਜੋਲ ਤੋਂ ਆਪ ਬਾਈਬਲ ਅਤੇ ਈਸਾਈ ਪਰਿਵਾਰ ਦੀ ਜੀਵਨ ਜਾਚ ਤੋਂ ਚੰਗੀ ਤਰ੍ਹਾਂ ਜਾਣੂ ਹੋ ਗਏ। ਇਸ ਜਾਣਕਾਰੀ ਨੇ ਭਵਿੱਖ ਵਿੱਚ ਆਪ ਨੂੰ ਕਾਫ਼ੀ ਕੰਮ ਦਿੱਤਾ। ਆਪ ਨੇ ਵੱਖ-ਵੱਖ ਥਾਵਾਂ ਤੋਂ ਸਿੱਖਿਆ ਹਾਸਿਲ ਕੀਤੀ। ਅੱਠਵੀਂ ਕਲਾਸ ਆਪ ਨੇ ਗੁਜਰਾਂਵਾਲਾ ਦੇ ਖਾਲਸਾ ਹਾਈ ਸਕੂਲ ਤੋਂ ਪਾਸ ਕੀਤੀ। ਗੁਜਰਾਂਵਾਲੇ ਤੋਂ ਹੀ ਆਪ ਨੇ ਪਟਵਾਰੀ ਦੀ ਪ੍ਰੀਖਿਆ ਪਾਸ ਕੀਤੀ। "ਪਟਵਾਰੀ ਵਜੋਂ ਆਪ ਦੀ ਪਹਿਲੀ ਨਿਯੁਕਤੀ ਜੰਡਿਆਲਾ ਸ਼ੇਰ ਖਾਂ ਪੰਜਾਬੀ ਸ਼ਾਹ ਕਵੀ ਵਾਰਿਸ ਸ਼ਾਹ ਦੇ ਪਿੰਡ ਵਿਖੇ ਹੋ ਗਈ।"[5]

ਸੰਤਾਂ ਦੇ ਨਾਮਧਾਰੀ ਬਣਨ ਦਾ ਪ੍ਰਸੰਗ ਕੁਝ ਇਸ ਤਰ੍ਹਾਂ ਹੈ। 1957 ਬਿਕਰਮੀ ਦਾ ਹੋਲਾ-ਮਹੱਲਾ ਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿਚ ਸੱਦੋਵਾਲ (ਲਾਇਲਪੁਰ) ਵਿਖੇ ਹੋਇਆ ਸੀ। ਇਸ ਹੋਲੇ ਪਟਵਾਰੀ ਮੰਗਲ ਸਿੰਘ ਨੂੰ ਵੀ

Namdhari Elibrary NamdhariElibrary@gmail.com

ਪਤਾ ਲੱਗ ਗਿਆ ਸੀ। ਉਸਨੂੰ ਆਪਣੇ ਹਲਕੇ ਦੇ ਪਿੰਡਾਂ ਵਿਚ ਗਿਰਦਵਾਰੀ ਕਰਦਿਆਂ ਇੱਕ ਚਿੱਟੇ ਪਹਿਰਾਵੇ ਵਾਲੀ ਘੋੜੀ ਤੇ ਸਵਾਰ ਇਕ ਹਸਤੀ ਦੇ ਦਰਸ਼ਨ ਹੋਏ। ਇਹ ਹਸਤੀ ਹੋਲੇ ਤੇ ਆਉਣ ਦਾ ਸੱਦਾ ਦੇ ਕੇ ਟਿੱਬਿਆਂ ਵਿੱਚ ਅਲੋਪ ਹੋ ਗਈ। ਪਟਵਾਰੀ ਸਿੰਘ ਸਭਾ ਦੇ ਪ੍ਰਭਾਵ ਕਾਰਨ ਕਿਸੇ ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ ਚਾਹੁੰਦਾ ਸੀ। ਪਰ ਇਸ ਦਿਨ ਤੋਂ ਬਾਅਦ ਪਟਵਾਰੀ ਦੇ ਅੰਦਰ ਕੂਕਿਆਂ ਬਾਰੇ ਦਿਲਚਸਪੀ ਵਧਣ ਲੱਗੀ ਤੇ ਅਖੀਰ ਉਹ ਦਿਨ ਵੀ ਆ ਗਿਆ ਜਿਸਨੇ ਮੰਗਲ ਸਿੰਘ ਨੂੰ ਪਟਵਾਰੀ ਤੋਂ ਸੰਤ ਬਣਾ ਦਿੱਤਾ। ਸੱਦੋਵਾਲ ਹੋਲੇ ਦੀ ਸਮਾਪਤੀ ਤੋਂ ਬਾਅਦ ਗੁਰੂ ਹਰੀ ਸਿੰਘ ਨੇ ਸੇਖੂਪੁਰਾ ਇਲਾਕੇ ਦਾ ਦੌਰਾ ਆਰੰਭ ਦਿੱਤਾ। ਗੁਰੂ ਜੀ ਮਦਾਰ ਪਿੰਡ ਪੁੱਜੇ ਤਾਂ ਪਟਵਾਰੀ ਮੰਗਲ ਸਿੰਘ ਵੀ ਦਰਸ਼ਨ ਕਰਨ ਆਇਆ, ਪਰ ਮਨ ਦੇ ਨਾ ਮੰਨਣ ਕਾਰਨ ਘੋੜੀ ਤੋਂ ਹੇਠਾਂ ਨਾ ਉਤਰਿਆ ਅਤੇ ਦੂਰੋਂ ਹੀ ਦਰਸ਼ਨ ਕਰਕੇ ਵਾਪਸ ਚਲਾ ਗਿਆ। ਨਾਲ ਹੀ ਕਿਸੇ ਸਿੱਖ ਤੋਂ ਗੁਰੂ ਜੀ ਦੇ ਵਰਨ ਪਿੰਡ ਬਾਰੇ ਜਾਣ ਦਾ ਵੀ ਪਤਾ ਲੱਗ ਗਿਆ। ਇੱਕ ਵਾਰ ਤਾਂ ਘੋੜੀ ਵਾਪਸ ਜੰਡਿਆਲਾ ਸ਼ੇਰ ਖਾਂ ਨੂੰ ਮੋੜੀ ਪਰ ਰਸਤੇ ਵਿਚੋਂ ਫਿਰ ਘੋੜੀ ਵਰਨ ਪਿੰਡ ਨੂੰ ਮੋੜ ਲਈ। ਰਸਤੇ ਵਿੱਚ ਕੁਦਰਤੀ ਸੰਤ ਨਰਾਇਨ ਸਿੰਘ ਸੰਤਪੁਰਾ, ਘੋੜੀਆਂ ਵਾਲੇ ਮਿਲ ਗਏ। ਸੰਤਾਂ ਨੇ ਐਸੀ ਕ੍ਰਿਪਾ ਦ੍ਰਿਸ਼ਟੀ ਕੀਤੀ ਕਿ ਸੰਤਾਂ ਤੋਂ ਮੰਗਲ ਸਿੰਘ ਨੇ ਭਜਨ ਲੈ ਲਿਆ। ਅਸਲ ਵਿੱਚ ਬਖਸ਼ਿਸ਼ ਤਾਂ ਗੁਰੂ ਹਰੀ ਸਿੰਘ ਦੇ ਦਰਸ਼ਨਾਂ ਨਾਲ ਹੀ ਹੋ ਗਈ ਸੀ ਤਾਂ ਹੀ ਤਾਂ ਮੰਗਲ ਸਿੰਘ ਦੁਆਰਾ ਗੁਰੂ ਜੀ ਦੇ ਦਰਸ਼ਨਾਂ ਲਈ ਵਰਨ ਪਿੰਡ ਨੂੰ ਤੁਰ ਪਿਆ ਸੀ। ਇਤਨੇ ਸਮੇਂ ਨੂੰ ਪਿੱਛੋਂ ਗੁਰੂ ਹਰੀ ਸਿੰਘ ਵੀ ਜਥੇ ਸਮੇਤ ਪੁੱਜੇ ਗਏ। ਗੁਰੂ ਜੀ ਨੇ ਐਸੀ ਬਖਸ਼ਿਸ਼ ਕੀਤੀ ਕਿ ਮੰਗਲ ਸਿੰਘ ਹੁਣ ਪਟਵਾਰੀ ਤੋਂ ਸੰਤ ਬਣ ਗਿਆ। ਗੁਰੂ ਜੀ ਦੀ ਬਖ਼ਸ਼ਿਸ਼ ਦਾ ਹੀ ਨਤੀਜਾ ਸੀ ਕਿ ਹੁਣ ਮਾਸ ਸ਼ਰਾਬ ਖਾਣਾ ਪੀਣਾ ਛੱਡ ਦਿੱਤਾ। ਮਨ ਸਾਰਾ ਦਿਨ ਗੁਰੂ ਚਰਨਾਂ ਨਾਲ ਜੁੜਿਆ ਰਹਿਣਾ। ਗੁਰੂ ਜੀ ਦੇ ਅੰਗਰੇਜ਼ ਨਾਲ ਬਾਈਕਾਟ ਦੇ ਹੁਕਮ 'ਤੇ ਫੁੱਲ ਚੜ੍ਹਾਉਂਦਿਆਂ ਕੁਝ ਸਮੇਂ ਬਾਅਦ ਪਟਵਾਰੀ ਦੀ ਨੌਕਰੀ ਵੀ ਤਿਆਗ ਦਿੱਤੀ।

ਨਾਮਧਾਰੀ ਸੰਗਤ ਵਿੱਚ ਆਪ ਨੂੰ ਕਈ ਤਖੱਲਸ ਮਿਲੇ। "ਸੰਤ ਮੰਗਲ ਸਿੰਘ ਹੋਰਾਂ ਨੇ ਕੂਕਾ ਕਾਰ ਦੇ ਘੇਰੇ ਵਿਚ ਆਉਣ ਤੇ ਜਿਹੜੀ ਮਸਤੀ ਆਪਣੀ ਚੜ੍ਹਦੀ ਜਵਾਨੀ ਵੇਲੇ ਮਾਣੀ ਸੀ। ਬਿਰਧ ਅਵਸਥਾ ਤੱਕ ਵੀ ਆਪ ਉਸੇ ਰੰਗ ਵਿੱਚ ਵਿਚਰਦੇ ਰਹੇ। ਇਸ ਲਈ ਆਪ ਨੂੰ ਮੰਗਲ ਸਿੰਘ 'ਮਸਤਾਨਾ' ਸਭ ਤੋਂ ਪਹਿਲਾਂ ਗੁਰੂ ਹਰੀ ਸਿੰਘ ਜੀ ਨੇ ਹੀ ਕਿਹਾ ਸੀ। ਬਾਅਦ ਵਿੱਚ ਕੁਝ ਸਮਾਂ ਲਾਹੌਰ ਤੋਂ ਆਪਣੀ ਸੰਪਾਦਨਾ ਹੇਠ 1920 ਈ. ਵਿਚ ਸਤਿਜੁਗ ਸਪਤਾਹਿਕ ਕੱਢਣ ਬਾਅਦ ਆਪਨੇ ਕੂਕਾ ਰੋਜ਼ਾਨਾ ਅਤੇ ਫਿਰ ਅਖ਼ਬਾਰ ਮਸਤਾਨਾ ਵੀ ਲਾਹੌਰ ਤੋਂ ਕੱਢਿਆ। .... ਸੰਤਾਂ ਦੇ ਵਖਿਆਨ ਸਰੋਤਿਆਂ ਦੇ ਹਿਰਦੇ ਵਿੱਚ ਸਿੱਧੇ ਉਤਰਦੇ ਜਾਂਦੇ। ਇਸ ਅਮਲੀ ਜੀਵਨ ਵਾਲਾ ਨਾਮਧਾਰੀ ਸਾਧੂ, ਜਿਸ ਉੱਪਰ ਸੂਫ਼ੀ ਸਾਧਕਾਂ ਵਾਲੀ ਮਸਤੀ ਦੀ ਹਾਲਤ ਤਾਰੀ ਰਹਿੰਦੀ ਸੀ ਜਦੋਂ ਬੋਲਦਾ ਸਰੋਤਿਆਂ ਉੱਪਰ ਜਾਦੂ ਜਿਹਾ ਅਸਰ ਹੁੰਦਾ ਜਾਂਦਾ। ਉਹ ਸਮਝਦੇ ਸਨ ਕਿ ਜੋ ਗੱਲਾਂ ਇਹ ਸਿੱਧੇ ਸਾਦੇ ਲਿਬਾਸ ਵਾਲਾ ਮੋਢੇ ਤੇ ਖੇਸੀ ਲਮਕਾਈ ਕਰੀ ਜਾਂਦਾ ਹੈ ਇਹ ਗੱਲਾਂ ਤਾਂ ਮਾਨੋ ਇਹਨੂੰ ਅਸਮਾਨ ਤੋਂ ਸਿੱਧੀਆਂ ਉੱਤਰ ਰਹੀਆਂ ਹਨ। ਧਰਤੀ ਉੱਤੇ ਏਨੀ ਕਮਾਲ ਦੀ ਵਾਕਪਟੁਤਾ ਦੇ ਗੁਣ ਨਾਲ ਮਾਲਾ ਮਾਲ ਲੋਕ ਤਾਂ ਕਦੇ ਵੇਖਣ ਨੂੰ ਨਹੀਂ ਮਿਲੇ। ਇਸ ਲਈ ਲੋਕਾਂ ਨੇ ਆਪ ਨੂੰ ਸੰਤ ਮੰਗਲ ਸਿੰਘ ਜੀ 'ਅਰਸ਼ੀ ਫਰਿਸ਼ਤਾ' ਦੇ ਲਕਬ ਨਾਲ ਵੀ ਨਿਵਾਜਣਾ ਸ਼ੁਰੂ ਕਰ ਦਿੱਤਾ। ਆਪ ਦੇ ਕੁਝ ਕਾਰਨਾਮੇ ਇਤਨੇ ਹੈਰਾਨ ਕਰਨ ਵਾਲੇ ਹੁੰਦੇ ਸਨ ਕਿ ਆਮ ਦੁਨੀਆਂਦਾਰ ਵਿਅਕਤੀ ਤੋਂ ਉਸ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ ਸੀ। ਆਪ ਦੀ ਚੁਸਤੀ ਫੁਰਤੀ ਵੀ ਗੱਭਰੂਆਂ ਨੂੰ ਮਾਤ ਪਾਉਂਦੀ ਸੀ। ਤੇਜ਼ ਰਫਤਾਰ ਨਾਲ ਸਾਰੇ ਕਾਰਜ ਨਿਪਟਾਉਣ ਸਦਕਾ ਅਤੇ ਅਸੰਭਵ ਨੂੰ ਸੰਭਵ ਕਰ ਵਿਖਾਉਣ ਦੀ ਕਲਾ ਸਦਕਾ, ਆਪ ਦੇ ਸੰਗੀ ਸਾਥੀ ਲਾਡ ਨਾਲ ਆਪ ਨੂੰ, ਮੰਗਲ ਸਿੰਘ "ਭੂਤਨਾ" ਵੀ ਕਿਹਾ ਕਰਦੇ ਸਨ। ਨਾਮਧਾਰੀ ਸੰਗਤ ਵਿਚ ਸੰਤ ਮੰਗਲ ਸਿੰਘ ਜੀ "ਅਰਸ਼ੀ ਫਰਿਸ਼ਤਾ" ਜਾਂ ਸੰਤ ਮੰਗਲ ਸਿੰਘ "ਫਤੂਹੀ ਚੱਕੀਆ" ਦੇ ਨਾਮ ਨਾਲ ਜਿਆਦਾ ਜਾਣੇ ਜਾਂਦੇ ਸਨ। "ਫਤੂਹੀ ਚੱਕ" 1947 ਤੋਂ ਪਹਿਲੇ ਗੁਰਦਾਸ ਪੁਰ ਜਿਲ੍ਹੇ ਦੀ ਸ਼ਕੱਰਗੜ੍ਹ ਤਹਿਸੀਲ ਦੇ ਕਾਹਲੋਂ ਜੱਟਾਂ ਦੀ ਮਾਲਕੀ ਵਾਲਾ ਪਿੰਡ ਸੀ ਜੋ ਵੰਡ ਤੋਂ ਬਾਅਦ ਤਹਿਸੀਲ ਸ਼ਕਰਗੜ੍ਹ, ਪਾਕਿਸਤਾਨ ਵਿਚ ਚਲੀ ਜਾਣ ਕਾਰਨ, ਅੱਜ ਪਾਕਿਸਤਾਨ ਵਿਚ ਹੈ। ਸੰਤ ਜੀ ਤਾਂ ਸਾਰੀ ਉਮਰ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਦੇਸ਼ ਆਜ਼ਾਦੀ ਅਤੇ ਨਾਮਧਾਰੀ ਪੰਥ ਦੇ ਪ੍ਰਚਾਰ-ਪ੍ਰਸਾਰ ਨੂੰ ਸਮਰਪਿਤ ਰਹਿਣ ਕਾਰਨ, ਬਿਹੰਗਮ ਹੀ ਵਿਚਰਦੇ ਰਹੇ। ਆਪ ਦੀ ਪੈਤ੍ਰਿਕ ਭੂਮੀ ਅਤੇ ਭਤੀਜੇ ਦੇਸ਼ ਬਟਵਾਰੇ ਤੋਂ ਬਾਅਦ, ਗੁਰਦਾਸਪੁਰ ਜਿਲ੍ਹੇ ਦੇ ਪਿੰਡ ਬਹੀਲੇ ਵਿਚ ਆ ਗਏ।[6]

ਆਪ 1904 ਜਾਂ 1905 ਈ: ਵਿਚ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਪੁੱਜੇ। ਬਸ ਫਿਰ ਉਸਤੋਂ ਬਾਅਦ ਤਾਂ ਗੁਰੂ

Namdhari Elibrary NamdhariElibrary@gmail.com

ਰਾਮ ਸਿੰਘ ਜੀ ਦੇ ਮਿਸ਼ਨ ਨੂੰ ਪੂਰਨ ਤੌਰ ਤੇ ਸਮਰਪਿਤ ਹੋ ਗਏ। ਇਕ ਵਾਰ ਆਪ ਜਿਊਣ ਭਿੰਡਰ ਤੋਂ ਅੰਮ੍ਰਿਤਸਰ ਆਏ, ਸਵੇਰੇ ਉੱਠਕੇ ਸੰਤੋਖਸਰ ਨੂੰ ਚਾਲੇ ਪਾ ਦਿੱਤੇ। ਰਸਤੇ ਵਿਚ ਸੁੱਤੇ ਲੋਕਾਂ ਨੂੰ ਠੋਕਰ ਮਾਰ ਕੇ ਜਗਾਉਣ ਲੱਗੇ ਤੇ ਕਹਿੰਦੇ ਜਾ ਰਹੇ ਸੀ ਕਿ ਉੱਠੋ ਰਾਮ ਕੇ ਪਿਆਰਿਉ ਰਾਮ ਕਹੋ। ਯਾਤਰੂਆਂ ਨੇ ਸਮਝਿਆ ਪਾਗਲ ਹੈ, ਕਦੇ ਉਹਨਾਂ ਦਾ ਸਮਾਨ ਨਾ ਚੋਰੀ ਕਰ ਲਏ। ਚੋਰ-ਚੋਰ ਕਹਿ ਕੇ ਯਾਤਰੀਆਂ ਨੇ ਰੌਲਾ ਪਾ ਦਿੱਤਾ। ਪੁਲਿਸ ਫੜ ਕੇ ਥਾਣੇ ਲੈ ਗਈ ਤੇ ਕਿਸੇ ਦੁਕਾਨਦਾਰ ਤੋਂ ਝੂਠਾ ਕੇਸ ਕਰਾ ਦਿੱਤਾ। ਜ਼ੇਲ੍ਹ ਵਿਚ ਹੋਣ ਸਮੇਂ ਦਾ ਸੰਤਾਂ ਨਾਲ ਇਕ ਅਜਬ ਕਿੱਸਾ ਜੁੜਿਆ ਹੈ ਕਿ ਨਾਮ ਦੀ ਮਸਤੀ ਵਿਚ ਜਿਸਨੂੰ ਕਹਿਣ ਬਰੀ ਉਹ ਬਰੀ ਤੇ ਜਿਸਨੂੰ ਕਹਿਣ ਸਜ਼ਾ ਉਸਨੂੰ ਸਜ਼ਾ ਹੋ ਜਾਵੇ। ਜਦੋਂ ਪੁਲਿਸ ਨੇ ਸੰਤਾਂ ਨੂੰ ਕਚਿਹਰੀ ਵਿਚ ਪੇਸ਼ ਕੀਤਾ ਤਾਂ "ਨੱਚਣ ਲੱਗੇ, "ਚੁੱਕ ਲੈ ਫਰੰਗੀਆ ਡੇਰਾ! ਤੈਂ ਕਰ ਲਿਆ ਰਾਜ ਬਥੇਰਾ"..... "ਭੱਜੇ ਜਾਣ ਫਰੰਗੀ ਵੱਜੇ ਘੁੰਗਰੂ".... "ਦਿਨ ਤਾਂ ਰਹਿ ਗਏ ਥੋੜੇ, ਹੁਣ ਕੀ ਵੇਖਦੈਂ।" ਅਦਾਲਤੀ ਨੇ ਕਿਹਾ- "ਪਾਗਲ ਹੈ। ਹੱਥਕੜੀ ਲਾਹ ਦਿਓ।" ਸੰਤ ਸ਼ਬਦ ਪੜਦੇ ਹੋਏ ਬਾਹਰ ਆ ਗਏ।"[7]

ਇਕ ਵਾਰ ਸ੍ਰੀ ਭੈਣੀ ਸਾਹਿਬ ਦੇ ਨੇੜੇ ਪਿੰਡ ਉੱਪਲਾਂ ਦੀ ਸਿੰਘ ਸਭਾ ਵਿਚ ਧੰਨ ਸਤਿਗੁਰੂ ਰਾਮ ਸਿੰਘ-ਧੰਨ ਸਤਿਗੁਰੂ ਰਾਮ ਸਿੰਘ ਕਹਿਣ ਲੱਗੇ ਅਤੇ ਸਿੰਘ ਸਭੀਆਂ ਦੀ ਅੰਗ੍ਰੇਜ਼ ਭਗਤੀ ਨੂੰ ਵੀ ਵੰਗਾਰਿਆ। ਸੰਤਾਂ ਨੇ ਆਪਣੀਆਂ ਦਲੀਲਾਂ ਨਾਲ ਜਦ ਉਹਨਾਂ ਨੂੰ ਨਿਰਉੱਤਰ ਕਰ ਦਿੱਤਾ ਤਾਂ ਉਹ ਮਾਰ ਕੁਟਾਈ ਤੇ ਉਤਰ ਆਏ। ਸੰਤ ਜੀ ਦੇ ਸਾਥੀ ਉਹਨਾਂ ਨੂੰ ਛੁਡਾ ਕੇ ਲਿਆਏ। ਮਾਤਾ ਜੀਵਣ ਕੌਰ ਜੀ ਨੇ ਦੁੱਧ ਘਿਉ ਨਾਲ ਸੱਟਾਂ ਦੀ ਟਕੋਰ ਕੀਤੀ। ਗੁਰੂ ਹਰੀ ਸਿੰਘ ਜੀ ਨੇ ਖੁਸ਼ੀਆਂ ਬਖ਼ਸ਼ੀਆਂ। ਵਰ ਦਿੱਤਾ ਕਿ ਮਸਤਾਨਿਆਂ ਜੇ ਤੂੰ ਗਾਲ੍ਹਾਂ ਵੀ ਕੱਢੇਂਗਾ ਤਾਂ ਵੀ ਲੋਕ ਹੱਸ-ਹੱਸ ਕੇ ਸੁਣਿਆ ਕਰਨਗੇ। ਆਪ ਦੀ ਅੰਗਰੇਜ਼ ਭਗਤਾਂ ਨਾਲ ਇਹ ਪਹਿਲੀ ਝੜਪ ਸੀ।

17 ਮਈ 1906 ਈ: ਨੂੰ ਗੁਰੂ ਹਰੀ ਸਿੰਘ ਜੀ ਚੜ੍ਹਾਈ ਕਰ ਗਏ। ਜਿਸ ਗੁਰੂ ਦੇ ਉਪਦੇਸ਼ ਤੇ ਅੰਗਰੇਜ਼ ਦੀ ਨੌਕਰੀ ਛੱਡ ਦਿੱਤੀ ਹੋਵੇ, ਉਸ ਗੁਰੂ ਦਾ ਵਿਛੋੜਾ ਆਪ ਲਈ ਅਸਹਿ ਸੀ। ਪਰ ਆਪ ਨੇ ਉਸ ਵਿਛੋੜੇ ਵਿਚ ਰੋਂਦੇ ਰਹਿਣ ਦੀ ਬਜਾਇ ਗੁਰੂ ਹਰੀ ਸਿੰਘ ਦੇ ਮਿਸ਼ਨ ਲਈ ਦਿਨ ਰਾਤ ਇਕ ਕਰ ਦਿੱਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਵੀ ਆਪਦਾ ਬਹੁਤ ਪ੍ਰੇਮ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਆਪ ਨੂੰ ਕਈ ਵਾਰ "ਗੁਰੂ ਜੀ" ਵੀ ਕਹਿ ਕੇ ਸੰਬੋਧਨ ਹੋਇਆ ਕਰਦੇ ਸਨ। ਕੁਝ ਸਿੱਖਾਂ ਨੇ ਰਲ ਕੇ ਗੁਰੂ ਜੀ ਨੂੰ ਅਰਜ਼ ਕੀਤੀ ਕਿ ਸੰਤ ਮੰਗਲ ਸਿੰਘ ਹੋਰੀਂ ਆਪ ਦੇ ਗੁਰੂ ਕਿਵੇਂ ਹੋਏ ਤਾਂ ਗੁਰੂ ਜੀ ਨੇ ਕਿਹਾ ਕਿ "ਜੀਵਨ ਵਿਚ ਕੰਮ ਆਉਣ ਵਾਲੀ ਸੁਚੱਜੀ ਮੱਤ ਬੇਸ਼ਕ ਇਕ ਅੱਧ ਵੀ ਹੋਵੇ, ਦੇਣ ਵਾਲਾ ਗੁਰੂ ਹੀ ਹੁੰਦਾ ਹੈ। ਜਦੋਂ ਕਾਕਿਆਂ ਦੀ ਮਾਤਾ (ਮਾਤਾ ਭੁਪਿੰਦਰ ਕੌਰ) ਸਰੀਰ ਤਿਆਗ ਗਈ (1924 ਈ) ਤਾਂ ਇਹਨਾਂ ਸੰਤਾਂ ਹੀ ਮੈਨੂੰ ਕਿਹਾ ਸੀ ਜੇ ਸੁਖੀ ਰਹਿਣਾ ਜੇ ਤਾਂ ਹੁਣ ਦੋਬਾਰਾ ਆਨੰਦ ਕਾਰਜ ਨਹੀਂ ਕਰਵਾਉਣਾ। ਸੰਤਾਂ ਦੀ ਇਸ ਸਿੱਖਿਆ ਨੇ ਮੈਨੂੰ ਜੀਵਨ ਵਿਚ ਪੈਣ ਵਾਲੀਆਂ, ਕਈ ਦੁਸ਼ਵਾਰੀਆਂ ਤੋਂ ਬਚਾਈ ਰੱਖਿਆ।"[8]

20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬ ਵਿਚ ਚੱਲੀ "ਪਗੜੀ ਸੰਭਾਲ ਜੱਟਾ" ਲਹਿਰ ਨੇ ਅੰਗਰੇਜ਼ ਦੇ ਨੱਕ ਵਿਚ ਦਮ ਕਰ ਦਿੱਤਾ। ਸਿੱਟੇ ਵੱਜੋਂ ਲਹਿਰ ਦੇ ਪ੍ਰਮੁੱਖ ਆਗੂਆਂ ਸ. ਅਜੀਤ ਸਿੰਘ, ਲਾਲਾ ਲਾਜਪਤਿ ਰਾਇ ਆਦਿ ਨੂੰ ਕੈਦ ਕਰ ਦਿੱਤਾ ਗਿਆ। ਸੰਤ ਮੰਗਲ ਸਿੰਘ ਹੋਰੀਂ ਪਹਿਲਾਂ ਹੀ ਲਹਿਰ ਵਿਚ ਵੱਧ-ਚੜ ਕੇ ਹਿੱਸਾ ਲੈ ਰਹੇ ਸਨ। ਪਰ ਇਹਨਾ ਆਗੂਆਂ ਦੇ ਕੈਦ ਹੋਣ ਤੇ ਸੰਤਾਂ ਨੇ ਆਪਣਾ ਲੈਕਚਰ ਪਹਿਲਾਂ ਨਾਲੋਂ ਵੀ ਭੜਕਾਊ ਕਰ ਦਿੱਤਾ ਤੇ ਪ੍ਰਤੱਖ ਤੌਰ 'ਤੇ ਲਹਿਰ ਦੀ ਕਮਾਨ ਸੰਭਾਲ ਲਈ। ਇਸ ਤਰ੍ਹਾਂ ਸੰਤ ਜਨਤਾ ਦੇ ਅੰਦਰ ਅੰਗਰੇਜ਼ ਖਿਲਾਫ਼ ਵਿਦਰੋਹ ਦਾ ਭਾਂਬੜ ਬਾਲਣ ਵਿਚ ਕਾਮਯਾਬ ਰਹੇ। ਇਸ ਲਹਿਰ ਦੇ ਨਤੀਜੇ ਵਜੋਂ ਸਰਕਾਰ ਨੇ ਕਿਸਾਨਾਂ ਦੀਆਂ ਕੁਝ ਮੰਗਾਂ ਵੀ ਮੰਨ ਲਈਆਂ ਸਨ।

ਸੰਨ 1914 ਵਿਚ ਨਵੀਂ ਦਿੱਲੀ ਵਿਖੇ ਵਾਇਸ ਰਾਇ ਦਾ ਭਵਨ ਬਣ ਰਿਹਾ ਸੀ। ਭਵਨ ਨੂੰ ਜਾਂਦੀ ਸੜਕ ਨੂੰ ਵਿੰਗ ਤੋਂ ਵਚਾਉਣ ਲਈ ਗੁਰਦੁਆਰਾ ਰਕਾਬ ਗੰਜ (ਨਵੀਂ ਦਿੱਲੀ), ਜਿਥੇ ਗੁਰੂ ਤੇਗ ਬਹਾਦਰ ਦੇ ਧੜ ਦਾ ਸਸਕਾਰ ਹੋਇਆ ਸੀ, ਦੀ ਚਾਰ ਦਿਵਾਰੀ ਦਾ ਕੁਝ ਹਿੱਸਾ ਸਰਕਾਰ ਵੱਲੋਂ ਡੇਗ ਦਿੱਤਾ ਗਿਆ। ਇਸ ਧੱਕੇਸ਼ਾਹੀ ਵਿਰੁੱਧ ਸਭ ਤੋਂ ਪਹਿਲਾਂ ਆਵਾਜ਼ ਸੰਤ ਮੰਗਲ ਸਿੰਘ ਹੋਰਾਂ ਉਠਾਈ। ਬਾਅਦ ਵਿਚ ਸਰਦੂਲ ਸਿੰਘ ਕਵੀਸ਼ਰ, ਭਾਈ ਹਰਜੀਤ ਸਿੰਘ ਨਾਰੰਗਵਾਲ ਵੀ ਮੈਦਾਨ ਵਿਚ ਆ ਗਏ ਅਤੇ ਰਕਾਬ ਗੰਜ ਦਾ ਮੋਰਚਾ ਲੱਗ ਗਿਆ। ਸੰਤ ਜੀ ਜਿਥੇ ਬਾਕੀ ਕੌਮੀ ਆਗੂਆਂ ਨੂੰ ਨਾਲ ਲੈ ਕੇ ਥਾਂ-ਥਾਂ ਜਲਸੇ-ਜਲੂਸ ਕਰਦੇ ਸਨ, ਉਥੇ ਹੀ ਜਥੇਦਾਰ ਤੇਜਾ ਸਿੰਘ ਚੂਹੜਕਾਣਾ ਵੀ ਆਪਦੇ ਨਾਲ ਹੁੰਦੇ। ਸੰਤ ਜੀ ਦੇ ਅੰਗਰੇਜ਼ ਸਰਕਾਰ ਖਿਲਾਫ਼ ਨਿਧੜਕ ਹੋ ਕੇ ਬੋਲਣ ਬਾਰੇ ਸੁਵਰਨ ਸਿੰਘ ਵਿਰਕ ਹੋਰੀਂ ਚੂਹੜਕਾਣਾ ਜੀ ਦੇ ਹਵਾਲੇ ਨਾਲ

Namdhari Elibrary NamdhariElibrary@gmail.com

ਇਉਂ ਲਿਖਦੇ ਹਨ—

"ਕੁਝ ਚਿਰ ਪਿਛੋਂ ਪੱਟੀ ਮੁਗਲਾਂ ਦੀ ਵਿਚ ਇਕ ਹੋਰ ਕਾਨਫਰੰਸ ਹੋਈ। ਉੱਥੇ ਮੰਗਲ ਸਿੰਘ ਨਾਮਧਾਰੀ ਬੋਲ ਰਿਹਾ ਸੀ। ਉਸਦੀਆਂ ਗੱਲਾਂ ਤੋਂ ਘਾਬਰ ਕੇ ਪੁਲਿਸ ਅਫ਼ਸਰ ਨੇ ਚਿੱਟ ਘੱਲੀ, "ਬੋਲਣੋਂ ਹੱਟ ਜਾ" ਪਰ ਉਹ ਡਰਨ ਵਾਲਾ ਕਿਥੇ ਸੀ? ਤੇ ਜਦੋਂ ਉਹ ਨਾਂ ਹੀ ਹੱਟਿਆ ਤਾਂ ਕਿਹਰ ਸਿੰਘ ਹੋਰਾਂ ਨੇ ਕਾਨਫਰੰਸ ਹੀ ਖ਼ਤਮ ਕਰ ਦਿੱਤੀ।"[9]

ਸੰਤ ਮੰਗਲ ਸਿੰਘ ਬਾਰੇ ਜੇ ਮੈਂ ਇਉਂ ਕਹਾਂ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਸੰਤ ਜੀ ਜਦ ਬੋਲਦੇ ਤਾਂ ਸਾਹਮਣੇ ਬੈਠੇ ਲੋਕਾਂ ਅੰਦਰ ਅੰਗਰੇਜ਼ ਸਰਕਾਰ ਖਿਲਾਫ ਸੱਤੀਂ ਕਪੜੀਂ ਅੱਗ ਲੱਗ ਜਾਂਦੀ। "ਆਖਿਰ ਸੰਨ 1914 ਵਿਚ ਪੰਜ ਹਜ਼ਾਰ ਦੀ ਜਮਾਨਤ ਅਤੇ ਪੰਜ ਹਜ਼ਾਰ ਦਾ ਮੁਚਲਕਾ ਲੈ ਕੇ ਗੋਰਮਿੰਟ ਨੇ ਆਪ ਨੂੰ ਆਪਦੇ ਨਾਨਕੇ ਡੋਗਰਾਂਵਾਲ ਜ਼ਿਲ੍ਹਾ ਗੁਜਰਾਂਵਾਲ ਵਿਖੇ ਨਜ਼ਰਬੰਦ ਕਰ ਦਿੱਤਾ। ਅਤੇ ਪਿੰਡੋਂ ਬਾਹਰ ਜਾਣ ਦੀ ਪਾਬੰਦੀ ਲਾ ਦਿੱਤੀ।"[10]

ਸੰਤ ਮੰਗਲ ਸਿੰਘ ਹੋਰਾਂ ਦੀ ਅਰਜ਼ ਤੇ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਦੋਵੇਂ ਛੋਟੇ ਭਰਾਵਾਂ ਤੇ ਹੋਰ ਉੱਘੇ ਕੂਕਾ ਆਗੂਆਂ ਨੂੰ ਕਾਂਗਰਸ ਅੰਦੋਲਨਾਂ ਵਿਚ ਭਾਗ ਲੈਣ ਲਈ ਹੱਲਾਸ਼ੇਰੀ ਦਿੱਤੀ ਸੀ।

1921 ਈ. ਤੋਂ ਸੰਤ ਮੰਗਲ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ, ਸ੍ਰੀ ਭੈਣੀ ਸਾਹਿਬ ਵਿਚ ਬੈਠੀ ਪੁਲਿਸ ਚੌਂਕੀ ਖਿਲਾਫ਼, ਪੰਜਾਬ ਭਰ ਵਿਚ ਥਾਂ-ਥਾਂ ਜਲੂਸ ਅਤੇ ਕਾਨਫਰੰਸਾਂ ਤੇ ਜਨ ਸਭਾਵਾਂ ਦੀ ਲੜੀ ਆਰੰਭ ਦਿੱਤੀ। ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਿਮ ਕੌਮੀ ਆਗੂਆਂ ਨੇ ਵੀ ਸਾਥ ਦਿੱਤਾ। ਨਤੀਜੇ ਵਜੋਂ ਮਈ 1923 ਵਿਚ ਗੁਰਦੁਆਰੇ ਦੇ ਬੂਹੇ ਬੈਠੀ ਇਸ ਚੌਂਕੀ ਨੂੰ ਸਰਕਾਰ ਨੇ ਚੁੱਕ ਲਿਆ।

1929 ਈ. ਦੇ ਲਾਹੌਰ ਵਿਖੇ ਹੋਏ ਕਾਂਗਰਸ ਦੇ ਸਲਾਨਾ ਇਜਲਾਸ ਵਿਚ ਵੀ ਆਪਦੀ ਵੱਡੀ ਭੂਮਿਕਾ ਸੀ। ਇਸ ਇਜਲਾਸ ਦੀ ਸਫ਼ਲਤਾ ਲਈ ਸੰਤ ਜੀ ਨੇ ਸਾਰੇ ਪੰਜਾਬ ਵਿਚ ਘੁੰਮ-ਘੁੰਮ ਕੇ ਪ੍ਰਚਾਰ ਕੀਤਾ। ਪੰਡਿਤ ਨਹਿਰੂ ਅਤੇ ਪੰਜਾਬੋਂ ਬਾਹਰੋਂ ਆ ਰਹੇ ਹੋਰ ਲੀਡਰਾਂ ਦੇ ਸਵਾਗਤ ਲਈ ਅੰਗਰੇਜ਼ ਸਰਕਾਰ ਘੋੜੇ ਇਕੱਠੇ ਨਹੀਂ ਸੀ ਕਰਨ ਦੇ ਰਹੀ। ਪਰ ਸੰਤ ਜੀ ਦੀ ਪ੍ਰੇਰਨਾ ਨਾਲ ਨਾਮਧਾਰੀ ਅੰਗਰੇਜ਼ ਦੀ ਪਰਵਾਹ ਕੀਤੇ ਬਿਨਾਂ 200 ਘੋੜੇ ਲੈ ਕੇ ਜਲੂਸ ਵਿਚ ਕਦੋਂ ਪ੍ਰਗਟ ਹੋ ਗਏ ਸਰਕਾਰ ਨੂੰ ਪਤਾ ਹੀ ਨਾ ਲੱਗਾ। ਸਿਰਫ਼ ਘੋੜੇ ਹੀ ਨਹੀਂ ਲੰਗਰ ਦੇ ਪ੍ਰਬੰਧ ਲਈ ਵੀ ਸੰਤ ਜੀ ਦਾ ਅਹਿਮ ਯੋਗਦਾਨ ਸੀ। "ਬਾਬਾ ਗੁਰਦਿੱਤ ਸਿੰਘ 'ਕਾਮਾਗਾਟਾ ਮਾਰੂ' ਵਾਲਿਆਂ ਨੇ ਇਸ ਕਾਨਫਰੰਸ ਵਿਚ ਬੋਲਦਿਆਂ ਕਿਹਾ ਕਿ ਨਾਮਧਾਰੀਆਂ ਕਰਕੇ, ਇਥੇ ਆਏ ਦੇਸ਼ ਦੇ ਸਾਰੇ ਪ੍ਰਤੀਨਿਧੀਆਂ ਸਾਹਵੇਂ ਸਾਡਾ ਨੱਕ ਰਹਿ ਗਿਆ ਹੈ।""

ਸੰਤਾਂ ਨੇ ਆਪਣੇ ਜੀਵਨ ਵਿਚ ਕਈ ਵਾਰ ਜੇਲ੍ਹ ਕੱਟੀ। ਆਪਦੇ ਜੇਲ੍ਹ ਜੀਵਨ ਨਾਲ ਸੰਬੰਧਿਤ ਘਟਨਾਵਾਂ ਵਿਚੋਂ ਇਕ ਘਟਨਾ ਦਾ ਜ਼ਿਕਰ ਕਰਦਾ ਹਾਂ। ਇੱਕ ਵਾਰ ਆਪ ਕੈਦ ਕੱਟ ਕੇ ਜਾਣ ਲੱਗੇ ਤਾਂ ਖਾਣੇ ਵਾਲਾ ਭਾਂਡਾ ਹੱਥ ਵਿਚ ਫੜ ਅਤੇ ਕੰਬਲ ਮੋਢੇ ਤੇ ਰੱਖ ਕੇ ਤੁਰ ਪਏ। ਦਰਵਾਜ਼ੇ ਤੇ ਬੈਠੇ ਸਿਪਾਹੀ ਨੇ ਪੁੱਛਿਆ, ਜੇਲ੍ਹ ਦਾ ਸਮਾਨ ਕਿਧਰ ਲੈ ਚੱਲੇ ਹੋ? ਅਗੋਂ ਸੰਤ ਜੀ ਨੇ ਕਿਹਾ, "ਬਾਹਰ ਤਾਂ ਮੈਨੂੰ ਸਰਕਾਰ ਨੇ ਰਹਿਣ ਨਹੀਂ ਦੇਣਾ। ਦੁਬਾਰਾ ਜ਼ੇਲ੍ਹ ਵਿਚ ਆਉਣ ਵੇਲੇ ਕਿਥੇ ਬਾਟਾ, ਕੰਬਲ ਲੱਭਦਾ ਫਿਰਾਂਗਾ।"

ਸੰਤ ਜੀ ਨੇ ਦੇਸ਼ ਆਜ਼ਾਦੀ ਲਈ ਕਾਂਗਰਸ ਦੇ ਵੱਖ-ਵੱਖ ਅੰਦੋਲਨਾਂ ਸਮੇਂ ਕੋਈ ਸੱਤ ਵਾਰ, ਦਸਾਂ ਸਾਲਾਂ ਦੀ ਕੁਲ ਕੈਦ ਕੱਟੀ ਸੀ।[12] ਸੰਤ ਤਰਨ ਸਿੰਘ ਵਹਿਮੀ ਨੂੰ ਸੰਤ ਜੀ ਨੇ ਆਪਣੀਆਂ ਜੇਲ੍ਹ ਯਾਤਰਾਵਾਂ ਦਾ ਸੰਖੇਪ ਵਰਣਨ ਇਸ ਤਰ੍ਹਾਂ ਨੋਟ ਕਰਾਇਆ ਹੈ— "ਪਹਿਲਾਂ ਦੋ ਸਾਲ ਡੋਗਰਾਂ ਵਾਲੇ ਆਪਣੇ ਨਾਨਕੇ ਰਿਹਾ ਨਜ਼ਰਬੰਦ, ਸਰਕਾਰ ਦੇ ਖਿਲਾਫ਼ ਕਰੜਾ ਬੋਲਣ ਦੇ ਦੋਸ਼ੋਂ 1914 ਈ. 'ਚ ਦੋ ਸਾਲ ਸ਼ੇਖੂਪੁਰੇ ਦੀ ਜੇਲ੍ਹ ਵਿਚ ਰਿਹਾ। ਜ਼ਬਾਨ ਬੰਦੀ ਦੀ ਜਮਾਨਤ ਤੇ ਪਾਦਰੀ ਨੇ ਕਢਾਇਆ ਤੇ ਫੇਰ ਅਟਕ ਜੇਲ੍ਹ ਵਿਚ 10 ਮਹੀਨੇ ਕੈਦ ਰਹਿਣ ਤੇ ਗਾਂਧੀ-ਇਰਵਨ ਸਮਝੌਤੇ ਕਰ ਰਿਹਾ ਹੋਇਆ। 1930 ਵਿਚ ਤੀਜੀ ਵਾਰ ਲਾਹੌਰ ਕੈਦ ਹੋਇਆ। ਇਕ ਸਾਲ ਮੁਲਤਾਨ ਜੇਲ੍ਹ ਵਿਚ ਕੈਦ ਰਿਹਾ। 1932 ਵਿਚ ਚੌਥੀ ਵਾਰ 36 (1936) ਵਿਚ ਇਕ ਸਾਲ ਮੁਲਤਾਨ ਜੇਲ੍ਹ ਵਿਚ। ਪੰਜਵੀਂ ਵਾਰ ਸਰਗੋਧਿਉਂ ਕੈਦ ਹੋ ਫਿਰੋਜ਼ਪੁਰ 4 ਮਹੀਨੇ ਜੇਲ੍ਹ ਕੱਟੀ। ਛੇਵੀਂ ਵਾਰ 1946 ਵਿਚ ਦਿੱਲੀਉਂ ਫੜੇ ਗਏ। ਲਾਹੌਰ ਮੁਕੱਦਮਾ ਚੱਲਿਆ 6 ਮਹੀਨੇ ਮੁਲਤਾਨ ਰਹੇ। ਜਦ ਗਾਂਧੀ ਜੀ ਕਿਹਾ ਸੀ ਕੁਇਟ ਇੰਡੀਆ (ਭਾਰਤ ਛੱਡ)। ਸੰਤ ਜੀ ਕਿਹਾ ਗਾਂਧੀ ਜੀ ਤੇ ਟੈਗੋਰ ਜਲ੍ਹਿਆਂ ਵਾਲੇ ਬਾਗ਼ ਦੇ ਸਾਕੇ ਤੋਂ ਬਾਅਦ ਸੁਦੇਸ਼ੀ ਰਾਜ ਦੀ ਮੰਗ ਵੱਲ ਮੁੜੇ ਸੀ ਪਹਿਲੋਂ ਗਾਂਧੀ ਜੀ ਸੀਟਾਂ ਹੀ ਮੰਗਦੇ ਸੀ। ਤੇ ਮੈਂ ਗੁਰੂ ਹਰੀ ਸਿੰਘ ਜੀ ਦੀ ਕਿਰਪਾ ਸਦਕਾ ਬੋਲਦਾ ਹੀ ਅੰਗਰੇਜ਼ ਦੇ ਖਿਲਾਫ ਸਾਂ ਕੂਕਾ ਹੋਣ ਕਰ ਗਾਂਧੀ ਜੀ ਤੋਂ ਪਹਿਲਾਂ ਭੀ।"[13]

ਆਪ ਭਾਸ਼ਣ ਕਲਾ ਵਿਚ ਏਨੇ ਪ੍ਰਬੀਨ ਸੀ ਕਿ ਹਰ ਧਰਮ ਦਾ ਵਿਅਕਤੀ ਆਪ ਨੂੰ ਬੜੇ ਚਾਅ ਨਾਲ ਸੁਣਦਾ। ਆਪ ਦੀ ਕਲਾ ਦਾ ਹੀ ਪ੍ਰਭਾਵ ਸੀ ਕਿ ਪਾਦਰੀ ਆਪ ਨੂੰ

Namdhari Elibrary NamdhariElibrary@gmail.com

ਈਸਾਈ ਪ੍ਰਚਾਰਕ ਬਨਾਉਣਾ ਚਾਹੁੰਦੇ ਸਨ ਤੇ ਮੌਲਾਨਾ ਜ਼ਫਰ ਅਲੀ ਵਰਗੇ ਆਪ ਨੂੰ ਮੁਸਲਮਾਨ ਪ੍ਰਚਾਰਕ ਬਣਾਉਣ ਲਈ ਜ਼ੋਰ ਲਾਉਂਦੇ ਸਨ।

ਆਪ ਦੀ ਨਿਰਸੁਆਰਥ ਦੇਸ਼-ਭਗਤੀ ਬਾਰੇ ਇਕ ਘਟਨਾ ਜ਼ਰੂਰ ਸਾਂਝੀ ਕਰਾਂਗਾ। "ਆਜ਼ਾਦੀ ਤੋਂ ਬਾਅਦ ਬਟਾਲੇ ਨਸ਼ਾ ਮੁਕਤੀ ਬਾਰੇ ਗੋਸ਼ਟੀ ਸੀ। ਮੁਖ ਮੰਤਰੀ ਪੰਜਾਬ, ਸ੍ਰੀ ਭੀਮਸੈਨ ਸੱਚਰ ਆਏ ਸਨ। ਸਾਰੇ ਬੋਲ ਹਟੇ ਤਾਂ ਸੰਤ ਜੀ ਉੱਠੇ, ਮੈਂ ਸਾਰੀ ਉਮਰ ਸ਼ਰਾਬ ਅਫੀਮ ਨਹੀਂ ਵਰਤਿਆ। ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਨਸ਼ਿਆਂ ਦਾ ਕਾਰੋਬਾਰ ਹਮੇਸ਼ਾਂ ਸਰਕਾਰੀ ਸ਼ਹਿ 'ਤੇ ਹੁੰਦਾ ਹੈ। ਸਰਕਾਰ ਸ਼ਰਾਬ ਦੇ ਕਾਰਖਾਨੇ ਬੰਦ ਕਰੇ। ਉਹ ਕਰੋੜਾਂ ਲੀਟਰ ਸ਼ਰਾਬ ਬਣਾ ਕੇ ਸੱਚੀ-ਸੁੱਚੀ ਹੈ। ਗਰੀਬ ਜੱਟ ਕਿੱਕਰ ਦੇ ਸੱਕ ਤੇ ਸੇਰ ਗੁੜ ਪਾਣੀ ਵਿਚ ਪਾ ਕੇ ਮੁਜ਼ਰਿਮ ਬਣ ਜਾਂਦਾ ਹੈ। ਬੰਦ ਕਰੋ ਸ਼ਰਾਬ ਤੇ ਨਸ਼ਿਆਂ ਦੇ ਹੋਰ ਕਾਰੋਬਾਰ ਨਸ਼ਾ ਬੰਦੀ ਹੋ ਜਾਏਗੀ। ਸੱਚਰ ਸਾਹਿਬ ਜਾਣੂ ਤਾਂ ਪੁਰਾਣੇ ਸਨ। ਤਾਅ ਖਾ ਗਏ ਤੇ ਅਫ਼ਸਰਾਂ ਨੂੰ ਸੰਤਾਂ ਦੀ ਆਜ਼ਾਦੀ ਸੰਗਰਾਮੀਏ ਵਾਲੀ ਪੈਨਸ਼ਨ, ਕੱਟਣ ਦਾ ਆਦੇਸ਼ ਦੇ ਦਿੱਤਾ। ਸੰਤਾਂ ਮੁਸਕਰਾਉਂਦਿਆਂ ਕਿਹਾ, ਸੱਚਰ ਸਾਹਿਬ ਆਜ਼ਾਦੀ ਦੀ ਲੜਾਈ ਵਿਚ ਪੈਨਸ਼ਨਾਂ ਲੈਣ ਲਈ ਨਹੀਂ, ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਮੰਨਣ ਲਈ ਕੁੱਦੇ ਸਾਂ ਕਿ ਵਿਦੇਸ਼ੀ ਸਰਕਾਰ ਨਹੀਂ ਰਹਿਣ ਦੇਣੀ। ਪੰਡਿਤ ਨਹਿਰੂ ਨੇ ਬਾਅਦ ਵਿਚ ਕਿਹਾ ਸੀ, "ਸੱਚਰ ਸਾਹਿਬ! ਗਲਤ ਫੱਸ ਗਏ ਹੋ!"[14]

ਸੰਤਾਂ ਨੇ ਸਾਰੀ ਉਮਰ ਹੀ ਗੁਰੂ ਹਰੀ ਸਿੰਘ ਜੀ ਦੀ ਕੀਤੀ ਬਖ਼ਸ਼ਿਸ਼ ਨੂੰ ਯਾਦ ਰੱਖਿਆ। ਇੱਕ ਵਾਰ ਆਪ ਨੇ ਪੰਡਿਤ ਗੁਰਚਰਨ ਸਿੰਘ ਹੋਰਾਂ ਨੂੰ ਕਿਹਾ ਸੀ, "ਮੈਂ ਬਹਿਸ ਵਿਚ ਬੜਿਆਂ-ਬੜਿਆਂ ਭੇਖਾਂ, ਵਿਅਕਤੀਆਂ, ਹਕੂਮਤਾਂ ਦੇ ਬਖੀਏ ਉਧੇੜ ਦਿੰਦਾ ਰਿਹਾ ਹਾਂ, ਗੁਰੂ ਹਰੀ ਸਿੰਘ ਤੋਂ ਮਿਲੀ ਮਿਹਰ ਨਜ਼ਰ ਸਦਕਾ।"[15]

ਆਪ ਸਾਰੀ ਉਮਰ ਨਾਮਧਾਰੀ ਮਿਸ਼ਨ ਨੂੰ ਸਮਰਪਿਤ ਰਹੇ। ਨਤੀਜੇ ਵਜੋਂ ਆਪ ਦਾ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਵੀ ਉੱਘਾ ਯੋਗਦਾਨ ਬਣਦਾ ਹੈ। ਸੰਤ ਆਪਣੇ ਭਤੀਜਿਆਂ ਕੋਲ ਪਿੰਡ ਬਗ੍ਰੀਲੇ (ਗੁਰਦਾਸਪੁਰ) ਵਿਖੇ 1957 ਈ. ਨੂੰ ਦੀਵਾਲੀ ਦੇ ਦਿਨ ਕਰੀਬ 77 ਸਾਲ ਦੀ ਉਮਰ ਭੋਗ ਕੇ ਚੜ੍ਹਾਈ ਕਰ ਗਏ।

ਬੇਸ਼ੱਕ ਗੁਰੂ ਹਰੀ ਸਿੰਘ ਜੀ ਦੇ ਬਖ਼ਸ਼ਿਸ਼ ਪਾਤਰ ਕਈ ਸਿੱਖਾਂ ਬਾਰੇ ਲਿਖਿਆ ਜਾ ਸਕਦਾ ਸੀ ਪਰ ਲੇਖ ਦੀ ਲੰਬਾਈ ਨੂੰ ਧਿਆਨ ਵਿਚ ਰੱਖਦੇ ਹੋਇਆਂ ਕਲਮ ਨੂੰ ਇਥੇ ਹੀ ਵਿਸ਼ਰਾਮ ਦਿੰਦਾ ਹਾਂ।

ਹਵਾਲੇ

1. ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦੇ ਅਮਰ ਨਾਇਕ, ਭਾਗ -2, ਪੰਨਾ 637.
2. ਉਹੀ ਪੰਨਾ 641.
3. ਭਾਈ ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ ਭਾਗ ਦੂਜਾ, ਪੰਨਾ 347
4. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, ਲਾਲ ਏਹਿ ਰਤਨ ਭਾਗ-5, (ਸੰਪਾ.) ਪ੍ਰਿੰ. ਬੇਅੰਤ ਕੌਰ, ਪੰਨਾ 70.
5. ਸੁਵਰਨ ਸਿੰਘ ਵਿਰਕ, ਉਹੀ, ਪੰਨਾ 762.
6. ਉਹੀ, ਪੰਨਾ 760, 761.
7. ਉਹੀ, ਪੰਨਾ 765.
8. ਉਹੀ, ਪੰਨਾ 766.
9. ਉਹੀ, ਪੰਨਾ 768.
10. ਸੰਤ ਦੁਆਰਕਾ ਸਿੰਘ ਜੀ, "ਭੱਲਾ ਕੂਕਾ", ਸੰਤ ਮੰਗਲ ਸਿੰਘ ਜੀ ਬਾਰੇ ਲੜੀ ਵਾਰ ਲੇਖ, ਸਤਿਜੁਗ ਦਾ ਬਸੰਤ ਅੰਕ, ਮਾਘ 2010, ਪੰਨਾ 88.
11. ਸੁਵਰਨ ਸਿੰਘ ਵਿਰਕ, ਉਹੀ, ਪੰਨਾ 772.
12. ਉਹੀ
13. ਤਰਨ ਸਿੰਘ ਵਹਿਮੀ(ਸੰਤ), ਜੱਸ-ਜੀਵਨ ਭਾਗ-6, ਪੰਨਾ 33.
14. ਸੁਵਰਨ ਸਿੰਘ ਵਿਰਕ, ਉਹੀ, ਪੰਨਾ 777.
15. ਉਹੀ

ਜਸਵੰਤ ਸਿੰਘ 'ਮਸਤ'
ਸ੍ਰੀ ਭੈਣੀ ਸਾਹਿਬ
ਸੰਪਰਕ- 98550-58178

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਲੇ ਮਹੱਲੇ, ਮੇਲੇ ਅਤੇ ਦੌਰੇ

ਤਰਨ ਸਿੰਘ ਬੱਲ, ਹਾਕਮ ਸਿੰਘ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ 17-18 ਜਨਵਰੀ 1872 ਈ: ਤੋਂ ਬਾਅਦ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਅਤਿ ਸਖ਼ਤੀਆਂ ਦੇ ਦੌਰ ਵਿਚ ਨਾਮਧਾਰੀ ਪੰਥ ਦੀ ਅਗਵਾਈ ਕੀਤੀ। ਸਾਰੇ ਨਾਮਧਾਰੀ ਪੰਥ ਨੂੰ ਜ਼ੁਰਾਇਮ ਪੇਸ਼ਾ ਕਰਾਰ ਦੇਣ ਅਤੇ ਪੰਜ ਸਿੱਖਾਂ ਦੇ ਇਕੱਠਿਆਂ ਹੋਣ ਤੇ ਪਾਬੰਦੀਆਂ ਕਾਰਨ ਕਈ ਵਰ੍ਹੇ ਹੋਲੇ ਮਹੱਲੇ ਨਾ ਹੋ ਸੱਕੇ ਪਰ ਆਖਰੀ ਵਰ੍ਹਿਆਂ ਵਿਚ ਆਪ ਜੀ ਦੇ ਸਮੇਂ ਸੱਤ ਹੋਲੇ ਮਹੱਲੇ ਹੋਏ। ਇਸ ਤੋਂ ਬਿਨਾ ਮੁਕਤਸਰ ਮਾਘੀ ਦੇ ਮੇਲੇ, ਅੰਮ੍ਰਿਤਸਰ ਦੀਵਾਲੀ ਅਤੇ ਦਮਦਮਾ ਸਾਹਿਬ ਵੈਸਾਖੀ ਮੇਲੇ ਹੋਏ। ਵਿਸਥਾਰ ਸਹਿਤ ਅੰਕ ਦੇ ਵੱਖੋ-ਵੱਖ ਲੇਖਾਂ ਵਿਚ ਜ਼ਿਕਰ ਹੈ। ਸੰਖੇਪ ਤਾਰੀਖਾਵਲੀ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਹੈ-

1. ਪਹਿਲਾ ਹੋਲਾ ਮਹੱਲਾ 1900 ਈ: (1956 ਬਿ:) ਵਿਚ ਪਿੰਡ ਗੁਰੂ ਚੱਕ ਜ਼ਿਲਾ ਸਿਆਲਕੋਟ ਵਿੱਚ ਹੋਇਆ।
2. ਦੂਸਰਾ ਹੋਲਾ ਮਹੱਲਾ 1901 ਈ: (1957 ਬਿ:) ਵਿਚ ਪਿੰਡ ਸੱਦੋਵਾਲ ਜ਼ਿਲਾ ਲਾਇਲਪੁਰ ਵਿੱਚ ਹੋਇਆ।
3. ਤੀਸਰਾ ਹੋਲਾ-ਮਹੱਲਾ 1902 ਈ: (1958 ਬਿ:) ਵਿੱਚ ਪਿੰਡ ਮਟਵੀਂ ਜ਼ਿਲਾ ਲਾਇਲਪੁਰ ਵਿੱਚ ਹੋਇਆ।
4. ਚੌਥਾ ਹੋਲਾ-ਮਹੱਲਾ 1903 ਈ: (1959 ਬਿ:) ਵਿੱਚ ਪਿੰਡ ਗਿੱਲ ਬਾਰ ਜ਼ਿਲਾ ਸ਼ੇਖੂਪੁਰਾ ਵਿੱਚ ਹੋਇਆ।
5. ਪੰਜਵਾਂ ਹੋਲਾ-ਮਹੱਲਾ 1904 ਈ: (1960 ਬਿ:) ਵਿੱਚ ਪਿੰਡ ਗੁਰੂ ਚੱਕ ਜ਼ਿਲਾ ਸਿਆਲਕੋਟ ਵਿੱਚ ਹੋਇਆ।
6. ਛੇਵਾਂ ਹੋਲਾ-ਮਹੱਲਾ 1905 ਈ: (1961 ਬਿ:) ਵਿੱਚ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਵਿੱਚ ਹੋਇਆ।
7. ਸਤਵਾਂ ਹੋਲਾ-ਮਹੱਲਾ 1906 ਈ: (1962 ਬਿ:) ਵਿੱਚ ਮਾਨਾਂਵਾਲਾ ਬਾਰ ਜ਼ਿਲਾ ਸ਼ੇਖੂਪੁਰਾ ਵਿੱਚ ਹੋਇਆ। ਇਸ ਹੋਲੇ-ਮਹੱਲੇ ਵਿੱਚ ਸਤਿਗੁਰੂ ਹਰੀ ਸਿੰਘ ਜੀ ਨੇਤਰਾਂ ਦੀ ਤਕਲੀਫ਼ ਕਾਰਨ ਸੰਗਤਾਂ ਨੂੰ ਦਰਸ਼ਨ ਨਾ ਦੇ ਸਕੇ। ਪਰ ਇਸ ਮੇਲੇ ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਮੇਤ ਤਿੰਨਾਂ ਭਾਈਆਂ ਅਤੇ ਦੋਵੇਂ ਮਾਤਾਵਾਂ ਨੇ ਮੇਲੇ ਵਿਚ ਹਾਜ਼ਰੀ ਭਰੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸਰਕਾਰ ਦੀਆਂ ਪਾਬੰਦੀਆਂ ਨੂੰ ਸਹਿੰਦੇ ਹੋਏ 1892 ਈ. ਤੋਂ ਬਾਅਦ ਦੌਰੇ ਕੀਤੇ ਅਤੇ ਨਾਮਧਾਰੀ ਪੰਥ ਨੂੰ ਹਰਿਆਂ ਭਰਿਆਂ ਰੱਖਿਆ।

1. 20 ਅਕਤੂਬਰ 1892 ਈ: ਵਿੱਚ ਦੀਵਾਲੀ ਵਾਲੇ ਦਿਨ ਸਤਿਗੁਰੂ ਜੀ ਨੇ ਅੰਮ੍ਰਿਤਸਰ ਦਾ ਦੌਰਾ ਕੀਤਾ ਤੇ ਏਸੇ ਹੀ ਦੌਰੇ ਤੇ ਸੱਚੇ ਪਾਤਸ਼ਾਹ ਜੀ ਨੇ ਤਰਨਤਾਰਨ ਵਾਲੇ ਬੁੰਗੇ ਦਾ ਨੀਂਹ ਪੱਥਰ ਵੀ ਆਪਣੇ ਹਸਤ-ਕਮਲਾ ਨਾਲ ਰੱਖਿਆ।
2. 8 ਨਵੰਬਰ 1893 ਈ: ਦੀ ਦੀਵਾਲੀ ਤੇ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਅੰਮ੍ਰਿਤਸਰ ਦਾ ਦੌਰਾ ਕੀਤਾ।
3. 25 ਅਕਤੂਬਰ 1897 ਈ: (1954 ਬਿ:) ਦੀ ਦੀਵਾਲੀ ਤੇ ਵੀ ਅੰਮ੍ਰਿਤਸਰ ਦਾ ਦੌਰਾ ਕੀਤਾ।
4. 1904 ਈ: (1961 ਬਿ:) ਦੀ ਦੀਵਾਲੀ ਤੇ ਵੀ ਅੰਮ੍ਰਿਤਸਰ ਦਰਸ਼ਨ ਦਿੱਤੇ।

ਮਾਘੀ ਤੇ ਦੌਰੇ- ਕਿਤੇ ਵੀ ਦੌਰਾ ਕਰਨ ਤੋਂ ਪਹਿਲਾਂ ਸਤਿਗੁਰੂ ਹਰੀ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਤੋਂ ਮਨਜ਼ੂਰੀ ਲੈਣੀ ਪੈਂਦੀ ਸੀ। ਪਰ ਅੰਗਰੇਜ਼ ਸਰਕਾਰ ਸਤਿਗੁਰਾਂ ਨੂੰ ਦੌਰੇ ਦੀ ਕਦੇ ਮਨਜ਼ੂਰੀ ਦੇ ਦਿੰਦੀ, ਕਦੇ ਨਹੀਂ, ਕਦੇ ਦੇ ਕੇ ਮੁਕਰ ਜਾਂਦੀ ਤੇ ਕਦੇ ਸਤਿਗੁਰਾਂ ਨੂੰ ਦੌਰੇ ਦੇ ਅੱਧ ਵਿਚੋਂ ਹੀ ਵਾਪਿਸ ਬੁਲਾ ਲਿਆ ਜਾਂਦਾ। ਇਸੇ ਤਰ੍ਹਾਂ-

1. 1893 ਈ: ਵਿੱਚ ਮਾਘੀ ਦੇ ਮੇਲੇ ਤੇ ਸਰਕਾਰ ਨੇ ਸਤਿਗੁਰਾਂ ਨੂੰ ਦੌਰੇ ਦੀ ਮਨਜ਼ੂਰੀ (ਛੁੱਟੀ) ਹੀ ਨਾ ਦਿੱਤੀ ਤੇ ਜਦੋਂ ਮੇਲਾ ਲੰਘ ਗਿਆ ਫਿਰ ਸਰਕਾਰ ਨੇ ਮਨਜ਼ੂਰੀ ਦੇ

Namdhari Elibrary NamdhariElibrary@gmail.com

ਦਿੱਤੀ। ਜਿਸ ਕਾਰਨ ਸਤਿਗੁਰੂ ਜੀ ਜਾ ਨਾ ਸਕੇ।

2. 1894 ਈ: ਵਿਚ ਮਾਘੀ ਦੇ ਮੇਲੇ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਮੁਕਤਸਰ ਦਾ ਦੌਰਾ ਕੀਤਾ।

3. 1895 ਈ: ਵਿੱਚ ਵੀ ਮਾਘੀ ਦੇ ਮੇਲੇ ਤੇ ਮੁਕਤਸਰ ਦਰਸ਼ਨ ਦਿੱਤੇ। ਇਸ ਦੌਰੇ ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿਚ 322 ਪਾਠਾਂ ਦੇ ਭੋਗ ਪਾਏ ਗਏ।

4. 1901 ਈ: ਵਿਚ ਵੀ ਮਾਘੀ ਦੇ ਮੇਲੇ ਤੇ ਮੁਕਤਸਰ ਦਾ ਦੌਰਾ ਕੀਤਾ।

ਵੈਸਾਖੀ ਤੇ ਦੌਰੇ-

1. ਅਪ੍ਰੈਲ 1878 ਈ: ਵਿੱਚ ਵੈਸਾਖੀ ਦੇ ਮੇਲੇ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਦਮਦਮਾ ਸਾਹਿਬ ਦਾ ਦੌਰਾ ਕੀਤਾ।

2. 1904 ਈ: (1961 ਬਿ:) ਵਿੱਚ ਵੈਸਾਖੀ ਦੇ ਮੇਲੇ ਤੇ ਸਤਿਗੁਰੂ ਹਰੀ ਸਿੰਘ ਜੀ ਨੇ ਅੰਮ੍ਰਿਤਸਰ ਦਾ ਦੌਰਾ ਕੀਤਾ।

ਨਿਮਾਣੀ ਇਕਾਦਸ਼ੀ ਦਾ ਮੇਲਾ

1. 1896 ਈ: (1953 ਬਿ:) ਵਿੱਚ ਨਿਮਾਣੀ ਇਕਾਦਸ਼ੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ।

2. 1897 ਈ: (1954 ਬਿ:) ਵਿੱਚ ਵੀ ਨਿਮਾਣੀ ਇਕਾਦਸ਼ੀ ਦਾ ਮੇਲਾ ਸ੍ਰੀ ਭੈਣੀ ਸਾਹਿਬ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਇਆ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ ਇਹ ਸਭ ਤੋਂ ਵੱਡਾ ਮੇਲਾ ਹੋਇਆ ਸੀ।

11 ਸਤੰਬਰ 1897 ਈ: (1954 ਬਿ:) ਵਿੱਚ ਪਿੰਡ ਗਿੱਲ ਸਿਆਲਕੋਟ ਬਾਬਾ ਜਮੀਤ ਸਿੰਘ ਗਿੱਲਾਂ ਵਾਲਿਆਂ ਦੇ ਨਮਿੱਤ ਮੇਲਾ ਕੀਤਾ ਗਿਆ। ਇਸ ਮੇਲੇ ਤੇ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਦਰਸ਼ਨ ਦਿੱਤੇ।

ਬਾਕੀ ਸਫ਼ਾ 105 ਦੀ........(ਗੁਰੂ ਕੇ ਲੰਗਰ.....)

ਹਜ਼ਾਰਾ ਸਿੰਘ ਜੀ ਅੰਮ੍ਰਿਤਸਰ ਵਾਲੇ ਕਰਦੇ। ਭਾਈ ਰਾਗਾ ਸਿੰਘ ਗੜਵਈ ਹੁੰਦੇ, ਵੱਡੇ ਲੰਗਰ 'ਚ ਸੰਤ ਹਰਨਾਮ ਸਿੰਘ ਜੀ ਛੂਤੀਏ ਆਪ ਜੀ ਨੂੰ ਲੰਗਰ ਛਕਾਉਂਦੇ।

ਸੰਤ ਮੱਲਾ ਸਿੰਘ, ਹਰਨਾਮ ਸਿੰਘ ਜੀ ਪਿੰਡ ਭੈਣੀ ਸਾਹਿਬ ਕਈ ਢੰਗਾਂ ਨਾਲ ਪ੍ਰਸ਼ਾਦ- ਪਾਣੀ ਬਾਹਰ ਲਿਜਾ ਰੇਤੇ ਦੇ ਟਿੱਬਿਆ 'ਚ ਜਾਂ ਇਧਰ-ਉਧਰ ਬੈਠੇ ਸਿੰਘਾਂ ਨੂੰ ਛਕਾਉਂਦੇ। ਬਾਬਾ ਨੱਥਾ ਸਿੰਘ ਮਜ਼੍ਹਬੀ ਲੰਗਰ ਲਈ ਲੱਕੜ ਬਾਲਣ ਦਾ ਪ੍ਰਬੰਧ ਕਰਦੇ। ਅੱਕ ਵਗੈਰਾ ਪੁੱਟ ਸੁਕਾ ਕੇ ਲਿਆਉਂਦੇ ਆਪ ਨਾਲ ਵਾਂ ਬੁੱਢਾ ਸਿੰਘ ਦੇ ਸੰਤੋਖ ਸਿੰਘ ਜੀ ਵੀ ਮਦਦ ਕਰਦੇ।

ਮਹੰਤ ਮਾਘਾ ਸਿੰਘ ਜੀ ਆਟਾ ਪੀਹ-2 ਕੇ ਲੰਗਰ ਪਕਾਂਦੇ-ਛਕਾਂਦੇ।

ਭਾਈ ਸੁੱਧ ਸਿੰਘ ਜੀ ਦਾਲਾ ਰਿਨ੍ਹਦੇ। ਭਾਈ ਥੰਮਨ ਸਿੰਘ ਜੀ ਮਲਵਈ ਜਲ ਭਰਦੇ । ਬਾਬਾ ਹੀਰਾ ਸਿੰਘ ਜੀ ਕੁੱਬਿਆਂ ਵਾਲੇ ਆਟਾ ਗੁੰਨ੍ਹਦੇ। ਸਿਆਹੜ ਸਿੰਘ ਜੀ ਪਰਸ਼ਾਦੇ ਪਕਾਉਂਦੇ, ਭਾਈ ਮਨਸ਼ਾ ਸਿੰਘ ਅਤੇ ਮਾਈ ਕਰਮ ਕੌਰ ਲੋਹ ਝੋਕਦੇ। ਭਾਈ ਸੇਵਾ ਸਿੰਘ ਜੀ ਸਵੇਰੇ ਪਰਸ਼ਾਦ ਵਰਤਾਉਂਦੇ ਅਤੇ ਸ਼ਾਮ ਨੂੰ ਅਰਵੇਲ ਸਿੰਘ ਸੰਤ ਹਰਨਾਮ ਸਿੰਘ ਜੀ ਛੂਤੀਏ, ਹਜ਼ੂਰੀ ਲਾਂਗਰੀ ਬਾਬਾ ਰਾਘੋ ਸਿੰਘ ਜੀ ਵਰਤਾਉਂਦੇ।

ਸੰਤਾ ਸਿੰਘ ਘੁੱਕੇਵਾਲੀ, ਬੂਟਾ ਸਿੰਘ ਲਾਖਣਾ, ਸੁੰਦਰ ਸਿੰਘ ਬੱਬੂ, ਇੰਦਰ ਸਿੰਘ, ਵੀਰ ਸਿੰਘ ਘੁੱਕੇ ਵਾਲੀ, ਲਾਲ ਸਿੰਘ ਲਤਾਲਾ, ਸੰਤ ਸਿੰਘ ਬੁਰਜ, ਸੁਰਜਨ ਸਿੰਘ, ਵੀਰ ਸਿੰਘ ਭੋਮਾ ਵਡਾਲਾ ਆਦਿ ਉਗਰਾਹੀ ਨਾਮਧਾਰੀ ਸੰਗਤ ਚੋਂ ਰਲ ਮਿਲ ਕਰਦੇ। ਮੰਗਲ ਸਿੰਘ ਗਹਿਲਾਂ, ਗੁਪਾਲ ਸਿੰਘ ਮੌੜੇ, ਭਾਬਾ ਸਿੰਘ ਗਹਿਲਾਂ, ਹੀਰਾ ਸਿੰਘ ਦੈਣਿਆਂ ਵਾਲਾ, ਹਰਨਾਮ ਸਿੰਘ, ਨੌਰੰਗ ਸਿੰਘ ਚੁੰਨੀ, ਦੌਲਾ ਸਿੰਘ ਮਹੌਲੀ, ਜੈ ਸਿੰਘ ਗੜ੍ਹੀ ਦੁਆਬਾ, ਸੋਹਣ ਸਿੰਘ ਸਹਿੰਸਰੇ, ਗੱਡੇ, ਬੈਲਾਂ, ਉਗਰਾਹੀ, ਘੋੜੇ, ਊਠਾਂ ਦੀ ਸੇਵਾ ਕਰਦੇ।

ਅੰਨ ਕੇ ਦਾਤੇ - ਧੰਨ ਸਤਿਗੁਰੂ ਹਰੀ ਸਿੰਘ ਜੀ।

ਸੰਤੋਖ ਸਿੰਘ ਨਾਮਧਾਰੀ
ਜਮੁਨਾ ਨਗਰ
ਸੰਪਰਕ- 81681-43571

Namdhari Elibrary NamdhariElibrary@gmail.com

ਨਾਮਧਾਰੀ ਇਤਿਹਾਸ ਦਾ ਮੀਰ ਮੰਨੂੰ ,

ਸਵਰਨ ਸਿੰਘ ਸਨੇਹੀ, ਐਮ ਏ (ਅੰਗ੍ਰੇਜ਼ੀ ਤੇ ਇਤਿਹਾਸ)

ਸ੍ਰ. ਸਵਰਨ ਸਿੰਘ ਸਨੇਹੀ ਦਾ ਨਾਮਧਾਰੀ ਇਤਿਹਾਸ ਸੰਬੰਧੀ ਖੋਜ ਕਾਰਜ ਬਹੁਤ ਵਿਸ਼ਾਲ ਹੈ। ਉਹਨਾਂ ਨੇ ਪੰਜਾਬ ਇਤਿਹਾਸ ਕਾਨਫਰੰਸਾਂ ਅਤੇ ਅਨੇਕ ਵਿਸ਼ਵ ਵਿਦਿਆਲਿਆਂ ਵਿਚ ਕੂਕਿਆਂ ਬਾਰੇ ਹੋਏ ਸੈਮੀਨਾਰਾਂ ਵਿਚ, ਹੁਣ ਤਕ ਇਕ ਸੈਂਕੜਾ ਤੋਂ ਵੱਧ ਪਰਚੇ ਪੜ੍ਹੇ ਹੋਣਗੇ। ਉਹਨਾਂ ਦੀ ਲੇਖਣੀ ਦਾ ਸਫਰ ਨਾਮਧਾਰੀ ਪਰਚੇ ਸਤਿਜੁਗ, ਰੋਜ਼ਾਨਾ ਅਜੀਤ, ਨਵਾਂ ਜ਼ਮਾਨਾ ਜਲੰਧਰ ਆਦਿ ਤੋਂ ਹੁੰਦਾ ਹੋਇਆ ਹੁਣ ਤਕ ਅਨੇਕ ਪਰਚਿਆਂ ਨੂੰ ਆਪਣੇ ਘੇਰੇ ਵਿਚ ਲੈ ਚੁੱਕਾ ਹੈ। ਇਤਿਹਾਸ ਵਿਚ ਅਮਰੀਕੀ ਜੰਗਬਾਜ਼ ਨੀਤੀ ਵਿਰੁੱਧ ਲਗਾਤਾਰ ਛਪਣ ਵਾਲੇ ਲੇਖਾਂ ਦੀ ਕਿਤਾਬ, 'ਰੱਤੇ, ਵਹਿਣ' ਉਪਰ 1969 ਵਿਚ ਉਹ "ਸੋਵਿਅਤ ਦੇਸ਼ ਨਹਿਰੂ ਅਮਨ" ਸਨਮਾਨ ਨਾਲ ਨਿਵਾਜੇ ਗਏ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਮੁਨਸ਼ਾ ਸਿੰਘ ਦੁਖੀ ਅਤੇ ਅਵਤਾਰ ਸਿੰਘ ਆਜ਼ਾਦ ਹੋਰਾਂ ਦੇ ਮੋਨੋਗ੍ਰਾਫ ਆਪ ਤੋਂ ਲਿਖਵਾਏ। ਗ਼ਦਰੀ ਤੇ ਕੌਮੀ ਸ਼ਹੀਦਾਂ ਬਾਰੇ ਪੁਸਤਕ ਪ੍ਰੈਸ ਵਿਚ ਹੈ। 1965 ਈ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਹਨਾਂ ਨੂੰ ਆਪਣਾ ਨਿਜੀ ਸਕੱਤਰ ਥਾਪਿਆ ਅਤੇ 1971 ਵਿਚ ਨਾਮਧਾਰੀ ਇਤਿਹਾਸ ਦੀ ਖੋਜ ਲਈ ਇੰਗਲੈਂਡ ਭੇਜਿਆ। ਆਪ ਨੇ ਸਤਿਜੁਗ ਦੇ "ਸ਼ਾਕਾਹਾਰ ਅੰਕ" ਅਤੇ "ਯੁਵਕ ਅੰਕ" ਸੰਪਾਦਿਤ ਕੀਤੇ ਸਨ। ਸਤਿਗੁਰੂ ਜੀ ਦੇ ਨਾਲ ਅਤੇ ਉਹਨਾਂ ਦੇ ਹੁਕਮ ਅਨੁਸਾਰ, ਅਨੇਕ ਅਮਨ, ਸ਼ਾਕਾਹਾਰ ਅਤੇ ਲੇਖਕਾਂ ਦੀਆਂ ਕਾਨਫਰੰਸ਼ਾਂ ਵਿਚ ਵੱਖ-ਵੱਖ ਦੇਸ਼ਾਂ, ਥਾਵਾਂ ਤੇ ਭਾਗ ਲਿਆ। ਫਲੌਰ ਦੇ ਪਾਸ ਪਿੰਡ ਸ਼ਾਹਪੁਰ ਵਿਚ ਖਾਨਦਾਨੀ ਵੈਦਿਕ ਦੇ ਕਿੱਤੇ ਨਾਲ ਜੁੜੇ ਹੋਏ ਹਨ। ਆਪਣੇ ਪਿੰਡ ਦੇ ਸਰਪੰਚ ਰਹੇ ਹਨ। ਘਟਨਾਕ੍ਰਮ ਕੁਝ ਇਸ ਤਰ੍ਹਾਂ ਚੱਲਿਆ ਕਿ ਪਿਛਲੇ ਲੰਮੇ ਸਮੇਂ ਤੋਂ ਸਨੇਹੀ ਜੀ ਦੀਆਂ ਕਲਮੀ ਸੇਵਾਵਾਂ ਦਾ ਲਾਭ ਸਤਿਜੁਗ ਨਾ ਉਠਾ ਸਕਿਆ। ਸਨੇਹੀ ਜੀ ਗੁਰੂ ਦੇ ਖੌਫ ਵਿਚ ਵਿਚਰਨ ਵਾਲੇ ਖੁਦਦਾਰ ਵਿਅਕਤੀ ਹਨ। ਗੁਰੂ ਹਰੀ ਸਿੰਘ ਜੀ ਦੀ ਦੂਸਰੀ ਪ੍ਰਕਾਸ਼ ਸ਼ਤਾਬਦੀ ਨੂੰ ਸਮਰਪਿਤ ਵਿਸ਼ੇਸ਼ ਅੰਕ ਲਈ ਸਹਿਯੋਗ ਕਰਨ ਦੀ ਸਾਡੀ ਬੇਨਤੀ ਕਬੂਲ ਕਰਕੇ, ਸਨੇਹੀ ਜੀ ਨੇ ਆਪਣੀ ਵਿਸ਼ਾਲਤਾ ਦਾ ਸਬੂਤ ਦਿੱਤਾ ਹੈ। ਸਨੇਹੀ ਜੀ ਦੇ ਨਾਮਧਾਰੀ ਪੰਥ ਅਤੇ ਉਸਦੇ ਬੁਲਾਰੇ ਸਤਿਜੁਗ ਨੂੰ, ਭਵਿੱਖ ਵਿਚ ਵੀ ਉਹਨਾਂ ਦੇ ਕਲਮੀ ਸਹਿਯੋਗ ਦੀ ਤਲਬ ਬਣੀ ਰਹੇਗੀ।

ਸੁਵਰਨ ਸਿੰਘ ਵਿਰਕ

ਮੀਰ ਮੰਨੂੰ ਦੇ ਨਾਂ ਨਾਲ ਆਮ ਪੰਜਾਬੀਆਂ ਵਿਚ ਜਾਣੇ ਜਾਂਦੇ, ਲਾਹੌਰ ਦੇ ਸੂਬੇ ਦਾ ਅਸਲ ਨਾਂ ਮੁਇਉਨ-ਉਲ-ਮੁਲਕ ਸੀ ਜਿਹੜਾ ਵਜ਼ੀਰ ਕਮਰ-ਉਦ-ਦੀਨ ਦਾ ਪੁਤਰ ਤੇ ਉਤਰਾਧਿਕਾਰੀ ਸੀ। ਪੰਜਾਬੀ ਲੋਕਾਂ ਦਾ ਸੁਭਾਉ ਹੀ ਹੈ ਕਿ ਉਹ ਓਪਰੇ ਲੰਬੇ ਚੌੜੇ ਤੇ ਔਖੇ ਜਾਪਦੇ ਨਾਵਾਂ ਨੂੰ ਛੋਟੇ ਤੇ ਸੌਖਿਆਂ ਉਚਾਰੇ ਜਾ ਸਕਣ ਵਾਲੇ ਕਰ ਲਿਆ ਕਰਦੇ ਹਨ। ਭਾਰਤ ਉਪਰ ਵਿਚ ਹਮਲਾ ਕਰਨ ਵਾਲਾ ਅਮੀਰ ਤੈਮੂਰ ਲੱਤੋਂ ਲੰਙਾ ਸੀ ਉਸ ਦਾ ਨਾਂ ਵੀ ਇਨ੍ਹਾਂ ਘੜ ਕੇ ਸਿੱਧਾ ਕਰ ਕੇ ਤਿਮਰਲੰਗ ਰਖ ਲਿਆ ਸੀ।

ਮੀਰ ਮੰਨੂੰ ਨੇ ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਵਿਚ ਸਿੱਖਾਂ ਨਾਲ ਸਵਾਰਥੀ ਸਮਝੌਤੇ ਵੀ ਕੀਤੇ ਤੇ ਸਵਾਰਥ ਸਿਧੀ ਹੋ ਜਾਣ ਤੇ ਸਿਖਾਂ ਦੇ ਕੇਸ ਦਾੜ੍ਹੀ ਕੱਟਣ ਤੇ ਇਥੋਂ ਤਕ ਕਿ ਉਨ੍ਹਾਂ ਦੇ ਸਿਰਾਂ ਦਾ ਮੁੱਲ ਵੀ ਪਾਇਆ। ਹੁਣ ਹਿਮਾਚਲ ਪ੍ਰਦੇਸ਼ ਦਾ ਹਿਸਾ ਬਣੇ ਪਹਾੜ ਉਦੋਂ ਪੰਜਾਬ ਵਿਚ ਹੀ ਹੁੰਦੇ ਸਨ। ਕਹਿਰ ਵਿਚ ਆਏ ਮੀਰ ਮੰਨੂੰ ਨੇ ਪਹਾੜੀ ਰਾਜਿਆਂ ਨੂੰ ਵੀ ਹੁਕਮ ਚਾੜ੍ਹਿਆ ਸੀ ਕਿ ਉਨ੍ਹਾਂ ਦੇ ਹਲਕੇ ਵਿਚ ਜਿੱਥੇ ਕਿਤੇ ਵੀ ਕੋਈ ਸਿੱਖ ਮਿਲੇ ਉਸ ਨੂੰ ਫੜ ਕੇ ਲਾਹੌਰ ਪਹੁੰਚਦਾ ਕੀਤਾ ਜਾਵੇ। ਬੱਚਿਆਂ ਦੇ ਟੁੱਕੜੇ ਮਾਵਾਂ ਦੀਆਂ ਝੋਲੀਆਂ ਵਿੱਚ ਪਾਉਣ ਦਾ ਕਹਿਰ ਵੀ ਇਸੇ ਨੇ ਹੀ ਵਰਤਾਇਆ ਸੀ ' ਜਿਸ ਵਾਸਤੇ ਸਿਖ ਅਰਦਾਸ ਵਿਚ ਇਸ ਨੂੰ ਹੁਣ ਤੱਕ ਕੋਸਦਿਆਂ ਉਨ੍ਹਾਂ ਵੀਰਾਂਗਣਾਂ ਮਾਵਾਂ ਦੀ ਸਿਦਕ ਸਬੂਤੀ ਨੂੰ ਯਾਦ ਕਰ ਕੇ ਇਕ ਤਰ੍ਹਾਂ ਨਾਲ ਸ਼ਰਧਾਂਜਲੀ ਵੀ ਪੇਸ਼ ਕੀਤੀ ਜਾਂਦੀ ਹੈ ਤੇ ਵਰਤਮਾਨ ਪੀੜ੍ਹੀ ਨੂੰ ਉਜੇਹਾ ਚਰਿਤਰ ਗ੍ਰਹਿਣ ਕਰਨ ਦੀ ਪ੍ਰੇਰਨਾ ਵੀ ਦਿੱਤੀ ਜਾਂਦੀ ਹੈ।

1. Chhabra.G.S. Advanced History of the Punjab. Jullundur, 1971.p-395-96

Namdhari Elibrary NamdhariElibrary@gmail.com

ਮੀਰ ਮੰਨੂੰ ਸਿੱਖਾਂ ਦਾ ਧਰਤੀ ਤੋਂ ਸਫਾਇਆ ਕਰਨ ਦਾ ਕੋਝਾ ਤਰੱਗਤ ਕਰਦਾ ਸੀ ਪਰ ਸਿੱਖਾਂ ਨੂੰ ਮਿੱਟੀ ਹੋਰ ਲੱਗੀ ਹੋਈ ਸੀ ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ ਅੰਮ੍ਰਿਤੀ ਅਨੁਸ਼ਾਸਨ ਦੀ ਖਾਦ ਨਾਲ ਉਪਜਾਊ ਬਣਾਇਆ ਹੋਇਆ ਸੀ ਜਿਸ ਕਰ ਕੇ ਸਿਖ ਖਤਮ ਨਾ ਹੋ ਸਕੇ। ਮੰਨੂੰ ਦਾ ਤਸ਼ੱਦਦ ਜਿੰਨਾ ਵਧਦਾ ਉਹ ਸਗੋਂ ਉਨਾਂ ਹੋਰ ਖੁੰਬਾਂ ਵਾਂਗ ਵਧਦੇ ਜਾਂਦੇ। ਉਨ੍ਹੀਂ ਦਿਨੀ ਉਨ੍ਹਾਂ ਨੇ ਇਕ ਦੋਹਿਰਾ ਘੜਿਆ ਸੀ:

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ।
ਜਿਉਂ ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ।

ਮੰਨੂੰ ਦਾ ਜਨਮ ਭਾਵੇਂ ਕਿਤੇ ਦਾ ਹੋਵੇ ਪਿਛਾ-ਅਸਲਾ ਉਹਦਾ ਪੱਛਮੀ ਹੀ ਸੀ। ਸਾਡੀ ਅੱਜ ਦੀ ਵਿਚਾਰ ਦਾ ਪਾਤਰ ਮੰਨੂੰ ਉਸ ਤੋਂ ਕਰੀਬ ਇੱਕ ਸਦੀ ਪਿੱਛੋਂ ਨਾਮਧਾਰੀ ਅੰਦੋਲਨ ਦੌਰਾਨ ਸਰਗਰਮ ਹੋਇਆ। ਉਹਦੇ ਬਾਪ ਦਾ ਪਿੱਛਾ ਵੀ ਪੱਛਮ ਹੀ ਸੀ ਪਰ ਪੰਜਾਬੀ ਵਿੱਚ ਇਸ ਨੂੰ ਦੋਗਲਾ ਕਿਹਾ ਜਾਣਾ ਅਨੁਚਿਤ ਨਹੀਂ ਹੋਵੇਗਾ। ਟੀਚਾ ਇਸ ਦਾ ਵੀ ਉਹੀ ਸੀ ਅਰਥਾਤ ਨਾਮਧਾਰੀ ਸਿੱਖਾਂ ਦਾ ਪੰਜਾਬ ਦੀ ਧਰਤੀ ਤੋਂ ਸਫਾਇਆ ਕਰਨਾ।

ਇਸ ਲੇਖਕ ਨੂੰ ਇਸ ਦੇ ਮੂਲ ਮੁਢ ਬਾਰੇ ਪਹਿਲ ਪ੍ਰਥਮੇ ਪਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਉਪਦੇਸ਼ ਵਿੱਚੋਂ ਲੱਗਾ। ਉਨ੍ਹਾਂ ਅਨੁਸਾਰ ਇਹਦਾ ਜਨਮ ਕਸ਼ਮੀਰੀ ਮਾਂ ਦੇ ਪੇਟੋਂ ਹੋਇਆ ਸੀ [1] ਤੇ ਚਰਿਤਰ ਦਾ ਇਹ ਬਹੁਤ ਘਟੀਆ ਸੀ। ਭਾਰਤੀ ਲੋਕ ਵੀਹਵੀਂ ਸਦੀ ਦੇ ਅੰਤ ਤੱਕ ਵੀ ਜੰਗਲ ਪਾਣੀ ਬਾਹਰ ਖੁੱਲ੍ਹੇ ਖੇਤਾਂ ਵਿੱਚ ਜਾਇਆ ਕਰਦੇ ਸਨ। ਸਾਡਾ ਇਹ ਮੰਨੂੰ ਰਾਤ ਨੂੰ ਅਪਰਾਧ ਦਾ ਸੁਰਾਗ ਕੱਢਣ ਦੇ ਖਿਆਲ ਨਾਲ ਬਾਹਰ ਜੰਗਲ ਪਾਣੀ ਕਰਨ ਗਈਆਂ ਮਾਈਆਂ
ਬੀਬੀਆਂ ਵਿਚਕਾਰ ਔਰਤਾਂ ਦਾ ਭੇਸ ਬਣਾ ਕੇ ਜਾ ਬੈਠਦਾ ਸੀ। ਇਸ ਦੀ ਮਾਂ ਦਾ ਕਸ਼ਮੀਰੀ ਹੋਣਾ ਸਹੀ ਨਹੀਂ। ਸਤਿਗੁਰੂ ਜੀ ਨੂੰ ਜਾਣਕਾਰੀ ਦੇਣ ਵਾਲੇ ਵਿਅਕਤੀ ਨੇ ਕਿਸੇ ਭੁਲੇਖੇ ਵਿਚ ਗਲਤ ਗੱਲ ਦੱਸ ਦਿੱਤੀ ਜਾਪਦੀ ਹੈ।

ਨਾਮਧਾਰੀ ਇਤਿਹਾਸ ਦੇ ਇਸ ਮੀਰ ਮੰਨੂੰ ਦਾ ਅਸਲ ਨਾਂ ਸੀ ਜਾਹਨ ਪਾਲ ਵਾਰਬਰਟਨ। ਪੰਜਾਬੀਆਂ ਨੇ ਆਪਣੀ ਆਦਤ ਅਨੁਸਾਰ ਇਸ ਦੇ ਨਾਂ ਨੂੰ ਵੀ ਘੜ ਕੇ ਛੋਟਾ ਕਰ ਕੇ ਬਾਰਬਟਨ ਬਣਾ ਲਿਆ ਸੀ ਤੇ ਇਹ ਇਸ ਤੋਂ ਵੀ ਛੋਟਾ ਬਟਨ ਸਾਹਿਬ ਕਰ ਕੇ ਵੀ ਜਾਣਿਆਂ ਜਾਂਦਾ ਰਿਹਾ। ਇਸ ਦੇ ਨਾਂ ਤੋਂ ਇਸ ਦੇ ਅੰਗਰੇਜ਼ ਹੋਣ ਦਾ ਭੁਲੇਖਾ ਬਹੁਤੇ ਲੋਕਾਂ ਨੇ ਖਾਧਾ ਹੋਵੇਗਾ ਪਰ ਨਾ ਇਹ ਅੰਗਰੇਜ਼ ਸੀ ਤੇ ਨਾ ਹੀ ਇਹਨੇ ਕਦੇ ਇੰਗਲੈਂਡ ਦੇਖਿਆ ਸੀ, ਇਸ ਨੂੰ ਕੇਵਲ ਅੰਗਰੇਜ਼ਾਂ ਵਾਲਾ ਨਾਂ ਦਿੱਤਾ ਗਿਆ ਸੀ ਜਿਸ ਦਾ ਕਾਰਨ ਲੱਭ ਸਕਣਾ ਹੁਣ ਅਸੰਭਵ ਜਿਹਾ ਜਾਪਦਾ ਹੈ।

ਬਾਰਬਰਟਨ ਦੇ ਜਨਮ ਤੇ ਮਾਪਿਆਂ ਦੀ ਕਹਾਣੀ ਵੀ ਅਸਚਰਜ ਤੇ ਦਿਲਚਸਪ ਹੈ। ਇਸ ਦੀ ਮਾਂ ਸ਼ਾਹਜਹਾਨ ਬੇਗਮ ਸੀ ਜਿਹਦਾ ਨਾਤਾ ਕਾਬਲ ਦੇ ਬਾਦਸ਼ਾਹ ਸ਼ਾਹਸ਼ੁਜਾਹ ਨਾਲ ਜੁੜਦਾ ਸੀ ਤੇ ਜਿਹੜੀ ਪਹਿਲਾਂ ਅਮੀਰ ਦੋਸਤ ਮੁਹੰਮਦ ਖਾਂ ਦੇ ਦਰਬਾਰ ਵਿਚ ਉੱਚ ਅਹੁਦੇ ਦੇ ਮਾਲਕ ਸਰਦਾਰ ਫੈਜ਼ ਤਲਬ ਖਾਂ ਨਾਲ ਨਿਕਾਹੀ ਗਈ ਸੀ। ਅੰਗਰੇਜ਼ 1839 ਵਿਚ ਕਾਬਲ ਦਾਖਲ ਹੋ ਚੁੱਕੇ ਸਨ। ਬਾਰਬਰਟਨ ਦਾ ਜਨਮ ਅਫਗਾਨਿਸਤਾਨ ਵਿਚ 28 ਅਗਸਤ 1840 ਨੂੰ ਹੋਇਆ। ਇਸ ਦਾ ਜਨਮ ਦਾ ਨਾਂ ਜਹਾਨ ਦਾਦ ਖਾਂ ਸੀ। ਕਾਬਲ ਵਿਚ ਅੰਗਰੇਜ਼ਾਂ ਦਾ ਕਤਲੇਆਮ ਹੋਇਆ ਜਿਹੜਾ ਇਤਿਹਾਸ ਵਿਚ ਪ੍ਰਸਿੱਧ ਹੈ। ਅਫਗਾਨੀ ਲੋਕ ਸ਼ਾਹਜਹਾਨ ਬੇਗਮ ਦੀ ਵੀ ਭਾਲ ਵਿਚ ਸਨ। ਇਸ ਤੋਂ ਸ਼ੱਕ ਪੈਂਦਾ ਹੈ ਕਿ ਇਸ ਦਾ ਅੰਗਰੇਜ਼ਾਂ ਪ੍ਰਤੀ ਰਵੱਈਆ ਅਫਗਾਨ ਵਿਰੋਧੀ ਹੋਵੇਗਾ। ਛੇਤੀ ਹੀ ਬੇਗਮ ਨੂੰ ਸਰਦਾਰ ਨੇ ਤਲਾਕ ਦੇ ਦਿੱਤਾ। ਉਥੋਂ ਇਨ੍ਹਾਂ ਦੋਹਾਂ ਮਾਂ-ਪੁੱਤਾਂ ਨੂੰ ਤੋਪਖਾਨੇ ਦੇ ਝੰਡਾਬਰਦਾਰ ਅੰਗਰੇਜ਼ ਰਾਬਰਟ ਬਾਰਬਰਟਨ ਨੇ ਚੋਰੀਂ ਛਿਪੇ ਕੱਢਿਆ।

ਸ਼ਾਹਜਹਾਨ ਬੇਗਮ ਦੇ ਬਾਪ ਅਬਦੁਲ ਰਹੀਮ ਖਾਂ ਨੇ ਨਵੰਬਰ 1840 ਵਿਚ ਰਾਬਰਟ ਬਾਰਬਰਟਨ ਨਾਲ ਪੂਰੀਆਂ ਇਸਲਾਮੀ ਰਸਮਾਂ ਨਾਲ ਇਸ ਦਾ ਨਿਕਾਹ ਕਰ ਦਿੱਤਾ ਤੇ ਹੋਰਨਾਂ ਵਸਤਾਂ ਦੇ ਨਾਲ ਨਾਲ ਬੇਗਮ ਨੂੰ 'ਮੇਹਿਰ' ਵਜੋਂ ਛੇ ਲੱਖ ਰੁਪਿਆ ਦਿੱਤਾ। ਇਸ ਮੌਕੇ ਤਿੰਨ ਅੰਗਰੇਜ਼ ਬਰਨਜ਼, ਸਟੂਡ ਤੇ ਜੈਨਕਨ ਸਾਹਿਬ ਹਾਜ਼ਿਰ ਸਨ ਜਿਨ੍ਹਾਂ ਨੇ ਵਾਰਬਰਟਨ ਵੱਲੋਂ ਬੇਗਮ ਨਾਲ ਸਹੀ ਵਿਵਹਾਰ ਕੀਤੇ ਜਾਣ ਦਾ ਜ਼ਿੰਮਾ ਚੁੱਕਿਆ।[2] ਬੇਗਮ ਦੇ ਪੇਟੋਂ ਦੂਜੇ ਬੱਚੇ ਨੇ 11 ਜੁਲਾਈ 1842 ਨੂੰ ਜਨਮ ਲਿਆ ਜਿਸ ਦਾ ਨਾਂ ਪਿਤਾ ਦੇ ਨਾਂ ਤੇ ਰਾਬਰਟ ਰਖਿਆ ਗਿਆ।

ਮਜ਼ੇਦਾਰ ਗੱਲ ਇਹ ਹੈ ਕਿ ਜਹਾਨ ਦਾਦ ਖਾਂ ਦਾ ਜਨਮ ਅਗਸਤ 1840 ਵਿਚ ਹੋਇਆ। ਬੇਗਮ ਦਾ ਦੂਜਾ

---

1. ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼
2. **Marriage Deed of Warburton and Shah Jahan Begum. 1840.**

Namdhari Elibrary NamdhariElibrary@gmail.com

ਨਿਕਾਹ ਨਵੰਬਰ 1840 ਵਿਚ ਹੋਇਆ। ਬਾਰਬਰਟਨ ਨੂੰ ਆਪਣਾ ਮੁਹਾਂਦਰਾ ਰਾਬਰਟ ਨਾਲ ਮਿਲਦਾ ਵੀ ਜਾਪਦਾ ਸੀ । ਜਿਸ ਦਾ ਭਾਵ 'ਮਾਂ ਪੁਰ ਧੀ ਪਿਤਾ ਪੁਰ ਘੋੜਾ। ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ' ਦੀ ਪੰਜਾਬੀ ਕਹਾਵਤ ਅਨੁਸਾਰ ਉਸ ਨੂੰ ਰਾਬਰਟ ਦਾ ਪੁੱਤਰ ਹੋਣ ਦਾ ਸ਼ੱਕ ਪੈ ਚੁੱਕਾ ਸੀ। ਪ੍ਰਸਥਿਤੀਆਂ ਦੀ ਗਵਾਹੀ ਅਨੁਸਾਰ ਬੇਗਮ ਤੇ ਰਾਬਰਟ ਬਾਰਬਰਟਨ ਦੇ ਅਯੋਗ ਸਬੰਧ ਪਹਿਲਾਂ ਹੀ ਬਣ ਚੁੱਕੇ ਸਨ ਤੇ ਅਸਲ ਵਿੱਚ ਬਾਰਬਰਟਨ ਉਨ੍ਹਾਂ ਦਾ ਹੀ ਨਾਜਾਇਜ਼ ਪੁੱਤਰ ਸੀ। ਸਰਦਾਰ ਫੈਜ਼ ਤਲਬ ਤੇ ਰਾਬਰਟ-ਦੋਹਾਂ ਵਿਚੋਂ ਕੋਈ ਵੀ ਉਸ ਦਾ ਬਾਪ ਬਣਨ ਨੂੰ ਤਿਆਰ ਨਹੀਂ ਸੀ। ਇੱਥੋਂ ਤੱਕ ਕਿ ਰਾਬਰਟ ਨੇ ਜਹਾਨ ਦਾਦ ਖਾਂ ਦੀ ਸਿੱਖਿਆ ਆਦਿ ਵੱਲ ਵੀ ਕੋਈ ਧਿਆਨ ਨਹੀਂ ਸੀ ਦਿੱਤਾ। ਸਰਦਾਰ ਵਲੋਂ ਬੇਗਮ ਨੂੰ ਤਲਾਕ ਦਿੱਤੇ ਜਾਣ ਅਤੇ ਜਹਾਨ ਦਾਦ ਨੂੰ ਆਪਣਾ ਪੁੱਤਰ ਨਾ ਮੰਨਣ ਅਤੇ ਰਾਬਰਟ ਵੱਲੋਂ ਮਾਂ-ਪੁੱਤਰਾਂ ਨੂੰ ਅਫਗਾਨਿਸਤਾਨ ਵਿੱਚੋਂ ਕੱਢ ਕੇ ਲਿਆਉਣ ਪਿੱਛੇ ਕਾਰਨ ਦੋਹਾਂ ਦੇ ਪ੍ਰਸਪਰ ਅਯੋਗ ਸਬੰਧ ਹੀ ਸਾਬਤ ਹੁੰਦੇ ਹਨ। ਪੰਜਾਬੀ ਵਿਚ ਇਸ ਤਰ੍ਹਾਂ ਦੀ ਔਲਾਦ ਲਈ ਸ਼ਬਦ ਹਰਾਮਦਾ ਪ੍ਰਯੋਗ ਕੀਤਾ ਜਾਂਦਾ ਹੈ।

ਜਹਾਨ ਦਾਦ ਖਾਂ ਦਾ ਨਾਂ ਬਦਲ ਕੇ ਜਾਹਨ ਪਾਲ ਬਾਰਬਰਟਨ ਰੱਖ ਦਿੱਤਾ ਗਿਆ। ਇਹ ਉਦਮ ਸ਼ਾਇਦ ਮਾਂ ਨੇ ਹੀ ਕੀਤਾ ਹੋਵੇ। ਜਾਹਨ ਪਾਲ ਇਕ ਅਨੁਮਾਨ ਅਨੁਸਾਰ 1864 ਵਿਚ ਪੰਜਾਬ ਪੁਲਸ ਵਿੱਚ ਲਾਹੌਰ ਭਰਤੀ ਹੋ ਗਿਆ। ਅਨੁਮਾਨ ਹੈ ਕਿ ਛੇ ਸੱਤ ਸਾਲਾਂ ਵਿਚ ਉਹ ਤਰੱਕੀ ਕਰ ਕੇ ਖੁਫੀਆ ਪੁਲਸ ਕਰਮਚਾਰੀ ਬਣ ਗਿਆ ਸੀ।

ਇਸ ਲੇਖਕ ਵੱਲੋਂ ਹੁਣ ਤੱਕ ਪੜ੍ਹੇ ਨਾਮਧਾਰੀ ਜਾਂ ਅੰਮ੍ਰਿਤਸਰ ਦੇ ਬੁੱਚੜਬਧ ਦੇ ਮੁਕੱਦਮੇ ਦੇ ਇਤਿਹਾਸਾਂ ਵਿਚ ਬਾਰਬਰਟਨ ਦਾ ਨਾਂ ਪੜ੍ਹਨ ਵਿਚ ਨਹੀਂ ਆਇਆ। ਅੰਮ੍ਰਿਤਸਰ ਵਿੱਚ ਨਿਰਦੋਸ਼ ਹਿੰਦੂ ਸਿੱਖਾਂ ਨਾਲ ਕੀਤੀਆਂ ਪੁਲਸ ਕਰਤੂਤਾਂ ਵਿੱਚ ਮੁਖ ਸੂਹੀਏ ਕ੍ਰਿਸ਼ਟੀ ਦਾ ਨਾਂ ਹੀ ਅੱਗੇ ਆਉਂਦਾ ਹੈ। ਹੋ ਸਕਦਾ ਹੈ ਬਾਰਬਰਟਨ ਉਸ ਦਾ ਸਹਾਇਕ ਜਾਂ ਅਜੇ ਉਸ ਤੋਂ ਵੀ ਥੱਲੇ ਦਾ ਕਰਮਚਾਰੀ ਹੋਵੇ। ਝੂਠੇ ਮੁਕੱਦਮੇ ਵਿਚ ਨਿਰਦੋਸ਼ਾਂ ਨੂੰ ਫਸਾਉਣ ਬਦਲੇ ਪਤਾ ਲਗਣ ਤੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਅੰਮ੍ਰਿਤਸਰ ਪੁਲਸ ਨੂੰ ਕੋਸਿਆ' ਵੀ ਸੀ ਤੇ ਕ੍ਰਿਸਟੀ ਜੋ ਉਦੋਂ ਛੁੱਟੀ ਕੱਟਣ ਇੰਗਲੈਂਡ ਗਿਆ ਹੋਇਆ ਸੀ, ਵਾਪਸ ਆਉਣ ਤੇ ਜਵਾਬ ਤਲਬੀ ਵੀ ਉਸੇ ਦੀ ਕੀਤੀ ਸੀ।

ਅੰਮ੍ਰਿਤਸਰ ਦੇ ਸਾਕੇ ਨਾਲ ਬਾਰਬਟਨ ਦੇ ਸਬੰਧ ਦਾ ਸ਼ੱਕ ਇਸ ਕਰ ਕੇ ਪੈਂਦਾ ਹੈ ਕਿ ਪੰਜਾਬ ਦੇ ਪਿੱਛੋਂ ਜਾ ਕੇ ਬਣੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਨੇ ਆਪਣੀ ਪੁਸਤਕ ਵਿਚ ਜ਼ਿਕਰ ਕੀਤਾ ਹੈ ਕਿ ਜਦੋਂ ਉਹ ਰੂਸ ਦੇ ਸ਼ਹਿਰ ਤਾਸ਼ਕੰਦ ਗਏ ਸਨ ਤਦ ਉੱਥੇ ਉਸ ਨੂੰ ਇੱਕ ਪੰਜਾਬੀ ਸਿੱਖ ਮਿਲਿਆ ਜਿਸ ਨੇ ਉਸ ਨੂੰ ਬਾਰਬਟਨ ਦੇ ਅਜੇ ਵੀ ਅੰਮ੍ਰਿਤਸਰ ਹੋਣ ਬਾਰੇ ਪੁੱਛਿਆ ਸੀ। ਜਦੋਂ ਉਡਵਾਇਰ ਨੇ ਉਸ ਨੂੰ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਸੀ ਕਿ ਉਹ ਅੰਮ੍ਰਿਤਸਰ ਬੁੱਚੜਬਧ ਮੁਕੱਦਮੇ ਵਿਚੋਂ ਭਗੌੜਾ ਹੋ ਕੇ ਤਾਸ਼ਕੰਦ ਆਇਆ ਹੋਇਆ ਹੈ ਕਿਉਂਕਿ ਉਥੇ ਪੁਲਸ ਬੁੱਚੜਾਂ ਦੇ ਕਾਤਲ ਵਜੋਂ ਇਸ ਦੀ ਭਾਲ ਵਿਚ ਸਰਗਰਮ ਹੈ। ਸੰਭਵ ਹੈ ਕਿ ਇਹ ਝੰਡਾ ਸਿੰਘ ਠੱਠੇਵਾਲਾ ਹੀ ਹੋਵੇ।

ਬਾਰਬਟਨ ਦੇ ਵਾਰਸਾਂ ਨੇ ਉਸ ਦੇ ਨਿੱਜੀ ਕਾਗਜ਼ ਪੱਤਰ ਅਗਨੀ ਭੇਟ ਕਰ ਕੇ ਨਾਮਧਾਰੀ ਇਤਿਹਾਸ ਖੋਜੀਆਂ ਦਾ ਕੰਮ ਕਠਨ ਕਰ ਦਿੱਤਾ। ਜਦੋਂ ਇਹ ਲੇਖਕ 1971 ਵਿਚ ਲੰਡਨ ਵਿਚ ਇਤਿਹਾਸ ਖੋਜ ਦਾ ਕਾਰਜ ਕਰ ਰਿਹਾ ਸੀ ਤਦ ਦਫਤਰ ਦੇ ਇੱਕ ਉੱਚ ਅਧਿਕਾਰੀ ਮਿਸਟਰ ਮੌਇਰ ਨੇ ਇਸ ਨੂੰ ਅਫਸਰਾਂ ਦੇ ਨਿੱਜੀ ਪੱਤਰ ਵਿਵਹਾਰ ਆਦਿ ਵੱਲ ਝਾਤ ਮਾਰਨ ਦੀ ਗੱਲ ਸੁਝਾਈ ਸੀ ਜਿਸ ਦੇ ਫਲਸਰੂਪ ਇਸ ਨੇ ਬਾਰਬਰਟਨ ਦੇ ਵਾਰਸਾਂ ਦਾ ਪਤਾ ਲਭ ਕੇ ਉਸ ਦੇ ਨਿਜੀ ਕਾਗਜ਼ ਦੇਖਣ ਦੀ ਇੱਛਾ ਪ੍ਰਗਟਾਈ ਤਾਂ ਬਾਰਬਟਨ ਦੇ ਪੋਤੇ ਨੇ ਦੱਸਿਆ ਸੀ ਕਿ ਉਸ ਦੀ ਮਾਂ ਨੇ ਉਹ ਸਭ ਕੁਛ ਅਗਨੀ ਭੇਟ ਕਰਵਾ ਦਿਤਾ ਸੀ।[2]

ਜੋ ਕੁਛ ਜਾਣਕਾਰੀ ਬਾਰਬਟਨ ਬਾਰੇ ਪ੍ਰਾਪਤ ਹੋ ਸਕੀ ਉਸ ਅਨੁਸਾਰ ਦੋ ਅੰਗਰੇਜ਼ ਅਹਿਲਕਾਰ ਮਾਈਕਲ ਉਡਵਾਇਰ ਤੇ ਲੂਈ ਡੇਨ ਤਾਸ਼ਕੰਦ (ਰੂਸ) ਗਏ ਸਨ। ਬੁਖਾਰਾ, ਸਮਰਕੰਦ ਤੇ ਤਾਸ਼ਕੰਦ ਵਿਚ ਹਿੰਦੁਸਤਾਨੀਆਂ ਦੀਆਂ ਚੰਗੀਆਂ ਬਸਤੀਆਂ ਸਨ ਜਿਨ੍ਹਾਂ ਵਿਚ ਪਿਸ਼ਾਵਰ ਤੇ ਰਾਵਲਪਿੰਡ ਦੇ ਮੁਸਲਮਾਨ, ਸਿੰਧ, ਭਰਾ ਤੇ ਸ਼ਕਰਪੁਰ ਤੋਂ ਹਿੰਦੂ, ਜਿਨ੍ਹਾਂ ਵਿੱਚ ਸਿੱਖਾਂ ਦਾ ਮਿਲਾਵਟ ਅੱਲ ਹੁੰਦੀ ਹੈ, ਸ਼ਾਮਲ ਸਨ। ਇਨ੍ਹਾਂ ਵਿੱਚੋਂ ਇੱਕ ਸਿੱਖ ਨਾਲ ਸਵਾਲ ਜਵਾਬ ਹੋਣ ਸਮੇਂ ਉਸ ਨੇ ਦੱਸਿਆ ਕਿ ਉਹ ਲਗਪਗ ਵੀਹ ਵਰ੍ਹੇ ਪਹਿਲਾਂ ਅੰਮ੍ਰਿਤਸਰ ਤੋਂ ਭਗੌੜਾ ਹੋਇਆ ਹੋਇਆ ਹੈ। ਕਿਉਂਕਿ ਸਿਰ ਫਿਰੇ ਕੂਕਿਆਂ ਵੱਲੋਂ ਬਹੁਤ ਸਾਰੇ ਬੁੱਚੜਾਂ ਦੇ ਕਤਲਾਂ ਵਿੱਚ ਕਾਤਲ ਹੋਣ ਦੀ ਸ਼ੱਕ ਵਿਚ ਪੁਲਸ ਉਸ ਦੀ ਭਾਲ ਵਿਚ ਹੈ। ਉਹਨੇ ਬੜੀ ਉਤਸੁਕਤਾ ਨਾਲ ਪੁੱਛਿਆ ਕਿ

1.Punjab Gzsette Extraordinary, 15.9.1871

2. Martineau.G.D., to Swaran Singh Sanehi, dated 7.10.1971.

Namdhari Elibrary NamdhariElibrary@gmail.com

ਕੀ (ਪ੍ਰਸਿੱਧ ਸੂਹੀਆ) ਬਾਰਬਟਨ ਅਜੇ ਵੀ ਅੰਮ੍ਰਿਤਸਰ ਵਿਚ ਹੀ ਹੈ? ਜਦੋਂ ਮੈਂ ਸ਼ਿਮਲੇ ਆ ਕੇ ਬਾਰਬਟਨ ਨੂੰ ਇਹ ਗੱਲ ਦੱਸੀ ਤਾਂ ਸੁਣ ਕੇ ਉਹ ਬਹੁਤ ਫੁੱਲਿਆ।"[1] ਨਾਮਧਾਰੀਆਂ ਪ੍ਰਤੀ ਉਸ ਦੇ ਮਨ ਵਿਚ ਇੰਨੀ ਜ਼ਹਿਰ ਭਰੀ ਹੋਣ ਪਿੱਛੇ ਹੋ ਸਕਦਾ ਹੈ ਅੰਮ੍ਰਿਤਸਰ ਬੁੱਚੜਬਧ ਮਾਮਲੇ ਵਿਚ ਪੁਲਸ ਅਸਲ ਦੋਸ਼ੀ ਲੱਭਣ ਤੋਂ ਅਸਮਰੱਥ ਰਹਿਣ ਕਰ ਕੇ ਨਿਰਦੋਸ਼ਾਂ ਨੂੰ ਕਾਤਲਾਂ ਵਜੋਂ ਅਪਰਾਧ ਦਾ ਇਕਬਾਲ ਕਰਵਾ ਕੇ ਫਾਂਸੀ ਦੇ ਰਸ ਵਲ ਤੋਰਨ ਦੇ ਅਸਫਲ ਜਤਨ ਦੇ ਫਲਸਰੂਪ ਝੱਲਣੀ ਪਈ ਨਮੋਸ਼ੀ ਵਿੱਚ ਇੱਕ ਕਾਰਨ ਹੋਵੇ। ਉਸ ਦੀਆਂ ਸਰਕਾਰੀ ਲਿਖਤਾਂ ਵਿੱਚ ਪ੍ਰਯੋਗ ਕੀਤੀ ਗਈ ਜ਼ਹਿਰੀਲੀ ਭਾਸ਼ਾ ਤੋਂ ਜਾਪਦਾ ਹੈ ਕਿ ਉਹ ਨਾਮਧਾਰੀਆਂ ਦਾ ਧਰਤੀ ਤੋਂ ਸਫਾਇਆ ਕਰਨ ਤੇ ਤੁੱਲਿਆ ਹੋਇਆ ਸੀ ਤੇ ਆਪਣੀ ਸਵਾਰਥ ਸਿਧੀ ਲਈ ਉਹ ਕਿਸੇ ਵੀ ਹੱਦ ਤੱਕ ਨਿਘਰ ਸਕਦਾ ਸੀ। ਉਸ ਦੀ ਸੋਚ ਜਿਵੇਂ ਰਾਤ ਦਿਨ ਨਾਮਧਾਰੀਆਂ ਦੁਆਲੇ ਹੀ ਘੁੰਮਦੀ ਰਹਿੰਦੀ ਹੋਵੇ।

ਸਹੀ ਮਿਤੀ ਨਾ ਮਿਲਣ ਕਾਰਨ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਬਾਰਬਟਨ 1873 ਵਿਚ ਲੁਧਿਆਣੇ ਸਹਾਇਕ ਪੁਲਸ ਕਪਤਾਨ ਦੀ ਨੌਕਰੀ ਤੇ ਆਇਆ ਕਿਉਂਕਿ 18 ਜਨਵਰੀ 1872 ਦੇ ਸਾਕੇ ਨਾਲ ਸਬੰਧਤ ਰਿਪੋਰਟਾਂ ਤਾਂ ਮੇਜਰ ਪਰਕਿਨਜ਼ ਦੀਆਂ ਹੀ ਲਿਖੀਆਂ ਹੋਈਆਂ ਸਨ।[2] ਉਸ ਦਾ ਵਤੀਰਾ ਨਾਮਧਾਰੀਆਂ ਪ੍ਰਤੀ ਬਹੁਤ ਨਰਮ ਸੀ।

ਬਾਰਬਰਟਨ ਬਾਰੇ ਇਹ ਪ੍ਰਸਿੱਧ ਸੀ ਕਿ ਉਹ ਪੁਲਸ ਦੀ ਸਰਕਾਰੀ ਵਰਦੀ ਬਹੁਤ ਘਟ ਪਹਿਨਦਾ ਸੀ। ਉਸ ਦੇ ਨਿੱਤ ਦੇ ਪਹਿਰਾਵੇ ਦਾ ਪਤਾ ਸ਼ਾਇਦ ਉਸ ਦੇ ਦਫਤਰ ਜਾਣ ਪਿਛੋਂ ਹੀ ਲੱਗਦਾ ਸੀ ਕਿਉਂਕਿ ਉਹ ਅਕਸਰ ਭੇਸ ਬਦਲ ਕੇ ਵਿਚਰਨ ਦਾ ਆਦੀ ਸੀ। ਇਕ ਵਾਰ ਅਜਿਹਾ ਵੀ ਹੋਇਆ ਕਿ ਕੋਈ ਸਾਧਾਰਨ ਵਿਅਕਤੀ ਆਪਣੇ ਆਪ ਨੂੰ ਬਾਰਬਰਟਨ ਦੱਸ ਕੇ ਸਾਧ ਦੇ ਭੇਸ ਵਿਚ ਲੋਕਾਂ ਤੋਂ ਮੱਥੇ ਟਿਕਵਾਉਂਦਾ ਰਿਹਾ ਪਰ ਜਦ ਅਸਲ ਬਾਰਬਟਨ ਨੂੰ ਪਤਾ ਲੱਗਾ ਤਦ ਉਸ ਨੂੰ ਭੱਜਣਾ ਪਿਆ ਸੀ।

ਲੁਧਿਆਣੇ ਆਉਣ ਤੱਕ ਬਾਰਬਟਨ ਕੁਆਰਾ ਹੀ ਸੀ। ਇੱਥੇ ਆਉਣ ਪਿੱਛੋਂ ਉਸ ਦਾ ਵਿਆਹ ਇਕ ਬਹੁਤ ਸੁੰਦਰ ਪਰ ਤਿੰਨ ਬੱਚਿਆਂ ਦੀ ਮਾਂ, ਵਿਧਵਾ ਮੇਰੀ ਨਾਲ ਲੁਧਿਆਣੇ ਵਿਚ ਹੀ ਹੋਇਆ। ਬੱਚਿਆਂ ਵਾਲੀ ਵਿਧਵਾ ਨਾਲ ਵਿਆਹ ਕਰਵਾਉਣ ਦੀ ਉਸ ਦੀ ਮਜਬੂਰੀ ਦਾ ਵੀ ਪਤਾ ਨਹੀਂ ਲੱਗ ਸਕਦਾ। ਪਰ ਇਹ ਮੇਰੀ ਨਾਮਧਾਰੀਆਂ ਲਈ ਵਰਦਾਨ ਸਾਬਤ ਹੋਈ।

ਕਈ ਵਾਰੀ ਕੁਦਰਤ ਅੱਗ ਤੇ ਪਾਣੀ ਦਾ ਮੇਲ ਕਰਵਾਉਣ ਦੀ ਹੱਦ ਤੱਕ ਹੈਰਾਨੀਜਨਕ ਕ੍ਰਿਸ਼ਮਾ ਕਰ ਦਿੰਦੀ ਹੈ। ਭਾਈ ਗੁਰਦਾਸ ਨੇ ਲਿਖਿਆ ਹੈ-ਘਰ ਹਰਨਾਖਸ ਦੈਤ ਦੇ ਕੁੱਲ ਕੱਲਰ ਕੰਵਲ ਭਗਤ ਪ੍ਰਹਿਲਾਦ। ਕੰਵਲ ਪਾਣੀ ਵਿਚ ਹੁੰਦਾ ਹੈ ਪਰ ਕੁਦਰਤ ਨੇ ਹਰਨਾਖਸ ਦੇ ਘਰ ਰੂਪੀ ਕੱਲਰ ਵਿੱਚ ਭਗਤ ਪੈਦਾ ਕਰ ਦਿਖਾਇਆ ਜਿਸ ਕਾਰਨ ਬਾਪ ਬੇਟਾ ਦੋਵੇਂ ਪ੍ਰਸਪਰ ਵਿਰੋਧੀ ਰਹੇ। ਬਾਰਬਟਨ ਦੇ ਵਿਆਹ ਵਿਚ ਵੀ ਇਹ ਕ੍ਰਿਸ਼ਮਾ ਹੋਇਆ।

ਮੇਰੀ ਦਾ ਸੁਭਾਉ ਬਾਰਬਟਨ ਦੇ ਕੁਰਖਤ ਤੇ ਕਰੂਰ ਸੁਭਾਉ ਤੋਂ ਬਿਲਕੁਲ ਉਲਟ ਸੀ। ਉਹ ਬੜੀ ਉਦਾਰ ਚਿਤ ਤੋਂ ਦਿਆਲੂ ਜ਼ਨਾਨੀ ਸੀ। ਬਾਰਬਟਨ ਦੇ ਰਹਾਇਸ਼ ਚੰਗੀ ਖੁਲ੍ਹੀ ਵੱਡੀ ਥਾਂ ਸੀ ਜਿਸ ਵਿਚ ਖੂਹ ਲੱਗਾ ਹੋਇਆ ਸੀ। ਜ਼ਿਲਾ ਪੱਧਰ ਦੇ ਅਫਸਰ ਦੇ ਨੌਕਰ ਚਾਕਰਾਂ ਦੀ ਗਿਣਤੀ ਵੀ ਬਹੁਤ ਸੀ ਤੇ ਬਹੁਤੇ ਸਨ ਵੀ ਕਸ਼ਮੀਰੀ ਮੁਸਲਮਾਨ। ਮੇਰੀ ਹਰ ਐਤਵਾਰ ਦੇ ਦਿਨ, ਦਾਲ ਚੌਲ ਬਣਾ ਕੇ ਘਰ ਵਿਚ ਆਏ ਮੰਗਤੇ ਫਕੀਰਾਂ ਨੂੰ ਵੰਡਦੀ। ਜੇ ਬਚ ਜਾਂਦੇ ਤਦ ਉਹ ਅਜਿਹੇ ਲੋੜਵੰਦਾਂ ਵਿੱਚ ਵੰਡਣ ਬਾਲਟੀਆਂ ਭਰ ਕੇ ਬਾਹਰ ਚਲੇ ਜਾਂਦੀ। ਜਦੋਂ ਉਹ 1889 ਵਿਚ ਪੂਰੀ ਹੋਈ ਤਾਂ ਕਹਿੰਦੇ ਹਨ ਉਸ ਦੇ ਜਨਾਜ਼ੇ ਪਿੱਛੇ ਜਾਣ ਵਾਲੇ ਨੜੋਏ ਦੇ ਜਲੂਸ ਦੀ ਲੰਬਾਈ ਕਰੀਬ ਇਕ ਮੀਲ ਲੰਬੀ ਸੀ ਜਿਸ ਵਿਚ ਬਹੁਤੀ ਗਿਣਤੀ ਉਨ੍ਹਾਂ ਮੰਗਤੇ ਫਕੀਰਾਂ ਦੀ ਹੀ ਸੀ।[3]

ਜਾਪਦਾ ਹੈ ਕਿ ਉਹ ਨਿਜੀ ਤੌਰ ਤੇ ਕੁਛ ਧਰਮ ਕਰਮ ਵਿਚ ਵੀ ਲਿਪਤ ਰਹਿੰਦੀ ਹੋਵੇਗੀ ਕਿਉਂਕਿ ਉਸ ਨੂੰ ਆਪਣੀ ਮੌਤ ਦਾ ਵੀ ਪੂਰਵ ਗਿਆਨ ਹੋ ਗਿਆ ਸੀ। ਉਸ ਦੇ ਪੇਟੋਂ ਸੱਤ ਬੱਚੇ ਪੈਦਾ ਹੋਏ ਸਨ। ਜਦੋਂ ਉਹ ਆਪਣੀਆਂ ਲੜਕੀਆਂ ਨੂੰ ਦੂਰੇਡੇ ਪੜ੍ਹਾਈ ਲਈ ਵਿਦਾ ਕਰ ਰਹੀ ਸੀ ਤਦ ਉਸ ਨੇ ਆਸ ਪ੍ਰਗਟਾਈ ਸੀ ਕਿ ਮਾਵਾਂ ਧੀਆਂ ਦਾ ਇਹ ਆਖਰੀ ਮੇਲਾ ਸੀ ਤੇ ਬਿਲਕੁਲ ਇਸੇ ਤਰ੍ਹਾਂ ਹੋਇਆ ਸੀ।

ਪੰਜਾਬੀ ਕਹਾਵਤ ਹੈ ਕਿ 'ਰਬ ਜਦ ਦਿੰਦਾ ਹੈ ਤਾਂ ਛੱਤ ਪਾੜ ਕੇ ਦਿੰਦਾ ਹੈ।' ਬਾਰਬਟਨ ਦੇ ਕੁਰਖਤ ਤੇ ਕਰੂਰ ਸੁਭਾ ਕਾਰਨ ਰਾਇਪੁਰ ਵਾਲੇ ਬਾਬਾ ਦਰਬਾਰਾ ਸਿੰਘ ਨੇ ਇਹ ਸੁਪਨੇ ਵਿਚ ਵੀ ਕਿਆਸ ਨਹੀਂ ਕੀਤਾ ਹੋਵੇਗਾ ਕਿ ਉਸੇ ਕੁਰਖਤ ਅਫਸਰ ਦੇ ਘਰੋਂ ਹੀ 'ਅਣਮੰਗਿਆਂ ਮੋਤੀ ਮਿਲੇ, ਮੰਗਿਆਂ ਮਿਲੇ ਨਾ ਭੀਖ' ਵਰਗੀ, ਸਰਕਾਰੀ ਸਖਤੀਆਂ ਦੇ ਮਾਰੇ ਤੇ ਵਿਛੋੜੇ ਕੁਠੇ ਗੁਰੂ ਸਮੇਤ ਸਿੱਖਾਂ ਨੂੰ ਬਹੁਤ ਸਾਰੀ ਰਾਹਤ ਮਿਲਣ ਦਾ ਅਚੰਭਾ ਵੀ ਹੋ ਸਕਦਾ ਹੈ। ਬਾਬਾ ਦਰਬਾਰਾ ਸਿੰਘ ਨੂੰ ਅਚਾਨਕ

---

1. O'Dwyre, Sir Michael, India As I Knew It, London, 1925, p-81
2.Nahar Singh, Guru Ram Singh and the Kuka Sikhs, Delhi.166, vol.ii
3.Martineau G.D controller of Devils.Dorset, England.n.d.

Namdhari Elibrary NamdhariElibrary@gmail.com

ਕਰੂਰ ਬਾਰਬਰਟਨ ਦੀ ਪਤਨੀ ਮੇਰੀ ਵੱਲੋਂ ਸਤਿਗੁਰੂ ਰਾਮ ਸਿੰਘ ਨਾਲ ਮਿਲਾਪ ਦਾ ਰਸਤਾ ਦੱਸਿਆ ਜਾਣਾ ਕੁਦਰਤ ਦਾ ਕ੍ਰਿਸ਼ਮਾ ਹੀ ਸੀ।[1]

ਮੇਰੀ ਬਾਰਬਰਟਨ ਵੱਲੋਂ ਦੱਸੇ ਥਹੁ ਪਤੇ ਤੇ ਅਮਲ ਕਰਦਿਆਂ ਸਭ ਤੋਂ ਪਹਿਲਾਂ ਰੰਗੂਨ ਲਈ ਕਮਰਕੱਸਾ ਬਾਬਾ ਦਰਬਾਰਾ ਸਿੰਘ ਨੇ ਹੀ ਲਾਇਆ ਤੇ ਭੇਸ ਬਦਲ ਕੇ ਜਾ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕੀਤੇ। ਗੁਰੂ ਜੀ ਦੇ ਰੰਗੂਨ ਹੋਣ ਦੀ ਸੂਹ ਨਿਕਲ ਜਾਣ ਤੇ ਨਾਮਧਾਰੀਆਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

"ਝਖੜੁ ਝਾਗੀ ਮੀਹੁ ਵਰਸੈ ਭੀ ਗੁਰੁ ਦੇਖਣ ਜਾਈ।
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ ਗੁਰਸਿਖੁ ਲੰਘਿ ਗੁਰ ਪਹਿ ਜਾਈ।"[2]

ਦੀ ਗੁਰਬਾਣੀ-ਪੰਕਤੀ ਕੇਵਲ ਇਨ੍ਹਾਂ ਨੇ ਹੀ ਸੱਚੀ ਕਰ ਕੇ ਦਿਖਾਈ। ਗੁਰੂ ਤੇ ਸਿੱਖ, ਦੋਹਾਂ ਵੱਲੋਂ ਮਿਲਣ ਤੇ ਵਿਚਾਰ ਵਟਾਂਦਰੇ ਦੀਆਂ ਜੁਗਤਾਂ ਕੱਢੀਆਂ ਗਈਆਂ। ਸਤਿਗੁਰੂ ਰਾਮ ਸਿੰਘ ਨੇ ਸਿੱਖਾਂ ਨੂੰ ਅੰਦਰ ਸਿਆਹੀ ਦੀ ਦਵਾਤ ਸੁੱਟਣ ਲਈ ਕਿਹਾ ਕਿ ਕਲਮ ਉਹ ਹੀ ਘੜ ਲੈਣਗੇ। ਪ੍ਰਸਪਰ ਪੱਤਰ ਵਿਵਹਾਰ ਚਾਲੂ ਹੋ ਗਿਆ ਜਿਸ ਨੂੰ ਅਸੀਂ ਹੁਕਮਨਾਮੇ ਕਹਿ ਕੇ ਸਤਿਕਾਰਦੇ ਹਾਂ। ਰੰਗੂਨ ਤੋਂ ਪਹਿਲਾ ਹੁਕਮਨਾਮਾ ਲਿਆਉਣ ਦਾ ਮਾਣ, ਬਾਬਾ ਦਰਬਾਰਾ ਸਿੰਘ ਨੂੰ ਹੀ ਪ੍ਰਾਪਤ ਹੋਇਆ।

ਗੁਰੂ ਦਰਸ਼ਨਾਂ ਹਿੱਤ ਰੰਗੂਨ ਨੂੰ ਜੇ ਤਾਂ ਕਦੇ ਕਦਾਈਂ ਕੋਈ ਟਾਵਾਂ ਵਿਰਲਾ ਸਿੱਖ ਜਾਂਦਾ ਤਦ ਗੱਲ ਸ਼ਾਇਦ ਇੰਨੀ ਨਾ ਵਿਗੜਦੀ ਪਰ ਗੁਰ ਦਰਸ਼ਨਾਂ ਦੇ ਮਾਮਲੇ ਵਿਚ ਸਿੱਖਾਂ ਦੀ ਬਿਹਬਲਤਾ ਆਦਿਕਾਲੀਨ ਹੈ। ਉਹ ਵਾਰ ਵਾਰ ਤੇ ਵਹੀਰਾਂ ਘਤ ਕੇ ਰੰਗੂਨ ਜਾਣ ਲੱਗ ਪਏ। ਉਦਾਹਰਣ ਵਜੋਂ ਫਰਜ਼ੀ ਨਾਂ ਨਥਾਣਾ ਸਿੰਘ ਰੱਖ ਕੇ ਰੰਗੂਨ ਜਾਣ ਵਾਲੇ ਤੇ ਹੁਕਮਨਾਮਿਆਂ ਸਮੇਤ ਅਗਸਤ 1880 ਵਿਚ ਫੜੇ ਗਏ ਗੁਮਟੀ ਰਿਆਸਤ ਨਾਭਾ ਦੇ ਧੰਨਾਂ ਸਿੰਘ ਨਾਲ 26 ਸਾਥੀ ਹੋਰ ਵੀ ਸਨ।[2]

ਹਰ ਸਿਖ ਦੀ ਇੱਛਾ ਹੁੰਦੀ ਕਿ ਉਸ ਨੂੰ ਗੁਰੂ ਸਾਹਿਬ ਹੁਕਮਨਾਮਾ ਲਿਖ ਕੇ ਦੇਣ। ਕਈ ਹੁਕਮਨਾਮਿਆਂ ਵਿੱਚ ਸਤਿਗੁਰੂ ਜੀ ਨੇ ਇਹ ਲਿਖਿਆ ਵੀ ਹੈ ਕਿ ਹੁਕਮਨਾਮੇ ਲਿਖਣ ਕਾਰਨ ਭਜਨ ਬਾਣੀ ਛੁੱਟ ਜਾਂਦਾ ਹੈ।[3] ਜਿਹੜਾ ਵੀ ਸਿੱਖ ਜਾਂਦਾ ਗੁਰੂ ਜੀ ਉਸ ਹੱਥ ਹੁਕਮਨਾਮੇ ਭੇਜ ਦਿੰਦੇ। ਇਨ੍ਹਾਂ ਹੁਕਮਨਾਮਿਆਂ ਦੀ ਗਿਣਤੀ ਵੀ ਕਈ ਵਾਰ ਖਤਰਨਾਕ ਹੋ ਜਾਂਦੀ। ਨਾਰਾਇਣ ਸਿੰਘ ਰੋਡਿਆਂ ਵਾਲੇ ਕੋਲੋਂ ਕਰੀਬ 28 ਹੁਕਮਨਾਮੇ ਫੜੇ ਗਏ।[4]ਮਾਈ ਅਤਰੀ ਕੋਲੋਂ ਵੀ ਚਾਰ ਲੰਬੇ ਤੇ ਛੇ ਪਰਚੀਆਂ ਦੇ ਰੂਪ ਵਿਚ ਬਾਰਬਟਨ ਦੇ ਹੱਥ ਲਗੇ।[5] ਅੰਮ੍ਰਿਤਸਰ ਵਾਲੇ ਬਾਬਾ ਸੱਦਾ ਸਿੰਘ ਨੇ ਆਪਣੀ ਅਣਛਪੀ ਲਿਖਤ ਵਿਚ 25 ਹੁਕਮਨਾਮੇ ਸੁਰੱਖਿਅਤ ਭੈਣੀ ਸਾਹਿਬ ਪੁਚਾਉਣ ਦਾ ਜ਼ਿਕਰ ਕੀਤਾ ਹੈ।[6]

ਸਾਰੇ ਸਰਕਾਰੀ ਰਿਕਾਰਡ ਵਿੱਚੋਂ ਅਜੇ ਤੱਕ ਅੰਗਰੇਜ਼ਾਂ ਦੀ ਇਸ ਭਾਵ ਦੀ ਲਿਖਤ ਨਹੀਂ ਮਿਲਦੀ, ਤੇ ਮਿਲ ਸੱਕਦੀ ਵੀ ਨਹੀਂ, ਕਿ ਨਾਮਧਾਰੀਆਂ ਨੂੰ ਸਤਿਗੁਰੂ ਰਾਮ ਸਿੰਘ ਦੇ ਰੰਗੂਨ ਵਿਚ ਕੈਦ ਕੀਤੇ ਜਾਣ ਦਾ ਪਤਾ ਕਿਵੇਂ ਲੱਗਾ? ਪਰ ਹੇਠਾਂ ਤੋਂ ਲੈ ਕੇ ਉਪਰ ਤੱਕ ਸਾਰਾ ਸਰਕਾਰੀ ਅਮਲਾ ਫੈਲਾ ਨਾਮਧਾਰੀਆਂ ਦੇ ਰੰਗੂਨ ਜਾਣ ਦੀਆਂ ਬੇਪਰਵਾਹੀਆਂ ਤੋਂ ਦੰਗ ਵੀ ਸੀ ਤੇ ਪਰੇਸ਼ਾਨ ਵੀ। ਉਹ ਇਸ ਸੱਚ ਦੇ ਸੇਕ ਨਾਲ ਲੋਹੇ ਲਾਖੇ ਹੋਏ ਪਏ ਸਨ ਕਿ ਨਾਮਧਾਰੀ ਰੋਕਿਆਂ ਰੁਕਦੇ ਨਹੀ, ਰੰਗੂਨ ਜਾਣੋਂ ਹਟਦੇ ਨਹੀਂ ਤੇ ਪਹਿਰੇਦਾਰਾਂ ਦੀ ਸਖਤੀ ਵੀ ਇਨ੍ਹਾਂ ਨੇ ਨਿਰਾਰਥਕ ਕਰ ਛੱਡੀ ਸੀ।

ਦਰਸ਼ਨ ਅਭਿਲਾਸ਼ੀਆਂ ਦੀਆਂ ਵਹੀਰਾਂ ਤੋਂ ਪੈਦਾ ਹੋ ਸਕਣ ਵਾਲੇ ਖਤਰੇ ਤੋਂ ਸਤਿਗੁਰੂ ਰਾਮ ਸਿੰਘ ਜੀ ਅਵੇਸਲੇ ਨਹੀਂ ਸਨ। ਜਿੰਨਾਂ ਚਿਰ ਸਿੱਖ ਰੰਗੂਨ ਤੋਂ ਸਹੀ ਸਲਾਮਤ ਨਿਕਲ ਨਾ ਜਾਂਦਾ ਉਨ੍ਹਾਂ ਨੂੰ ਉਸ ਦੀ ਸਲਾਮਤੀ ਤੇ ਸਰਕਾਰੀ ਕ੍ਰੋਪੀ ਦੀ ਚਿੰਤਾ ਲੱਗੀ ਰਹਿੰਦੀ। ਕਈ ਵਾਰ ਉਹ ਨਾਰਾਜ਼ ਵੀ ਹੁੰਦੇ। "ਸਾਨੂੰ ਚਿੰਤਾ ਖੜੀ ਹੋ ਜਾਂਦੀ ਹੈ। ਰਾਤਿ ਦਿਨੇ ਆਧੇ ਹੈਂ ਪ੍ਰਮੇਸਰ ਕਿਮੇ ਏਨਾਂ ਸਿੰਘਾਂ ਨੂੰ ਸੁਖ ਸਾਂਤ ਨਾਲ ਏਥੋਂ ਤੋਰੀਂ। ਇਕ ਜਾਂਦੇ ਹੈ ਇਕ ਓਨਾਂ ਦੇ ਪਿੱਛੇ ਆਇ ਜਾਂਦੇ

1, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼।

2. ਸ੍ਰੀ ਆਦਿ ਗ੍ਰੰਥਸਾਹਿਬ, ਪੰਨਾ-757

3. ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਜਵਾਲਾ ਦੇਈ ਦੇ ਨਾਂ

4. Warburton.J.P.S.P. Ludhiana to J.C.P. Baillie. IG.P. Punjab 19.7.1879

5 Warburton.J.P. to A.H. Bamfield. L.G.P. Punjab, 23.3.1881

6. ਭਾ:ਸੱਦਾ ਸਿੰਘ ਦੀ ਲਿਖਤ ਦਾ ਇਹ ਲੇਖਕ ਸੰਪਾਦਨ ਕਰ ਰਿਹਾ ਹੈ।

Namdhari Elibrary NamdhariElibrary@gmail.com

ਹੈ। ਦੋ ਡੂਢ ਮਹੀਨੇ ਪਿੱਛੇ ਚਿੰਤਾ ਬਣੀ ਰੈਦੀ ਹੈ ਸਾਨੂੰ।"[1]

ਲਾਲ ਸਿੰਘ ਗੁਮਟੀ ਤੇ ਨਰੈਣ ਸਿੰਘ ਰੋਡਿਆਂ ਵਾਲੇ ਰੰਗੂਨ ਗਏ। ਇਨ੍ਹਾਂ ਦੀ ਸੂਹ ਉਥੇ ਪੁਲਸ ਨੂੰ ਲੱਗ ਗਈ ਤੇ ਪਤਾ ਗੁਰੂ ਜੀ ਨੂੰ ਵੀ ਲੱਗ ਗਿਆ। 'ਤੁਸਾਡੀ ਮਾਮੀ ਹੋਇ ਗਈ। ਕਿਸੇ ਨੇ ਕਰਵਾਇ ਦਿਤੀ। ਸੋ ਏਨਾ ਹੁਣ ਬੜੀ ਤਕੜਾਈ ਕਰੀ ਹੋਈ ਹੈ। ਸੋ ਏਨਾ ਦੇ ਬੀ ਕੁਛ ਬਸ ਨਹੀਂ। ਜੇਹੜਾ ਗੋਰਾ ਹੈ, ਸਾਰੇ ਦੇਸ਼ਾਂ ਉਤੇ ਜਿਸ ਦਾ ਹੁਕਮ ਹੈ, ਓਸ ਦਾ ਲਿਖਾ ਹੁਕਮ ਏਥੇ ਕੰਧ ਦੇ ਨਾਲ ਲਾਇਆ ਹੈ ਜੋ ਕੋਈ ਆਦਮੀ ਏਸ ਦੇ ਨਾਲ ਬਾਤ ਕਰੇ ਤਾ ਓਸ ਨੂੰ ਕੈਦ ਕਰੋ. ..।[2] ਭਾਵੇਂ ਆਪ ਸੰਗਤ ਦੇ ਵਿਛੋੜੇ ਦਾ ਦੁੱਖ ਤਾਂ ਮਹਿਸੂਸ ਕਰਦੇ ਜਿਸ ਦਾ ਜ਼ਿਕਰ ਬਹੁਤੇ ਹੁਕਮਨਾਮਿਆਂ ਵਿਚ ਕੀਤਾ ਗਿਆ ਮਿਲਦਾ ਵੀ ਹੈ ਪਰ ਫੜਫੜਾਈ ਦਾ ਦੁੱਖ ਉਸ ਤੋਂ ਵੀ ਵੱਡਾ ਸਮਝ ਕੇ ਕਈ ਵਾਰ ਸਿੱਖਾਂ ਨੂੰ ਆਉਣੋਂ ਰੋਕਦੇ ਵੀ। 'ਅਗੇ ਏਥੇ ਆਏ ਹਾਂ ਖਾਲਸੇ ਦੇ ਭੇਜੇ, ਹੁਣਿ ਜੇ ਕਿਤੇ ਅਗੇ ਭੇਜਣਾ ਹੈ ਤਾਂ ਤੁਸੀਂ ਜਾਣੋ। ਜੇ ਅਛੀ ਕਰੇ ਖਾਲਸਾ ਤਾਂ ਏਥੇ ਆਉਣ ਦੀ ਬਾਤ ਨਾ ਕਰੋ।'[3]

ਬਰਮਾ ਵਿਚ ਸਤਿਗੁਰੂ ਰਾਮ ਸਿੰਘ ਦੇ ਵਾਰ ਵਾਰ ਕੈਦ ਸਥਾਨ ਬਦਲੇ ਜਾਣ ਦੇ ਦੋ ਮੁੱਖ ਕਾਰਨ ਸਨ ਸਿੰਘਾਂ ਦਾ ਵਹੀਰਾਂ ਦੀ ਸ਼ਕਲ ਵਿਚ ਤੇ ਵਾਰ ਵਾਰ ਜਾਣਾ ਤੇ ਭਾਰੀ ਗਿਣਤੀ ਵਿਚ ਹੁਕਮਨਾਮੇ ਲਿਆਉਣੇ। ਦੋਹਾਂ ਗੱਲਾਂ ਨੂੰ ਸਰਕਾਰ ਰਾਜਸੀ ਪੱਖੋਂ ਬਹੁਤ ਖਤਰਨਾਕ ਸਮਝਦੀ ਸੀ।

ਇਨ੍ਹਾਂ ਦਰਸ਼ਨਾਰਥੀਆਂ ਨੂੰ ਫੜਨ ਲਈ ਤਾਣ ਸਰਕਾਰ ਦਾ ਵੀ ਪੂਰਾ ਲਗਾ ਹੋਇਆ ਸੀ। ਕੁਛ ਸਿੱਖ ਹੁਕਮਨਾਮਿਆਂ ਸਮੇਤ ਫੜੇ ਵੀ ਗਏ। ਨਾਭਾ ਰਿਆਸਤ ਵਿਚ ਪੈਂਦੀ ਗੁਮਟੀ ਦੇ ਧੰਨਾਂ ਸਿੰਘ, ਜਿਹੜਾ ਨਥਾਣਾ ਸਿੰਘ ਦੇ ਫਰਜ਼ੀ ਨਾਂ ਹੇਠ ਰੰਗੂਨ ਗਿਆ ਸੀ, ਦੇ ਫੜੇ ਜਾਣ ਦਾ ਹਵਾਲਾ ਸਤਿਗੁਰੂ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਦੇ ਕੇ ਸਿੱਖਾਂ ਨੂੰ ਸਾਵਧਾਨ ਕੀਤਾ ਸੀ। ਕਈ ਹੋਰ ਵੀ ਬਰਮਾ ਵਿੱਚ ਫੜੇ ਗਏ ਤੇ ਕਈਆਂ ਕੋਲੋਂ ਪੰਜਾਬ ਪਹੁੰਚਣ ਪਿਛੋਂ ਮੁਖਬਰੀ, ਸੂਹ ਜਾਂ ਸ਼ੱਕ ਦੇ ਆਧਾਰ ਤੇ ਵੀ ਹੁਕਮਨਾਮੇ ਫੜੇ ਜਾਣ ਤੇ ਸਾਰਾ ਭਾਂਡਾ ਫੁੱਟ ਜਾਣ ਦਾ ਖਦਸ਼ਾ ਸਤਿਗੁਰੂ ਰਾਮ ਸਿੰਘ ਨੂੰ ਸੀ। ਉਹ ਸਿਖਾਂ ਨੂੰ ਅਕਸਰ ਹਦਾਇਤਾਂ ਕਰਦੇ ਰਹਿੰਦੇ ਕਿ ਹੁਕਮਨਾਮਿਆਂ ਨੂੰ ਕਿਵੇਂ ਸੰਭਾਲ ਕੇ ਲੈ ਜਾਣਾ ਹੈ। ਉਦਾਹਰਣ ਵਜੋਂ ਨੈਣਾ ਸਿੰਘ ਨੂੰ ਕਿਹਾ "ਪਿੰਡੇ ਨਾਲ ਲਗਾ ਕੇ ਨਾ ਜੋੜ ਲੈਣੀ ਪ੍ਰਸੀਨੇ ਕੇ ਸਾਥ।'[4] ਕੁੜਤੇ ਦੇ ਹੇਠਾਂ ਛੁਪਾ ਕੇ ਜੁ ਲੈ ਕੇ ਆਉਣਾ ਸੀ। ਭਾਈ ਨਾਰਾਇਣ ਸਿੰਘ ਨੂੰ ਸੁਚੇਤ ਕੀਤਾ 'ਅਰੁ ਹਰਿਦਾਸ ਦੇ ਅਖਰ ਨਾ ਜੁੜਿ ਜਾਣ। ਅਛੀ ਤਰਾਂ ਸਮਾਲ ਕੇ ਲੈ ਜਾਣੀਆਂ। ਵਡੀ ਮਿਣਤਿ ਨਾਲ ਲਿਖੀਆ ਹੈ ਭਜਨੁ ਬਾਣੀ ਛੱਡ ਕੇ।'[5] ਕਿਸੇ ਨੂੰ

ਕਿਹਾ ਪੜ੍ਹ ਕੇ ਸਾੜ ਦੇਣਾ ਜਾਂ ਪਾਣੀ ਵਿਚ ਗਾਲ ਦੇਣਾ ਆਦਿ।

ਸਤਿਗੁਰੂ ਰਾਮ ਸਿੰਘ ਦੇ ਸਿਖਾਂ ਵਿਚ ਅਨੁਸ਼ਾਸਨੀ ਦ੍ਰਿੜਤਾ ਬੇਮਿਸਾਲ ਸੀ। ਉਹ ਸਿਖ ਗੁਰੂ ਹਰੀ ਸਿੰਘ ਜੀ ਨੂੰ ਇਕ ਤਰ੍ਹਾਂ ਨਾਲ ਵਿਰਸੇ ਵਿਚ ਮਿਲੇ। ਇਸ ਅਨੁਸ਼ਾਸਨ ਦੀ ਲੁਧਿਆਣੇ ਦੇ ਪੁਲਸ ਕਪਤਾਨ ਮੇਜਰ ਪਰਕਿਨਜ਼ ਨੇ ਹੀ ਪਹਿਲੇ ਦੌਰ ਵਿਚ ਕਾਫੀ ਪ੍ਰਸ਼ੰਸਾ ਕੀਤੀ ਸੀ।[6] ਸੱਚੀ ਗੱਲ ਇਹ ਹੈ ਕਿ ਜੇ ਪਕਿਨਜ਼ ਨੇ ਇਹ ਕੰਮ ਨਾ ਕੀਤਾ ਹੁੰਦਾ ਤਦ ਸਾਡੇ ਕੋਲ ਇਹ ਗਲਾਂ ਜਾਨਣ ਦਾ ਹੋਰ ਕੋਈ ਸ੍ਰੋਤ ਨਹੀਂ ਸੀ ਰਹਿ ਜਾਣਾ।

ਗ੍ਰਹਿਣ ਪੂਰਨਮਾ ਦੇ ਚੰਦ ਨੂੰ ਹੀ ਲੱਗਦਾ ਹੁੰਦਾ ਹੈ। ਇਨਾਂ ਕੁਛ ਹੋਣ ਦੇ ਬਾਵਜੂਦ ਵੀ ਨਾਮਧਾਰੀ ਪੰਥ ਵਿਚ ਕੁਛ ਕਾਲੀਆਂ ਭੇਡਾਂ ਵੀ ਪੈਦਾ ਹੋਈਆਂ ਜਾਂ ਸਰਕਾਰੀ ਅਨਸਰਾਂ ਨੇ ਆਪਣੀ ਲੋੜ ਪੂਰਤੀ ਲਈ ਕਰ ਲਈਆਂ। ਇਸ ਸਬੰਧ ਵਿਚ ਸਾਨੂੰ ਦੋਂਹ ਵਿਚੋਂ ਇਕ ਗੱਲ ਤਾਂ ਮੰਨਣੀ ਪਇਗੀ ਕਿ ਜਾਂ ਤਾਂ ਉਂਗਲਾਂ ਤੇ ਗਿਣੇ ਜਾਣ ਜੋਗੇ ਨਾਮਧਾਰੀ ਸਿੱਖਾਂ ਵਿੱਚ ਅਨੁਸ਼ਾਸਨੀ ਨਿਘਾਰ ਆ ਗਿਆ ਜਿਸ ਕਰ ਕੇ ਕਣਕ ਵਿਚ ਕਾਂਗਿਆਰੀ ਜੰਮ ਪਈ ਜਾਂ ਫਿਰ ਬਾਰਬਰਟਨ ਉਨ੍ਹਾਂ ਨਾਲੋਂ ਵਧ ਚੁਸਤ ਚਾਲਾਕ ਤੇ ਸਮਰੱਥ ਨਿਕਲਿਆ ਜਿਹੜਾ ਉਨ੍ਹਾਂ ਵਿਚੋਂ ਕਮਜ਼ੋਰ ਬੰਦੇ ਲਭ ਕੇ ਉਨ੍ਹਾਂ ਨੂੰ ਖਰੀਦ ਕੇ ਨਿਘਾਰਨ ਵਿਚ ਸਫਲ ਹੋ ਸਕਿਆ।

1.ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਜਵਾਲਾ ਦੇਈ ਦੇ ਨਾਂ।
2.ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਲਾਲ ਸਿੰਘ ਤੇ ਨਰੈਣ ਸਿੰਘ ਦੇ ਨਾਂ।
3.ਉਹੀ, ਸਾਉਣ ਸਿੰਘ ਆਦਿ ਦੇ ਨਾਂ।
4. ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਨੈਣਾ ਸਿੰਘ ਦੇ ਨਾਂ।
5.ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ (ਭਾਈ ਨਰੈਣ ਸਿੰਘ ਸੰਦਾ ਸਿੰਘ ਦੇ ਨਾਂ)
6.Home Deptt. Jdi B, October 1881, Nos.- 188-95

Namdhari Elibrary NamdhariElibrary@gmail.com

ਬਾਰਬਰਟਨ ਨੂੰ ਨਾਮਧਾਰੀਆਂ ਦੀਆਂ ਸਰਗਰਮੀਆਂ ਸਬੰਧੀ ਗੁਪਤ ਖਬਰਾਂ ਇਨ੍ਹਾਂ ਕਾਂਗਿਆਰੀਆਂ ਰਾਹੀਂ ਹੀ ਮਿਲਣ ਦੀ ਸ਼ੱਕ ਪੈਂਦੀ ਹੈ। ਉਹਨੇ ਇਕ ਈਸ਼ਰ ਸਿੰਘ ਚਮਾਰ ਦਾ ਨਾਂ ਤਾਂ ਕਈ ਥਾਈਂ ਲਿਖਿਆ ਹੈ।[1] ਇਕ ਹੋਰ ਪੱਕੇ ਨਾਮਧਾਰੀ ਦਾ ਨਾਂ ਲਏ ਬਗੈਰ ਲਾਟੋਂ ਨੇੜੇ ਢੱਕੀ ਵਿਚ ਨਾਮਧਾਰੀਆਂ ਦੀ ਹੋਈ ਗੁਪਤ ਇਕਤ੍ਰਤਾ ਦੀ ਸੂਹ ਉਸ ਕੋਲੋਂ ਲੱਗੀ ਹੋਣ ਦਾ ਜ਼ਿਕਰ ਵੀ ਉਹ ਕਰਦਾ ਹੈ।[2] ਈਸ਼ਰ ਸਿੰਘ ਤੇ ਉਸ ਦਾ ਬਾਪ ਸਤਿਗੁਰੂ ਰਾਮ ਸਿੰਘ ਦੇ ਵਿਸ਼ਵਾਸ ਪਾਤਰ ਸਿੱਖ ਸਨ ਜਿਹੜੇ ਪਿਉ-ਪੁੱਤਰ ਦੋਵੇਂ ਘੋੜਿਆਂ ਦੇ ਤਬੇਲੇ ਵਿੱਚ ਸੇਵਾਦਾਰ ਹੁੰਦੇ ਸਨ। ਈਸ਼ਰ ਸਿੰਘ ਨੂੰ ਕਿਸੇ ਦੁਰਵਿਵਹਾਰ ਕਾਰਨ ਡੇਰੇ ਵਿਚੋਂ ਕੱਢ ਦਿੱਤਾ ਗਿਆ । 'ਛਿਕਾ ਟੁਟਾ ਬਿੱਲੀ ਦੇ ਭਾਗੀਂ' ਦੀ ਅਖਾਣ ਅਨੁਸਾਰ ਈਸ਼ਰ ਸਿੰਘ ਨੂੰ ਬਾਰਬਰਟਨ ਨੇ ਸੰਭਾਲ ਲਿਆ। ਮੁਖਬਰੀਆਂ ਕਰਨ ਬਦਲੇ ਇਸ ਨੂੰ ਕੀ ਦਿੱਤਾ ਜਾਂਦਾ ਸੀ, ਇਹ ਗੱਲ ਗੁੱਝੀ ਰੱਖੀ ਗਈ ਪਰ 'ਸੁਕੀ' ਸੇਵਾ ਕੋਈ ਕਰ ਨਹੀਂ ਸਕਦਾ ਹੁੰਦਾ। 'ਤੇਲ ਤਮਾਂ ਜਿਸ ਨੂੰ ਮਿਲੇ ਤੁਰਤ ਨਰਮ ਹੋ ਜਾਇ।'

ਆਪਣੇ ਕੰਮ ਦੇ ਬੰਦੇ ਖਰੀਦਣੇ ਬਾਰਬਰਟਨ ਦੇ ਪੇਸ਼ੇ ਦਾ ਵੀ ਤੇ ਸੁਭਾਉ ਦਾ ਅੰਗ ਸੀ। 31 ਅਗਸਤ 1878 ਨੂੰ ਇੰਨਸਪੈਕਟਰ ਜਨਰਲ, ਪੰਜਾਬ ਪੁਲਸ, ਐਚ ਐਨ ਮੂਲਰ ਨੂੰ ਲਿਖੀ ਚਿੱਠੀ ਵਿਚ ਉਹਦੇ ਇਹ ਲਿਖਣ ਦਾ ਕਿ 'ਨਾਮਧਾਰੀਆਂ ਬਾਰੇ ਸੂਹਾਂ ਪ੍ਰਾਪਤ ਕਰਨ ਲਈ ਸਾਨੂੰ ਪੱਕੇ ਨਾਮਧਾਰੀਆਂ ਵਿਚੋਂ ਹੀ ਬੰਦੇ ਖਰੀਦਣੇ ਪੈਣਗੇ ਜੇ ਅਸੀਂ ਖਰੀਦ ਸਕੀਏ'[3] ਦਾ ਭਾਵ ਇਹ ਵੀ ਹੋ ਸਕਦਾ ਹੈ ਕਿ ਲੋੜੀਂਦੀਆਂ ਕਾਲੀਆਂ ਭੇਡਾਂ ਲਭਣ ਤੋਂ ਉਹ ਅਸਮਰੱਥ ਰਿਹਾ ਹੋਣ ਕਾਰਨ ਸੂਹਾਂ ਲੱਗਣ ਵਿਚ ਕਸਾਰਾ ਲੱਗਣ ਲੱਗ ਗਿਆ ਹੋਵੇ।

ਉਹਦੇ ਕੰਮ ਵਿਚ ਇਕ ਅੜਿੱਕਾ ਸਤਿਗੁਰੂ ਰਾਮ ਸਿੰਘ ਵਲੋਂ ਚਾਲੂ ਕੀਤਾ ਆਪਣਾ ਡਾਕ ਵਿਭਾਗ ਵੀ ਪਾਉਂਦਾ ਸੀ। ਇਹ ਸਤਿਗੁਰੂ ਜੀ ਦੇ ਦਿਮਾਗ ਦੀ ਕਾਢ ਸੀ ਜਿਸ ਨੇ ਬਹੁਤ ਦੇਰ ਤੱਕ ਨਾਮਧਾਰੀ ਸਰਗਰਮੀਆਂ ਨੂੰ ਸਰਕਾਰੀ ਨਜ਼ਰਾਂ ਤੋਂ ਬਚਾਈ ਰਖਿਆ। ਅਜਿਹੇ ਗੁਪਤ ਸਾਧਨ ਹਰ ਰਾਜਸੀ ਜਥੇਬੰਦੀ ਦਾ ਜ਼ਰੂਰੀ ਅੰਗ ਹੋਣੇ ਚਾਹੀਦੇ ਹਨ। ਅਸੀਂ ਦੇਖਦੇ ਹਾਂ ਕਿ ਇਤਿਹਾਸ ਵਿਚ ਕਈ ਕ੍ਰਾਂਤੀਕਾਰੀ ਜਥੇਬੰਦੀਆਂ ਆਪਣੇ ਟੀਚੇ ਤੇ ਪਹੁੰਚਣ ਤੋਂ ਅਸਫਲ ਹੀ ਇਸ ਕਰ ਕੇ ਰਹੀਆਂ ਕਿ ਉਨ੍ਹਾਂ ਦੀਆਂ ਕਾਰਵਾਈਆਂ ਗੁਪਤ ਨਹੀਂ ਸਨ ਰਹਿ ਜਾਂ ਰੱਖੀਆਂ ਜਾ ਸਕੀਆਂ ਜਿਵੇਂ ਗਦਰ ਪਾਰਟੀ।

ਇਕ ਪ੍ਰਸਿੱਧ ਸੂਹੀਆ ਹੋਣ ਦੇ ਨਾਤੇ ਬਾਰਬਟਨ ਨੇ ਨਾਮਧਾਰੀਆਂ ਦੀ ਸੰਦੇਸ਼ ਪ੍ਰਣਾਲੀ ਦਾ ਪਤਾ ਲਾ ਲਿਆ ਸੀ ਉਨ੍ਹਾਂ ਦਾ ਪੰਥ ਵਿੱਚ ਖਬਰਾਂ ਤੇ ਹਦਾਇਤਾਂ ਪਹੁੰਚਾਉਣ ਦਾ ਪ੍ਰਬੰਧ ਆਪਣੇ ਆਪ ਵਿਚ ਮੁਕੰਮਲ ਹੈ। ਉਦਾਹਰਣ ਵਜੋਂ ਚਾਰ ਕੂਕੇ ਕੂਕਿਆਂ ਦੇ ਨੇੜਲੇ ਪਿੰਡਾਂ ਨੂੰ ਚੌਹਾਂ ਦਿਸ਼ਾਵਾਂ ਵਿਚ ਭੇਜੇ ਜਾਂਦੇ ਹਨ ਜਿਥੋਂ ਸਜਰੀ ਟੋਲੀ ਤਦ ਤੱਕ ਅਗਿਉਂ ਅਗੇਰੇ ਤੁਰੀ ਜਾਂਦੀ ਰਹਿੰਦੀ ਹੈ ਜਦ ਤੱਕ ਹਰ ਉਸ ਪਿੰਡ ਵਿਚ ਜਿਥੇ ਕੋਈ ਕੂਕਾ ਰਹਿੰਦਾ ਹੈ, ਖਬਰ ਪਹੁੰਚ ਨਹੀਂ ਜਾਂਦੀ। ਸੰਦੇਸ਼ ਉਨ੍ਹਾਂ ਦੇ ਜ਼ਬਾਨੀ ਭੇਜੇ ਜਾਂਦੇ ਹਨ ਅਤੇ ਉਹ ਉਦੋਂ ਤੱਕ ਕਿਸੇ ਹੋਰ ਤੇ ਇਤਬਾਰ ਨਹੀਂ ਕਰਦੇ ਜਦ ਤੱਕ ਉਨ੍ਹਾਂ ਨੂੰ ਉਸ ਦੇ ਪੱਕੇ ਕੂਕੇ ਹੋਣ ਦੀ ਤਸੱਲੀ ਨਹੀਂ ਹੋ ਜਾਂਦੀ। ਅਜਿਹਾ ਕੂਕਿਆਂ ਦੇ ਭੇਸ ਵਿਚ ਸਰਕਾਰੀ ਸੂਹੀਆਂ ਤੋਂ ਬਚਣ ਲਈ ਕੀਤਾ ਜਾਂਦਾ ਹੈ।'

ਬਾਰਬਟਨ ਬਾਰੇ ਪ੍ਰਾਪਤ ਸਮੱਗਰੀ ਵਿਚੋਂ ਨਾਮਧਾਰੀਆਂ ਪ੍ਰਤੀ ਉਸ ਦੀ ਬਹੁਤੀ ਚਿੰਤਾ ਦੋ ਕਾਰਨਾਂ ਕਰ ਕੇ ਮਲੂਮ ਹੁੰਦੀ ਹੈ। ਪਹਿਲੀ ਤਾਂ ਇਹ ਕਿ ਉਹ ਆਪਣੇ ਆਪ ਨੂੰ ਅੰਗਰੇਜ਼ਾਂ ਦੀ ਔਲਾਦ ਸਮਝ ਕੇ, ਉਨ੍ਹਾਂ ਦੀਆਂ ਨੀਤੀਆਂ ਤੇ । ਸਖਤੀ ਨਾਲ ਪਹਿਰਾ ਦੇ ਕੇ, ਸ਼ਾਸਕਾਂ ਦੀਆਂ ਨਜ਼ਰਾਂ ਵਿਚ ਚੰਗਾ ਬਣਨ ਲਈ, ਇਸ ਨੂੰ ਕੁਦਰਤ ਵਲੋਂ ਪ੍ਰਦਾਨ ਕੀਤਾ ਗਿਆ ਸੁਨਹਿਰੀ ਮੌਕਾ ਸਮਝਦਿਆਂ, ਇਸ ਦਾ ਪੂਰਾ ਲਾਹਾ ਲੈਣ ਦੇ ਜਤਨ ਵਜੋਂ ਉਨ੍ਹਾਂ ਵਿਰੁੱਧ ਵਧੋਂ ਵੱਧ ਸਖਤ ਰਵਈਆ ਅਪਨਾਉਣਾ ਚਾਹੁੰਦਾ ਸੀ।

ਦੂਜਾ ਕਾਰਨ ਜਿਹੜਾ ਈਸਾਈਆਂ ਅਤੇ ਬਰਤਾਨਵੀ ਸ਼ਾਸਕਾਂ ਲਈ ਚਿੰਤਾ ਦਾ ਸਾਂਝਾ ਵਿਸ਼ਾ ਸੀ ਨਾਮਧਾਰੀਆਂ ਦੀ

---

1. Home Deptt. Jdi B, October 1881, Nos.- 188-95
2. Ibid.
3. Warburton, J.P. to H.N. Muller.I.G.P Punjajb 31.8.1878
4. Home Deptt. JdIB, October 1881. Nos.-188-95

Namdhari Elibrary NamdhariElibrary@gmail.com

ਗਿਣਤੀ ਦਾ ਦਿਨੋ ਦਿਨ ਖੁੰਬਾਂ ਵਾਂਗ ਵਧਣਾ। ਈਸਾਈਅਤ ਸਿਖੀ ਨੂੰ ਢਾਹ ਲਾ ਰਹੀ ਸੀ। ਮਹਾਰਾਜਾ ਦਲੀਪ ਸਿੰਘ 1853 ਵਿਚ ਈਸਾਈ ਬਣਾਇਆ ਜਾ ਚੁੱਕਾ ਸੀ।[1] ਕਪੂਰਥਲਾ ਦੇ ਰਾਜ ਘਰਾਣੇ ਵਿਚੋਂ ਹਰਨਾਮ ਸਿੰਘ ਸਿਖੀ ਨੂੰ ਤਿਲਾਂਜਲੀ ਦੇ ਗਿਆ ਸੀ। ਸਤਿਗੁਰੂ ਰਾਮ ਸਿੰਘ ਨੇ ਦਸਮੇਸ਼ ਦੀ ਮੁਰਝਾਈ ਹੋਈ ਸਿੱਖੀ ਨੂੰ ਪੁਨਰਸੁਰਜੀਤ ਕੀਤਾ ਸੀ। ਲੋਕ ਲੱਖਾਂ ਦੀ ਗਿਣਤੀ ਵਿੱਚ ਨਾਮਧਾਰੀ ਬਣ ਰਹੇ ਸਨ। ਪਹਿਲਾਂ ਸ਼ਾਸਕ ਇਹ ਸਮਝਦੇ ਸਨ ਕਿ ਨੀਵੀਆਂ ਜਾਤਾਂ ਦੇ ਭੁਖ ਨੰਗੇ ਲੋਕ ਇਸ ਪੰਥ ਵਿੱਚ ਸ਼ਾਮਲ ਹੋ ਰਹੇ ਹਨ। ਇਹ ਰਾਜ ਦਾ ਕੀ ਵਿਗਾੜ ਲੈਣਗੇ ਪਰ ਛੇਤੀ ਹੀ ਤਕੜੇ ਸਰਦਾਰਾਂ, ਜ਼ਿਮੀਂਦਾਰਾਂ ਤੇ ਜਗੀਰਦਾਰਾਂ ਦਾ ਪੰਥ ਵਿਚ ਸ਼ਾਮਲ ਹੋਣਾ ਉਨ੍ਹਾਂ ਲਈ ਚਿੰਤਾ ਦਾ ਕਾਰਨ ਬਣ ਗਿਆ ਸੀ। ਅੰਬਾਲਾ ਤੇ ਲਾਡਵਾ ਪਰਗਣਿਆਂ ਵਿਚ ਪੰਦਰਾਂ ਪਿੰਡਾਂ ਦੀ ਸਮੁੱਚੀ ਆਬਾਦੀ ਦਾ ਨਾਮਧਾਰੀ ਬਣ ਜਾਣਾ ਸਰਕਾਰੀ ਰਿਪੋਰਟਾਂ ਦਾ ਹੀ ਪ੍ਰਗਟਾਵਾ ਸੀ।[2]

ਇਥੋਂ ਤੱਕ ਕਿ ਸਾਗਰਾਂ ਤੋਂ ਪਾਰ ਲੰਡਨ ਵਿਚੋਂ ਛਪਦੇ ਪ੍ਰਸਿੱਧ ਅਖਬਾਰ ਟਾਈਮਜ਼ ਨੇ ਵੀ ਲਿਖਿਆ ਸੀ, 'ਇਕ ਕੱਚੇ ਪੱਕੇ ਅਨੁਮਾਨ ਅਨੁਸਾਰ ਉਨ੍ਹਾਂ ਨਾਮਧਾਰੀਆਂ ਦੀ ਗਿਣਤੀ ਦੋ ਜਾਂ ਤਿੰਨ ਲਖ ਹੈ। ਇਹ ਬੜੀ ਹੈਰਾਨੀ ਵਾਲੀ ਅਣ-ਕਿਆਸੀ ਗੱਲ ਹੈ ਕਿ ਜਿਸ ਵਿਅਕਤੀ ਕੋਲ ਇੰਨੇ ਸਾਧਨ ਵੀ ਨਹੀਂ, ਉਹਨੇ ਇੰਨੀ ਵੱਡੀ ਗਿਣਤੀ ਵਿਚ ਤੇ ਇੰਨੇ ਥੋੜੇ ਅਰਸੇ ਵਿਚ ਆਪਣੇ ਇੰਨੇ ਅਨੁਆਈ ਕਿਵੇਂ ਬਣਾ ਲਏ। ਵਿਚਾਰੇ (ਈਸਾਈ) ਪ੍ਰਚਾਰਕ ਆਪਣੇ ਅਣਥੱਕ ਜਤਨਾਂ ਤੇ ਸਭਿੱਅਤਾ ਦੇ ਬਾਵਜੂਦ ਵੀ ਇਕ ਸਦੀ ਦੇ ਸਮੇਂ ਵਿਚ ਵੀ ਇਸ (ਗਿਣਤੀ) ਦਾ ਸੌਂਵਾਂ ਹਿੱਸਾ ਹੀ ਪ੍ਰਾਪਤ ਕਰ ਸਕਣਗੇ।[3]

ਉਸ ਦੀ ਇਸ ਚਿੰਤਾ ਵਿਚ ਵਾਧਾ ਇਸ ਕਰ ਕੇ ਵੀ ਹੁੰਦਾ ਜਾਪਦਾ ਸੀ ਕਿ ਸਿੱਖਾਂ ਦੀ ਨਵੀਂ ਜਮਾਤ 'ਸਿੰਘ ਸਭਾ' 1872 ਦੀ ਮਲੇਰ ਕੋਟਲਾ ਬਗਾਵਤ ਪਿਛੋਂ 1873 ਵਿਚ ਖੜ੍ਹੀ ਹੀ ਨਾਮਧਾਰੀਆਂ ਦੇ ਪ੍ਰਚਾਰ ਨੂੰ ਖੁੰਢਾ ਕਰਨ[4] ਲਈ ਕੀਤੀ ਗਈ ਸੀ ਜਿਸ ਦੇ ਸਰਪ੍ਰਸਤ ਅੰਗਰੇਜ਼ ਗਵਰਨਰ ਈਜਰਟਨ ਆਦਿ ਰਹੇ ਸਨ। ਸਿੰਘ ਸਭਾ ਦਾ ਜ਼ੋਰ

ਨਾਮਧਾਰੀਆਂ ਵਿਰੁੱਧ ਤੇ ਸਰਕਾਰ ਪ੍ਰਸਤੀ ਤੇ ਲੱਗਦਾ ਸੀ। ਇਸ ਦੇ ਬਾਵਜੂਦ ਵੀ ਲੋਕ ਨਾਮਧਾਰੀ ਬਣੀ ਜਾ ਰਹੇ ਸਨ। ਉਨ੍ਹਾਂ ਨਾਮਧਾਰੀਆਂ ਦੀ ਇਸ ਵੇਲੇ ਦੀ ਘਟ ਗਿਣਤੀ, ਜਿਸ ਨਾਲ ਦੂਜੇ ਸਿੱਖਾਂ ਦਾ ਕੂਕਿਆਂ ਪ੍ਰਤੀ ਵਿਰੋਧ ਸ਼ਾਮਲ ਕੀਤਾ ਜਾ ਸਕਦਾ ਹੈ, ਉਨ੍ਹਾਂ ਨੂੰ ਉਸ ਰਾਜਸੀ ਮਹਤੱਵ ਤੋਂ ਵਿਰਵੇ ਰੱਖਣ ਲਈ ਜਿਸ ਲਈ ਉਹ ਉਤਸੁਕ ਹਨ, ਕਾਫੀ ਸਮਝੀ ਜਾ ਸਕਦੀ ਹੈ। ਪਰ ਉਨ੍ਹਾਂ ਦੀਆਂ ਹਰਕਤਾਂ ਨੂੰ ਆਪਣੇ ਉਨ੍ਹਾਂ ਸਬੰਧੀ ਛੇ ਸਾਲ ਦੇ ਸਮੇਂ ਨੇੜਿਉਂ ਵਾਚਣ ਵਿਚਲੇ ਆਧਾਰ ਤੇ ਮੈਂ ਇਹ ਕਹਿ ਸਕਦਾ ਹਾਂ ਕਿ ਉਨ੍ਹਾਂ ਦੀ ਵਰਤਮਾਨ ਸਮੇਂ ਦੀ ਜਿੰਦ ਜਾਨ, ਉਨ੍ਹਾਂ ਦੀ ਕਮਲਿਆਂ ਵਰਗੀ ਗਰਮਜੋਸ਼ੀ ਜਿਸ ਨੂੰ ਉਹ ਪ੍ਰਨਾਏ ਹੋਏ ਹਨ, ਤੇ ਧਰਮ ਪ੍ਰਵਰਤਨ ਲਈ ਉਨ੍ਹਾਂ ਦੀ ਸਜਰੀ ਨਿਰੰਤਰਤਾ, (ਸਤਿਗੁਰੂ) ਰਾਮ ਸਿੰਘ ਦੀਆਂ ਉਤਮ ਦਰਜੇ ਦੀਆਂ ਤਕਰੀਰਾਂ-ਜਿਹੜੀਆਂ ਨਿਰਸੰਦੇਹ ਸਾਡੇ ਹੀ ਧਰਮਗ੍ਰੰਥਾਂ ਵਿਚੋਂ ਨਕਲ ਕੀਤੀਆਂ ਗਈਆਂ ਹਨ ਤੇ ਜਾਹਲ ਲੋਕਾਂ ਵਿਚ ਫੈਲਾਈਆਂ ਜਾ ਰਹੀਆਂ ਹਨ, ਤੇ ਜਿਨ੍ਹਾਂ ਦੇ ਲੇਖਕ ਧਰਮ ਦੇ ਚੰਗੇ ਸੁਧਾਰਾਂ ਦਾ ਬਹਾਨਾ ਬਣਾਉਂਦੇ ਹਨ, ਉਨ੍ਹਾਂ ਵਲੋਂ ਛੇਤੀ ਹੀ ਅੰਗਰੇਜ਼ਾਂ ਦਾ ਪੂਰੀ ਤਰ੍ਹਾਂ ਖਾਤਮਾ ਕਰਨ ਅਤੇ ਬਹੁਤ ਛੇਤੀ ਕੂਕਿਆਂ ਦਾ ਰਾਜ ਸਥਾਪਤ ਕਰਨ ਸਬੰਧੀ ਸ਼ਰੇਆਮ ਕੀਤੀਆਂ ਜਾਂਦੀਆਂ ਭਵਿੱਖ-ਬਾਣੀਆਂ, ਇਹ ਸਾਰੇ ਤੱਥ ਮਹਤੱਵ ਪੂਰਨ ਹਨ।[5]

ਬਾਰਬਰਟਨ ਦੀ ਚਿੰਤਾ ਇਸ ਕਰ ਕੇ ਵੀ ਵਧਦੀ ਮਲੂਮ ਹੁੰਦੀ ਸੀ ਕਿ ਉਹ ਰਾਜ ਪ੍ਰਬੰਧ ਦੇ ਇੱਕ ਅਹਿਮ ਹਿੱਸੇ ਦਾ ਅਫਸਰ ਹੋਣ ਕਰ ਕੇ ਕਾਨੂੰਨੀ ਵਿਵਸਥਾ ਲਾਗੂ ਕਰਨਾ ਜਾਂ ਉਸ ਨੂੰ ਕਾਇਮ ਰੱਖਣਾ ਉਸ ਦਾ ਜ਼ਿੰਮਾ ਸੀ। ਇਸ ਲਈ ਰਾਜ ਵਿਰੁੱਧ ਸਿਰ ਚੁੱਕਣ ਵਾਲਿਆਂ ਨੂੰ ਸਖਤੀ ਨਾਲ ਦਬਾਉਣਾ ਉਹ ਆਪਣਾ ਮੁਖ ਫਰਜ਼ ਸਮਝਦਾ ਸੀ ਤੇ ਨਾਲ ਨਾਮਧਾਰੀਆਂ ਦੀ ਸਫਲਤਾ ਦੇ ਮੁਕਾਬਲੇ ਉਸ ਦੀ ਅਸਫਲਤਾ ਬਦਲੇ ਉਸ ਦੀ ਨੌਕਰੀ ਪ੍ਰਭਾਵਤ ਹੋ ਸਕਦੀ ਸੀ।

ਬਾਰਬਰਟਨ ਸਮਝਦਾ ਸੀ ਕਿ ਭੈਣੀ ਸਾਹਿਬ ਵਿਚ ਦਰਸ਼ਨਾਰਥ ਜਾਣ ਵਾਲੇ ਨਾਮਧਾਰੀਆਂ ਦੀ ਗਿਣਤੀ ਪੰਜ ਤੋਂ

---

1. John Lagon and Duleep Singh. Patiala.(r).1970,p3.
2. Macnabb.JW., Memorandum on Kukas, 4.11.1871,
3. A. Daily Times. London. 11.6.1872
4. Puri, Harish,Singh Sabha ਤੇ Ghadar Movement. Punjab Journal of Politics, Amritsar, vol.vii, No.2,1983.
5. Warburton J.P., Suptdt. Police, Ludhiana, to H. N.Muller.. I.G.P. Punjab, 31.8.1878

Namdhari Elibrary NamdhariElibrary@gmail.com

ਵਧਾ ਕੇ ਦਸ ਕਰ ਦੇਣੀ ਇਕ ਤਰ੍ਹਾਂ ਨਾਲ ਸਰਕਾਰ ਦੀ ਗਲਤੀ ਸੀ। ਇਸ ਨੇ ਨਾਮਧਾਰੀਆਂ ਨੂੰ ਉਤਸ਼ਾਹਤ ਕੀਤਾ ਸੀ। ਪਰ ਇਸ ਵਿਚ ਕਟੌਤੀ ਕਰਨੀ ਉਸ ਦੇ ਇਕੱਲੇ ਦੇ ਵਸ ਦਾ ਰੋਗ ਨਹੀਂ ਸੀ। ਉਹਨੇ ਵੈਕਫੀਲਡ ਨਾਲ ਗਲ ਕੀਤੀ।

ਲੁਧਿਆਣੇ ਵਿਚ ਪ੍ਰਸਿੱਧ ਜਗਰਾਉਂ ਪੁਲ ਜਿਸਨੂੰ ਆਮ ਲੋਕੀ ਉਚੇ ਪੁਲ ਦੇ ਨਾਂ ਨਾਲ ਜਾਣਦੇ ਹਨ, ਦੇ ਚੜ੍ਹਦੇ ਪਾਸੇ ਦੀ ਆਬਾਦੀ ਦਾ ਨਾਂ ਲੋਕਾਂ ਦੇ ਮੂੰਹ 'ਫੀਲਡਗੰਜ ਹੀ ਚੜਿਆ ਹੋਇਆ ਹੈ ਜੋ ਠੀਕ ਨਹੀਂ। ਫੀਲ ਹਾਥੀ ਨੂੰ ਕਿਹਾ ਜਾਂਦਾ ਹੈ ਤੇ ਇਥੇ ਹਾਥੀਆਂ ਵਾਲੀ ਕੋਈ ਗੱਲ ਹੈ ਨਹੀਂ ਸੀ। ਹਾਂ, ਪਟਿਆਲੇ ਵਿਚਲੀ ਨਾਮਧਾਰੀ ਧਰਮਸਾਲਾ ਫੀਲਗੰਜ ਰੋਡ ਤੇ ਸਥਿਤ ਹੈ ਕਿਉਂਕਿ ਉਹ ਸੜਕ ਮਹਾਰਾਜਾ ਪਟਿਆਲਾ ਦੇ ਹਾਥੀਖਾਨੇ ਨੂੰ ਜਾਂਦੀ ਹੈ। ਲੁਧਿਆਣੇ ਵਿਚ ਵਿਚਾਰਾਧੀਨ ਇਲਾਕੇ ਦਾ ਅਸਲ ਨਾਂ ਵੈਕਫੀਲਡਗੰਜ ਹੈ ਜੋ ਲੁਧਿਆਣੇ ਦੇ ਤਦਵਕਤੀ ਡਿਪਟੀ ਕਮਿਸ਼ਨਰ ਵੈਕਫੀਲਡ ਦੇ ਨਾਂ ਤੇ ਵਸਿਆ ਜਾਂ ਵਸਾਇਆ ਗਿਆ ਹੋਵੇਗਾ। ਇਸ ਦੀ ਮੁੱਖ ਸੜਕ ਦੇ ਅੱਗੇ ਜਾ ਕੇ ਜੇਲ ਹੁੰਦੀ ਸੀ ਜਿਥੇ ਬੋਹੜ ਨਾਲ ਦੋ ਨਾਮਧਾਰੀ ਸਿੰਘਾਂ ਗਿਆਨਾ ਸਿੰਘ ਤੇ ਰਤਨ ਸਿੰਘ ਨੂੰ 26 ਨਵੰਬਰ 1871 ਨੂੰ ਫਾਂਸੀ ਲਾ ਕੇ ਸ਼ਹੀਦ ਕੀਤਾ ਗਿਆ ਸੀ ਤੇ ਜਿਸ ਜਗ੍ਹਾ ਹੁਣ ਨਾਮਧਾਰੀ ਸ਼ਹੀਦੀ ਸਮਾਰਕ ਦੀ ਇਮਾਰਤ ਉਸਰੀ ਹੋਈ ਹੈ। ਇਸ ਸੜਕ ਦਾ ਨਾਂ ਅਜੇ ਤੱਕ ਵੀ ਜੇਲ੍ਹ ਰੋਡ ਹੀ ਵਜਦਾ ਹੈ।

ਡਿਪਟੀ ਕਮਿਸ਼ਨਰ ਹੋਣ ਕਰ ਕੇ ਸੁਭਾਵਕ ਹੀ ਪੁਲਸ ਕਪਤਾਨ ਨਾਲ ਉਸ ਦੀ ਵਿਚਾਰਧਾਰਾ ਮਿਲਦੀ ਸੀ। ਦਰਸ਼ਨਾਰਥੀਆਂ ਦੀ ਗਿਣਤੀ ਘਟਾਉਣ ਲਈ ਵੈਕਫੀਲਡ ਤਿਆਰ ਵੀ ਹੋ ਗਿਆ ਪਰ ਉਹ ਅੜ ਇਸ ਕਰ ਕੇ ਗਿਆ ਕਿ ਉਸ ਨੂੰ ਤੋਖਲਾ ਇਹ ਸੀ ਕਿ ਸਰਕਾਰ ਨੇ ਇਸ ਤਜਵੀਜ਼ ਨੂੰ ਪ੍ਰਵਾਨ ਨਹੀਂ ਕਰਨਾ।

ਬਾਰਬਰਟਨ ਭਾਵੇਂ ਅੰਗਰੇਜ਼ ਨਹੀਂ ਸੀ ਪਰ ਉਸ ਦੇ ਅੰਦਰ ਰਾਜਭਗਤੀ ਜਿੰਨੀ ਸਿਰੇ ਦੀ ਸੀ ਨਾਮਧਾਰੀਆਂ ਪ੍ਰਤੀ ਜ਼ਹਿਰ ਵੀ ਉਨੀ ਹੀ ਵਧ ਸੀ। ਅਸਲ ਵਿਚ ਇਉਂ ਕਹਿ ਲੈਣਾ ਵੀ ਅਤਿਕਥਨੀ ਨਹੀਂ ਹੋਵੇਗੀ ਕਿ ਨਾਮਧਾਰੀਆਂ ਪ੍ਰਤੀ ਇਸ ਵਿਰੋਧ ਤੇ ਜ਼ਹਿਰ ਨੇ ਹੀ ਉਸ ਨੂੰ ਇੰਨਾਂ ਚੁੱਕੀ ਰੱਖਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਅਨੁਸਾਰ ਉਹ ਇੱਕੀ ਸਾਲ ਲੁਧਿਆਣੇ ਵਿਚ ਹੀ ਕੱਟ ਗਿਆ।[1] ਉਸ ਦੀ ਰਾਜ ਭਗਤੀ ਸਿਰੇ ਦੀ ਸੀ। ਉਹ ਪੁਲਸ ਕਪਤਾਨ ਲੁਧਿਆਣੇ ਦਾ ਸੀ ਪਰ ਜਲੰਧਰ ਵਿਚਲੇ ਨਾਮਧਾਰੀਆਂ ਬਾਰੇ ਵੀ ਬੜਾ ਚਿੰਤਾਤੁਰ ਤੇ ਸੁਚੇਤ ਸੀ। ਇਸ ਦੀ ਉਦਾਹਰਣ ਸਾਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਰਸਨਾ ਤੋਂ ਮਿਲਦੀ ਹੈ।

ਸਤਿਗੁਰੂ ਰਾਮ ਸਿੰਘ ਦੇ ਸਿੱਖਾਂ ਵਿੱਚ ਇੱਕ ਸਵਾਮੀ ਤਖਤ ਸਿੰਘ ਪਿੰਡ ਗੁਜਰਪੁਰਾ ਜਿਲਾ ਹੁਸ਼ਿਆਰਪੁਰ ਦੇ ਹੋਏ ਹਨ ਜਿਨ੍ਹਾਂ ਬਾਰੇ ਸਾਨੂੰ ਸਤਿਗੁਰੂ ਪ੍ਰਤਾਪ ਸਿੰਘ ਰਾਹੀਂ ਹੀ ਪਤਾ ਲਗਦਾ ਹੈ ਕਿ ਬ੍ਰਿਧ ਅਵਸਥਾ ਵਿਚ ਵੀ ਇਨ੍ਹਾਂ ਦਾ ਸਰੀਰ ਬਹੁਤ ਗੋਰਾ ਤੇ ਸੁਹਣਾ ਸੁਨੱਖਾ ਸੀ ਤੇ ਅਧਿਆਤਮਕ ਪੱਧਰ ਇਹੋ ਜਹੀ ਸੀ ਕਿ ਜਦੋਂ ਮੌਜ ਆਉਂਦੀ ਤਾਂ ਉਡ ਵੀ ਜਾਂਦੇ ਸਨ। ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਅੰਮ੍ਰਿਤਸਰ ਦੇ ਬੁੱਚੜਬਧ ਸਾਕੇ ਦੀ ਸਹੀ ਜਾਣਕਾਰੀ ਇਨ੍ਹਾਂ ਨੇ ਹੀ ਦਿੱਤੀ ਸੀ।[2] ਪਿਛੋਂ ਇਹ ਕਲਕੱਤੇ ਜਾ ਕੇ ਰਹਿਣ ਲੱਗ ਪਏ ਸਨ। ਉਨ੍ਹਾਂ ਨੂੰ ਸਵਾਮੀ ਜੀ ਕਰ ਕੇ ਜਾਣਿਆ ਜਾਂਦਾ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਇਨ੍ਹਾਂ ਨੂੰ ਜਦੋਂ ਮਿਲੇ ਤਦ ਇਨ੍ਹਾਂ ਦੀ ਉਮਰ ਨੱਬੇ ਸਾਲ ਤੋਂ ਉਪਰ ਹੋਣ ਦਾ ਅਨੁਮਾਨ ਸੀ। ਬਾਰਬਰਟਨ ਨੇ ਸਵਾਮੀ ਜੀ ਬਾਰੇ ਬੰਗਾਲ ਸਰਕਾਰ ਨੂੰ ਵੀ ਸਾਵਧਾਨ ਕੀਤਾ ਹੋਇਆ ਸੀ ਕਿ ਉਹ ਹੱਥਾਂ ਵਿਚੋਂ ਨਿਕਲ ਜਾਂਦੇ ਹਨ।

ਸਵਾਮੀ ਜੀ ਦੇ ਮਨ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਦੀ ਤਾਂਘ ਪੈਦਾ ਹੋਈ। ਕਲਕੱਤੇ ਤੋਂ ਆਸਾਮ ਰਸਤੇ ਪੈਦਲ ਰੰਗੂਨ ਜਾਂਦੇ ਸਮੇਂ ਉਹ ਆਸਾਮ ਵਿਚ ਫੜੇ ਗਏ ਕਿਉਂਕਿ ਬੰਗਾਲੀਆਂ ਦੇ ਕੇਸ ਰਹਿਤ ਤੇ ਕਾਲੇ ਚਿਹਰਿਆਂ ਦੇ ਮੁਕਾਬਲੇ ਉਹ ਕੇਸ ਦਾੜੀ ਵਾਲੇ ਤੇ ਰੰਗ ਦੇ ਗੋਰੇ ਸਨ। ਉਹ ਆਸਾਮ ਵਿਚ ਫੜੇ ਗਏ। ਹੱਥੀਂ ਹਥਕੜੀਆਂ ਤੇ ਪੈਰਾਂ ਵਿਚ ਬੇੜੀਆਂ ਪਾ ਕੇ ਪੁਲਸ ਕਪਤਾਨ ਨੇ ਪੁੱਛਿਆ ਕਿ ਸੁਨਾ ਹੈ ਆਪ (ਉਡ) ਜਾਤੇ ਹੋ ਤਦ ਸਵਾਮੀ ਜੀ ਨੇ ਕਿਹਾ ਕਿ ਮੈਨੂੰ ਤਾਂ ਕੋਈ ਪਤਾ ਨਹੀਂ। ਜਦੋਂ ਮੌਜ ਆਈ ਤਾਂ ਹਥਕੜੀਆਂ ਬੇੜੀਆਂ ਲਾਹ ਕੇ ਕਹਿਣ ਲੱਗੇ ਕਿ ਅਸੀਂ ਹੁਣ ਜਾਂਦੇ ਹਾਂ। ਇਸ ਗੱਲ ਦਾ ਪਤਾ ਸਤਿਗੁਰੂ ਰਾਮ ਸਿੰਘ ਜੀ ਨੂੰ ਰੰਗੂਨ ਵਿਚ ਲੱਗਾ। ਉਨ੍ਹਾਂ ਸਵਾਮੀ ਜੀ ਨੂੰ ਅਜਿਹਾ ਕਰਨ ਤੋਂ ਵਰਜਿਆ ਤਾਂ ਸਵਾਮੀ ਜੀ ਨੇ ਆਪ ਗ੍ਰਿਫਤਾਰ ਹੋ ਕੇ ਪਿਸ਼ਾਵਰ ਵਿੱਚ ਡੇਢ ਸਾਲ ਦੀ ਕੈਦ ਦੇ ਦੌਰਾਨ ਰੋੜੀ ਕੁੱਟਣ ਦੀ ਸਜ਼ਾ ਭੁਗਤੀ।[3] ਇਹ ਬਾਰਬਰਟਨ ਦੀ ਰਿਪੋਰਟ ਦਾ ਸਿੱਟਾ ਸੀ।

1, ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰਿਕਾਰਡ ਉਪਦੇਸ਼।

2. ਉਹੀ।

3. ਉਹੀ।

Namdhari Elibrary NamdhariElibrary@gmail.com

ਬਾਰਬਟਨ ਗਿਣਤੀ ਦੇ ਉਨ੍ਹਾਂ ਸਰਕਾਰੀ ਕਰਮਚਾਰੀਆਂ ਵਿਚੋਂ ਇਕ ਸੀ ਜਿਨ੍ਹਾਂ ਲਈ ਨਾਮਧਾਰੀ ਬਹੁਤ ਵੱਡਾ ਹਊਆ ਬਣ ਚੁੱਕੇ ਸਨ ਤੇ ਉਨ੍ਹਾਂ ਦੇ ਤਲਾਮੂਲ ਪੁੱਟਣ ਦੇ ਵਿਚਾਰ ਦਾ ਕੀੜਾ ਉਨ੍ਹਾਂ ਦੇ ਦਿਮਾਗ ਵਿਚ ਬੈਠਾ ਹੋਣ ਕਰ ਕੇ ਉਹ ਇਸ ਵਿਚਾਰ ਨੂੰ ਵਕਾਰ ਬਣਾ ਚੁੱਕੇ ਸਨ। ਖਾਤਮੇ ਤੇ ਵਾਧੇ ਦੇ ਪ੍ਰਸਪਰ ਵਿਰੋਧੀ ਇਸ ਸੰਘਰਸ਼ ਦੌਰਾਨ ਨਾਮਧਾਰੀਆਂ ਦੀ ਦਿਨੋ ਦਿਨ ਵਧਦੀ ਗਿਣਤੀ ਕਾਰਨ ਹੁੰਦੀ ਸਫਲਤਾ ਨੂੰ ਬਾਰਬਰਟਨ ਅੰਗਰੇਜ਼ਾਂ ਦੀ ਕਰਾਰੀ ਹਾਰ ਸਮਝਦਾ ਸੀ। ਔਖਿਆਈਆਂ ਦੀਆਂ ਹਾਲਤਾਂ ਵਿਚ ਜਾਂ ਇਨ੍ਹਾਂ ਤੋਂ ਮਗਰੋਂ ਵੀ ਜੇ ਸਾਨੂੰ ਕਿਸੇ ਵੀ ਤਰ੍ਹਾਂ ਪਿਛਲ-ਧੱਕੇ ਵਜਦੇ ਹਨ ਤਾਂ ਨਿਸਚੇ ਹੀ ਇਹ ਕੂਕੇ ਸਾਨੂੰ ਦੰਦੀਆਂ ਚਥਾਉਣਗੇ। ਸਾਡੀ ਨੀਤੀ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਉਨ੍ਹਾਂ ਨੂੰ, ਹਰ ਇਕ ਸਹੀ ਢੰਗ ਨਾਲ, ਹੁਣ ਤੋਂ ਹੀ ਅਪੰਗ ਕਰ ਦਈਏ ਤੇ ਉਨ੍ਹਾਂ ਨੂੰ ਕੋਈ ਵੀ ਸ਼ਰਾਰਤ ਕਰਨ ਦੇ ਅਸਮਰੱਥ ਕਰ ਦਈਏ। ਜੇ ਸਾਡੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਹੈ ਤੇ ਕੂਕੇ ਸਿਰ ਚੁੱਕਦੇ ਹਨ ਤਾਂ ਮੇਰਾ ਪੱਕਾ ਵਿਸ਼ਵਾਸ ਹੈ ਕਿ ਜਾਹਲ ਕਿਸਾਨਾਂ ਦੀ ਬਹੁਤ ਵੱਡੀ ਗਿਣਤੀ ਤੇ ਮੰਦ ਭਾਵਨਾ ਵਾਲੇ ਉਹ ਸਾਰੇ ਲੋਕ ਜਿਹੜੇ (ਸਤਿਗੁਰੂ) ਰਾਮ ਸਿੰਘ ਦੀਆਂ ਪੈਗੰਬਰਾਂ ਵਾਲੀਆਂ ਭਵਿਖਬਾਣੀਆਂ ਵਿਚ ਵਿਸ਼ਵਾਸ ਕਰਦੇ ਹਨ, ਇਸ ਪੰਥ ਵਿਚ ਸ਼ਾਮਲ ਹੋ ਜਾਣਗੇ।"[1]

ਇਕ ਸਿੱਖ ਰੰਗੂਨ ਤੋਂ ਵਾਪਸ ਆਉਂਦਾ ਤਦ ਉਸ ਦੀ ਖਬਰ ਪੰਥ ਭਰ ਵਿਚ ਫੈਲ ਜਾਂਦੀ ਤੇ ਖਬਰ ਸਾਰ ਲਈ ਉਤਸੁਕ ਸਿਖ ਉਸ ਤੋਂ ਰੰਗੂਨ ਦੇ ਸਮਾਚਾਰ ਪੁਛਣ ਚਲੇ ਜਾਂਦੇ। ਆਪਣੀ ਸ਼ਰਧਾ ਭਾਵਨਾ ਅਧੀਨ ਉਹ ਇਸ ਗਲੋਂ ਬੇਧਿਆਨੇ ਰਹਿੰਦੇ ਕਿ ਉਨ੍ਹਾਂ ਦੇ ਇਸ ਵਿਵਹਾਰ ਦਾ ਪ੍ਰਭਾਵ ਗਲਤ ਪੈਂਦਾ ਸੀ ਤੇ ਸਿਟੇ ਕੀ ਨਿਕਲ ਸਕਦੇ ਸਨ। ਉਨ੍ਹਾਂ ਦੀ ਲਾਪਰਵਾਹੀ ਕਾਰਨ ਮੁਖਬਰਾਂ ਨੂੰ ਸਰਕਾਰ ਦੇ ਕੰਨ ਭਰਨ ਦਾ ਹੋਰ ਮੌਕਾ ਮਿਲ ਜਾਂਦਾ। ਪੰਜਾਬ ਸਰਕਾਰ ਨੂੰ ਕੇਂਦਰੀ ਸਰਕਾਰ ਵਲੋਂ ਝਾੜਾਂ ਪੈਣ ਤੇ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਤੇ ਅੰਤਿਮ ਸਿੱਟਾ, ਸਤਿਗੁਰੂ ਰਾਮ ਸਿੰਘ ਉੱਪਰ ਪਹਿਰੇ ਦੀ ਸਖਤੀ ਹੋਰ ਵਧਾਈ ਜਾਣ ਦੇ ਰੂਪ ਵਿਚ ਨਿਕਲਦਾ ਜਿਸ ਕਾਰਨ, ਆਪ ਕਈ ਵਾਰ ਦੁੱਖ ਤੇ ਅਫਸੋਸ ਦਾ ਪ੍ਰਗਟਾਵਾ ਵੀ ਕਰਦੇ।

ਹੁਕਮਨਾਮਿਆਂ ਵਿਚ ਰਾਜਸੀ ਪ੍ਰਸਥਿਤੀਆਂ ਬਾਰੇ ਪੁਛੀ-ਦੱਸੀ ਗਈ ਜਾਣਕਾਰੀ ਸਰਕਾਰ ਨੂੰ ਬਹੁਤੀ ਪ੍ਰੇਸ਼ਾਨ ਕਰਦੀ ਪ੍ਰਤੀਤ ਹੁੰਦੀ ਸੀ ਜਿਵੇਂ ਅਫਗਾਨਸਤਾਨ ਵਿਚਲੀ ਰਾਜਸੀ ਉਥਲ-ਪੁਥਲ, ਰੂਸ ਦੀ ਹੋਂਦ ਵਿਚ ਆਮ ਆਦਿ। ਮਹਾਰਾਜਾ ਪਟਿਆਲਾ ਪੱਕਾ ਰਾਜ ਭਗਤ ਤੇ ਨਾਮਧਾਰੀਆਂ ਦਾ ਦੁਸ਼ਮਣ ਸੀ। 'ਹੋਰ ਖਵਰ ਹੋਵੇ, ਪਟਿਆਲੇ ਵਾਲਾ ਰਾਜਾ ਆਖੀਦਾ ਮੁਸਲੇ ਨੇ ਮਾਰ ਦਿੱਤਾ। ਉਹ ਝਗੜਾ ਕਿਸ ਤਰਾਂ ਨਿਵੜਿਆ ਹੈ?'"[2] ਸਰਕਾਰ ਸਮਝਦੀ ਸੀ ਕਿ ਹੁਕਮਨਾਮਿਆਂ ਰਾਹੀਂ ਹੀ ਸਤਿਗੁਰੂ ਰਾਮ ਸਿੰਘ ਰੰਗੂਨ ਬੈਠੇ ਵੀ ਬਰਤਾਨਵੀ ਰਾਜ ਵਿਰੁਧ ਲੋਕਾਂ ਨੂੰ ਭੜਕਾ ਕੇ, ਖਤਰਾ ਖੜ੍ਹਾ ਕਰਨ ਦੇ ਸਮਰਥ ਸਨ। ਹੁਕਮਨਾਮਿਆਂ ਦਾ ਇਹ ਵਡਾ ਰਾਜਸੀ ਪੱਖ ਸੀ। ਇਸੇ ਕਰ ਕੇ ਪੁਲਸ ਕਪਤਾਨ ਹੋਣ ਦੇ ਨਾਤੇ ਬਾਰਬਰਟਨ ਹੁਕਮਨਾਮੇ ਫੜਨ ਲਈ ਸਦਾ ਉਤਸੁਕ ਰਹਿੰਦਾ।

ਹੁਕਮਨਾਮੇ ਫੜਨ ਵਿਚ ਬਾਰਬਰਟਨ ਦੀ ਇੰਨੀ ਉਤਸੁਕਤਾ ਪਿਛੇ "ਨਾਲੇ ਮੁੰਜ ਬਗੜ ਦਾ ਸੌਦਾ ਨਾਲੇ ਦੇਵੀ ਦੇ ਦਰਸ਼ਨ" ਦੀ ਕਹਾਵਤ ਅਨੁਸਾਰ ਇਕ ਤੀਰ ਨਾਲ, ਸਰਕਾਰ ਦੀ ਨਮਕ ਹਲਾਲੀ ਤੇ ਆਪਣੀ ਪਦ ਉਨਤੀ ਦੀ ਲਾਲਸਾ, ਦੋ ਨਿਸ਼ਾਨੇ ਫੁੰਡਣ ਦੀ ਕਾਢ ਸੀ। ਹੁਕਮਨਾਮਿਆਂ ਵਿਚੋਂ ਥੋੜ੍ਹੀ ਜਹੀ ਰਾਜਸੀ ਬੂ ਆਉਣ ਤੇ ਵੀ ਰਾਈ ਦਾ ਪਹਾੜ ਬਣਾ ਕੇ ਉਹ ਸਤਿਗੁਰੂ ਰਾਮ ਸਿੰਘ ਨੂੰ ਵਿਦਰੋਹੀ ਸਿੱਧ ਕਰ ਕੇ, ਕਾਨੂੰਨੀ ਤੌਰ ਤੇ ਦੇਸ਼ ਧਰੋਹ ਦੇ ਮੁਕਦਮੇ ਵਿਚ ਫਸਾਉਣ ਲਈ ਤਰਲੋ ਮੱਛੀ ਹੋ ਰਿਹਾ ਸੀ ਕਿਉਂਕਿ ਸਰਕਾਰ ਪੂਰਾ ਟਿੱਲ ਲਾ ਲੈਣ ਦੇ ਬਾਵਜੂਦ ਸਤਿਗੁਰੂ ਜੀ ਉਪਰ ਕੋਈ ਵੀ ਅਜਿਹਾ ਦੋਸ਼ ਨਹੀਂ ਸੀ ਲਾ ਸਕੀ ਜਿਹੜਾ ਉਨ੍ਹਾਂ ਦੇ ਹੀ ਬਣਾਏ ਹੋਏ ਕਾਨੂੰਨ ਦੀ ਮਾਰ ਸਹਿ ਸਕੇ। ਸਤਿਗੁਰੂ ਰਾਮ ਸਿੰਘ ਤੇ ਸੂਬਿਆਂ ਵਿਰੁਧ ਬੰਗਾਲ ਰੈਗੂਲੇਸ਼ਨ 1818 ਦੀ ਵਰਤੋਂ ਇਸੇ ਕਰ ਕੇ ਹੀ ਕੀਤੀ ਗਈ ਸੀ ਕਿ ਉਸ ਅਧੀਨ ਗ੍ਰਿਫਤਾਰ ਕੀਤੇ ਗਏ ਵਿਅਕਤੀ ਦੇ ਵਕੀਲ, ਅਪੀਲ ਤੇ ਦਲੀਲ ਦੇ ਸਾਰੇ ਅਧਿਕਾਰ ਖਤਮ ਹੋ ਜਾਂ ਕਰ ਦਿੱਤੇ ਜਾਂਦੇ ਸਨ ਹਾਲਾਂ ਕਿ ਇਹ ਰੈਗੂਲੇਸ਼ਨ ਕਿਸੇ ਵਿਸ਼ੇਸ਼ ਹਲਕੇ ਉਪਰ ਲਾਗੂ ਕਰਨ ਵਾਸਤੇ ਬਣਾਇਆ ਗਿਆ ਸੀ ਤੇ ਇਸ ਦਾ ਪ੍ਰਯੋਗ ਪੰਜਾਬ ਦੇ ਇਸ ਖਿੱਤੇ ਵਿਚ ਨਹੀਂ ਸੀ ਕੀਤਾ ਜਾ ਸਕਦਾ[3] ਪਰ ਸਰਕਾਰ ਨੂੰ ਚੁਣੌਤੀ ਦੇਣ ਵਾਲਾ ਉਦੋਂ ਕੋਈ ਰਹਿ ਹੀ ਨਹੀਂ ਸੀ ਗਿਆ। ਇਸ ਕਾਨੂੰਨ ਦੀ ਉਚਿਤਤਾ ਬਾਰੇ ਇਕ ਖੋਜ ਪੱਤਰ ਇਸੇ ਲੇਖਕ ਵਲੋਂ 'ਇੰਡੀਅਨ ਹਿਸਟਰੀਕਾਂਗਰਸ' ਦੇ 72ਵੇਂ ਵਾਰਸ਼ਕ ਸਮਾਗਮ ਵਿਚ ਪੇਸ਼ ਕੀਤਾ ਜਾ ਚੁੱਕਾ ਹੈ।[4]

1.Warburton J.P. Suptdt. Police, Ludhiana, to H.N Muller., I.G.P. Punjab, 31.8.1878

2. ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਬਘੇਲ ਸਿੰਘ ਦੇ ਨਾਂ।

3. Home Deptt Poll keepwiths. File 96 of 1924.

4.Sanehi.S.S. Was the Deportation of Namdhari State Prisoners in Jan. 1872 Under Bengal Regulation ini of 1818 legally Justified?. Predgs. of The Indian History Congress, Session-72.

Namdhari Elibrary NamdhariElibrary@gmail.com

ਬਾਰਬਰਟਨ ਨੂੰ ਹੁਕਮਨਾਮਿਆਂ ਦੀਆਂ ਨਕਲਾਂ ਪਹੁੰਚਾਉਣ ਦਾ ਕੰਮ ਅਕਸਰ ਈਸ਼ਰ ਸਿੰਘ ਹੀ ਕਰਦਾ ਸੀ। ਨੈਣਾ ਸਿੰਘ ਕੋਲੋਂ ਫੜੇ ਗਏ ਹੁਕਮਨਾਮੇ ਦੀ ਨਕਲ ਵੀ ਅਗਸਤ 1878 ਵਿਚ ਬਾਰਬਰਟਨ ਨੂੰ ਈਸ਼ਰ ਸਿੰਘ ਨੇ ਹੀ ਦਿੱਤੀ ਸੀ। 11 ਅਕਤੂਬਰ 1878 ਨੂੰ ਈਸ਼ਰ ਸਿੰਘ ਨੇ ਹੀ ਤਿੰਨ ਹੋਰ ਹੁਕਮਨਾਮੇ ਬਾਰਬਰਟਨ ਨੂੰ ਦਿੱਤੇ। ਸਮੁੰਦ ਸਿੰਘ, ਸਰਮੁਖ ਸਿੰਘ ਤੇ ਗੁਰਦਿਤ ਸਿੰਘ ਵਲ ਲਿਖੇ ਗਏ ਹੁਕਮਨਾਮੇ ਵੀ ਇਸੇ ਨੇ ਹੀ 19 ਅਕਤੂਬਰ 1878 ਨੂੰ ਦਿੱਤੇ। ਨੈਣਾ ਸਿੰਘ ਦੇ ਰੰਗੂਨ ਜਾਣ ਦੀ ਸੂਹ ਸਰਕਾਰ ਨੂੰ ਲੱਗ ਚੁਕੀ ਸੀ। ਹੋ ਸਕਦਾ ਹੈ ਇਹ ਕੰਮ ਵੀ ਈਸ਼ਰ ਸਿੰਘ ਦਾ ਹੀ ਹੋਵੇ।

ਬਹੁਤਾ ਪੁਆੜਾ ਨੈਣਾ ਸਿੰਘ ਨੂੰ ਦਿੱਤੇ ਹੁਕਮਨਾਮੇ ਨੇ ਪਾਇਆ। ਉਹਨੇ ਸਤਿਗੁਰੂ ਜੀ ਨੂੰ ਅਰਜ ਕੀਤੀ ਕਿ ਉਹ ਹੁਕਮਨਾਮਾ ਆਪਣੇ ਪਾਸ ਰਖਣਾ ਚਾਹੁੰਦਾ ਹੈ। ਤਾਂ ਆਪ ਨੇ ਕਿਹਾ ਫਿਰ ਉਹ ਇਸ ਦੇ ਉਤਾਰੇ ਕਰ ਕੇ ਹੋਰਨਾਂ ਨੂੰ ਵੰਡ ਦੇਵੇ। ਉਹਨੇ ਇਹ ਕੰਮ ਬਿਬੇਕਹੀਣਤਾ ਨਾਲ ਕੀਤਾ। "ਏਥੇ ਨੈਣਾ ਸਿੰਘ ਹੁਰੀ ਆਏ। ਓਨਾਂ ਨੂੰ ਅਸੀਂ ਇਕੁ ਹਰਿਦਾਸ ਦਿਤੀ। ਹਰਿਦਾਸ ਉਤੋਂ ਉਤਾਰ ਕਰ ਕੇ ਨੈਣਾ ਸਿੰਘ ਨੇ ਬਹੁਤੇ ਲੋਕਾਂ ਨੂੰ ਦਿਤੀ। ਸਾਰੇ ਲੋਕਾਂ ਮੈ ਡੰਡ ਪਾਇ ਦਿਤੀ। ਓ ਸਾਰੀ ਬਾਤ ਫਰੰਗੀਆਂ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂੰ ਲਿਖਿਆ। ਲਾਟ ਨੇ ਐਥੇ ਵਾਲਿਆਂ ਨੂੰ ਲਿਖਿਆ ਤੁਸੀ ਕਿਆ ਖਵਰਦਾਰੀ ਰਖਦੇ ਹੋ ਰਾਮ ਸਿੰਘ ਤੇ ? ਨੈਣਾ ਸਿੰਘ ਅਰਦਾਸ ਲੈ ਗਿਆ ਹੈ।... ਏਥੇ ਸਾਡੇ ਪਾਸ ਇਕ ਬਡਾ ਗੋਰਾ ਆ ਕੇ ਪੁਛਣ ਲਗਾ ਤੁਮਾਰੇ ਪਾਸ ਨੈਣਾ ਸਿੰਘ ਆਇਆ ? ਤੁਮਨੇ ਚਿਠੀ ਦਈ? ਅਸੀਂ ਕਹਾ ਨਹੀ ਦੇਖਾ ਨੈਣਾ ਸਿੰਘ। ਫਿਰ ਓਹ ਬੋਲਾ ਲਾਟ ਨੇ ਲਿਖਾ ਹੈ ਅਰ ਤੁਮਕੋ ਕਿਤੇ ਦੂਸਰੇ ਟਾਪੂ ਮੈ ਜਾਣਾ ਹੋਗਾ।"[1]

ਇੰਨੀ ਚੌਕਸੀ ਦੇ ਬਾਵਜੂਦ ਕਾਫੀ ਹੁਕਮਨਾਮੇ ਫੜੇ ਗਏ। ਕੁਛ ਰੰਗੂਨ ਵਿਚ ਹੀ ਤੇ ਕੁਛ ਪੰਜਾਬ ਵਿਚ ਸੂਹਾਂ ਤੇ ਮੁਕਬਰੀਆਂ ਦੇ ਆਧਾਰ ਤੇ ਵੀ ਫੜੇ ਗਏ। ਮੀਹਾਂ ਸਿੰਘ ਸਰਹਾਲੀ ਵਾਲਾ ਇਸ ਉਦਮ ਵਿਚ ਬਹੁਤਾ ਉਦਮੀ ਤੇ ਨਿਡਰ ਸਾਬਤ ਹੁੰਦਾ ਹੈ ਜਿਹੜਾ ਤੀਜੀ ਵਾਰ ਬਰਮਾ ਜਾ ਕੇ ਮਰਗੋਈ ਦੇ ਬੰਗਲੇ ਦੇ ਵਿਚੋਂ ਸਤਿਗੁਰੂ ਰਾਮ ਸਿੰਘ ਦੇ ਕੋਲੋਂ ਫੜਿਆ ਗਿਆ ਸੀ। ਪੰਜਾਬ ਵਿਚ ਹੁਕਮਨਾਮੇ ਫੜੇ ਜਾਣ ਨਾਲ ਹੀ ਬਾਰਬਰਟਨ ਬਹੁਤਾ ਬਹਾਦਰ ਬਣਿਆ ਜਾਪਦਾ ਹੈ। ਕਿਉਂਕਿ ਇਨ੍ਹਾਂ ਰਾਹੀਂ ਨਾਮਧਾਰੀਆਂ ਦੀਆਂ ਭਵਿਖ ਦੀਆਂ ਵਿਉਂਤਾਂ ਤੇ ਰਾਜਸੀ ਸਰਗਰਮੀਆਂ ਦਾ ਭੇਦ ਖੁਲ੍ਹਦਾ ਸੀ।

ਰਾਈਆਂ ਦੇ ਮੰਗਲ ਸਿੰਘ ਕੋਲੋਂ ਵੀ ਬਾਰਬਰਟਨ ਨੇ 19 ਅਗਸਤ 1879 ਨੂੰ ਤਿੰਨ ਲਿਖਤਾਂ ਫੜੀਆਂ ਸਨ। ਉਸ ਦੇ ਦੱਸੇ ਅਨੁਸਾਰ ਇਨ੍ਹਾਂ ਵਿਚ ਅਸਲ ਹੁਕਮਨਾਮਾ ਕੋਈ ਵੀ ਨਹੀਂ ਸੀ। ਇਕ ਲਿਖਤ ਮੌਲਮੀਨ (ਬਰਮਾ) ਵਿਚ ਕੈਦ ਕਿਸੇ ਸੂਬੇ ਵਲੋਂ ਸੀ। ਦੂਜੀ ਲਿਖਤ ਬਾਬਾ ਬੁਧ ਸਿੰਘ ਵਲੋਂ ਆਪਣੇ ਊਠਸਵਾਰ ਤੇ ਗੱਡੇਵਾਨ ਵਲ ਕੋਈ ਹਦਾਇਤਾਂ ਸਨ ਜਿਨ੍ਹਾਂ ਵਿਚ ਬਾਬਾ ਜੀ ਨੂੰ ਸ੍ਰੀ ਗੁਰੂ ਹਰੀ ਸਿੰਘ ਜੀ ਕਰ ਕੇ ਲਿਖਿਆ ਹੋਇਆ ਸੀ।

28 ਜੁਲਾਈ 1880 ਨੂੰ ਗੁਮਟੀ ਵਾਲਾ ਧੰਨਾਂ ਸਿੰਘ ਰੰਗੂਨ ਵਿਚ ਹੀ ਹੁਕਮਨਾਮੇ ਸਮੇਤ ਫੜਿਆ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੂੰ ਉਸ ਦੀ ਗ੍ਰਿਫਤਾਰੀ ਦਾ ਪਤਾ ਲਗ ਗਿਆ ਸੀ। "ਧੰਨਾ ਸਿੰਘ ਗੁਮਟੀ ਵਾਲਾ ਲਾਲ ਸਿੰਘ ਦਾ ਬੇਟਾ ਇੱਥੇ ਫੜ ਕੇ ਲੈ ਗਏ ਹੈਨ, ਨਾਲੇ ਓਧੇ ਪਾਸ ਹੁਕਮਨਾਮੇ ਥੇ। ਸੋ ਹੁਣ ਹੁਕਮਨਾਮੇ ਦਾ ਬੀ ਇਕ ਅਖਰ ਨਹੀਂ ਦਿਦੇ ਲਿਖਕੇ।"[2]

ਬਾਰਬਰਟਨ ਦੀ ਸੁੰਘਣ ਸ਼ਕਤੀ ਬਹੁਤ ਤੇਜ਼ ਸੀ ਜਾਂ ਇਉਂ ਕਹਿ ਲੈਣਾ ਵੀ ਅਯੋਗ ਨਹੀਂ ਹੋਵੇਗਾ ਕਿ ਉਹ ਇਸ ਦੀ ਦੁਰਵਰਤੋਂ ਕਰਨ ਦਾ ਆਦੀ ਸੀ। ਉਹ ਨਿਕੀ ਨਿਕੀ ਗਲ ਵਿਚੋਂ ਵੱਡੇ-ਵੱਡੇ ਖਤਰੇ ਲਭਣ ਜਾਂ ਜੋੜਨ ਲਈ ਕਾਹਲਾ ਰਹਿੰਦਾ ਸੀ। ਉਦਾਹਰਣ ਵਜੋਂ ਅੰਮ੍ਰਿਤਸਰ ਵਾਲੇ ਮਹੰਤ ਨੈਣਾ ਸਿੰਘ ਕੋਲੋਂ ਫੜੇ ਗਏ ਹੁਕਮਨਾਮੇ ਵਿਚ ਦਰਜ ਵਾਕ ਕਿ 'ਸਾਧਾਂ ਤੇ ਗਊ ਦੇ ਗਲੋਂ ਛੁਰੀ ਲਹਿਣ ਦਾ ਸਮਾਂ ਆ ਗਿਆ ਹੈ ਜੇ ਗਊ ਦੇ ਗਲੋਂ ਛੁਰੀ ਨਾ ਲੱਥੀ ਤਾਂ ਸਾਰੀ ਪ੍ਰਿਥੀ ਬੜਾ ਦੁਖ ਪਾਵੇਗੀ' ਵਲ ਵੀ ਉਹ ਕੋਈ ਰਾਜਸੀ ਅਰਥ ਲਭਣ ਲਈ ਆਪਣੇ ਉਪਰਲੇ ਅਫਸਰ ਦਾ ਵਿਸ਼ੇਸ਼ ਧਿਆਨ ਆਕਰਸ਼ਤ ਕਰਦਾ ਹੈ।[3]

ਡੇਰੇ ਦੇ ਅੰਦਰਲੀਆਂ ਗਲਾਂ ਬਹੁਤ ਹਦ ਤਕ ਗਾਲਬਨ ਉਸ ਨੂੰ ਈਸ਼ਰ ਸਿੰਘ ਰਾਹੀਂ ਹੀ ਮਿਲਦੀਆਂ। ਉਸ ਦੇ ਹੋਰ ਕਿਸ ਸ੍ਰੋਤ ਦਾ ਭੇਦ ਅਜੇ ਨਹੀਂ ਖੁਲ੍ਹ ਸਕਿਆ ਪਰ ਕਿਆਸ ਹੈ ਕਿ ਨਾਰਾਇਣ ਸਿੰਘ ਰੋਡਿਆਂ ਵਾਲਾ ਜੂਨ 1879 ਵਿਚ ਰੰਗੂਨ ਲਈ ਰਵਾਨਾ ਹੋਇਆ ਸੀ। ਬਡਤੀਰਥ (ਹਰੀਪੁਰ) ਦੇ ਸਰੋਵਰ ਵਿਚੋਂ ਨਿਕਲੀ ਸਾਖੀ ਪੋਥੀ ਦਾ ਕੁਛ ਹਿੱਸਾ ਸਤਿਗੁਰੂ ਰਾਮ ਸਿੰਘ ਜੀ ਤੱਕ ਨਾਰਾਇਣ ਸਿੰਘ ਹੀ ਪਹੁੰਚਦਾ ਕਰ ਕੇ ਆਇਆ ਸੀ ਜਿਸ ਦਾ ਸੰਕੇਤ ਇਕ ਹੁਕਮਨਾਮੇ

1, ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਸਮੁੰਦ ਸਿੰਘ, ਸਰਮੁਖ ਸਿੰਘ, ਗੁਰਦਿਤ ਸਿੰਘ ਦੇ ਨਾਂ।

2, ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮਨਾਮਾ ਹੀਰਾ ਸਿੰਘ ਦੇ ਨਾਂ।

3. Secy to Govt. of Punjab to Secy, to Govt. of India.4th April 1881

Namdhari Elibrary NamdhariElibrary@gmail.com

ਵਿਚੋਂ ਮਿਲਦਾ ਹੈ। 'ਏਹੁ ਸੰਚੀ ਪ੍ਰਹਿਲਾਦ ਸਰ ਬਾਲੀ ਪੋਥੀ ਤੇ ਨਿਕਲੀ ਹੈ, ਸਾਨੂੰ ਦੇ ਗਿਆ ਹੈ ਨਰੈਣ ਸਿੰਘ।'[2] ਨਰਾਇਣ ਸਿੰਘ ਦੀ ਰੰਗੂਨ ਲਈ ਰਵਾਨਗੀ ਦੀ ਸੂਹ ਬਾਰਬਰਟਨ ਨੂੰ ਲੱਗ ਚੁੱਕੀ ਸੀ ਤੇ ਉਹ ਸ਼ਿਕਾਰੀ ਵਾਂਗ ਉਸ ਦੀ ਵਾਪਸੀ ਕਾਫੀ ਉਤਸੁਕਤਾ ਨਾਲ ਉਡੀਕ ਰਿਹਾ ਸੀ।

ਕਰਨਲ ਐਚ ਐਨ ਮੂਲਰ ਵੱਲ ਲਿਖੀ 31 ਅਗਸਤ 1878 ਦੀ ਆਪਣੀ ਚਿੱਠੀ ਵਿੱਚ ਬਾਰਬਰਟਨ ਲਿਖਦਾ ਹੈ ਕਿ ਉਹਨੇ ਇਸ ਉੱਚ ਅਫਸਰ ਨੂੰ ਚਿੱਠੀ ਲਿਖਣ ਵਿਚ ਢਿਲ ਇਸ ਕਰ ਕੇ ਕੀਤੀ ਕਿ ਉਹ ਸਤਿਗੁਰੂ ਰਾਮ ਸਿੰਘ ਦੀ ਹਥਲਿਖਤ ਵਾਲੇ ਹੁਕਮਨਾਮੇ ਲੈ ਕੇ ਆਉਣ ਵਾਲੇ ਈਸ਼ਰ ਸਿੰਘ ਨੂੰ ਉਡੀਕਦਾ ਰਿਹਾ ਕਿ ਉਹ ਅੱਜ ਆਉਂਦਾ ਹੈ ਕਿ ਕੱਲ੍ਹ ਆਉਂਦਾ ਹੈ ਪਰ ਬੀਮਾਰੀ ਕਾਰਨ ਈਸ਼ਰ ਸਿੰਘ ਪਛੜ ਗਿਆ। ਇਸ ਕਰ ਕੇ ਚਿੱਠੀ ਵੀ ਪਛੜ ਗਈ।[3]

"(ਸਤਿਗੁਰੂ) ਰਾਮ ਸਿੰਘ ਦੇ ਵਿਦਰੋਹੀ ਉਪਦੇਸ਼ਾਂ ਦੇ ਦਸਤਾਵੇਜ਼ੀ ਪ੍ਰਮਾਣ ਪ੍ਰਾਪਤ ਕਰਨ ਲਈ ਮੈਂ ਅਜੇ ਵੀ ਆਸਵੰਦ ਹਾਂ ਜਿਸ ਨੂੰ ਉਨ੍ਹਾਂ ਸਾਰਿਆਂ ਉਪਰ, ਸਮੇਤ ਜਿਹੜੇ ਇਸ ਗੁਨਾਹ ਵਿਚ ਹਿਸੇਦਾਰ ਹਨ, ਮੁਕਦਮਾ ਚਲਾਇਆ ਜਾਣਾ ਤੇ ਦੇਸ ਨਿਵਾਸਤ ਕੀਤਾ ਜਾਣਾ ਚਾਹੀਦਾ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਫਿਰ ਵੀ ਸਰਬੋਤਮ ਇਲਾਜ ਵਾਸਤੇ ਇਸ ਸਬੰਧ ਵਿਚ ਤਕੜੇ ਤਰੱਦਦ ਲੋੜੀਂਦੇ ਹਨ ਜੋ ਮਤਭੇਦ ਤੇ ਰਾਜਧਰੋਹ ਦੇ ਬੀਜ ਖਤਮ ਕਰਨ ਲਈ ਨਿਸਚੇ ਹੀ ਵਧੇਰੇ ਪ੍ਰਭਾਵਸ਼ਾਲੀ ਸਾਬਤ ਹੋਣਗੇ ਜਿਨ੍ਹਾਂ ਨੇ ਸਾਰੇ ਕੂਕਿਆਂ ਵਿਚ ਡੂੰਘੀਆਂ ਜੜ੍ਹਾ ਫੜ੍ਹ ਲਈਆਂ ਹਨ। ਉਨ੍ਹਾਂ ਦੇ ਵਿਦਰੋਹੀ ਪੱਤਰ ਵਿਵਹਾਰ ਦਾ ਸੁਰਾਗ ਲਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾ ਸਕਦੇ ਹਨ ਤੇ ਜੇ ਲੋੜ ਸਮਝੀ ਜਾਵੇ ਤਾਂ ਇਕ ਨੀਅਤ ਦਿਨ ਸਾਰੇ ਪ੍ਰਾਂਤ ਵਿੱਚ ਹਥਿਆਰ ਤੇ ਕਾਗਜ਼ ਪੱਤਰ ਲਭਣ ਲਈ ਤਲਾਸ਼ੀ ਲਈ ਜਾਵੇ।"[4]

ਜਿਵੇਂ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਬਾਰਬਟਨ ਪੁਲਿਸ ਦੀ ਵਰਦੀ ਬਹੁਤ ਘੱਟ ਪਹਿਨਦਾ ਸੀ। ਬਦਲੇ ਭੇਸ ਵਿਚ ਆਮ ਆਦਮੀ ਨੂੰ ਉਸ ਦੀ ਪਛਾਣ ਨਹੀਂ ਸੀ ਹੋ ਸਕਦੀ ਪਰ ਉਹਦੀ ਤਾੜਵੀਂ ਨਜ਼ਰ ਆਪਣੇ ਸ਼ਿਕਾਰ ਲੱਭਣ ਲਈ ਹਰਦਮ ਬਣੀ ਰਹਿੰਦੀ ਸੀ। ਜਦੋਂ ਕੋਈ ਨਾਮਧਾਰੀ ਹੁਕਮਨਾਮਿਆਂ ਸਮੇਤ ਫੜਿਆ ਜਾਂਦਾ ਤਾਂ ਉਹ ਆਪੇ ਵਿੱਚ ਫੁੱਲਿਆ ਨਹੀਂ ਸੀ ਸਮਾਉਂਦਾ। ਇਸ ਤਰ੍ਹਾਂ ਦੀਆਂ ਦੋ ਘਟਨਾਵਾਂ ਉਘੀਆਂ ਹਨ।

ਮਾੜੀ ਕਿਸਮਤ ਨੂੰ ਨਾਰਾਇਣ ਸਿੰਘ ਇੱਕ ਦਿਨ ਜਗਰਾਉਂ ਨੂੰ ਜਾਂਦਾ ਸਾਰੇ ਹੁਕਮਨਾਮਿਆਂ ਸਮੇਤ ਸੜਕ ਤੇ ਬਾਰਬਰਟਨ ਦੀ ਨਜ਼ਰੇ ਪੈ ਗਿਆ। ਜੇ ਬਾਰਬਰਟਨ ਵਰਦੀ ਵਿਚ ਹੁੰਦਾ ਤਦ ਹੋ ਸਕਦਾ ਹੈ ਨਾਰਾਇਣ ਸਿੰਘ ਰਸਤਾ ਬਦਲਦਾ ਜਾਂ ਬਚਣ ਦਾ ਹੋਰ ਕੋਈ ਚਾਰਾ ਕਰਦਾ ਪਰ ਨਾਰਾਇਣ ਸਿੰਘ ਹੋਣ ਦੀ ਸ਼ੱਕ ਵਿੱਚ ਹੀ ਬਾਰਬਰਟਨ ਨੇ ਉਸ ਨੂੰ ਰੋਕ ਲਿਆ ਤੇ ਜਦ ਪੁੱਛਣ ਤੇ ਉਸ ਦੀ ਸ਼ੱਕ ਸੱਚ ਵਿੱਚ ਬਦਲ ਗਈ ਤਾਂ ਉਸ ਦੀ ਜਾਮਾ ਤਲਾਸ਼ੀ ਲੈ ਕੇ 1 ਬਾਰਬਰਟਨ ਨੇ ਹੁਕਮਨਾਮੇ ਫੜ ਲਏ। ਇਸ ਪ੍ਰਾਪਤੀ ਤੇ ਉਸ ਦੀ ਖੁਸ਼ੀ ਦਾ ਅਨੁਮਾਨ ਉਸ ਦੀ ਕਰਨਲ ਬੇਲੀ ਵੱਲ 19 ਜੁਲਾਈ 1879 ਨੂੰ ਲਿਖੀ ਚਿੱਠੀ ਦੀ ਸ਼ਬਦਾਵਲੀ ਤੋਂ ਸਹਿਜੇ ਲਾਇਆ ਜਾ ਸਕਦਾ ਹੈ। "ਮੇਰੇ ਕੋਲ ਆਪ ਨੂੰ ਦੇਣ ਲਈ ਅੱਜ ਬਹੁਤ ਵਧੀਆ ਖਬਰ ਹੈ।.. ਅਥਾਹ ਪ੍ਰਸੰਨਤਾ ਵਾਲੀ ਗੱਲ ਹੈ ਕਿ ਉਸ ਕੋਲੋਂ (ਸਤਿਗੁਰੂ) ਰਾਮ ਸਿੰਘ ਦੇ ਅਸਲੀ ਪੱਤਰ ਵੱਡੀ ਗਿਣਤੀ ਵਿੱਚ ਮੇਰੇ ਹੱਥ ਲੱਗੇ ਹਨ।" ਵਾਰਬਰਟਨ ਦਾ ਸੁਝਾਉ ਸੀ ਕਿ ਇਨ੍ਹਾਂ ਦੇ ਆਧਾਰ ਤੇ ਨਾਰਾਇਣ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਦੋਹਾਂ ਉੱਪਰ ਹੀ ਸਰਕਾਰ ਮੁਕਦਮਾ ਚਲਾ ਸਕਦੀ ਸੀ।[5]

ਜੋ ਕੁਛ ਸਰਕਾਰੀ ਰਿਕਾਰਡ ਵਿੱਚ ਇਸ ਵੇਲੇ ਉਪਲਬਧ ਹੈ ਜਾਂ ਲੇਖਕ ਦੇ ਹੱਥ ਲੱਗਾ ਹੈ ਉਸ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਨਾਮਧਾਰੀਆਂ ਸੰਬੰਧੀ ਸੂਹਾਂ ਦੇਣ ਵਾਲਾ ਮੁੱਖ ਗਦਾਰ ਈਸ਼ਰ ਸਿੰਘ ਹੀ ਸੀ। ਬਾਬਾ ਕਾਹਲਾ ਸਿੰਘ ਅਨੁਸਾਰ ਰੰਗੂਨ ਤੋਂ ਵਾਪਸ ਆਉਣ ਵਾਲੇ ਸਿੱਖ ਅਕਸਰ ਭੈਣੀ ਸਾਹਿਬ ਹੋ ਕੇ ਆਪਣੇ ਘਰੀਂ ਜਾਇਆ ਕਰਦੇ ਸਨ। ਕਿਆਸ ਇਹੋ ਕੀਤਾ ਜਾ ਸਕਦਾ ਹੈ ਕਿ ਅੱਵਲ ਤਾਂ ਹੁਕਮਨਾਮੇ ਦੀ ਮੂਲ ਲਿਖਤ, ਨਹੀਂ ਤਾਂ ਘੱਟੋ ਘੱਟ ਉਸ ਦਾ ਉਤਾਰਾ, ਭੈਣੀ ਸਾਹਿਬ ਰੱਖ ਲਿਆ ਜਾਂਦਾ ਹੋਵੇਗਾ। ਅਸਲ ਲਿਖਤ ਤੱਕ ਈਸ਼ਰ ਸਿੰਘ ਦੀ ਪਹੁੰਚ ਕਿਵੇਂ ਹੁੰਦੀ ਸੀ?[6]

---

1. Secy to Govt. of Punjab to Secy, to Govt. of India.4th April 1881
2. ਹੁਕਮਨਾਮਾ ਸਤਿਗੁਰੂ ਰਾਮ ਸਿੰਘ ਜੀ ਦਾ।
3. Wartunton J.P., Suptdt. Police. Ludhiana, to H.N.Muller., I.G.P. Punjab. 31.8.1878
4. Ibid
5. From IP Warburton to JCP Baillies, Ins. Gn.P. Pb., 19.7..1878
6. From JP Warburton to JCP Baillies, Ins. Gn...P. Pb.,31.884878

Namdhari Elibrary NamdhariElibrary@gmail.com

ਵਿਸ਼ੇਸ਼ ਕਰ ਕੇ ਜਦੋਂ ਉਹ ਡੇਰੇ ਵਿੱਚੋਂ ਕੱਢਿਆ ਜਾ ਚੁੱਕਾ ਸੀ, ਫਿਰ ਉਹ ਉਤਾਰਾ ਕਿੱਥੇ, ਕਦੋਂ ਤੇ ਕਿਵੇਂ ਕਰਦਾ ਸੀ? ਇਸ ਗੱਲ ਦੀ ਸਮਝ ਨਹੀਂ ਪੈਂਦੀ। ਇਸ ਗੱਲ ਦਾ ਪਤਾ ਬਾਰਬਰਟਨ ਦੀ ਜ਼ਬਾਨੀ ਹੀ ਲੱਗਦਾ ਹੈ ਕਿ ਹੁਕਮਨਾਮੇ ਅਸਲ ਹੁੰਦੇ ਸਨ ਪਰ ਉਸ ਨੂੰ ਈਸ਼ਰ ਸਿੰਘ ਦੁਆਰਾ ਦਿੱਤੀ ਜਾਂਦੀ ਨਕਲ ਈਸ਼ਰ ਸਿੰਘ ਦੀ ਲਿਖਤ ਵਿਚ ਹੁੰਦੀ ਸੀ।

ਦੂਜੀ ਵੱਡੀ ਘਟਨਾ ਲਾਟੋਂ ਦੀ ਢਕੀ ਵਿੱਚ ਹੋਈ ਗੁਪਤ ਇਕਤੜਾ ਤੇ ਉਸ ਦੇ ਫਲਸਰੂਪ ਮਾਈ ਅਤਰੀ ਕੋਲੋਂ ਫੜੇ ਗਏ ਹੁਕਮਨਾਮੇ। ਹੁਕਮਨਾਮਿਆਂ ਦੀ ਗਿਣਤੀ ਭਾਵੇਂ ਨਰਾਇਣ ਸਿੰਘ ਕੋਲੋਂ ਫੜੇ ਗਏ ਹੁਕਮਨਾਮਿਆਂ ਨਾਲੋਂ ਥੋੜ੍ਹੀ ਸੀ ਪਰ ਸਤਿਗੁਰੂ ਰਾਮ ਸਿੰਘ ਨਾਲ ਜੁੜਿਆ ਹੋਣ ਕਾਰਨ ਅਤਰੀ ਦਾ ਨਾਂ ਹੀ ਮਹੱਤਵ ਪੂਰਨ ਸੀ। ਇਸ ਘਟਨਾ ਦਾ ਬਾਰਬਰਟਨ ਵਿਸਤੀਰਤ ਵਰਨਣ ਕਰਦਾ ਹੈ ਜਿਸ ਕਰ ਕੇ ਇਹ ਰਿਪੋਰਟ ਕਾਫੀ ਲੰਬੀ ਹੈ ਤੇ ਇਕੋ ਸਾਹੇ ਲਿਖੀ ਗਈ ਪ੍ਰਤੀਤ ਹੁੰਦੀ ਹੈ ਕਿਉਂਕਿ ਇਸ ਦੀ ਪਹਿਰੇਬੰਦੀ ਨਹੀਂ ਕੀਤੀ ਗਈ। ਸਾਰੀ ਰਿਪੋਰਟ ਦਾ ਪੰਜਾਬੀ ਅਨੁਵਾਦ ਦੇਣ ਦੇ ਲਾਲਚ ਪਿੱਛੇ ਕਾਰਨ ਹੈ ਇਸ ਵਿੱਚ ਕਾਫੀ ਗੱਲਾਂ ਦਿਲਚਸਪ ਤੇ ਨਵੀਆਂ ਦਾ ਦਰਜ ਹੋਣਾ।

19 ਮਾਰਚ 1879 ਨੂੰ ਲਾਹੋ ਦੀ ਢਕੀ ਵਿਚ ਨਾਮਧਾਰੀਆਂ ਦੀ ਗੁਪਤ ਵਿਚਾਰ ਬੈਠਕ ਹੋ ਰਹੀ ਸੀ ਜਿਸ ਦੀ ਸੂਹ ਭੈਣੀ ਸਾਹਿਬ ਦੇ ਲੰਬੜ ਸੁਖੂ ਨੇ ਬਾਰਬਰਟਨ ਤੱਕ ਅਪੜਾਈ। ਉਹਨੇ ਸਾਹਨੇਵਾਲ ਦੇ ਥਾਣੇਦਾਰ ਸਰਫਰਾਜ਼ ਖਾਂ ਨੂੰ ਤੁਰਤ ਛਾਪਾ ਮਾਰ ਕੇ ਸਾਰੇ ਬੰਦੇ ਫੜਨ ਲਈ ਹੁਕਮ ਚਾੜ੍ਹਿਆ। ਸਰਫਰਾਜ਼ ਖਾਂ ਦੇ ਜਾਣ ਤੇ ਸਿੱਖ ਇਕ ਦਮ ਹੈਰਾਨ ਪਰੇਸ਼ਾਨ ਤਾਂ ਹੋਣੇ ਹੀ ਸਨ। ਕੁਛ ਕੁ ਹਿੰਮਤ ਕਰ ਕੇ ਭੱਜ ਗਏ। ਭੱਜਣ ਦੀ ਸੰਭਾਵਨਾ ਦਾ ਖਤਰਾ ਭਾਂਪ ਕੇ ਥਾਣੇਦਾਰ ਨੇ ਪਹਿਲਾਂ ਹੀ ਪਹਿਰੇ ਦਾ ਪ੍ਰਬੰਧ ਕੀਤਾ ਹੋਇਆ ਸੀ। 38 ਵਿਅਕਤੀ ਸਮੇਤ ਮਾਈ ਅਤਰੀ ਦੇ ਫੜੇ ਗਏ।

ਮਾਈ ਅਤਰੀ ਮਾਈਸਰ ਖਾਨੇ ਤੋਂ ਸੀ ਜਿਹੜੀ ਆਪਣੇ ਆਪ ਨੂੰ ਸਤਿਗੁਰੂ ਰਾਮ ਸਿੰਘ ਦੀ ਮੰਗੇਤਰ ਸਮਝਦੀ ਸੀ ਤੇ ਜਿਸਦੀ ਸਿੱਖਾਂ ਵਿਚ ਸ਼ਾਇਦ ਇਸੇ ਕਰ ਕੇ ਬਹੁਤੀ ਮਾਨਤਾ ਵੀ ਸੀ। ਸੰਤ ਇੰਦਰ ਸਿੰਘ 'ਚਕ੍ਰਵਰਤੀ ਜੀ ਨੂੰ 'ਮਸਲੇ ਸੇਖ ਫਰੀਦ ਕੇ' ਦਾ ਖਰੜਾ ਇਸੇ ਪਰਿਵਾਰ ਕੋਲੋਂ ਪ੍ਰਾਪਤ ਹੋਇਆ ਲਗਦਾ ਹੈ। ਇਸ ਦੇ ਵੰਸ਼ਜ ਕਿਰਪਾਲ ਸਿੰਘ ਤੇ ਉਸ ਦੇ ਲੜਕੇ ਬਲਬੀਰ ਸਿੰਘ ਨਾਲ ਇਸ ਲੇਖਕ ਦਾ ਮਿਲਾਪ ਹੁੰਦਾ ਰਿਹਾ ਹੈ। ਛਾਪਾ ਪੈਣ ਤੇ ਗੁਰਦਾਸ ਸਿੰਘ ਜਿਸ ਦਾ ਮਗਰੋਂ ਜਾ ਕੇ ਅਸਲੀ ਨਾਂ ਗੁਰਦਿਤ ਸਿੰਘ ਨਿਕਲਿਆ ਅਤਰੀ ਨੂੰ ਗਡੇ ਤੇ ਬਿਠਾ ਕੇ ਉਥੋਂ ਕੱਢਣ ਦੇ ਆਹਰ ਵਿਚ ਸੀ ਕਿ ਪੁਲਸੀਆਂ ਨੇ ਰੋਕ ਲਿਆ। ਉਹ ਮਾਈ ਅਤਰੀ ਨੂੰ ਆਪਣੀ ਭੈਣ ਦੱਸ ਰਿਹਾ ਸੀ।

ਇਸੇ 17 ਤਾਰੀਖ ਨੂੰ ਭੈਣੀ ਦੇ ਲੰਬੜਦਾਰ ਸੁਖੂ ਨੇ ਮੈਨੂੰ ਇਤਲਾਹ ਦਿੱਤੀ ਕਿ ਲੱਗਪਗ 150 ਓਪਰੇ ਕੂਕੇ ਲਾਟੋਂ ਪਿੰਡ ਦੇ ਨੇੜੇ ਜਿਹੜਾ ਭੈਣੀ ਤੋਂ ਇੰਨਾਂ ਦੂਰ ਨਹੀਂ, ਢੱਕ ਜੰਗਲ ਵਿਚ ਇੱਕਠੇ ਹੋਏ ਹੋਏ ਹਨ। ਇਸ ਇਤਲਾਹ ਦੀ ਮਗਰੋਂ ਖੁਫੀਆ ਵਿਭਾਗ ਦੇ ਕਰਮਚਾਰੀ ਦੁਆਰਾ ਪੁਸ਼ਟੀ ਵੀ ਹੋ ਗਈ ਪਰ ਉਹ ਇੱਕਠੇ ਹੋਏ ਬੰਦਿਆਂ ਦੀ ਗਿਣਤੀ ਬਾਰੇ ਨਿਸ਼ਚਿਤ ਨਹੀਂ ਸੀ। ਹੁਣੇ ਹੁਣੇ ਇਕ ਅਜਿਹੇ ਕੂਕੇ ਵਲੋਂ, ਜਿਸ ਦੀ ਗਲ ਦੀ ਸਚਿਆਈ ਤੇ ਸ਼ੱਕ ਕਰਨ ਦਾ ਮੇਰੇ ਕੋਲ ਕੋਈ ਕਾਰਨ ਨਹੀਂ, ਇਹ ਦਸੇ ਜਾਣ ਤੇ ਕਿ ਦਾਨ ਸਿੰਘ, ਗੁਰਦਿਤ ਸਿੰਘ, ਠਾਕੁਰ ਸਿੰਘ, ਜੈਮਲ ਸਿੰਘ ਤੇ ਭੈਣੀ ਦੇ ਹੀ ਦਰਬਾਰਾ ਸਿੰਘ ਤੇ ਰਾਈਆਂ ਦੇ ਮੰਗਲ ਸਿੰਘ ਕੋਈ ਸ਼ਰਾਰਤ ਕਰਨ ਦੀ ਸਾਜਿਸ਼ ਰਚ ਰਹੇ ਹਨ, ਮੈਂ ਇਹ ਤਸੱਲੀ ਕਰਨੀ ਜ਼ਰੂਰੀ ਸਮਝੀ ਕਿ ਜੇ ਇਹ ਸੱਚ ਹੈ ਤਾਂ ਇਸ ਗੁਪਤ ਤੇ ਅਸਾਧਾਰਨ ਇਕਤਾ ਦਾ ਪ੍ਰਯੋਜਨ ਕੀ ਸੀ? ਇਸ ਮੰਤਵ ਨਾਲ ਮੈਂ 18 ਤਾਰੀਖ ਸਵੇਰੇ ਹੀ ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਨੂੰ ਇਸ ਕੰਮ ਲਈ ਭੇਜਿਆ। ਉਸ ਅਫਸਰ ਦੀ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਉਹ 39 ਕੂਕਿਆਂ ਨੂੰ ਫੜਨ ਵਿਚ ਸਫਲ ਹੋ ਗਿਆ ਹੈ ਜਿਨ੍ਹਾਂ ਦੇ ਨਾਂ ਤੇ ਪਿੰਡ ਨਾਲ ਦਿਤੀ ਸੂਚੀ ਵਿਚ ਦਰਜ ਹਨ। ਡਿਪਟੀ ਇਨਸਪੈਕਟਰ ਨੂੰ ਦੇਖਦਿਆਂ ਹੀ ਕੂਕਿਆਂ ਦਾ ਇਕੱਠ ਇਕ ਦਮ ਖਿਲਰ ਪੁੱਲਰ ਗਿਆ ਪਰ ਉਨ੍ਹਾਂ ਵਿਚੋਂ ਬਹੁਤੇ ਭੱਜ ਗਏ ਪਰ ਇਸ ਤਰ੍ਹਾਂ ਦੇ ਸੰਜੋਗ ਨੂੰ ਧਿਆਨ ਵਿਚ ਰੱਖਦਿਆਂ ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਵਲੋਂ ਵਿਵੇਕਪੂਰਨ ਇਹਤਿਆਤਾਂ ਦਾ ਪ੍ਰਯੋਗ, ਕੁਛ ਗੁਆਂਢੀ ਪਿੰਡਾਂ ਦੇ ਲੰਬੜਦਾਰਾਂ ਦੇ ਸਹਿਯੋਗ ਨਾਲ ਇੰਨਾਂ ਕਾਮਯਾਬ ਹੋਇਆ ਕਿ ਉਹ ਬਹੁਤੇ ਕੂਕੇ ਫੜਨ ਵਿਚ ਸਫਲ ਹੋ ਗਿਆ। ਕੇਵਲ ਕੁਛ ਕੁ ਹੀ ਬਚ ਕੇ ਨਿਕਲੇ। ਗੁਰਦਾਸ ਸਿੰਘ, ਜਿਸ ਦਾ ਅਸਲੀ ਨਾਂ ਗੁਰਦਿਤ ਸਿੰਘ ਨਿਕਲਿਆ, ਦਾ ਇਕ ਰਥ ਜਾਂ ਚਾਰ ਪਹੀਆ ਗੱਡਾ ਤੇ ਤਿੰਨ ਬਲਦ, ਇਕ ਅਵਾਰਾ ਊਠ ਜਿਸ ਦੀ ਮਾਲਕੀ ਦਾ ਦਾਅਵਾ ਪਿੰਡ ਕਲੇੜੀ, ਥਾਣਾ ਬੂਲਾਵਾ ਜ਼ਿਲਾ ਕਰਨਾਲ ਦੇ ਬਿਸ਼ਨ ਸਿੰਘ ਨੇ ਕੀਤਾ ਤੇ ਇਕ ਟੱਟੂ ਜਿਸ ਦੀ ਮਾਲਕ ਹੋਣ ਦਾ ਮਾਈ ਅਤਰੀ ਤੇ ਸ਼ੱਕ ਹੈ, ਪਰ ਜਿਸ ਦੀ ਮਾਲਕੀ ਦਾ ਦਾਅਵਾ ਰਤਨ ਸਿੰਘ ਨਤੀਆਣਾ ਜ਼ਿਲਾ ਫਿਰੋਜ਼ਪੁਰ ਨੇ ਕੀਤਾ, ਕੁਛ ਲਾਠੀਆਂ, ਲੋਹੇ ਦੀਆਂ ਸੰਮਾਂ ਵਾਲੀਆਂ ਦੋ ਡਾਂਗਾਂ ਤੇ ਚਾਰ ਟਕੂਏ ਪੁਲਸ ਨੇ ਬਰਾਮਦ ਕੀਤੇ। ਗੁਰਦਾਸ ਸਿੰਘ ਨਾਲ ਇਕ ਮੁਟਿਆਰ ਜ਼ਨਾਨੀ ਵੀ ਸੀ ਜਿਸ ਨੂੰ ਉਹ ਆਪਣੀ ਭੈਣ ਦਸਦਾ ਸੀ।

Namdhari Elibrary NamdhariElibrary@gmail.com

ਉਹਨੇ ਕੂਕਾ ਹੋਣ ਜਾਂ ਭੈਣੀ ਜਾਂ ਕੂਕਿਆਂ ਬਾਰੇ ਕੁਛ ਜਾਣਦਾ ਹੋਣ ਤੋਂ ਇਨਕਾਰ ਕੀਤਾ।

ਗੁਰਦਾਸ ਸਿੰਘ ਨੇ ਦਸਿਆ ਕਿ ਉਹ ਨਰੈਣ ਗੜ੍ਹ, ਥਾਣਾ ਗੋਬਿੰਦਗੜ੍ਹ ਇਲਾਕਾ ਪਟਿਆਲਾ ਦਾ ਜੱਟ ਜਿਮੀਦਾਰ ਹੈ ਅਤੇ ਦੜਾਂ ਤੋਂ ਵਾਪਸ ਆ ਰਿਹਾ ਸੀ ਜਿਥੇ ਉਸ ਦੀ ਭੈਣ ਮਹਿਤਾਬ ਕੌਰ ਇਕ ਜਿਮੀਦਾਰ ਬਸੰਤ ਸਿੰਘ ਨੂੰ ਵਿਆਹੀ ਹੋਈ ਹੈ। ਜਦੋਂ ਡਿਪਟੀ ਇਨਸਪੈਕਟਰ ਕੂਕਿਆਂ ਦੇ ਨਾਂ ਲਿਖ ਰਿਹਾ ਸੀ ਤਾਂ ਗੁਰਦਾਸ ਸਿੰਘ ਨੇ ਚੁਪ ਚੁਪੀਤੇ ਇਸ਼ਾਰਾ ਕੀਤਾ ਤੇ ਆਪਣੀ ਕਥਿਤ ਭੈਣ ਦਾ ਗੱਡਾ ਅਗੇ ਹੱਕ ਲਿਆ। ਛੇਤੀ ਹੀ ਮਗਰੋਂ ਜਦ ਪੁਲਿਸ ਨੂੰ ਗੱਡਾ ਗੁਆਚ ਜਾਣ ਦਾ ਪਤਾ ਲੱਗਾ ਤਾਂ ਉਨ੍ਹਾਂ ਪਿੱਛਾ ਕੀਤਾ ਤੇ ਉਸ ਨੂੰ ਮੋੜ ਲਿਆਏ। ਗੁਰਦਾਸ ਸਿੰਘ ਤੇ ਉਸ ਦੀ ਭੈਣ ਦੇ ਕਰ ਕੇ ਕੂਕਿਆਂ ਨੇ ਬਹੁਤ ਚਿੰਤਾ ਦਾ ਪ੍ਰਗਟਾਵਾ ਕੀਤਾ ਤੇ ਸਭ ਦੀ ਇਛਾ ਸੀ ਕਿ ਉਨ੍ਹਾਂ ਨੂੰ ਰੋਕਿਆ ਜਾਂ ਮੇਰੇ ਅੱਗੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਊਠ ਦਾ ਮਾਲਕ ਕਲੇਰੀ ਵਾਲਾ ਬਿਸ਼ਨ ਸਿੰਘ ਤਾਂ ਡਿਪਟੀ ਇਨਸਪੈਕਟਰ ਨੂੰ ਵਢੀ ਦੇਣ ਦੀ ਹੱਦ ਤੱਕ ਵੀ ਗਿਆ। ਗੁਰਦਾਸ ਸਿੰਘ ਕਿਸੇ ਵੀ ਓਪਰੇ ਬੰਦੇ ਨੂੰ ਆਪਣੀ ਭੈਣ ਦੇ ਕੋਲ ਜਾਣ ਜਾਂ ਉਸ ਨਾਲ ਗੱਲ ਕਰਨ ਦੀ ਆਗਿਆ ਨਹੀਂ ਸੀ ਦਿੰਦਾ ਤੇ ਇਥੋਂ ਤੱਕ ਕਿ ਉਸ ਨੂੰ ਡਿਪਟੀ ਇਨਸਪੈਕਟਰ ਨਾਲ ਗੱਲ ਕਰਨ ਦੀ ਵੀ ਆਗਿਆ ਨਹੀਂ ਦੇਵੇਗਾ ਕਿਉਂਕਿ ਉਸ ਦੇ ਭਾਈਚਾਰੇ ਵਿੱਚ ਜ਼ਨਾਨੀ ਨੂੰ ਬਹੁਤ ਪਰਦੇ ਵਿਚ ਰਖਿਆ ਜਾਂਦਾ ਹੈ ਇਸ ਲਈ ਇਹ ਉਸ ਦੇ ਭਾਈਚਾਰੇ ਦੇ ਰੀਤੀ ਰਿਵਾਜਾਂ ਦੇ ਵਿਰੁੱਧ ਹੈ। ਪਰ ਉਸ ਨੇ ਆਪਣੇ ਕੂਕਾ ਹੋਣ ਤੋਂ ਇਨਕਾਰ ਕੀਤਾ ਤੇ ਜਿਸ ਪੰਥ ਵਿਚ, ਉਸ ਅਨੁਸਾਰ, ਉਸ ਦੀ ਭੈਣ ਵੀ ਸ਼ਾਮਲ ਨਹੀਂ ਹੋਈ। ਉਹ ਮਾਂਸਾਹਾਰ ਕਰਨ, ਸ਼ਰਾਬ ਪੀਣ ਤੇ ਚਮੜੇ ਦੇ ਬੋਕੇ ਦਾ ਪਾਣੀ ਪੀਣ ਦਾ ਆਦੀ ਹੈ। ਗੁਰਦਾਸ ਸਿੰਘ ਦੇ ਪ੍ਰਸਪਰ ਵਿਰੋਧੀ ਬਿਆਨ, ਤੇ ਪੁਲਿਸ ਦੀ ਪਕੜ ਵਿਚੋਂ ਨਿਕਲ ਜਾਣ ਦੀ ਉਸ ਦੀ ਉਤਸੁਕਤਾ ਨੇ ਉਸ ਬਾਰੇ ਗੰਭੀਰ ਸ਼ੱਕ ਪੈਦਾ ਕਰ ਦਿੱਤੇ। ਕਿਆਸ ਇਹ ਕੀਤਾ ਗਿਆ ਕਿ ਉਹ ਜਾਂ ਤਾਂ ਭਗੌੜਾ ਹੈ ਤੇ ਜਾਂ ਫਿਰ ਆਪਣੀ ਸਾਥਣ ਨੂੰ ਉਧਾਲ ਕੇ ਲਿਆਇਆ ਹੈ। ਇਨ੍ਹਾਂ ਕੂਕਿਆਂ ਦੇ ਅੱਗੇ ਪਿਛੇ ਦਾ ਪਤਾ ਲਾਉਣ ਲਈ ਮੈਂ ਆਪਣੇ ਖੁਫੀਆ ਪੁਲਿਸ ਦੇ ਕਰਮਚਾਰੀ ਨੂੰ ਬੁਲਾ ਭੇਜਿਆ, ਜਿਹੜਾ ਰਾਤ ਪਈ ਤੇ ਆਇਆ। ਅਗਲੀ ਸਵੇਰ (19 ਮਾਰਚ ੧੮੮੧) ਮੈਨੂੰ ਉਸ ਨੇ ਦੱਸਿਆ ਕਿ ਗੁਰਦਾਸ ਸਿੰਘ ਇਕ ਪ੍ਰਭਾਵਸ਼ਾਲੀ ਕੂਕਾ ਸੂਬਾ ਹੈ, ਉਸ ਦਾ ਅਸਲੀ ਨਾਂ ਗੁਰਦਿਤ ਸਿੰਘ ਤੇ ਪਿੰਡ ਮੌਜ਼ਾ ਨਾਈਵਾਲਾ ਥਾਣਾ ਅਨੋਹਗੜ੍ਹ ਹਲਕਾ ਪਟਿਆਲਾ ਹੈ। ਉਸੇ ਪਿੰਡ ਦਾ ਉਸ ਦਾ ਵੱਡਾ ਦੋਸਤ ਜਾਂ ਸਬੰਧੀ ਰਤਨ ਸਿੰਘ ਨਾਈ ਹੋਰਨਾਂ ਕੂਕਿਆਂ ਨਾਲ ਬੁਚੜ ਬਧ ਮੁਕਦਮੇ ਵਿਚ ਫਾਹੇ ਲਾਇਆ ਗਿਆ ਸੀ ਜਿਸ ਵਿਚ ਸ਼ਾਇਦ ਗੁਰਦਿਤ ਸਿੰਘ ਵੀ ਅੜਿਆ ਗਿਆ ਸੀ ਪਰ ਕਿਉਂਕਿ ਉਸ ਦੇ ਵਿਰੁਧ ਤਸੱਲੀਬਖਸ਼ ਕੋਈ ਗੱਲ ਸਾਬਤ ਨਹੀਂ ਸੀ ਕੀਤੀ ਜਾ ਸਕੀ, ਇਸ ਲਈ ਪਟਿਆਲੇ ਦੇ ਅਧਿਕਾਰੀਆਂ ਨੇ ਉਸ ਦੀ ਇਸ ਵਾਅਦੇ ਲਈ 500 ਰੁਪਏ ਦੀ ਜ਼ਮਾਨਤ ਲਈ ਸੀ ਕਿ ਉਹ ਅਮਨ ਕਾਨੂੰਨ ਬਣਾਈ ਰਖੇਗਾ, ਅਧਿਕਾਰੀਆਂ ਦੀ ਪੇਸ਼ਗੀ ਅਨੁਮਤੀ ਬਿਨਾਂ ਭੈਣੀ ਤੇ ਪਿੰਡ ਦੀ ਜੂਹ ਤੋਂ ਬਾਹਰ ਨਹੀਂ ਜਾਵੇਗਾ। ਉਸ ਦੀ ਸਾਥਣ ਜ਼ਨਾਨੀ, ਜਿਸ ਨੂੰ ਉਹ ਆਪਣੀ ਭੈਣ ਦਸਦਾ ਹੈ, ਅਸਲ ਵਿਚ ਗੁਰੂ ਰਾਮ ਸਿੰਘ ਦੀ ਪਤਨੀ ਹੋਣ ਦਾ ਦਾਅਵਾ ਕਰਨ ਵਾਲੀ ਮਾਈਸਰਖਾਨੇ ਦੀ ਅਤਰੀ ਹੈ, ਕਿ ਉਹ ਇਥੇ ਗੁਪਤ ਤੌਰ ਤੇ ਪਟਿਆਲਾ ਅਧਿਕਾਰੀਆਂ ਦੀ ਜਾਣਕਾਰੀ ਤੋਂ ਬਿਨਾਂ ਆਈ ਹੈ ਜਿਹੜੇ ਉਸ ਨੂੰ ਜੂਹ ਛਡਣ ਜਾਂ ਭੈਣੀ ਆਉਣ ਦੀ ਕਦੇ ਵੀ ਆਗਿਆ ਨਹੀਂ ਦਿੰਦੇ। ਸਾਰੀ ਜਾਣਕਾਰੀ ਪ੍ਰਾਪਤ ਕਰ ਲੈਣ ਪਿਛੋਂ ਮੈਂ ਗੁਰਦਾਸ ਸਿੰਘ ਦੇ ਉਸ ਦੀ ਮਾਤਭਾਸ਼ਾ ਵਿਚ ਬਿਆਨ ਨੋਟ ਕਰਨ ਵਲ ਅੱਗੇ ਵਧਿਆ ਜਿਹੜੇ ਮਗਰੋਂ ਕੀਤੇ ਗਏ ਉਸ ਦੇ ਆਪਣੇ ਇਨਕਸ਼ਾਫ ਅਨੁਸਾਰ ਝੂਠੇ ਸਨ। ਇਸੇ ਤਰ੍ਹਾਂ ਅਤਰੀ ਨੇ ਆਪਣੇ ਭਰਾ ਗੁਰਦਾਸ ਸਿੰਘ ਦੇ ਬਿਆਨਾਂ ਦੇ ਝੂਠੇ ਹੋਣ ਦੀ ਪੁਸ਼ਟੀ ਕਰ ਦਿੱਤੀ। ਚਾਰ-ਪੰਜ ਸਾਲ ਪਹਿਲਾਂ ਜਦੋਂ ਉਹ ਚੋਰੀ ਛਿਪੇ ਭੈਣੀ ਆਈ ਸੀ, ਉਦੋਂ ਅਤਰੀ ਨੂੰ ਦੇ ਖਿਆ ਹੋਇਆ ਹੋਣ ਕਾਰਨ ਤੇ ਡਿਪਟੀ ਕਮਿਸ਼ਨਰ ਮੇਜਰ ਗਾਰਡਨ ਵਲੋਂ ਉਸ ਨੂੰ ਉਸ ਦੇ ਪਿੰਡ ਭੇਜੇ ਗਏ ਹੋਣ ਕਾਰਨ ਜਦੋਂ ਹੀ ਉਹਨੇ ਮੇਰੇ ਆਗ੍ਰਹਿ ਕਰਨ ਤੇ ਅਣਇਛਤ ਤੌਰ ਤੇ ਆਪਣਾ ਚਿਹਰਾ ਨੰਗਾ ਕੀਤਾ ਤਾਂ ਮੈਂ ਉਸ ਨੂੰ ਝਟ ਪਛਾਣ ਗਿਆ। ਕੁਛ ਹਿਚਕਚਾਹਟ ਪਿਛੋਂ ਉਹਨੇ ਆਪਣੀ ਖਾਨੇ ਦੀ ਅਤਰੀ ਵਜੋਂ ਪਛਾਣ ਦਾ ਇਕਬਾਲ ਕਰ ਲਿਆ ਤੇ ਦਸਿਆ ਕਿ ਉਹਨੇ ਚਿਹਰਾ ਇਸ ਕਰ ਕੇ ਛੁਪਾਇਆ ਹੋਇਆ ਸੀ ਕਿ ਉਹ ਪਟਿਆਲੇ ਦੇ ਅਧਿਕਾਰੀਆਂ ਤੋਂ ਅਨੁਮਤੀ ਲਏ ਬਗੈਰ ਇਥੇ ਆਈ ਸੀ ਪਰ ਆਪਣੇ ਮਾਪਿਆਂ ਦੇ ਨਾ ਰਹਿਣ ਕਰ ਕੇ ਤੇ ਪਟਿਆਲਾ ਹਲਕੇ ਵਿਚ ਤਸੀਹੇ ਸਹਿਣ ਤੋਂ ਅਸਮਰਥ ਹੋਣ ਕਰ ਕੇ, ਉਹ ਲੁਧਿਆਣਾ ਜ਼ਿਲੇ ਵਿਚ ਆ ਗਈ ਤਾਂ ਕਿ ਭੈਣੀ ਵਿਚ ਬੁਧ ਸਿੰਘ ਕੋਲ ਆਪਣੀ ਰਹਾਇਸ਼ ਬਣਾ ਸਕੇ। ਜਿਉਂ ਹੀ ਮਾਈ ਅਤਰੀ ਦੀ ਨਿਰਵਿਵਾਦ ਪਛਾਣ ਹੋ ਗਈ ਫਿਰ ਗੁਰਦਿਤ ਸਿੰਘ ਵੀ ਅੱਗ ਆ ਗਿਆ ਤੇ ਉਹਨੇ ਵੀ ਆਪਣਾ ਸਹੀ ਨਾਂ, ਜ਼ਾਤ ਤੇ ਪਿੰਡ ਦੱਸ ਦਿੱਤਾ ਤੇ ਮੰਨ ਗਿਆ ਕਿ ਉਸ ਨੂੰ ਬੁਚੜਬਧ ਮੁਕਦਮ ਵਿਚ 500 ਰੁਪਏ ਦੀ ਜ਼ਮਾਨਤ ਦੇਣ ਵਾਸਤੇ ਮਜਬੂਰ ਕੀਤਾ ਗਿਆ ਸੀ। ਉਹਨੇ ਇਹ ਵੀ ਵਿਸਥਾਰ ਨਾਲ ਦਸ ਦਿੱਤਾ ਕਿ ਉਹ ਲੱਧੜਾਂ ਤੋਂ ਆਪਣੇ ਸਬੰਧੀਆਂ ਨੂੰ ਮਿਲ ਕੇ ਵਾਪਸ ਆ ਰਿਹਾ ਹੈ ਤੇ ਉਸ ਨੇ ਇਸ ਰਸਤੇ

Namdhari Elibrary NamdhariElibrary@gmail.com

ਲੰਘਣਾ ਸੀ, ਜਦੋਂ ਪੁਲਸ ਕੂਕਿਆਂ ਨੂੰ ਫੜ ਰਹੀ ਸੀ ਤਾਂ ਗਲਤੀ ਨਾਲ ਉਸ ਨੂੰ ਵੀ ਕੂਕਾ ਸਮਝ ਕੇ ਫੜ ਲਿਆ ਗਿਆ, ਤੇ ਮਾਈ ਅਤਰੀ ਜਿਸ ਨੂੰ ਉਹ ਜਾਣਦਾ ਵੀ ਨਹੀਂ, ਉਸ ਦੇ ਗੱਡੇ ਵਿਚ ਬੈਠ ਗਈ ਤੇ ਗੱਡਾ ਹੱਕ ਲੈ ਗਈ। ਲਗਦਾ ਹੈ ਕਿ ਉਸ ਦਾ ਇਹ ਬਿਆਨ ਝੂਠ ਹੈ ਕਿਉਂਕਿ ਅਤਰੀ ਤੇ ਦੂਜੇ ਕੂਕਿਆਂ, ਜਿਹੜੇ ਉਸ ਦੇ ਸਾਥੀ ਹਨ, ਦੇ ਬਿਆਨ ਇਸ ਨੂੰ ਕੱਟਦੇ ਹਨ। ਅਸਲ ਵਿਚ ਉਨ੍ਹਾਂ ਸਾਰਿਆਂ ਦੇ, ਮੁਖ ਨੁਕਤਿਆਂ ਸਬੰਧੀ ਬਿਆਨ ਇਕ ਦੂਜੇ ਦੇ ਬਿਆਨਾਂ ਤੋਂ ਵਖਰੇ ਹਨ ਜਿਸ ਤੋਂ ਸਿੱਧ ਹੁੰਦਾ ਹੈ ਕਿ ਸਭ ਨੇ ਝੂਠੇ ਬਿਆਨ ਦਿਤੇ ਹਨ।

ਮਾਈ ਅਤਰੀ ਦੀ ਪੋਥੀ ਵਿਚੋਂ, ਮੈਂ ਗੁਰੂ ਰਾਮ ਸਿੰਘ ਦੇ ਅਸਲੀ ਪੱਤਰ ਲਭੇ ਹਨ ਜਿਹੜੇ ਪਿਛਲੇ ਸਾਲ ਕਿਸੇ ਸਮੇਂ ਭਗਵਾਨ ਸਿੰਘ ਤੇ ਸੁੰਦਰ ਸਿੰਘ ਦੁਆਰਾ ਲਿਆਂਦੇ ਗਏ ਜਾਪਦੇ ਹਨ। ਇਨ੍ਹਾਂ ਪਤਰਾਂ ਵਿਚ ਕੋਈ ਵੀ ਮਹਤਵਪੂਰਨ ਗਲ ਨਹੀਂ ਹੈ, ਭਾਵੇਂ ਉਸ ਵਲੋਂ ਪੁੱਛ ਪੜਤਾਲ ਕੀਤੀ ਗਈ ਹੈ ਵਿਸ਼ੇਸ਼ ਕਰ ਕੇ ਅਫਗਾਨ ਜੁਧ ਬਾਰੇ, ਰੂਸੀਆਂ ਦੇ ਆਉਣ, ਤੇ ਅੰਗਰੇਜ਼ਾਂ ਵਿਰੁੱਧ ਉਨ੍ਹਾਂ ਦਾ ਅਫਗਾਨ ਫੌਜੀਆਂ ਨੂੰ ਸਹਿਯੋਗ, ਤੇ ਕੀ ਰੇਲ ਲਾਈਨ ਪਿਸ਼ਾਵਰ ਤੱਕ ਵਿਛ ਗਈ ਹੈ ਕਿ ਨਹੀਂ, ਤੇ ਇਹ ਕਿ ਕੀ ਸਰਹਿੰਦ ਨਹਿਰ ਵਿਚ ਪਾਣੀ ਛਡ ਦਿਤਾ ਗਿਆ ਹੈ ਕਿ ਨਹੀਂ? ਮਾਈ ਅਤਰੀ ਬਾਰੇ ਤੋਂ ਇਨ੍ਹਾਂ ਤਰਾਂ ਦੇ ਕਬਜ਼ੇ ਬਾਰੇ ਤੇ ਹੋਰ ਛੋਟੀਆਂ ਗਲਾਂ ਬਾਰੇ ਵਧੇਰੇ ਪੁਛ ਪੜਤਾਲ ਕੀਤੀ ਹੈ, ਮਾਈ ਅਤਰੀ ਕਿਸੇ ਵੀ ਗੱਲ ਦਾ ਤਸੱਲੀਬਖਸ਼ ਉਤਰ ਦੇਣ ਤੋਂ ਅਸਮਰਥ ਹੈ। ਉਹਦਾ ਕਹਿਣਾ ਹੈ ਕਿ ਉਹ ਇਨ੍ਹਾਂ (ਪਤਰਾਂ) ਬਾਰੇ ਕੁਛ ਵੀ ਨਹੀਂ ਜਾਣਦੀ ਤੇ ਕਿਆਸ ਕਰਦੀ ਹੈ ਕਿ ਇਹ ਉਸ ਦੀ ਪੋਥੀ ਵਿਚ ਕਿਸੇ ਉਸ ਵਿਅਕਤੀ ਵੱਲੋਂ ਰੱਖੇ ਗਏ ਹਨ ਜਿਹੜਾ ਉਹਨੂੰ ਖਾਨੇ ਮਿਲਣ ਗਿਆ ਸੀ ਤੇ ਜਿਸ ਦੀ ਪਿਛੋਂ ਜਾ ਕੇ ਪਤਾ ਲਗ ਗਿਆ ਸੀ ਕਿ ਉਹ ਖੁਫੀਆ ਪੁਲਸ ਦਾ ਬੰਦਾ ਜਾਂ ਮੁਖਬਰ ਸੀ। ਇਹ ਵਿਆਖਿਆ ਊਟਪਟਾਂਗ ਹੈ। ਰੋੜਿਆਂ ਵਾਲੇ ਨਰਾਇਣ ਸਿੰਘ ਨੇ ਵੀ, ਜਿਸ ਕੋਲੋਂ ਮੈਂ ਬਹੁਤ ਸਾਰੇ ਪੱਤਰ 1878 ਵਿਚ ਫੜੇ ਸਨ, ਇਜੇਹੇ ਹੀ ਛਿਛਹਰੇ ਬਹਾਨੇ ਬਣਾਏ ਸਨ।

ਮੈਂ ਇਹ ਨਿਸਚਿਤ ਕਰਨ ਤੋਂ ਅਸਮਰਥ ਰਿਹਾ ਹਾਂ ਕਿ ਇਸ ਇਕਤਰਤਾ ਦਾ ਅਸਲ ਪ੍ਰਯੋਜਨ ਕੀ ਸੀ? ਇਹ ਇਕ ਅਸਾਧਾਰਨ ਗੁਪਤ ਇਕੱਤਰਤਾ ਸੀ ਜਿਸ ਵਿਚ ਜਾਣੇ ਸਿਆਣੇ ਚਾਰ ਪ੍ਰਮੁਖ ਕੂਕਿਆਂ-ਗੁਰਦਿਤ ਸਿੰਘ ਨਾਈਵਾਲਾ, ਖੁਸ਼ਹਾਲ ਸਿੰਘ ਜਿਹੜਾ ਸਰਸੇ ਦੇ ਕੂਕਿਆਂ ਦੀ ਸੂਚੀ ਵਿਚ ਇਕ ਨੰਬਰ ਤੇ ਦਰਜ ਹੈ, ਨੱਥਾ ਸਿੰਘ ਜਿਸ ਦਾ ਨਾਂ ਗਦੜੀਵਾਲੀ ਫੀਰੋਜ਼ਪੁਰ ਸੂਚੀ ਵਿਚ 13ਵੇਂ ਥਾਂ ਦਰਜ ਹੈ, ਤੇ ਕਾਹਨ ਸਿੰਘ ਬਾਜਾ ਜਿਸ ਦਾ ਨਾਂ ਇਸੇ ਸੂਚੀ ਵਿਚ 16ਵੇਂ ਸਥਾਨ ਤੇ ਦਰਜ ਹੈ, ਨੇ ਭਾਗ ਲਿਆ ਹੈ। ਮਾਈ ਅਤਰੀ ਜਿਹੜੀ ਇਨ੍ਹਾਂ ਕੂਕਿਆਂ ਦੇ ਨਾਲ ਸੀ, ਪੰਥ ਵਿਚ ਉਸ ਦਾ ਅਸੀਮਤ ਪ੍ਰਭਾਵ ਹੈ।

ਭਾਵੇਂ ਨੰਬਰ 16 ਫਿਰੋਜ਼ਪੁਰ ਸੂਚੀ ਵਿਚ ਦਰਜ ਕਾਹਨ ਸਿੰਘ ਇਸ ਟੋਲੇ ਨਾਲ ਫੜਿਆ ਨਹੀਂ ਗਿਆ, ਇਸ ਵਿਚ ਕੋਈ ਸ਼ੱਕ ਨਹੀਂ ਕਿ ਉਹ ਇਸ ਇਕਤਰਤਾ ਵਿਚ ਸੀ ਤੇ ਇਨਸਪੈਕਟਰ ਦੇ ਦਿਖਾਲੀ ਦੇਣ ਤੋਂ ਝੱਟ ਕੁ ਪਹਿਲਾਂ ਭੈਣੀ ਵਿਚ ਜਾ ਵੜਿਆ। ਫਿਰ ਵੀ, ਪੁਲਿਸ ਅਫਸਰ ਨੂੰ ਉਸ ਦੇ ਸਰਕਾਰੀ ਕਰਤਵ ਨਿਭਾਉਣ ਵਿਚ ਰੋਕ ਪਾਉਣ ਦੇ ਇਕ ਹੋਰ ਦੋਸ਼ ਵਿਚ ਪੇਸ਼ ਹੋਣ ਲਈ ਉਸ ਨੂੰ ਬੁਲਾਇਆ ਗਿਆ ਹੈ। ਜਾਣੇ ਪਛਾਣੇ ਪ੍ਰਮੁਖ ਬੰਦਿਆਂ ਵਿਚ, ਕਿਸੇ ਦਾ ਵੀ ਚਾਲਚਲਣ ਚੰਗਾ ਨਹੀਂ, ਉਹ ਸਾਰੇ ਹੀ ਝਗੜਾਲੂ ਸੁਭਾ ਵਾਲੇ ਤੇ ਗੋਂਦਾਂ ਗੁੰਦਣ ਵਾਲੇ ਜਾਪਦੇ ਹਨ।

ਉਸ ਪੰਥ ਦੀ ਇੰਨੀ ਵੱਡੀ ਇਕਤ੍ਰਤਾ ਜਿਹੜਾ ਪਹਿਲਾਂ ਹੀ ਆਪਣੀਆਂ ਖਰੂਦੀ ਮਨੋਬਿਰਤੀਆਂ ਦਾ ਸਬੂਤ ਦੇ ਚੁੱਕਾ ਹੈ, ਖਤਰਨਾਕ ਹੈ ਤੇ ਮੇਰੇ ਖਿਆਲ ਵਿਚ ਸੰਭਵ ਹੈ ਹਿੰਸਕ ਜੁਰਮ ਤੇ ਉਤਾਰੂ ਹੋ ਜਾਵੇ। ਭੈਣੀ ਵਿਚ ਸੁਰਖਿਆ ਦਸਤਾ ਗਿਣਾਤਮਕ ਪੱਖੋਂ ਨਿਤਾਣਾ ਹੈ ਤੇ ਭੈਣੀ ਤੋਂ ਕੋਈ ਸਤ ਕੁ ਮੀਲ ਦੂਰੀ ਤੇ ਸਾਹਨੇਵਾਲ ਦੇ ਥਾਣੇ ਵਿਚ ਪੁਲਸ ਆਪਣ ਸਾਧਾਰਨ ਫਰਜ਼ ਨਿਭਾਉਣ ਲਈ ਮੁਸ਼ਕਲ ਨਾਲ ਹੀ ਕਾਫੀ ਹੈ। ਚਾਰ ਤੋਂ ਵੱਧ ਬੰਦੇ ਥਾਣੇ ਵਿੱਚ ਕਦੇ ਹੀ ਹਾਜਰ ਹੁੰਦੇ ਹਨ। ਆਪਣੀ ਹਠਧਰਮੀ ਦੇ ਭੈੜੇ ਰੂਪ ਵਿਚ ਰੰਗ ਹੋਏ ਅਤੇ ਭੰਗ ਦੇ ਅਸਰ ਤੋਂ ਪ੍ਰਭਾਵਤ ਇਨ੍ਹਾਂ ਲੋਕਾਂ ਦਾ ਭਾਵੇਂ ਘੱਟ ਹੀ ਵਿਰੋਧ ਹੋਵੇ, ਇਸ ਪੰਥ ਦੇ ਮੈਂਬਰ ਹਿੰਸਾ ਦਾ ਆਸਰਾ ਲੈਣ ਲਈ ਪ੍ਰਸਿੱਧ ਹਨ ਤੇ ਇਉਂ ਕਰਨ ਦਾ ਰਉ ਹੋਰ ਕਿਤੇ ਨਾਲੋਂ ਭੈਣੀ ਵਿਚ ਸਗੋਂ ਵਧੇਰੇ ਹੈ, ਇਸ ਲਈ ਮੇਰੀ ਜ਼ੋਰਦਾਰ ਸਫਾਰਸ਼ ਹੈ ਕਿ ਸਾਨੂੰ ਆਪਣੇ ਹੱਥ ਵਿਚ ਪ੍ਰਾਪਤ ਹਰ ਜਾਇਜ਼ ਸਾਧਨ ਨਾਲ ਅਜਿਹੇ ਇਕਠਾਂ ਦਾ ਹੋਣਾ ਗੱਕਿਆ ਜਾਣਾ ਚਾਹੀਦਾ ਹੈ। ਵਰਤਮਾਨ ਸਮੇਂ ਵਾਲੀ ਇਹ ਗੁਪਤ ਇਕਤ੍ਰਤਾ ਭੈਣੀ ਤੋਂ ਬਹੁਤ ਘੱਟ ਦੂਰੀ ਤੇ ਹੋਈ ਹੈ ਤੇ ਭੈਣੀ ਵਿਚ ਕੂਕਿਆਂ ਦੇ ਇਕਠ ਦੀ, ਸਰਕਾਰ ਦੇ ਹੁਣੇ ਜਹੇ ਹੋਏ ਹੁਕਮਾਂ ਅਨੁਸਾਰ, ਸਖਤ ਮਨਾਹੀ ਹੈ। ਇਸ ਲਈ ਲੋਕ ਹਿਤਾਂ ਦੇ ਹੱਕ ਵਿਚ ਮੈਂ ਦੰਡ ਸੰਹਿਤਾ ਦੀ ਧਾਰਾ 504, 505 ਅਧੀਨ ਕੂਕਿਆਂ ਵਿਰੁਧ ਕਾਰਵਾਈ ਕਰਨੀ ਆਪਣਾ ਫਰਜ਼ ਸਮਝਦਾ ਹਾਂ। ਉਨ੍ਹਾਂ ਨੂੰ ਜਦ ਬੁਲਾਇਆ ਜਾਵੇ ਉਦੋਂ ਮੈਜੇਸਟੇ ਦੇ ਅਗ ਪੇਸ਼ ਹੋਣ ਲਈ ਜ਼ਮਾਨਤ ਤੇ ਰਿਹਾ ਕੀਤਾ ਜਾਂਦਾ ਹੈ। ਇਸ ਮਾਮਲੇ ਵਿਚ ਡਿਪਟੀ ਕਮਿਸ਼ਨਰ ਵੱਲੋਂ ਯੋਗ ਹੁਕਮ ਦਿੱਤੇ ਜਾਣ ਲਈ ਮੈਂ ਭੈਣੀ ਦੇ ਨੇੜੇ ਫੜੇ ਗਏ ਕੂਕਿਆਂ ਦੀ ਸੂਚੀ ਪੇਸ਼ ਕਰਨ ਦੀ ਆਗਿਆ ਚਾਹੁੰਦਾ ਹਾਂ।

Namdhari Elibrary NamdhariElibrary@gmail.com

ਜੇ. ਪੀ. ਵਾਰਬਰਟਨ,

ਪੁਲਸ ਕਪਤਾਨ,

ਲੁਧਿਆਣਾ।

20 ਮਾਰਚ 1881 [1]

ਮਾਈ ਅਤਰੀ ਕੋਲੋਂ ਫੜੇ ਗਏ ਗੁਰਮੁਖੀ ਪੱਤਰ ਮੂਲ ਰੂਪ ਵਿਚ ਇਨਸਪੈਕਟਰ ਜਨਰਲ ਨੂੰ ਭੇਜੇ ਜਾਣਗੇ।

ਮੈਂ ਇਹ ਗੱਲ ਲਿਖਣੀ ਭੁੱਲ ਗਿਆ ਕਿ ਇਕ ਕੂਕੇ ਬਾਰੇ ਇਤਲਾਹ ਹੈ ਜਿਹੜਾ (ਗੁਰੂ) ਰਾਮ ਸਿੰਘ ਦੇ ਪੁੱਤਰ ਲੈ ਕੇ ਪਿੰਡ ਪਿੰਡ ਘੁੰਮ ਰਿਹਾ ਹੈ, ਉਨ੍ਹਾਂ ਨੂੰ ਭੈਣੀ ਪਹੁੰਚਣ ਦੀ ਤਾਗੀਦ ਕਰ ਰਿਹਾ ਹੈ ਤੇ ਕਹਿ ਰਿਹਾ ਹੈ ਕਿ ਇਹ ਰਾਮ ਸਿੰਘ ਦੇ ਹੁਕਮ ਹਨ ਤੇ ਗੁਰੂ ਵਲੋਂ ਦੱਸਿਆ ਗਿਆ ਸਮਾਂ ਆਣ ਪੁਜਾ ਹੈ। 17 ਤਾਰੀਖ ਦੇ ਦਿਨ ਬੁਧ ਸਿੰਘ ਨੇ ਇਸ ਰਿਪੋਰਟ ਦੀ ਪੁਸ਼ਟੀ ਮੇਰੇ ਸਾਹਮਣੇ ਕੀਤੀ ਹੈ ਪਰ ਨਾਲ ਹੀ ਇਹ ਵੀ ਕਿਹਾ ਕਿ ਸੰਦੇਸ਼ਵਾਹਕ ਵਿਅਕਤੀ ਬਹੁ-ਰੂਪੀਆ ਹੈ ਜਿਹੜਾ ਕੂਕਿਆਂ ਕੋਲੋਂ ਪੈਸੇ ਠਗਣ ਦੇ ਆਹਰ ਵਿਚ ਹੈ। (ਵਾਰਬਰਟਨ)

4 ਅਪਰੈਲ 1881 ਨੂੰ ਪੰਜਾਬ ਸਰਕਾਰ ਦੇ ਸਕੱਤਰ ਡਬਲਿਊ ਐਮ ਯੰਗ ਨੇ ਹਿੰਦ ਸਰਕਾਰ ਦੇ ਸਕੱਤਰ ਸੀ ਗਰਾਂਟ ਨੂੰ ਚਿੱਠੀ ਲਿਖਦਿਆਂ ਲਾਦੋ ਦੀ ਫਕੀ ਵਿਚ ਹੋਈ ਗੁਪਤ ਬੈਠਕ ਦੇ ਹਵਾਲੇ ਨਾਲ, ਮਾਈ ਅਤਰੀ ਕੋਲੋਂ ਫੜੇ ਗਏ ਪੱਤਰਾਂ ਜਾਂ ਹੁਕਮਨਾਮਿਆਂ ਦਾ ਅੰਗਰੇਜ਼ੀ ਅਨੁਵਾਦ ਭੇਜਦਿਆਂ ਲੈਫਟੀਨੈਂਟ ਗਵਰਨਰ ਵਲੋਂ ਇਨ੍ਹਾਂ ਪੱਤਰਾਂ ਵਲ ਹਿੰਦ ਸਰਕਾਰ ਦਾ ਧਿਆਨ ਆਕਰਸ਼ਤ ਕਰਦਿਆਂ ਇਹ ਟਿਪਣੀ ਵੀ ਕੀਤੀ ਹੈ ਕਿ ਮਰਗੋਈ ਵਿਚ ਰਾਮ ਸਿੰਘ ਉਪਰ ਤਾਇਨਾਤ ਪਹਿਰਾ ਕਾਫੀ ਸਖਤ ਨਹੀਂ ਹੈ।[2]

ਬਾਰਬਰਟਨ ਦੇ ਪੋਤੜੇ ਤਾਂ ਸ਼ਾਇਦ ਹੋਰ ਵੀ ਹੋਣ ਪਰ ਸਮੇਂ ਦੀ ਘਾਟ ਕਾਰਨ ਉਨ੍ਹਾਂ ਦਾ ਧੋਤਾ ਜਾਣਾ ਅਜੇ ਸੰਭਵ ਨਹੀਂ ਜਾਪਦਾ।

ਬਾਰਬਰਟਨ ਮਗਰੋਂ ਜਾ ਕੇ 1890 ਵਿਚ ਅੰਮ੍ਰਿਤਸਰ ਦਾ ਪੁਲਿਸ ਕਪਤਾਨ ਵੀ ਬਣਿਆ। ਉਥੇ ਜਾ ਕੇ ਵੀ ਉਸ ਨੇ ਆਪਣਾ ਹੋਣਾ ਦਿਖਾਇਆ। ਅਜੇ ਇਸ ਹੋਣੇ ਦੇ ਸਰੂਪ ਤੇ ਸਿਟਿਆਂ ਦੀ ਗੁਥੀ ਖੁਲ੍ਹ ਨਹੀਂ ਸਕੀ ਪਰ ਉਸ ਵਲੋਂ ਦਿਤੀਆਂ ਗਈਆਂ ਪ੍ਰਬੰਧਕੀ ਹਦਾਇਤਾ ਨੂੰ ਇਕ ਸਮਕਾਲੀ ਸਮਾਚਾਰ ਪੱਤਰ ਵਿਚ ਪ੍ਰਕਾਸ਼ਤ ਹੋਏ ਦੋ ਲੇਖਾਂ ਵਿਚ ਚਣੌਤੀ ਦਿਤੀ ਗਈ ਸੀ। ਬੈਡਲਾ ਸਾਹਿਬ ਨੇ ਅੰਮ੍ਰਿਤਸਰ ਦੀ ਪੁਲਿਸ ਦੇ ਵਿਵਹਾਰ ਬਾਰੇ ਅਸੈਂਬਲੀ ਵਿਚ ਵੀ ਸਵਾਲ ਉਠਾਇਆ ਸੀ। ਇਥੋਂ ਤੱਕ ਕਿ ਪੰਜਾਬ ਦਾ ਲੈਫਟੀਨੈਂਟ ਗਵਰਨਰ ਵੀ ਉਸ ਦੀਆਂ ਹਰਕਤਾਂ ਤੇ ਹਦਾਇਤਾਂ ਤੋਂ ਦੁਖੀ ਤੇ ਪ੍ਰੇਸ਼ਾਨ ਸੀ। ਪਤਾ ਇਹ ਵੀ ਲਗਦਾ ਹੈ ਕਿ ਉਦੋਂ ਬਾਰਬਰਟਨ ਵੀਹ ਹਜ਼ਾਰ ਰੁਪਏ ਦਾ ਕਰਜ਼ਾਈ ਸੀ। ਇਹ ਰਕਮ ਉਸ ਨੇ ਪੰਜਾਬ ਵਾਸੀਆਂ ਕੋਲੋਂ ਉਧਾਰ ਚੁਕੀ ਸੀ। ਹੋ ਸਕਦਾ ਹੈ ਉਸ ਦੇ ਸ਼ਾਹ ਲੁਧਿਆਣੇ ਜਿਲੇ ਦੇ ਵਸਨੀਕ ਹੀ ਹੋਣ। ਇਹ ਗੱਲ ਉਸ ਸਮੇਂ ਦੀ ਹੈ ਜਦੋਂ ਪੰਜਾਬ ਵਿਚ ਮਜ਼ਦੂਰ ਦੀ ਦਿਹਾੜੀ ਚਾਰ ਆਨੇ ਭਾਵ ਵਰਤਮਾਨ ਸਿੱਕੇ ਦੇ ਨਵੇਂ ਪੰਝੀ ਪੈਸੇ ਹੁੰਦੀ ਸੀ। ਸ਼ੱਕ ਇਹ ਪੈਂਦੀ ਹੈ ਕਿ ਉਸ ਦਾ ਲੁਧਿਆਣੇ ਤੋਂ ਅੰਮ੍ਰਿਤਸਰ ਦਾ ਤਬਾਦਲਾ ਕੀਤਾ ਹੀ ਉਸ ਨੂੰ ਕੁਛ ਸੌਖਾ ਕਰਨ ਵਾਸਤੇ ਗਿਆ ਸੀ। ਅੰਮ੍ਰਿਤਸਰ ਜਾਣ ਨਾਲ ਉਸ ਨੂੰ ਰਹਾਇਸ਼ ਦੇ ਕਿਰਾਏ ਦਾ ਇਕ ਸੌ ਰੁਪਿਆ ਤਨਖਾਹ ਤੋਂ ਵਾਧੂ ਮਿਲਣਾ ਸੀ।

ਪੱਛਮੀ ਪੰਜਾਬ ਵਿੱਚ ਕਈ ਇਲਾਕੇ ਕਈ ਅੰਗਰੇਜ਼ ਅਫਸਰਾਂ ਦੇ ਨਾ ਤੇ ਵਸੇ ਜਾਂ ਵਸਾਏ ਗਏ ਸੁਣਦੇ ਰਹੇ ਹਾਂ ਜਿਵੇਂ ਮਿੰਟਗੁਮਰੀ ਮੌਂਟਗੁਮਰੀ ਦੇ ਨਾਂ ਤੇ ਹੋਵੇਗਾ ਜਿਹੜਾ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਪੰਜਾਬ ਦਾ ਲੈਫਟੀਨੈਂਟ ਗਵਰਨਰ ਰਿਹਾ ਸੀ ਤੇ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਦੀਖਿਆਂਤ ਸਮਾਰੋਹ ਸਮੇਂ ਗਦਰੀ ਨੌਜਵਾਨ ਹਰੀਕਿਸ਼ਨ ਤਲਵਾੜ ਵਲੋਂ ਦਾਗੀਆਂ ਗਈਆਂ ਗੋਲੀਆਂ ਤੋਂ ਬਚ ਨਿਕਲਿਆ ਸੀ।

ਨਾਮਧਾਰੀਆਂ ਨਾਲ ਨੇੜਤਾ ਜਾਂ ਦੂਰੀ ਦਾ ਵਾਧਾ ਘਾਟਾ ਸਰਕਾਰ ਹਰ ਸਮੇਂ ਵਾਚਦੀ ਰਹਿੰਦੀ ਸੀ। ਸਿੰਘ ਸਭਾਈ ਸਿਖ ਇਸ ਨੂੰ ਸਮਝ ਕੇ ਇਸ ਦਾ ਲਾਭ ਉਠਾਉਂਦੇ ਸਨ। ਉਨ੍ਹਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖੂਨੀ ਕਾਂਡ ਦੇ ਖਲਨਾਇਕ ਜਨਰਲ ਡਾਇਰ ਨੂੰ ਵੀ ਸਿਖ ਪੰਥ ਵਿਚ ਸ਼ਾਮਲ ਕੀਤੇ ਜਾਣ ਦਾ ਉਪਰਾਲਾ ਕੀਤਾ ਸੀ। ਉਹਨੇ ਕੰਨੀਂ ਕਤਰਾਉਂਦਿਆਂ ਢੁੱਚਰ ਡਾਹੀ ਸੀ ਕਿ ਉਹ

---

1. Nahar Singh. Guru Ram Singh and the Kuka Sikhs, Jiwan Nagar.n.d., vol.iji.,p-391-96

2.WM Young, Secy, to Pb. Govt. to C. Grant, Secy. to Govt. of India, 4.4.1881.

Namdhari Elibrary NamdhariElibrary@gmail.com

ਸਿਰ ਤੇ ਕੇਸ ਨਹੀਂ ਰਖਦਾ। ਚਾਹਵਾਨ ਸਿਖ ਆਗੂਆਂ ਕਿਹਾ ਫਿਰ ਰਖ ਲੈਣੇ। ਉਹਨੇ ਕਿਹਾ ਕਿ ਉਹ ਤਮਾਕੂ ਪੀਂਦਾ ਹੈ। ਉਨ੍ਹਾਂ ਕਿਹਾ ਇਹ ਆਦਤ ਵੀ ਹੌਲੀ ਹੌਲੀ ਛਡ ਦੇਣੀ ਆਦਿ।

ਇਹੋ ਜਹੀ ਗੱਲ ਨਾਮਧਾਰੀਆਂ ਦੇ ਮੰਨੂੰ ਵਾਰਬਰਟਨ ਨਾਲ ਵੀ ਹੋਈ। ਅੰਮ੍ਰਿਤਸਰ ਵਾਰਬਰਟਨਾਂ ਦੀਆਂ ਯਾਦਾਂ ਵਿਚ ਬਹੁਤ ਅਮੀਰ ਰਿਹਾ ਹੋਵੇਗਾ ਕਿਉਕਿ ਬਟਨ ਸਾਹਿਬ ਇਥੇ ਹੀ ਸਿਖ ਪੰਥ ਵਿਚ ਸ਼ਾਮਲ ਹੋਏ ਸਨ ਤੇ ਉਸ ਨੂੰ ਦਰਬਾਰ ਸਾਹਿਬ ਦੇ ਸਰੋਵਰ ਵਿਚ ਚੁਭੀ ਲਗਵਾਈ ਗਈ ਸੀ ਤੇ ਇਥੇ ਹੀ ਸਿੱਖ ਰਹਿਤ ਅਨੁਸਾਰ ਕੜਾ ਪਹਿਨਾਇਆ ਗਿਆ ਸੀ।1

ਪੰਜਾਬ ਸਰਕਾਰ ਵਾਰਬਰਟਨ ਦੇ ਵਿਵਹਾਰ ਤੋਂ ਪ੍ਰਸੰਨ ਸੀ ਜਾਂ ਨਹੀਂ, ਇਹੋ ਜਹੇ ਨਮਕਹਲਾਲ ਨੂੰ ਸਰਕਾਰ ਕੋਈ ਨਾ ਕੋਈ ਤਮਗਾ ਜਾਂ ਪਦ ਦੇ ਕੇ ਉਸ ਦਾ ਮਾਣ ਸਤਿਕਾਰ ਕਰਦੀ ਹੁੰਦੀ ਹੈ। ਵਾਰਬਰਟਨ ਨੂੰ ਵੀ ਸੇਵਾ ਦੇ ਅੰਤ ਤੇ ਕੁਛ ਅਜਿਹਾ ਮਾਣ ਸਤਿਕਾਰ ਦੇਣ ਦੀ ਸੋਚੀ ਜਾ ਰਹੀ ਸੀ ਪਰ ਵਾਰਬਰਟਨ ਦਾ ਮਨ ਜ਼ਮੀਨ ਲੈਣ ਤੇ ਟਿਕਿਆ ਹੋਇਆ ਸੀ ਜਿਸ ਨੂੰ ਉਹ ਆਪਣੀ ਮਲਕੀਅਤ ਸਮਝ ਸਕੇ। ਇਹ ਇਛਾ ਪਹਿਲਾਂ ਠੁਕਰਾਈ ਵੀ ਜਾ ਚੁਕੀ ਸੀ ਪਰ ਫੇਰ ਸਰਕਾਰ ਨਰਮ ਪੈ ਗਈ। ਅੰਤ, ਲਾਹੌਰ ਤੋਂ ਕੋਈ ਪੰਜਾਹ ਮੀਲ ਹਟਵਾਂ ਦਰਿਆ ਝਨਾਂ ਦੇ ਕੰਢੇ ਉਸ ਨੂੰ ਉਪਜਾਊ ਜ਼ਮੀਨ ਦਾ ਟੁਕੜਾ ਦਿੱਤਾ ਗਿਆ ਜਿੱਥੇ ਇਸ ਨੇ ਇਕ ਪਿੰਡ ਵਾਰਬਰਟਨ ਵਸਾਇਆ ਤੇ ਉਥੇ ਰੇਲਵੇ ਸਟੇਸ਼ਨ ਵੀ ਬਣਾਇਆ ਸੀ ਜਿਸ ਨੂੰ ਪੰਜਾਬੀ ਵਿਚ ਲੋਕ ਵਾਰਬਰਟਨਪੁਰ ਵੀ ਕਹਿੰਦੇ ਰਹੇ।

ਅੰਤ 1919 ਦੇ ਇਤਿਹਾਸਕ ਸਾਲ ਵਿਚ ਭਾਰਤ ਭੂਮੀ ਇਸ ਮਲੇਛ ਦੇ ਭਾਰ ਤੋਂ ਮੁਕਤ ਹੋ ਗਈ।

ਭਾ: ਗੁਰਦਾਸ ਜੀ ਨੇ ਲਿਖਿਆ ਹੈ 'ਘਰ ਹਰਨਾਖਸ਼ ਦੇਤ ਦੇ ਕੱਲਰ ਕਵਲ ਭਗਤ ਪ੍ਰਹਿਲਾਦ।'2 ਉਪਰ ਬਿਆਨੇ ਗਏ ਚਰਿਤਰ ਵਾਲੇ ਹਰਨਾਖਸ਼ੀ ਸੁਭਾ ਦੇ ਮਾਲਕ ਦੀ ਪਤਨੀ ਰਹਿਣ ਵਾਲੀ ਮੇਰੀ ਨੇ ਉਨੀਂਵੀਂ ਸਦੀ ਦੇ ਉਸ ਰਾਜਸੀ ਲੂ ਵਗਦੇ ਸਮੇਂ ਵਿਚ ਨਾਮਧਾਰੀ ਪੰਥ ਨੂੰ ਅਣਮੰਗਿਆ ਦਾਨ ਦੇ ਕੇ ਜਿਹੜੀ ਸੀਤਲ ਪੌਣ ਰੁਮਕਾਈ, ਆਈ ਪੰਥੀ ਸਗਲ ਜਮਾਤੀ ਦਾ ਸੰਦੇਸ਼ ਦੇਣ ਵਾਲੇ ਅਸੀਂ ਉਸ ਦਾ ਸ਼ੁਕਰਾਨਾ ਵੀ ਨਹੀਂ ਕਰ ਸਕੇ। ਅਜੇਹੇ ਮਲੇਛ ਦੇ ਘਰ ਰਹਿ ਕੇ ਵੀ ਜਿਸ ਨੂੰ ਆਪਣੀ ਮੌਤ ਦਾ ਪੂਰਵਾਭਾਸ ਹੋ ਗਿਆ ਉਸ ਮੇਰੀ ਦੀ ਆਤਮਾ ਕਿੰਨੀ ਉਚੀ ਤੇ ਬਲਵਾਨ ਹੋਵੇਗੀ!

---

1. Martineau G.D controller of Devils, Dorset, England.n.d
2. ਭਾ. ਗੁਰਦਾਸ, ਵਾਰਾਂ, ਵਾਰ-10, ਪ:12

Namdhari Elibrary NamdhariElibrary@gmail.com

ਗਰੀਬ ਨਿਵਾਜ ਸਤਿਗੁਰੂ

ਹਰਨਾਮ ਸਿੰਘ ਰਾਗੀ

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਤੋਂ ਬਾਅਦ ਗੁਰੂ ਗੱਦੀ ਪਰ ਗੁਰੂ ਹਰੀ ਸਿੰਘ ਜੀ ਜੋਤ ਕਾ ਜਾਮਾਂ ਸਥਾਪਿਤ ਹੋਏ। ਇਹ ਭਾਵੇਂ ਕਾਰੋਬਾਰ ਵਿਚ ਦਖਲ ਤਾਂ ਦਿੰਦੇ ਪ੍ਰੰਤੂ ਚੀਨੀ ਵਾਲੇ ਦਾਤਾ ਜੀ ਦੇ ਵਿਛੋੜੇ ਵਿਚ ਬੜੇ ਵੈਰਾਗੀ ਤੇ ਬਿਹਬਲ ਰਹਿੰਦੇ ਸਨ । ਇਨ੍ਹਾਂ ਨੇ ਸਤਿਗੁਰੂ ਜੀ ਦੀ ਯਾਦ ਵਿਚ ਜਿਓਂ ਧੌਣ ਨੀਵੀਂ ਸੁੱਟੀ ਸੱਚ-ਖੰਡ ਪਿਆਨ ਕਰਨ ਤਕ ਨਾ ਫੇਰ ਚੁੱਕੀ, ਇਹ ਸਤਿਗੁਰੂ ਜੀ ਕਾਰ ਵਿਹਾਰ ਵਿਖੇ ਥੋੜਾ ਦਖਲ ਦੇਂਦੇ, ਪ੍ਰੰਤੂ ਅਠੋ ਪਹਿਰ ਭਜਨ ਤੇ ਗੁਰੂ ਰਾਮ ਸਿੰਘ ਜੀ ਦੀ ਯਾਦ ਵਿਖੇ ਬਹੁਤ ਲੀਨ ਰਹਿੰਦੇ ਸਨ। ਇਹਨਾਂ ਦਾ ਜੀਵਨ ਅਲੌਕਿਕ ਤੇ ਨਿਰਾਲਾ ਹੀ ਸੀ ਜਿਨ੍ਹਾਂ-ਜਿਨ੍ਹਾਂ ਪ੍ਰੇਮੀਆਂ ਨੇ ਇਸ ਸਤਿਗੁਰੂ ਦਾ ਦਰਸ਼ਨ ਕੀਤਾ ਹੈ ਓਸ ਆਨੰਦ ਨੂੰ ਓਹੀ ਜਾਣਦੇ ਹਨ । ਦਾਸ ਨੂੰ ਇਹਨਾਂ ਸਤਿਗੁਰਾਂ ਦੀ ਸੇਵਾ ਵਿੱਚ ਬਹੁਤ ਚਿਰ ਰਹਿਕੇ ਸੇਵਾ ਤੇ ਕੀਰਤਨ ਕਰਨ ਦਾ ਸੁਭਾਗ ਸਮਾਂ ਮਿਲਿਆ ਹੈ । ਦਾਸ ਪਹਿਲੋਂ-ਪਹਿਲੋਂ ਗੋਹੇ ਕੂੜੇ ਦੀ ਸੇਵਾ ਤੇ ਲਾਯਾ ਗਿਆ। ਛੇ ਮਹੀਨੇ ਸੇਵਾ ਕਰਦਿਆਂ ਨੂੰ ਹੋਏ ਤਾਂ ਇਕ ਦਿਨ ਮਾਈ ਘੁਲੀ (ਜੋ ਤਬੇਲੇ ਦੇ ਗੋਹੇ ਕੂੜੇ ਵਾਲਿਆਂ ਦੀ ਜਥੇਦਾਰ ਸੀ) ਨੇ ਦਾਸ ਨੂੰ ਲਿੱਦ ਦਾ ਭਾਰੀ ਟੋਕਰਾ ਚੁਕਾ ਦਿੱਤਾ ਤਾਂ ਬੜੀ ਤਕਲੀਫ ਹੋਈ, ਜਿਓਂ ਹੀ ਤਬੇਲੇ ਦੇ ਬਾਰ ਵਿਚ ਪਹੁੰਚਿਆ ਅਗੋਂ ਬਖਸ਼ੰਦ ਜੀ ਹੱਥ ਵਿਖੇ ਛਟੀ ਲਈ ਤੁਰੇ ਆ ਰਹੇ ਸਨ, ਮਿਲ ਪਏ, ਦਾਸ ਦੇ ਸਿਰਤੇ ਭਾਰਾ ਟੋਕਰਾ ਦੇਖਕੇ ਦਿਆਲ ਹੋਏ ਤੇ ਰਸਨਾਂ ਤੋਂ ਕਿਹਾ ਕਿ ਓਏ ਮੁੰਡਿਆ ਤੈਨੂੰ ਕੀਨੇ ਐਡਾ ਭਾਰੀ ਟੋਕਰਾ ਚੁੱਕਾ ਦਿੱਤਾ, ਸਿਟਦੇ ਏਥੇ, ਹੱਥ ਦੀ ਛਟੀ ਨਾਲ ਹੁੱਝ ਮਾਰਕੇ ਟੋਕਰਾ ਪਿਛੇ ਨੂੰ ਗੇਰ ਦਿੱਤਾ। ਤੇ ਛਟੀ ਨਾਲ ਹੀ ਦਾਸ ਦੇ ਸਿਰ ਨੂੰ ਝਾੜਕੇ ਤੇ ਬਾਹੋਂ ਫੜਕੇ ਚੁਬਾਰੇ (ਨਿਜ ਸਥਾਨ) ਵਿਖੇ ਲਜ਼ਾਕੇ ਬਾਬੇ ਰਾਗਾ ਸਿੰਘ ਜੀ (ਜੋ ਏਹਨਾਂ ਦੇ ਹਜੂਰ ਕੀਰਤਨ ਤੇ ਗੜਵਈ ਦੀ ਸੇਵਾ ਕਰਦੇ ਸਨ) ਨੂੰ ਦਾਸ ਦੀ ਬਾਂਹ ਫੜਾਕੇ ਹੁਕਮ ਕੀਤਾ ਕਿ ਇਹ ਲੌ ਚਾਟੜਾ,ਇਸ ਨੂੰ ਰਾਗ ਸਿਖਾਓ ਅਤੇ ਦਾਸ ਨੂੰ ਹੁਕਮ ਕੀਤਾ ਕਿ ਲੜਕੇ ਤੂੰ ਸ਼ਬਦ ਪੜ੍ਹਿਆ ਕਰ । ਦਾਸ ਨੇ ਹੱਥ ਜੋੜ ਬਿਨੇ ਕੀਤੀ ਕਿ ਪਾਤਸ਼ਾਹ ਦਾਸ ਨੂੰ ਰਾਗ ਨਹੀਂ ਆਉਂਦਾ। ਹੁਕਮ ਹੋਯਾ ਤੂੰ ਰਾਗਾ ਸਿੰਘ ਕੋਲੋਂ ਰਾਗ ਸਿਖਿਆ ਕਰ ਤੂੰ ਰਾਗੀ ਬਣੇਂਗਾ । ਦਾਸ ਨੂੰ ਇਹ ਵਰ ਹੋਯਾ ਸੀ ।

ਸਤਿਗੁਰੂ ਹਰੀ ਸਿੰਘ ਜੀ ਅਤਿਅੰਤ ਹੀ ਬਿਰਦ ਪਾਲ ਤੇ ਗਰੀਬ ਨਿਵਾਜ ਸਨ। ਇਕ ਵੇਰੀ ਦਾ ਪ੍ਰਸੰਗ ਹੈ ਕਿ ਸਤਿਗੁਰੂ ਕੁਰਕੀ ਨਗਰ ਵਲੋਂ ਜੰਗਲ ਫਿਰਕੇ ਆ ਰਹੇ ਸਨ, ਸਾਥ ਬਾਬਾ ਰਾਗਾ ਸਿੰਘ ਜੀ ਆ ਰਹੇ ਸਨ । ਅਗੋਂ ਇਕ ਡੇਰਾ ਪੱਖੀ ਵਾਸਾਂ ਦਾ ਆਉਂਦਾ ਮਿਲਿਆ ਉਨ੍ਹਾਂ ਵਿਚੋ ਇਕ ਬੁੱਢੇ ਨੂੰ ਖਬਰੇ ਕੀਹ ਖਿਆਲ ਆਯਾ ਝਟ ਅੱਗੇ ਵਧਕੇ ਸਤਿਗੁਰੂ ਜੀ ਦੇ ਚਰਨਾਂ ਤੇ ਮਥਾ ਟੇਕਿਆ ਤੇ ਹੱਥ ਜੋੜ ਅਰਜ ਕੀਤੀ ਕਿ ਬਾਬਾ ਜੀ, ਆਂਦੇ ਨੇ ਏਥੇ ਬਾਬੇ ਦੇ ਲੰਗਰ ਵਿਚ ਕੜਾਹ ਰੱਜਕੇ ਮਿਲਦਾ ਹੈ, ਸਾਨੂੰ ਵੀ ਮਿਲੇਗਾ ? ਤੇ ਸਤਿਗੁਰਾਂ ਨੇ ਕਿਰਪਾ ਭਰੀ ਤੇ ਮੇਹਰ ਭਰੀ ਨਿਗਾਹ ਨਾਲ ਤੱਕਿਆ ਤੇ ਨਿਹਾਲ ਕਰਕੇ ਹੁਕਮ ਕੀਤਾ ਤਾਂ ਭਾਈ ਆਓ, ਸਭ ਨੂੰ ਰੱਜਕੇ ਮਿਲੇਗਾ। ਇਤਨਾਂ ਕਹਿਕੇ ਦਾਤਾ ਜੀ ਨਿਜ ਅਸਥਾਨ ਜਾ ਪਹੁੰਚੇ ਅਤੇ ਮਾਤਾ ਜੀਉਣ ਕੌਰ ਜੀ (ਇਹ ਮਾਤਾ ਜੀ ਆਪ ਜੀ ਦੇ ਮਹਿਲ ਸਨ। ਬੜੇ ਸ਼ਾਂਤ ਚਿਤ ਤੇ ਸਰਲ ਸੁਭਾਵ ਵਾਲੇ ਸਾਧ ਸੰਗਤ ਦੀ ਸੇਵਾ ਬੜੇ ਪ੍ਰੇਮ ਤੇ ਉਤਸ਼ਾਹ ਅਤੇ ਉਮਾਹ ਨਾਲ ਕਰਨ ਵਾਲੇ ਸੀ, ਇਥੋਂ ਤੱਕ ਕਿ ਗੁਰਦੁਆਰੇ ਦਾ ਅੰਦਰ-ਬਾਹਰ ਦਾ ਪ੍ਰਬੰਧ ਇਸ ਮਾਤਾ ਦੇ ਹਥੀਂ ਸੀ ਜਿਸ ਨੂੰ ਬੜੀ ਯੋਗਤਾ ਨਾਲ ਨਿਭਾਉਂਦੇ ਰਹੇ ਹਨ। ਕੁਲ ਨਾਮਧਾਰੀ ਪੰਥ ਨੂੰ ਮਾਤਾ ਜੀ ਪਰ ਬੜਾ ਫ਼ਖਰ ਤੇ ਮਾਨ ਹੈ ਇਨਾਂ ਮਾਤਾ ਸਾਹਿਬਾਂ ਦੀ ਪਵਿਤ੍ਰ ਜਿੰਦਗੀ ਮਾਤਾ ਗੰਗਾ ਜੀ ਅਤੇ ਮਾਤਾ ਭਾਨੀ ਜੀ ਆਦਿਕ ਜੈਸੀ ਸੀ) ਨੂੰ ਹੁਕਮ ਕੀਤਾ ਕਿ ਸਾਧਾਂ ਦਾ ਡੇਰਾ ਉਤਰਿਆ ਹੋਯਾ ਹੈ ਉਨਾਂ ਨੂੰ ਬਹੁਤ ਸਾਰਾ ਤ੍ਰਿਹਾਵਲ (ਕੜਾਹ ਪ੍ਰਸ਼ਾਦ) ਬਣਾਕੇ ਛਕਾਓ। ਬਸ ਇਹ ਹੁਕਮ ਸੁਣਕੇ ਮਾਤਾ ਜੀ ਲੰਗਰ ਵਿਚ ਜਾਕੇ ਲਾਂਗਰੀਆਂ ਪਾਸੋਂ ਕੜਾਹ ਧਰਵਾਕੇ ਆਪ ਮੋਦੀ ਖਾਨਿਓਂ ਰਸਤ ਲੈਣ ਆਏ। ਇਹ ਬਚਨ ਸਤਿਗੁਰਾਂ ਦੇ ਮੁਖੋ ਨਿਕਲਦਾ ਇਕ ਸਿੰਘ ਜੋ ਸੁਭਾ ਦਾ ਪੂਰਾ ਧੱਕੜ ਸੀ ਉਸਨੇ ਸੁਣਿਆਂ। ਬੱਸ, ਝੱਟ ਮਾਤਾ ਜੀ ਨੂੰ ਰਸਤ ਤੋਲਦਿਆਂ ਨੂੰ ਜਾ ਬਾਹੋਂ ਫੜਿਆ ਤੇ ਕਿਹਾ ਮਾਤਾ ਜੀ ਤੁਸੀਂ ਕਮਲੇ ਹੋ ਗਏ ਹੋ, ਗੁਰੂ ਕੇ ਤਾਂ ਹੁਣ ਸੱਤਰ ਸਾਲ ਦੇ

Namdhari Elibrary NamdhariElibrary@gmail.com

ਹੋਣ ਵਾਲੇ ਹਨ ਸੁ ਤੁਸੀਂ ਹੀ ਕੋਈ ਖਿਆਲ ਕਰੋ ਇਨਾਂ ਗਰੀਬਾਂ ਲੋਕਾਂ ਨੂੰ ਤਾਂ ਦਾਲ ਰੋਟੀ ਹੀ ਬੜੀ ਹੈ। ਬੜੀ ਬਾਤ ਕਰਦੇ ਹੋ ਤਾਂ ਇਨ੍ਹਾਂ ਨੂੰ ਮਿਠੇ ਗੁੜਦੇ ਚੌਲ ਹੀ ਬਣਾ ਦਿਓ, ਕੜਾਹ ਪ੍ਰਸਾਦਿ ਨੂੰ ਸਿੰਘ ਥੋੜੇ ਹਨ? ਮਾਤਾ ਜੀ ਨੇ ਫੁਰਮਾਯਾ ਕਿ ਭਾਈ ਇਹ ਹੁਕਮ ਇੱਛਾ ਪੂਰਕ ਸਰਬ ਸੁਖ ਦਾਤੇ ਦਾ ਹੈ ਸਾਡੀ ਕੀ ਏਥੇ ਰੋਕ ਹੈ। ਬਸ ਓਹ ਧਕੜ ਸਿੰਘ, ਜੀ ਬਹੁਤ ਹੀ ਬੋਲੇ, ਤੇ ਮਾਤਾ ਜੀ ਨੂੰ ਮਜਬੂਰ ਕਰਕੇ ਹਟਾ ਦਿੱਤਾ ਤੇ ਉਨਹਾਂ ਕੜਾਹਿਆਂ ਵਿਚ ਚੌਲ ਮਾਤਾ ਤੋਂ ਜੋਰੋ ਜੋਰੀ ਪਵਾਕੇ ਗੁੜ ਪਵਾਕੇ ਮਿਠੇ ਚੌਲ ਤਿਆਰ ਕਰਾ ਦਿਤੇ । ਓਨ੍ਹਾਂ ਨੂੰ ਹੁਕਮ ਦਿਤਾ ਕਿ ਓਏ ਬਾਜੀਗਰੋ ਪੰਗਤਾਂ ਲਾ ਦਿਓ । ਬਸ ਹੁਕਮ ਸੁਣਕੇ ਓਹ ਪਖੀ ਵਾਸ, ਪੰਗਤਾਂ ਲਾ ਬੈਠੇ, ਜਦ ਚੌਲ ਵਰਤਾਉਣ ਲਗੇ, ਤਾਂ ਓਹ ਜਿਸ ਬੁਢੜ ਨੇ ਅਰਜ ਕੀਤੀ ਸੀ ਓਹ ਡੇਰੇ ਦਾ ਮੁਰੈਲੀ ਸੀ ਅਥਵਾ ਲਾਣੇਦਾਰ ਸੀ ਅਤੇ ਪੰਗਤ ਦੇ ਮੂਹਰੇ ਹੀ ਬੈਠਾ ਸੀ, ਜਾਂ ਉਸਦੇ ਭਾਂਡੇ ਵਿਚ ਚੌਲ ਪਾਏ ਤਾਂ ਓਹ ਬੁਢਾ ਦੇਖਕੇ ਕਹਿਣ ਲਗਾ ਕਿ ਬਾਬਾ ਜੀ ਸਾਨੂੰ ਤਾਂ ਹੁਕਮ ਕੁਣਕੇ ਪ੍ਰਸ਼ਾਦ ਦਾ ਹੈ ਤੇ ਤੁਸੀਂ ਚੌਲ ਦਿੰਦੇ ਹੋ। ਅਗੋਂ ਧੱਕੜ ਜੀ ਲਾਲ ਲਾਲ ਅੱਖਾਂ ਕੱਢਕੇ ਬੋਲੇ,ਖਾਹ ਖਾਹ ਅਗਾਂ, ਆਯਾ ਹੈ ਹਲ ਵਾਹੁੰਦਾ। ਓਸਨੇ ਕਿਹਾ ਬਾਬਾ ਜੀ ਮੈਨੂੰ ਤਾਂ ਹੁਕਮ ਹੀ ਕੁਣਕੇ ਦਾ ਹੈ, ਮੈ ਨਹੀ ਚੌਲ ਖਾਂਦਾ, ਇਹ ਕਹਿਕੇ ਬੁੱਢੇ ਨੇ ਆਪਣੇ ਚੌਲ ਨਾਲਦੇ ਦੇ ਭਾਂਡੇ ਵਿਚ ਉਲੱਦ ਦਿਤੇ । ਬਸ ਫੇਰ ਕੀਹ ਸੀ ਓਸ ਧੱਕੜ ਸਿੰਘ ਨੇ ਬੁਢੇ ਦੇ ਦੋ ਲੱਤਾਂ ਵਖੀ ਵਿਚ ਮਾਰੀਆਂ ਓਹ ਕਠਾ ਹੋਕੇ ਡਿਗ ਪਿਆ ਤੇ ਬੇਹੋਸ਼ ਹੋ ਗਿਆ। ਇਧਰ ਇਹ ਭਾਣਾ ਵਰਤਿਆ, ਓਧਰ ਚੁਬਾਰੇ ਵਿਚੋਂ ਬੜੀ ਦਰਦ ਨਾਕ ਅਵਾਜ ਆਈ ਕਿ ਰਾਗਾ ਸਿੰਘ ਛੇਤੀ ਆਓ ਸਾਡੀ ਵੱਖੀ ਵਿਚ ਬੜੀ ਸਖਤ ਦਰਦ ਉਠੀ ਹੈ ਜਿਉਣ ਕੌਰ ਨੂੰ ਬੁਲਾਓ, ਰਾਗਾ ਸਿੰਘ ਜੀ ਝਟ ਆਏ ਤੇ ਫੇਰ ਮਾਤਾ ਜੀ ਪ੍ਰਤੀ ਸੱਦਿਆ। ਜਾਂ ਮਾਤਾ ਜੀ ਆਏ ਤਾ ਕਿਆ ਦੇਖਣ, ਜੋ ਚੌਰਾਸੀ ਲਖ ਜੀਵ ਦੀ ਤੇ ਤ੍ਰੈਲੋਕੀ ਦੀ ਪੀੜਾ ਹਰਨ ਵਾਲੇ ਵੱਖੀ ਦੀ ਪੀੜ ਨਾਲ ਬਿਹਬਲ ਹੋ ਰਹੇ ਹਨ, ਮਾਤਾ ਜੀ ਸੇਕ ਟਕੋਰ ਸ਼ੁਰੂ ਕੀਤਾ। ਤਾਂ ਦਾਤਾ ਜੀ ਸਰਬ ਵਿਆਪੀ ਜੀ ਕਦੀ ਕਦੀ ਦੱਬੀ ਅਵਾਜ ਨਾਲ ਕਹਿ ਦੇਣ ਸੇਕ ਨਾਲ ਪੀੜ ਨਹੀਂ ਹਟਣੀ ਗਰਮ ਦੁਧ ਘਿਓ ਪਿਆਓ । ਬਸ ਮਾਤਾ ਜੀ (ਜੋ ਸਤਿਗੁਰਾਂ ਦੀ ਨਿਸ਼ਕਾਮ ਸੇਵਾ ਕਰਦੇ-2 ਏਹੋ ਜਿਹੀਆਂ ਰਮਜਾਂ ਤੋ ਵਾਕਫ ਸਨ) ਝਟ ਤਾੜ ਗਏ ਕਿ ਓਹੋ! ਓਸ ਗਰੀਬ ਨੂੰ ਮਾਰ ਪਈ ਸੀ,ਕੁੰਢਾ ਸਿੰਘ ਨੇ ਮਾਰਿਆ ਸੀ ਏਹ ਤਾਂ ਘਟ-ਘਟ ਮਾਧੋ ਜੀਆਂ ਜੀ ਨੇ ਉਸਦੀ ਪੀੜਾ ਲਈ ਹੈ, ਧੰਨ! ਧੰਨ! ਕਹਿ ਕੇ ਮਾਈ ਘੁਲੀ ਨੂੰ ਸੱਦਿਆ ਤੇ ਕਿਹਾ ਨੀ ਘੁਲੀਏ ਮੈ ਭੁਲ ਗਈ ਜਾਈਂ ਲੰਗਰੋਂ ਗਰਮ ਦੁਧ ਤੇ ਘਿਓ ਦਾ ਛੰਨਾ ਓਸ ਬੁੱਢੇ ਨੂੰ ਛੇਤੀ-2 ਲੈਜਾਕੇ ਪਿਆਓ ਜਿਸ ਨੂੰ ਕੁੰਢਾ ਸਿੰਘ ਨੇ ਮਾਰਿਆ ਹੈ । ਜਿਓਂ ਹੀ ਓਸ ਬਾਬੇ ਬੁੱਢੇ ਨੂੰ ਦੁੱਧ ਘਿਓ ਛਕਾਯਾ ਤਾਂ ਛੇਤੀ ਅਰਾਮ ਹੁੰਦਾ ਗਿਆ। ਜਦੋਂ ਲੱਤਾਂ ਵੱਜੀਆਂ ਸਨ, ਤਾਂ ਓਹ ਬੇਹੋਸ਼ ਬੇਸੁਰਤ ਹੋ ਕੇ ਪਿਆ ਰਿਹਾ, ਹਾਇ ਨਹੀਂ ਕੀਤੀ, ਹੂੰ ਨਹੀਂ ਕੀਤੀ, ਪੱਥਰ ਹੋ ਕੇ ਪਿਆ ਰਿਹਾ। ਤੇ ਅਪਨੇ ਜਨ ਕੀ ਪੀੜ ਸਰਬੰ ਕਰਤੇ ਨੇ ਲੈ ਲਈ। ਬਸ ਜਦੋਂ ਦੁੱਧ ਘਿਓ ਪਿਆਇਆ ਬੁੱਢੇ ਨੂੰ ਹੋਸ਼ ਔਂਦੀ ਗਈ ਤੇ ਉੱਠਕੇ ਬੈਠ ਗਿਆ ਓਧਰ ਸਵਾਂਗੀ ਦਾ ਸਵਾਂਗ ਪੂਰਾ ਹੋ ਗਿਆ ਸਤਿਗੁਰਾਂ ਕਿਹਾ ਹੁਣ ਦਰਦ ਹਟ ਗਈ ਹੈ। ਪਰ, ਭੁੱਖ ਬੜੀ ਲਗੀ ਹੈ ਚਿੱਤ ਕੜਾਹ ਪ੍ਰਸ਼ਾਦ ਨੂੰ ਕਰਦਾ ਹੈ, ਅੱਛਾ, ਥੋੜ੍ਹਾ ਬਾਹਰ ਫਿਰ ਆਈਏ ਦਿਲ ਨੂੰ ਖਿੱਚ ਧੂਹ ਪੈਂਦੀ ਹੈ ਕੋਈ ਬਾਹਰ ਨੂੰ ਖਿੱਚਦਾ ਹੈ । ਵਾਹ ਵਾਹ ਘਟ ਘਟ ਵਾਸੀ, ਮਾਲਕਾ ਵਾਹ ਵਾਹ ਤੇਰੇ ਚੋਜ, ਸਤਿਗੁਰ ਚਰਨੀਂ ਪਊਏ ਪਾ ਹੱਥ ਵਿਚ ਛਟੀ ਫੜਕੇ ਬਾਹਰ ਨੂੰ ਆਏ। ਓਧਰ ਓਹ ਬੁੱਢਾ ਰਾਜੀ ਹੋ ਕੇ ਕਹਿਣ ਲੱਗਾ ਕਿ ਓਹ ਹੁਕਮ ਦੇਣ ਵਾਲਾ ਮਾਲਕ ਕਿੱਥੇ ਹੈ, ਮੈਨੂੰ ਉਸ ਕੋਲ ਲੈ ਚਲੋ ਤੇ ਮੈਂ ਪੁੱਛਾਂ ਕਿ ਦਾਤਾ ਜੀ ਤੇਰੇ ਘਰ ਇਹੋ ਜਿਹਾ ਹਲਵਾ ਮਿਲਦਾ ਹੈ? ਵਾਹ-ਵਾਹ ਮੰਗਿਆ ਪ੍ਰਸ਼ਾਦ ਤੇ ਪਈਆਂ ਲੱਤਾਂ, ਕਿੱਥੇ ਹਨ ਓਹ ਬਾਬਾ ਜੀ, ਮੈਂ ਜਾ ਕੇ ਚਰਨੀ ਪੈ ਕੇ ਪੁੱਛਣਾ ਹੈ। ਓਹ ਬੁੱਢਾ ਅੰਦਰ ਨੂੰ ਜਾਵੇ, ਸੇਵਕ ਕੁੰਢਾ ਸਿੰਘ ਜਾਣ ਨਾ ਦੇਵੇ ਬਹੁਤ ਝਗੜਾ ਹੋਯਾ। ਏਨੇ ਨੂੰ ਸੇਵਕ ਕੋ ਨਿਕਟੀ ਹੋਏ ਦਿਖਾਓਣ ਵਾਲੇ ਝੱਟ ਆ ਗਏ ਤੇ ਬੁੱਢੇ ਗ੍ਰੀਬ ਨੂੰ ਘੂਰ ਪੈਂਦੀ ਝਿੜਕਾਂ ਪੈਦੀਆਂ ਦੇਖ, ਦਿਆਲ ਦਾਤਾ ਜੀ ਨੇ ਅੱਗੇ ਹੋ ਕੇ ਕੁੰਢਾ ਸਿੰਘ ਜੀ ਨੂੰ ਹੱਥ ਦੀ ਛਟੀ ਦੀ ਹੁੱਝ ਮਾਰਕੇ ਕਿਹਾ, ਹੱਟ ਪਾਪੀਆ ਕਿਓਂ ਜੁਲਮ ਕਰਦਾ ਹੈਂ। ਓਹ ਬੁੱਢਾ ਇਓਂ ਚਰਨੀਂ ਡਿੱਗਾ ਜਿਵੇਂ ਬਿਹੋਸ਼ ਆਦਮੀ ਹੁੰਦਾ ਹੈ। ਸਤਿਗੁਰਾਂ ਨੇ ਛਟੀ ਨਾਲ ਹਿਲਾਕੇ ਕਿਹਾ, ਕਿਓਂ ਬਈ, ਕੜਾਹ ਪ੍ਰਸ਼ਾਦ ਮਿਲਿਆ ਕਿ ਨਾ। ਓਹ ਬੁੱਢਾ ਤਾਂ ਚਰਨਾਂ ਤੇ ਪਿਆ ਵਿਰਾਗ ਕਰੀ ਜਾਵੇ ਅਤੇ ਨਾਲ ਦਿਆਂ ਨੇ ਕਿਹਾ ਨਾ ਗ੍ਰੀਬ ਨਿਵਾਜ ਜੀ, ਆਹ ਦੇਖੋ ਚੌਲ ਮਿਲੇ ਹਨ। ਓਹ ਬੁੱਢਾ ਚਰਨੀ ਢਠਾ ਹੋਯਾ ਹੈ, ਓਸ ਦੀ ਦਸ਼ਾ ਅੱਖੀਂ ਦੇਖਕੇ ਧਰਨੀ-ਧਰ ਜੀ ਵਿਸਮਾਦਤਾ ਵਿਚ ਚਲੇ ਗਏ, ਅੰਤਰ ਧਿਆਨ ਹੋ ਗਏ, ਕਰੁਣਾ ਰਸ ਛਾ ਗਿਆ, ਬਹੁਤ ਦੇਰ ਪਿਛੋ ਸਰਬੇਸ੍ਰ ਦਾਤਾ ਜੀ ਨੇਤਰ ਖੋਲਕੇ ਬੋਲੇ ਨਾਲੇ ਹੱਥ ਦੀ ਛਟੀ ਉਸ ਦੀ ਪਿੱਠ ਤੇ ਲਾ ਕੇ ਫੁਰਮਾਯਾ ਉਠ ਬੁੱਢਿਆ, "ਭਜਨ ਪੁੱਛ ਤੇ ਮਾਨੁੱਖ ਦਾ ਜਨਮ ਸਫਲ ਕਰ" ਬਸ ਜਿਓਂ ਹੀ ਦਾਤਾ

ਬਾਕੀ ਸਫ਼ਾ 154 'ਤੇ ....

Namdhari Elibrary NamdhariElibrary@gmail.com

ਵਰ ਦਾਤੇ ਸ੍ਰੀ ਗੁਰੂ ਹਰੀ ਸਿੰਘ ਜੀ

ਸੰਤ ਟੈਹਲ ਸਿੰਘ ਜੀ ਸੱਦੋਵਾਲ

ਨਾਮਧਾਰੀ ਪੰਥ ਵਿਚ ਬਾਬੇ ਸੌਣ ਸਿੰਘ ਜੀ ਦਾ ਨਾਮ, ਸੂਰਜ ਵਾਂਗ ਚਮਕਾਰੇ ਮਾਰਦਾ ਹੈ। ਆਪ ਨੇ ਭਾਈ ਮੰਝ ਵਾਂਗ, ਜਪ, ਤਪ ਕਰ ਕੇ ਭਾਈ ਪਦ ਨੂੰ ਹਾਸਲ ਕਰ ਲਿਆ ਸੀ। ਇਹਨਾਂ ਦੇ ਪਿਤਾ ਦਾ ਨਾਮ ਝੰਡਾ ਸਿੰਘ ਸੀ। ਜ਼ਿਲ੍ਹਾ ਸਿਆਲਕੋਟ ਦੇ ਮਸ਼ਹੂਰ ਨਗਰ ਸੱਦੋਵਾਲ ਵਿੱਚ ਚੰਗੇ ਜ਼ਿੰਮੀਦਾਰ ਘਰਾਣੇ, ਦੇਉ ਜਾਤ ਵਿਚ ਪੈਦਾ ਹੋਏ। ਜ਼ਿਲ੍ਹਾ ਲਾਇਲਪੁਰ ਦੀ ਬਾਰ ਦੀ ਆਬਾਦੀ ਵਿਚ ਆਪ ਨੂੰ ਦਸ ਮੁਰੱਬੇ ਜ਼ਮੀਨ ਮਿਲੀ। ਇਸ ਚੱਕ ਦਾ ਨਾਮ ਵੀ ਸੱਦੋਵਾਲ ਹੋਇਆ । ਇਥੇ ਇੱਕ ਹੋਲਾ ਵੀ ਹੋਇਆ ਸੀ। ਇਨ੍ਹਾਂ ਦਿਨਾਂ ਵਿਚ, ਸੰਗਤ ਦੇ ਮੇਲੇ ਤੇ, ਸ੍ਰੀ ਗੁਰੂ ਹਰੀ ਸਿੰਘ ਜੀ ਅਨੇਕਾਂ ਸਿੱਖਾਂ ਨੂੰ ਸਾਥ ਲੈ ਕੇ ਪੁੱਜੇ ਹੋਏ ਸਨ। ਭਾਈ ਸੌਣ ਸਿੰਘ ਜੀ ਬਦਾਮ, ਘਿਓ, ਖੰਡ ਵਰਤਾ ਰਹੇ ਸਨ। ਗੁਰੂ ਜੀ ਇਸ ਕੌਤਕ ਨੂੰ ਵੇਖ ਕੇ ਬੜੇ ਖੁਸ਼ ਹੋ ਹੋ ਸਿੱਖਾਂ ਨੂੰ ਵਰ ਦਿੰਦੇ ਹੋਏ ਭਵਿਖਤ ਬਚਨ ਸੁਣਾ ਰਹੇ ਸੀ। ਬਾਬੇ ਨੇ ਅਰਜ ਕੀਤੀ- ਸੱਚੇ ਪਾਤਸ਼ਾਹ ! ਆਪ ਨੇ ਕਿਹਾ ਸੀ 'ਬਾਰ ਵਾਲੇ ਖਰਾਬ ਹੋਣਗੇ, ਆਹ ਵੇਖੋ ਕਣਕਾਂ ਦੀਆਂ ਫਸਲਾਂ ਕੈਸੀਆਂ ਸੁੰਦਰ ਦਿਸਦੀਆਂ ਨੇ। ਆਪ ਦੇ ਚਰਨਾਂ ਤੇ ਸੰਗਤਾਂ ਦੇ ਦਰਸ਼ਨਾਂ ਨੇ ਏਸ ਕੋਝੀ ਧਰਤੀ ਨੂੰ, ਬਾਗ਼ੋ ਬਾਗ਼ ਕਰ ਦਿੱਤਾ ਏ।

ਸਤਿਗੁਰੂ ਜੀ ਕਿਹਾ- ਭਾਈ ਸੌਣ ਸਿੰਘ! ਸਮਾਂ ਆਵੇਗਾ ਜਦ ਲੋਕ ਏਸ ਹਰੀ ਭਰੀ ਧਰਤੀ ਤੇ ਪਾਏ ਹੋਏ ਮਹਿਲਾਂ ਨੂੰ ਛੱਡ ਕੇ ਨੱਸਣਗੇ। ਮਾਂ ਪੁੱਤਰ ਨਾ ਸਮ੍ਹਾਲੇਗੀ, ਪਿਤਾ-ਧੀਆਂ, ਪਤੀ-ਔਰਤਾਂ ਤਿਆਗ ਕੇ ਨੱਸਣਗੇ ਬਾਬੇ ਜੀ ਕਿਹਾ- ਪਾਤਸ਼ਾਹੋ! ਐਸੇ ਸਮੇਂ ਦੇ ਔਣ ਦੇ ਆਸਾਰ ਕਦੋਂ ਕੁ ਹਨ? ਸਾਹਿਬਾਂ ਫ਼ੁਰਮਾਇਆ, ਰਾਜਾ ਛਤਰਧਾਰੀ, ਧੁਜਾਧਾਰੀ ਕੋਈ ਨਾ ਦਿਸੇਗਾ, ਸਭ ਸ੍ਰਿਸਟੀ ਨਿਆਸਰੀ ਹੋ ਕੇ ਦਰ ਦਰ ਖ਼ੁਵਾਰ ਹੋਵੇਗੀ। ਬਾਬੇ ਨੇ ਦੋਵੇਂ ਹੱਥ ਜੋੜ, ਚਰਨਾਂ ਤੇ ਸੀਸ ਰੱਖ ਬੇਨਤੀ ਕੀਤੀ- ਪਾਤਸ਼ਾਹ! ਆਹ ਜਮੀਨ ਮੇਰੀ ਮਾੜੀ ਹੈ, ਉੱਚੇ ਥਾਂ ਪਾਣੀ ਨਹੀਂ ਲੱਗਦਾ। ਸਾਹਿਬਾਂ ਕਿਹਾ- ਪਾਣੀ ਦਾ ਹੜ੍ਹ ਚੱਲੇਗਾ ਪਰ ਤੁਸਾਂ ਇੱਥੇ ਨਹੀਂ ਰਹਿਣਾ।

ਗਰੀਬ ਨਿਵਾਜ਼- ਇਕ ਬਰੀ ਸਿੰਘ ਨਾਮੇ ਸਿੱਖ ਸੀ ਜਿਸਦਾ ਸਰੀਰ ਕੋਝਾ ਸੀ ਤੇ ਨੇਤ੍ਰ ਖਰਾਬ ਸਨ। ਉਸਦਾ ਪਿਤਾ ਤੇ ਉਸਦੇ ਭਰਾ ਉਸਨੂੰ ਬਸਤਰ ਤੇ ਖਾਣ ਪੀਣ ਨੂੰ ਕੁਝ ਨਹੀਂ ਸਨ ਦਿੰਦੇ। ਉਸਨੇ ਚਰਨ ਬੰਦਨਾਂ ਕਰਕੇ ਬੜੀ ਉੱਚੀ ਚੀਕ ਮਾਰੀ। ਸਤਿਗੁਰਾਂ ਫੁਰਮਾਇਆ,"ਸਿੱਖਾ,ਕੀ ਤਕਲੀਫ ਹੈ ?"

ਇਕ ਸਿੱਖ ਨੇ ਕਿਹਾ ਸੱਚੇ ਪਾਤਸ਼ਾਹ! ਇਸ ਦੇ ਮਾਪੇ ਤੇ ਭਰਾ ਬੜੇ ਬਖ਼ਤਾਵਰ ਨੇ, ਪਰ ਇਸ ਨੂੰ ਕੁਝ ਨਹੀਂ ਦਿੰਦੇ।

ਸਤਿਗੁਰਾਂ ਫੁਰਮਾਇਆ- ਸਭੋ ਕੁਝ ਏਸੇ ਦਾ ਏ। ਥੋੜੇ ਚਿਰ ਤੋਂ ਬਾਦ, ਇਸ ਦਾ ਭਰਾ, ਪਿਤਾ ਸਾਰੇ ਕਾਲ ਵੱਸ ਹੋ ਗਏ। ਅਰੁ ਦਸ ਮੁਰੱਬੇ ਜਮੀਨ ਉਸਦੇ ਹਿੱਸੇ ਆਈ। ਬੜਾ ਪਰਿਵਾਰ ਹੋਇਆ ਤੇ ਸਤਿਗੁਰਾਂ ਦਾ ਸੇਵਕ ਰਿਹਾ।

ਰਾਜੂ ਸ਼ਾਹ ਦਾ ਸੇਵਕ ਹੋਣਾ

ਰਾਜੂ ਸ਼ਾਹ ਇਕ ਜਾਂਗਲੀ ਮੁਸਲਮਾਨ ਸੀ। ਇਹ ਖੋਜੀ ਅਤੇ ਜਿਰਾਹ (ਮਲ੍ਹਮ ਪੱਟੀ ਕਰਨ ਵਾਲਾ) ਸੀ। ਇਸ ਨੂੰ ਖ਼ੁਦਾ ਦੇ ਪਿਆਰੇ ਬੰਦੇ, ਬੜੇ ਚੰਗੇ ਲੱਗਦੇ ਸਨ। ਇਸ ਨੇ ਕਈ ਛਿਲੇ (ਚਾਲ੍ਹੀਏ) ਕੱਟੇ ਸਨ। ਇਕ ਦਿਨ ਸਫ਼ੈਦ ਬਸਤਰ, ਹੱਥ ਮਾਲਾ, ਚੋਜੀ ਪਾਤਸ਼ਾਹ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਹੋਏ। ਆਪ ਨੇ ਸਿੱਖਾਂ ਨੂੰ ਪੁੱਛਣਾ ਕਿ ਮੈਂ ਇਹੋ ਜਿਹੀ ਮਨ ਹਰਨ ਵਾਲੀ ਮੂਰਤ ਦੇ ਦਰਸ਼ਨ ਕਰਨੇ ਹਨ, ਕੋਈ ਦੱਸੋ।

ਇਕ ਦਿਨ ਸੰਤ ਰੁਲ ਸਿੰਘ ਪਾਸ ਆਪਣੀ ਬੀਤੀ ਦੱਸੀ। ਉਸ ਕਿਹਾ ਰਾਜੂ! ਜਿਸਦੇ ਤੈਨੂੰ ਦਰਸ਼ਨ ਹੋਏ ਹਨ ਉਹ ਮੇਰੇ ਚੋਜੀ ਪਾਤਸ਼ਾਹ ਗੁਰੂ ਹਰੀ ਸਿੰਘ ਜੀ ਹਨ। ਰਾਜੂ ਕਿਹਾ- ਮੈਂ ਦਰਸ਼ਨ ਕਰਨੇ ਹਨ। ਮੇਰਾ ਦਿਲ ਕਾਹਲਾ ਏ, ਮੈਂ ਬੀ ਉਸਦੇ ਚਰਨ ਚੁੰਮਾਂ, ਚਰਨ ਧੂੜੀ ਅੱਖੀਆਂ ਵਿਚ ਪਾਵਾਂ।

ਇਧਰ ਪਾਤਸ਼ਾਹਾਂ ਕਿਹਾ- ਭਾਈ ਸੌਣ ਸਿੰਘ! ਕੋਈ ਸਿੰਙੀ ਲਾਣ ਵਾਲਾ ਸੱਦੋ। ਐਹ ਸੱਜੇ ਗੋਡੇ ਦੀ ਦਰਦ ਘਟੇ।

ਝੱਟ ਭਾਈ ਰੁਲ ਸਿੰਘ ਨੇ ਰਾਜੂ ਖੋਜੀ ਨੂੰ ਪਤਾ ਦਿੱਤਾ। ਰਾਜੂ ਨੇ ਮਜੌਰਾਂ ਪਿੰਡ ਤੋਂ ਬੜੇ ਚਾਅ ਨਾਲ ਆ ਕੇ ਦਰਸ਼ਨ ਕੀਤਾ। ਦਰਸ਼ਨ ਕਰਕੇ ਮਸਤਾਨਾ ਹੋ ਗਿਆ ਅਤੇ ਵੈਰਾਗੀ ਦਸ਼ਾ ਵਿੱਚ ਆਪਣੀ ਦਰਸ਼ਨ ਵਾਲੀ ਵਿਥਿਆ

Namdhari Elibrary NamdhariElibrary@gmail.com

ਦੱਸੀ।

ਸਤਿਗੁਰਾਂ ਕਿਹਾ ਰਾਜੂ! ਜ਼ਰਾ ਸਿੰਙੀ ਲਾ। ਰਾਜੂ ਬੜੇ ਜ਼ੋਰ ਨਾਲ ਤਿੰਨ ਵਾਰੀ ਸਿੰਙੀ ਲਾਣ ਲੱਗਾ। ਪਰ ਸਿੰਙੀ ਔਹ ਡਿੱਗ ਪਈ। ਰਾਜੂ ਮਸਤਾਨਾ ਹੋ ਕੇ ਚਰਨਾਂ ਤੇ ਲੇਟ ਰਿਹਾ ਸੀ ਅਤੇ ਬਾਰ-ਬਾਰ ਸਤਿਗੁਰਾਂ ਦੇ ਚਰਨ ਚੁੰਮ ਰਿਹਾ ਸੀ।

ਅਰਜ਼ ਕੀਤੀ, ਖ਼ੁਦਾਵੰਦ। ਬਖਸ਼ ਦੇਹ! ਦਾਤਾਂ ਦਾ ਖ਼ਜਾਨਾ ਦੇ ਕੇ ਸੱਖਣੀ ਝੋਲੀ ਭਰ ਦੇ।

ਗੁਰੂ ਜੀ ਸ਼ਰਧਾ ਦੇਖ ਕੇ ਉਸਨੂੰ ਨਾਮ ਦੀ ਦਾਤ ਦੇ ਕੇ ਪੂਰਾ ਕਰ ਦਿੱਤਾ। ਫੇਰ ਕੀ ਸੀ? ਰਾਜੂ ਸੇਵਕ ਹੋ ਗਿਆ, ਮੁਰੀਦ ਹੋ ਕੇ ਅਰਜ਼ ਕੀਤੀ- ਪਾਤਸ਼ਾਹ ਮੇਰੇ ਗਰੀਬ ਦੇ ਘਰ ਚਰਨ ਪਾਓ।

ਉਸ ਜਾਂਗਲੀ ਮੁਸਲਮਾਨ ਦੀ ਬੇਨਤੀ ਮੰਨ ਕੇ ਪਾਤਸ਼ਾਹ ਜੀ ਰਾਜੂ ਦੇ ਪਿੰਡ ਗਏ। ਰਾਜੂ ਨੇ 101 ਰੁਪਏ ਤੇ ਇਕ ਘੋੜੀ ਅਰਦਾਸ ਕਰਾਕੇ ਆਪਣੇ ਸਾਰੇ ਪਰਿਵਾਰ ਨੂੰ ਭਜਨ ਪੁਛਾਇਆ ਅਤੇ ਮਾਸ, ਸ਼ਰਾਬ, ਹੁੱਕਾ ਸ਼ਰ੍ਹਾ ਕੋਈ ਨਾ ਰੱਖੇ। ਇਸ ਰਾਜੂ ਦੇ ਯਾਰਾਂ ਪੁੱਤਰ ਸਨ। ਕੋਈ ਵੀ ਸ਼ਰ੍ਹਾ ਅਤੇ ਸੁੰਨਤ ਦਾ ਕਾਇਲ ਨਹੀਂ ਸੀ। ਰਾਜੂ ਗੁਰੂ ਜੀ ਦੇ ਚਰਨਾਂ ਦਾ ਸੱਚਾ ਮੁਰਾਦ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਵੀ ਇਸ ਦਾ ਪ੍ਰੇਮ ਵੇਖ ਕੇ ਕਈ ਵਾਰ ਚਰਨ ਪਾਏ। ਆਪਣੀ ਜ਼ਿੰਦਗੀ ਤੱਕ ਰਾਜੂ ਲੰਗਰ ਵਿਚ ਰਸਦਾਂ ਪਾਉਂਦਾ ਰਿਹਾ ਅਰੁ ਫੇਰ ਉਸਦੇ ਪੁੱਤਰ ਵੀ ਉਸੇ ਤਰ੍ਹਾਂ ਭਜਨ ਪੁੱਛ ਕੇ ਆਪਣਾ ਪੀਰ ਜ਼ਾਹਰਾ ਜ਼ਹੂਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਮੰਨਦੇ ਰਹੇ।

ਆਪਣੀ ਕਹਾਣੀ

ਮੈਂ 14 ਸਾਲ ਦਾ ਸੀ। ਗੁਰੂ ਜੀ ਪਾਸ ਮੱਥਾ ਟੇਕ ਕੇ ਬੈਠ ਗਿਆ। ਸਾਹਿਬਾਂ ਹੁਕਮ ਕੀਤਾ- ਕਾਕਾ! ਸ਼ਬਦ ਪੜ੍ਹ! ਮੈਂ ਬਹੁਤ ਸੰਗਾਂ, ਪਰ ਹੁਕਮ ਮੰਨ ਕੇ ਪੜ੍ਹਨ ਲੱਗਾ।

ਗੁਰੂ ਜੀ ਨੇ ਫ਼ੁਰਮਾਇਆ! ਟੈਹਲ ਸਿੰਘ! ਤੂੰ ਤਾਂ ਬੜਾ ਸ਼ਬਦੀ ਜਥੇਦਾਰ ਹੈਂ ਤੇਰੀ ਸੁਰ ਵਿਚ ਬੜਾ ਅੰਮ੍ਰਿਤ ਹੋਵੇਗਾ। ਉਸੇ ਬਚਨ ਤੇ ਮੈਂ ਸ਼ਬਦ ਪੜ੍ਹਨੇ ਸ਼ੁਰੂ ਕਰ ਦਿੱਤੇ। ਮੈਂ ਨਾਂ ਜਪ ਕੀਤਾ ਹੈ, ਨਾਂ ਤਪ। ਗੁਰੂ ਜੀ ਦੇ ਬਚਨਾਂ ਸਦਕਾ ਮੈਨੂੰ ਲੋਕ ਸੰਤ ਸੰਤ ਆਖ ਕੇ ਮੱਥੇ ਟੇਕਦੇ ਹਨ ਅਤੇ ਗੁਰੂ ਜੀ ਦੇ ਬਚਨ ਪੂਰੇ ਹੋ ਰਹੇ ਹਨ।

......ਬਾਕੀ ਸਫ਼ਾ 152 ਦੀ **(ਗਰੀਬ ਨਿਵਾਜ ਸਤਿਗੁਰੂ)**

ਜੀ ਨੇ ਉਸਦੇ ਸਰੀਰ ਤੇ ਛਟੀ ਲਾਈ ਤਿਓਂ ਹੀ ਉਸਦੇ ਕਪਾਟ ਖੁਲ ਗਏ। ਹੱਥ ਜੋੜ ਅਰ ਉੱਠ ਖੜਾ ਹੋਕੇ ਅਰਜ ਕਰਨ ਲਗਾ, ਕਿ ਦਾਤਾ ਜੀ ਤੇਰੇ ਦਰ ਤੇ ਅਜੀਬ ਖੇਲ ਹੁੰਦੇ ਹਨ, ਮੰਗਿਆ ਪ੍ਰਸ਼ਾਦ ਤੇ ਪਈਆਂ ਲੱਤਾਂ ਤੇ ਲੱਤਾਂ ਭੀ ਏਹੋ ਜਹੀਆਂ ਕਿ ਬਿਨਾ ਪੀੜ ਤੋਂ ਹੀ ਬੇਹੋਸ਼ੀ ਆ ਗਈ, ਹੁਣ ਆਹ ਤੇਰੀ ਛਟੀ ਵਿਚ ਖਵਰੇ ਕਰੰਟ ਕਿਥੋਂ ਆ ਗਿਆਂ ਮੇਰਾ ਸਰੀਰ ਡਿਗਦਾ ਹੈ, ਕਲੇਜੇ ਵਿਚ ਕਰਕ ਪੈਂਦੀ ਹੈ, ਮੈਂ ਗਿਆ ਬਾਬਾ ਜੀ, ਮੈਨੂੰ ਫੜੋ, ਮੈ ਗਿਆ, ਪਤਾ ਨਹੀ ਕਿਥੇ ਚਲਿਆ ਹਾਂ, ਵਾਹ-2 ਰਸ ਹੈ, ਸੁਆਦ ਹੈ ਫੇਰ ਲੁਤਫ ਹੈ, ਪਤਾ ਨਹੀ ਕਿਉਂ ਹੈ। ਓਹ! ਫੜੋ ਮੈਨੂੰ, ਅਕਾਸ ਨੂੰ ਖਿੱਚੀ ਦਾ ਹਾਂ, ਹੌਲਾ-ਫੁਲ ਹੋ ਗਿਆ ਹਾਂ, ਸਭ ਪਸਾਰੇ ਝੂਠੇ ਦਿਸਦੇ ਹਨ, ਹੁਣ ਬਾਲ-ਬੱਚੇ, ਡੰਗਰ, ਪਸੂ, ਪੱਖੀਆਂ, ਝੁਗੀਆਂ, ਸਾਕ-ਸਨਬੰਧੀ, ਸਭ ਝੂਠੇ ਦਿਸਦੇ ਹਨ। ਇਕ ਤੂਹੀਂ ਸਚਾ ਹੈਂ ਹੋਰ ਸਭ ਝੂਠ, ਲੱਤਾਂ ਝੂਠੀਆਂ, ਚੌਲ ਝੂਠੇ, ਮੰਗਣਾ ਝੂਠਾ, ਫੜੋ-ਫੜੋ ਮੈਨੂੰ ਤਰਸ ਕਰੋ ਦਾਤਾ ਜੀ, ਉਪਰ ਨੂੰ ਨਾ ਚਲਾਓ ਧਰਤੀ ਘੁੰਮਦੀ ਹੈ ਦਾਤਿਆ ਤੇਰੇ ਉਦਾਲੇ ਰਖ ਲੈ, ਬਚਾ ਲੋ ਬਾਲ ਬੱਚਾ ਭੁੱਖਾ ਮਰੇਗਾ, ਡੇਰਾ ਚੌਧਰੀ ਬਿਨਾਂ ਸੁੰਨਾ ਹੋ ਜਾਏਗਾ, ਰਹਿਣ ਦੇ ਧਰਤੀ ਤੇ। ਦਿਆਲ ਦਾਤਾ ਜੀ ਨੇ ਫੁਰਮਾਯਾ 'ਕਾਲੀਂ ਜਿਨੀ ਨ ਰਾਵਿਆ ਧਾਉਲੀ ਰਾਵੈ ਕੋਇ' ਅੱਛਾ ਉਠ 'ਬਾਬਾ' ਤੈਨੂੰ ਪ੍ਰਸ਼ਾਦ ਮਿਲੇਗਾ ਤੂੰ ਵਡਭਾਗਾ ਹੈਂ ਪ੍ਰਸ਼ਾਦ ਦੋ ਲੱਤਾਂ ਖਾ ਕੇ ਮਿਲ ਗਿਆ ਹੈ ਹੀ ਇਹ ਪ੍ਰਸ਼ਾਦ ਛਕਨ ਵਾਲੇ ਨੂੰ ਤਾਂ ਤੋਪਾਂ ਅਗੇ ਉਡਣਾ ਪੈਂਦਾ ਹ।

ਦੇਸੋਂ-ਪ੍ਰਦੇਸ ਰੁਲਨਾ ਪੈਂਦਾ ਹੈ ਤਕੜਾ ਹੋ । ਬਸ ਸਤਿਗੁਰ ਜੀ ਨੇ ਹੁਕਮ ਦਿੱਤਾ ਕਿ ਜਿਤਨਾਂ ਚਿਰ ਇਹਨਾਂ ਗ੍ਰੀਬਾਂ ਨੂੰ ਕੜਾਹ ਪ੍ਰਸ਼ਾਦਿ ਨਹੀ ਰਜਾਕੇ ਛਕਾਉਂਦੇ ਉਤਨਾ ਚਿਰ ਅਸੀਂ ਵੀ ਨਹੀ ਅੰਨ ਜਲ ਛਕਦੇ। ਬਸ ਫੇਰ ਕੀ ਸੀ ਝੱਟ ਕੜਾਹੇ ਧਰੇ ਗਏ ਪ੍ਰਸ਼ਾਦ ਤਿਆਰ ਕਰਾਕੇ ਸਭ ਨੂੰ ਰਜਾਕੇ ਛਕਾਯਾ। ਦਿਆਲ ਦਾਤਾ ਨੇ ਬੁੱਢੇ ਨੂੰ ਕਿਰਪਾ ਕਰਕੇ ਹੋਸ਼ ਵਿਚ ਲਿਆਕੇ ਜੀਵਨ ਪਦ ਬਖਸ਼ ਕੇ ਨਿਹਾਲ ਕੀਤਾ, ਤੇ ਗੁਰ ਸਿਖੀ ਦੀ ਦਾਤ ਬਖਸ਼ਕੇ ਭਜਨ ਰੂਪੀ ਅੰਮ੍ਰਿਤ ਬਖਸ਼ਕੇ ਅਮਰ ਕਰ ਦਿੱਤਾ ਪਾਠਕ ਜੀ ਇਹ ਚੋਜ ਕਿਸਦੇ ਹਨ, ਜੀਵ ਦੇ ਕਿ ਬ੍ਰਹਮ ਦੇ? ਜਰਾ ਧਿਆਨ ਨਾਲ ਸੋਚੋ, ਜੇ ਚੰਗੀ ਖੋਜ ਤੇ ਵਿਚਾਰ ਕਰੋਗੇ ਤਾਂ ਯਾਦ ਰਖੋ, ਜੋ ਖੋਜੇ ਸੋ ਪਾਵੇ, ਸਮਾ ਮਿਲਨ ਪਰ ਫੇਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿਤ੍ਰ ਜੀਵਨ ਵਿਚੋਂ ਕੋਈ ਹੋਰ ਲੇਖ ਪਾਠਕਾਂ ਦੀ ਭੇਟ ਕੀਤਾ ਜਾਵੇਗਾ । ਸੁ ਸਤਿਗੁਰੁ ਜੀ ਦੇ ਜੱਸਦਾ ਅੰਤ ਨਹੀਂ ਆਉਂਦਾ। ਸਾਤ ਸਮੁੰਦਹਿ ਮਸੁ ਕਰਉ ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜੋ ਕਰਉ ਹਰਿ ਜਸੁ ਲਿਖਨੁ ਨ ਜਾਇ ॥

Namdhari Elibrary NamdhariElibrary@gmail.com

ਮਾਤਾ ਫਤਹ ਕੌਰ ਜੀ

ਨਿਧਾਨ ਸਿੰਘ ਆਲਿਮ

ਪਰਮ ਪੂਜਨੀਕ ਮਾਤਾ ਫਤਹ ਕੌਰ ਜੀ ਦਾ ਜਨਮ ਥਰਾਜ ਜ਼ਿਲ੍ਹਾ ਹਿਸਾਰ ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਉਂ ਸ੍ਰ. ਖੁਸ਼ਾਲ ਸਿੰਘ ਤੇ ਮਾਤਾ ਦਾ ਨਾਉਂ ਭਾਗਭਰੀ ਸੀ। ਮਾਤਾ ਭਾਗਭਰੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਸੂਬੇ ਨਰੈਣ ਸਿੰਘ ਜੀ ਖਟੜਿਆਂ ਵਾਲਿਆਂ ਤੋਂ, ਉਦੋਂ ਭਜਨ ਪੁੱਛਿਆ ਸੀ ਜਦ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਆਪ ਦੇ ਪੇਕੇ ਪਿੰਡ ਗਿੱਲ ਰਿਆਸਤ ਨਾਭਾ ਵਿਚ ਪਧਾਰੇ ਸਨ। ਪਿਤਾ ਖੁਸ਼ਾਲ ਸਿੰਘ ਜੀ ਨੇ 1926 ਸੰਮਤ ਦੀ ਮਾਘੀ ਨੂੰ ਮੁਕਤਸਰ ਭਜਨ ਪੁੱਛਿਆ ਸੀ ।

ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸ ਕੌਰ ਜੀ ਦੀ ਚੜ੍ਹਾਈ ਦਾ ਮੇਲਾ ਸੰ: 1927 ਦੀ ਦੀਪਮਾਲਾ ਤੋਂ ਪਿਛੋਂ ਸ੍ਰੀ ਭੈਣੀ ਸਾਹਿਬ ਵਿਖੇ ਬੜੀ ਧੂਮ ਧਾਮ ਨਾਲ ਹੋਇਆ ਸੀ। ਮਾਤਾ ਫਤਹ ਕੌਰ ਜੀ ਆਪਣੇ ਪ੍ਰਵਾਰ ਨਾਲ ਪਹਿਲੀ ਵਾਰ ਇਸ ਮੇਲੇ ਤੇ ਹੀ ਸ੍ਰੀ ਭੈਣੀ ਸਾਹਿਬ ਆਏ ਸਨ। ਮਾਤਾ ਜੀ ਇਸ ਵੇਲੇ ਚਾਰ ਕੁ ਸਾਲਾਂ ਦੇ ਸਨ। ਸ੍ਰ ਖੁਸ਼ਾਲ ਸਿੰਘ ਜੀ ਨੇ ਜਦ ਸਤਿਗੁਰਾਂ ਨੂੰ ਮੱਥਾ ਟੇਕਿਆ ਤਾਂ ਹਜ਼ੂਰ ਨੇ ਕਿਹਾ, "ਭਾਈ ਅਜੇ ਕਛਹਿਰਾ ਤਾਂ ਨਹੀਂ ਪਾਇਆ?" "ਉਹ ਤਾਂ ਪਾਤਸ਼ਾਹ! ਹੁਣੇ ਪਾ ਲੈਂਦਾ ਹਾਂ।" ਹੁਕਮ ਕੀਤਾ, "ਚੰਗਾ, ਘਰ ਜਾਕੇ ਪਾ ਲਵੀਂ।" ਤੇ ਸਤਿਗੁਰ ਸੱਚੇ ਪਾਤਸ਼ਾਹ ਨੇ ਬਾਬਾ ਜੀ ਦੇ ਨਾਲ ਸੰਤ ਮਲੂਕ ਸਿੰਘ ਜੀ ਮਲਵਈ ਨੂੰ ਭੇਜਿਆ, ਜਿਨ੍ਹਾਂ ਦੇ ਨਾਲ 30-40 ਸਿੱਖ ਮਾਲਵੇ ਦੇ ਸਨ। ਥਰਾਜ ਭੈਣੀ ਸਾਹਿਬ ਤੋਂ 80-85 ਕੋਹ ਦੇ ਫਾਸਲੇ ਤੇ ਹੈ, ਸਿੱਖ ਪੈਦਲ ਹੀ ਜਾਇਆ ਕਰਦੇ ਸਨ, ਬਾਬਾ ਖੁਸ਼ਾਲ ਸਿੰਘ ਜੀ ਨੂੰ ਤੁਰਨ ਲੱਗਿਆਂ ਸਤਿਗੁਰਾਂ ਨੇ ਕਿਹਾ ਸੀ, "ਭਾਈ ਭਜਨ ਕਰਿਆ ਕਰ।" ਉਸਨੇ ਕਿਹਾ ਜੀ, "ਮੈਂ ਏਥੋਂ ਬਹੁਤ ਦੂਰ ਇਕ ਸਿਰੇ ਤੇ ਰਹਿੰਦਾ ਹਾਂ।" ਸਤਿਗੁਰਾਂ ਨੇ ਕਿਹਾ, "ਭਾਈ ਬੇਲ ਨੂੰ ਸਿਰੇ ਤੇ ਫਲ ਮੋਟਾ ਲੱਗਦਾ ਹੈ।"

ਬਾਬਾ ਖੁਸ਼ਾਲ ਸਿੰਘ ਜੀ ਬਾਬਾ ਮਲੂਕ ਸਿੰਘ ਜੀ ਨੂੰ ਨਾਲ ਲੈਕੇ ਥਰਾਜ ਪਹੁੰਚੇ ਤੇ ਮਾਤਾ ਜੀਊਣ ਕੌਰ, ਮਾਤਾ ਫਤਹ ਕੌਰ ਅਰੁ ਮਾਤਾ ਜੀ ਦੇ ਭਰਾ ਭਾਈ ਚੂਹੜ ਸਿੰਘ ਜੀ ਨੂੰ ਭਜਨ ਦੇ ਕੇ ਸੋਧ ਰਖਾ ਦਿੱਤੀ । ਮਾਤਾ ਜੀਊਣ ਕੌਰ ਜੀ ਦੱਸਦੇ ਹਨ ਕਿ ਉਸ ਵੇਲੇ ਦੇ ਸਾਧ ਭੂਰਿਆਂ ਤੇ ਮੋਟੇ ਖੱਦਰ ਤੋਂ ਬਿਨਾਂ ਹੋਰ ਕੋਈ ਬਸਤ੍ਰ ਨਹੀਂ ਪਹਿਨਦੇ ਸਨ । ਸੋਧ ਭੂਰਿਆਂ ਵਿੱਚ ਹੀ ਰੱਖਦੇ ਸਨ, ਸਾਨੂੰ ਭੂਰਿਆਂ ਦੇ ਚੋਲੇ ਬਣਵਾ ਦਿੱਤੇ ਸਨ। ਇਸ਼ਨਾਨ ਕਰਕੇ ਉਹ ਪਾ ਲੈਣੇ । ਲੰਗਰ ਕਰਕੇ ਫੇਰ ਲੰਗਰ ਵਾਲੀ ਕਿੱਲੀ ਤੇ ਝਲਾ ਕੇ, ਖੱਦਰ ਦੇ ਬਸਤ੍ਰ ਪਹਿਨ ਲੈਣੇ । ਬਾਬਾ ਮਲੂਕ ਸਿੰਘ ਜੀ ਇਕ ਸੋਧਣ ਮਾਈ ਨੂੰ ਥਰਾਜ ਛੱਡ ਗਏ, ਜਿਸ ਨੇ ਛੇ ਮਹੀਨਿਆਂ ਤੱਕ ਰਹਿਕੇ ਸਾਨੂੰ ਸੋਧ ਦੀ ਜਾਚ ਸਿਖਾਈ ਸੀ।

ਸੰਮਤ 1927 ਵਿੱਚ ਖੋਟੀਂ (ਮਾਲਵੇ) ਵਿਚ ਹੋਲਾ ਕਰਕੇ ਸੱਚੇ ਪਾਤਸ਼ਾਹ ਨੇ ਸਾਰੇ ਮਾਲਵੇ ਦਾ ਦੌਰਾ ਕਰਦਿਆਂ ਹੋਇਆਂ ਵਿਸਾਖੀ ਦਮਦਮੇ ਸਾਹਿਬ ਕੀਤੀ ਸੀ ਤੇ ਓਥੋਂ ਸੰਗਤਾਂ ਨੂੰ ਤਾਰਦੇ ਹੋਏ ਥਰਾਜ ਪੁੱਜ ਦਰਸ਼ਨ ਦਿੱਤੇ ਸਨ। ਬਾਬਾ ਜੀ ਨੇ ਬਹੁਤ ਸੇਵਾ ਕੀਤੀ ਤੇ ਮਾਤਾ ਜੀ ਨੂੰ ਦਰਸ਼ਨਾਂ ਦਾ ਬੜਾ ਚਾਅ ਚੜ੍ਹਿਆ।

ਪਿਛੋ ਰਿਆਸਤ ਨਾਭਾ ਵਿਚ ਸਤਿਗੁਰ ਗਏ ਤਾਂ ਬਾਬਾ ਖੁਸ਼ਹਾਲ ਸਿੰਘ ਜੀ ਵੀ ਸਣੇ ਪਰਵਾਰ ਦਰਸ਼ਨ ਕਰਨ ਵਾਸਤੇ ਆਏ ਸਨ। ਮਾਤਾ ਫ਼ਤਹ ਕੌਰ ਜੀ ਨੂੰ ਕਿਸੇ ਸਿੱਖ ਨੇ ਸਤਿਗੁਰਾਂ ਦੀ ਉਸਤਤ ਸਿਖਾ ਦਿੱਤੀ ਕਿ ਸੱਚੇ ਪਾਤਸ਼ਾਹ ਤੇਰਾ ਸਰੂ ਜੇਹਾ ਕੱਦ ਹੈ, ਲੰਮੀ ਗਰਦਨ ਹੈ, ਆਜਾਨ ਬਾਹੂ ਹਨ, ਤਲਵਾਰ ਜੈਸਾ ਨੱਕ ਹੈ, ਸ਼ੇਰ ਜੈਸੀ ਕਮਰ ਹੈ-ਆਦਿ। ਮਾਤਾ ਜੀ ਨੇ ਸਤਿਗੁਰਾਂ ਦੇ ਸਾਹਮਣੇ ਜਾ ਕੇ ਏਹ ਉਸਤਤ ਕੀਤੀ। ਦੀਨ ਦਿਆਲ ਜੀ ਨੇ ਆਪਣਾ ਰੁਮਾਲ ਗਲ਼ ਵਿਚ ਪਾ ਕੇ ਅਜੇਹਾ ਵਟਣਾਂ ਚਾਹੜਿਆ ਕਿ ਅੱਖਾਂ ਦੇ ਆਨੇ ਬਾਹਰ ਆ ਗਏ। ਮਾਤਾ ਜੀ ਭਾਵੇਂ ਸਾਢੇ ਕੁ ਚਾਰ ਸਾਲਾਂ ਦੇ ਬਾਲ ਸਨ, ਪਰ ਰੋਏ ਨਾ। ਸਤਿਗੁਰਾਂ ਕਿਹਾ, " ਭਾਈ ਹੋਰ ਬੱਚਾ ਹੁੰਦਾ, ਤਾਂ ਡਡਿਔਣ ਲਗ ਪੈਂਦਾ, ਪ੍ਰੰਤੂ ਇਹ ਦੇਵੀ ਹੈ, ਅਕਾਲ ਪੁਰਖ ਦੀ ਸ਼ਕਤੀ ਹੈ।

ਉਪ੍ਰੰਤ ਸਤਿਗੁਰਾਂ ਨੇ ਮਾਤਾ ਜੀ ਨੂੰ ਕਿਹਾ ਕਿ ਦੇਵੀ ! ਅੱਗੇ ਨੂੰ ਇਹ ਸਿਫ਼ਤ ਕਦੇ ਨਹੀਂ ਕਰਨੀ। ਹੁਣ ਜਦ ਮੇਰੇ ਕੋਲ ਆਵੇਂਗੀ ਤਾਂ ਬਾਣੀ ਕੰਠ ਕਰਕੇ ਲਿਆਵੀਂ ਇਹ ਗਲ ਹਾੜ 1928ਦੀ ਹੈ।

Namdhari Elibrary NamdhariElibrary@gmail.com

ਉਪਰੰਤ ਮਾਤਾ ਜੀਉਣ ਕੌਰ ਹੋਰੀ ਅਤੇ ਮਾਤਾ ਫ਼ਤਹ ਕੌਰ ਜੀ ਆਪਣੇ ਪਿਤਾ ਨਾਲ ਸੰਮਤ 1928 ਦੀ ਮਾਘੀ ਨੂੰ ਆਏ। ਮਾਤਾ ਫਤਹ ਕੌਰ ਜੀ ਨੂੰ ਦਰਸ਼ਨ ਦੀ ਏਨੀ ਖਿੱਚ ਲੱਗੇ ਕਿ ਸਭ ਤੋਂ ਪਹਿਲੋਂ ਜਾ ਨਮਸਕਾਰ ਕੀਤੀ। ਜਦੋਂ ਪਿਤਾ ਜੀ ਆਏ ਤਾਂ ਸਤਿਗੁਰਾਂ ਕਿਹਾ, "ਭਾਈ, ਇਹ ਦੇਵੀ ਕਦੋਂ ਦੀ ਏਥੇ ਖੜੀ ਹੈ? ਇਹ ਕਿਸਦੇ ਨਾਲ ਆਈ ਹੈ?" ਬਾਬਾ ਜੀ ਨੇ ਕਿਹਾ, "ਸਾਥੋਂ ਪਹਿਲੋਂ ਹੀ ਦੌੜ ਆਈ ਹੈ।" ਹੁਣ ਸਤਿਗੁਰੂ ਸੱਚੇ ਪਾਤਸ਼ਾਹ ਨੇ ਆਪਣੀ ਰਸਨਾਂ ਨਾਲ ਕਿਹਾ, "ਦੇਵੀ! ਸ਼ਬਦ ਸੁਣਾ।" ਮਾਤਾ ਜੀ ਨੇ ਇਹ ਸੁਣਾਇਆ

ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ॥
ਗਣਤੀ ਗਣੀ ਨਾ ਜਾਇ ਤੇਰੈ ਦਰਿ ਪੜੇ॥

ਏਹ ਸਾਰਾਂ ਸ਼ਬਦ ਤੇ ਆਸਾ ਦੀ ਵਾਰ ਦਾ ਇਹ ਸਲੋਕ-

ਕੂੜੁ ਰਾਜਾ, ਕੂੜੁ ਪਰਜਾ ਕੂੜੁ ਸਭੁ ਸੰਸਾਰੁ॥

ਸ਼ਬਦ ਸੁਣਕੇ ਦੀਨ ਦਿਆਲ ਜੀ ਬਹੁਤ ਖੁਸ਼ ਹੋਏ। ਸਤਿਗੁਰਾਂ ਮਾਤਾ ਜੀ ਦੇ ਮਾਮੇ (ਜਿਨ੍ਹੂੰ ਗੌਤਮ ਰਿਖੀ ਕਹਿੰਦੇ ਸਨ) ਨੂੰ ਡੇਰਾ ਲੁਐਣ ਵਾਸਤੇ ਕਿਹਾ, ਅਤੇ ਮਾਤਾ ਫਤਹ ਕੌਰ ਹੁਣਾਂ ਨੂੰ ਸੰਤਰੇ ਦਾ ਪ੍ਰਸ਼ਾਦ ਦਿੱਤਾ। ਸਤਿਗੁਰਾਂ ਦੀ ਪੁਤਰੀ ਬੀਬੀ ਨੰਦਾਂ ਦਾ ਕਾਕਾ ਰੋਂਦਾ ਸੁਣ ਕੇ ਹਜ਼ੂਰ ਨੇ ਪੁੱਛਿਆ, "ਇਹ ਕਿਉਂ ਰੋਂਦਾ ਹੈ?" ਬੀਬੀ ਜੀ ਨੇ ਕਿਹਾ, "ਕਿਸੇ ਦੀ ਕੁੜੀ ਖਲੋਤੀ ਸੀ। ਉਸ ਤੋਂ ਸੰਤਰਾ ਲੈਕੇ ਦਿੱਤਾ ਸੀ। ਉਹ ਡਿੱਗ ਪੈਣ ਕਰਕੇ ਰੋਂਦਾ ਹੈ।" ਸੱਚੇ ਪਾਤਸ਼ਾਹ ਨੇ ਕਿਹਾ, "ਉਹ ਕੁੜੀ ਕਿਸੇ ਦੀ ਨਹੀਂ, ਆਪਣੀ ਹੀ ਹੈ।" ਦੂਜੇ ਦਿਨ ਬਾਬਾ ਖੁਸ਼ਾਲ ਸਿੰਘ ਜੀ ਇਕੱਲੇ ਹੀ ਦਰਸ਼ਨ ਕਰਨ ਗਏ । ਸਤਿਗੁਰ ਤਬੇਲੇ ਵਿਚ ਬੈਠੇ ਹੋਏ ਸਨ । ਮੱਥਾ ਟੇਕਿਆ ਤਾਂ ਕਿਹਾ ਕਿ ਅੱਜ ਦੇਵੀਆਂ ਨੂੰ ਕਿਉਂ ਨਹੀਂ ਲਿਆਏ? ਫੇਰ ਮਾਤਾ ਜੀ ਨੂੰ ਲਿਆ ਕੇ ਨਮਸਕਾਰ' ਕਰਾਈ। ਚਾਰ ਦਿਨ ਰਹਿਕੇ ਜਦ ਥਰਾਜ ਨੂੰ ਚੱਲੇ ਤਾਂ ਬਾਬਾ ਜੀ ਨੇ ਅਰਜ਼ ਕੀਤੀ, "ਜੀ ਮੈਂ ਹੁਣ ਬੱਚੀਆਂ ਨੂੰ ਘਰ ਕਿਵੇਂ ਲੈਕੇ ਜਾਉਂਗਾ । 80-85 ਕੋਹ ਬਾਟ ਹੈ, ਤੇ ਕੱਲਾ ਸਰੀਰ ਹਾਂ।" ਸਤਿਗੁਰਾਂ ਨੇ ਕਿਹਾ ਕਿ ਭਾਈ ਚੁੱਪ ਕਰਕੇ ਚੱਲਿਆ ਜਾਵੀਂ, ਨਾਂ ਤੂੰ ਕਿਸੇ ਨੂੰ ਬੁਲਾਈ, ਨਾਂ ਕੋਈ ਤੈਨੂੰ ਬੁਲਾਊਗਾ। ਸੋ ਏਵੇਂ ਹੀ ਹੋਇਆ। ਏਹ ਬਾਰਤਾ ਓਦੋਂ ਦੀ ਹੈ, ਜਦ ਨਾਮਧਾਰੀ ਸ਼ਹੀਦਾਂ ਨੇ ਗਊ ਰੱਖਿਆ ਅਰਥ ਮਲੇਰ ਕੋਟਲੇ ਤੇ ਚੜ੍ਹਾਈ ਕੀਤੀ ਸੀ ।

ਸੰਮਤ 1944 ਵਿਚ ਮਾਤਾ ਜੀਉਣ ਕੌਰ ਤੇ ਮਾਤਾ ਫਤਹ ਕੌਰ ਜੀ ਦਾ ਅਨੰਦ ਕਾਰਜ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨਾਲ ਹੋਇਆ। ਸਤਿਗੁਰ ਸੱਚੇ ਪਾਤਸ਼ਾਹ ਦੇ ਚਰਨਾਂ ਨਾਲ ਆਪ ਦਾ ਅਤਯੰਤ ਹੀ ਪ੍ਰੇਮ ਸੀ। ਮਾਤਾ ਜੀ ਨੇ ਅਪਣੀ ਆਯੂ ਵਿਚ ਜੋ ਸ੍ਰੀ ਭੈਣੀ ਸਾਹਿਬ ਵਿੱਚ ਰਹਿ ਕੇ ਅਤੇ ਸੰਗਤ ਵਿੱਚ ਵਿਚਰ ਕੇ ਸਾਧ ਸੰਗਤ ਦੀ ਸੇਵਾ ਕੀਤੀ ਹੈ ਉਹ ਕਿਸੇ ਤੋਂ ਭੁੱਲੀ ਹੋਈ ਨਹੀਂ, ਅੱਜ ਕੱਲ੍ਹ ਦੀ ਗੱਲ ਹੈ। ਆਪ ਜੀ ਦੇ ਅੰਦਰ ਸੇਵਾ ਭਾਵ ਐਸਾ ਪ੍ਰਬਲ ਸੀ, ਕਿ ਜੇ ਕੋਈ ਸਿੱਖ ਬੀਮਾਰ ਹੋ ਜਾਂਦਾ, ਤਾਂ ਉਸਦਾ ਵਿਸ਼ਟਾ ਤੱਕ ਆਪਣੇ ਹੱਥਾਂ ਨਾਲ ਸਾਫ ਕਰਦੇ। ਰਤਾ ਵੀ ਗਿਲਾਨੀ ਨਹੀਂ ਕਰਦੇ ਸਨ। ਆਪ ਨੇ ਆਪਣੇ ਜੀਵਨ ਵਿਚ ਵੱਖੋ ਵੱਖਰੇ ਸਮਿਆਂ ਤੇ ਜੋ ਪੰਥ ਦੀ ਸੇਵਾ ਕੀਤੀ ਹੈ, ਉਹ ਸੁਨਹਿਰੀ ਅੱਖਰਾਂ ਵਿਚ ਲਿਖੀ ਜਾਣ ਯੋਗ ਹੈ। ਬਾਵਜੂਦ ਜਗਤ ਮਾਤਾ ਹੋਣ ਦੇ ਏਡੇ ਨਿਰਮਾਣ ਹੋਣਾਂ ਆਪ ਜੀ ਦੇ ਹੀ ਹਿੱਸੇ ਆਇਆ ਸੀ 'ਤੇ ਮੈਂ ਜਦੋਂ ਵੀ ਮਿਲਦਾ ਸਾਂ ਗਲ ਨਾਲ ਲਾਕੇ ਮੱਲੋ ਮੱਲੀ ਆਪਣੇ ਕੋਲ ਮੰਜੇ ਤੇ ਬਿਠਾ ਲੈਂਦੇ ਸਨ। ਇਕ ਵਾਰ ਜਦ ਆਪ ਗੁਜਰਾਂ ਵਾਲੇ ਮੇਰੇ ਡੇਰੇ (ਬਾਬੇ ਦੀ ਝੁੱਗੀ) ਦਰਸ਼ਨ ਦੇਣ ਗਏ ਤਾਂ ਮੈਨੂੰ ਆਖਿਆ, "ਮੈਨੂੰ ਸੇਠਣੀਆਂ ਜੋਰ ਲਾ ਰਹੀਆਂ, ਪਰ ਮੈਂ ਕਿਹਾ ਮੈਂ ਤਾਂ ਅਜ ਆਲਿਮ ਦੀ ਝੁੱਗੀ ਹੀ ਜਾਉਂਗੀ ।"

ਆਪਦੇ ਸੇਵਕ ਸ੍ਰੀ ਮਾਨ ਸੰਤ ਸੁੰਦਰ ਸਿੰਘ ਜੀ (ਬਿਸਕੁਟ) ਬਹੁਤ ਚਿਰ ਤਕ ਆਪ ਦੀ ਸੇਵਾ ਵਿਚ ਰਹੇ ਹਨ। ਅੰਤ ਸਮੇਂ ਆਪ ਨੇ, ਸ੍ਰੀ ਮਾਤਾ ਜੀਉਣ ਕੌਰ ਨੇ ਅਤੇ ਬੀਬੀ ਕਿਸ਼ਨ ਕੌਰ ਨੇ ਬਹੁਤ ਸੇਵਾ ਕੀਤੀ। ਆਪ ਜੀ ਦੇ ਅੰਤਮ ਸਮਾਚਾਰ ਸਤਿਜੁਗ ਅਖਬਾਰ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ। ਆਪ ਨੇ ਸ੍ਰੀ ਭੈਣੀ ਸਾਹਿਬ ਵਿਖੇ 30 ਫਗਣ ਸ: 1996 ਨੂੰ ਅੰਮ੍ਰਿਤ ਵੇਲੇ 1 ਬੱਜ ਕੇ 11 ਮਿੰਟ ਤੇ ਚੜ੍ਹਾਈ ਕੀਤੀ। ਚੜ੍ਹਾਈ ਤੋਂ ਪਹਿਲੋਂ ਸੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੇ ਪੰਥ ਦੇ ਮੁਖੀ-ਮੁਖੀ ਮਹਾਂਪੁਰਖਾਂ ਦੇ ਦਰਸ਼ਨ ਕੀਤੇ। ਆਪ ਦਾ ਸੰਪੂਰਨ ਜੀਵਨ ਜੇ ਸਮਾਂ ਮਿਲਿਆ ਤਾਂ ਫੇਰ ਪ੍ਰਕਾਸ਼ਿਤ ਕੀਤਾ ਜਾਵੇਗਾ। ਅਗੇ ਜੋ ਰਜ਼ਾ

-ਆਲਿਮ

Namdhari Elibrary NamdhariElibrary@gmail.com

ਗੁਰੂ ਹਰੀ ਸਿੰਘ ਜੀ

ਮੰਗਲ ਸਿੰਘ ਲਾਇਲਪੁਰੀ

ਆਪ ਜੀ ਦਾ ਸ਼ੁਭ ਆਗਮਨ ਸੰਮਤ 1876 ਬਿਕ੍ਰਮੀ ਅਸੂ ਸੁਦੀ ਤੀਜ (ਤੀਸਰੇ - ਨਰਾਤੇ) ਬੁੱਧਵਾਰ ਨੂੰ ਮਾਤਾ ਸਦਾ ਕੌਰ ਤੇ ਪਿਤਾ ਬਾਬਾ ਜੱਸਾ ਸਿੰਘ ਦੇ ਘਰ ਹੋਇਆ। ਮਾਤਾ ਪਿਤਾ ਜੀ ਨੇ ਆਪ ਦਾ ਨਾਮ ਬੁੱਧ ਸਿੰਘ ਰੱਖਿਆ, ਆਪ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ 4 ਸਾਲ ਛੋਟੇ ਸਨ।

ਸਤਿਗੁਰਾਂ ਦੇ ਪ੍ਰਦੇਸ ਜਾਨ ਪਿਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਕਈ ਵਾਰੀ ਬਚਨ ਕਰਦੇ ਹੁੰਦੇ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਮੇਰੇ ਨਾਲ ਬੜਾ ਪਿਆਰ ਕਰਦੇ ਹੁੰਦੇ ਸਨ।ਸੋ ਬਚਪਨ ਵਿੱਚ ਹੀ ਦੋਹੇ ਵੀਰਾਂ ਦਾ ਅਨਿੰਨ ਪ੍ਰੇਮ ਸੀ। ਆਪ ਜਵਾਨ ਹੋਕੇ ਘਰ ਦੇ ਕੰਮ ਕਾਜ ਵਿੱਚ ਪਿਤਾ ਜੀ ਤੇ ਆਪਣੇ ਵੱਡੇ ਭਰਾਤਾ ਜੀ ਦਾ ਹੱਥ ਵਟਾਂਦੇ, ਆਪਣੇ ਪਿਤਾ ਪੁਰਖੀ ਕੰਮ ਤੋਂ ਬਿਨਾਂ ਆਪ ਖੇਤੀ-ਬਾੜੀ ਵੀ ਬੜੀ ਚੰਗੀ ਤਰ੍ਹਾਂ ਕਰਦੇ, ਆਪਦਾ ਸੁਭਾਅ ਮੁੱਢ ਤੋਂ ਹੀ ਬੜਾ ਠੰਡਾ ਤੇ ਮਿੱਠਾ ਸੀ, ਕੰਮ ਕਾਰ ਤੇ ਭਜਨ ਬਾਣੀ ਤੋਂ ਬਿਨਾਂ ਆਪ ਹੋਰ ਦੁਨਿਆਵੀ ਗੱਲਾਂ ਨੂੰ ਤਰਜੀਹ ਨਹੀਂ ਦਿੰਦੇ ਸੀ।

ਇਕ ਸਮਾਂ ਅਜਿਹਾ ਵੀ ਆ ਗਿਆ ਜਦੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਜਾਂਦਿਆਂ ਆਪ ਦੇ ਇਹ ਮੋਢੇ ਤੋਂ ਹੱਲ ਸੁਟਾ ਦਿੱਤਾ ਤੇ ਹੁਕਮ ਕੀਤਾ ਕਿ ਤੁਸੀਂ ਹੁਣ ਉਹ ਕੰਮ ਸੰਭਾਲੋ ਜਿਸ ਲਈ ਆਪ ਸੰਸਾਰ ਤੇ ਆਏ ਹੋ।

ਇਕ ਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਮਨ ਤੋਂ 6 ਮਹੀਨੇ ਪਹਿਲਾਂ ਬਿਲਕੁਲ ਆਪਣੇ ਜੇਹੇ ਕਪੜੇ ਪੁਆਕੇ ਤੇ ਆਪਣੇ ਆਸਣ ਤੇ ਨਾਲ ਬਿਠਾਲ ਕੇ ਪ੍ਰਸ਼ਾਦ - ਛਕਾਇਆ ਤੇ ਸੰਗਤਾਂ ਨੂੰ ਕਿਹਾ-

'ਮੇਰੇ ਤੇ ਬੁਧ ਸਿੰਘ ਵਿਚ ਕੋਈ ਫਰਕ ਹੈ ?

ਸਿਆਣੇ ਤੇ ਦੀਰਘ ਵਿਚਾਰ ਵਾਲੇ ਦਰਸ਼ਕ ਇਨਾਂ ਰਮਜ਼ਾਂ ਤੋਂ ਕੁਝ ਗੁੱਝੇ ਭੇਦ ਲੱਭ ਰਹੇ ਸਨ।

ਇਸਤੋਂ ਕਈ ਚਿਰ ਪਹਿਲੋਂ ਹਰਿਦੁਆਰ ਦੀ ਅਰਧ ਕੁੰਭੀ ਸਮੇਂ ਜਦੋਂ ਗੇਲੀ ਨੂੰ ਅੱਗ ਲੱਗ ਗਈ ਉਦੋਂ ਹੀ ਚੀਨੀ ਵਾਲੇ ਪਾਤਸ਼ਾਹ ਨੇ ਸੰਗਤਾਂ ਨੂੰ ਦ੍ਰਿੜ ਕਰਾ ਦਿੱਤਾ ਸੀ ਕਿ ਮੇਰਾ ਭਾਰ ਚੁੱਕਣ ਵਾਲਾ ਇਨਾਂ ਤੋਂ ਬਿਨਾ ਹੋਰ ਕੋਈ ਨਹੀਂ ।

ਜਿੰਨੇ ਦੁੱਖ ਤੇ ਅਕਹਿ ਮੁਸੀਬਤਾਂ ਸਤਿਗੁਰੂ ਹਰੀ ਸਿੰਘ ਜੀ ਨੂੰ ਆਪਣੇ ਸਮੇਂ ਸਹਾਰਨੀਆਂ ਪਈਆਂ ਓਹ ਇਨਾਂ ਦਾ ਹੀ ਕੰਮ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਵਾਲੇ ਦਿਨਾਂ ਤੋਂ ਹੀ ਪੰਜਾਬ ਦੀ ਸਾਰੀ ਧਰਤੀ ਕੂਕਿਆਂ ਦੇ ਵੈਰ ਪੈ ਗਈ ਸੀ। ਸਰਕਾਰ ਨੇ 18 ਜਨਵਰੀ ਸੰਨ 1872 (7 ਮਾਘ 1928) ਨੂੰ ਹੀ ਭੈਣੀ ਸਾਹਿਬ ਨੂੰ ਘੇਰੇ ਵਿੱਚ ਲੈ ਲਿਆ। ਇਕ ਸਤਿਗੁਰਾਂ ਦੇ ਵਿਛੋੜੇ ਦਾ ਦੁੱਖ ਤੇ ਦੂਸਰਾ ਸਰਕਾਰੀ ਅੱਤਿਆਚਾਰ, ਧੰਨ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਹਨ, ਜਿਨ੍ਹਾਂ ਨੇ ਇੱਕ ਦਮ ਸਿਰ ਤੇ ਆ ਪਈ ਬਿਪਤਾ ਨੂੰ ਮਰਦਾ ਵਾਂਗ ਸਹਾਰਿਆ, ਸਾਰੇ ਪੰਥ ਉੱਤੇ ਕਰੜਾਈਆਂ ਨੂੰ ਵੇਖਕੇ ਮਨ ਨਹੀਂ ਡੁਲਾਇਆ, ਇਕ ਦਮ ਆਪ ਦੀ ਨਜ਼ਰਬੰਦੀ ਦੇ ਹੁਕਮ ਜਾਰੀ ਕੀਤੇ ਗਏ ਅਕਾਲ ਪੁਰਖ ਦੇ ਲੰਗਰ ਵਿਚ ਪੁਲਿਸ ਜੁੱਤੀਆਂ ਸਮੇਤ ਆ ਵੜੀ। ਸ੍ਰੀ ਭੈਣੀ ਸਾਹਿਬ ਨੂੰ ਥਾਂ ਪਰ ਥਾਂ ਪਾਣੀ ਹਾਂਡੇ ਤੱਕ ਪੁੱਟਿਆ ਗਿਆ। ਸ੍ਰੀ ਭੈਣੀ ਸਾਹਿਬ ਦਾ ਕੁੱਝ ਕੀਮਤੀ ਸਾਮਾਨ ਸਰਕਾਰ ਅੰਗਰੇਜ਼ੀ ਨੇ ਜ਼ਬਤ ਕਰ ਲਿਆ,ਸਿੱਖਾਂ ਨੂੰ ਦਰਸ਼ਨ ਕਰਨ ਤੋਂ ਰੋਕ ਦਿੱਤਾ ਗਿਆ । ਸ੍ਰੀ ਮਾਤਾ ਜੀਵਨ ਕੌਰ ਤੇ ਫਤਹਿ ਕੌਰ ਨੂੰ ਵੀ ਨਜ਼ਰ ਬੰਦ ਕੀਤਾ ਗਿਆ। ਉਹ ਕੌਣ ਹਰੀ, ਤਪੀ, ਤਿਆਗ ਤੇ ਅਦੁੱਤੀ ਸਖਸ਼ੀਅਤ ਸੀ ਜਿਸਨੇ ਆਪਣੀਆਂ ਅੱਖਾਂ ਨਾਲ ਸਾਰਾ ਬਾਗ ਉਜੜਦਾ ਵੇਖ ਦਿਲ ਨੂੰ ਮਜ਼ਬੂਤ ਰੱਖਿਆ, ਸਿੱਖੀ ਰੂਪ ਫੁਲਵਾੜੀ ਨੂੰ ਮੁੜ ਸੁਰਜੀਤ ਰੱਖਣ ਲਈ ਪੂਰੇ 35 ਵਰ੍ਹੇ ਤੋਂ ਸਿਰਾਂ ਧੜਾਂ ਦੀ ਬਾਜ਼ੀ ਲਾਈ ਰੱਖੀ। ਉਹ ਇਕੋ ਇਕ ਹਸਤੀ ਸ੍ਰੀ ਸਤਿਗੁਰੂ ਹਰੀ ਸਿੰਘ ਹੀ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਪਿੱਛੋਂ 27 ਵਰ੍ਹੇ ਹੋਲੇ ਨਹੀਂ ਹੋ ਸਕੇ। ਆਪ ਸੰਮਤ 1928 ਤੋਂ 1934 ਭਾਵ ਛੇ ਵਰ੍ਹੇ ਇਕ ਦਮ ਸ੍ਰੀ ਭੈਣੀ ਸਾਹਿਬ ਨਜ਼ਰ ਬੰਦ ਰਹੇ। ਫੇਰ ਕੁਝ ਦਿਨਾਂ ਦੀ ਛੁੱਟੀ ਲੈਕੇ ਹਜ਼ੂਰ ਇਕ ਅਨੰਦ ਤੇ ਗਏ। ਇਸ ਤੋਂ ਪਿੱਛੋਂ 15 ਸਾਲ ਫੇਰ ਨਜ਼ਰਬੰਦੀ ਵਿਚ ਕੱਟੇ ਬਾਅਦ ਵਿਚ ਕਦੀ ਕਦੀ ਮਹੀਨੇ 2 ਦੀ ਛੁੱਟੀ ਲੈਕੇ ਦੌਰੇ

Namdhari Elibrary NamdhariElibrary@gmail.com

ਆਦਿ ਕਰਦੇ ਰਹੇ ਪਰ ਇਨਾਂ ਦੌਰਿਆਂ ਵਿਚ ਵੀ ਸਰਕਾਰ ਕਾਫ਼ੀ ਨਿਗਰਾਨੀ ਰੱਖਦੀ ਸੀ ।

ਵਰਾਂ ਦੇ ਦਾਤੇ– ਆਪ ਨੇ ਅਨੇਕਾਂ ਕੰਗਾਲਾਂ ਨੂੰ ਸ਼ਾਹ ਬਣਾ ਦਿੱਤਾ, ਜੇਹੋ ਜਹੀ ਭਾਵਨਾ ਲੈਕੇ ਕੋਈ ਆਪਦੇ ਸਨਮੁਖ ਹੋਇਆ ਓਹੋ ਜਿਹਾ ਵਰ ਦੇ ਕੇ ਆਪਨੇ ਨਿਵਾਜਿਆ। ਗਰੀਬਾਂ ਨੂੰ ਸ਼ਾਹ, ਰੋਗੀਆਂ ਨੂੰ ਅਰੋਗ, ਨਪੁਤਿਆਂ ਨੂੰ ਸਪੁਤੇ, ਮੂਰਖਾਂ ਨੂੰ ਚਾਤਰ ਬਨਾਣ ਦੀਆਂ ਅਨੇਕ ਜਿਉਂਦੀਆਂ ਮਿਸਾਲਾਂ ਨਾਮਧਾਰੀ ਪੰਥ ਦੇ ਸਾਹਮਣੇ ਹਨ।

ਕਈ ਲੋਕ ਕਰਾਮਾਤਾਂ ਨਾਲ ਕਿਸੇ ਮਹਾਂਪੁਰਸ਼ ਨੂੰ ਨਾਪਦੇ ਹਨ, ਮੈਂ ਦਾਹਵੇ ਨਾਲ ਆਖਦਾ ਹਾਂ ਕਿ ਜਿਨੀਆਂ ਕਰਾਮਾਤਾਂ ਸਹਿਜ ਸੁਭਾ ਗੁਰੂ ਹਰੀ ਸਿੰਘ ਜੀ ਨੇ ਵਿਖਾਈਆਂ ਹਨ। ਉਨੀਆਂ ਹਜਾਰਾਂ ਗੁਰੂਆਂ ਪੀਰਾਂ ਦੀਆਂ ਵੀ ਇਕੱਠੀਆਂ ਕਰੀਏ ਤਾਂ ਤੁਲਨਾਂ ਨਹੀਂ ਕੀਤੀ ਜਾ ਸਕਦੀ। ਵੇਖਣ ਵਿਚ ਤੇ ਪਰਖਣ ਵਿਚ ਆਇਆ ਹੈ ਕਿ ਆਪਦੇ ਨਿਵਾਜੇ ਹੋਏ ਸਿੱਖਾਂ ਸਾਧਾਂ ਵਿਚ ਏਨੀਆਂ ਕਰਾਮਾਤਾਂ ਸਨ ਕਿ ਦੁਨੀਆਂ ਵੇਖ ਵੇਖ ਅਚੰਭਾ ਹੁੰਦੀ ਰਹੀ।

ਲੰਗਰ– ਆਪਦੇ ਲੰਗਰ ਦੀ ਮਹਿਮਾਂ ਦੁਨੀਆਂ ਤੋਂ ਨਿਆਰੀ ਸੀ। ਇਕ ਇਕ ਹਜ਼ਾਰ ਦੀ ਪੰਗਤ ਰੋਜ਼ ਲੱਗਦੀ ਰਹੀ। 56 ਦੇ ਕਾਲ ਸਮੇਂ ਜ਼ਿਲ੍ਹੇ ਦੇ ਵੱਡੇ ਅਫ਼ਸਰ ਨੇ ਬੇਨਤੀ ਕੀਤੀ ਕਿ 12 ਹਜ਼ਾਰ ਬਾਗੜੀਏ ਭੈਣੀ ਸਾਹਿਬ ਦੇ ਲੰਗਰ ਚੋਂ ਰੋਜ਼ ਪ੍ਰਸ਼ਦਾ ਛਕਦੇ ਹਨ, ਕਈ ਵਾਰੀ ਕੜਾਹ ਪ੍ਰਸ਼ਾਦ ਦੇ ਗੱਫੇ ਵੀ ਲਵਾਏ ਜਾਂਦੇ ਹਨ ਸਾਨੂੰ ਫਿਕਰ ਹੈ, ਆਪ 100 ਮੁਰੱਬਾ ਲੈ ਲਵੋ ਏਸ ਤਰ੍ਹਾਂ ਆਪਦਾ ਕੀਹ ਬਣੇਗਾ। ਦੀਨ ਦਿਆਲ ਜੀ ਨੇ ਕਿਹਾ "ਏਹ ਲੰਗਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੈ। ਇਹ ਮੁੱਕ ਨਹੀਂ ਸਕਦਾ। ਜੇ ਮੁੱਕ ਗਿਆ ਤਾਂ ਅਸੀ ਵੀ ਏਨ੍ਹਾਂ ਦੇ ਨਾਲ ਉਠ ਤੁਰਾਂਗੇ। ਆਪਦੇ ਲੰਗਰ ਦੀ ਪ੍ਰਸੰਸਾ ਹਰ ਮਜ਼੍ਹਬ, ਦੇ ਲੋਕਾਂ ਨੇ ਕੀਤੀ। ਬੂਹੇ ਤੇ ਬੈਠੀ ਪੁਲਸ ਹੈਰਾਨ ਸੀ ਕਿ ਏਨ੍ਹਾ ਪਦਾਰਥ ਕਿਥੋਂ ਆ ਰਿਹਾ ਹੈ। ਇਹ ਦੌਰੇ ਵੀ ਨਹੀਂ ਜਾਂਦੇ ਪਰ ਰਾਸ਼ਨ ਕਦੀ ਵੀ ਮੁੱਕਣ ਵਿਚ ਨਹੀਂ ਆਉਂਦਾ। ਧੰਨ ਮਾਤਾ ਜੀਵਨ ਕੌਰ ਜਿਨ੍ਹਾਂ ਨੇ ਆਪ, ਲੱਛਮੀ ਦਾ ਅਵਤਾਰ ਧਾਰਕੇ ਖੁਲੇ ਹੱਥ ਤੇ ਖੁੱਲ੍ਹੇ ਦਿਲ ਨਾਲ ਪਦਾਰਥ ਵੰਡਿਆ। ਆਪਦੇ ਭੰਡਾਰੇ ਚੋਂ ਜਿਸਨੇ ਵੀ ਪ੍ਰਸ਼ਾਦ ਛਕਿਆ ਸਿਖ ਹੋ ਗਿਆ। ਓਮੀ ਪਾਮਰ, ਦੋਖੀ ਤੇ ਖੋਟੀ ਨੀਯਤ ਨਾਲ ਆਏ ਲੋਕਾਂ ਦੇ ਦਿਲ ਲੰਗਰ ਨੇ ਜਿੱਤ ਲਏ ।

ਹਰ ਆਏ ਯਾਤਰੂ ਨੂੰ ਪਹਿਲੇ ਦਿਨ ਕੜਾਹ ਪ੍ਰਸ਼ਾਦ ਮਿਲਣਾ, ਖੰਡ ਘਿਓ, ਦੁੱਧ, ਸ਼ਰਦਾਈ ਦਾ ਵਰਤ ਸਦਾ ਹੀ ਲੱਗਾ ਰਹਿੰਦਾ ।

ਮੰਦਾ ਪੈਸਾ– ਆਪ ਮੰਦ ਨੀਤੀ ਨਾਲ ਕਮਾਏ ਪੈਸੇ ਤੇ ਦਾਣੇ ਨੂੰ ਕਦੀ ਲੰਗਰ ਵਿੱਚ ਨਾ ਪੈਣ ਦੇਂਦੇ, ਆਪਦਾ ਸਦਾ ਇਹ ਉਪਦੇਸ਼ ਰਹਿੰਦਾ ਸੀ ਕਿ ਭੈੜੀ ਕਮਾਈ ਦੁੱਖਾਂ ਦਾ ਮੂਲ ਹੁੰਦੀ ਹੈ। ਧਰਮ ਦੀ ਕਿਰਤ ਕਰਨ ਲਈ ਸਿੱਖਾਂ ਨੂੰ ਸਦਾ ਪ੍ਰੇਰਦੇ ਰਹਿੰਦੇ। ਇਕ ਵਾਰੀ ਸੰਤ ਗੁਰਮੁਖ ਸਿੰਘ ਜੀ ਉਗਰਾਹੀ ਕਰਕੇ ਆਏ। ਆਪ ਅੱਗੇ ਜਦੋਂ ਵਾਂਸਲੀ ਉਲਟਾਈ ਤਾਂ ਅੰਤਰਜਾਮੀ ਜੀ ਨੇ ਇੱਕ ਰੁਪੈਆ ਵਿੱਚੋਂ ਬਾਹਰ ਕੱਢ ਦਿਤਾ। ਛੇ ਮਹੀਨੇ ਪਿੱਛੋਂ ਫੇਰ ਭਗਵਾਨ ਸਿੰਘ ਉਗਰਾਹੀ ਕਰਕੇ ਲਿਆਇਆ ਤਾਂ ਇਸ ਵਾਰ ਫੇਰ ਉਹੋ ਰੁਪੈਆ ਬਾਕੀ ਰੁਪੈਆਂ ਵਿਚ ਰਲਾਕੇ ਸ੍ਰੀ ਹਜ਼ੂਰ ਅੱਗੇ ਲਿਆ ਧਰਿਆ। ਮਹਾਰਾਜ ਜੀ ਨੇ ਉਹ ਰੁਪੈਆ ਫੇਰ ਬਾਹਰ ਕੱਢ ਦਿਤਾ ਤੇ ਕਿਹਾ ਏਹ ਚੰਗਾ ਨਹੀਂ। ਭਗਵਾਨ ਸਿੰਘ ਨੇ ਰੁਪਏ ਦਾ ਜਲ ਪਾਣੀ ਸਾਧਾਂ ਨੂੰ ਛਕਾਇਆ ਤਾਂ ਸਾਧ ਕੈਆਂ (ਉਲਟੀਆਂ) ਕਰ ਕਰ ਬੇਹਾਲ ਹੋ ਗਏ ।

ਮੇਲਿਆਂ ਵਿਚ ਕੜਾਹ ਪ੍ਰਸ਼ਾਦ ਦੇ ਖੂਬ ਗੱਫੇ ਲੁਆਂਦੇ। 1951 ਦੀ ਮਾਘੀ ਉਤੇ ਕੜਾਹ ਪ੍ਰਸ਼ਾਦ ਦੀ ਬਹੁਤ ਲੁੱਟ ਮੱਚੀ ਸੀ। ਸਵਾ ਮਨ ਘਿਉ ਦਾ ਹਵਨ ਕੀਤਾ। 1953 ਦੀ ਨਿਮਾਣੀ ਤੇ 9 ਮਨ ਪੱਕੇ ਘਿਓ ਦਾ ਹਵਨ ਕੀਤਾ ਤੇ ਕੜਾਹ ਪ੍ਰਸ਼ਾਦ ਦਾ ਕੋਈ ਅੰਤ ਨਾ ਰਿਹਾ। ਆਈਆਂ ਸੰਗਤਾਂ ਨੂੰ ਗੜਵੇ ਭਰ ਭਰਕੇ ਵਿਦਿਆ ਕੀਤਾ। ਸਿੱਖਾਂ ਕਿਹਾ 25 ਵਰ੍ਹੇ ਹੋਏ ਗੁਰੂ ਰਾਮ ਸਿੰਘ ਜੀ ਨੇ 28 ਵਿਚ ਅਜੇਹਾ ਮੇਲਾ ਕੀਤਾ ਸੀ ਤੁਰਦੀਆਂ ਸੰਗਤਾਂ ਨੂੰ ਮਾਤਾ ਜੀ ਦੇਸੀ ਖੰਡ ਦੀਆਂ ਗੰਢਾਂ ਬੰਨ ਦੇਂਦੇ ਤਾਂ ਕਿ ਸਫ਼ਰ ਵਿਚ ਸੰਗਤਾਂ ਨੂੰ ਜਲ ਪਾਣੀ ਦੀ ਤਕਲੀਫ਼ ਨ ਹੋਵੇ। ਜਿੰਨ੍ਹਾ ਪਦਾਰਥ ਗੁਰੂ ਹਰੀ ਸਿੰਘ ਜੀ ਤੇ ਮਾਤਾ ਜੀਵਨ ਕੌਰ ਨੇ ਵਰਤਾਇਆ ਹੈ। ਇਸਦੀ ਮਿਸਾਲ ਪਿਛਲੇ ਇਤਹਾਸ ਚੋਂ ਨਹੀਂ ਮਿਲ ਸਕਦੀ।

ਆਪ ਨੇ ਕਈ ਹਲਕਾਇਆਂ ਦੇ ਹਲਕ ਦੂਰ ਕੀਤੇ, ਗਿਆਨੀਆਂ ਦੇ ਮਾਨ ਭੰਗ ਕੀਤੇ, ਅਨੇਕ ਦੁਖੀਆਂ ਦੇ ਦੁਖ ਕੱਟੇ, ਸਿੱਖੀ ਨੂੰ ਹਰੀ ਰੱਖਿਆ, ਅਨੇਕਾਂ ਪਾਠ ਵਰਨੀਆਂ ਦੇ ਭੋਗ ਪੁਆਏ, ਸਤਿਗੁਰੂ ਰਾਮ ਸਿੰਘ ਜੀ ਦੇ ਵਿਜੋਗ ਵਿਚ ਧੌਣ ਨੂੰ ਉਚਿਆਂ ਨਹੀਂ ਕੀਤਾ। ਵਿਯੋਗ ਵਿਚ ਰੋਂਦਿਆਂ ਨੈਣ ਹਾਲ ਤੋਂ ਬੇਹਾਲ ਹੋ ਗਏ। ਕੁਕੜੀ ਜਿਸ ਤਰ੍ਹਾਂ ਆਪਣੇ ਬੱਚਿਆਂ ਨੂੰ ਇਲ ਵੇਖਕੇ ਆਪਣੇ ਪੈਰਾਂ ਹੇਠ ਲੁਕਾ ਲੈਂਦੀ ਹੈ ਆਪ ਨੇ ਆਪਣੇ ਸਿੱਖਾਂ ਨੂੰ ਜ਼ਾਲਮਾਂ ਤੋਂ, ਬੜੇ ਕਸ਼ਟਾਂ ਨਾਲ ਬਚਾਕੇ ਰੱਖਿਆ, ਧਰਮ ਨੂੰ ਆਂਚ ਨ ਲੱਗਣ ਦਿੱਤੀ ।

ਬਾਕੀ ਸਫ਼ਾ 160 'ਤੇ.........

Namdhari Elibrary NamdhariElibrary@gmail.com

ਕੋਹੜੇ ਦਾ ਉਧਾਰ

ਸੂਬਾ ਮਸਤਾਨ ਸਿੰਘ

(ਏਹ ਪ੍ਰਸੰਗ ਸੂਬਾ ਮਸਤਾਨ ਸਿੰਘ ਜੀ ਰਾਇਸਰ ਵਾਲਿਆਂ ਨੇ ਆਪਣੇ ਪਿਤਾ ਸੰਤ ਉਤਮ ਸਿੰਘ ਜੀ ਤੋਂ ਸੁਣਿਆਂ ਤੇ ਆਪਣੀ ਰਸਨਾ ਥੀਂ, ਇਉਂ ਦਸਿਆ ।)

ਸ੍ਰੀ ਸਤਿਗੁਰੂ ਹਰੀ ਸਿੰਘ ਸੱਚੇ ਪਾਤਸ਼ਾਹ ਜੀ ਨੇ ਨਿਮਾਣੀ ਦਾ ਮੇਲਾ ਕੀਤਾ। ਕਈ ਦਿਨ ਪਹਿਲਾਂ ਹੀ ਸੰਗਤਾਂ ਦਰਸ਼ਨ ਕਰਨ ਲਈ ਆਣ ਹਾਜ਼ਰ ਹੋਈਆਂ ਮੈਂ ਭੀ ਆਣ ਦਰਸ਼ਨ ਕੀਤੇ। ਪਵਿਤ੍ਰ ਚਰਨ ਕਵਲਾਂ ਵਿੱਚ ਅਰਜ਼ ਕੀਤੀ ਸਚੇ ਪਾਤਸ਼ਾਹ ਜੀ ! ਸਾਡੇ ਨਗਰ , ਵਿੱਚ ਇਕ ਸਰੀਰ ਵੱਡੇ ਦੁਖ ਵਾਲਾ ਹੈ ਅਤੇ ਉਸ ਦੇ ਟੱਬਰ ਜਿਨੇ ਬੰਦੇ ਮਰਦੇ ਹਨ ਸਭ ਵੱਡੇ ਦੁੱਖ ਨਾਲ ਮਰਦੇ ਹਨ। ਸੱਚੇ ਪਾਤਸ਼ਾਹ ਜੀ ਨੇ ਫ਼ੁਰਮਾਇਆ ਜਾਹ ਭਾਈ ਉਤਮ ਸਿੰਘਾ ! ਉਸਨੂੰ ਸਾਡੇ ਪਾਸ ਲੈ ਆ।

ਮੈਂ ਜਾ ਕੇ ਉਸਨੂੰ ਕਿਹਾ ਚਲ ਭਾਈ ਸਤਿਗੁਰਾਂ ਦੇ ਕੋਲ । ਤੇਰੀ ਅਰਦਾਸ ਸਤਿਗੁਰੂ ਦੇ ਚਰਨਾਂ ਵਿਚ ਪਹੁੰਚ ਗਈ ਹੈ ਤੇਰੀ ਫਰਯਾਦ ਉਸਦੇ ਦਰ ਤੇ ਸੁਣੀ ਗਈ ਹੈ। ਚਲੋ ਤੇਰਾ ਦੁਖ ਨਵਿਰਤ ਕਰਨ ਦੀ ਦਵਾਈ ਲਈਏ। ਹਭੇ ਡੁਖੜੇ ਲਾਹੁਣ ਵਾਲੇ ਸਤਿਗੁਰੂ ਤੈਨੂੰ ਯਾਦ ਕਰਦੇ ਹਨ। ਉਸ ਨੇ ਕਿਹਾ ਮੈਥੋਂ ਨਹੀਂ ਜਾਇਆ ਜਾਂਦਾ। ਮਮੂਲੀ ਜੇਹੀ ਬੀਮਾਰੀ ਜੇ ਕਿਸੇ ਦੀ ਨਾ ਹਟੇ ਹੁਕਮਾਂ ਦੇ ਇਲਾਜਾਂ ਨਾਲ ਨਾਂ ਆਰਾਮ ਹੋਵੇ ਤਦ ਓਹ ਨਿਰਾਸ਼ ਹੋ ਕੇ ਬੈਠ ਜਾਂਦਾ ਹੈ ਜੇ ਕੋਈ ਕਹੇ ਫਲਾਣੇ ਥਾਂ ਤੇਰਾ ਇਲਾਜ ਹੋ ਜਾਊ ਤਦ ਉਸਨੂੰ ਯਕੀਨ ਨਹੀਂ ਆਉਂਦਾ। ਫੇਰ ਜਿਸਨੂੰ ਵੱਡਾ ਦੁੱਖ ਹੋਵੇ ਉਸਨੂੰ ਤਾਂ ਇਹ ਉਮੀਦ ਹੋ ਹੀ ਨਹੀਂ ਸਕਦੀ ਕਿ ਮੇਰਾ ਵੀ ਕੋਈ ਦਰਦ ਵੰਡਾਵੇਗਾ ਏਸ ਦੁਖ ਵਾਲਿਆਂ ਦੇ ਲੋਕ ਲਾਗੇ ਦੀ ਲੰਘਣਾ ਹੀ ਪਾਪ ਸਮਝਦੇ ਹਨ। ਪਿੰਡਾਂ ਵਿਚ ਵੜਨ ਨਹੀਂ ਦੇਂਦੇ। ਉਸਦਾ ਨਾਮ ਸੁਧੂ ਸੀ । ਮੈਂ ਉਸਨੂੰ ਕਿਹਾ ਕਿ ਮੈਂ ਤੈਨੂੰ ਜਰੂਰ ਲੈ ਜਾਣਾ ਹੈ । ਜੇ ਤੇਰੇ ਪਾਸੋਂ ਆਪ ਘੋੜੇ ਉੱਤੇ ਨਾ ਚੜਿਆ ਗਿਆ ਤਦ ਮੈਂ ਤੈਨੂੰ ਜੱਫਾ ਭਰ ਕੇ ਘੋੜੇ ਚੜ੍ਹਾ ਲਿਆ ਕਰਾਂਗਾ। ਮੈਂ ਬੇਹੱਦ ਕੋਸ਼ਸ਼ ਕਰਾਂਗਾ। ਜੋ ਤੈਨੂੰ ਰਸਤੇ ਵਿਚ ਕੋਈ ਤਕਲੀਫ਼ ਨਾ ਹੋਵੇ ਓਹ ਮੇਰੀ ਬੇਨਤੀ ਮੰਨਕੇ ਤਿਆਰ ਹੋ ਪਿਆ ! ਜਦ ਮੈਂ ਉਸਨੂੰ ਨਾਲ ਲੈਕੇ ਤੁਰਿਆ ਤਦ ਇਸੇ ਦੁਖ ਵਾਲਾ ਇੱਕ ਬਲਾ ਸਿੰਘ ਵੀ ਨਾਲ ਰਲ ਪਿਆ ।

ਨਿਮਾਣੀ ਦਾ ਮੇਲਾ ਹੋਣ ਕਰਕੇ ਸਾਡੇ ਨਗਰ ਬਹੁਤ ਸਾਰੀ ਸੰਗਤ ਆਈ । ਸਭ ਲੱਗੇ ਝੂਰਨ ਕਿ ਵੱਡੇ ਦੁੱਖ ਵਾਲੇ ਨੂੰ ਨਾਲ ਕਿਉਂ ਲਈ ਜਾਂਦਾ ਹੈ। ਸਭ ਔਖੇ ।

ਰਸਤੇ ਵਿਚ ਕਈ ਵਾਰੀ ਸੁਧੂ ਘੋੜੀ ਉਤੋਂ ਡਿੱਗਾ ਕਈ ਵਾਰੀ ਮੈਂ ਲਦਿਆ। ਭੈਣੀ ਸਾਹਿਬ ਪਹੁੰਚ ਗਿਆ। ਰਾਮਸਰ ਸਰੋਵਰ ਦੇ ਪਾਸ ਇਕ ਵਡੀ ਸਾਰੀ ਬੇਰੀ ਸੀ ਓਥੇ ਉਸਦਾ ਆਸਣ ਲਵਾ ਦਿੱਤਾ।

ਮੈਂ ਜਾ ਕੇ ਗ਼੍ਰੀਬ ਨਿਵਾਜ ਜੀ ਦੇ ਚਰਨਾ ਵਿਖੇ ਬੇਨਤੀ ਕੀਤੀ ਕਿ ਜਿਸਨੂੰ ਆਪ ਨੇ ਯਾਦ ਕੀਤਾ ਹੈ ਓਹ ਨਿਮਾਣਾ ਦਰਸ਼ਨ ਕਰਨ ਵਾਸਤੇ ਆ ਗਿਆ ਹੈ। ਸਤਿਗੁਰਾਂ ਪੁੱਛਿਆ ਓਹ ਕਿੱਥੇ ਹੈ? ਮੈਂ ਅਰਜ ਕੀਤੀ ਰਾਮਸਰ ਬੇਰੀ ਹੇਠ ਬੈਠਾ ਹੈ। ਸਤਿਗੁਰਾਂ ਨੇ ਬੇਨਤੀ ਮੰਨਕੇ ਆਣ ਦਰਸ਼ਨ ਦਿੱਤੇ। ਬੇਲਾ ਸਿੰਘ ਚਰਨੀਂ ਹੱਥ ਲੌਣ ਲਗਾ, ਮੈਂ ਕਿਹਾ ਬੇਲਾ ਸਿੰਘ ! ਦੂਰੋਂ ਮੱਥਾ ਟੇਕ ਲੈ। ਚਰਨੀ ਹੱਥ ਨਾ ਲਾਈਂ। ਸਤਿਗੁਰੂ ਹਰੀ ਸਿੰਘ ਜੀ ਸਿੱਖੀ ਹਰੀ ਰਖਨ ਵਾਲੇ ਪਾਪੀਆਂ ਦਾ ਉਧਾਰ ਕਰਨ ਵਾਲੇ ਨਿਮਰਤਾ ਦੇ ਪੁੰਜ ਗਰੀਬੀ ਦੇ ਸਮੁੰਦਰ ਕਦੇ ਭੀ ਉੱਚੀ ਨਿਗਾਹ ਕਰ ਕੇ ਨਾ ਤਕਨ ਵਾਲੇ ਕਹਿਣ ਲੱਗੇ ਭਾਈ ਉਤਮ ਸਿੰਘ !

ਜੇ ਮੇਰੇ ਪੈਰੀਂ ਹੱਥ ਲਾਇਆ ਕਿਸੇ ਦਾ ਭਲਾ ਹੁੰਦਾ ਹੈ ਤਾਂ ਲਾ ਲੈਣ ਦੇਹ ਏਹਨੂੰ ਘੂਰ ਨਾਂ ' ਫੇਰ ਸਤਿਗੁਰੂ ਜੀ ਨੇਤ੍ਰ ਮੀਟਕੇ' ਗਲ ਵਿਚ ਪਲਾ ਪਾਕੇ ਖਲੋ ਗਏ । ਅੱਧੀ ਘੜੀ ਖਲੋਤੇ ਰਹੇ। ਨੇਤ੍ਰ ਖੋਲੇ ਕਹਿਣ ਲੱਗੇ ਸੁਧੂ ਨੇ ਬੇ ਗੁਨਾਹੇ ਆਦਮੀਆਂ ਦੇ ਗਲ ਤੇ ਲਤਾਂ ਵਢੀਆਂ ਹਨ। ਇਸਨੇ ਸੌ ਜਨਮ ਕੁਸ਼ਟੀ ਦਾ ਪਾਉਣਾ ਸੀ ਫੇਰ ਨੇਤ੍ਰ ਮੀਟੇ, ਫੇਰ ਖੋਲੇ ਫੇਰ

Namdhari Elibrary NamdhariElibrary@gmail.com

ਵੀ ਏਹੀ ਬਚਨ ਕੀਤਾ ਕਿ ਇਸਨੇ ਬੇਗੁਨਾਹੇ ਬੰਦਿਆਂ ਦੇ ਗਲ ਤੇ ਲੱਤਾਂ ਵੱਢੀਆਂ ਹਨ। ਏਸ ਨੇ ਸੌ ਜਨਮ ਕੁਸ਼ਟੀ ਦਾ ਪਾਉਣਾ ਸੀ। ਅਜੇ ਤਾਂ ਇਸਨੇ ਏਹ ਪਹਿਲਾ ਹੀ ਜਨਮ ਧਾਰਿਆ ਹੈ । ਏਸ ਉਤੇ ਸਾਧ ਸੰਗਤ ਦੀ ਮੇਹਰ ਹੋ ਗਈ ਹੈ। ਛੇਤੀ ਹੀ ਬਖਸ਼ਿਆ ਗਿਆ ਹੈ। ਏਹ ਬਚਨ ਕਹਿ ਕੇ ਉਸਨੂੰ ਭਜਨ ਦਵਾਇਆ।

ਕਹਿਣ ਲੱਗੇ ਸੁਧੂ ! ਤੇਰੇ ਪਾਸੋਂ ਭਜਨ ਨਹੀਂ ਹੋਣਾ। ਜਦੋਂ ਤੈਨੂੰ ਯਾਦ ਆਵੇ ਦਿਨ ਵਿਚ ਦੋ ਚਾਰ ਵਾਰੀ ਏਹ ਮੰਗ ਮੰਗੀ। ਸਤਿਗੁਰੂ ਜੀ ਮੈਨੂੰ ਬਖਸ਼ ਲੈ' ਤੈਨੂੰ ਸਤਿਗੁਰੂ ਛੇਤੀ ਹੀ ਬਖਸ਼ ਲਵੇਗਾ।

ਨਮਾਣੀ ਦਾ ਮੇਲਾ ਬਹੁਤ ਲੱਗਾ। ਚਾਰ ਪੰਚ ਦਿਨ ਰਹਿ ਕੇ ਜਦ ਸੰਗਤ ਘਰਾਂ ਨੂੰ ਜਾਣ ਲੱਗੀ। ਤਦ ਬੇਲਾ ਸਿੰਘ ਨੇ ਕਿਹਾ ਜਿਨਾਂ ਦੇ ਅੰਦਰ ਹੱਥ ਸੰਮੋਦਾ ਹੈ ਓਹ ਤਾਂ ਅੰਦਰ ਜਾਕੇ ਦਰਸ਼ਨ ਕਰ ਲੈਣ ਗੇ ਸਾਨੂੰ ਦਰਸ਼ਨ ਕਿੱਥੇ ? ਮੈਂ ਕਿਹਾ ਕਿਤੇ ਓਹ ਮਨੁਖ ਹੈ ! ਓਹ ਤਾਂ , ਅੰਤਰਯਾਮੀ ਅਕਾਲ ਪੁਰਖ ਘੱਟ ਘੱਟ ਦੀ ਜਾਨਣ ਵਾਲਾ ਹੈ। ਅਸੀਂ ਏਹ ਬਚਨ ਕਰਦੇ ਹੀ ਸਾਂ। ਝੱਟ ਸਤਿਗੁਰੂ ਜੀ ਬਾਹਰ ਆ ਗਏ। ਦਰਸ਼ਨ ਦੇ ਕੇ ਖੁਸ਼ੀਆਂ ਬਖਸ਼ੀਆਂ ਤੇ ਬੇਲਾ ਸਿੰਘ ਨੂੰ ਵੀ ਭਜਨ ਦਸਿਆ। ਤੇ ਉਸਦਾ ਉਧਾਰ ਕੀਤਾ । ਸੁਧੂ ਪਿੰਡ ਪਹੁੰਚ ਕੇ ਸਤਿਗੁਰਾਂ ਦੇ ਹੁਕਮ ਅਨੁਸਾਰ ਬਖਸ਼ਸ਼ ਮੰਗਦਾ ਰਿਹਾ। ਛੇ ਦਿਨ ਮਗਰੋਂ ਦੇਹ ਛੱਡ ਗਿਆ। ਉਸਦੇ ਮਗਰੋਂ ਹੁਣ ਤੱਕ ਓਹਨਾ ਦੇ ਟੱਬਰ ਵਿੱਚ ਕੋਈ ਵੱਡੇ ਦੁੱਖ ਨਾਲ ਨਹੀਂ ਮਰਿਆ। ਗੁਰੂ ਜੀ ਨੇ ਲਿਖਿਆ ਹੈ

'ਈਧਣੁ ਕੀਤੋਮੂ ਘਣਾ ਭੋਰੀ ਦਿਤੀਮੁ ਭਾਹਿ॥
ਮਨਿ ਵਸੰਦੜੋ ਸਚੁ ਸਹੁ ਨਾਨਕ ਹਭੇ ਡੁਖੜੇ ਉਲਾਹਿ॥

ਸਤਿਗੁਰੂ ਦੇ ਨਾਮ ਵਿਚ ਬੜੀ ਤਾਕਤ ਹੈ। ਇੱਕ ਦੁੱਖ ਕੀ ਸਭੇ ਦੁਖ ਨਵਿਰਤ ਕਰ ਦਿੰਦਾ ਹੈ।

.........ਬਾਕੀ 158 ਦੀ **(ਗੁਰੂ ਹਰੀ ਸਿੰਘ ਜੀ)**

ਭੰਗਵ ਜ਼ਿਲਾ ਅੰਮ੍ਰਿਤਸਰ ਦੇ ਬਿਸ਼ਨ ਸਿੰਘ ਰਾਮਗੜੀਏ ਨੂੰ ਛੇ ਮਹੀਨੇ ਤੋਂ ਤਾਪ ਤੇ ਦਸਤ ਲੱਗੇ ਹੋਏ ਸਨ। ਭੰਗਵੀ ਦੌਰਾ ਗਿਆ ਸੰਤਾ ਸਿੰਘ ਮਿਤ ਸਿੰਘ ਬੂੜ ਸਿੰਘ ਨੇ ਅਰਜ ਕੀਤੀ । ਇਕ ਸਿੰਘ ਦਰਸ਼ਨ ਕਰਨਾ ਚਾਹੁੰਦਾ ਹੈ, ਪਰ ਆ ਨਹੀਂ ਸਕਦਾ। ਹੁਕਮ ਹੋਇਆ ਮੰਜੀ ਤੇ ਪਾਕੇ ਦੀਵਾਨ ਵਿਚ ਲੈ ਆਓ ਲੈ ਆਂਦਾ। ਕਹਾ ਜਲ ਦੀਆਂ 21 ਗਾਗਰਾਂ ਪਾਓ। ਘਰ ਵਾਲੇ ਘਬਰਾ ਗਏ ਪਰ ਹੁਕਮ ਮੰਨਕੇ ਇਵੇਂ ਹੀ ਕੀਤਾ। ਉਸੇ ਦਿਨ ਸ਼ਾਮ ਨੂੰ ਬਿਸ਼ਨ ਸਿੰਘ ਤੁਰਕੇ ਦੀਵਾਨ ਵਿਚ ਆ ਗਿਆ ਤੇ ਧੰਨ ਧੰਨ ਕਰਨ ਲੱਗਾ।

ਹਜ਼ਾਰੇ ਵਾਲੇ ਖੂਹ ਦਾ ਪਾਣੀ ਬੜਾ ਬੋ ਵਾਲਾ ਸੀ, ਦੀਨ ਦਿਆਲ ਅਸ਼ਨਾਨ ਕਰਨ ਲੱਗੇ ਸਿੱਖਾਂ ਕਿਹਾ- "ਪਿੰਡ ਦੇ ਖੂਹ ਤੇ ਅਸ਼ਨਾਨ ਕਰੋ। ਇਹ ਬਦਬੋ ਵਾਲਾ ਹੈ "ਨਹੀਂ ਠੀਕ ਹੈ" ਓਸ ਖੂਹ ਦਾ ਜਲ ਉਸ ਦਨ ਦਾ ਅਜੇਹਾ ਸੁੰਦਰ ਹੈ ਕਿ ਅੱਜ ਤੱਕ ਖਰਾਬ ਨਹੀਂ ਹੋਇਆ।

ਓਸੇ ਖੂਹ ਤੇ ਇਕ ਅੰਬ ਦਾ ਬੂਟਾ ਸੀ, ਉਸਨੂੰ ਕਦੀ ਅੰਬ ਨਹੀਂ ਸੀ ਲੱਗੇ। ਅੰਬ ਦੇ ਇਕ ਪਾਸੇ ਜੜਾਂ ਸਨ, ਓਸੇ ਪਾਸੇ ਜੜਾਂ ਤੇ ਬੈਹਕੇ ਇਸ਼ਨਾਨ ਕੀਤਾ, ਉਸ ਪਾਸੇ ਅੰਬ ਲਗਣੇ ਸ਼ੁਰੂ ਹੋ ਗਏ ਦੂਜੇ ਬੰਨੇ ਨਹੀਂ। ਲਗਭਗ 50 ਸਾਲ ਉਸ ਬੂਟੇ ਨੂੰ ਇਕ ਪਾਸੇ ਫਲ ਲੱਗਦੇ ਰਹੇ ਹੁਣ 10 ਕੁ ਸਾਲ ਤੋਂ ਉਹ ਬੂਟਾ ਵੱਢਿਆ ਗਿਆ ਹੈ ।

ਏਥੇ ਭੰਗਵਾਂ ਵਿਚ ਇਕ ਜ਼ਿਮੀਂਦਾਰ ਸਿੰਘ ਸੀ, ਉਹਨਾਂ ਦੇ ਘਰ ਏਹ ਖੇਡ ਸੀ ਕਿ ਜਦੋਂ ਬੱਚਾ ਮਾਤਾ ਦੇ ਗਰਭ ਵਿਚ ਔਣਾ, ਪਿਤਾ ਨੇ ਚੜ੍ਹਾਈ ਕਰ ਜਾਣੀ, ਏਹ ਖੇਡ ਬਹੁਤ ਕਾਲ ਤੋਂ ਚਲੀ ਆ ਰਹੀ ਸੀ । ਦੀਨ ਦਿਆਲ ਦੌਰੇ ਗਏ ਤਾਂ ਬਾਬਾ ਸੰਤਾ ਸਿੰਘ ਨੇ ਅਰਜ਼ ਕੀਤੀ, ਦੀਨ ਦਿਆਲ ! ਏਸ ਪਾਪ ਦੀ ਨਵਿਰਤੀ ਕਰੋ ਆਪਨੇ ਕਿਹਾ "ਭਜਨ ਕਰਿਆ ਕਰੋ" ਅੱਗੋਂ ਏਸ ਤਰ੍ਹਾਂ ਨਹੀਂ ਹੋਵੇਗਾ। ਸੋ ਹੁਣ ਓਸ ਘਰ ਵਿਚ ਅਨੰਦ ਮੰਗਲ ਹੈ ਅਜ ਉਹਨਾਂ ਦੇ ਘਰਾਣੇ ਵਿਚੋਂ ਦਸੌਧਾ ਸਿੰਘ ਮੌਜੂਦ ਹੈ ਤੇ ਅੱਗੋਂ ਉਸਦੇ 3 ਪੁੱਤਰ ਤੇ 2 ਬੀਬੀਆਂ ਹਨ। ਵਡਾ ਲੜਕਾ 18 ਸਾਲ ਦਾ ਹੈ ਜਿਸਦਾ ਨਾਮ ਮਹਿੰਦਰ ਸਿੰਘ ਹੈ ।

ਪਾਠਕ ਜਨੋ ! ਸ੍ਰੀ ਗੁਰੂ ਹਰੀ ਸਿੰਘ ਜੀ ਦੀ ਕਥਾ ਅਗਾਧ ਬੋਧ ਹੈ ਜੇਹੜੀ ਮੇਰੇ ਜਹੇ ਅਲਪ ਬੁਧੀ ਕੋਲੋਂ ਵਰਨਣ ਨਹੀਂ ਹੋ ਸਕਦੀ।

Namdhari Elibrary NamdhariElibrary@gmail.com

ਗੱਦੋਂ ਡੋਬ ਤੋਂ ਗੁਰੂਸਰ

ਸੂਬਾ ਮੀਹਾਂ ਸਿੰਘ

ਇਕ ਸਮੇਂ ਸੀ ਸਤਿਗੁਰੂ ਹਰੀ ਸਿੰਘ ਜੀ ਦੌਰਾ ਕਰਦੇ ਕਰਦੇ ਸੰਗਤਾਂ ਨੂੰ ਤਾਰਦੇ ਹੋਏ ਜਿਲ੍ਹਾ ਫਿਰੋਜ਼ਪੁਰ ਤਸੀਲ ਮੁਕਤਸਰ ਦੇ ਇਲਾਕੇ, ਨਗਰ ਫੂਲੇਵਾਲੇ ਵਿੱਚ ਪਹੁੰਚੇ। ਆਪਦੇ ਹਜ਼ੂਰ ਬਹੁਤ ਸਾਰੀ ਸਾਧ ਸੰਗਤ ਸੀ। ਸਤਾਰਾਂ ਜੋੜੀਆਂ ਤਾਂ ਰਾਗੀਆਂ ਦੀਆਂ ਨਾਲ ਸਨ। ਉਸ ਇਲਾਕੇ ਦੀ ਸਾਧ ਸੰਗਤ ਦੌਰੇ ਦੀਆਂ ਅਰਜ਼ਾਂ ਕਰ ਰਹੀ ਹੈ। ਥੋੜ੍ਹੇ ਚਿਰ ਤੱਕ ਮੇਰੇ ਪਿਤਾ ਸਰਦਾਰ ਸੁੰਦਰ ਸਿੰਘ ਜੀ ਨੇ ਵੀ ਆਣ ਦਰਸ਼ਨ ਕੀਤੇ ਅਤੇ ਗਰੀਬ ਨਿਵਾਜ ਜੀ ਦੀ ਸੇਵਾ ਵਿਚ ਦੌਰੇ ਦੀ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ ਜੀ ਜਿਸ ਤਰ੍ਹਾਂ ਆਪ ਇਸ ਇਲਾਕੇ ਦੀਆਂ ਸੰਗਤਾਂ ਦੀਆਂ ਬੇਨਤੀਆਂ ਪ੍ਰਵਾਨ ਕਰਦੇ ਹੋਏ ਦੌਰੇ ਮਨਜ਼ੂਰ ਕਰਕੇ ਏਨਾਂ ਦੀਆਂ ਮਨੋਕਾਮਨਾਂ ਪੂਰੀਆਂ ਕੀਤੀਆਂ ਹਨ। ਏਸੇ ਤਰ੍ਹਾਂ ਦਾਸ ਦੇ ਨਗਰ ਵੀ ਸੰਗਤ ਸਮੇਤ ਦਰਸ਼ਨ ਦੇ ਕੇ ਨਿਹਾਲ ਕਰੋ। ਆਪਦਾ ਪਤਿਤ ਪਾਵਨ ਬਿਰਦ ਹੈ ।

ਸੱਚੇ ਪਾਤਸ਼ਾਹ ਜੀ ਨੇ ਦੌਰੇ ਦੀ ਅਰਜ਼ ਪ੍ਰਵਾਨ ਕਰ ਲਈ ਤੇ ਹੁਕਮ ਕੀਤਾ ਭਾਈ ਸੰਦਰ ਸਿੰਘ ! ਆਪ ਨਗਰ ਨੂੰ ਚਲੋ ਤੇ ਦੌਰੇ ਦਾ ਪ੍ਰਬੰਧ ਕਰੋ ਅਸੀਂ ਕਲ੍ਹ ਨੂੰ ਆਪ ਦੇ ਨਗਰ ਪਹੁੰਚਾਗੇ ਸੱਚੇ ਪਾਤਸ਼ਾਹ ਜੀ ਦਾ ਏਹ ਹੁਕਮ ਸੁਣ ਕੇ ਲਾਗੋਂ ਨਗਰ ਨਿਵਾਸੀਆਂ ਨੇ ਅਰਜ਼ ਕੀਤੀ ਦੀਨ ਦਿਆਲ ਜੀ ! ਭਾਈ ਸੁੰਦਰ ਸਿੰਘ ਦੇ ਨਗਰ ਜਲ ਨਹੀਂ ਹੈ। ਨਾ ਓਥੇ ਖੂਹ ਹੈ ਤੇ ਨਾ ਤਲਾ ਵਿਚ ਹੀ ਜਲ ਹੈ। ਨਹਿਰ ਦੇ ਖਤਾਨਾਂ ਵਿੱਚ ਜਲ ਹੈ ਆਪ ਨੂੰ ਓਥੇ ਜਲ ਵਲੋਂ ਬੜੀ ਤਕਲੀਫ਼ ਹੋਵੇਗੀ। 'ਜੈਸੀ ਭੂਖ ਤੈਸੀ ਕਾ ਪੂਰਕ' ਸਤਿਗੁਰੂ ਸੱਚੇ ਪਾਤਸ਼ਾਹ ਜੀ ਸਤਿਗੁਰਾਂ ਦੇ ਪ੍ਰਦੇਸ ਗਵਨ ਕਰਨ ਤੋਂ ਪਿੱਛੋਂ ਗੁਰਸਿੱਖੀ ਨੂੰ ਹਰੀ ਰੱਖਣ ਵਾਲਾ ਪਾਤਸ਼ਾਹ ਸਿੱਖਾਂ ਦਾ ਇਹ, ਬਚਨ ਸੁਣ ਕੇ ਫੁਰਮਾਂਉਦੇ ਹਨ, "ਭਾਈ! ਅਸੀ ਨਾ ਜਾਵਾਂਗੇ।"

ਮੇਰੇ ਪਿਤਾ ਜੀ ਇਹ ਬਚਨ ਸੁਣ ਕੇ ਬੜੇ ਅਧੀਰ ਹੋਏ ਨਿਰਾਸਤਾ ਹੋ ਗਈ ਕਿ ਏਹ ਕੀ ਬਣ ਗਿਆ ਅਰਜ਼ ਮੰਨਜ਼ੂਰ ਹੋਈ-ਹੋਈ ਫੇਰ ਏਸ ਤਰਾਂ ਦਾ ਬਚਨ ਕਿਉਂ ਹੋਇਆ ਹੈ। ਪਾਤਸ਼ਾਹ ਦੇ ਜੇ ਮੇਰੇ ਘਰ ਚਰਨ ਨਾ ਪਏ ਤਦ ਸਾਡਾ ਜੀਉਣਾ ਕਾਹਦਾ ਹੈ। ਫੇਰ ਅੰਤਰਜਾਮੀ ਜੀ ਦੇ ਚਰਨਾਂ ਵਿੱਚ ਹੱਥ ਜੋੜਕੇ ਪ੍ਰਾਰਥਨਾਂ ਕੀਤੀ, "ਹੇ ਮੇਹਰਬਾਨ ਜੀ। ਪੌਣ ਪਾਣੀ ਸਭ ਆਪ ਜੀ ਦੇ ਹੁਕਮ ਅੰਦਰ ਹਨ ਏਸ ਕਰਕੇ ਜਿਸ ਤਰ੍ਹਾਂ ਵੀ ਹੋਵੇ ਆਪ ਜ਼ਰੂਰ ਦਰਸ਼ਨ ਦੇਵੋ } ਬਿਨਾਂ ਦਰਸ਼ਨ ਦੇ ਬੂਟੇ ਮੁਰਝਾਏ ਹੋਏ ਹੈਨ, ਦਰਸ਼ਨ ਰੂਪੀ ਜਲ ਸਿੰਚ ਕੇ ਬੂਟੇ ਹਰੇ ਭਰੇ ਕਰੋ। ਮਨਸਾ ਪੂਰਕ ਸਤਿਗੁਰ ਜੀ ਨੇ ਮੇਰੇ ਪਿਤਾ ਜੀ ਨੂੰ ਧੀਰਜ ਦਿੱਤੀ ਕਿ ਭਾਈ ਸੁੰਦਰ ਸਿੰਘ ਜੀ ਆਪ ਬੇਫ਼ਿਕਰ ਹੋਕੇ ਆਪਣੇ ਨੱਗਰ ਨੂੰ ਜਾਓ ਤੇ ਪ੍ਰਬੰਧ ਕਰੋ ਅਸੀਂ ਜਰੂਰ ਆਵਾਂਗੇ। ਇਹ ਬਚਨ ਸੁਣਕੇ ਆਪ ਨਗਰ ਨੂੰ ਦੌਰੇ ਦੇ ਪ੍ਰਬੰਧ ਲਈ ਤੁਰ ਪਏ ।

ਸਤਿਗੁਰੂ ਦੀ ਮਹਿਮਾ ਤੇ ਸਤਿਗੁਰੂ ਦੇ ਖੇਲ ਨਾ ਜਾਨਣ ਵਾਲੇ ਗੁਰਮੁਖ ਵਿਚੇ ਬੈਠੇ ਹੋਏ ਸਨ ਓਹਨਾ ਨੇ ਫੇਰ ਇਹ ਅਰਜ ਕਰ ਦਿੱਤੀ ਕਿ ਓਥੇ ਤਾਂ ਜਲ ਨਹੀਂ ਹੈ। ਸਤਿਗੁਰੂ ਜੀ ਕਹਿਣ ਲੱਗੇ, ਆਪਾਂ ਨਾਂ ਜਾਵਾਂਗੇ। ਲੰਗਰ ਤਿਆਰ ਹੋਇਆ ਸੱਚੇ ਪਾਤਸ਼ਾਹ ਜੀ ਨੇ ਪ੍ਰਸ਼ਾਦ ਛਕਿਆ !

ਆਥਣ ਦਾ ਦੀਵਾਨ ਸਜ ਗਿਆ ਤਾਊਸਾਂ ਦੀਆਂ ਘਨਘੋਰਾਂ ਲਗ ਗਈਆਂ ਸਤਾਰਾਂ ਜੋੜੀਆਂ ਰਾਗੀਆਂ ਦੀਆਂ। ਜਿਸ ਦੀਵਾਨ ਵਿਚ ਆਪ ਭਗਵਾਨ ਬਿਰਾਜਮਾਨ ਹੋਣ ਤੇ ਗੁਰਬਾਣੀ ਦਾ ਉਚਾਰ ਹੋ ਰਿਹਾ ਹੋਵੇ। ਉਸਨੂੰ ਸੱਚਖੰਡ ਨਾ ਕਿਹਾ ਜਾਵੇ ਤਾਂ ਹੋਰ ਕੀ ਕਿਹਾ ਜਾਵੇ ਰਾਗੀ ਪੜ੍ਹ ਰਹੇ ਹਨ 'ਦਰਸਨ ਬਿਨ ਅਖੀਆਂ ਤਰਸਨ 'ਮਸਤਾਨੇ ਮਸਤ ਹੋਏ ਕੂਕਾਂ ਮਾਰਦੇ ਹਨ । ਅਜਿਹਾ ਬੈਰਾਗਮਈ ਕੀਰਤਨ ਹੋ ਰਿਹਾ ਹੈ। ਜੋ ਕਹਿਣ ਕਥਨ ਤੋਂ ਪਰੇ ਹੈ ਦੀਵਾਨ ਦਾ ਭੋਗ ਪਿਆ।

ਸੰਗਤਾਂ ਨੇ ਫੇਰ ਅਰਜ ਕੀਤੀ ਗਰੀਬ ਨਿਵਾਜ ਜੀ ਸਵੇਰੇ ਦੌਰਾ ਕਿਸ ਨਗਰ ਦਾ ਮਨਜ਼ੂਰ ਕੀਤਾ ਹੈ। ਤਾਂ ਕਿ ਉਸ ਨਗਰ ਲਾਂਗਰੀ ਸਿੰਘ ਪਹਿਲਾਂ ਹੀ ਭੇਜ ਦਿਤੇ ਜਾਣ । ਸਤਿਗੁਰਾਂ ਹੁਕਮ ਕੀਤਾ, "ਭਾਈ ! ਸਵੇਰੇ ਭਾਈ ਸੁੰਦਰ ਸਿੰਘ ਦੇ ਨਗਰ ਜ਼ਰੂਰ ਜਾਣਾਂ ਹੈ ਲਾਂਗਰੀ ਸਿੰਘ ਓਥੇ ਪਹੁੰਚ ਜਾਣ ਓਹਨਾ ਸਿੱਖਾਂ ਨੇ ਫੇਰ ਕਿਹਾ ਕਿ ਓਥੇ ਜਲ ਨਹੀਂ ਹੈ ਜਲ ਬਿਨਾਂ ਬੜੀ ਤਕਲੀਫ਼ ਹੈ । ਠੰਢੀ ਮੂਰਤਿ, ਨਾਮ ਕੇ ਉਪਕਾਰੀ ਇਹ ਬਚਨ ਸੁਣਕੇ ਆਪਣੀ ਪਵਿਤ੍ਰ ਰਸਨਾਂ ਥੀ ਫੁਰਮਾਂਉਦੇ ਹਨ ਭਾਈ "ਜਿਥੇ ਆਪ ਸਾਧ ਸੰਗਤ ਚਰਨ ਪਾਏਗੀ ਓਥੇ

Namdhari Elibrary NamdhariElibrary@gmail.com

ਜਲ ਦਾ ਕੀ ਘਾਟਾ ਹੈ। ਜਿੱਥੇ ਸੰਗਤ ਦੇ ਚਰਨ ਟਿਕਦੇ ਹਨ ਓਥੇ ਤਾਂ ਸਭ ਤੀਰਥ ਇਕੱਠੇ ਹੋ ਜਾਂਦੇ ਹੈਨ। ਉਥੇ ਜਲ ਦੀ ਕੋਈ ਟੋਟ ਨਹੀਂ ਹੈ। ਅਸੀਂ ਓਥੇ ਜ਼ਰੂਰ ਜਾਂਵਾਂਗੇ, ਇਹ ਬਚਨ ਸੁਣਕੇ ਸੰਗਤ ਚੁੱਪ ਕਰ ਗਈ ਪਰ ਓਹਨਾਂ ਜੀਆਂ ਦੀ ਚਿੰਤਾ ਨਾ ਗਈ ਤੇ ਰਾਤ ਨੂੰ ਸਭ ਸੰਗਤ ਨੇ ਓਥੇ ਬਿਸਰਾਮ ਕੀਤਾ ਹੱਲੇ ਦਾ ਦੀਵਾਨ ਲੱਗਾ। ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਰਾਗੀਆਂ ਸਿੰਘਾਂ ਨੇ ਬੜੇ ਪ੍ਰੇਮ ਨਾਲ ਕੀਤਾ। ਆਸਾ ਦੀ ਵਾਰ ਦਾ ਭੋਗ ਪਾ ਕੇ ਸਭ ਸੰਗਤ ਨੇ ਸਾਡੇ ਨਗਰ ਨੂੰ ਕਮਰ ਕੱਸੇ ਲਾਏ ।

ਇਸ ਪਿੰਡ ਦਾ ਪਹਿਲਾ ਨਾਮ ਰੱਤਾਵਾਸ ਸੀ ਫੇਰ ਗੱਦੋਂ-ਡੋਬ ਨਾਮ ਹੋਇਆ ਪਿੰਡ ਤੋਂ ਦੋ ਕੋਹ ਉਰ੍ਹੇ ਘ੍ਰਾਟ ਲਗੇ ਹੋਏ ਹਨ ਓਥੇ ਜਿਸ ਵੇਲੇ ਸੰਗਤ ਪਹੁੰਚੀ ਤਦ ਆਪਸ ਵਿਚੀ ਵਿਚਾਰਾਂ ਕਰਨ ਲੱਗੇ-ਪੱਕੀ ਦੇ ਰਸਤੇ ਵਿੱਚ ਜੋ ਜਿਹੜਾ ਨਹਿਰ ਦਾ ਪੁਲ ਹੈ, ਓਥੇ ਡੇਰੇ ਲਾਈਏ, ਓਥੇ ਪਾਣੀ ਬਹੁਤ ਹੈ ਪਿੰਡ ਵਿਚ ਪਾਣੀ ਦੀ ਬੜੀ ਔਖਿਆਈ ਹੋਵੇਗੀ। ਏਥੇ ਹੀ ਲੰਗਰ ਸ਼ਰਦਾਈ ਪਾਣੀ ਕਰ ਲਵਾਂਗੇ। ਸਤਿਗੁਰੂ ਜੀ ਰੱਥ ਵਿਚ ਅਸਵਾਰ ਸਨ ਸੰਗਤਾਂ ਨੇ ਆਪਣੀ ਹੀ ਸਲਾਹ ਨਾਲ ਓਧਰ ਨੂੰ ਰੱਥ ਮੋੜਿਆ ਗ੍ਰੀਬ ਨਿਵਾਜ ਜੀ ਨੇ ਪੁੱਛਿਆ, "ਭਾਈ ! ਸਾਡਾ ਰਥ ਕਿਸ ਪਾਸੇ ਨੂੰ ਮੋੜਿਆ ਹੈ? ਸੰਗਤ ਨੇ ਬੇਨਤੀ ਕੀਤੀ, "ਉਸ ਪੁਲ ਦੇ ਪਾਸ ਜਲ ਬਹੁਤ ਹੈ, ਓਥੇ ਹੀ ਲੰਗਰ ਕਰ ਲਵਾਂਗੇ ਪਿੰਡ ਵਿੱਚ ਜਲ ਨਹੀਂ ਹੈ ।"

ਜਲੋਂ ਥਲੋਂ ਕੇ ਮਾਲਕ ਜੀ ਨੇ ਹੁਕਮ ਕੀਤਾ : ਭਾਈ ਦੇ ਨਗਰ ਜਲ ਦੀ ਕੋਈ ਪ੍ਰਵਾਹ ਨਹੀਂ ਹੈ ਓਥੇ ਬੇਅੰਤ ਜਲ ਹੈ, ਲਿਆਉ ਸਾਡੀ ਘੋੜੀ। ਹੁਕਮ ਦੀ ਦੇਰ ਸੀ ਝੱਟ ਘੋੜੀ ਆਈ। ਸਵਾਰ ਹੋਕੇ ਨਗਰ ਵੱਲ ਵਾਗਾਂ ਮੋੜੀਆਂ। ਅੱਗੇ ਮੇਰੇ ਪਿਤਾ ਜੀ ਤੇ ਨਗਰ ਨਿਵਾਸੀ ਸੰਗਤ ਤਿਆਰੀਆਂ ਕਰ ਹੀ ਰਹੀ ਸੀ ਕਿ ਝੱਟ ਸੱਚੇ ਪਾਤਸ਼ਾਹ ਜੀ ਪਹੁੰਚ ਗਏ ਸਭ ਸੰਗਤ ਨੂੰ ਖੁਸ਼ੀਆਂ ਹੋਈਆਂ ਸਤਿਗੁਰੂ ਜੀ ਪਲੰਘ ਉੱਪਰ ਅਜੇ ਬੈਠੇ ਸਨ ਕਿ ਮਰਾਦੇ ਵਾਲੇ ਤੋਂ ਇਕ ਸਿੱਖ ਦਰਸ਼ਨ ਕਰਨ ਲਈ ਵਗੋ ਤਗੀ ਆ ਰਿਹਾ ਹੈ । ਜਦ ਕਿਸੇ ਨੂੰ ਬਹੁਤ ਖੁਸ਼ੀ ਜਾਂ ਗਮ ਦਾ ਕੋਈ ਮੌਕਾ ਬਣੇ ਤਦ ਉਸ ਦੀ ਬਿਰਤੀ ਵਿਚ ਸ਼ਾਂਤੀ ਜੇਹੀ ਆ ਜਾਂਦੀ ਹੈ ਉਹ ਸਿੱਧਾ ਰਸਤਾ ਭੁਲ ਕੇ ਪਿੰਡ ਦੀ ਦੂਸਰੀ ਪੱਤੀ ਸਰਦਾਰ ਜਗੀਰ ਸਿੰਘ ਦੀ ਦੇ ਖੇਤਾਂ ਵਿਚ ਚਲਾ ਗਿਆ। ਕੁਦਰਤ ਵਾਲੇ ਦੇ ਖੇਲ ਨਿਆਰੇ ਹਨ। ਓਥੇ ਖੇਤਾਂ ਵਿਚ ਦੁਨਾਲੇ ਮੋਘੇ ਦੀਆਂ ਉੱਚੀਆਂ ਧਾਰਾਂ ਨਾਲ ਇਕ ਡੂੰਘਾ ਟੋਆ ਪੈ ਚੁੱਕਾ ਸੀ ਓਸ ਟੋਏ ਵਿਚ ਤਕਰੀਬਨ ਵੀਹ ਘੜੇ ਪਾਣੀ ਦੇ ਉਸ ਨੂੰ ਪ੍ਰਤੀਤ ਹੋਏ। ਜਲ ਬੜਾ ਹੀ ਨਿਰਮਲ ਤੇ ਸੋਹਣਾ ਸੀ। ਸਤਿਗੁਰਾਂ ਦੇ ਹਜ਼ੂਰ ਹਾਜਰ ਹੋਇਆ ਤੇ ਮੇਰੇ ਪਿਤਾ ਜੀ ਨੂੰ ਕਹਿਣ ਲੱਗਾ, "ਮੈਂ ਔਂਦਾ ਹੋਯਾ ਰਸਤੇ ਵਿਚ ਜਲ ਦੇਖ ਆਇਆ ਹਾਂ। ਜੇਹੜਾ ਸਰੀਂਹ ਵਾਲਾ ਮੋਘਾ ਸਦੌਂਦਾ ਹੈ, ਓਥੇ ਜਲ ਹੈ।" ਮੇਰੇ ਪਿਤਾ ਜੀ ਕਹਿਣ ਲਗੇ, "ਓਥੇ ਤਾਂ ਅਸੀਂ ਕਦੇ ਜਲ ਦੇਖਿਆ ਨਹੀਂ। ਜਲ ਤਾਂ ਕਿਧਰ ਰਿਹਾ, ਓਥੇ ਤਾਂ ਕਿਸੇ ਨੇ ਗਾਰਾ ਵੀ ਨਹੀਂ ਛੱਡਿਆ। ਬਸ ਏਹ ਤਾਂ ਸਤਿਗੁਰੂ ਜੀ ਦੀ ਆਪਣੀ ਖੇਡ ਹੈ। ਏਹ ਕੁਦਰਤ ਵਾਲੇ ਨੇ ਆਪ ਜਲ ਪੈਦਾ ਕੀਤਾ ਹੈ।"

ਜਲ ਦਾ ਪਹਿਰਾ ਦੇਣ ਲਈ ਤਾਇਆ ਜੀ ਨੂੰ (ਜਿਨਾਂ ਦਾ ਨਾਮ ਭਾਈ ਦਾਨ ਸਿੰਘ ਸੀ) ਭੇਜ ਦਿੱਤਾ । ਸੱਚੇ ਪਾਤਸ਼ਾਹ ਜੀ ਦੀ ਸੇਵਾ ਵਿਖੇ ਬੇਨਤੀ ਕੀਤੀ ਕਿ ਇਕ ਜਗ੍ਹਾ ਥੋੜਾ ਜਿਹਾ ਜਲ ਹੈ, ਲਾਂਗਰੀਆਂ ਸਿੰਘਾਂ ਨੂੰ ਹੁਕਮ ਹੋ ਜਾਵੇ ਕਿ ਜਿਨਾਂ ਓਹ ਜਲ ਹੈ ਉਸ ਨਾਲ ਹਾਲੇ ਸ਼ਰਦਾਈ ਦਾ ਕੰਮ ਹੋ ਜਾਵੇ, ਫੇਰ ਨਹਿਰ ਦੇ ਖਤਾਨਾਂ ਵਿਚੋਂ ਲਿਆਂਦਾ ਜਾਵੇ। ਸੱਚੇ ਪਾਤਸ਼ਾਹ ਜੀ ਨੇ ਇਹ ਬਚਨ ਸੁਣ ਫੁਰਮਾਯਾ, "ਭਾਈ ਸੁੰਦਰ ਸਿੰਘ ! ਉਹ ਜਲ ਨਿਖੁਟਣੇ ਵਾਲਾ ਨਹੀ ਹੈ।" ਲਾਂਗਰੀਆਂ ਸਿੰਘਾਂ ਨੂੰ ਹੁਕਮ ਹੋਇਆ ਕਿ ਜਾਓ ਭਾਈ, ਜਲ ਲਿਆਓ ਤੇ ਲੰਗਰ ਤਿਆਰ ਕਰੋ। ਜਿਸ ਜਲ ਵਿੱਚ ਘੜਾ ਡੁਬ ਕੇ ਇਕ ਉਂਗਲ ਉਪਰ ਜਲ ਰਹਿੰਦਾ ਸੀ, ਓਹ ਜਲ ਲਾਂਗਰੀਆਂ ਨੇ ਸਾਰਾ ਦਿਨ ਲੰਗਰ ਲਈ ਢੋਇਆ, ਸੰਗਤ ਨੇ ਇਸ਼ਨਾਨ ਕੀਤੇ, ਸ਼ਰਦਾਈਆਂ ਬਣੀਆਂ, ਪਰ ਜਲ ਇਕ ਰਤੀ ਵੀ ਨਾਂ ਘਟਿਆ।

ਓਥੇ ਇਕ ਕੌਤਕ ਹੋਰ ਵਰਤਿਆਂ ਮੇਰੀ ਮਾਤਾ ਜੀ ਨੂੰ ਇਕ ਸਿੱਖ ਆਣ ਕੇ ਕਹਿਣ ਲਗਾ ਸੰਗਤ ਬੇਅੰਤ ਆ ਗਈ ਹੈ ਮੈਦਾ ਕਿਤਨਾ ਕੁ ਤਿਆਰ ਹੈ? ਮਾਤਾ ਜੀ ਨੇ ਇਕ ਭੜੋਲੀ ਦਿਖਾਈ। ਜਿਸ ਵਿਚ ਦੋ-ਢਾਈ ਮਣ ਕੱਚਾ ਆਟਾ ਪੈਂਦਾ ਸੀ। ਉਸਨੂੰ ਦੇਖ ਕੇ ਕਹਿਣ ਲਗਾ, "ਚਾਪੜ ਦੇ ਛੱਡੋ ਤੇ ਥੱਲਿਓਂ ਆਟਾ ਕੱਢੀ ਜਾਇਓ, ਏਹ ਨਿਖੁਟਦਾ ਨਹੀਂ। ਮਾਤਾ ਜੀ ਨੇ ਸਤਿ ਬਚਨ ਕਹਿਕੇ ਓਸੇ ਤਰ੍ਹਾਂ ਕੀਤਾ। ਸਾਰਾ ਲੰਗਰ ਹੋਇਆ ਤੇ 17-18 ਚੁੱਲ੍ਹੇ ਬਾਹਰ ਸਿੰਘਾਂ ਦੇ ਡੇਰਿਆਂ ਵਿਚ ਤਪਦੇ ਸਨ। ਜਿੰਨਾਂ ਕਿਸੇ ਨੂੰ ਲੋੜ ਸੀ ਲੈ ਜਾਂਦਾ। ਪਰ ਗੁਰੂ ਦੀ ਐਸੀ ਕਿਰਪਾ ਹੋਈ ਅਟੁੱਟ ਭੰਡਾਰਾ ਵਰਤਿਆ। ਆਥਣ ਦਾ ਦੀਵਾਨ ਲੱਗਾ, ਸਭ ਸੰਗਤਾਂ ਦੀਵਾਨ ਵਿੱਚ ਦਰਸ਼ਨ ਕਰਕੇ ਨਿਹਾਲ ਹੋ ਰਹੀਆਂ ਹਨ। ਓਧਰ ਮੇਰੇ ਤਾਇਆ ਜੀ ਦੇ ਚਿੱਤ ਵਿਚ ਦੀਵਾਨ ਦੇ ਦਰਸ਼ਨ ਕਰਨ ਦੀ ਇੱਛਿਆ ਹੋਈ। ਘਟ ਘਟ ਦੀ ਜਾਨਣ ਵਾਲੇ ਸਤਿਗੁਰੂ ਹਰੀ ਸਿੰਘ ਦੀ ਹੁਕਮ ਦਿੰਦੇ ਹਨ ਕਿ ਭਾਈ ਸੁੰਦਰ ਸਿੰਘ ਇਕ ਕੜਾਹਾ

Namdhari Elibrary NamdhariElibrary@gmail.com

ਮਾਂਜਕੇ ਜਲ ਦਾ ਭਰ ਲਓ। ਤੇ ਜਿਹੜਾ ਸਿੰਘ ਜਲ ਦਾ ਰਾਖਾ ਰਖਿਆ ਹੋਇਆ ਹੈ ਉਸ ਨੂੰ ਬੁਲਾ ਲਓ। ਕੜਾਹਾ ਜਲ ਦਾ ਭਰਿਆ ਗਿਆ। ਅਤੇ ਤਾਇਆ ਦਾਨ ਸਿੰਘ ਜੀ ਨੂੰ ਸੱਦ ਲਿਆਂਦਾ ਉਹਨਾਂ ਨੇ ਵੀ ਦੀਵਾਨ ਦੇ ਦਰਸ਼ਨ ਕੀਤੇ।

ਜਦੋਂ ਨਗਰ ਵਾਲਿਆਂ ਨੇ ਦੇਖਿਆ ਕਿ ਰਾਖਾ ਉੱਠ ਆਇਆ ਹੈ ਅਸੀ ਵੀ ਜਲ ਲੈ ਆਈਏ। ਜਿਸ ਵੇਲੇ ਉਹ ਗਏ ਕਿਸੇ ਨੂੰ ਇੱਕ ਕਿਸੇ ਨੂੰ ਦੋ ਘੜੇ ਮਿਲੇ ਜਲ ਸੁੱਕ ਗਿਆ। ਪਰ ਜੇਹੜਾ ਕੜਾਹਾ ਸਤਿਗੁਰਾਂ ਦੇ ਹੁਕਮ ਅਨੁਸਾਰ ਭਰ ਕੇ ਰੱਖਿਆ ਸੀ ਦੂਸਰੇ ਦਿਨ ਤੱਕ ਭਰਿਆ ਰਿਹਾ। ਸ਼ਰਦਾਈਆਂ ਬਣੀਆਂ ਇਸ਼ਨਾਨ ਹੋਏ। ਓਹ ਕੜਾਹਾ ਓਸੇ ਤਰ੍ਹਾਂ ਭਰਿਆ ਭਰਾਤਾ ਛੱਡ ਕੇ ਸਾਧ ਸੰਗਤ ਨੇ ਕਮਰ ਕੱਸੇ ਲਾਏ। ਇਸ ਦੌਰੇ ਵਿੱਚ ਨਗਰ ਦੀ ਸਾਰੀ ਸੰਗਤ ਨੇ ਲੰਗਰ ਦੀ ਸੇਵਾ ਕੀਤੀ ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਜਿਸ ਵੇਲੇ ਘੋੜੀ ਤੇ ਅਸਵਾਰ ਹੋਣ ਲੱਗੇ। ਨਗਰ ਦੀ ਸਾਰੀ ਸੰਗਤ ਇਕੱਠੀ ਹੋਈ ਸ੍ਰੀ ਸਤਿਗੁਰੂ ਜੀ ਕਹਿਣ ਲੱਗੇ, "ਭਾਈ ਇਸ ਨਗਰ ਦਾ ਨਾਂਅ ਗਦਾਂ-ਡੋਬ ਨਹੀਂ ਹੋਣਾ ਚਾਹੀਦਾ। ਇੱਥੇ ਸਾਰੇ ਸਿੰਘ ਵੱਸਦੇ ਹਨ, ਇਸ ਦਾ ਨਾਮ ਗੁਰੂਸਰ ਸਿੰਘਾਂ ਵਾਲਾ ਚਾਹੀਦਾ ਹੈ। ਓਸੇ ਵੇਲੇ ਸੱਚੇ ਪਾਤਸ਼ਾਹ ਜੀ ਨੇ ਗੁੜ ਪ੍ਰਸ਼ਾਦ ਦੀਆਂ ਪਰਾਤਾਂ ਭਰ ਭਰ ਕੇ ਵਰਤਾਈਆਂ ਤੇ ਹੁਕਮ ਕੀਤਾ, "ਭਾਈ ਅੱਜ ਤੋਂ ਇਸ ਨਗਰ ਦਾ ਨਾਂਅ ਗੁਰੂਸਰ ਸਿੰਘਾਂ ਵਾਲਾ ਹੋ ਚੁੱਕਾ ਹੈ। ਏਸ ਨੂੰ ਗਦਾਂ-ਡੋਬ ਨਹੀਂ ਕਹਿਣਾ। ਗੁਰੂਸਰ ਸਿੰਘ ਵਾਲਾ ਕਹਿਣਾ ਹੈ।" ਏਨਾ ਹੁਕਮ ਦੇ ਕੇ ਸੰਗਤਾਂ ਸਮੇਤ ਸੱਚੇ ਪਾਤਸ਼ਾਹ ਜੀ ਨੇ ਮੁਰਾਦ ਵਾਲੇਭਾਈ ਕਾਕੂ ਸਿੰਘ ਜੀ ਦੇ ਨਗਰ ਨੂੰ ਚਾਲੇ ਪਾ ਦਿੱਤੇ।

ਧੰਨ ਗੁਰੂ ਹਰੀ ਸਿੰਘ ਜੀ !

ਇਕ ਵਾਰੀ ਸਰਕਾਰ ਨੇ ਵੀ ਹੁਕਮ ਦਿੱਤਾ ਕਿ ਇਸ ਨਗਰ ਨੂੰ ਜੇਹੜਾ ਗਦਾਂ-ਡੋਬ ਕਹੇਗਾ, ਉਸਨੂੰ ਸਖਤ ਸਜ਼ਾ ਦਿੱਤੀ ਜਾਇਗੀ। ਕਿਉਂਕਿ ਇਸ ਨਗਰ ਦਾ ਪਹਿਲਾ ਨਾਮ ਰੱਤਾਵਾਸ ਹੈ। ਸਰਕਾਰੀ ਕਾਗਜ਼ਾਂ ਵਿਚ ਅਜੇ ਵੀ ਏਹੀ ਨਾਮ ਹੈ। ਗੱਦਾਂ ਡੋਬ ਇਥੋਂ ਨਾਮ ਪਿਆ ਸੀ। ਟਪਰੀ ਵਾਸ ਢਾਬ ਦੇ ਕੰਢੇ ਆਨ ਉਤਰੇ ਓਹਨਾਂ ਦੀ ਖੇਤੀ ਢਾਬ ਵਿਚ ਡੁੱਬ ਕੇ ਮਰ ਗਈ। ਜਿੱਥੇ ਉਹ ਜਾਣ, ਜੇ ਕੋਈ ਉਹਨਾਂ ਨੂੰ ਪੁੱਛੇ ਕਿਥੋਂ ਆਏ ਹੋ? ਉਹ ਕਹਿਣ, "ਗਦਾਂ-ਡੋਬ ਤੋਂ ਆਏ ਹਾਂ।" ਬਸ ਨਾਮ ਮਸ਼ਹੂਰ ਹੋ ਗਿਆ। ਸਰਕਾਰੀ ਹੁਕਮ ਹੋਣ ਤੇ ਵੀ ਇਹ ਨਾਮ ਨਾ ਹਟਿਆ। ਪਰ ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਤੇ ਓਹਨਾਂ ਦੇ ਬਚਨ ਨਾਲ ਇਸ ਵੇਲੇ ਇਸ ਨਗਰ ਦਾ ਨਾਮ ਗੁਰੂਸਰ ਸਿੰਘਾਂ ਵਾਲਾ ਮਸ਼ਹੂਰ ਹੈ, ਤੇ ਏਹੋ ਨਾਮ ਸੱਦਿਆ ਜਾਂਦਾ ਹੈ। ਚਿਠੀਆਂ ਏਸੇ ਨਾਮ ਤੇ ਪਹੁੰਚ ਜਾਂਦੀਆਂ ਹਨ।

ਏਹ ਸਭ ਸਤਿਗੁਰੂ ਦੀ ਕਿਰਪਾ ਹੋਈ ਹੈ।

ਧੰਨ ਗੁਰੂ ਹਰੀ ਸਿੰਘ

ਸਾਰੇ ਸੁਭ ਨਿਯਮਾਂ ਦੀ ਨੀਂਹ ਬੱਧੀ ਰਾਮ ਜੀ ਨੇਂ,
ਪਰ ਲਾਗੂ ਕਰਨੇ ਦਾ ਸੇਹਰਾ ਸਿਰ ਆਪ ਏ।
ਬਾਰਵੇਂ ਬਦੇਸ਼ ਗਏ ਆਪ ਨੂੰ ਕਲੇਸ਼ ਪਏ,
ਸਾਰੇ ਦੁੱਖ ਸਹੇ ਪਰ ਰਹੇ ਥਿਰ ਆਪ ਏ।
ਬੇੜੀ ਜਦੋਂ ਫਾਥੀ ਹੋਵੇ ਮੱਛਾਂ ਕੱਛਾਂ ਕੱਪਰਾਂ 'ਚ,
ਪੂਰ ਤਾਂਈਂ ਸੱਕਦਾ ਨਾ ਰਸਤਾ ਸਿੰਞਾਪ ਏ।
ਹੇਠੋਂ ਹੜ੍ਹ ਚੜ੍ਹੇ ਹੋਣ ਉਤੋਂ ਪੈਂਦੇ ਗੜੇ ਹੋਣ,
ਝੱਖੜ ਵੀ ਬੜੇ ਹੋਣ ਪਵੇ ਆਪੋ ਧਾਪ ਏ।
ਸਾਥ ਅਜੇ ਕੂਲਾ ਹੋਵੇ, ਆਗੂ ਭਾਵੇਂ ਦੂਲਾ ਹੋਵੇ,
ਪਰ ਪਰਦੇਸੀਂ ਰਿਹਾ ਹੋਵੇ ਰਾਹ ਨਾਪ ਏ।
ਅੱਤ ਦੀ ਨਿਰਾਸਤਾ 'ਚ ਬੇੜੀ ਬੰਨੇ ਲਾਣ ਵਾਲਾ,
ਗੁਰੂ ਹਰੀ ਸਿੰਘ ਸਾਰਾ ਤੇਰਾ ਪਰਤਾਪ ਏ।

ਸਾਧੂ ਸਿੰਘ ਕਿਸਾਨ

Namdhari Elibrary NamdhariElibrary@gmail.com

ਗੁਰੂ ਕੀਆਂ ਸਾਖੀਆਂ

ਬਿਸ਼ਨ ਸਿੰਘ ਹਿਸਟੋਰੀਅਨ

-1

ਮਾਈ ਪਰਤਾਪ ਕੌਰ ਦੇ ਪੰਜ-ਪੁਤਰ ਜਨਮੇਂ। ਸੁਹਣੇ, ਸੁਨੱਖੇ ਤੇ ਚੰਨ ਪਿਆਰੇ। ਪਰ ਥੋੜੇ ਚਿਰ ਦੇ ਹੋ ਕੇ ਗੁਜ਼ਰ ਜਾਂਦੇ ਰਹੇ । ਰੱਖਾਂ, ਤਵੀਤ, ਧਾਗੇ ਕਈ ਪਰਕਾਰ ਦੇ ਕੀਤੇ । ਛੇਵਾਂ ਬੱਚਾ ਵੀ ਸਵਾ ਮਹੀਨਾ ਜੀਉ ਕੇ ਚਲਾ ਗਿਆ। ਸੱਤਵੇਂ ਬੱਚੇ ਦੀ ਉਡੀਕ ਸੀ। ਜਨਮਣ ਦੇ ਦਿਨ ਨੇੜੇ ਸਨ । ਮਨ ਨੂੰ ਝੋਰਾ ਸੀ- ਏਹ ਵੀ ਕੇਹੜਾ ਜੀਵੇਗਾ ।

ਸਤਿਗੁਰੂ ਹਰੀ ਸਿੰਘ ਜੀ ਦੇ ਜੱਸ ਦੀਆਂ ਕਿਰਨਾਂ ਪ੍ਰਤਾਪ ਕੌਰ ਤੇ ਵੀ ਪਈਆਂ। ਸ਼ੋਭਾ ਸੁਣੀ। ਆਸ ਬੱਝੀ। ਮਨ ਵਿੱਚ ਅਤੀ ਅਧੀਨ ਹੋ ਅਰਦਾਸ ਕੀਤੀ-ਜੇ ਬਾਲਕ ਹੋਵੇ ਤੇ ਜੀਉਂਦਾ ਰਹੇ ਤਾਂ ਸਵਾ ਮਹੀਨੇ ਦੇ ਨੂੰ ਲੈ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਹਾਜ਼ਰ ਹੋਵਾਂ। ਉਹਨਾਂ ਦੇ ਚਰਨਾਂ ਦਾ ਜਲ ਲੈਕੇ ਬਾਲਕ ਦੇ ਮੂੰਹ ਪਾਵਾਂ ।

ਸਵਾ ਮਹੀਨੇ ਦਾ ਬਾਲ ਲੈ ਕੇ ਮਾਈ ਪ੍ਰਤਾਪ ਕੌਰ ਭੈਣੀ ਸਾਹਿਬ ਗਈ। ਗੁਰੂ ਹਰੀ ਸਿੰਘ ਜੀ ਚੌਕੀ ਤੇ ਇਸ਼ਨਾਨ ਕਰ ਰਹੇ ਸਨ। ਬੱਚਾ ਚੌਂਕੀ ਹੇਠ ਰੱਖ ਕੇ, ਹੱਥ ਜੋੜ ਕੇ, ਮਾਤਾ ਜੀਊਣ ਕੌਰ ਦੇ ਓਹਲੇ ਹੋ ਕੇ, ਪਰੇਮ ਤੇ ਸ਼ਰਧਾ ਭਰੇ ਦਿਲ ਨਾਲ ਖਲੋ ਗਈ। ਸਤਿਗੁਰਾਂ ਦੇ ਸਰੀਰ ਤੋਂ ਤਿਲਕਦਾ ਪਾਣੀ ਬਚੇ ਦੇ ਜਿੰਨਾ ਕੁ ਮੂੰਹ ਤੇ ਪੈਂਦਾ, ਉਹ ਚੂਸ ਲੈਂਦਾ।

ਇਸ਼ਨਾਨ ਕਰਕੇ ਸਤਿਗੁਰੂ ਜੀ ਨੇ ਪਊਏ ਪਾਏ, ਜਾਂ ਚੌਂਕੀ ਹੇਠ ਨਜ਼ਰ ਪਈ ਤਾਂ ਸਤਿਗੁਰਾਂ ਬਚਨ ਕੀਤਾ-ਜਗ ਜੀਊਣਾ, ਭਾਗਾਂ ਵਾਲਾ ਬੱਚਾ, ਚੁੱਕੋ ਕੀਹਦਾ ਹ? ਵਾਕ ਸੁਣਕੇ ਨਮਸਕਾਰ ਕਰਕੇ ਮਾਈ ਪ੍ਰਤਾਪ ਕੌਰ ਨੇ ਬੱਚੇ ਨੂੰ ਚੁੱਕ ਕੇ ਗਲ ਨਾਲ ਲਾ ਲਿਆ । ਟੂਣੇ ਧਾਗੇ ਤਵੀਤਾਂ ਦਾ ਤਿਆਗ ਕਰਕੇ ਮਾਈ ਗੁਰੂ ਚਰਨਾਂ ਦੀ ਪਰੇਮਣ ਹੋ ਗਈ । ਕਾਕੇ ਦਾ ਨਾਮ ਜਗਤ ਸਿੰਘ ਰੱਖਿਆ ।

ਉਸ ਪਰਵਾਰ ਵਿੱਚ, ਸਤਿਗੁਰੂ ਜੀ ਦਾ ਲਾਇਆ ਬੂਟਾ ਅਜ ਵੀ ਹਰਾ ਭਰਾ ਹੈ । ਇਸ ਪਰਵਾਰ ਦਾ ਪਿੰਡ ਛਪਾਰ ਤੇ ਜਿਲਾ ਲੁਧਿਆਣਾ ਹੈ ।

2

ਇਕ ਸਮੇਂ ਗੁਰੂ ਹਰੀ ਸਿੰਘ ਜੀ ਗੱਦੀ ਸਾਹਿਬ ਵਾਲੇ ਚੁਬਾਰੇ ਵਿੱਚ ਬੈਠੇ ਸ਼ੋਭਾ ਪਾ ਰਹੇ ਸਨ। ਇਕ ਸਰੀਰ ਨੇ ਜਾ ਕੇ ਨਮਸਕਾਰ ਕੀਤੀ। ਅਰਜ਼ ਕੀਤੀ-ਜੀ, ਮੈਨੂੰ ਨਾਮ ਦਾਨ ਬਖਸ਼ੋ। ਆਪਣਾ ਬਣਾ ਲਓ।

ਸਾਹਿਬਾਂ ਕੋਮਲ ਆਵਾਜ਼ ਵਿੱਚ ਪੁੱਛ ਕੀਤੀ ਸਿੱਖਾ, ਕੀ ਕੰਮ ਕਰਦਾ ਹੁੰਦਾ ਏਂ?

ਜੀ, ਕੱਪੜੇ ਧੋ ਕੇ ਗੁਜ਼ਾਰਾ ਕਰਦਾ ਹਾਂ, ਛੀਂਬਾ ਸਿੱਖ ਹਾਂ।

ਸਤਿਗੁਰਾਂ ਬਚਨ ਕੀਤਾ-ਭਾਈ ਕੱਪੜੇ ਨਹੀਂ ਧੋਣੇ। ਅੰਮ੍ਰਿਤ ਛਕ ਲੈ, ਨਾਮ ਲੈ ਲੈ।

"ਜੀ ਫਿਰ ਕੇਹੜਾ ਕੰਮ ਕਰਾਂ, ਦੀਨ ਦਿਆਲ ! ਪਰਵਾਰ ਦੀ ਉਦਰ ਪੂਰਨਾ ਕਿਵੇਂ ਕਰਾਂ? "ਜੇਹੜਾ ਕੰਮ ਕਰੋਗੇ ਉਹੀ ਆਵੇਗਾ।"

ਸਿੱਖ ਨੇ ਅੰਮ੍ਰਿਤ ਛਕ ਲਿਆ। ਨਾਮਧਾਰੀ ਸੱਜ ਗਿਆ। ਠਠਿਆਰਾ, ਲੁਹਾਰਾ, ਸੁਨਿਆਰਾ ਕੰਮ ਕਰਨ ਲੱਗਾ। ਲੋਕਾਂ ਦੇ ਕੱਪੜੇ ਧੋਣੇ ਛੱਡ ਦਿੱਤੇ ।

ਇਸ ਵੇਲੇ ਉਸ ਦਾ ਪਰਵਾਰ ਸਿਲਾਈ ਮਸ਼ੀਨਾਂ ਦੀ ਮੁਰੰਮਤ ਤੇ ਨਵੀਆਂ ਤਿਆਰ ਕਰਦਾ ਹੈ । ਘੜੀ ਸਾਜ਼ੀ ਤੋਂ ਉਦਰ ਪੂਰਨਾ ਕਰਦਾ ਹੈ । ਜੋ ਵੀ ਕੰਮ ਕਰਦਾ ਹੈ-ਉਸ ਚੋਂ ਹੀ ਨਾਂ ਤੇ ਮਾਣ ਹਾਸਲ ਹੁੰਦਾ ਹੈ । ਏਹ ਪਰਵਾਰ ਬਾਬਾ ਕਾਹਲਾ ਸਿੰਘ ਜੀ ਗਿਆਨੀ ਨੰਗਲ ਨਿਵਾਸੀ ਦਾ ਹੈ।

3

ਉਟਾਲਾਂ ਦੇ ਇਕ ਮਿਸਤਰੀ ਸਿੰਘ ਦੇ ਸਰੀਰ ਵਿੱਚ ਪੀੜਾਂ ਦੀ ਅਜੇਹੀ ਲਹਿਰ ਦੌੜਦੀ ਸੀ, ਜੋ ਸਰੀਰ ਲੈਣ ਤਕ ਅੱਪੜਦੀ ਸੀ। ਵੈਦਾਂ ਹਕੀਮਾਂ ਤੋਂ ਇਲਾਜ ਕਰਵਾਏ । ਕੁਝ ਬਣਦਾ ਨਹੀਂ ਸੀ । ਦਰਦਾਂ ਨਿਤ ਦਿਹਾੜੇ ਵਧਦੀਆਂ ਹੀ ਜਾਂਦੀਆਂ । ਮਿਸਤਰੀ ਪਰਵਾਰ ਆਪਣੇ ਮੋਢੀ ਨੂੰ ਨਾਲ ਲੈ ਕੇ ਗੁਰੂ ਹਰੀ ਸਿੰਘ ਜੀ ਦੀ ਸ਼ਰਨੀ ਆਇਆ। ਅਰਜ਼ ਕੀਤੀ- ਸਰੀਰ ਬੜਾ ਦੁਖੀ ਹੈ । ਕਿਰਪਾ ਕਰੋ, ਕਸ਼ਟ ਕੱਟੋ।

ਗੁਰੂ ਹਰੀ ਸਿੰਘ ਜੀ ਬਚਨ ਕੀਤਾ-ਗੁਰੂ ਨਿੰਦਾ ਕਰਨ ਤੋਂ ਹੀ ਸਰੀਰ ਦੁੱਖੀ ਹੁੰਦਾ ਹੈ। ਹੁਣ ਕਦੇ ਨਿੰਦਾ ਨਾ ਕਰਨੀ ।

ਬਾਕੀ ਸਫ਼ਾ 170 'ਤੇ........

Namdhari Elibrary NamdhariElibrary@gmail.com

ਮਾਤਾ ਜੀਉਣ ਕੌਰ

ਤਰਨ ਸਿੰਘ ਵਹਿਮੀ

ਮਾਤਾ ਜੀ ਦਾ ਜਨਮ ਜ਼ਿਲਾ ਹਿਸਾਰ ਦੇ ਪਿੰਡ ਥਰਾਜ ਵਿਚ ਦੰਦੀਵਾਲ ਗੋਤ ਦੇ ਜ਼ਿਮੀਦਾਰ ਸ: ਖੁਸ਼ਾਲ ਸਿੰਘ ਜੀ ਦੇ ਗ੍ਰਿਹਿ ਵਿਚ ਮਾਤਾ ਭਾਗਭਰੀ ਦੀ ਕੁਖੋਂ 1916 ਬਿਕ੍ਰਮੀ ਚੇਤ ਦੇ ਮਹੀਨੇ ਹੋਇਆ । ਆਪ ਦੀ ਭੈਣ ਫਤਹਿ ਕੌਰ ਆਪ ਤੋਂ 4-5 ਸਾਲ ਛੋਟੀ ਸੀ ਤੇ ਇਕ ਭਰਾ 4-5 ਸਾਲ ਵੱਡਾ ਸੀ ਜਿਸ ਦਾ ਨਾਮ ਚੂਹੜ ਸਿੰਘ ਸੀ । ਆਪ ਦੇ ਪਿਤਾ ਸ. ਖੁਸ਼ਾਲ ਸਿੰਘ ਜੀ ਨੇ ਲਕਦੀ (ਚਾਦਰਾ) ਨਾਲ ਹੀ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਲਿਆ ਸੀ ਕਕਾਰਾਂ ਦੀ ਮਰਯਾਦਾ ਬਾਦ ਵਿਚ ਧਾਰਨ ਕੀਤੀ ਸੀ । ਹਿਸਾਰ ਦਾ ਸੂਬਾ ਆਪ ਨੂੰ ਸਤਿਗੁਰੂ ਜੀ ਨੇ ਉਸੇ ਦਿਨ ਥਾਪ ਦਿੱਤਾ ਸੀ ਜਿਸ ਦਿਨ ਭਜਨ ਦਿਤਾ ਸੀ । ਸਤਿਗੁਰੂ ਜੀ ਨੇ ਕਈ ਵਾਰ ਆਪ ਦੇ ਘਰ ਚਰਨ ਪਾਏ ਸਨ ਤੇ ਆਪ ਵੀ ਭੈਣੀ ਸਾਹਿਬ ਦਰਸ਼ਨ ਕਰਨ ਲਈ ਹਮੇਸ਼ਾਂ ਜਾਂਦੇ ਔਂਦੇ ਰਹਿੰਦੇ ਸਨ ! ਏਸ ਸੰਗਤ ਦਾ ਪ੍ਰਭਾਵ ਬਾਕੀ ਪਰਿਵਾਰ ਤੇ ਵੀ ਪਿਆ। ਇਕ ਵਾਰ ਜਾਂਦੇ ਹੋਏ , ਆਪ ਦੋਹਾਂ ਧੀਆਂ ਨੂੰ ਵੀ ਭੈਣੀ ਸਾਹਿਬ ਨਾਲ ਲੈ ਗਏ । ਛੋਟੀ ਧੀ ਫਤਹਿ ਕੌਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹਜ਼ੂਰ ਏਹ ਪਉੜੀ ਪੜੀ-

ਤੁਧੁ ਧਿਆਇਨਿ੍ ਬੇਦ ਕਤੇਬਾ ਸਣੁ ਖੜੇ ।
ਗਣਤੀ ਗਣੀ ਨ ਜਾਇ ਤੇਰੈ ਦਰ ਪੜੇ।
ਬ੍ਰਹਮੇ ਤੁਧੁ ਇਆਇਨਿ੍ ਇੰਦ੍ਰ ਇੰਦ੍ਰਾਸਣਾ।
ਸੰਕਰ ਬਿਸਨ ਅਵਤਾਰ ਹਰਿ ਜਸੁ ਮੁਖਿ ਭਣਾ॥

ਛੋਟੀ ਜੇਹੀ ਉਮਰ ਦੀ ਬੀਬੀ ਤੋਂ ਏਹ ਸ਼ਬਦ ਸੁਣਕੇ ਸਤਿਗੁਰ ਜੀ ਬੜੇ ਖ਼ੁਸ਼ ਹੋਏ ਤੇ ਦੋਹਾਂ ਨੂੰ ਇਕ-ਇਕ ਸੰਤਰਾ ਦਿਤਾ । ਮਾਤਾ ਜੀਉਣ ਕੌਰ ਦੇ ਸਿਰ ਤੇ ਹਥ ਰਖਕੇ ਕਿਹਾ - ਏਹ ਜਗਤ ਮਾਤਾ ਹੈ।

ਬਾਬਾ ਜੱਸਾ ਸਿੰਘ ਜੀ ਨੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਤੋਂ ਪੋਤਿਆਂ ਦੀ ਮੰਗ ਕੀਤੀ ਤਾਂ ਆਪਨੇ ਫੁਰਮਾਇਆ ਕਿ ਮੇਰੇ ਤਾਂ ਨਹੀਂ ਪਰ ਬੁਧ ਸਿੰਘ ਦੇ ਪੁਤਰ ਹੋਣਗੇ । ਬਾਬਾ ਕਾਹਨ ਸਿੰਘ ਜੀ ਗੜ੍ਹੀ ਵਾਲਿਆਂ ਨੂੰ ਇਕ ਵਾਰ ਸਤਿਗੁਰਾਂ ਦੱਸਿਆ ਕਿ ਪ੍ਰਤਾਪ ਸਿੰਘ ਬੜੇ ਪ੍ਰਤਾਪ ਵਾਲਾ ਹੋਵੇਗਾ ।

ਇਕ ਸਮੇਂ ਰਾਮਸਰ ਦੇ ਪਿੱਪਲਾਂ ਨੂੰ ਵਾੜ ਦੇ ਕੇ ਪਾਣੀ ਪਾਂਦਿਆਂ ਦੇਖ ਇਕ ਸਿੱਖ ਨੇ ਅਰਜ ਕਤੀ ਕਿ ਆਪਨੇ ਕਈ ਵਾਰ ਆਖਿਆ ਹੈ-ਅਸਾਂ ਪ੍ਰਦੇਸ ਚਲੇ ਜਾਣਾ ਹੈ । ਭਾਣਾ ਵਰਤੇਗਾ । ਰੁਖਾਂ ਦੇ ਟੁੰਡ ਮੁੰਡ ਰੈਹ ਜਾਣਗੇ । ਬਾਰ੍ਹੀਂ ਕੋਹੀਂ ਦੀਵਾ ਬਲੇਗਾ ! ਫੇਰ ਆਪ... ਏਹਨਾਂ ਪਿਪਲਾਂ ਦੀ ਕਿਉਂ ਏਨੀ ਸਾਂਭ ਕਰਦੇ ਹੋ ? ਸਤਿਗੁਰਾਂ ਕਿਹਾ ਭਾਈ ਏਨਾਂ ਥੱਲੇ ਸੰਗਤਾਂ ਰੌਣਕਾਂ ਕਰਨਗੀਆਂ ਸੁੱਖ ਮਾਨਣਗੀਆਂ ਤੇ ਫੇਰ ਭਾਣੇ ਪਿਛੋਂ ਏਨਾਂ ਦੇ ਮੁਢਾਂ ਤੋਂ ਪਤਾ ਲੱਗੇਗਾ ਕਿ ਏਥੇ ਰਾਮਸਰ ਹੈ ਤੇ ਏਥੇ ਭੈਣੀ ਸਾਹਿਬ ਦਾ ਸਥਾਨ ਹੈ। ਸੁੱਖ ਦੇ ਸਾਲ ਲੰਘ ਦਿਆਂ ਕੋਈ ਡਰ ਨਹੀਂ ਲੱਗਦਾ । ਸੰਮਤ 1928 ਮਾਘ ਦੀ 5-7 ਨੂੰ ਗਊ ਗਰੀਬ ਤੇ ਦੇਸ਼ ਵਾਸਤੇ, ਤੋਪਾਂ ਸੌਹੇਂ ਸੂਰਮੇਂ ਹੱਸ ਹੱਸ ਖੜੇ ਤੂੰ ਬੇਅੰਤ ਤੂੰ ਬੇਅੰਤ ਕੈਂਹਦੇ ਤੂੰਬੇ ਹੋ ਗਏ । ਸਤਿਗੁਰੂ ਜੀ ਕਰਮੋ ਗੁੱਜਰਵਾਲ ਵਾਲੀ ਦੀ ਭੇਟਾ ਕੀਤੀ ਕਾਲੀ ਕਮਲੀ ਪਹਿਰ ਗੱਡੇ ਤੇ ਬੈਠ ਪ੍ਰਦੇਸ ਨੂੰ ਟੁਰ ਪਏ । ਭਾਈ ਬੁੱਧ ਸਿੰਘ ਜੀ ਹੱਥ ਜੋੜ ਗਲ ਵਿਚ ਪੱਲਾ ਪਾ ਚਰਨਾਂ ਵਿਚ ਖੜੋ ਕੇ ਅਰਜ ਕੀਤੀ--ਸੱਚੇ ਪਾਤਸਾਹ ! ਮੈ ਸਭ ਦੋਸ਼, ਜੋ ਆਪ ਤੇ ਲਾਏ ਜਾਂਦੇ ਹਨ, ਮੰਨਕੇ ਪ੍ਰਦੇਸ ਨੂੰ ਜਾਂਦਾ ਹਾਂ ਤੁਸੀਂ ਏਥੇ ਰਵੋ੍ ਤੁਹਾਡੇ ਬਿਨਾਂ ਸਿੱਖੀ ਰੁਲ ਜਾਏਗੀ ! ਸਤਿਗੁਰ ਜੀ , ਧੀਰਜ ਦੇਂਦਿਆਂ ਕਿਹਾ-ਬਦੇਸੀਂ ਮੇਰੇ ਹੀ ਜਾਣ ਦਾ ਕੰਮ ਹੈ । ਮੈਂ ਕਈ ਵਾਰੀ ਜੋ ਤੁਹਾਨੂੰ ਕਿਹਾ ਹੈ ਮੇਰੇ ਗਏ ਬਿਨਾਂ ਧਰਮ ਨਹੀਂ ਟੁਰਨਾ । ਜਦ ਤਕ ਏਹ ਬਿਲੇ ਮੈਨੂੰ ਨਹੀਂ ਹੱਥ ਪਾਂਦੇ ਏਹਨਾਂ ਦੀਆਂ ਜੜ੍ਹਾਂ ਖੋਖਲੀਆਂ ਨਹੀਂ ਹੁੰਦੀਆਂ । ਤੁਸਾਂ ਤਕੜੇ ਹੋਕੇ ਭਜਨ ਬਾਣੀ ਕਰਨਾਂ ਤੇ ਸੰਗਤ ਤੋਂ ਕਰੌਣਾ। ਅਬਾਦੀ ਬਰਬਾਦੀ ਵਿੱਚ ਤੇ ਰੌਣਕ ਭਿਆਨਕਤਾ ਵਿਚ ਬਦਲ ਗਈ। ਤਿੰਨ ਸਾਲ ਸਤਿਗੁਰੂ ਜੀ ਦਾ ਕੋਈ ਪਤਾ ਨ ਲੱਗੇ। ਨਾਮਧਾਰੀਆਂ ਅਤੇ ਭੈਣੀ ਸਾਹਿਬ ਨਾਲ ਉਹ ਬੀਤੀ ਜੋ ਕੈਹਣ ਤੋਂ ਪਰ੍ਹੇ ਹੈ ਪੰਜ ਸਿਖ ਕਿਤੇ ਕੱਠੇ ਨ ਹੋਣ ਦਿਤੇ ਜਾਂਦੇ । ਗੁਰਮੰਦਰ ਤੇ ਲੰਗਰ ਦੇ ਬੂਹੇ ਉੱਤੇ ਪੁਲਸ ਦਾ ਪੈਹਰਾ ਏਡਾ ਕਰੜਾ ਕੀਤਾ ਗਿਆ ਕੇ ਨ ਕੋਈ ਅੰਦਰੋਂ ਵੜ ਸਕਦਾ ਨਾ ਅੰਦਰੋਂ ਬਾਹਰ ਜਾ ਸਕਦਾ ਸਵਾਏ ਪੰਜਾਂ ਸੱਤਾਂ ਦੇ। ਲੁਧਿਆਣੇ ਬਾਰਬਟਨ ਦੀ ਮੇਮ ਨੂੰ ਤਰਸ ਆਇਆ ਤੇ ਓਸ ਸਭ ਪਤਾ ਦੱਸ ਦਿਤਾ ਦਰਬਾਰਾ ਸਿੰਘ ਜੀ ਰਾਏ ਪੁਰ

Namdhari Elibrary NamdhariElibrary@gmail.com

ਵਾਲਿਆਂ ਨੂੰ। ਸੰਤ ਜੀ ਰੰਗੂਨ ਪੁੱਜ ਪ੍ਰੀਤਮ ਦੇ ਦਰਸ਼ਨ ਕਰ ਹੁਕਮ ਨਾਮਾਂ ਲਿਆਏ 1931 ਬਿ ਵਿਚ । ਜਿਸ ਨੂੰ ਪੜ੍ਹਕੇ ਫੂਕ ਦੇਣ ਦਾ ਹੁਕਮ ਸੀ । ਸੋ ਸ੍ਰੀ ਭੈਣੀ ਸਾਹਿਬ ਆ ਸੰਗਤ ਨੂੰ ਸੁਣਾ ਕੇ ਫੂਕ ਦਿੱਤਾ ਗਿਆ। ਇਸ ਵਿਚ ਪਰਦੇਸੀ ਪਰੀਤਮ ਲਿਖਿਆ ਸੀ-ਇਸ ਨੂੰ ਸਿਰ ਕਰਤਾ ਜਾਨਣਾ । ਮੇਰੇ ਧੱਕੇ ਨੂੰ ਇਹ ਬਖਸ ਸਕੇਗਾ ਏਸ ਦੇ ਧੱਕੇ ਨੂੰ ਮੈਂ ਨਹੀਂ ਬਖਸ਼ਾਂਗਾ। ਅੱਜ ਤੋਂ ਇਸ ਦਾ ਨਾਮ ਬੁਧ ਸਿੰਘ ਤੋਂ ਹਰੀ ਸਿੰਘ ਹੋਇਆ । ਇਹ ਸਿਖੀ ਨੂੰ ਹਰਿਆ ਰਖੇਗਾ।

ਇਹ ਹੁਕਮਨਾਮਾਂ ਸੁਣ ਸੰਗਤ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ । ਤੇ ਚੇਤੇ ਔਣ ਲਗ ਪਿਆ ਜੋ ਗੰਗਾ ਤੇ ਸਤਿਗੁਰੂ ਰਾਮ ਸਿੰਘ ਜੀ ਗੋਲੀ ਵਾਲਾ ਚੋਜ ਕਰਦਿਆਂ ਕਿਹਾ ਸੀ ਇਹ ਕੰਮ ਤੇਰਾ ਤੇ ਮੇਰਾ ਈ ਏ। 1925 ਵਿਚ ਹਲ ਸੁਟੌਣ ਪਿੱਛੋਂ ਇਕ ਸਮੇਂ ਭਰੇ ਦੀਵਨ ਵਿੱਚ ਸਤਿਗੁਰੂ ਜੀ ਚੋਜ ਕੀਤਾ ਸੀ। ਆਪਨੂੰ ਆਪਣੇ ਜੈਸੀ ਪੁਸ਼ਾਕ ਪਹਿਰਾ ਬਰਾਬਰ ਬਿਠਾ ਸੰਗਤ ਨੂੰ ਕਿਹਾ ਸੀ- ਦੇਖੋ! ਮੇਰੇ ਤੇ ਇਹਦੇ ਵਿਚ ਕੀ ਫਰਕ ਹੈ ।

ਸਿੱਖ ਸਤਿਗੁਰੂ ਰਾਮ ਸਿੰਘ ਜੀ ਦਾ ਦਰਸ਼ਨ ਕਰਨ ਸਮੁੰਦਰਾਂ ਪਾਰ ਰੰਗੂਨ ਜਾਂਦੇ ਤੇ ਹੁਕਮਨਾਮੇ ਲਿਔਂਦੇ ।

ਸਮੁੰਦੁ ਸਾਗਰੁ ਹੋਵੈ ਬਹੁ ਖਾਰਾ
ਗੁਰਸਿਖੁ ਲੰਘਿ ਗੁਰ ਪਹਿ ਜਾਈ ।

ਅੰਕ 757, ਮ: 4

ਨਾਗਾਂ ਵਾੜ ਸਮੁੰਦ ਘਰ
ਕੇਹਰ ਖੜੇ ਕੰਨ ।
ਜੇ ਜਮ ਹੋਵੇ ਪਾਹਰੂ
ਪ੍ਰੇਮੀ ਜਾਇ ਮਿਲੰਨ ।

ਦੇ ਵਾਕ ਵਰਤਨ ਲਗੇ ।

ਸਾਗਰ ਮੇਰ ਉਦਿਆਨ ਬਨ ਨਵ ਖੰਡ ਬਸੁਧਾ ਭਰਮ ।
ਮੂਸਨ ਪ੍ਰੇਮ ਪਿਰੰਮ ਕੈ ਗਨਉ ਏਕ ਕਰਿ ਕਰਮ।

ਕਈ ਹੁਕਮਨਾਮੇਂ ਆਂਦੇ ਤੇ ਕਈ ਫੜੇ ਗਏ । ਸੰਤ ਨਰੈਣ ਸਿੰਘ ਜੀ ਰੋੜਿਆਂ ਵਾਲਿਆਂ ਪਾਸੋਂ 34 ਇਕੱਠੇ ਹੀ ਫੜੇ ਗਏ ਸੀ। ਕਈ ਪ੍ਰਦੇਸ਼ਾਂ ਵਿਚ ਹੀ ਫੜੇ ਗਏ । 5-6 ਸਾਲਾਂ ਪਿੱਛੋਂ ਦਸ ਸਿੱਖ ਅੱਠੀਂ ਪਹਰੀਂ ਡੇਰੇ ਦੇ ਅੰਦਰ ਤਲਾਸ਼ੀ ਲੈ ਕੇ ਜਾਣ ਦਿੱਤੇ ਜਾਂਦੇ, ਅਗਲੇ ਰੋਜ਼ ਤਲਾਸ਼ੀ ਲੈ ਉਹਨਾਂ ਨੂੰ ਬਾਹਰ ਕਰਦੇ। ਸੰਗਤਾਂ ਨੇ ਸੁਣ ਵਹੀਰਾਂ ਪਾ ਲਈਆਂ। ਟਿੱਬਿਆਂ ਤੇ ਕਈ ਕਈ ਰਾਤਾਂ ਗੁਜਾਰਦੇ। ਮਾਈ ਖਾਨੇ ਵਾਲੀ ਅੜ੍ਹੀ ਜੋ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਤੇ ਦਰਸ਼ਨ ਦੀ ਬੜੀ ਰੀਝ ਰੱਖਦੀ ਸੀ 60 ਕੋਹਾਂ ਤੋਂ ਘੋੜੇ ਤੇ ਚੜ੍ਹ, ਸੇਵਕ ਨਾਲ ਲੈ ਗੁਰੂ ਹਰੀ ਸਿੰਘ ਜੀ ਦਾ ਦਰਸ਼ਨ ਕਰ, ਦੂਜੇ ਦਿਨ ਸਾ ਦਿਹਾੜੀ ਵਿਚ ਖਾਨੇ ਜਾ ਪੁੱਜਦੀ। ਸਾਲ ਵਿਚ ਦੋ ਚਾਰ ਵਾਰੀ ਏਸੇ ਤਰਾਂ ਦਰਸ਼ਨ ਕਰਦੀ। ਮਾਤਾ ਜੀਊਣ ਕੌਰ ਜੀ ਭੀ ਭਜਨ ਸੇਵਾ ਦੇ ਪਿਆਰ ਵਿਚ ਪਿਤਾ ਜੀ ਦੇ ਪ੍ਰੇਮ ਪਰਤਾਪ, ਖਾਨੇ ਵਾਲੀ ਦੀ ਸੇਵਾ ਵਿਚ ਰਹਿੰਦੇ ਸਨ। ਸਰਕਾਰੀ ਕਰਮਚਾਰੀਆਂ ਨੂੰ ਇਹ ਨਾ ਭਾਇਆ, ਮਾਤਾ ਜੀ ਨੂੰ ਬਹਾਦਰਗੜ੍ਹ ਪਟਿਆਲੇ ਦੇ ਕਿਲ੍ਹੇ ਚੋਂ ਫੜ੍ਹ ਥਾਣੇ ਥਾਣੀਂ ਲੁਧਿਹਾਣੇ ਫਿਰੋਜ਼ਪੁਰ ਆਦਿ 3 ਮਹੀਨੇ ਰੋਲ ਛੱਡਿਆ। ਥਾਣਿਆਂ ਵਿਚ ਮਾਤਾ ਜੀ ਨਾਲ ਕਦੀ ਥੰਮਣ ਸਿੰਘ ਧਿੰਗੜਾਂ ਤੇ ਕਦੀ ਬਾਬਾ ਲਾਲ ਸਿੰਘ ਜੀ ਲਤਾਲਾ ਤੇ ਕਦੇ ਮਾਤਾ ਜੀ ਦੇ ਪਿਤਾ ਬਾਬਾ ਖੁਸ਼ਾਲ ਸਿੰਘ ਜੀ ਰਹੇ। ਇਸ ਸਮੇਂ ਮਾਤਾ ਜੀ ਦੀ ਉਮਰ 18-19 ਸਾਲ ਦੀ ਭਰ ਜਵਾਨ ਸੀ ।

ਗੁਰੂ ਹਰੀ ਸਿੰਘ ਜੀ ਦੇ ਮਹਿਲ ਮਾਈ ਸਾਹਬੋ ਦੀ ਦੇਹ ਪਹਿਲੋਂ ਤੋਂ ਹੀ ਕੁਝ ਢਿੱਲੀ ਰਹਿੰਦੀ ਸੀ । ਸਤਿਗੁਰੂ ਰਾਮ ਸਿੰਘ ਜੀ ਨੇ ਇਕ ਸਮੇਂ ਕਿਹਾ ਸੀ ਤੇਰਾ ਵਿਆਹ ਕਰ ਦੇਈਏ? ਗੁਰੂ ਹਰੀ ਸਿੰਘ ਜੀ ਚੁੱਪ ਕਰ ਰਹੇ । ਸਤਿਗੁਰੂ ਜੀ ਕਿਹਾ ਇਕ ਵੱਲੋਂ ਜਾਨਾਂ ਏਂ ਦੋ ਹੋਣਗੇ । ਉਸ ਵੇਲੇ ਏਸ ਬਚਨ ਨੂੰ ਕੌਣ ਸਮਝਦਾ ਸੀ ।

ਸਤਿਗੁਰ ਜੀ ਪ੍ਰਦੇਸ ਚਲੇ ਗਏ। ਮਾਈ ਸਾਹਬੋ ਜੀ ਮਾਦਪੁਰ ਵਾਲੇ ਚੜ੍ਹਾਈ ਕਰ ਗਏ। ਇਕ ਸਮੇਂ ਸੰਗਤ ਬੈਠੀ ਸੀ ਤੇ ਬਾਬੇ ਜੱਸੇ ਦੀ ਪੋਤ੍ਰਿਆਂ ਵਾਲੀ ਮੰਗ ਪੂਰੀ ਹੋਣ ਦਾ ਬਚਨ ਚਲਿਆ ਤਾਂ ਗੁਰੂ ਹਰੀ ਸਿੰਘ ਜੀ ਨੇ ਕਿਹਾ ਮੈਨੂੰ ਹੁਣ ਕਿਸ ਡੋਲਾ ਦੇਣਾ ਹੈ। ਬਾਬੇ ਸ਼ੇਰ ਸਿੰਘ ਜੀ ਮਸਤ ਡੱਫਰਕੇ ਜ਼ਿਲ੍ਹਾ ਲਹੌਰ ਵਾਲੇ ਕਿਹਾ- ਇਕ ਕੀ ਦੋ ਤੇ ਦੋ ਵੀ ਜੱਟੀਆਂ । ਇਹ ਸੁਣਦਿਆਂ ਗੁਰੂ ਹਰੀ ਸਿੰਘ ਜੀ ਕਿਹਾ- ਬਸ ਬਸ ਕੁਝ ਹੋਰ ਨ ਆਖੀਂ। ਬਾਬਾ ਸ਼ੇਰ ਸਿੰਘ ਜੀ ਮਸਤ ਹੋਕੇ ਜੋ ਬੋਲੇ ਕਰਦੇ ਸਚ ਹੁੰਦੇ। ਇਹ ਕਿਹਾ ਕਰਦੇ ਜਿਊਣ ਕੌਰ ਚੋਂ ਪ੍ਰਤਾਪ ਸਿੰਘ ਬੜੇ ਪਰਤਾਪ ਵਾਲਾ ਹੋਵੇਗਾ। ਲੋਕ ਸੋਚਦੇ ਝੂਠ ਭੀ ਨਹੀਂ ਹੋ ਸਕਦਾ ਤੇ ਸਚ ਕਿਵੇਂ ਜਾਣੀਏ।

1944 ਦੀ ਗਲ ਹੈ, ਬਾਬਾ ਖੁਸ਼ਾਲ ਸਿੰਘ ਜੀ ਮਾਤਾ ਜੀਊਣ ਕੌਰ ਜੀ ਦਾ ਸੁਭਾ, ਸੇਵਕ ਪੁਣਾਂ ਤੇ ਬੰਦਗੀ ਵੇਖ ਕੇ ਸੋਚਿਆ ਕਿ ਇਹ ਮਾਤਾ ਜੀ ਦੇ ਥਾਂ ਹੋਣ ਜੋਗ ਹੈ ਤੇ ਸਤਿਗੁਰੂ ਰਾਮ ਸਿੰਘ ਜੀ ਇਸ ਨੂੰ ਜਗਤ ਮਾਤਾ ਭੀ ਕਿਹਾ ਸੀ ਇਹ ਸੋਚ ਭੈਣੀ ਸਾਹਿਬ ਲਿਆਕੇ ਗੁਰੂ ਹਰੀ ਸਿੰਘ ਜੀ ਨਾਲ ਅਰਦਾਸਾ ਕਰ ਦਿੱਤਾ। ਇਸ ਸਮੇਂ ਮਾਤਾ ਜੀ 28 ਸਾਲ ਦੇ ਸਨ। ਪਿਤਾ ਜੀ ਕਿਹਾ ਜਿਊਣ ਕੌਰੇ ਤੂੰ ਜਗਤ ਮਾਤਾ ਹੈਂ ਤੇਰੇ ਹੱਥੋਂ ਸਭ ਜੀਆਂ ਲੈ ਕੇ ਛਕਣਾ ਹੈ ਤੇ ਨਾਮਧਾਰੀਆਂ ਨੂੰ

Namdhari Elibrary NamdhariElibrary@gmail.com

ਵਰੋਸੌਣਾਂ ਹੈ ਤੂੰ । ਸਭ ਦੀ ਇਕ ਸਮਾਨ ਸੇਵਾ ਕਰਨੀ ਹੈ। ਇਹ ਤਾਂ ਹੋ ਆਵੇ ਜੇ ਤੂੰ ਕੁਰਸੀ, ਜ਼ੁਰਾਬਾਂ, ਪੱਖਾ, ਛਤ੍ਰੀ, ਘੁਟਾਣਾਂ, ਮੰਜੇ ਤੇ ਬੈਠ ਪ੍ਰਸ਼ਾਦ ਛਕਣਾਂ ਤੇ ਬਦੇਸ਼ੀ ਬਸਤਰ ਦਾ ਤਿਆਗ ਰੱਖੇਂਗੀ । ਪਿਤਾ ਜੀ ਦੀਆਂ ਮੱਤਾਂ ਆਪਨੇ, ਅਜੇਹੀਆਂ ਕੰਨੀ ਬੱਧੀਆਂ ਜੋ ਨਾਲ ਹੀ ਨਿਭੀਆਂ। ਹਾਂ ਜੇ ਥੱਕ ਜਾਣ ਤਾਂ ਜਨਾਨੇ ਤੋਂ ਲਤੜਵਾ ਭਾਵੇਂ ਲੈਣ ਪਰ ਘੁਟੌਂਦੇ ਨਹੀਂ ਸਨ।

ਸਤਿਗੁਰੂ ਰਾਮ ਸਿੰਘ ਜੀ ਦੇ ਦਰੋਂ ਘਰੋਂ ਸਭਨਾਂ ਆਇਆਂ ਨੂੰ ਪ੍ਰਸ਼ਾਦਾ ਤਾਂ ਉਦੋਂ ਤੋਂ ਹੀ ਮਿਲਦਾ ਹੈ ਜਦੋਂ ਤੋਂ ਗੁਰੂ ਜੀ ਨੌਕਰੀ ਛਡ ਆਏ ਸਨ। ਪਰ 1918 ਸੰਮਤ ਤੋਂ ਤਾਂ ਟੋਕਰੇ ਵਿਚ ਪ੍ਰਸ਼ਾਦੇ ਪਾਕੇ ਡਿਓਢੀ ਵਿਚ ਸਦਾ ਬਰਤ ਲਾ ਰਖਿਆ ਹੈ । ਗੁਰ ਹਰੀ ਸਿੰਘ ਜੀ ਤੇ ਲੰਗਰ ਦਾ ਏਨਾਂ ਭਾਰ ਪੈ ਗਿਆ ਕਿ ਆਪ ਕਹਿੰਦੇ ਹੁੰਦੇ ਸਨ ਮੇਰੀ ਧੌਣ ਏਸੇ ਭਾਰ ਨੇ ਹੀ ਨੀਵੀਂ ਕਰ ਦਿਤੀ ਹੈ । ਪਰ ਆਪਨੇ ਲੋਹ ਲੰਗਰ ਨਹੀਂ ਸੀ ਗੁਰੂ ਰਾਮ ਸਿੰਘ ਜੀ ਦਾ ਖਲੋਣ ਦਿੱਤਾ। ਜਦੋਂ ਉੱਕਾ ਹੀ ਡੇਰੇ ਦੀ ਆਰਥਿਕਤਾ ਕਮਜ਼ੋਰ ਹੋ ਗਈ ਤਦ ਸਤਿਗੁਰੂ ਸਿਖਾਂ ਦੇ ਦਿਲ ਵਿਚ ਵੱਸੇ ਤੇ ਓਹਨਾਂ ਸੋਚਿਆ ਕਿਵੇਂ ਕੰਮ ਚੱਲੇਗਾ। ਨ ਕਿਤੇ ਜਾਣਾਂ ਮਿਲਦਾ ਹੈ ਗੁਰੂ ਹਰੀ ਸਿੰਘ ਜੀ ਨੂੰ ਤੇ ਨਾਂ ਸੰਗਤ ਨੂੰ ਹੀ ਅੰਦਰ ਵੜਨ ਦਿਤਾ ਜਾਂਦਾ ਹੈ ਗੁਰਦੁਆਰੇ ਦੇ ।ਤੇ ਰਲੇ ਬਾਬਾ ਬਘੇਲ ਸਿੰਘ ਜੀ ਨਾਰਲੀ ਜ਼ਿਲ੍ਹਾ ਲਾਹੌਰ, ਕਾਹਨ ਸਿੰਘ ਜੀ ਬੁਰਜ ਜਿਲਾ ਅੰਮ੍ਰਿਤਸਰ, ਨੱਥਾ ਸਿੰਘ ਜੀ ਗਾਦੜੀ ਵਾਲ, ਸਬੇਗ ਸਿੰਘ ਜੀ ਮਰ੍ਹਾਣਾ ਜ਼ਿਲ੍ਹਾ ਅੰਮ੍ਰਿਤਸਰ, ਬੂਟਾ ਸਿੰਘ ਜੀ ਲਾਖਣਾ ਜ਼ਿਲਾ ਅੰਮ੍ਰਿਤਸਰ ਪਹਿਲਿਆਂ ਤਿੰਨਾਂ ਹਜਾਰ ਹਜਾਰ ਤੇ ਚੌਥਿਆਂ ਪੰਜ ਸੌ ਘਰੋਂ ਪਾਇਆ ਗੁਰੂ ਕੇ ਲੰਗਰ ਲਈ ਤੇ ਫਿਰ ਝੋਲੀ ਬੰਨ ਅਰਦਾਸਾ ਕਰ ਸੰਗਤ ਚੋ ਉਗਰਾਹੀ ਸ਼ੁਰੂ ਕੀਤੀ। ਮਾਤਾ ਜਿਊਣ ਕੌਰ ਜੀ ਆਈਆਂ ਸੰਗਤਾਂ ਦੀ ਸੇਵਾ ਕਰਦੇ ਤੇ ਜਾਂਦੀਆਂ ਦੀਆਂ ਝੋਲੀਆਂ ਰਾਹੇ ਵਰਤਨ ਲਈ ਭਰਦੇ ਜੋ ਪਦਾਰਥ ਦੇਂਦੇ ਜਿੱਡਾ ਆਪਦਾ ਬੁੱਕ ਸੀ ਭਰਕੇ ਧੱਕਵਾ ਹੀ ਪਦਾਰਥ ਦੇਦੇ। ਲੈਣ ਵਾਲਾ ਹੀ ਬਸ ਕੈਂਹਦਾ ਸੀ । 'ਦੇਦਾ ਦੇ ਲੈਂਦੇ ਥਕਿ ਪਾਹਿ' ਇਹ ਮਾਤਾ ਜੀ ਨੇ ਹੀ ਵਰਤਾਇਆ ਸੀ। ਇਕ ਵੇਰ ਕੌਲਾ ਸਿੰਘ ਜੀ ਗਾਡੀ ਗੁਰੂ ਕੇ ਉਗਰਾਹੀਏ ਆਪਣੇ ਪਿੰਡ ਮੌਲੀ ਜ਼ਿਲ੍ਹਾ ਅੰਬਾਲਾ ਗਏ ਤੇ ਓਥੇ ਆਖਿਆ ਜਿਹੋ ਜੇਹਾ ਦਾਨੀ ਤੇ ਦਿਲ ਵੱਡਾ ਮੇਰੀ ਮਾਤਾ ਕੌਰ ਦਾ ਹੈ ਹੋਰ ਕਿਸੇ ਦਾ ਨਹੀ, ਲੈਣ ਵਾਲਾ ਹੀ ਬੱਸ ਕੈਂਹਦਾ ਹੈ, ਓਹ ਨਹੀਂ। ਇਹ ਸੁਣਕੇ ਇੱਕ ਸਿੱਖ ਅਜਮੌਣ ਲਈ ਓਸੇ ਵੇਲੇ ਤੱਕ ਭੈਣੀ ਸਾਹਿਬ ਮਾਤਾ ਜੀ ਪਾਸ ਆਇਆ ਤੇ ਅਰਜ਼ ਕੀਤੀ ਮੇਰਾ ਟੱਬਰ ਵੱਡਾ ਹੈ ਜੋ ਬਾਹਰ ਬੈਠਾ ਹੈ ਵਰਤਦਾ ਪਦਾਰਥ ਦਿਓ । ਉਸ ਪੱਲਾ ਵਿਛਾਇਆ ਤੇ ਮਾਤਾ ਜੀ ਭਾਂਡਾ ਭਰ ਦਿਤਾ ਆਟੇ ਤੇ ਖੰਡ ਘਿਉ ਦਾ ਬਾਹਰ ਜਾ ਕੇ ਲੁੱਦ ਕੇ ਫੇਰ ਆ ਮੰਗਿਆ। ਏਸ ਤਰਾਂ ਇਕੋ ਦਿਨ ਵਿੱਚ ਜਦ ਤੀਜੀ ਵਾਰੀ ਮਾਤਾ ਜਿਓਣ ਕੌਰ ਜੀ ਨੇ ਉਸਦੇ ਪੱਲੇ ਤੇ ਭਾਂਡਿਆਂ ਵਿਚ ਖੁਲ੍ਹੇ ਹੱਥ ਨਾਲ ਪਦਾਰਥ ਪਾਇਆ ਤਾਂ ਉਹ ਹੱਥ ਜੋੜ ਕੇ ਚਰਨੀ ਲਗ ਗਿਆ ਤੇ ਆਖੇ ਮਾਤਾ ਜੀ ਮੈਂ ਜੈਸੀ ਸੁਣ ਆਇਆ ਸਾਂ ਤੈਸੀ ਦੇਖੀ ਹੈ ਅਰਜ਼ ਕਰ ਸਿੱਖ ਹੋ ਭਜਨ ਲੈ, ਪਿੰਡ ਗਿਆ। ਮੇਰੇ ਮਾਤਾ ਜੀ ਬਿਰਧ ਜਿਨ੍ਹਾਂ ਦੀ ਉਮਰ ਇਸ ਸਮੇਂ 90-92 ਸਾਲ ਦੀ ਹੈ ਮੈਨੂੰ ਦਸਦੇ ਹਨ ਜਦ ਸੰਗਤ ਜਾਂਦੀ ਮਾਤਾ ਜਿਊਣ ਕੌਰ ਜੀ ਐਸੇ ਆਦਰ ਨਾਲ ਜਾਂਦਿਆਂ ਦੀ ਸੇਵਾ ਕਰਦੇ ਕਿ ਰਾਹ ਦਾ ਥਕੇਵਾਂ ਤੇ ਪੁਲਸ ਦਾ ਅਕੇਵਾਂ ਭੁੱਲ ਜਾਂਦਾ, ਵਾਪਸ ਟੁਰਨ ਸਮੇਂ ਭੀ ਉਹ ਬੋੜਵਾਂ ਜੋ ਜਦਿਆਂ ਰੱਜਵਾਂ ਮਿਲਦਾ ਸੀ, ਵਡੇ ਬੁੱਕਾਂ ਨਾਲ ਧੋਕਵਾਂ ਪੱਲੇ ਪਾਂਦੇ, ਖੰਡ ਘਿਓ ਦੀਆਂ ਨਦੀਆਂ ਵਗਾਂਦੇ ਸੀ ਤੇ ਗਰੀਬ ਨੂੰ ਪੁੱਛਕੇ ਪੱਲਿਓਂ ਖਰਚ ਭੀ ਦੇਂਦੇ, ਇਸ ਖੁਲ੍ਹੇ ਵਰਤਾਉ ਦੀਆਂ ਧੁੰਮਾਂ ਦੂਰ-ਦੂਰ, ਪੁੱਜਦੀਆਂ। ਸਿਆਣੇ ਠੀਕ ਹੀ ਆਖਦੇ ਹਨ ਜਿਥੇ ਤਵੇ ਦਾ ਆਵਾਜ਼ ਪਹੁੰਚਦਾ ਏ ਓਥੇ ਤੋਪ ਦਾ ਨਹੀਂ ਪਹੁੰਚਦਾ । ਗੁਰੂ ਹਰੀ ਸਿੰਘ ਜੀ ਭਾਵੇਂ ਸਿਖੀ ਹਰੀ ਰੱਖਣ ਵਿਚ ਕੋਈ ਕਸਰ ਨਹੀਂ ਛੱਡੀ ਸੀ। ਪਰਦੇਸੋਂ ਆਏ ਗੁਰੂ ਦੇ ਹੁਕਮਾਂ ਤੇ ਪੂਰਾ ਉਤਰਦੇ ਤੇ ਪੱਲਿਓਂ ਖਰਚ ਦੇਕੇ ਪਰੀਤਮ ਵਲ ਪ੍ਰੇਮੀਆਂ ਨੂੰ ਟੋਰਦੇ। ਤੇ ਗੁਰ ਦੇ ਸੰਗਤਾਂ ਨੂੰ ਗੁਰ ਮਾਰਗ ਨਾਲ ਜੋੜਦੇ ਪਰ ਤਾਂ ਭੀ 'ਜੱਟ ਦਾ ਨਾਂ ਜੱਟੀ ਤੇ ਜੱਟੀ ਦਾ ਨਾਂ ਟਿਕੀ ਕਢਦੀ ਏ ਦੀ ਕਹਾਵਤ ਜਿਊਣ ਕੌਰ ਜੀ ਸਤਿ ਕਰ ਵਿਖਾਈ । 1946 ਸੰਮਤ ਚੇਤ ਵਦੀ ਤੀਜ ਐਤਵਾਰ ਦਿਨ ਲੱਗੇ ਨਾਲ ਸਤਿਗੁਰੂ ਪ੍ਰਤਾਪ ਸਿੰਘ ਜੀ ਗੁਰੂ ਹਰੀ ਸਿੰਘ ਜੀ ਤੇ ਮਾਤਾ ਜੀਉਣ ਕੌਰ ਦੇ ਗ੍ਰਿਹਿ ਪ੍ਰਗਟੇ ਉਸ ਵਕਤ ਨਿੰਮ੍ਹੀ ਨਿੰਮ੍ਹੀ ਵਰਖਾ ਹੁੰਦੀ ਸੀ ਗੁਰੂ ਹਰੀ ਸਿੰਘ ਜੀ ਰਾਮਸਰ ਬੈਠੇ ਸਨ ਸੁਣਦਿਆਂ ਵਰ ਦਿੱਤੇ ਘਰ ਦਾ ਮਾਲਕ ਆਇਆ ਹੈ। ਵੱਡੇ ਪ੍ਰਤਾਪ ਵਾਲਾ ਪ੍ਰਤਾਪ ਸਿੰਘ ਆਇਆ ਹੈ। ਇਸ ਦੀ ਛਤ੍ਰ ਛਾਇਆ ਹੇਠ ਸੰਗਤ ਬੜੀਆਂ ਮੌਜਾਂ, ਖੁਸ਼ੀਆਂ ਰੌਣਕਾਂ ਮਾਣੇਗੀ। 1949 ਕਤਕ ਵਦੀ 10 ਮਹਾਰਾਜ ਨਿਹਾਲ ਸਿੰਘ ਜੀ ਪ੍ਰਗਟੇ। ਗੁਰੂ ਹਰੀ ਸਿੰਘ ਜੀ ਇਸ ਸਮੇਂ ਦੌਰੇ ਛੁੱਟੀ ਲੈ ਕੇ ਸਰਕਾਰ ਤੋਂ ਜਾਂਦੇ ਸੀ। ਕਰਦਾ ਸੀ ਬੈਠੋ ਗੁਰੂ ਬਾਲਕ ਸਿੰਘ ਜੀ ਬੈਠੋ ਗੁਰੂ ਰਾਮ ਸਿੰਘ ਜੀ ਬੈਠੋ ਬਾਬਾ ਬੁੱਧ ਸਿੰਘ ਜੀ। (ਉਸ ਵੇਲੇ ਸਤਿਗੁਰੂ ਰਾਮ ਸਿੰਘ ਜੀ ਵੀ ਗੁਰੂ ਬਾਲਕ ਸਿੰਘ ਜੀ ਨੂੰ ਨਹੀਂ ਸਨ ਮਿਲੇ) ਇਹ ਉਹੀ ਬੁਧ ਸਿੰਘ ਜੀ ਹਨ । ਬਾਬਾ ਜਮੀਤ ਸਿੰਘ ਜੀ ਆਪਣੇ ਵੱਲੋਂ ਸਭ ਸੰਗਤ ਨੂੰ ਉਪਦੇਸ਼ ਦਿੱਤਾ ਕਿ ਇਹ

Namdhari Elibrary NamdhariElibrary@gmail.com

ਸਤਿਗੁਰੂ ਹੀ ਹਨ ਤੇ ਤਖ਼ਤ ਦੇ ਮਾਲਕ ਹਨ । ਸਤਿਗੁਰੂ ਰਾਮ ਸਿੰਘ ਜੀ ਨੇ ਇਹਨਾਂ ਦਾ ਨਾਮ ਹਰੀ ਸਿੰਘ ਲਿਖ ਭੇਜਿਆ ਤੇ ਕਿਹਾ ਹੈ ਇਸ ਦੇ ਆਸਰੇ ਸਿੱਖੀ ਹਰੀ ਰਹੇਗੀ । ਦੂਜੇ ਸਾਲ ਦੜਪ ਦੇ ਦੌਰੇ ਵਿਚ ਹੀ ਭੈਣੀ ਸਾਹਬੋਂ ਸਿਖਾਂ ਨੇ ਜਾ ਸੰਦੇਸ਼ਾ ਦਿਤਾ। 1954-ਅੱਸੂ ਵਿਚ ਮਹਾਰਾਜ ਗੁਰਦਿਆਲ ਸਿੰਘ ਜੀ ਮਾਤਾ ਜਿਊਣ ਕੌਰ ਦੇ ਗ੍ਰਹਿ ਪ੍ਰਗਟੇ ਹਨ । ਵਾਰੀ ਵਾਰੀ ਨਾਲ ਤਿੰਨਾਂ ਭਾਈਆਂ ਨੂੰ ਸੀਤਲਾ ਨਿਕਲੀ ਪਰ ਜਦ ਸਤਿਗੁਰਾਂ ਨੂੰ ਨਿਕਲੀ ਲੋਕ ਕੈਂਹਦੇ ਇਹ ਦੰਦ ਕਰੀਚਦੇ ਹਨ ਬਚਦੇ ਨਹੀਂ ਤੇ ਪਰਹੇਜ਼ ਭੀ ਕੋਈ ਨਹੀਂ ਰੱਖਦਾ, ਮਾਈ ਜੀ ਕਿਹਾ--ਮੈਨੂੰ ਪਤਾ ਸੀ ਕੇ ਇਹ ਘਰ ਦੇ ਮਾਲਕ ਹਨ । ਮੈਂ ਇਸ਼ਨਾਨ ਕਰ ਨੁੱਚੜਦੀ ਪਾਸ ਪਹੁੰਚਦੀ ਸਾਂ। ਕੁਝ ਨਾ ਵਿਗੜਿਆ। ਹਾਂ ਪਾਠ ਅਖੰਡ ਸਾਧਾਰਨ ਵਰਨੀਆਂ ਕੜਾਹ ਪ੍ਰਸ਼ਾਦ ਤੇ ਅਰਦਾਸੇ ਜਰੂਰ ਹੁੰਦੇ ਸਨ ਏਨਾਂ ਨਮਿਤ। 1956 ਬਹੁਤ ਕਾਲ ਦਾ ਸਾਲ ਸੀ । ਬਾਗੜ ਦੇ ਲੋਕ ਕਈ ਸੈਂਕੜੇ ਆ ਉਤਰੇ ॥ ਰੋਜ 400-ਪੰਜ ਸੌ ਦੀ ਪੰਗਤ ਲੱਗਦੀ । ਗੁਰੂ ਹਰੀ ਸਿੰਘ ਜੀ ਤੇ ਮਾਤਾ ਜਿਉਣ ਕੌਰ ਜੀ ਜਿਵੇਂ ਸਿੱਖਾਂ ਨੂੰ ਆਦਰ ਨਾਲ ਪ੍ਰਸ਼ਾਦ ਛਕਾਂਦੇ ਸੀ ਤਿਵੇਂ ਹੀ ਸਭ ਨੂੰ ਰਜਾਂਦੇ ਤੇ ਇਕ ਰਸ ਵਰਤਦੇ। ਏਸ ਸਮੇਂ ਹੀ ਗੋਰੇ ਨੇ ਬਾਗੜੀਆਂ ਦੇ ਡੇਰੇ ਲਗੇ ਵੇਖ ਗੁਰੂ ਹਰੀ ਸਿੰਘ ਜੀ ਨੂੰ ਕਿਹਾ ਸੀ ਇਹ ਭੁੱਖੇ ਲੋਕ ਤੁਹਾਡਾ ਅੰਨ ਮੁਕਾ ਦੇਣਗੇ, ਤੁਸੀਂ ਫੇਰ ਕੀ ਕਰੋਗੇ ਤਾਂ ਗੁਰੂ ਹਰੀ ਸਿੰਘ ਜੀ ਉੱਤਰ ਦਿਤਾ ਸੀ: ਜਿਧਰ ਇਹ ਜਾਣਗੇ ਨਾਲ ਹੀ ਅਸੀਂ ਟੁਰ ਜਾਂਗੇ । ਫੇਰ ਗੋਰੇ ਕਿਹਾ ਕੁਝ ਜ਼ਮੀਨ ਹੀ ਲੰਗਰ ਲਈ ਲੈ ਲਵੋ ਤਾਂ ਗੁਰੂ ਹਰੀ ਸਿੰਘ ਜੀ ਕਿਹਾ ਸਾਰੀ ਧਰਤੀ ਸਾਡੀ ਹੈ ਤੂੰ ਕੌਣ ਹੈਂ ਕੁਝ ਦੇਣ ਵਾਲਾ ? ਜਿਸ ਰਾਮ, ਸਰਬ ਦੇ ਦਾਤੇ ਦਾ ਇਹ ਲੋਹ ਲੰਗਰ ਹੈ ਉਸ ਨੂੰ ਇਸਦਾ ਫ਼ਿਕਰ ਹੈ। ਬਾਬਾ ਜੀ ਆਪ ਬਹੁਤ ਹਛੇ ਹੈਂ ਆਖ ਤੁਰ ਗਿਆ । ਇਸ ਕਾਲ ਸਮੇਂ ਬਾਗੜੀ ਬੋਲਿਆ ਕਰਦੇ ਸੀ- ਛਪਨੋਂ ਮੁੜ ਮਤ ਜਾਈਊ ਬਾਗੜ ਮੈਂ ਛਪਨੋ ਬੜ ਗਿਉ ਕੋਠੀ ਮੈਂ ਬਾਲਕ ਰੋਵੇ ਰੋਟੀ ਨੇ।

ਪੁਲਸੀਏ ਤੁਰਕ ਸਿਖਾਂ ਨੂੰ ਤੰਗ ਕਰਦੇ। ਗੇਂਦਾ ਰੀਦਾ ਬੜੀ ਕਰੜਾਈ ਕਰਦਾ ਸੀ । ਸਿਖਾਂ ਦੇ ਕੇਸ ਬੰਨ ਕੇ ਬਹਾ ਰੱਖਦਾ ਸੀ ਤੇ ਰੇਤਾ ਦੇ ਟਿਬਿਆਂ ਤੇ ਪਏ ਸਿੱਖਾਂ ਲਈ ਕੁਝ ਪੁੱਜਣ ਨਾ ਦੇਂਦਾ। ਮਾਤਾ ਜੀ ਝੁਰਦੇ ਸਿੱਖਾਂ ਦੀ ਬੇਅਦਬੀ ਤੇ ਭੁੱਖ ਦੁੱਖ ਸੁਣ ਕੇ ਗੁਰੂ ਜੀ ਪਾਸ ਅਰਜ ਕਰਦੇ । ਗੁਰੂ ਜੀ ਕੈਂਹਦੇ 'ਥੋੜੇ ਦਿਨ ਹੀ ਤੰਗੀ ਹੈ ਤੰਗੀਆਂ ਦੂਰ ਕਰਨ ਵਾਲਾ ਆਇਆ ਹੋਇਆ ਹੈ। ' ਜੇ ਮਾਤਾ ਜੀ ਕੈਂਹਦੇ ਪਰਤਾਪ ਸਿੰਘ ਨੂੰ ਪੜ੍ਹਨੇ ਕਿਤੇ ਪਾਈਏ ਤਾਂ ਗੁਰੂ ਜੀ ਕੈਂਹਦੇ-ਸਭ ਕੁਝ ਅੱਗੇ ਹੀ ਪੜ੍ਹਿਆ ਹੋਇਆ ਹੈ । ਗੁਰੂ ਹਰੀ ਸਿੰਘ ਜੀ ਇਕ ਦਿਨ ਸਾਹਿਬਜ਼ਾਦੇ ਪ੍ਰਤਾਪ ਸਿੰਘ ਜੀ ਨੂੰ ਸਰ੍ਹਾਣੇ ਬਿਠਾ ਕੇ ਸਭ ਨੂੰ ਕਿਹਾ ਏਸ ਨੂੰ ਮੰਨਿਆਂ ਕਰੋ । ਤੇ ਕਿਹਾ ਮੇਰੇ ਵਾਲੀ ਘੋੜੀ ਤੇ ਤੂੰ ਚੜ੍ਹਿਆ ਕਰ। 1963 ਸੰਮਤ ਜੇਠ ਵਦੀ 10 ਸ਼ਨੀਚਰ ਵਾਰ ਸ਼ਾਮ ਦੇ ਪੰਜ ਵੱਜ ਕੇ ਪੰਜਾਂ ਮਿੰਟਾਂ ਤੇ ਗੁਰੂ ਹਰੀ ਸਿੰਘ ਜੀ ਜੋਤੀ ਜੋਤ ਸਮਾ ਗਏ ਪਰ ਪਹਿਲਾਂ ਤਿੰਨ ਦਿਨ ਚੁਬਾਰੇ ਚ ਖੇਮ ਕੌਰ ਕਿਆਂਮਪੁਰ ਵਾਲੀ ਨੂੰ ਕਿਹਾ ਕੇ ਪ੍ਰਤਾਪ ਸਿੰਘ ਜੀ ਨੂੰ ਸੱਦ ਲਿਆ ਤੇ ਆਖਿਆ ਆਪ ਹੁਣ ਤੂੰ ਆਪਣੀ ਸਭ ਕਾਰ ਸਾਂਭ ਲੈ ਭਾਵੇਂ ਇਹ ਇੱਕ ਖੇਮਕੌਰ ਨੂੰ ਪਤਾ ਸੀ ਤਾਂ ਭੀ ਸਭ ਸੰਗਤ ਸੁਣ ਲਿਆ।

ਮਾਤਾ ਜਿਊਣ ਕੌਰ ਜੀ ਡਿਉੜੀ ਵਿਚ ਟੋਕਰੇ ਭਰ ਰਖਦੇ ਪ੍ਰਸ਼ਾਦਿਆਂ ਦੇ। ਪਾਂਧੀਆਂ ਨੂੰ ਬਹਾ ਕੇ ਛਕਾਂਦੇ। ਜੇ ਪਸ਼ੂਆਂ ਵਾਲਾ ਕਹਿੰਦਾ ਤਾਂ ਤੁਰਦੇ ਦੇ ਪੱਲੇ ਹੀ ਮੋਟੇ ਪ੍ਰਸ਼ਾਦੇ ਤੇ ਕਰੜਾ ਦਾਲਾ ਪਾਂਦੇ। ਅਨੰਦ ਪੁਰ ਹੋਲੇ ਤੇ ਜਾਦਿਆਂ ਦੂਜੇ ਭੇਖਾਂ ਦੀ ਏਨੀ ਸੇਵਾ ਕਰਦੇ ਕਿ ਸਰਦਾਈ ਛਕਾਂਦੇ ਖੰਡ ਘਿਉ ਛਕਾਂਦੇ ਤੇ ਪੱਲੇ ਭੀ ਪਾਂਦੇ।

ਉਹ ਪੰਜ ਖਾਂਦੇ ਪੰਝੀ ਮਥਾ ਟੇਕ ਜਾਂਦੇ ਨਾਲੇ ਧੰਨ ਮਾਤਾ ਜਿਊਣ ਕੌਰ ਕਰਦੇ ਜਾਂਦੇ। ਗੇਂਦੇ ਨੂੰ ਭਗਵਾਨ ਸਿੰਘ ਅੜਬੰਗੀ ਮਰ੍ਹਾਣੇ ਵਾਲੇ ਨੇ ਪਿੰਡ ਦੀ ਪਟੜੀਓਂ ਪਾਰ ਗਏ ਨੂੰ ਮਾਰ ਦਿਤਾ ਸੀ ਪੁਲਸ ਨੂੰ ਕੁਝ ਪਤਾ ਨਾ ਲਗਾ। ਟੀਕਾ ਕਰਨ ਵਾਲੇ ਮਾਤਾ ਜੀ ਪਾਸ ਜਦੋਂ ਔਂਦੇ ਮਾਤਾ ਜੀ ਖੁਆ ਪਿਲਾ ਖੁਸ਼ੀ ਕਰਕੇ ਟੀਕੇ ਲੱਗੇ ਲਿਖਾ ਵਿਦਾ ਕਰਦੇ। ਅੱਗੇ ਬਦੇਸ਼ੀਆਂ ਦੀ ਗੱਲ ਸੀ। ਪਰ ਹੁਣ ਸਾਡੀ ਸਰਕਾਰ ਸਾਡੇ ਤੋਂ ਇਹ ਟੀਕਾ ਮਾਤਾ ਦਾ ਨਹੀਂ ਹਟੌਂਦੀ। ਜੋ ਪਸ਼ੂਆਂ ਦੀ ਹਿੰਸਾ ਬਾਬੇ ਜਮੀਤ ਸਿੰਘ ਜੀ ਸੁਣਿਆ ਕਿ ਸਤਿਗੁਰਾਂ ਦੇ ਭਾਈ ਦੌਰਾ ਕਰ ਰਹੇ ਹਨ । ਜਦ ਗਿਲੀਂ ਦੌਰਾ ਗਿਆ ਤਾਂ ਬਾਬਾ ਜੀ ਨੂੰ ਬੁਧ ਸਿੰਘ ਨਾਮ ਤੋਂ ਚੇਤਾ ਆਇਆ ਕੇ ਗੁਰੂ ਬਾਲਕ ਸਿੰਘ ਜੀ ਦਾ ਸਿੱਖ ਮਸਤ ਬਾਬਾ ਬੈਂਕਾ ਚਾਦਰ ਵਿਛਾ ਕੇ ਕਿਹਾ ਤੋਂ ਬਣਦਾ ਹੈ । ਅਸੀ ਅਹਿੰਸਕ ਹਾਂ ਕੋਈ ਵਜ਼ੀਰ ਏਧਰ ਧਿਆਨ ਨਹੀਂ ਦੇਂਦਾ। ਮਹਾਰਾਜ ਨਿਹਾਲ ਸਿੰਘ ਜੀ ਦਾ ਅਨੰਦ ਗਲੋਟੀਆਂ ਸਿਆਲ ਕੋਟ ਵਾਲੇ ਬਾਬਾ ਧਿਆਨ ਸਿੰਘ ਜੀ ਅਤੇ ਮਾਤਾ ਭਾਗਵੰਤੀ ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨਾਲ 1976 ਬਿ: ਅੱਸੂ ਵਿੱਚ ਹੋਇਆ। ਲਾਹੌਰ ਵਿਚ ਬਾਬੇ ਹੋਰੀਂ ਪੱਥਰ ਘਾੜੇ ਕਰਕੇ ਮਸ਼ਹੂਰ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਅਨੰਦ 'ਗੁਰੂਸਰ' ਫਿਰੋਜ਼ਪੁਰ ਦੇ ਸ੍ਰਦਾਰ ਸੁੰਦਰ ਸਿੰਘ ਜੀ ਸੋਹੂ ਤੇ ਮਾਤਾ ਰਾਮ ਕੌਰ ਦੀ ਸਪੁੱਤਰੀ ਮਾਤਾ ਭੁਪਿੰਦਰ ਕੌਰ ਨਾਲ 13 ਪੋਹ . 1971 ਬਿ: ਨੂੰ ਹੋਇਆ । 8

Namdhari Elibrary NamdhariElibrary@gmail.com

ਮੱਘਰ 1977 ਨੂੰ ਬਾਬਾ ਜਗਜੀਤ ਸਿੰਘ ਮਾਤਾ ਭੁਪਿੰਦਰ ਕੌਰ ਦੇ ਉਦਰ ਥੀ ਪ੍ਰਗਟੇ। ਮਹਾਰਾਜ ਗੁਰਦਿਆਲ ਸਿੰਘ ਜੀ ਦਾ ਅਨੰਦ ਬਾਬੇ ਧਿਆਨ ਸਿੰਘ ਜੀ ਦੀ ਸਪੁੱਤਰੀ ਕਰਤਾਰ ਕੌਰ ਨਾਲ1978 ਅੱਸੂ ਦੀ ਪੁੰਨਿਆਂ ਵਾਲੇ ਦਿਨ ਹੋਇਆ। ਛੋਟੇ ਬਾਬਾ ਬੀਰ ਸਿੰਘ ਦਾ ਜਨਮ ਮਾਤਾ ਭੁਪਿੰਦਰ ਕੌਰ ਦੇ ਉਦਰ ਥੀਂ 2 ਕਤਕ 1980 ਨੂੰ ਹੋਇਆ। ਮਾਤਾ ਭੁਪਿੰਦਰ ਕੌਰ ਜੀ 1981 ਬਿ: 29 ਭਾਦੋਂ ਨੂੰ ਚੜ੍ਹਾਈ ਕਰ ਗਏ । ਛੋਟੇ ਬਾਬਾ ਜੀ ਨੇ ਸਾਲ ਤੋਂ ਭੀ ਕਮ ਦੁੱਧ ਪੀਤਾ ਹੈ। ਇਹ ਸੱਟ ਮਾਤਾ ਜਿਊਣ ਕੌਰ ਜੀ ਨੂੰ ਸਭ ਸ਼ਾਦੀਆਂ ਗਮੀਆਂ ਤੋਂ ਵਧਵੀਂ ਸੀ ਪਰ ਮਾਤਾ ਜੀ ਸਹਿਜੇ ਹੋਏ ਸੋ ਹੋਏ, ਦੇ ਧਾਰਨੀ ਰਹੇ। ਆਪ ਜੋੜੇ ਬਸਤਰ ਗੜਵੇ ਪਊਏ ਜਮ੍ਹਾਂ ਰੱਖਦੇ ਤੇ ਆਏ ਸੁਆਰਥੀ ਨੂੰ ਦੇਕੇ ਖੁਸ਼ ਕਰਦੇ ਸਨ। ਏਨ੍ਹਾਂ ਸਰਕਾਰੀ ਸਖਤੀਆਂ, ਭੀੜਾਂ ਤੇ ਪਰਵਾਰਕ ਪੀੜਾਂ ਵਿਚ ਭੀ ਮਾਤਾ ਜੀ ਵਿਰੋਧੀਆਂ ਨਿੰਦਕਾਂ ਤੇ ਆਪਣੇ ਬਿਗਾਨੇ ਨੂੰ ਬਿਨਾਂ ਵਿਤਕਰੇ ਸਤਿਗੁਰੂ ਦੇ ਦਰੋਂ ਖੁਸ਼ ਕਰਕੇ ਤੋਰਿਆ । ਜੇ ਕੋਈ ਪਿੱਛੋਂ ਕੁਛ ਕੈਂਹਦਾ ਮਾਤਾ ਜੀ ਨੂੰ ਤਾਂ ਗੁਰੂ ਜੀ ਦੇ ਪੁੱਛਣ ਤੇ ਮਾਤਾ ਜੀ ਕੈਂਹਦੇ ਸਾਨੂੰ ਕਿਸੇ ਕੁਛ ਨਹੀਂ ਕਿਹਾ ਮੈਨੂੰ ਕਿਸੇ ਤੇ ਗਿਲਾ ਨਹੀਂ । ਮਾਤਾ ਜੀ ਦੀ ਦੇਹ ਅਰੋਗ ਰੈਂਹਦੀ, 4 ਬਰਸ ਦੀ ਉਮਰ ਚ ਇਕ ਵਾਰ ਤਾਪ ਆਇਆ ਸੀ । 'ਬੁਰੇ ਦਾ ਭਲਾ ਕਰ ਗੁੱਸਾ ਮਨ ਨ ਹੰਢਾਏ, । ਦੇਹੀ ਰੋਗ ਨਾ ਲਗਈ ਪਲੇ ਸਭ ਕੁਝ ਪਾਏ' ਵਾਲੇ ਮਾਤਾ ਜੀ ਸਭ ਦੀਆਂ ਖੁਸ਼ੀਆਂ ਲੈਂਦੇ ਤੇ ਪੱਲੇ ਭਰਦੇ ਸੀ !

ਮਹਾਰਾਜ ਗੁਰਦਿਆਲ ਸਿੰਘ ਜੀ 1986 ਬਿ: ਮੱਸਿਆ ਵਾਲੇ ਦਿਨ ਅਠਾਰਾਂ ਭਾਦੋਂ 6 ਬਜੇ ਦਿਨ ਦੇ ਚੜ੍ਹੇ, ਤੇ ਮਾਤਾ ਕਰਤਾਰ ਕੌਰ ਜੀ ਸੰਮਤ 1989 ਬਿ: ਨੂੰ। ਮਾਤਾ ਜੀ ਰਜਾ ਤੇ ਰੈਹਣ ਵਾਲੇ ਗੁਰੂ ਹੁਕਮ ਵਿਚ ਫਰਕ ਨਾਂ ਪੈਣ ਦਿੱਤਾ, ਸਗੋਂ ਮਿਲਣ ਵਾਲੇ ਨੂੰ ਭਜਨ ਬਾਣੀ ਵਲ ਲਾਂਦੇ ਰਹੇ ਤੇ ਅੱਜ ਤਕ ਇਹ ਕੋਈ ਨਹੀਂ ਕਹਿ ਸਕਦਾ ਕਿ ਮਾਤਾ ਜੀ ਫਲਾਣੇ ਨਾਲ ਖੜ੍ਹੇ ਸੀ ਤੇ ਫਲਾਣੇ ਨੂੰ ਖਿਝ ਕੇ ਖਾਲੀ ਮੋੜਿਆ ਸੀ। ਸਤਿਗੁਰੂ ਪ੍ਰਤਾਪ ਸਿੰਘ ਜੀ ਲਹੌਰ ਆਦਿ ਕਈ ਸ਼ੈਹਰਾਂ ਵਿਚ ਘੋੜੇ ਰੱਖਦੇ ਤੇ ਰੇਸਾਂ 'ਚ ਦੁੜਾਂਦੇ । ਜੇ ਕੋਈ ਮਾਤਾ ਜੀ ਨੂੰ ਕਹਿੰਦਾ ਕਿ ਜਿੰਨਾਂ ਨਾਲ ਸਤਿਗੁਰੂ ਰਾਮ ਸਿੰਘ ਜੀ ਨਾ-ਮਿਲਵਰਤਨ ਕੀਤੀ ਰੱਖੀ ਇਹ ਉਹਨਾਂ ਨਾਲ ਵਰਤਦੇ ਹਨ ਤਾਂ ਮਾਤਾ ਜੀ ਕਹਿੰਦੇ ਰੇਸ ਕਰਕੇ ਦੇਸੀ ਪ੍ਰਦੇਸੀ ਰਾਜਿਆਂ ਤੇ ਵੱਡੇ ਲੋਕਾਂ ਨਾਲ ਵਾਕਫ਼ੀ ਹੁੰਦੀ ਹੈ ਤੇ ਘੋੜੇ ਵਾਲੇ ਤੇ ਘੋੜੇ ਦੀ ਤਸਵੀਰ ਛਪਕੇ ਮਸ਼ਹੂਰੀ ਹੁੰਦੀ ਹੈ । ਦੇਖੋ ਗੋਰੇ ਮਹਾਰਾਜ ਜੀ ਨੂੰ ਜੀ ਕਹਿਕੇ ਬੁਲੌਂਦੇ ਹਨ ਤੇ ਨਿਉਕੇ ਟੋਪੀ ਲਾਹ ਮਿਲਦੇ ਹਨ । ਇਹ ਓਹ ਵਾਕ ਪੂਰਾ ਕਰਦੇ ਹਨ ਜੋ ਸਤਿਗੁਰਾਂ ਬਿੱਲੇ ਨੂੰ ਕਿਹਾ ਸੀ ਤੂੰ ਕਹਿੰਦਾ ਹੈ ਮੈਂ ਤੇਰਾ ਨਾਮ ਲੈਣ ਵਾਲਾ ਕੋਈ ਨਹੀਂ ਰਹਿਣ ਦੇਣਾਂ। ਤੇਰੇ ਲੋਕ ਮੇਰੇ ਬਾਣੇ ਤੇ ਨਾਮ ਨੂੰ ਨਿਊਂ ਮੰਨਣਗੇ ਨਾਲੇ ਘੋੜੇ ਸਾਂਭਣ ਵਾਲੇ ਸਿੱਖਾਂ ਦੀ ਸੇਵਾ ਸਫਲ ਹੁੰਦੀ ਹੈ । ਜੋ ਸੈਂਕੜੇ ਤੋਂ ਲਏ ਘੋੜੇ ਨੂੰ ਸਾਂਭ ਹਜਾਰਾਂ ਜਿਤਦੇ ਰੇਸ ਵਿਚੋ ਤੇ ਹਜਾਰਾਂ ਤੋਂ ਫੇਰ ਵਿਕਦੇ ਹਨ । ਗੁਰੂ ਕੀ ਲੋਹ ਦੀ ਵੀ ਸੇਵਾ ਹੁੰਦੀ ਹੈ ਇਹ ਫਲ ਉਹਨਾਂ ਸਿਖਾਂ ਨੂੰ ਹੁੰਦਾ ਹੈ ਜੋ ਘੋੜੇ ਸਾਂਭਦੇ ਹਨ ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਭੈਣੀ ਸਾਹਿਬ ਹੁੰਦੇ ਕੋਠੀ ਰਾਮਸਰ ਆ ਮਾਤਾ ਜੀ ਦੇ ਚਰਨਾਂ ਤੇ ਨਿਊਂਦੇ ਅਤੇ ਮਾਤਾ ਜੀ ਹਥ ਜੋੜੀ ਖਲੋਤੇ ਰਹਿੰਦੇ। ਮੇਰੇ ਹੁੰਦਿਆਂ ਮਾਤਾ ਜੀ ਇਕ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਨੂੰ ਕਿਹਾ ਮੈਂ ਤੈਨੂੰ ਪਰਤਾਪ ਸਿੰਘ ਹੀ ਆਖਦੀ ਹਾਂ, ਪਰ - ਜੋ ਤੈਨੂੰ ਸਤਿਗੁਰੂ ਆਖਦੇ ਤੇ ਚਰਨੀ ਹਥ ਲਾਂਦੇ ਹਨ ਏਹਨਾਂ ਨਾਲੋਂ ਸ਼ਰਧਾ ਜਿਆਦਾ ਰਖਦੀ ਹਾਂ ਤੇ ਜਤਨ ਕਰਦੀ ਹਾਂ ਕਦੇ ਤੇਰਾ ਕਿਹਾ ਨ ਮੋੜਿਆ ਜਾਵੇ। ਜਦੋਂ ਦਾ ਤੁਸਾਂ ਕੋਠੀ ਡੇਰਾ ਲਾਇਆ ਹੈ ਮੈਂ ਕਦੀ ਏਧਰ ਪੈਰ ਨਹੀਂ ਕੀਤੇ। 13 ਅਪ੍ਰੈਲ ਸੰਨ 1923 ਨੂੰ ਪੁਲਿਸ ਦੀ ਚੌਂਕੀ ਉੱਠੀ ਸ੍ਰੀ ਭੈਣੀ ਸਾਹਿਬੋਂ। ਸਤਿਗੁਰ ਪ੍ਰਤਾਪ ਸਿੰਘ ਜੀ ਲਾਹੌਰ ਵਾਇਸਰਾਏ ਮਿਕਲੇਗਮ ਨੂੰ ਮਿਲਕੇ ਕਿਹਾ- ਏਨੇ ਚਿਰ ਦਾ ਇਹ ਸਾਡੇ ਤੋਂ ਵਾਧੂ ਭਾਰ ਅਜੇ ਕਿਉਂ ਨਹੀ ਲਹਿੰਦਾ ? ਖੁਲ੍ਹੀਆਂ ਰੌਣਕਾਂ ਸ੍ਰੀ ਭੈਣੀ ਸਾਹਿਬ ਤੇ ਹਰ ਜ਼ਿਲ੍ਹੇ ਵਿਚ ਬਿਨਾਂ ਪੁਛ ਪੜਤਾਲ ਹੋਣ ਲੱਗੀਆਂ, ਸਤਿਗੁਰੂ ਰਾਮ ਸਿੰਘ ਜੀ ਦੇ ਲਾਏ ਪਿੱਪਲਾਂ ਥੱਲੇ ਸੰਗਤਾਂ ਸੁਖ ਤੇ ਰੌਣਕਾਂ ਵਡੇ ਪ੍ਰਤਾਪ ਵਾਲੇ ਦੇ ਪਰਤਾਪ ਹੇਠਾਂ ਮਾਨਣ ਲੱਗੀਆਂ ਸਤਿਗੁਰੂ ਜੀ ਸਰਬ ਸੰਪ੍ਰਦਾ ਕਾਨਫ੍ਰੰਸ ਤੇ ਗੁਰਮਤ ਸੰਗੀਤ ਕਾਨਫ੍ਰੰਸ, ਪੰਜਾਬੀ ਕਾਨਫੰਸ ਤੇ ਹਵਨ ਯੱਗ ਚੰਡੀ ਦੇ ਪਾਠਾਂ ਦੇ ਤੇ ਕਈ ਲਖ ਆਦਿ ਗ੍ਰੰਥ ਦੇ ਭੋਗ ਪਵਾਏ। ਬਟਵਾਰੇ ਤੋਂ ਪਹਿਲੋਂ ਸ਼ੇਖੂਪੁਰੇ ਬਦਾਦ ਦੇ ਹੋਲੇ ਤੇ ਆਪਦੇ ਕਹੇ ਵਾਕ, ਜਿਨ੍ਹਾਂ ਮੰਨੇ, ਬਟਵਾਰੇ ਦੀ ਮਾਰੋਂ ਬਚ ਗਏ। ਆਪਨੇ ਕਈ ਲੱਖ ਦੀ ਜਮੀਨ ਪਹਿਲੋ ਹੀ ਖ੍ਰੀਦਕੇ ਨਾਮਧਾਰੀ ਪੰਥ ਦਾ ਮਾਲ ਤੇ ਬਾਲ ਬੱਚਾ ਬਚਾਇਆ । ਭਾਣੇ ਤੇ ਸਮੇਂ ਨੂੰ ਮੁੱਖ ਰੱਖਦਿਆਂ ਪਹਿਲੋਂ ਭੀ ਸਤਿਗੁਰੂ ਜੀ ਕਿਹਾ ਕਰਦੇ, ਸਾਨੂੰ ਸੁਹੇਵੇ ਸਾਹਿਬ' ਤੇ ਰੁਆਲਸਰ ਦੇ ਨੇੜੇ ਹੋ ਰਹਿਣਾਂ ਚਾਹੀਦਾ ਹੈ।

ਸਤਿਗੁਰੂ ਜੀ ਮੰਡੀ ਹਿਮਾਚਲ ਪ੍ਰਦੇਸ ਵੱਲ ਰੁਖ ਰੱਖਦੇ ਤੇ ਮਾਤਾ ਜੀ ਸੁਹੇਵੇ ਸਾਹਿਬ ਵੱਲ। ਮਾਤਾ ਜੀ ਨੌਹਰ ਜਾ ਰਹੇ । ਕਈ ਸੇਵਕ ਸਿਖ ਭੀ ਨਾਲ ਰਹਿੰਦੇ । 1998 ਵਿੱਚ ਮਾਤਾ ਜੀ ਸੁਹੇਵੇ ਸਾਹਿਬ ਪੰਜ ਅਖੰਡਪਾਠ ਕਰਾਏ । ਸਤਿਗੁਰੂ ਜੀ ਭੀ ਭੋਗਾਂ ਸਮੇਂ ਦਰਸ਼ਨ ਦਿੱਤੇ। ਮਾਤਾ ਜੀ ਦੀ

Namdhari Elibrary NamdhariElibrary@gmail.com

ਦੇਹ ਬੱਘੀ ਤੇ ਧੱਕੇ ਵਜਣ ਕਰਕੇ ਬਹੁਤ ਢਿੱਲੀ ਹੋ ਗਈ । ਔਂਦੀ ਵਾਰ ਸਤਿਗੁਰ ਜੀ ਮੰਜੇ ਤੇ ਲਿਟਾਕੇ, ਸੁਹੇਵੇ ਸਾਹਿਬੋਂ ਨੌਹਰ ਆਂਦਾ ਸੀ । ਸੰਗਤ ਨੇ ਸਤਿਗੁਰਾਂ ਪਾਸ ਅਰਜ ਕੀਤੀ ਸਾਡੇ ਪਾਸ ਅਜੇ ਮਾਤਾ ਜੀ ਰਹਿਣੇ ਚਾਹੀਦੇ ਹਨ, ਕਿਉਂਕਿ ਆਪ ਤਾਂ ਪਹਾੜਾਂ ਵਲ ਰਹਿੰਦੇ ਹੋ। ਸਤਿਗੁਰੂ ਜੀ ਕਿਹਾ ਸਤਿਗੁਰਾਂ ਦਾ ਬਚਨ ਹੈ ਜੋ ਸਮੇਂ ਤੋਂ ਪਹਿਲਾਂ ਚੜ੍ਹ ਜਾਇਗਾ ਚੰਗਾ ਰਹਿ ਜਾਇਗਾ ਤੇ ਮੇਰੇ ਪਾਸ ਭੀ ਪੁੱਜ ਜਾਏਗਾ । ਸੋ ਹੁਣ ਏਹਨਾਂ ਦਾ ਜਾਣਾਂ ਹੀ ਚੰਗਾ ਹੈ। ਸ੍ਰੀ ਭੈਣੀ ਸਾਹਿਬ ਆਏ ਤੇ ਇਲਾਜ ਕੀਤਾ ਅੰਤ ਤਿੰਨ ਫਗਣ ਸੰਮਤ 1999 ਸ਼ਨੀਵਾਰ ਰਾਤ ਦੇ 9 ਵਜੇ ਮਾਤਾ ਜਿਉਣ ਕੌਰ ਜੀ 'ਦੇਹੁ ਸਜਣ ਅਸੀਸੜੀਆ, ਜਿਉ ਹੋਵੈ ਸਾਹਿਬ ਸਿਉ ਮੇਲੁ।' ਪੜ੍ਹਦੇ ਜੋਤੀ ਜੋਤ ਸਮਾ ਗਏ। ਮਾਤਾ ਜੀ ਦਾ ਤਜਰਬਾ ਏਨਾਂ ਸੀ ਕਿ ਸੂਤਰ ਦੀ ਨੁਮਾਇਸ਼ ਵਿਚ ਦੋ ਬੀਬੀਆਂ ਦਾ ਸੂਤਰ ਇਨਾਮੀ ਨੰਬਰਾਂ ਵਿਚ ਆਇਆ। ਮਾਤਾ ਜੀ ਦੋ ਸੂਤਰ ਦੇਖ ਕੇ ਕਿਹਾ ਇਹ ਸਦਾ ਕੱਤਣ ਵਾਲੀ ਦਾ ਹੈ ਤੇ ਇਸਨੇ ਸਿਰਫ ਨੁਮਾਇਸ਼ ਲਈ ਹੀ ਉਚੇਚਾ ਕੱਤਿਆ ਹੈ । ਪੜਤਾਲ ਕੀਤੀ ਤਾਂ ਇਹੋ ਕੁੱਝ ਨਿਕਲਿਆ ।ਇਕ ਸਮੇਂ ਸੰਤ ਟੈਹਲ ਸਿੰਘ ਜੀ ਸੱਦੋਵਾਲ ਵਾਲੇ ਆਪਣੀ ਸੁਪਤਨੀ ਸਮੇਤ ਸ੍ਰੀ ਭੈਣੀ ਸਾਹਿਬ ਦਰਸ਼ਨਾਂ ਨੂੰ ਆਏ । ਮਾਤਾ ਜੀ ਓਹਨਾਂ ਦੀ ਸੁਪਤਨੀ ਨੂੰ ਗਹੁ ਨਾਲ ਦੇਖਿਆ । ਕਿਸੇ ਪੁੱਛਿਆ ਕੀ ਦੇਖਦੇ ਹੋ। ਮਾਤਾ ਜੀ ਕਿਹਾ ਦੇਖਦੇ ਹਾਂ ਕਿ ਘਰ ਵਸਾਵੇਗੀ ਕਿ ਨਹੀਂ? ਪੁੱਛਣ ਵਾਲੇ ਕਿਹਾ ਫੇਰ ਦਸੋ। ਮਾਤਾ ਜੀ ਕਿਹਾ ਨਹੀ ਵਸਾਂਦੀ। ਸਾਲ ਅੰਦਰ ਹੀ ਚੜ੍ਹ ਗਈ । ਇਕ ਸਿਖ ਦਾ ਬੱਚਾ ਘਰੋਂ ਰੁੱਸ ਆਇਆ ਸੀ। ਓਸ ਮਾਤਾ ਜੀ ਨੂੰ ਕਿਹਾ ਮੇਰਾ ਪੁੱਤਰ ਏਥੇ ਆਇਆ ਹੈ ? ਮਾਤਾ ਜੀ ਨਕਸ਼ ਮੁਹਾਂਦਰਾ ਦੇਖ ਕਿਹਾ, ਨਹੀਂ। ਉਸਦਾ ਪਿੰਡ ਪੁੱਛ ਲਿਆ , ਜਦੋਂ ਉਸਦਾ ਮੁੰਡਾ ਆਇਆ ਪਛਾਣ ਉਸਦੇ ਪਿਓ ਨੂੰ ਸੁਨੇਹਾ ਘੱਲ ਕੇ ਮੰਗਵਾ ਲਿਆ ਤੇ ਮੁੰਡੇ ਨੂੰ ਉਸਦੇ ਹਵਾਲੇ ਕੀਤਾ। ਸਤਿਗੁਰੂ ਪ੍ਰਤਾਪ ਸਿੰਘ ਜੀ ਕਈ ਵਾਰ ਬਚਨ ਕਰਦਿਆਂ ਕਿਹਾ ਕਰਦੇ ਸਨ, ਸਾਨੂੰ ਆਹ ਮਤ ਆਹ ਤਜਰਬਾ ਮਾਤਾ ਜੀ ਤੋਂ ਹੀ ਮਿਲਿਆ ਹੈ। ਸਤਿਗੁਰੂ ਜੀ ਕਹਿੰਦੇ ਸਨ ਸਾਡੇ ਜੇਹੀ ਮਾਤਾ ਕਿਸੇ ਗੁਰੂ ਨੂੰ ਨਹੀਂ ਮਿਲੀ । ਮਾਤਾ ਜੀ ਪਾਸ ਅੰਤ ਸਮੇਂ ਤੋਂ ਕੁਝ ਚਿਰ ਪਹਿਲਾਂ ਅਰਜ ਕੀਤੀ ਕਿ ਆਪ ਦਾ ਬਚਨ ਪੂਰੀ ਤਰ੍ਹਾਂ ਨਹੀਂ ਮੰਨਿਆ ਗਿਆ ਭੁਲ ਮੁਆਫ ਕਰਨੀ। ਮਾਤਾ ਜੀ ਕਿਹਾ ਸੀ ਤੇਰੇ ਤਾਂ ਕੀ ਮੈਨੂੰ ਕਿਸੇ ਤੇ ਵੀ ਕਦੀ ਗਿਲਾ ਨਹੀਂ ਆਇਆ ।

ਬਾਕੀ ਸਫ਼ਾ 164 ਦੀ....... (ਗੁਰੂ ਕੀਆਂ ਸਾਖੀਆਂ)

ਮਿਸਤਰੀ ਜੀ ਨੇ ਹਕੀਕਤ ਦੱਸੀ-ਦੀਨ ਦਿਆਲ, ਮੈਂ ਨਿੰਦਾ ਤਾਂ ਨਹੀਂ ਕੀਤੀ ! ਗੁਰ ਨਿੰਦਕਾਂ ਦਾ ਸੰਗੀ ਰਿਹ ਹਾਂ। ਉਹਨਾਂ ਤੋਂ ਨਿੰਦਾ ਕੰਨੀਂ ਪੈ ਜਾਂਦੀ ਸੀ । ਅਗੋਂ ਤੋਂ ਐਸਾ ਨਹੀਂ ਕਰਾਂਗਾ। ਸੇਵਕ ਰਹਾਂਗਾ।

ਸਤਿਗੁਰੂ ਜੀ ਵਿਚਾਰ ਮਗਨ ਸਨ ।

ਮਿਸਤਰੀ ਜੀ ਨੇ ਫੇਰ ਤਰਲਾ ਲਿਆ ਦੀਨਾ ਨਾਥ, ਸੁਖ ਸੰਪਤ ਤੇ ਆਪਣੇ ਚਰਨਾਂ ਨਾਲ ਪਿਆਰ ਬਖਸ਼ੋ। ਕਿਰਪਾ ਨਿਧਾਨ ਵਿਗਸੇ। ਬਚਨ ਕੀਤਾ ਨੇ-ਸਭ ਕੁਝ ਆਪ ਦੇ ਘਰ ।

ਦਰਦਾਂ ਹਟ ਗਈਆਂ । ਕਿਰਤ ਵਿਚ ਬਰਕਤ ਪਈ। ਅਜ ਉਸ ਪਰਿਵਾਰ ਚੋਂ ਸੰਤ ਕਰਤਾਰ ਸਿੰਘ ਜੀ ਸੋਖੀ ਦਿੱਲੀ ਤੇ ਉਹਨਾਂ ਦੇ ਭਾਈ ਗੁਰੂ ਚਰਨਾਂ ਦੇ ਭੌਰੇ ਬਣ ਚਰਨ-ਕੰਵਲਾਂ ਤੇ ਮੰਡਰਾ ਰਹੇ ਹਨ।

4

ਇਕ ਵਾਰ ਲੋਹੜੀ-ਮਾਘੀ ਨੂੰ ਭਾਗ ਲਾਣ ਲਈ ਸ੍ਰੀ ਗੁਰੂ ਹਰੀ ਸਿੰਘ ਜੀ ਮੁਕਤਸਰ ਪਹੁੰਚੇ। ਬੇਅੰਤ ਸੰਗਤ ਦਰਸ਼ਨਾਂ ਨੂੰ ਆਈ। ਕਹਿੰਦੇ ਨੇ ਇਸ ਸਾਲ ਏਥੇ ਸੀ ਆਦਿ ਗ੍ਰੰਥ ਸਾਹਿਬਾਂ 700 ਪਾਠਾਂ ਦੇ ਭੋਗ ਪਏ। 900 ਰੁਪਏ ਦਾ ਕੜਾਹ ਪ੍ਰਸ਼ਾਦ ਬਣਾਇਆ ਗਿਆ। ਮੇਲੇ ਵਿੱਚ ਜੁੜੇ ਸਾਰੇ ਲੋਕਾਂ ਡੰਝਾਂ ਲਾਹੀਆਂ।

ਡੇਰਿਆਂ ਵਿੱਚ ਵੀ ਪ੍ਰਸ਼ਾਦ ਭੇਜਿਆ। ਲੋਕ ਧੰਨ ਗੁਰੂ ਹਰੀ ਸਿੰਘ, ਧੰਨ ਗੁਰੂ ਹਰੀ ਸਿੰਘ ਕਰਦੇ ਜਾਣ।

ਏਥੇ ਇਕ ਹਜ਼ਾਰ ਬੌਰੀਆਂ ਨੇ ਮਾਸ ਤੇ ਸ਼ਰਾਬ ਛੱਡਕੇ ਭਜਨ ਪੁੱਛਿਆ। ਸਤਿਗੁਰੂ ਜੀ ਨੇ ਇਹਨਾਂ ਦਾ ਆਗੂ ਮਹੰਤ ਹਰੀ ਸਿੰਘ ਨੂੰ ਬਣਾਇਆ। ਲਾਲ ਤੋਂ ਚਿੱਟਾ ਸਫੈਦ ਨਿਸ਼ਾਨ ਝੁਲਾਣ ਨੂੰ ਦਿੱਤਾ। ਇਹ ਲੋਕ ਗੁਰਮੁਖੀ ਦੇ ਵਾਕਫ ਹੋਏ ਤੇ ਗੁਰਬਾਣੀ ਪੜਨ ਲਗੇ ।

ਪਿੰਡ ਉੜਾਂਗ ਵਿੱਚ ਇਹਨਾਂ ਗੁਰੂ ਹਰੀ ਸਿੰਘ ਜੀ ਦੀ ਯਾਦਗਾਰ ਕਾਇਮ ਕੀਤੀ ।

ਬੌਰੀਆਂ ਨੂੰ ਗੁਰੂ ਹਰੀ ਸਿੰਘ ਜੀ ਨੇ ਵੱਸ ਕੀਤਾ ਤੇ ਸਾਊ ਬਣਾਇਆ।

ਧੰਨ ਸਤਿਗੁਰ ਹਰੀ ਸਿੰਘ

Namdhari Elibrary NamdhariElibrary@gmail.com

ਮੰਜੀ ਗੁਰੂ

ਪ੍ਰੀਤਮ ਸਿੰਘ ਕਵੀ

ਪ੍ਰਾਪਤੀ ਬਾਦ ਵੀ ਜੇ ਮਨੁਖ ਨਿਰਮਾਣ ਰਹਿ ਸਕੇ ਤਾਂ ਉਹ ਮਹਾਨ ਉੱਚਾ ਹੈ। ਪਰ ਜੇ ਹਰ ਪ੍ਰਾਪਤੀ ਪਿੱਛੇ ਉਹਦੀ ਕ੍ਰਿਤਗਤਾ ਵਧਦੀ ਜਾਇ ਤਾਂ ਉਹ ਮਹਾਂ ਪੁਰਖ ਦਾ ਦਰਜਾ ਪ੍ਰਾਪਤ ਕਰਦਾ ਹੈ।

ਪੌਰਾਣਿਕ ਕਥਾ ਕਹਾਣੀਆਂ ਵਿਚ ਵੱਡੇ ਵੱਡੇ ਮਹਾਂ ਰਿਸ਼ੀਆਂ ਦਾ ਜ਼ਿਕਰ ਆਉਂਦਾ ਹੈ, ਜਿਹੜੇ ਸਮੁੰਦਰ ਸੁਕਾ ਸਕਦੇ, ਹਿਮਾਂਚਲ ਹਿਲਾ ਸਕਦੇ, ਸੁਮੇਰ ਦੀ ਜਗਹ ਬਦਲ ਸਕਦੇ, ਚੰਦ ਸੂਰਜ ਨੂੰ ਅਪਣੇ ਇਸ਼ਾਰੇ ਤੇ ਨਚਾ ਸਕਦੇ, ਪਰ ਜਦੋਂ ਕਦੇ ਵੀ ਕੋਈ ਉਨਾਂ 'ਚੋਂ ਅਪਣੇ ਅਧਿਕਾਰ ਖੇਤਰ 'ਚੋਂ ਨਿਕਲਿਆ-ਠਿਠ ਹੋਇਆ, ਪਛਤਾਇਆ ਤੇ ਫੇਰ ਰਾਹੇ ਰਾਸਤੀ ਤੇ ਆਇਆ।

ਗੁਰੂ-ਸਿੱਖ ਪਰੰਪਰਾ ਵਿਚ ' ਗੁਰੂ ਨਾਨਕ ਦੇਵ ਜੀ ਤੋਂ ਬਾਦ ਅਜੇਹੇ ਸੰਤਾਂ, ਭਗਤਾਂ, ਸੇਵਕਾਂ ਦੀਆਂ ਕਥਾਵਾਂ ਮਿਲਦੀਆਂ ਹਨ ਜਿਹੜੇ ਅਪਣੀ ਉੱਚ ਕਰਨੀ ਦੇ ਸਦਕਾ ਕਦੇ ਪੂਜੇ ਸਤਿਕਾਰੇ ਜਾਂਦੇ ਰਹੇ ਪਰ ਫੇਰ ਅਭਿਮਾਨ ਦੇ ਚੁੰਗਲ ਵਿੱਚ ਫਸਕੇ ਹਉਮੈ ਦੇ ਮਾਰੂ ਗੇੜ ਵਿਚ ਪੈ ਗਏ, ਅੰਤ ਸਤਿਗੁਰੂ ਅਤੇ ਸੰਗਤ ਦੀ ਨਿਗਹ ਵਿੱਚੋਂ ਉੱਕਾ ਹੀ ਗਿਰ ਗਏ, ਜਾਂ ਖ਼ਿਮਾ ਪ੍ਰਾਪਤ ਕਰਕੇ ਮੁੜ ਸਹੀ ਜੀਵਨ ਵਿਚ ਸ਼ਾਮਲ ਹੋ ਗਏ।

ਸਿੱਖ ਇਤਿਹਾਸ ਨਾਲ ਵਾਸਤਾ ਰੱਖਣ ਵਾਲੇ ਭਲੀ ਭਾਂਤ ਜਾਣਦੇ ਹਨ ਕਿ ਅੱਠਵੇਂ ਸਤਿਗੁਰਾਂ ਦੇ ਦੇਹਾਂਤ ਬਾਦ ਸਿੱਖ ਜਗਤ ਵਿੱਚ 22 ਮੰਜੀਆਂ ਡੱਠ ਗਈਆਂ ਅਰਥਾਤ 22 ਗੁਰੂ ਬਣ ਗਏ ਤੇ ਉਹ ਆਪਣੇ ਆਪਣੇ ਵੱਲ ਸਿੱਖਾਂ ਨੂੰ ਖੂਬ ਪ੍ਰੇਰਨ ਲੱਗੇ। ਉਹਨਾਂ ਅਪਣੇ ਏਜੰਟ ਵੀ ਬਣਾ ਲਏ ਤੇ ਕਰਾਮਾਤਾਂ ਦੀ ਸ਼ਕਤੀ ਵੀ ਵਿਖਾਣੀ ਸ਼ੁਰੂ ਕੀਤੀ। ਅਜੇਹੇ ਸਮੇਂ ਸੱਚੇ ਗੁਰੂ ਦਾ ਪਤਾ ਲਗਾਣਾ ਟੇਢੀ ਖੀਰ ਹੁੰਦਾ ਹੈ। 22 ਮੰਜੀਆਂ ਦੇ ਚੱਕਰ ਚੋਂ ਸਿੱਖ ਸੰਗਤਾਂ ਨੂੰ ਸ੍ਰੀ ਮੱਖਣ ਸ਼ਾਹ ਲੁਬਾਣਾ ਨੇ ਕੱਢਿਆ ਜਦੋਂ ਉਸਨੇ ਮਨ ਇੱਛਾ ਨੂੰ ਗੁਰੂ ਤੇਗ ਬਹਾਦਰ ਜੀ ਰਾਹੀਂ ਹੀ ਪੂਰਨ ਹੁੰਦਾ ਡਿੱਠਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉਹੋ ਮੰਜੀਆਂ, ਮਸਨਦ ਦੇ ਰੂਪ ਵਿਚ ਹੋ 'ਮਸੰਦ ਬਣ ਗਈਆਂ ਤੇ ਹਰ ਸਿੱਖ ਨੂੰ ਪਤਾ ਹੈ ਕਿ ਦਸਮੇਸ਼ ਸਤਿਗੁਰੂ ਨੇ ਹੰਕਾਰ ਭਰੇ ਮਸੰਦਾਂ ਨੂੰ ਦੋਜ਼ਖੀ ਸਜ਼ਾਵਾਂ ਦਿੱਤੀਆਂ।

ਇਹ ਕੋਈ ਅਲੋਕਾਰ ਨਹੀਂ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਪਰਦੇਸ ਗਮਨ ਵੇਲੇ ਦੇ ਰਾਜਸੀ ਤੇ ਦੂਜੇ ਹਾਲਾਤ ਨੂੰ ਮੁਖ ਰੱਖਕੇ ਨਾਮਧਾਰੀ ਸਮਾਜ ਦੇ ਮਹਾਨ ਕਰਨੀਆਂ ਵਾਲੇ ਸੰਤ ਗੁਰ-ਮਰਯਾਦਾ ਨੂੰ ਭੁੱਲ ਜਾਂਦੇ। ਇਹ ਅਪਣੀ ਢਾਈ ਪਾ ਦੀ ਖਿਚੜੀ ਰਿੰਨ੍ਹਣ ਲਈ ਵੱਖ-ਵੱਖ ਚੁਲ੍ਹੇ ਬਣਾ ਕੇ ਬਹਿ ਗਏ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਦੇ ਲੋਕਾਂ ਵਿਚ ਰਾਜਸੀ ਤੇ ਸਦਾਚਾਰਕ ਪਲਟਾ ਇਸ ਤਰ੍ਹਾਂ ਦਾ ਲਿਆਂਦਾ ਕਿ "ਘਰ ਘਰ ਰਾਮ ਸਿੰਘ" ਹੋਣ ਵਾਲੀ ਸਥਿਤੀ ਪੈਦਾ ਹੋ ਗਈ। ਮਾਝੇ, ਮਾਲਵੇ ਦੜਪ, ਦੁਆਬੇ ਤੇ ਮੈਣ ਦੁਆਬ ਆਦਿ ਵਿਚ ਮਹਾਨ ਸੰਤ-ਸਿਤਾਰੇ ਚਮਕਣ ਲੱਗੇ।

ਪ੍ਰਕਾਸ਼-ਸੂਰਜ ਦੇ ਪ੍ਰਦੇਸ ਚਲੇ ਜਾਣ ਬਾਦ ਸਿੱਖ ਸੰਗਤਾਂ ਨੂੰ ਕੇਂਦਰ ਸੁੰਨਾ-ਸੁੰਨਾ ਜਾਪਿਆ। ਸਤਿਗੁਰੂ ਹਰੀ ਸਿੰਘ ਜੀ ਅਜੇ ਓਹੋ ਬੁਧ ਸਿੰਘ ਜੀ ਸਨ, ਜਿਨ੍ਹਾਂ ਨੂੰ ਚਾਰ ਛੇ ਮਹੀਨੇ ਪਹਿਲਾਂ ਤੋਂ ਕੋਈ ਉੱਕਾ ਹੀ ਨਹੀਂ ਸੀ ਜਾਣਦਾ ਤੇ ਕੇਵਲ 20 ਦਿਨ ਪ੍ਰਦੇਸ ਗਵਨ ਤੋਂ ਅੱਗੋਂ ਉਨਾਂ ਸਭ ਸਿੱਖਾਂ ਨੂੰ ਸਮਝਾ ਕੇ ਕਿਹਾ ਸੀ ਕਿ ਤੁਸੀਂ ਤਾਂ ਮੇਰੇ ਕੋਲ ਸਦਾ ਰਹਿੰਦੇ ਹੋ, ਏਹ ਤਾਂ ਅਜੇ ਹੁਣੇ ਹੀ ਆਏ ਹਨ। ...ਗੰਗਾ-ਯਾਤਰਾ ਸਮੇਂ ਅੱਗ ਲੱਗੀ ਗੋਲੀ ਨੂੰ ਗੁਰੂ ਹਰੀ ਸਿੰਘ ਜੀ ਨੂੰ ਆਪਣੇ ਨਾਲ ਲੈ ਗੰਗਾ ਵਿੱਚ ਸੁੱਟਵਾਣ ਤੋਂ ਬਾਦ ਸ਼ਾਇਦ ਇਸੇ ਦਿਨ ਦੂਜੀ ਏਹ ਪ੍ਰਤੱਖ ਘਟਨਾ ਸੀ ਕਿ ਸਤਿਗੁਰੂ ਜੀ ਨੇ ਅਪਣੇ ਵਾਲੇ ਬਸਤਰ ਬੁਧ ਸਿੰਘ ਜੀ ਨੂੰ ਪਹਿਨਾਕੇ ਸਿੱਖਾਂ ਨੂੰ ਕਿਹਾ ਸੀ- ਏਹ ਵੇਖੋ ਅਸਲੋਂ ਮੇਰੇ ਜਿਹੇ ਹੀ ਲੱਗਦੇ ਨੇ!

ਓਦੋਂ ਇਹਨਾਂ ਸੰਕੇਤਾਂ ਦਾ ਪਤਾ ਕਿਸੇ ਨੂੰ ਨਹੀਂ ਸੀ ਲੱਗ ਰਿਹਾ, ਪਰ ਅਚਾਨਕ ਪਰਦੇਸ ਗਮਨ ਦੀਆਂ ਤਿਆਰੀਆਂ ਵਿੱਚ ਮਾਲੂਮ ਹੋਇਆ ਕਿ ਬੁਧ ਸਿੰਘ ਜੀ ਦਾ ਪ੍ਰਗਟ ਰੱਖਣਾ ਹੀ ਸਮਾਜ ਹਿੱਤ ਵਿੱਚ ਸੀ। ਸਤਿਗੁਰੂ ਹਰੀ ਸਿੰਘ ਜੀ ਕਈ ਵਾਰ ਆਪ ਕਿਹਾ ਕਰਦੇ ਕਿ ਉਹਨਾਂ ਨੂੰ ਸਤਿਗੁਰਾਂ ਨੇ ਏਸੇ ਲਈ ਜ਼ਾਹਰ ਨਹੀਂ ਹੋਣ ਦਿੱਤਾ ਕਿ ਏਸ ਅਉਖੇ ਵੇਲੇ ਵਾਸਤੇ ਰਾਖਵਾਂ ਰੱਖਣਾ ਸੀ। ਸੋਈ ਸ਼ੱਕ ਨਹੀਂ ਕਿ ਜੇ ਸ੍ਰੀ ਬੁਧ ਸਿੰਘ ਜੀ ਵੀ ਗੁਰੂ ਰਾਮ ਸਿੰਘ ਜੀ ਵਾਂਗ ਲੋਕ-ਜੀਵਨ ਵਿਚ ਸਰਗਰਮ ਹੁੰਦੇ ਤਾਂ

Namdhari Elibrary NamdhariElibrary@gmail.com

ਇਹਨਾਂ ਦੇ ਨਾਲ ਹੀ ਦੇਸ਼ ਨਿਕਾਲੇ ਲਈ ਤੋਰ ਲਏ ਜਾਂਦੇ। ਪਰ ਦੂਰ ਦ੍ਰਿਸ਼ਟਾ ਸਤਿਗੁਰੂ ਦੇ ਮਨ ਦੀਆਂ ਕੌਣ ਜਾਣੇ!

ਏਸ ਲਈ ਅ-ਪ੍ਰਸਿੱਧ ਵਿਅਕਤੀ ਬੁਧ ਸਿੰਘ ਜੀ ਤਾਂ ਅਜੇ ਭੈਣੀ ਸਾਹਿਬ ਦੇ ਡੇਰੇ ਦੇ, ਸਤਿਗੁਰੂ ਰਾਮ ਸਿੰਘ ਜੀ ਦੇ ਡੀ. ਸੀ. ਨਾਲ ਕੀਤੇ ਬਚਨਾਂ ਅਨੁਸਾਰ, ਕੁੰਜੀ ਬਰਦਾਰ ਸਨ। ਪਰੰਤੂ ਸਾਧ ਸੰਗਤਾਂ ਦੇ ਮਾਰਗ ਦਰਸ਼ਕ ਤਾਂ ਇਹ ਪੂਰਨ ਰੂਪ ਵਿਚ ਉਸ ਦਿਨ ਤੋਂ ਹੀ ਬਣੇ, ਜਦੋਂ ਬਾਬਾ ਜਵਾਹਰ ਸਿੰਘ ਜੀ ਰਾਹੀਂ ਰੰਗੂਨ ਚੋਂ ਚੀਨੀ ਵਾਲੇ ਪਾਤਸ਼ਾਹ ਦੇ ਹੁਕਮਨਾਮੇ ਨੇ ਆਪ ਨੂੰ ਬੁਧ ਸਿੰਘ ਤੋਂ ਹਰੀ ਸਿੰਘ ਨਾਮ ਦੇਕੇ ਆਪਣੇ ਤੋਂ ਵੀ ਵੱਡਾ ਬਣਾ ਦਿੱਤਾ। ਹੁਕਮ ਕੀਤਾ ਕਿ ਮੇਰੇ ਧਕੇ ਨੂੰ ਏਹ ਬਖਸ਼ ਦੇਵੇਗਾ। ਇਹਦੇ ਧੱਕੇ ਨੂੰ ਮੈਂ ਨਹੀਂ ਬਖ਼ਸ਼ ਸਕਾਂਗਾ।

ਏਸ ਮਹਾਨ ਜ਼ਿਮੇਵਾਰੀ ਦੇ ਸ੍ਰੀ ਬੁਧ ਸਿੰਘ ਜੀ ਤੱਕ ਮੁੰਤਕਿਲ ਹੁੰਦਿਆਂ 3 ਸਾਲ ਲੱਗ ਗਏ। ਏਨੇ ਵਿੱਚ ਕੁਛ ਚਰਿਤ੍ਰਵਾਂਨ ਤੇ ਸਵੈ-ਵਿਸ਼ਵਾਸੀ ਸਿੱਖ ਸਾਧਾਂ ਨੇ ਨਾਮਧਾਰੀਆਂ ਦੀਆਂ ਵੱਖ-ਵੱਖ ਇਕਾਈਆਂ ਨੂੰ ਕੁਛ ਬਚਾਈ ਰੱਖਣ ਦੇ ਖਿਆਲ ਨਾਲ ਤੇ ਕੁਛ ਭੁਲਾਈ ਰੱਖਣ ਦੀ ਮਨਸ਼ਾ ਨਾਲ ਆਪਣੀਆਂ ਆਪਣੀਆਂ ਮੰਜੀਆਂ ਸਥਾਪਿਤ ਕਰ ਲਈਆਂ।

ਇਲਾਕਿਆਂ ਦੇ ਲੋਕ ਇਹਨਾਂ ਆਪੂੰ ਉਗਮੇ ਕੇਂਦਰਾਂ ਵਿਚ ਆਉਂਦੇ। ਏਥੋਂ ਦੇ ਪ੍ਰਧਾਨ ਵਿਅਕਤੀ ਸਿੱਖ-ਸਾਧ ਨੂੰ ਸਤਿਗੁਰੂ ਜੀ ਵਾਂਗ ਹੀ ਮੰਨਦੇ, ਭੇਟਾ ਚੜਾਂਦੇ ਤੇ ਇਹਨਾਂ ਦੀਆਂ ਰਿੱਧੀਆਂ ਸਿੱਧੀਆਂ ਤੋਂ ਲਾਹਾ ਲੈ ਘਰਾਂ ਨੂੰ ਜਾਂਦੇ। ਇਹ ਅੰਨ੍ਹਿਆਂ ਨੂੰ ਸੁਜਾਖਿਆਂ ਕਰਦੇ, ਸੁਜਾਖਿਆਂ ਨੂੰ ਅੰਨਿਆਂ ਕਰਦੇ ਜਦ ਜੀ ਕਰਦਾ ਮੀਂਹ ਵਰ੍ਹਾ ਲੈਂਦੇ ਜਦੋਂ ਮਨ ਮੰਨਦਾ ਬੱਦਲ ਖਿੰਡਾ ਪੁੰਡਾ ਦਿੰਦੇ। ਕਿਸੇ ਨੂੰ ਅਮੁਲੀ ਥੁੜ ਦਾਤ ਬਖਸ਼ਦੇ ਕਿਸੇ ਦੀ ਖੋਹ ਕੇ ਤਾਕਤ ਦਾ ਜਲਵਾ ਦਿਖਾਂਦੇ। ਮੁੱਠੀ ਵਿੱਚ ਰੱਬ ਆਇਆ ਜਾਣ ਹੁਣ ਉਨ੍ਹਾਂ ਨੂੰ ਉਸ ਪਰਮ-ਆਤਮਾ ਦੀ ਸੁੱਧ-ਬੁੱਧ ਵਿਸਰ ਗਈ ਜੋ ਸਾਖਿਆਤ ਹੋ ਜੀਵਾਂ ਦੀ ਕਲਿਆਣ ਹਿੱਤ ਆਪ ਨਿਆਇ ਮਾਰਗ ਤੇ ਚਲਦਾ ਤੇ ਹੋਰਨਾਂ ਨੂੰ ਚਲਾਣ ਵਾਸਤੇ ਆਦਰਸ਼ ਪੁਰਸ਼ ਦੇ ਰੂਪ ਵਿੱਚ ਅੱਗੇ ਲੱਗ ਤੁਰਦਾ ਹੈ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਜਦੋਂ 'ਬੁੱਧ ਸਿੰਘ' ਦੀ ਓਢਣੀ ਚੋਂ ਬਾਹਰ ਨਿਕਲ, ਮਿੱਠੀਆਂ ਦਮਕਾਂ ਨਾਲ ਚਮਕਣ ਲੱਗੇ ਤਾਂ ਲੋਕ-ਪਰਵਾਹ ਨੇ ਅਸਲੀ ਗੁਰੂ ਨੂੰ ਪਹਿਚਾਨਣਾ ਸ਼ੁਰੂ ਕਰ ਦਿੱਤਾ। ਮੰਜੀ ਗੁਰੂਆਂ ਦਾ ਸਹਿਜੇ-ਸਹਿਜੇ ਘੇਰਾ ਸੀਮਤ ਹੋਣ ਲੱਗ ਪਿਆ। ਭਾਵੇਂ ਸਤਿਗੁਰੂ ਜੀ ਭੈਣੀ ਸਾਹਿਬ ਵਿੱਚ ਨਜ਼ਰਬੰਦ ਹੀ ਸਨ ਤੇ ਉਨਾਂ ਦੇ ਦਰਸ਼ਨ ਕਰਨੇ ਵੀ ਬਾਹਲੇ ਸੁਖਾਲੇ ਨਹੀਂ ਸਨ ਤਾਂ ਵੀ ਦਰਸ਼ਨ ਕਰਨ ਗਿਆ ਹਰ ਵਿਅਕਤੀ ਉਨਾਂ ਚੋਂ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਪਰਤਿਆ। ਪਰ ਜਦੋਂ ਕਦੇ ਉਹ ਸਰਕਾਰ ਤੋਂ ਛੁੱਟੀ ਲੈਕੇ 10 ਜਾਂ 20 ਦਿਨਾਂ ਦਾ ਬਾਹਰਲੇ ਇਲਾਕਿਆਂ ਵਿੱਚ ਦੌਰਾ ਕਰ ਲੈਂਦੇ ਤਾਂ ਮੰਜੀ-ਗੁਰੂਆਂ ਨੂੰ ਘਬਰਾਹਟ ਜ਼ਰੂਰ ਵਾਪਰਦੀ ਕਿ ਕਿਸੇ ਦਿਨ ਇਹਨਾਂ ਦਾ ਪ੍ਰਭਾਵ ਖੇਤਰ ਅਸਲੋਂ ਹੀ ਮਹਿਦੂਦ ਹੋ ਜਾਵੇਗਾ!

ਪਰੰਤੂ ਸਤਿਗੁਰੂ ਜੀ ਨੇ ਬਾਹਲਾ ਚਿਰ ਖਾਮੋਸ਼ੀ ਧਾਰਨ ਕੀਤੀ ਰੱਖੀ। ਦੌਰਿਆਂ ਤੇ ਚੜ੍ਹਿਆਂ ਸਤਿਗੁਰੂ ਜੀ ਦਾ ਪ੍ਰਭਾਤ-ਲਾਲੀ ਜਿਉਂ ਨੂਰ ਭਰਿਆ ਚਿਹਰਾ, ਨੀਵੀਆਂ ਨਜ਼ਰਾਂ, ਝੁਕੀ ਧੌਣ, ਸਿਮਰਨ ਰੱਤਾ ਸਵਾਸ-ਸਵਾਸ, ਕਿਰਤੱਗਤਾ ਭਰਿਆ ਰੋਮ ਰੋਮ ਤੇ ਜੀਵਨ-ਬਖਸ਼ ਨਿੰਮਰ ਬੋਲ ਹਰ ਦਰਸ਼ਕ ਤੇ ਜਾਦੂ ਦਾ ਅਸਰ ਕਰਦੇ। ਸ੍ਰੀ ਸਤਿਗੁਰੂ ਜੀ ਪਾਸ ਅਨੇਕਾਂ ਸਮਝਦਾਰ ਸਿੱਖਾਂ ਨੇ ਆ-ਆ ਬੇਨਤੀਆਂ ਕਰਨੀਆਂ ਕਿ ਫਲਾਣੀ ਥਾਂ ਤੇ ਇੱਕ ਮੰਜੀ ਗੁਰੂ ਬੜਾ ਹੰਕਾਰਿਆ ਗਿਆ ਹੈ, ਆਪ ਨੂੰ ਨਿਰਾਦਰ ਭਰੇ ਬੋਲਾਂ ਨਾਲ ਲੋਕਾਂ ਵਿੱਚ ਨਿੰਦਦਾ ਹੈ ਜਾਂ ਫਲਾਣੀ ਥਾਂ ਦੀ ਮੰਜੀ ਕਈ ਅਨੂਠੀਆਂ ਕਰਾਮਾਤਾਂ ਕਰਦੀ ਹੈ, ਆਪ ਤਾਂ ਕੁਛ ਵੀ ਕਦੇ ਜ਼ਾਹਰ ਨਹੀਂ ਕਰਦੇ। ਪਰ ਸਤਿਗੁਰੂ ਜੀ ਨਿੱਕੀ ਜੇਹੀ ਮੁਸਕਾਣ ਨਾਲ ਏਸ ਮਸਲੇ ਨੂੰ ਟਾਲਨ ਦਾ ਜਤਨ ਕਰਦੇ। ਕਦੇ ਕਦੇ ਸਿੱਖਾਂ ਵਲੋਂ ਬਹੁਤਾ ਹੀ ਜ਼ੋਰ ਦੇਣ ਤੇ ਏਨਾ ਹੀ ਕਹਿੰਦੇ- ਹਾਲੇ ਸਮਾਂ ਨਹੀਂ ਆਇਆ।

ਇਕ ਦਿਨ ਐਸਾ ਆ ਗਿਆ ਸ੍ਰੀ ਸਤਿਗੁਰੂ ਜੀ ਨੇ ਮੰਜੀਆਂ ਨੂੰ ਟਿਕਾਣੇ ਲਾਣ ਦਾ ਮਨ ਬਣਾ ਲਿਆ-

"ਨਉ ਨਿਧਿ ਨਾਮੁ ਗਰੀਬੀ ਪਾਈ॥"

ਸਤਿਗੁਰ ਨਾਨਕ ਦੇਵ ਜੀ ਦਾ ਮੂਲ ਹਥਿਆਰ ਸੀ, ਘੁਮੰਡੀਆਂ ਵਿਰੋਧੀਆਂ, ਪੰਡਤਾਂ ਤੇ ਦੁਸ਼ਟ ਦੋਖੀਆਂ ਲਈ! ਸ੍ਰੀ ਸਤਿਗੁਰੂ ਹਰੀ ਸਿੰਘ ਜੀ ਪਾਸ ਵੀ, ਸਭ ਤੋਂ ਵੱਡਾ ਸ਼ਸਤਰ ਨਾਮ ਅਤੇ ਗਰੀਬੀ ਦਾ ਹੀ ਸੀ। ਨਾਮ ਆਪ 19 ਤੋਂ 21 ਮਾਲਾ ਤੱਕ ਰੋਜ਼ਾਨਾ ਭਜਨ ਕਰਦੇ ਅਤੇ ਗਰੀਬੀ ਦੇ ਪੱਖੋਂ ਆਪ ਅਦਨੇ ਤੋਂ ਅਦਨੇ ਆਦਮੀ ਦੀ ਮੂਰਖ ਹਿਮਾਕਤ ਵੀ ਜਰਕੇ ਚੁੱਪ ਕਰ ਰਹਿੰਦੇ। ਗੁਰੂ ਹਰੀ ਸਿੰਘ ਜੀ ਨੂੰ ਆਪਣੇ ਪ੍ਰਦੇਸੀ-ਵੀਰ ਦਾ ਏਹ ਬਚਨ ਸਦਾ ਯਾਦ ਰਹਿੰਦਾ:

ਮੇਰਾ ਤਾਂ ਬਰਗ ਮਿਰਗ ਕਾ ਹੈ ਤੇ ਭਾਈ ਤੇਰਾ ਬਰਗ ਚੂਹੇ ਕਾ ਹੈ। ਮੈਂ ਤਾਂ ਜਾਵਾਂਗਾ ਤੇ ਤੂੰ ਐਥੇ ਈ ਬੈਠਾ ਜੜ੍ਹਾਂ ਕੁਤਰ ਦੇਈਂ। ਗਰੀਬ ਹੋਇ ਕੇ ਦਿਨ ਕਟੀ।

(ਸਤਿਗੁਰੂ ਬਿਲਾਸ)

ਸੋ ਨਾਮ ਤੇ ਗਰੀਬੀ ਨੂੰ ਹਿਰਦੇ ਵਿੱਚ ਵਸਾ ਜਦੋਂ ਆਪ ਜੀ ਭੈਣੀ ਸਾਹਿਬ ਤੋਂ ਬਾਹਰ ਵਿਚਰਣ ਲੱਗੇ ਤਾਂ ਸਭ ਤੋਂ ਪਹਿਲੇ ਆਪ ਨੂੰ ਬਾਬੇ ਦੇਵਾ ਸਿੰਘ ਜੀ ਦੀ ਮੰਜੀ ਮਿਲੀ।

ਉਂਜ ਤਾਂ ਹਰ ਸਿੱਖ ਹੀ ਸਤਿਗੁਰੂ ਦਾ ਰੂਪ ਦਾ ਹੈ।

Namdhari Elibrary NamdhariElibrary@gmail.com

ਪਰ ਆਚਰਣ ਤੋਂ ਪਤਾ ਲੱਗਦਾ ਹੈ ਕਿ ਕੋਈ ਸਿੱਖ, ਸਤਿਗੁਰੂ ਤੋਂ ਕਿਸ ਕੋਟੀ ਦਾ ਹੈ। ਸੰਤਾਂ ਦਾ ਆਚਾਰ ਤੇ ਵਿਚਾਰ ਆਮ ਸਿੱਖ ਤੋਂ ਹੋਰ ਵੀ ਸਤਿਗੁਰੂ ਜੀ ਦੇ ਸਦਾਚਾਰ ਦੇ ਨਜ਼ਦੀਕ ਹੁੰਦਾ ਹੈ। ਸੰਤਾ ਦੀ ਮਾਨਤਾ ਹੁੰਦੀ ਹੈ, ਮੱਥੇ ਟਿਕਦੇ ਹਨ, ਲੋਕੀਂ ਅਪਣੇ ਘਰਾਂ ਵਿੱਚ ਦਰਸ਼ਨਾਂ ਦੀਆਂ ਬੇਨਤੀਆਂ ਕਰਦੇ ਹਨ ਤੇ ਉਹ ਦੌਰਿਆਂ ਤੇ ਵੀ ਚੜ੍ਹਦੇ ਹਨ; ਪਰ ਉਸ ਸਮੇਂ ਉਹਨਾਂ ਦੇ ਨਿਘਰਾਓ ਦਾ ਵਕਤ ਆ ਪੁੱਜਦਾ ਹੈ ਜਦੋਂ ਉਹ ਹਉਂ ਦੇ ਘੋੜੇ ਚੜ੍ਹਿਆਂ ਸਤਿਗੁਰੂ ਦੀ ਮਹਾਨ ਪਦਵੀ ਦਾ ਸਤਿਕਾਰ ਤੇ ਉਹਦੀਆਂ ਜ਼ਿੰਮੇਵਾਰੀਆਂ ਦਾ ਘੇਰਾ ਵੀ ਭੁੱਲ ਜਾਂਦੇ ਹਨ। ਜਦੋਂ ਉਹ, ਗੁਰ ਸਿੱਖੀ ਦੀ ਉਸ ਪਰੰਪਰਾ ਨੂੰ ਹੀ ਵਿਸਾਰ ਬਹਿੰਦੇ ਹਨ ਜਿਸ ਦੇ ਮੁਤਾਬਿਕ ਸਿੱਖਾਂ ਅਤੇ ਸੰਤਾਂ ਦੀਆਂ ਸਾਰੀਆਂ ਕੋਟੀਆਂ ਸਤਿਗੁਰੂ ਜੀ ਦੇ ਅਧੀਨ ਅਤੇ ਹੇਠ-ਹੇਠ ਹੀ ਹੁੰਦੀਆਂ ਹਨ ।

ਬਾਬਾ ਦੇਵਾ ਸਿੰਘ

ਇਹਨਾਂ ਬਾਬਾ ਜੀ ਨੇ ਧੂੜ ਕੋਟ (ਫਿਰੋਜ਼ਪੁਰ) ਵਿੱਚ ਡੇਰਾ ਜਮਾਇਆ ਹੋਇਆ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਵਕਤਾਂ ਦੇ ਪੂਰਨ ਗੁਰਸਿੱਖ ਸਨ। ਨਾਮਧਾਰੀਆਂ ਦੀ ਆਨ ਸ਼ਾਨ ਨੂੰ ਕਾਇਮ ਰੱਖਦਿਆਂ ਏਹ ਗੁਰ ਮਰਯਾਦਾ ਅਨੁਸਾਰ ਅਪਣਾ ਨਿੱਤ ਕਰਮ ਕਰਦੇ। ਸਾਰੇ ਮਾਲਵੇ ਵਿੱਚ ਆਪ ਦੀ ਕਰਨੀ ਦੀਆਂ ਧੁੰਮਾਂ ਪੈ ਗਈਆਂ। ਰਸਨਾਂ ਚੋਂ ਨਿਕਲਿਆ ਵਾਕ ਜ਼ਹਿਰੀਲੇ ਨਾਗ ਵਾਂਗ ਅਸਰ ਕਰਦਾ। ਲੋਕ ਖਾਲੀ ਖਾਲੀ ਆਉਂਦੇ ਤੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਵਾ ਭਰੇ ਭਰੇ ਜਾਂਦੇ। ਏਸ ਅਵਸਥਾ ਨੇ ਸਹਿਜੇ ਸਹਿਜੇ ਬਾਬਾ ਜੀ ਅੰਦਰ ਹੰਕਾਰ ਦਾ ਬੀਜ ਬੋ ਦਿੱਤਾ ਜੋ ਬੜੀ ਛੇਤੀ ਛੇਤੀ ਫੁੱਲਣ ਫੱਲਣ ਲੱਗਾ ।

ਆਪ ਨੂੰ ਹੁਣ ਉਹ ਕੇਂਦਰ ਭੁੱਲ ਗਿਆ ਜਿਸ ਤੋਂ ਮਹਾਨ ਸ਼ਕਤੀ ਆ ਕੇ ਰਿੱਧੀਆਂ ਸਿੱਧੀਆਂ ਦੇ ਖਜਾਨੇ ਭਰੀ ਰੱਖਦੀ ਸੀ। ਇਹਨਾਂ ਦੀਆਂ ਕਰਨੀਆਂ ਅਤੇ ਗੁਰੂ ਘਰ ਵੱਲ ਹੰਕਾਰ ਦੀਆਂ ਖਬਰਾਂ ਮੁੱਖ ਕੇਂਦਰ ਨੂੰ ਆਉਣ ਲੱਗੀਆਂ।

1933 ਬਿਕਰਮੀ ਵਿੱਚ ਗੁਰੂ ਹਰੀ ਸਿੰਘ ਜੀ ਵੱਲੋਂ ਤੇ ਮਾਲਵੇ ਦੀ ਸਾਧ ਸੰਗਤ ਵੱਲੋਂ ਜ਼ਿਲਾ ਅਧਿਕਾਰੀਆਂ ਨੂੰ ਮਾਘੀ ਦੇ ਮੇਲੇ ਵਾਸਤੇ ਛੁੱਟੀ ਦੀ ਦਰਖਾਸਤ ਦਿੱਤੀ ਗਈ। ਮਾਘੀ ਤੋਂ ਬਾਦ 15 ਦਿਨਾਂ ਦੇ ਦੌਰੇ ਦੀ ਛੁੱਟੀ ਮਿਲੀ। ਸ੍ਰੀ ਸਤਿਗੁਰੂ ਜੀ ਸੰਗਤਾਂ ਸਮੇਤ ਲੋਹਗੜ, ਰਾਇਸਰ ਤੋਂ ਹੁੰਦੇ ਹੋਏ ਜਦ ਧੂੜ ਕੋਟ ਪਹੁੰਚੇ ਤਾਂ।

"ਘਰੀ ਚਰਨ ਪਵਾਏ ਸਿੰਘ ਨੇ। ਦੇਵਾ ਸਿੰਘ ਦੇ ਆਏ। ਅਗੇ ਮੰਜੇ ਪਰ ਹੀ ਬੈਠਾ ਰਿਹਾ। ਅਗੇ ਸੇ ਬੋਲਿਆ ਅਸਾਂ ਕੋਈ ਚੀਜ਼ ਦੇਣੀ ਸੀ ਪਰ ਤੁਸਾਂ ਤੇ ਸਾਂਭੀ ਨਹੀਂ ਜਾਣੀ ਹੈ। ਦੀਨ ਦਿਆਲ ਜੀ ਬਚਨ ਕੀਤਾ ਅਸੀਂ ਸਾਂਭ ਲਵਾਂਗੇ। ਉਹ ਹੰਕਾਰ ਨਾਲ ਬੋਲਿਆ, ਮਹਾਰਾਜ ਜੀ ਨਿਮਖੀ ਨਾਲ ਬੋਲ ਕੇ ਸਾਰੀ ਸ਼ਕਤੀ ਸੂਤ ਲਈ। ਖਾਲੀ ਦਾ ਖਾਲੀ ਹੀ ਰਹਿ ਗਿਆ।"

ਸਤਿਗੁਰੂ ਬਿਲਾਸ ਭਾਗ-2

ਬਾਬਾ ਸੁਧ ਸਿੰਘ

ਬਾਬਾ ਸੁਧ ਸਿੰਘ ਜੀ ਨਾਲ ਵੀ ਕੁਛ ਇੰਜ ਹੀ ਵਾਪਰੀ। ਗੁਰੂ ਘਰ ਵਲੋਂ ਮਿਲੇ ਆਦਰ ਸਤਿਕਾਰ ਨੂੰ ਉਨ੍ਹਾਂ ਏਨਾ ਵਧਾਕੇ ਵੇਖਿਆ ਕਿ ਸਤਿਗੁਰੂ ਦਾ ਆਦਰ ਉਨ੍ਹਾਂ ਦੀ ਨਜ਼ਰ ਵਿਚ ਕੋਈ ਥਾਂ ਨਾ ਰੱਖ ਸਕਿਆ ।

ਇਹ ਬਾਬਾ ਸੁਧ ਸਿੰਘ ਜੀ ਪੂਰਣ ਰੂਪ ਵਿੱਚ ਨਾਮਧਾਰੀ ਸੰਤ ਸਨ। ਅੰਮ੍ਰਿਤ ਵੇਲੇ ਉੱਠ, ਸ਼ਨਾਨ ਪਾਣੀ ਕਰ ਭਜਨ ਬੰਦਗੀ ਵਲ ਚਿੱਤ ਲਾਉਂਦੇ। ਸਾਰੇ ਮੈਣ ਦੁਆਬੇ ਵਿਚ ਆਪ ਦੀ ਮਾਨਤਾ ਸੀ। ਆਪ ਜੀ ਮੈਣ ਦੁਆਬੇ ਦੇ ਸੂਬੇ ਸਥਾਪਤ ਕੀਤੇ ਗਏ ਸਨ। ਨਾਮਧਾਰੀਆਂ ਤੇ ਦਬਾਉ ਚੱਕਰ ਸਮੇਂ ਵੀ ਆਪ ਦਰਸ਼ਨ ਅਤੇ ਕਰਮ ਕਰਕੇ ਪੂਰੇ ਨਾਮਧਾਰੀ ਸਨ। ਆਪ ਜੀ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਰੰਗੂਨ ਵਿਚੋਂ ਇਕ ਹੁਕਮਨਾਮਾ ਭੇਜਿਆ। ਜਿਸ ਵਿਚ ਆਪ ਜੀ ਵੱਲ ਸਤਿਗੁਰੂ ਜੀ ਦੇ ਸਨਮਾਨ ਦਾ ਆਭਾਸ ਹੋਵੇਗਾ। ਹੇਠ ਲਿਖੇ ਸ਼ਬਦ ਆਪ ਜੀ ਵੱਲ ਲਿਖੇ ਗਏ ਹੁਕਮਨਾਮੇ ਵਿਚੋਂ ਹਨ-

"ਉੱਜਲ ਦੀਦਾਰ, ਨਿਰਮਲ ਬੁਧ, ਪਰ ਉਪਕਾਰੀ, ਧਰਮ ਕੇ ਰੱਖਕ, ਬਾਣੀ ਦਾ ਰੂਪ, ਸਤਿ ਸੰਤੋਖ ਕੀ ਮੂਰਤਿ, ਸਰਬ ਗੁਣਾ ਸੰਪੰਨ, ਸਰਬ ਉਪਮਾ ਜੋਗ ਭਾਈ ਸੁਧ ਸਿੰਘ ਜੀ"

ਏਨੇ ਵਿਸ਼ੇਸ਼ਣ ਅਨੰਤ ਕਲਾ ਦੇ ਠਾਕੁਰ ਵੱਲੋਂ ਇਕ ਸਿੱਖ ਸੰਤ ਨੂੰ ਮਿਲਣੇ ਕੋਈ ਸਾਧਾਰਨ ਗੱਲ ਨਹੀਂ। ਏਸੇ ਹੁਕਮਨਾਮੇ ਵਿਚ ਇਕ ਥਾਂ ਲਿਖਿਆ ਹੈ- ਭਾਈ ਸੁਧ ਸਿੰਘ ਜੀ ਤੁਸਾਂ ਅੱਗੇ ਵਰਗੀ ਹਰਿਦਾਸ ਨਾ ਲਿਖਿਓ: ਤੁਸਾਂ ਤਾਂ ਸਾਧ ਹੋ ਜੀ। ਮੈਂ ਤਾਂ ਤੁਸਾਂ ਨੂੰ ਸੰਤ ਜਾਣਦਾ ਹਾਂ।... ਹੋਰ ਜੀ ਜਦ ਕੋਈ ਆਵੇ ਸਾਡੀ ਬਲ, ਤਦ ਹੀ ਅਪਣੀ ਸੁਖ ਅਨੰਦ ਦੀ ਖਬਰ ਲਿਖਦੇ ਰਹਿਣਾ...ਹੋਰ ਜੀ ਸਾਰੀ ਸੰਗਤ ਨੂੰ ਨਾਮ ਜਪਾਉਣਾ। ਏਸ ਦੇਸ ਮੈਂ ਤੁਸਾਂ ਦਾ ਹੀ ਸਰੀਰ ਰਹਿ ਗਿਆ ਹੈ।"

ਕਿੰਨਾ ਮਾਣ ਸੀ ਸਤਿਗੁਰੂ ਜੀ ਨੂੰ ਏਸ ਸਰੀਰ ਤੇ ਅਤੇ ਕਿੰਨਾ ਭਰੋਸਾ ਸੀ। ਪਰੰਤੂ ਜਦੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ 1934 ਬਿ: ਦੇ ਸਾਲ, ਸ. ਹੀਰਾ ਸਿੰਘ ਸਢੌਰੇ (ਅੰਬਾਲਾ) ਦੇ ਸਪੁਤ੍ਰ ਦੇ ਅਨੰਦ ਕਾਰਜ ਲਈ ਕੁਝ ਦਿਨਾਂ ਦੀ ਛੁੱਟੀ ਗਏ ਤਾਂ ਜਾਂਦੇ ਹੋਏ ਆਪ ਮਢੌਰ (ਅੰਬਾਲਾ) ਦੇ ਏਨਾਂ ਬਾਬਾ ਸੁਧ ਸਿੰਘ ਜੀ ਦੇ ਦਰਸ਼ਨਾਂ ਲਈ ਪਧਾਰੇ॥ ਬਾਬਾ ਜੀ ਦੀਆਂ ਸਿੱਧੀਆਂ ਤੇ

Namdhari Elibrary NamdhariElibrary@gmail.com

ਕਰਾਮਾਤਾਂ ਦੇ ਪ੍ਰਭਾਵ ਦੀਆਂ ਕਹਾਣੀਆਂ ਸਤਿਗੁਰੂ ਜੀ ਨੇ ਸੁਣੀਆਂ ਹੋਈਆਂ ਸਨ, ਪਰ ਇਹ ਨਹੀਂ ਸੀ ਪਤਾ ਕਿ ਆਪ ਅਭਿਮਾਨ ਦਾ ਅਜੇਹਾ ਕੋਟ ਵੀ ਵਲੀ ਬੈਠੇ ਹਨ ਜਿਸ ਵਿਚ ਨਿਰਮਾਣਤਾ ਨੂੰ ਥਾਂ ਨਹੀਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਭਾਈ ਬਘੇਲ ਸਿੰਘ ਜੀ ਨਾਰਲੀ ਵੱਲ ਹੁਕਮਨਾਮੇ ਵਿਚ ਇਕ ਵਾਰ ਲਿਖਿਆ ਸੀ- ਹੋਰ ਭਾਈ ਬਘੇਲ ਸਿੰਘ ਸੁਧ ਸਿੰਘ ਨੇ ਸਾਨੂੰ ਕਦੇ ਨਾਹੀ ਚਾਰ ਅੱਖਰ ਪਾਕੇ ਭੇਜੇ। ਉਹ ਜਾਣੇ ।

ਭਾਈ ਸੰਤੋਖ ਸਿੰਘ ਜੀ ਸਤਿਗੁਰੂ ਬਿਲਾਸ ਵਾਲੇ ਲਿਖਦੇ ਹਨ- "ਮਹਾਰਾਜ ਜੀ ਮੈਨ ਦੁਆਬ ਕੋ ਤਾਰਦੇ ਸਵੌਰੇ ਗਏ। ਸੁਧ ਸਿੰਘ ਮੰਜੇ ਪਰ ਬੈਠਾ ਰਿਹਾ। ਦੇਖਕੇ ਉੱਠਿਆ ਨਹੀਂ ਮੰਜੇ ਉਤੋਂ। ਮਹਾਰਾਜ ਜੀ ਪਾਉਂਦੀ ਵੱਲ ਬੈਠ ਗਏ... ਸਗੋਂ ਉਹਦੇ ਚਰਨਾ ਨੂੰ ਹੱਥ ਲਾਉਣ ਨੂੰ ਜਾਵਣ। ਸੱਤਾ ਸਭ ਸੂਤ ਲਈ।"

ਬੱਸ ਏਨੀ ਗਲ ਹੀ ਸੀ। ਜਿਸ ਸਤਿਗੁਰੂ ਦੇ ਚਰਨਾਂ ਨੂੰ ਹੱਥ ਲਾਕੇ ਅਸੀਂ ਅਪਣੇ ਹੱਥ ਪੁਨੀਤ ਤੇ ਸਰੀਰ ਪਵਿੱਤਰ ਕਰਕੇ ਉਸਦੀ ਪਰਮ ਸੱਤਾ ਤੋਂ ਕੁਛ ਕਿਣਕੇ ਪ੍ਰਾਪਤ ਕਰਦੇ ਹਾਂ, ਜਦੋਂ ਓਸੇ ਸਤਿਗੁਰੂ ਨੇ ਬਾਬਾ ਸੁਧ ਸਿੰਘ ਜੀ ਦੇ ਚਰਨਾਂ ਨੂੰ ਬਾਰ-ਬਾਰ ਛੁਹ ਕੇ ਨਿਮਰਤਾ ਤੇ ਸਦਭਾਵਨਾ ਦਿਖਾਈ ਤਾਂ ਬਾਬਾ ਜੀ ਉਸ ਕਲਾ ਤੋਂ ਸੱਖਣੇ ਹੋ ਗਏ ਜਿਸ ਦੀ ਹੋਂਦ ਨਾਲ ਆਪ ਉੱਡੇ-ਉੱਡੇ ਫਿਰਦੇ ਤੇ ਅਪਣੇ ਜੇਹਾ ਹੋਰ ਕਿਸੇ ਨੂੰ ਨਹੀਂ ਸਨ ਮਿਥਦੇ ।

ਬਾਬ ਸੁਧ ਸਿੰਘ ਮਚੌਰ ਵਾਲੇ ਕੋ ਸੰਕਲਪ ਗ੍ਰਿਸਤ ਭੋਗਣੇ ਕਾ ਹੋਇਆ। ਜਿਹੜਾ ਮਨ ਇਸਥਿਤ ਸੀ ਸੋ ਡੋਲ ਖੜਾ ਹੋਇਆ ਕਿਉਂਕਿ ਸੱਤਾ ਮਹਾਰਾਜ ਜੀ ਕੱਢ ਆਂਦੀ ਸੀ। ਮੈਨ ਦੁਆਬ ਦੇ ਸਿੰਘਾਂ ਕਿਹਾ ਕਿ ਤੁਸਾਂ ਉਹਨਾਂ ਦਾ ਅਦਬ ਰੱਖਣਾ ਸੀ। ਸਤਿਗੁਰੂ ਜੀ ਦੇ ਭਰਾ ਸਨ। ਤੇ ਏਸ ਦਿਨ ਤੋਂ ਪਿਛੋਂ ਏਸ ਮੰਜੀ ਦੀ ਹੋਂਦ ਠੱਪ ਹੋ ਗਈ। ਲੋਕਾਂ ਨੇ ਜਾਣਿਆ ਕਿ ਸਤਿਗੁਰ ਜੇਡਾ ਸਨਿਮਰ ਹੋਰ ਕੋਈ ਨਹੀਂ ਹੋ ਸਕਦਾ ।

ਬਾਬਾ ਗੰਡਾ ਸਿੰਘ ਤੇ ਸੌਣ ਸਿੰਘ-ਇਹਨਾਂ ਦਾ ਡੇਰਾ ਇੱਬਣ (ਜ਼ਿ. ਅੰਮ੍ਰਿਤਸਰ) ਵਿੱਚ ਸੀ। ਆਪਦਾ ਮੁੱਢਲਾ ਪਿੰਡ ਰਟੌਲ (ਜਿ: ਅੰਮ੍ਰਿਤਸਰ) ਸੀ। ਸਤਿਗੁਰਾਂ ਦੇ ਪ੍ਰਦੇਸ ਗਵਨ ਤੋਂ ਥੋੜ੍ਹਾ ਚਿਰ ਹੀ ਪਹਿਲਾਂ ਆਪ ਨੇ ਭਜਨ ਪੁੱਛਿਆ ਸੀ। ਦੀਵਾਨ ਵਿਚ ਬੈਠਿਆਂ ਮਸਤ ਹੋਕੇ, ਇਕ ਦਿਨ ਆਪ ਦੇ ਮੂੰਹੋਂ ਆਵਾਜ਼ਾ ਨਿਕਲਿਆ - "ਮੈਂ 12 ਵਰ੍ਹੇ ਇੱਬਣ ਰਹਾਂਗਾ।" ਤੇ ਏਸ ਤੋਂ ਪਿਛੋਂ ਬਾਬਾ ਗੰਡਾ ਸਿੰਘ ਜੀ ਦੀ ਰਸਨਾਂ ਤੋਂ ਨਿਕਲਿਆ ਹਰ ਵਾਕ ਸੱਤ ਹੋਣ ਲੱਗਾ। ਗੁਰੂਆਂ ਦੇ ਸਥਾਨ ਵਾਂਗ ਹੀ ਇੱਬਣ ਦਾ ਡੇਰਾ ਵੀ ਵੱਸਣ ਲੱਗਾ। ਲੋਕ ਦਸਵੰਧ ਦੇਣ ਲੱਗੇ। ਬਾਬਾ ਜੀ ਦੌਰੇ ਤੇ ਦੀਵਾਨ ਕਰਨ ਲੱਗੇ। ਕਰਾਮਾਤਾਂ ਦੇ ਭੰਡਾਰ ਖੁੱਲ੍ਹ ਗਏ । ਮਾਝੇ ਦੀ ਸਿੱਖੀ ਦਾ ਕੇਂਦਰ ਇਬਣ ਬਣ ਗਿਆ। ਤੇ ਜਦੋਂ ਸਤਿਗੁਰੂ ਪ੍ਰਤਾਪ ਸੂਰਜ ਦੀਆਂ ਕਿਰਨਾਂ ਆਪਣੇ ਦਰਸ਼ਨ ਦੌਰੇ ਸਮੇਂ ਵਿਸ਼ਾਲ ਇਲਾਕਿਆਂ ਨੂੰ ਰੁਸ਼ਨਾਣ ਤੇ ਗਰਮਾਣ ਲੱਗੀਆਂ ਓਦੋਂ ਇੱਬਣ ਦੇ ਡੇਰੇ ਦੀ ਕਲਾ ਵੀ ਸੀਮਤ ਖੇਤਰ ਵਿਚ ਰਹਿ ਗਈ। ਗੁਰੂਆਂ ਵਰਗੇ ਮਹਾਂਪੁਰਸ਼ ਵਿਚ ਹੰਕਾਰ ਦਾ ਕੰਡਾ ਉਗਮ ਪਿਆ ਤੇ ਇਹ ਰੜਕਣ ਲੱਗਾ।

1949 ਬਿ: ਕੱਤਕ ਦੇ ਦਿਨਾਂ ਦੀ ਛੁੱਟੀ ਮਿਲੀ ਸਤਿਗੁਰੂ ਜੀ ਨੇ ਅੰਮ੍ਰਿਤਸਰ ਵਿਖੇ ਦਰਸ਼ਨ ਦਿੱਤੇ। ਦਰਬਾਰ ਸਾਹਿਬ ਅਤੇ ਅਕਾਲ ਬੁੰਗੇ ਵੀ ਆਪ ਏਸ ਦੌਰੇ ਸਮੇਂ ਪਧਾਰੇ। ਛੇ ਦਿਨ ਅੰਮ੍ਰਿਤਸਰ ਰਹਿ ਕੇ ਤਰਨ ਤਾਰਨ ਤੇ ਠਰੂ ਥਾਣੀ ਦਰਸ਼ਨ ਦੇ ਕੇ ਸੰਗਤਾਂ ਸਮੇਤ ਦੀਨ ਦਿਆਲ ਇੱਬਣ ਵਿਖੇ ਵੀ ਆਪ ਹੀ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਗੁਰੂ ਹਰੀ ਸਿੰਘ ਜੀ ਦੇ ਸਮੇਂ ਦੇ ਇਤਿਹਾਸਕਾਰ ਬਾਬਾ ਸੰਤੋਖ ਸਿੰਘ ਜੀ ਨੇ ਲਿਖਿਆ ਹੈ :

"ਮਹਾਰਾਜ ਜੀ ਇੱਬਣ ਆਏ। ਪਰ ਪਹਿਲੇ ਸਿੰਘ ਆਏ। ਗੰਡਾ ਸਿੰਘ ਤੇ ਸੌਣ ਸਿੰਘ ਦੋਨੋਂ ਮੰਜਿਆਂ ਪਰ ਬੈਠੇ ਹੈਂ। ਸਿੰਘਾਂ ਨੂੰ ਪੁੱਛਣ ਲੱਗੇ, ਤੁਸੀਂ ਕਿਉਂ ਆਏ ਹੋ? ਸਿੰਘਾਂ ਨੇ ਕਿਹਾ ਕਿ ਮਹਾਰਾਜ ਹਰੀ ਸਿੰਘ ਜੀ ਆਉਂਦੇ ਹੈਂ। ਏਤਨੇ ਮੇਂ ਮਹਾਰਾਜ ਆਇ ਗਏ। ਆਕੇ ਗੰਡਾ ਸਿੰਘ ਦੇ ਮੰਜੇ ਨੂੰ ਹੱਥ ਲਾਕੇ ਮੱਥਾ ਟੇਕਿਆ। ਗੰਡਾ ਸਿੰਘ ਨਾ ਉਠਿਆ ਮੰਜੇ ਉਤੋਂ ਸੌਣ ਸਿੰਘ ਉੱਠ ਖਲੋਤਾ। ਦੂਆ ਮੰਜਾ ਡਹਾਇ ਕੇ ਬੈਠੇ ਮਹਾਰਾਜ ਜੀ। ਰਾਗਾ ਸਿੰਘ ਨੂੰ ਹੁਕਮ ਕੀਤਾ ਤੂੰ ਪਤਾਸੇ ਧਰ। ਤਾਂ ਪਤਾਸੇ ਅਗੇ ਜਾਇ ਧਰੇ। ਪਤਾਸੇ ਖਿੰਡਾਇ ਦੀਏ ਤੇ ਰਾਗਾ ਸਿੰਘ ਚੁਕ ਕੇ ਮੂੰਹ ਮੇ ਪਾਇ ਲੀਏ। ਮੁੜ ਆਇਆ।

"ਫੇਰ ਮਹਾਰਾਜ ਜੀ ਹੁਕਮ ਕੀਤਾ ਕਿ ਤੁਸੀਂ ਚਰਨੀ ਪਵੋ। ਬਚਨ ਮੰਨ ਕੇ ਸਾਰੀ ਸੰਗਤ ਚਰਨੀਂ ਜਾਇ ਪਈ। ...ਪਰ ਹੰਕਾਰ ਕਾ ਜੋ ਕਿਲਾ ਹੈ, ਨਹੀਂ ਉਠਣ ਦਿੰਦਾ। ਨਾ ਉਠਿਆ ਤਾਂ ਮਹਾਰਾਜ ਜੀ ਕੋ ਜਫੀ ਪਾਇ ਲਈ। ਤੇ ਕਹਿਣ ਲਗਾ ਕਿ ਮੇਰੀ ਮੰਗ ਸੀ ਕਿ ਮਹਾਰਾਜ ਜੀ ਆਪ ਆਇਕੇ ਮੈਨੂੰ ਜਫੀ ਪਾਵਣਗੇ। ਤਾਂ ਮੈਂ ਖੜਾ ਹੋਵਾਂਗਾ। ਮੇਰੀ ਮੰਗ ਤਾਂ ਪੂਰੀ ਹੋਈ ਹੈ। ਗੰਡਾ ਸਿੰਘ ਨੇ ਕਿਹਾ ਮੈਨੂੰ ਭਜਨ ਦੇਵੋ। ਮਹਾਰਾਜ ਜੀ ਬਚਨ ਕੀਤਾ ਤੂੰ ਸੁਣਾ ਭਜਨ। ਉਸਨੇ ਕਿਹਾ ਕਿ ਤੁਸੀਂ ਸੁਣਾਓ ਭਜਨ! ਮਹਾਰਾਜ ਜੀ ਬਚਨ ਕੀਤਾ ਜੇਕਰ ਭਜਨ ਲੈਣਾ ਹੈ ਤਾਂ ਸਿੱਖਾਂ ਵਾਂਗੂ ਪੂਜਾ ਕਰੋ... ਤੁਸਾਂ ਨੂੰ ਭਜਨ ਦੇਵਾਂਗੇ। ਉਸਨੇ ਕਿਹਾ ਕਿ ਸਾਡੇ ਕੋਲ ਪੂਜਾ ਨਹੀਂ ਹੈ।"

"ਮਹਾਰਾਜ ਬਚਨ ਕੀਤਾ ਤੁਸਾਡੇ ਕੋਲ ਕੀ ਹੈ? ਗੰਡਾ ਸਿੰਘ ਨੇ ਕਿਹਾ ਕਿ ਸਾਡੇ ਕੋਲ ਪਾਂਚ ਭੂਤ ਹੈ। ਕਾਮ ਕ੍ਰੋਧ

Namdhari Elibrary NamdhariElibrary@gmail.com

ਲੋਭ ਮੋਹ ਮਤਸਰ! ਏਹ ਹੈਨ ਹੋਰ ਕੁਝ ਨਹੀਂ ਹੈ। ਮਹਾਰਾਜ ਜੀ ਬਚਨ ਕੀਤਾ ਚਲੋ ਭਾਈ ਏਨਾ ਦੇ ਕੋਲ ਕੁਝ ਨਹੀਂ ਹੈ। ਖਾਲੀ ਪਏ ਠਣਕਦੇ ਹੈਂ। ਸੱਤਾ ਸਾਰੀ ਖੈਂਚ ਆਂਦੀ। ਖਾਲੀ ਕਰ ਦੀਏ।

ਇੰਜ ਹੀ ਸੌਣ ਸਿੰਘ ਦਾ ਪਾਜ ਵੀ ਉਘੇੜ ਦਿੱਤਾ। "ਪਾਛੇ ਕੋਈ ਦਿਨ ਕੇ, ਏਕ ਸਿੰਘ ਨੇ ਗੰਡਾ ਸਿੰਘ ਕੋ ਲੜਕੀ ਕਾ ਅਨੰਦ ਭੜਾਇ ਦੀਆ। ਡੇਰਾ ਛਡ ਕੇ ਸੋਹਰਿਆਂ ਕੇ ਜਾਇ ਰਿਹਾ। ਸਿੰਘ ਮੰਨਣੋ ਹਟ ਗਏ। ਕਾਮ ਕੀ ਬੇੜੀ ਪੈ ਗਈ।"

ਸਤਿਗੁਰੂ ਬਿਲਾਸ

ਸੰਤ ਲਾਲ ਸਿੰਘ ਜੀ ਤੇ ਕਿਰਪਾ

ਸ਼ਾਇਦ ਸਾਲ ਬਿ: 1950 ਹੋਵੇ। ਦੀਨ ਦਿਆਲ ਜੀ ਦੇ ਦੌਰੇ ਲਈ 15 ਦਿਨਾਂ ਦੀ ਛੁੱਟੀ ਮਨਜ਼ੂਰ ਹੋਈ। ਆਪ ਜੀ ਨੇ ਅੰਮ੍ਰਿਤਸਰ ਜ਼ਿਲੇ ਦੀਆਂ ਸੰਗਤਾਂ ਦੀ ਇੱਛਾ ਅਨੁਸਾਰ ਏਹ ਦੌਰਾ ਕਰਨਾ ਸੀ। ਸਾਧ ਸੰਗਤ ਨੇ ਬਹੁਤ ਸਾਰੇ ਨਗਰਾਂ ਵਿੱਚ ਲੰਗਰ ਕਰਨ ਤੇ ਮੇਲਿਆਂ ਦੀ ਅਰਜ਼ ਕੀਤੀ ਹੋਈ ਸੀ।

ਏਹਨੀਂ ਦਿਨੀਂ ਸੰਤ ਲਾਲ ਸਿੰਘ ਜੀ ਭੂਰੇ ਗਿਲਾਂ ਵਾਲਿਆਂ ਦਾ ਵੀ ਬੜਾ ਤਪ ਤੇਜ ਸੀ। ਆਪਣੇ ਜਥੇ ਨਾਲ ਜਿੱਥੇ ਜਾ ਕੀਰਤਨ ਕਰਦੇ ਸੰਗਤਾਂ ਮੁੱਠੀਆਂ ਜਾਂਦੀਆਂ। ਬੜੇ ਚਿਰਾਂ ਤੋਂ ਇਹ ਕੇਂਦਰ ਨਾਲੋਂ ਨਾਤਾ ਤੋੜ ਅਪਣੇ ਆਪ ਵਿੱਚ ਮਸਤ, ਦੌਰੇ ਕਰ ਕਰਵਾ ਰਹੇ ਸਨ, ਕਿ ਸਤਿਗੁਰੂ ਹਰੀ ਸਿੰਘ ਜੀ ਗੌਰੇ ਨੰਗਲ ਦੀਆਂ ਸੰਗਤਾਂ ਦੀ ਮਨੋ ਕਾਮਨਾ ਪੂਰਨ ਕਰਨ ਲਈ ਪਧਾਰੇ। ਸੰਤ ਲਾਲ ਸਿੰਘ ਜੀ ਦਾ ਨਗਰ ਭੂਰੇ ਗਿਲ ਵੀ ਨੇੜੇ ਹੀ ਪੈਂਦਾ ਸੀ, ਪਰ ਸੰਤ ਜੀ ਦਾ ਮਨ ਬਹੁਤ ਦੂਰ ਚਲਾ ਗਿਆ। ਸੰਤ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਛੋਟੇ ਭਾਈ ਦੀ ਵੱਡੀ ਮਹਾਨਤਾ ਨਹੀਂ ਸੀ ਕਬੂਲਦੇ। ਆਪ ਅਪਣੇ ਜਥੇ ਸਮੇਤ ਇਕ ਦਿਨ ਪਹਿਲਾਂ ਦੜਪ ਦੇ ਦੌਰੇ ਨੂੰ ਨਿਕਲ ਗਏ। ਉਹਨੀਂ ਦਿਨੀਂ ਸਤਿਗੁਰੂ ਜੀ ਦੇ ਦੌਰੇ ਦੀਆਂ ਦੂਰ ਨੇੜੇ ਦੇ 50-50 ਮੀਲ ਦੇ ਘੇਰੇ ਵਿਚ ਧੂੰਮਾਂ ਪੈ ਜਾਂਦੀਆਂ। ਸੰਤ ਜੀ ਏਹ ਜਾਣਕੇ ਵੀ ਕਿ ਸਤਿਗੁਰੂ ਜੀ ਏਸੇ ਇਲਾਕੇ ਵਿਚ ਵਿਚਰ ਰਹੇ ਹਨ ਘੁਸਾਈ ਮਾਰ ਗਏ। ਗੌਰੇ ਨੰਗਲ ਭਰੇ ਦੀਵਾਨ ਵਿਚ ਸੰਤ ਲਾਲ ਸਿੰਘ ਜੀ ਦੇ ਘਰੋਂ ਮਾਤਾ (ਸੁੱਖੀ) ਨੇ ਸਤਿਗੁਰੂ ਜੀ ਨੂੰ ਹੱਥ ਬੰਨ ਅਰਜ਼ ਕੀਤੀ- ਦੀਨ ਦਿਆਲ, ਭੂਰੇ ਗਿਲ ਜ਼ਰੂਰ ਲੰਗਰ ਕਰੋ। ਮਾਤਾ ਜੀ ਦੇ ਨਾਲ ਅਰਜ਼ ਕਰਨ ਸਮੇਂ ਨੱਥਾ ਸਿੰਘ ਜੀ ਚੇਲੇਕਿਆਂ ਵਾਲੇ ਵੀ ਹੱਥ ਜੋੜੀ ਖੜੇ ਸਨ। ਸਤਿਗੁਰੂ ਜੀ ਮੁਸਕਰਾ ਕੇ ਬਚਨ ਕੀਤਾ-- 'ਤੇਰਾ ਘਰ ਵਾਲਾ ਤਾਂ ਦੌੜ ਗਿਆ ਹੈ, ਤੂੰ ਕਿਥੇ ਲਜਾਣਾ ਏ ਸਾਨੂੰ।'

"ਦੀਨਾ ਬੰਧੂ, ਘਰ ਵਾਲਾ ਦੌੜ ਗਿਆ ਹੈ ਤਾਂ ਫੇਰ ਕੀ? ਘਰ ਤਾਂ ਨਾ ਉਹਦਾ ਹੈ ਨਾ ਮੇਰਾ ਹੈ, ਏਹ ਤਾਂ ਤੇਰਾ ਤੇ ਤੇਰੀ ਸਾਧ ਸੰਗਤ ਦਾ ਹੈ। ਤੇ ਜੇ ਹੈ ਸਾਡਾ ਵੀ ਤਾਂ ਜੇਹੋ ਜੇਹਾ ਉਹ ਮਾਲਕ ਤੇਹੋ ਜੇਹੀ ਮੈਂ ਮਾਲਿਕ-ਮੇਰੇ ਤੇ ਜ਼ਰੂਰ ਕਿਰਪਾ ਕਰੋ।"

ਅਰਜ਼ ਮਨਜ਼ੂਰ ਹੋ ਗਈ। ਦੂਜੇ ਦਿਨ ਭੂਰੇ ਗਿਲੀ ਜਾ ਦਰਸ਼ਨ ਦਿੱਤੇ। ਬੇਅੰਤ ਦੁਨੀਆਂ ਸਤਿਗੁਰੂ ਜੀ ਦੇ ਦਰਸ਼ਨਾਂ ਨੂੰ ਆ ਇੱਕਠੀ ਹੋਈ। ਖੂਬ ਮੇਲਾ ਬਣਿਆ। ਅਗਲੇ ਦਿਨ ਜਦੋਂ ਦੀਨ ਦਿਆਲ ਜੀ ਦਾ ਦੌਰਾ ਨਾਲ ਦੇ ਪਿੰਡ ਜਾਣ ਨੂੰ ਤਿਆਰ ਹੋਣ ਲੱਗਾ ਤਾਂ ਸੰਤ ਲਾਲ ਸਿੰਘ ਜੀ ਵੀ ਜਥੇ ਸਮੇਤ ਆ ਪਹੁੰਚੇ। ਆਪ ਨੇ ਸਤਿਗੁਰੂ ਜੀ ਦੇ ਚਰਨੀਂ ਲੱਗ, ਦੱਸਿਆ ਕਿ ਦੜਪ ਦੇ ਮਿਥੇ ਪਿੰਡ ਗਿਆਂ ਰਾਤੀਂ ਨੀਂਦ ਨਹੀਂ ਆਈ। ਤੜਕੇ ਹੀ ਕਾਠੀਆਂ ਪਾ, ਘੋੜੇ ਦੁੜਾ, ਆ ਪਹੁੰਚੇ ਹਾਂ।

ਸਤਿਗੁਰੂ ਜੀ ਨੇ ਪਿਆਰ ਨਾਲ ਬਚਨ ਕੀਤਾ ਭਾਈ, ਤੂੰ ਸਾਨੂੰ ਆਇਆ ਸੁਣਕੇ ਨੱਠ ਗਿਓਂ। ਤਪ ਦਾ ਹੰਕਾਰ ਨਹੀਂ ਕਰੀਦਾ। ਹੰਕਾਰਿਆ ਸੋ ਮਾਰਿਆ ਸਭ ਜਾਣਦੇ ਨੇ। ਗੁਰੂ ਘਰ ਨਾਲ ਹੰਕਾਰ ਨਹੀਂ ਵਾਰਾ ਖਾਂਦਾ।

ਸੰਤ ਜੀ ਨੇ ਉੱਤਰ ਵਿਚ ਅਰਜ਼ ਕੀਤੀ- ਤੁਸੀਂ ਹੰਕਾਰ ਨਵਿਰਤ ਕਰਨ ਲਈ ਹੀ ਪਧਾਰਦੇ ਹੋ। ਦੀਨ ਦਿਆਲ ਮੇਰੇ ਤੇ ਤੁਸਾਂ ਖਾਸ ਕਿਰਪਾ ਕੀਤੀ ਹੈ ਜੁ ਮੁੜ ਰਾਹੇ ਰਾਸਤੀ ਤੇ ਲੈ ਆਂਦਾ ਹੈ।

ਏਹ ਸੰਤ ਲਾਲ ਸਿੰਘ ਜੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਦੀਵਾਨਾਂ ਦੀ ਸ਼ੋਭਾ ਹੋਇਆ ਕਰਦੇ। ਆਪ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਹੋਰ ਨਾਮਧਾਰੀ ਬਣੇ।

ਇਸ ਤਰਾਂ, ਪੰਜਾਬ ਪ੍ਰਾਂਤ ਦੇ ਵੱਖ ਵੱਖ ਭਾਗਾਂ ਵਿਚ ਜੋ ਗੁਰੂ-ਮੰਜੀਆਂ ਸਥਾਪਿਤ ਹੋ ਗਈਆਂ ਸਨ। (ਜਿਵੇਂ ਮਾਈ ਅਤਰੀ ਖਾਨੇ ਵਾਲੀ, ਬਾਬਾ ਕੇਸਰ ਜੀ, ਬਾਬਾ ਜਗਦੀਸ ਸਿੰਘ ਸੇਖੇ ਵਾਲੇ, ਉਬੋ ਕੇ ਵਾਲੇ ਸੰਤ ਹਰਨਾਮ ਸਿੰਘ ਅਤੇ ਬਾਲਧੇ ਦੇ ਰਾਮ ਸਿੰਘ ਜੀ ਅਦਿ ਸਨ) ਸ੍ਰੀ ਸਤਿਗੁਰੂ ਜੀ ਨੇ ਆਪਣੀ ਨਿਮਰਤਾ ਅਤੇ ਗੁਰਤੱਵ ਦੇ ਪ੍ਰਭਾਵ ਨਾਲ ਸਭ ਦੀ ਸੱਤਿਆ ਇਕੋ ਥਾਂ 'ਤੇ ਕੇਂਦਰਤ ਕਰ ਲਈ, ਅਤੇ ਜਦੋਂ ਆਪ ਜੋਤੀ ਜੋਤ ਸਮਾਏ ਕਿਤੇ ਕੋਈ ਵਿਰਲੀ ਇਕ ਅੱਧ ਮੰਜੀ ਮਾੜੀ ਰਹੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਕਿਸ਼ੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਇਕ ਸੰਗਠਤ ਨਾਮਧਾਰੀ ਪੰਥ ਦਿੱਤਾ, ਜਿਸ ਦੀ ਪਵਿੱਤਰ ਏਕਤਾ ਨੂੰ ਕਾਇਮ ਰੱਖਣ ਲਈ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਰ ਵੇਲੇ ਜਾਗਰੂਕ ਰਹੇ ਅਤੇ ਹਰ ਹੀਲੇ ਵਸੀਲੇ ਨਾਲ ਸ੍ਰੀ ਸਤਿਗੁਰੂ ਜੀ ਨੇ ਏਸ ਏਕਤਾ ਨੂੰ ਭੰਗ ਨਹੀਂ ਹੋਣ ਦਿੱਤਾ। ਇੰਜ ਹੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਦਾਦਾ-ਗੁਰੂ ਦੀ ਸੰਪੂਰਨ ਨਿਮਰਤਾ, ਹਲੀਮੀ ਤੇ ਗਰੀਬੀ ਲੈਕੇ ਸੰਸਾਰ ਵਿਚ ਵਿਚਰ ਦਿਆਂ ਪੰਥ ਦੀ ਅੱਖ ਦੀ ਪੁਤਲੀ ਵਾਂਗ ਸੰਭਾਲ ਕੀਤੀ।

Namdhari Elibrary NamdhariElibrary@gmail.com

ਸਤਿਗੁਰੂ ਹਰੀ ਸਿੰਘ

ਜਗਦੀਸ਼ ਸਿੰਘ ਵਰਿਆਮ

ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੇ ਪ੍ਰਦੇਸ ਗਵਨ ਦੇ ਸਮੇਂ ਤੋਂ ਹੀ ਨਾਮਧਾਰੀ ਪੰਥ ਉੱਪਰ ਸਾਮਰਾਜੀ ਅੱਤਿਆਚਾਰਾਂ ਅਤੇ ਤਸੀਹਿਆਂ ਦਾ ਇਕ ਝੱਖੜ ਝੁੱਲ ਪਿਆ । ਸਮੁੱਚਾ ਨਾਮਧਾਰੀ ਪੰਥ ਹੀ ਜਰਾਇਮ ਪੇਸ਼ਾ ਕਰਾਰ ਦਿੱਤਾ ਗਿਆ । ਸ੍ਰੀ ਭੈਣੀ ਸਾਹਿਬ ਦੇ ਗੁਰਦੁਆਰੇ ਦੀ ਦੋ ਤਿੰਨ ਵਾਰ ਤਲਾਸ਼ੀ ਲਈ ਗਈ। ਹੇਠਲੇ ਪਾਣੀ ਤਕ ਜ਼ਮੀਨ ਪੁੱਟੀ ਗਈ। ਸਾਰਾ ਕੀਮਤੀ ਸਾਮਾਨ ਜ਼ਬਤ ਕਰ ਲਿਆ ਗਿਆ । ਗੁਰਦੁਆਰੇ ਦੇ ਬੂਹੇ ਅੱਗੇ ਪੁਲੀਸ ਦੀ ਸਪੈਸ਼ਲ ਚੌਂਕੀ ਬਿਠਾਈ ਗਈ । ਇਸ ਵਿਚ ਨਾਮਧਾਰੀਆਂ ਨੂੰ ਤੰਗ ਕਰਨ ਵਾਸਤੇ ਚੁਣ ਚੁਣ ਕੇ ਨਿਰਦਈ ਸਿਪਾਹੀ ਰਖੇ ਜਾਂਦੇ ਰਹੇ ।

ਨਾਮਧਾਰੀਆਂ ਦਿਆਂ ਦਿਵਾਨਾਂ ਮੇਲਿਆਂ ਉਤੇ ਕਰੜੀਆਂ ਪਾਬੰਦੀਆਂ ਲਗਾ ਦਿਤੀਆਂ ਗਈਆਂ। ਮੁਖੀ ਨਾਮਧਾਰੀਆਂ ਦੀਆਂ ਜਾਇਦਾਦਾਂ ਜ਼ਬਤ ਕੀਤੀਆਂ ਗਈਆਂ। ਪੰਜ ਆਦਮੀ ਤੋਂ ਵਧ ਇਕ ਸਮੇਂ ਭੈਣੀ ਸਾਹਿਬ ਦੇ ਗੁਰਦੁਆਰੇ ਨਹੀਂ ਜਾ ਸਕਦੇ ਸਨ। ਅਜਿਹੇ ਵਿਕਟ ਸਮੇਂ ਗੁਰੂ ਹਰੀ ਸਿੰਘ ਜੀ ਨੇ ਨਾਮਧਾਰੀ ਪੰਥ ਦੀ ਅਗਵਾਈ ਕੀਤੀ । 'ਸਿਰ ਕਰਤਾ' ਆਪ ਦਾ ਅਵਤਾਰ ਸੰਮਤ 1876 ਵਿਚ ਅੱਸੂ ਦੇ ਤੀਜੇ ਨਰਾਤੇ ਨੂੰ ਹੋਇਆ।

ਆਪ ਸਤਿਗੁਰੂ ਰਾਮ ਸਿੰਘ ਜੀ ਤੋਂ ਚਾਰ ਸਾਲ ਛੋਟੇ ਸਨ । ਆਪ ਦਾ ਪਹਿਲਾ ਨਾਮ ਬੁੱਧ ਸਿੰਘ ਸੀ । ਨਾਮਧਾਰੀਆਂ ਨੂੰ ਕੋਈ ਪਤਾ ਨਹੀਂ ਸੀ ਕਿ ਅੰਗ੍ਰੇਜ਼ ਸਤਿਗੁਰੂ ਰਾਮ ਸਿੰਘ ਜੀ ਨੂੰ ਕਿਥੇ ਲੈ ਗਏ ਹਨ । ਗੁਰੂ ਹਰੀ ਸਿੰਘ ਜੀ ਨੇ ਗੁਪਤ ਰੂਪ ਵਿਚ ਭਾਈ ਦਰਬਾਰਾ ਸਿੰਘ ਜੀ ਰਾਹੀਂ ਸਤਿਗੁਰੂ ਰਾਮ ਸਿੰਘ ਜੀ ਦਾ ਪਤਾ ਕੱਢਿਆ । ਉਹ ਰੰਗੂਨ ਤੋਂ ਇਹ ਲਿਖਤੀ ਹੁਕਮਨਾਮਾ ਲਿਆਏ, ਕਿ ਭਾਈ ਬੁੱਧ ਸਿੰਘ ਦਾ ਨਾਮ ਅੱਜ ਤੋਂ ਹਰੀ ਸਿੰਘ ਹੋਇਆ ਇਹ ਸਿਖੀ ਹਰੀ ਰੱਖੇਗਾ । ਇਸ ਨੂੰ ਸਿਰ-ਕਰਤਾ ਜਾਨਣਾ। ਗੁਰ ਹਰੀ ਸਿੰਘ ਜੀ ਭਾਵੇਂ ਅਮਲੀ ਰੂਪ ਵਿਚ ਸ੍ਰੀ ਭੈਣੀ ਸਾਹਿਬ ਵਿਚ ਕੈਦ ਹੀ ਸਨ ਪਰ ਜਿਸ ਦੂਰ-ਦ੍ਰਿਸ਼ਟੀ ਅਤੇ ਕਾਮਯਾਬੀ ਨਾਲ ਆਪ ਨੇ ਆਜ਼ਾਦੀ ਲਈ ਸੰਘਰਸ਼ ਜਥੇਬੰਦ ਕਰ ਕੇ ਰੱਖਿਆ ਉਹ ਹੈਰਾਨ ਕੁਨ ਕਹਾਣੀ ਹੈ । ਆਪ ਜੀ ਦੇ ਸਮੇਂ ਸੈਂਕੜੇ ਸਿਖ ਬਰਮਾ ਵਿਚ ਜਾ ਕੇ ਅੰਗ੍ਰੇਜ਼ ਦੀਆਂ ਚਲਾਕ ਅੱਖਾਂ ਤੋਂ ਬਚਕੇ ਸਤਿਗੁਰੂ ਰਾਮ ਸਿੰਘ ਜੀ ਤੋਂ ਹੁਕਮਨਾਮੇ (ਪੱਤਰ) ਲਿਆਉਂਦੇ ਰਹੇ । ਜਿਹੜੇ ਇਸ ਜਤਨ ਵਿਚ ਫੜੇ ਜਾਂਦੇ ਮਾਰ ਦਿਤੇ ਜਾਂਦੇ ਜਾਂ ਉਨ੍ਹਾਂ ਨੂੰ ਹੋਰ ਸਖ਼ਤ ਸਜ਼ਾਵਾਂ ਹੁੰਦੀਆਂ।

ਇਸੇ ਸਮੇਂ ਹੀ ਸੂਬਾ ਗੁਰਚਰਨ ਸਿੰਘ ਜੀ ਮੁੜ ਰੂਸ ਸਰਕਾਰ ਪਾਸ ਮਦਦ ਲੈਣ ਵਾਸਤੇ ਗਏ। ਮੱਧ ਏਸ਼ੀਆ ਵਿਚ ਸੂਬਾ ਬਿਸ਼ਨ ਸਿੰਘ ਜੀ ਸਰਗਰਮ ਸਨ। ਗੁਰੂ ਹਰੀ ਸਿੰਘ ਜੀ ਦਾ ਪ੍ਰਤੀਨਿਧ ਇੰਗਲੈਂਡ ਵਿਚ ਜਾ ਕੇ ਪੰਜਾਬ ਦੇ ਆਖਰੀ ਜਲਾਵਤਨ ਬਾਦਸ਼ਾਹ ਮਹਾਰਾਜਾ ਦਲੀਪ ਸਿੰਘ ਨੂੰ ਵੀ ਮਿਲਿਆ। ਸਰਕਾਰੀ ਰਿਪੋਰਟ ਵਿਚ ਉਸ ਦਾ ਨਾਮ ਬਨਾਰਸੀ ਬਾਬੂ ਕਰਕੇ ਲਿਖਿਆ ਹੈ। ਮਹਾਰਾਜਾ ਦਲੀਪ ਸਿੰਘ ਉਨ੍ਹਾਂ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਮਹਾਰਾਜਾ ਨੇ ਪੰਜਾਬ ਆਉਣ ਦਾ ਫੈਸਲਾ ਕੀਤਾ । ਭਾਵੇਂ ਅੰਗ੍ਰੇਜ਼-ਭਗਤ ਸਿਖਾਂ ਨੇ ਉਸ ਨੂੰ ਇਸ ਮੰਤਵ ਵਿਚ ਸਫ਼ਲ ਨਾ ਹੋਣ ਦਿਤਾ !

ਸ਼ੰਕਰ ਰਾਇ, ਮਾਇਆ ਅਤੇ ਬੁਧ ਸਿੰਘ (ਇਹ ਸਤਿਗੁਰੂ ਹਰੀ ਸਿੰਘ ਨਹੀਂ ਹੋਰ ਕੂਕਾ ਸਿੱਖ ਹੈ) ਹੋਰ ਅਜਿਹੇ ਦੂਤ ਸਨ, ਜੋ ਰੂਸ ਸਰਕਾਰ ਨਾਲ ਸੰਪਰਕ ਰਖਦੇ ਰਹੇ ।

ਸੰਨ 1899 ਦੇ ਕਾਲ ਸਮੇਂ ਆਪ ਨੇ ਭੁੱਖਿਆਂ ਵਾਸਤੇ ਲੰਗਰ ਦੇ ਦਰਵਾਜ਼ੇ ਖੁੱਲੇ ਰੱਖੇ । ਅੰਗ੍ਰੇਜ਼ ਨੇ ਆਪ ਨੂੰ 2500 ਏਕੜ ਜ਼ਮੀਨ ਲੰਗਰ ਵਾਸਤੇ ਦੇਣੀ ਚਾਹੀ, ਪਰ ਆਪ ਨੇ ਕਿਹਾ ਸਾਡੀ ਧਰਤੀ ਹੀ ਸਾਨੂੰ ਖੈਰਾਤ ਵਜੋਂ ਦੇਂਦੇ ਹੋ !

ਇੱਕੀ ਸਾਲ ਗੁਰੂ ਹਰੀ ਸਿੰਘ ਜੀ ਨਜ਼ਰਬੰਦੀ ਦੀ ਹਾਲਤ ਵਿਚ ਰਹੇ । ਕੁਛ ਖਾਸ ਹਾਲਤਾਂ ਸਮੇਂ ਸਰਕਾਰ ਦੀ ਇਜਾਜ਼ਤ ਨਾਲ ਉਹਨਾਂ ਭੈਣੀ ਸਾਹਿਬ ਤੋਂ ਬਾਹਰ ਪੈਰ ਪਾਏ ।

ਅੰਗ੍ਰੇਜ਼ ਸਰਕਾਰ ਵਲੋਂ ਨਾਮਧਾਰੀਆਂ ਉੱਪਰ ਹਰ ਤਰ੍ਹਾਂ ਦੇ ਤਸ਼ੱਦਦ ਸਮੇਂ ਸਤਿਗੁਰੂ ਹਰੀ ਸਿੰਘ ਜੀ ਨੇ ਧੀਰਜ, ਤਿਆਗ, ਦ੍ਰਿੜਤਾ ਅਤੇ ਗੁਪਤ ਸਰਗਰਮੀਆਂ ਨਾਲ ਨਾਮਧਾਰੀ ਪੰਥ ਦੀ ਬੇੜੀ ਨੂੰ ਸਹੀ ਸੇਧ ਤੇ ਚਲਾਈ ਰੱਖਿਆ।

ਪਰ ਗੁਰੂ ਹਰੀ ਸਿੰਘ ਜੀ ਜੇਠ ਵਦੀ ਦਸਵੀਂ ਸੰਮਤ 1963 ਨੂੰ ਜੋਤੀ ਜੋਤ ਸਮਾ ਗਏ ।

Namdhari Elibrary NamdhariElibrary@gmail.com

ਹਰੀ ਅਵਤਾਰ

ਦਲਬੀਰ ਸਿੰਘ ਤਰਸ

ਲੈ ਗਈ ਗੱਡ ਜੂਹਾਂ ਤੋਂ ਬਾਹਰ,
ਸਿਖ ਸੱਭਿਅਤਾ ਦਾ ਇਹ ਚਾਨਣ ।
ਹਿੰਦ ਦੀ ਗੋਦ ਦਾ ਫ਼ਾਖਿਰ ਹੈ ਇਹ
ਮਟਕ ਰਹੀ ਸਰਕਾਰ
ਗੁਰੂ ਰਾਮ ਸਿੰਘ ਦੇ ਹੁਣ ਪਿਛੋਂ
ਕੌਣ ਸਹੇਗਾ ਸਾਡੀ ਮਾਰ
ਬਟਨ ਦਬਾ ਕੇ ਖੁਲ੍ਹੀਆਂ ਹੁੱਕਾਂ
ਲਾਲ ਬਤਾਛਾਂ ਵਾਲੇ ਕੁੱਤੇ
ਬਹੁਤੇ ਜਮਪਲ ਏਸ ਧਰਤ ਦੇ
ਕੌਣ ਓਪਰਾ ਗਲ਼ੀਆਂ ਜਾਣੇ
ਗਾਹਣ ਬਣਾਏ ਫਸਲਾਂ ਕੋਠੇ
ਜ਼ਾਬਰ ਲਾਏ ਹੰਸਾਂ ਦੇ ਪਿਛੇ
ਵੀਰ ਕੂਕੇ ਦਾ ਵਿਚ ਪੰਜਾਬੇ
ਹੋ ਰਿਹਾ ਕਿਵੇਂ ਸ਼ਿਕਾਰ
ਤੂੰਨ ਤੂੰਨ ਜੇਹਲਾਂ ਬੂਬੀਆਂ ਗਈਆਂ
ਕਾਲ਼ਖ਼ ਵਰਗਾ ਕਾਰਣ ਇਸਦਾ
ਇਥੇ ਧਰਮ ਇਹਨਾਂ ਦਾ ਕੋਹੀਏ
ਇਥੇ ਰਹਿਤ ਇਹਨਾਂ ਦੀ ਲੁੱਟੀਏ
ਇਥੇ ਜ਼ਹਿਰ ਸੋਧ ਤੇ ਮਲੀਏ ।
ਦੇਖ ਲਵਾਂਗੇ ਕੀ ਕੁਝ ਕਰਦਾ
ਗੁਰ ਚੀਨੀ ਅਸਵਾਰ
ਕਦੇ ਨੇ ਨਿੰਵਦੇ ਰਾਮ ਦੁਲਾਰੇ
ਇਹ ਜੇਹਲਾਂ ਸਭ ਘਰ ਹਮਾਰੇ
ਲੱਖ ਤਸੀਹੇ ਦਿਸਣ ਨਜ਼ਾਰੇ
ਜੇਹਲਾਂ ਵਿਚ ਦਿਵਾਨ ਗੂੰਜਦੇ
ਬੰਨ੍ਹਣ ਰੰਗ ਗਲਾਸਾਂ ਵਾਲੇ,
ਨੇੜ ਪਿੰਡ ਤੋਂ ਭੋਜਨ ਅੱਪੜੇ
ਇਸ ' ਨਾਲ ਖੁਸ਼ ਨਿਰਬਾਹ ਕਰ ਲੈਂਦੇ
ਇਹ ਸੀ ਸਚ ਧਰਮ ਤੇ ਟੇਕਾਂ
ਇਹ ਸੀ ਮਰਨਾ ਜੀਣਾ ਇੱਕੋ
ਇਹ ਸੀ ਪਰਮ ਅਨੰਦ ਪਵਿੱਤਰ
ਜਾਣ ਗਈ ਸਰਕਾਰ ।
ਇਹ ਹੈ ਅਜਬ ਕਟਾਰ
ਗੁਰੂ ਧਾਮ ਤੇ ਲਗਿਆ ਪਹਿਰਾ
– ਟੋਪਾਂ ਵਾਲੇ ਕਰਨ ਪਰੇਟਾਂ
ਜੁੜ ਸਿੰਘਾਂ ਨੂੰ ਬਹਿਣ ਨਹੀਂ ਦੇਣਾ
ਦਿਲਬਰ ਨੂੰ ਦੁਖ ਕਹਿਣ ਨਹੀਂ ਦੇਣਾ
ਐਨਾ ਤਾਣ ਵਿਚ ,ਸੀ ਕੂਕਾ
ਐਨੇ ਜ਼ੋਰਾਂ ਵਿਚ ਸੀ ਸੂਰੇ .
ਐਥੇ ਤਕ ਸੀਗਾ ਇਹ ਬਾਗ਼ੀ
ਐਥੇ ਤਕ ਸੀ ਪਹੁੰਚ ਏਸ ਦੀ
"ਗੁਰ'? ਤੇ"ਸਿਖ' ਦੋ ਪਦ ਜੁੜਨ ਤੇ
ਸਕਦੇ ਬਦਲ ਨੁਹਾਰ
ਇਸ ਮੱਸਿਆ ਦੀ ਕਾਲੀ ਰੁੱਤੇ
ਜਦੋਂ ਅਨ੍ਹੇਰੀ ਛਾਈ ਉੱਤੇ
ਜਦੋਂ ਧਰਮ ਦੀ ਹੁੰਦੀ ਮਿਣਤੀ
ਜਦੋਂ ਜਬਰ ਦੀਆਂ ਪੈਣ ਜਰੀਬਾਂ
– ਇਕ ਸੀ ਜੋਤ ਇਲਾਹੀ ਬੈਠੀ
ਆਪਣਾ ਤਾਣ ਲੜਾਈ ਜਾਂਦੀ
ਹਰਦਮ ਤਾਰ ਸਿੱਖਾਂ ਨਾਲ ਜੋੜੀ
ਮਾਲ ਅਮੋਲ ਪੁਜਾਈ ਜਾਂਦੀ .
ਹਰ ਦਾ ਦੁਖ ਕਾਲਜੇ ਸਹਿ ਕੇ
ਹਰ ਦੇ ਅੰਦਰ ਪਾਪਾਂ ਤਹਿ ਕੇ
ਹਰ ਇਕ ਪੀੜ ਉਸੇ ਦੀ ਕਹਿ ਕੇ
ਝੜ੍ਹੀ ਨਾਮ ਦੀ ਆਪੂੰ ਲਾਕੇ
ਪਰਮਾਰਥ ਦੀ ਬੁੱਕਲ ਦੇ ਵਿਚ
ਗੁਰੂ ਵੀਰ ਦੀ ਜੋਤ ਜਗੰਦੀ ਨੇਤਰ ਰਹੇ ਫ਼ੁਹਾਰ ।
ਵਿਚਰ ਰਹੇ ਸੰਸਾਰ
ਗੁਰੂ ਹਰੀ ਅਵਤਾਰ

Namdhari Elibrary NamdhariElibrary@gmail.com

ਪ੍ਰਦੇਸ ਜਾਣ ਵੇਲੇ ਵਿਦਾਇਗੀ ਸਮੇਂ ਦੇ ਹੁਕਮ

ਚੀਨੀ ਵਾਲੇ ਪਾਤਸ਼ਾਹ ਜੀ ਵੱਲੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੂੰ

ਸ੍ਰੀ ਸਤਿਗੁਰੂ ਰਾਮ ਮ੍ਰਿਗੇਸ਼ ਜੀ ਸੀ ਜਦ, ਬਰਮਾ ਦੇਸ਼ ਵੱਲ ਜਾਣ ਲਗੇ ।
ਸੱਦ ਸਾਹਮਣੇ ਸਿਦਕੀ ਭੌਰਿਆਂ ਨੂੰ ਨਾਮ ਦਾਨ ਇਸ਼ਨਾਨ ਦ੍ਰਿੜਾਣ ਲਗੇ ।
ਤੁਸੀ ਕਾਇਮ ਰਹਿਣਾ ਸੁੱਚ ਸੋਧ ਉੱਤੇ, ਸੰਤ ਖਾਲਸੇ ਤਾਈਂ ਸਮਝਾਣ ਲਗੇ ।
ਸਿਦਕ ਸਿਖ ਨੂੰ ਹਾਰਨਾ ਚਾਹੀਦਾ ਨਹੀਂ, ਜੇਕਰ ਸਤਿਗੁਰੂ ਸਾਂਗ ਵਰਤਾਣ ਲਗੇ ।

ਫੇਰ ਹੁਕਮ ਕੀਤਾ 'ਬੁੱਧ' ਵੀਰ ਤਾਈਂ, ਫਰਕ ਤੁਸਾਂ ਦੇ ਵਿਚ ਨ ਜਰੀ ਹੈ ਜੀ ।
ਲੱਤ ਮਾਰਕੇ ਮਾਣ ਹੰਕਾਰ ਉਤੇ, ਕੀਤੀ ਤੁਸਾਂ ਤਪੱਸਯਾ ਬੜੀ ਹੈ ਜੀ ।
ਨਾਮ ਬੁਧ ਸਿੰਘ ਦਾ ਸਮੇਂ ਨਾਲ ਬਦਲੇ, ਰੱਖਣਾ ਸੰਗਤਾਂ ਨੂੰ ਤੁਸਾਂ ਨੇ ਹਰੀ ਹੈ ਜੀ ॥
ਖੇਤੀ ਪੰਥ ਦੀ ਆਪ ਨੂੰ ਸੌਂਪਦੇ ਹਾਂ ਜ਼ੁੰਮੇਵਾਰੀ ਇਹ ਆਪ ਵਿਚ ਧਰੀ ਹੈ ਜੀ ।

ਜਿਹੜੀ ਕਾਰ ਹੈ ਅਸਾਂ ਚਲਾਈ ਜਗ ਤੇ ਤੁਸਾਂ ਇਸਨੂੰ ਖ਼ੂਬ ਵਧਾਵਣਾ ਜੀ ।
ਨਹੀਂ ਨਾਲ ਮਲੇਛ ਦੇ ਮਿਲਣ ਦੇਣਾਨ ਸਭ ਸੰਗਤਾਂ ਤਾਈਂ ਬਚਾਵਣਾ ਜੀ।
ਤੁਸਾਂ ਦੇ ਕੇ ਭਜਨ ਚੌ-ਅਖਰੇ ਦਾ , ਨਰ ਨਾਰੀ ਤੋਂ ਨਾਮ ਜਪਾਵਣਾ ਜੀ ।
ਇਸ ਗੱਲ ਨੂੰ ਰੱਖਣਾ ਯਾਦ ਹਰਦਮ, ਭਜਨ ਬਾਣੀ ਨਾਲ ਅਸਾਂ ਨੇ ਆਵਣਾ ਜੀ ।

ਛੱਤੀ ਸਾਲ ਪੂਰੇ ਸਤਿਗੁਰੂ ਹਰੀ ਸਿੰਘ ਜੀ, ਬਿਰਹੋਂ ਭਜਨ ਦੇ ਵਿਚ ਗਲਤਾਨ ਸੀ ਰਹੇ।
ਨੇਤ੍ਰ ਮੂੰਦ ਤੇ ਨੀਵੀਂ ਪਾ ਗਰਦਨ, ਸਦਾ ਮਸਤੀ ਵਿਚ ਗੁਰੂ ਧਿਆਨ ਹੀ ਰਹੇ ।
ਝੱਖੜ ਝੁੱਲਦੇ ਰਹੇ ਮੁਸੀਬਤਾਂ ਦੇ ਨਿਤ ਆਂਵਦੇ ਸਖ਼ਤ ਤੂਫ਼ਾਨ ਵੀ ਰਹੇ ।
ਵੈਰੀ ਧਰਮ ਦੇ ਸੀ ਇਰਦ ਗਿਰਦ ਫਿਰਦੇ ਤੇ ਸਤਾਂਵਦੇ ਕਈ ਸ਼ੈਤਾਨ ਭੀ ਰਹੇ ।

ਐਪਰ ਲਾਜ ਰਖੀ ਚੀਨੀ ਵਾਲੜੇ ਨੇ ਕੀਤਾ ਕੌਲ ਇਕਰਾਰ ਨਿਭਾਹ ਦਿੱਤਾ।
ਦੋ ਮੂਰਤਾਂ ਵਿਚ ਇਕ ਜੋਤ ਰੱਖਕੇ ਸਭ ਨੂੰ ਸਾਫ਼ ਪਰਤੱਖ ਵਿਖਾ ਦਿੱਤਾ।

ਸੂਬਾ ਹਰਨਾਮ ਸਿੰਘ ਜੀ ਲਖਨਊ

Namdhari Elibrary NamdhariElibrary@gmail.com

ਸੋਮਾ ਸੀ ਸ਼ਾਂਤ ਫ਼ੁਹਾਰਾਂ ਦਾ

ਹਰਭਜਨ ਸਿੰਘ 'ਪਰਵਾਨਾ'

ਇਕ ਰੂਪ ਰਾਮ ਪ੍ਰਤਾਪ ਹਰੀ,
ਸੋਮਾ ਸੀ ਸ਼ਾਂਤ ਫ਼ੁਹਾਰਾਂ ਦਾ।
ਉਹਨੂੰ ਤੱਕਿਆਂ ਸੀਨੇ ਠੰਢ ਪੈਂਦੀ,
ਖੇੜਾ ਸੀ ਉਹ ਗੁਲਜ਼ਾਰਾਂ ਦਾ।

ਕਹਿੰਦੇ ਨੇ ਉਸਦੀਆਂ ਅੱਖੀਆਂ 'ਚੋਂ ਆਂਸੂ ਹੀ ਤਰਦੇ ਰਹਿੰਦੇ ਸਨ।
ਉਹਦੇ ਨੈਣ ਵਿਯੋਗੀ ਮਾਹੀ ਦੇ,
ਗ਼ਮ ਵਿਚ ਹੱਡ ਖਰਦੇ ਰਹਿੰਦੇ ਸਨ।
ਇਹੋ ਤਾਣਾ ਤਣਿਆਂ ਰਹਿੰਦਾ ਸੀ
ਉਹਦੇ ਦਿਲਦਿਮਾਗ ਦੀਆਂ ਤਾਰਾਂ ਦਾ
ਇਕ ਰੂਪ ਰਾਮ.........................

ਬੁਧ ਸਿੰਘ ਸੀ ਪਹਿਲਾ ਨਾਮ ਉਹ੍ਹਾ,
ਫ਼ਰਜ਼ੰਦ ਜਿਗਰ ਸੀ ਜੱਸੇ ਦਾ।
ਉਹ ਦਰਦ ਰੰਞਾਣਾਂ ਵਰ ਦਾਤਾ,
ਅਕਸੀਰ ਜਗਤ ਦੁੱਖ-ਗੁਸੇ ਦਾ।
ਤਰੇਤੇ ਵਿੱਚ ਲਛਮਣ ਰਾਮ ਜਿਵੇਂ
ਸੀ ਬਣਿਆ ਜੋੜ ਪਿਆਰਾਂ ਦਾ।
ਇਕ ਰੂਪ ਰਾਮ.........................

ਬੂਟਾ ਇਸ ਪੰਥ ਨਿਰਾਲੇ ਦਾ,
ਗੁਰੂ ਰਾਮ ਸਿੰਘ ਜੀ ਲਾਇਆ ਸੀ
ਜਿਹਨੂੰ ਹਰਿਆਂ ਰੱਖ ਗੁਰੂ ਹਰੀ ਸਿੰਘ,
ਫਿਰ ਚੰਨ ਵਾਂਙੂੰ ਰੁਸ਼ਨਾਇਆ ਸੀ।
ਨ ਡੋਲਿਆ ਜ਼ੁਲਮ ਦੇ ਝੱਖੜਾਂ ਵਿਚ,
ਦਿਲਦਾਰ ਦੀਨ ਦੁਖਿਆਰਾਂ ਦਾ।
ਇਕ ਰੂਪ ਰਾਮ............................

ਭੈਣੀ ਦੀ ਪਾਵਨ ਧਰਤੀ ਤੋਂ,
ਵੱਜਿਆ ਸੀ ਬਿਗ਼ਲ ਆਜ਼ਾਦੀ ਦਾ।
ਜਿਸ ਜੂਲਾ ਤੋੜ ਗੁਲਾਮੀ ਦਾ,
ਸਭ ਬਦਲਿਆ ਚਿੰਨ੍ਹ ਬਰਬਾਦੀ ਦਾ।
ਖੁਦ ਗਿਆ ਪ੍ਰਦੇਸ, ਰੱਖ ਭਾਰ ਭਾਈ ਸਿਰ,
ਪੰਥਕ ਕਾਰ ਵਿਹਾਰਾਂ ਦਾ।
ਇਕ ਰੂਪ ਰਾਮ............................

ਤੰਦ ਲੰਮੀ ਕੀਤੀ ਉਮਰਾਂ ਦੀ,
ਕਈਆਂ ਦੀ ਟੁੱਟੀ ਜੋੜੀ ਸੀ।
ਸਿੱਖ ਭੁੱਖਾ ਨਾ ਕੋਈ ਜਾਣ ਦਿੱਤਾ,
ਚਾਹੇ ਚੌਂਕੀ ਬੈਠੀ ਡਿਉੜੀ ਸੀ।
ਭਰ ਟੋਕਰੇ ਕੰਧੋਂ ਲਮਕਾਂਦਾ ਰਿਹਾ,
ਅੰਨ ਦਾਤਾ ਭਰੇ ਭੰਡਾਰਾਂ ਦਾ।
ਇਕ ਰੂਪ ਰਾਮ............................

ਕਾਦਰ ਦੀ ਕੁਦਰਤ ਦੁਨੀਆਂ ਤੇ,
ਇਕ ਕਾਲ ਪਿਆ ਆ ਭਾਰੀ ਸੀ।
ਢੁੱਕ ਕਾਫ਼ਲਾ ਆਇਆ ਬਾਗੜ ਦਾ,
ਦਿਲ ਓਟ ਜਿਨ੍ਹਾਂ ਗੁਰ ਧਾਰੀ ਸੀ।
ਲੰਗਰ-ਘਰ ਭੈਣੀ ਸਾਹਿਬ ਦਾ,
ਧਿਰ ਟੁੱਟੀਆਂ ਭੱਜੀਆਂ ਠਾਹਰਾਂ ਦਾ,
ਇਕ ਰੂਪ ਰਾਮ..............................

ਘੁੱਗ ਵੱਸਦੇ ਰਸਦੇ ਪੰਥ ਤਾਈਂ,
ਮਾਨੋ ਸੀ ਲੱਗਣ ਗ੍ਰਹਿਣ ਲੱਗਾ।
ਰੱਖ ਤਾਜ ਗੁਰੂ ਪ੍ਰਤਾਪੀ ਸਿਰ,
ਹਰੀ ਜੋਤੀ ਜੋਤ ਸਮਾਣ ਲੱਗਾ।
ਪੰਜ-ਭੂਤਕ ਦੇਹ ਦਾ ਕਰ ਓਹਲਾ,
ਗਿਆ ਵਿਛੜ ਵੈਦ ਬਿਮਾਰਾਂ ਦਾ।
ਇਕ ਰੂਪ ਰਾਮ.................................

ਅਵਤਾਰ ਪੈਗੰਬਰ ਪੀਰ ਗੁਰੂ,
ਪਾ ਪਾ ਵਿਛੋੜਾ ਜਾਂਦੇ ਰਹੇ।
ਜੱਗ ਡਰਦਾ ਮੌਤ ਭਿਆਣੀ ਤੋਂ,
ਪਰ ਗੁਰਮੁਖ ਖੁਸ਼ੀ ਮਨਾਂਦੇ ਰਹੇ।
'ਪਰਵਾਨਾ' ਮਿਲਣਾ ਵਿਛੜਨਾ ਹੈ,
ਜਿਉਣਾ ਅਮਰ ਅਵਤਾਰਾਂ ਦਾ।
ਇਕ ਰੂਪ ਰਾਮ.................................

Namdhari Elibrary NamdhariElibrary@gmail.com

ਛੁਪਿਆ ਫੁੱਲ

ਮਾ.ਨਿਹਾਲ ਸਿੰਘ

ਠੰਢੀ ਮੂਰਤੀ !
ਹਿਮਾਲਾ !!
ਸ਼ਾਂਤ ! ਮਹਾਂ ਸ਼ਾਂਤ !!
ਪਰਲੇ ਦਰਜੇ ਦਾ ਸ਼ਾਂਤ !!!
ਗਹਿਰ ਗੰਭੀਰ, ਅਥਾਹ,
ਸੀਤਲਤਾ ਦਾ ਸੋਮਾ,
ਚੰਨ ਦੀ ਚਾਨਣੀ,
ਸੀਤ ਰੁਤ, ਚੰਦਨ ਰੁਖੜਾ
ਜਿਸਨੂੰ ਵਿਹੜ ਰਖਿਆ ਹੈ ਵਿਹੁਲੇ
ਸਪੂਲਿਆਂ, ਲੈ ਰਹਿਆ ਹੈ
ਇਸ ਅਸਗਾਹ ਸੋਮੇਂ ਤੋਂ
ਬਖਸ਼ਸ਼ਾਂ ਦੇ ਭੰਡਾਰੇ ।
ਇਸ ਦੇ ਘਰ ਵਗ ਰਹੀ ਹੈ।
ਦੁਧ ਘਿਓ ਦੀ ਗੰਗਾ ।
ਖੰਡਾਂ ਦੇ ਬੂਰੇ, ਬਦਾਮ
ਤਿਰਭੌਲੇ ਦਾ ਕੜਾਹ ਪ੍ਰਸਾਦ
ਮਿਲ ਰਹੇ ਹਨ ਆਪਣਿਆਂ ਤੇ ਪਰਾਇਆਂ ਨੂੰ
ਬਿਨਾ ਵਿਤਕਰਾ।
ਝੋਲੀਆਂ ਭਰ ਭਰ ਲੈ ਜਾ ਰਹੇ ਹਨ
ਸ਼ਾਹ ਤੇ ਅਮੀਰੜੇ
ਇਸਦੇ ਦਰੋਂ ਜੁਗਾਂ ਜੁਗਾਂਤਰਾਂ ਤੋਂ
ਇਸਦੇ ਨੇਤਰਾਂ ਵਿਚ ਅੰਮ੍ਰਿਤ,
ਜਿਨ੍ਹਾਂ ਤੇ ਉਹ ਤਰੁੱਠ ਪਏ
ਜਨਮ ਜਨਮਾਂਤਰਾਂ ਦਾ ਕੋਹੜ ਦੂਰ ਕਰ ਦੇਵੇ।
ਕਰੇ ਭਵਜਲੋਂ ਪਾਰ।
ਇਸਦੀ ਰਸਨਾ ਤੇ ਸੁਰਸਤੀ
ਜਿਸਨੇ ਗੂੰਗਿਆਂ ਨੂੰ ਜੀਭਾਂ ਬਖਸ਼ੀਆਂ,
ਮੂੜ੍ਹਾਂ ਨੂੰ ਪੰਡਤਾਈ ਦਿਤੀ ।
ਇਸਦੀ ਚਰਨ ਛੁਹ ਪਾਰਸ,
ਜਿਸ ਨੂੰ ਉਹ ਪ੍ਰਾਪਤ ਸੱਤਾਂ ਵਲੈਤਾਂ
ਦੀ ਪਾਤਸ਼ਾਹੀ ਨੂੰ ਲੱਤ ਮਾਰ
ਬਣ ਗਿਆ ਮਸਤਾਨੜਾ।
ਇਸਦੇ ਘੋੜਿਆਂ ਦੀ ਲਿੱਦ ਸੁਟਣ ਵਿਚ ਅਨੰਦ ।
ਇਸਦੇ ਦਰਸ਼ਨਾਂ ਵਿਚ ਮਸੀਹਾ ਈ।
ਕੋਹੜੀ, ਲੰਙੇ, ਲੂਲੇ, ਪਾਗ਼ਲ
ਇਕ ਝਲਕ ਨਾਲ ਨਵੌਂ ਨਰੋਏ ਚਾਤੁਰ ।
ਇਹ ਸਾਉ ਭੋਲ਼ਾ ਭਾਲ਼ਾ
ਗਰੀਬੜਾ ਜਿਹਾ,
ਮਗਰ ਦਿਲ ਦਰਿਆ ॥
ਮੁਹਾਣਾ ਗਜ਼ਬ ਦਾ।
ਝੱਖੜ ਝੁੱਲੇ, ਗੜੇ ਮਾਰ ਹੋਈ, '
ਕਾੜ ਕਾੜ ਟਾਹਣ ਟੁੱਟੇ, ਇਹ ਬੇਪਰਵਾਹ।
ਅਡੋਲ, ਲਰਜਿਸ਼ ਨਾ ਖਾਧੀ,
ਕਾਂਪ ਨਾ ਆਈ,
ਇਸ ਲੰਗਰ ਨੀਵੇਂ ਨ ਕੀਤੇ,
ਇਹ ਵਧਦਾ ਗਿਆ
ਅਕਾਲ ਦਾ ਆਸਰਾ ਲੈ ।
ਇਹ ਸੀ ਹਰੀ ਹਰਿ,
ਬਾਬੇ ਜੱਸੇ ਦੇ ਜਿਗਰ ਦਾ ਬੇਟਾ,
ਮਾਂ ਸੱਦਾਂ ਦੀ ਅੱਖ ਦਾ ਤਾਰਾ,
ਰਾਮ ਮ੍ਰਿਗੇਸ਼ ਦਾ ਨਿੱਕਾ ਵੀਰ,
ਜਿਸਦੀ ਜੈ ਹੋ ਰਹੀ ਹੈ
ਅਕਾਸ਼ਾਂ ਪਤਾਲਾਂ ਵਿਚ ।

Namdhari Elibrary NamdhariElibrary@gmail.com

ਕਬਿੱਤ

ਰੁਖ ਸਭ ਰੁੰਡ ਮੁੰਡ ਤੇ ਨਿਰਾਸ ਡਾਲੀਆਂ

ਸੰਤ ਨਿਸ਼ਾਨ ਸਿੰਘ ਕਥਾਵਾਚਕ

ਪੈਨ੍ਹ ਕਾਲੀ ਕੰਬਲੀ ਜਾਂ, ਵਾਲੀ ਪਾਲੀ ਦੀਨ ਗੋ ਦਾ,
ਗਿਆ ਪਰਦੇਸ ਛੱਡ ਸੰਗਤਾਂ ਬੇ - ਹਾਲੀਆਂ।
ਆਈ ਤਦ ਪੱਤਝੜ ਪੰਥ ਦੇ ਬਗੀਚਿਆਂ 'ਚ,
ਰੁੱਖ ਸਭ ਰੁੰਡ ਮੁੰਡ ਤੇ ਨਿਰਾਸ ਡਾਲੀਆਂ।

ਕਾਵਾਂ ਦਾ ਸੀ ਸ਼ੋਰ ਪਏ ਪਿੰਜਰੇ 'ਚ ਤੋਤੇ ਮੋਰ,
ਮੈਨਾ ਅਤੇ ਬੁਲਬਲਾਂ ਸੂਰਤਾਂ ਛੁਪਾ ਲੀਆਂ।
ਦੁੱਖ ਅੰਧ ਘੋਰ ,ਜੋਰ ਗੋਰੇ ਜਰਵਾਣਿਆਂ ਦਾ,
ਝੋਰੇ ਤੇ ਵਿਛੋੜੇ ,ਜਿੰਦਾਂ ਚੁਖ ਚੁਖ ਖਾਲੀਆਂ।

ਆਪਣੇ ਪਰਾਏ ਅਤੇ ਦੋਖੀ ਹਮਸਾਏ ਹੋਏ,
ਗੁਰੂ ਦਰ ਜਾਬਰਾਂ ਨੇ ਚੌਂਕੀਆਂ ਬਹਾਲੀਆਂ।
ਘਰ ਘਰ ਗੱਦੀਆਂ ਪੈ ਬਦੀਆਂ ਦਾ ਜ਼ੋਰ ਹੈ ਸੀ,
ਸਿੱਖੀ ਦੀਆਂ ਗੈਰਤਾਂ ਨਾ ਕਿਸੇ ਨੇ ਸੰਭਾਲੀਆਂ।

ਹੌਂਸਲਾ ਨਾ ਦਿੱਤਾ ਕਿਸੇ, ਜ਼ਖ਼ਮ ਉਚੇੜੇ ਸਗੋਂ,
ਕੂਕਿਆਂ ਨੇ ਕੂਕ ਕੂਕ ਅੱਖੀਆਂ ਗਵਾ ਲੀਆਂ।
ਜੇ ਨਾ ਗੁਰੂ ਹਰੀ ਸਿੰਘ ਕੌਮ ਨੂੰ ਹੱਯਾਤੀ ਦਿੰਦੇ,
ਕਦੇ ਵੀ ਨਾ ਦੇਸ ਉੱਤੇ ਔਂਦੀਆਂ ਖੁਸ਼ਾਲੀਆਂ।

ਲਹਿਣੇ ਤੇ ਭਰਤ ਵਾਂਗੂ ਸਾਹਿਬ ਰਜ਼ਾਇ ਮੰਨ ,
ਸੇਵਕੀ ਤੋਂ ਪਦਵੀਆਂ ਧ੍ਰੂਵ ਜਿਸ ਪਾਲੀਆਂ।
ਤੋਪ ਲੈ ਗਰੀਬੀ ਗੁਰਾਂ ਢਾਹੇ ਸੀ ਗੁਮਾਨ ਗੜ੍ਹ,
ਕੱਢ ਮਗਰੂਰੀ ਸਿੱਖੀ ਰਹਿਤਾਂ ਸਿਖਾਲੀਆਂ।

ਭੁੱਖਿਆਂ ਰਜਾਯਾ ਅਤੇ ਡਿੱਗਿਆਂ ਉਠਾਯਾ ਉਸ,
ਉਹਦੇ ਦਰ ਆਇਆਂ ਸਭ ਬਖਸ਼ਿਸ਼ਾਂ ਪਾਲੀਆਂ।
ਮੰਦੇ ਬੋਲ ਸਹੇ,ਕਹੇ ਕਿਸੇ ਨੂੰ ਨਾ ਮੁਖੋਂ ਬੋਲ,
ਖ਼ਿਮਾਂ ਦੇ ਸਮੁੰਦਰਾਂ ਚ ਆਈਆਂ ਨਾ ਉਛਾਲੀਆਂ ।

ਦੇ ਕੇ ਵਰਦਾਨ ਵਿਦਵਾਨ ਸੀ ਬਣਾਏ ਐਸੇ,
ਮਿੰਟਾਂ ਚ ਸਭਾ ਉਹਨਾਂ ਜਿੱਤ ਕੇ ਵਿਖਾਲੀਆਂ ।
ਆਪਣੀ ਅਟੱਲ ਜੋਤ ਰੱਖ ਪਰਤਾਪ ਵਿੱਚ,
ਗੋਰੀ ਸਰਕਾਰ ਦੀਆਂ ਸਫ਼ਾਂ ਸੀ ਉਠਾਲੀਆਂ।

ਵਰਨੀ ਅਖੰਡ ਪਾਠ ਯੱਗ ਹੋਮ ਵਾਲਾ ਠਾਠ,
ਲੱਭਦੀਆਂ ਨਾਹੀਂ ਰੀਤਾਂ ਕਿਤੇ ਜੱਗ ਭਾਲੀਆਂ।
ਜੇ ਨਾ ਗੁਰੂ ਹਰੀ ਸਿੰਘ ਕੌਮ ਨੂੰ ਹੱਯਾਤੀ ਦਿੰਦੇ
ਕਦੇ ਵੀ ਨਾ ਦੇਸ਼ ਉੱਤੇ ਆਉਂਦੀਆਂ ਖੁਸ਼ਾਲੀਆਂ।

Namdhari Elibrary NamdhariElibrary@gmail.com

ਤੇਰਾ ਪ੍ਰਤਾਪ ਏ

ਬਲਵੀਰ ਸਿੰਘ ਢਿੱਲੋਂ

ਕੂਕ ਜਾਂ ਅਜ਼ਾਦੀ ਵਾਲੀ, ਮਾਰੀ ਜੱਦ ਕੂਕਿਆਂ ਨੇ,
ਲੰਡਨ 'ਚ ਗੋਰਿਆਂ ਨੂੰ, ਚੜ੍ਹ ਗਿਆ ਤਾਪ ਏ।
ਸੁਣ ਪੂਰਾ ਬਾਈਕਾਟ, ਗੋਰੀ ਸਰਕਾਰ ਕੰਬੀ,
ਖੜਕੀਆਂ ਹਜ਼ਾਰਾਂ ਤਾਰਾਂ, ਪਈ ਆਪੋ ਧਾਪ ਏ।
ਉੱਠੀਆਂ ਪਾਬੰਦੀਆਂ ਤੇ, ਬੰਦੀਆਂ ਖਲਾਸ ਹੋਈਆਂ,
ਜੀਵਨ ਦੀ ਗੋਦੀ ਜਦੋਂ, ਆਇਆ ਪ੍ਰਤਾਪ ਏ।
ਮੁੱਕੀਆਂ ਗੁਲਾਮੀਆਂ, ਅਜ਼ਾਦੀਆਂ ਬਹਾਲ ਹੋਈਆਂ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

ਗੁਰੂ ਪ੍ਰਤਾਪ ਆਪ, ਗੱਦੀ ਬੈਠ ਲਿਆ ਭਾਂਪ,
ਦੇ ਕੇ ਜਾਪ ਕੱਟੇ ਤਾਪ, ਪਿੱਠ ਲਾਈ ਥਾਪ ਏ।
ਪੰਥ ਪ੍ਰਚਾਰ ਪੈਰੀਂ, ਤੁਰ ਕੇ ਨਾ ਹੋਇ ਪੂਰਾ,
ਘੋੜਿਆਂ ਤੇ ਕਾਰਾਂ ਦਾ, ਬਨਾ ਲਿਆ ਸਟਾਪ ਏ।
ਬਾਣੀ ਦੇ ਗਿਆਨਾਂ ਦਾ, ਏਕਤਾ ਫੁਰਮਾਨਾਂ ਦਾ,
ਦੌਰਿਆਂ ਦੀਵਾਨਾ ਦਾਂ, ਲਗਾਇਆ ਗੇੜ ਟਾਪ ਏ।
ਘਰ ਘਰ ਪਹੁੰਚਿਆ, ਪੈਗਾਮ ਨਾਮਧਾਰੀਆਂ ਦਾ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

ਗੁਰੂ ਜਗਜੀਤ ਵੇਖ, ਰੱਬੀ ਨੂਰ ਰਹਿਮਤਾਂ ਦਾ,
ਦੋਖੀਆਂ ਘੰਡੀਆਂ ਵੀ, ਕੀਤਾ ਆ ਮਿਲਾਪ ਏ।
. ਜਿਹਨੇ ਇਕ ਵਾਰ ਤੇਰੇ, ਚਰਨਾਂ ਦੀ ਛੋਹ ਪਾਈ,
ਜਨਮਾਂ ਜਨਮਾਤਰਾਂ ਦੇ, ਕੱਟ ਤੇ ਸੰਤਾਪ ਏ।
ਰਾਮ ਇਹੋ ਹਰੀ ਏਹੋ, ਵੱਡਾ ਪ੍ਰਤਾਪੀ ਗੁਰੂ,
ਏਸ ਦੀ ਡੂੰਘਾਈ, ਕੋਈ ਸਕਦਾ ਨਾ ਮਾਪ ਏ।
ਗੁਰੂ ਜਗਜੀਤ ਸਿੰਘ, ਜਿੱਤਿਆ ਏ ਜੱਗ ਸਾਰਾ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

ਪੰਥ ਦਾ ਬਗੀਚਾ ਜਿਹੜਾ, ਲਾਇਆ ਗੁਰੂ ਰਾਮ ਸਿੰਘ,
ਪਾਣੀ ਗੁਰੂ ਹਰੀ ਸਿੰਘ, ਪਾਇਆ ਹੱਥੀਂ ਆਪ ਏ।
ਨੀਤੀਆਂ ਕੁਰੀਤੀਆਂ ਜੋ, ਗੋਰਿਆਂ ਨੇ ਕੀਤੀਆਂ ਸੀ,
ਚਾਲਾਂ ਬਦਨੀਤੀਆਂ ਨੂੰ, ਲਿਆ ਗੁਰਾਂ ਭਾਂਪ ਏ।
ਉਠਾਲਿਆ ਨੁਹਾਲਿਆ, ਪਾਲਿਆ ਸੰਭਾਲਿਆ ਸੀ,
ਜਾਵੇ ਨਾ ਜੰਗਾਲਿਆ, ਜਪਾਇਆ ਜਪ ਜਾਪ ਏ।
ਝੱਖੜਾਂ 'ਚ ਸੀਨੇ ਲਾਕੇ, ਸਿੱਖੀ ਨੂੰ ਸੰਭਾਲਿਆ ਤੂੰ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

ਰਾਮ ਪ੍ਰਦੇਸ ਚੱਲੇ, ਸੰਗਤਾਂ ਸਹਾਰਿਆ ਨਾ,
ਖੋਹੇ ਵਾਲ ਪਾਏ ਹਾੜੇ, ਕੀਤਾ ਵਰਲਾਪ ਏ।
ਇਕ ਇਕ ਸਿੱਖ ਨੂੰ, ਵਰਾਇਆ ਤੇ ਕਰਾਇਆ ਚੁੱਪ,
ਪੁੱਤਰਾਂ ਨੂੰ ਜਿਸ ਤਰ੍ਹਾਂ, ਦਿਲਾਸਾ ਦਿੰਦਾ ਬਾਪ ਏ।
ਤੇਰੀ ਕੁਰਬਾਨੀ ਨਾ ਬਿਆਨੀ ਜਾਏ ਕਲਮਾਂ ਤੋਂ,
ਸਿੱਖੀ ਸੰਗਰਾਮ ਕੀਤਾ, ਤੁਸਾਂ ਚੁੱਪ ਚਾਪ ਏ।
ਕੰਡਿਆਂ ਦੇ ਵਿਚ ਵੀ, ਗੁਲਾਬ ਵਾਂਗ ਮਹਿਕਿਆ ਤੂੰ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

ਕੋਟਲੇ ਦੇ ਰੱਕੜਾਂ 'ਚ, ਖ਼ੂਨ ਦੀ ਜੋ ਖੇਡ ਹੋਈ,
ਵੇਖ ਵੇਖ ਗੋਰਿਆਂ ਦਾ, ਕੰਬ ਗਿਆ ਪਾਪ ਏ।
ਪੈਰਾਂ ਹੇਠ ਇੱਟਾਂ ਜੋੜ, ਕਹੇ ਵਰਿਆਮ ਸਿੰਘ,
ਮਾਰ ਤੋਪ ਕਾਮਨਾ ਓਏ, ਪੂਰਾ ਹੋਇਆ ਨਾਪ ਏ।
ਦੇਸ਼ ਲਈ ਸ਼ਹੀਦ ਹੋਣਾ, ਅਸਲ ਜ਼ਿੰਦਗਾਨੀ ਹੁੰਦੀ,
ਜੀਵਨ ਗੁਲਾਮੀਆਂ ਦਾ, ਨਿਰਾ ਹੀ ਸਰਾਪ ਏ।
ਅਗਨ ਅਜ਼ਾਦੀਆਂ ਦੀ, ਬੁੱਕਲਾਂ 'ਚ ਬਾਲੀ ਰੱਖੀ,
ਗੁਰੂ ਹਰੀ ਸਿੰਘ ਸਾਰਾ, ਤੇਰਾ ਪ੍ਰਤਾਪ ਏ।

Namdhari Elibrary NamdhariElibrary@gmail.com

ਵਧਾਈ ਲੱਖ ਵਾਰ ਏ

ਸੰਤੋਖ ਸਿੰਘ ਸੰਤ ਨਗਰ

ਸੰਮਤ ਅਠਾਰਾਂ ਸੌ ਛਿਹੱਤਰ ਨਰਾਤਾ ਤੀਜਾ,
ਆਏ ਧਰ ਰੂਪ ਹੈਸਨ ਵਾਲੀ ਸੰਸਾਰ ਦੇ।
ਭਾਈ ਮੇਰੇ ਰਾਮ ਜੀ ਦੇ, ਪਿਤਾ ਜੱਸਾ ਸਿੰਘ ਘਰ ,
ਪਿੰਡ ਭੈਣੀ ਸਾਹਿਬ ਵਿੱਚ ਦਿਨ ਬੁਧਵਾਰ ਦੇ।
ਸੋਹਣੀ ਵੇਖ ਸੂਰਤ ਤੇ ਮੂਰਤ ਪਿਆਰ ਭਰੀ,
ਸੂਰ ਚੰਦ ਤਾਰੇ ਸਾਰੇ ਜਿੰਦ ਜਾਨ ਵਾਰਦੇ।
ਮਾਤਾ ਸਦਾ ਕੌਰ ਨੂੰ ਵਧਾਈਆਂ ਆਣ ਦੇਣ ਮਾਈਆਂ
ਹੱਦੋਂ ਵੱਧ ਖੁਸ਼ੀ ਹੋਈ ਵਿਚ ਪ੍ਰਵਾਰ ਦੇ।
ਮੁਖ ਜੇਹੜਾ ਤੱਕਦਾ ਸੀ ਦੁੱਖ ਸਭੋ ਲੱਥਦਾ ਸੀ,
ਸੜੇ ਹੋਏ ਦਿਲ ਦੁਖੀ ਦੀਦ ਕਰ ਠਾਰਦੇ।
ਖਿੜੇ ਹੋਏ ਮੁੱਖ ਦੇ ਮੁਕਾਬਲੇ 'ਚ ਆਣ ਕੇ ਤੇ,
ਫੁੱਲ ਤੁੱਲ ਸਕਦੇ ਨਾ ਬਾਗ ਕੇਈ ਹਜ਼ਾਰ ਦੇ ।
ਖੁੱਲ੍ਹੇ ਗਲ ਕੇਸ ਵੇਸ ਹੋ ਗਿਆ ਫ਼ਕੀਰਾਂ ਵਾਂਗ,
ਪੈ ਗਏ ਵਿਛੋੜੇ ਸੀ ਜਾਂ ਚੀਨੀ ਅਸਵਾਰ ਦੇ ।
ਵਾੜ ਦੇ ਬਗੈਰ ਰਾਖੀ ਕਰੇ ਕੌਣ ਖੇਤ ਵਾਲੀ,
ਮਾਲੀ ਬਿਨਾਂ ਬਾਗ ਵਾਂਗ ਜਾਪਣ ਉਜਾੜ ਦੇ।
ਜਾਲਦੇ ਸੀ ਦੁਖ ਜੇਹੜੇ ਆਪ ਅੱਜ ਦੁਖੀ ਹੋਏ,
ਗੁਰੂ ਹਰੀ ਸਿੰਘ ਨੀਰ ਨੇਤਰਾਂ ਚੋਂ ਡਾਰਦੇ ।
ਡਾਰ ਦੇ ਜਿਉ ਵਿਚੋਂ ਕੂੰਜ ਵਿੱਛੜ ਇੱਕਲੀ ਜਾਵੇ
ਕਿਆਉਂ ਕਿਆਉਂ ਕਰੇ ਰਾਮ ਰਾਮ ਏਹ ਪੁਕਾਰਦੇ।
ਕਾਰ ਦੇ ਚਲਾਵਣੇ ਨੂੰ ਬੁਧ ਸਿੰਘੋਂ ਹਰੀ ਸਿੰਘ,
ਨਾਮ ਰਾਮ ਲਿਖਿਆ ਲਈ ਕਾਰ ਦੀ ਸੰਭਾਰ ਦੇ ।
ਭਰਤ ਦੇ ਵਾਂਗ ਅਡੋਲ ਰਹੇ ਸੰਭਾਲ ਸਿੱਖੀ,
ਸਦਾ ਰਹਿਣ ਸੇਵਕਾਂ ਦੇ ਕਾਰਜ ਸਵਾਰਦੇ ।
ਸਤਿਗੁਰੂ ਹਰੀ ਸਿੰਘ ਹਰੀ ਰੱਖੀ ਸਿੱਖੀ ਸਦਾ,
ਭਾਵੇਂ ਹੱਦੋਂ ਵੱਧ ਗੋਰੇ ਕਹਿਰ ਸੀ ਗੁਜ਼ਾਰਦੇ।
ਆਵੇ ਜੇਹੜਾ ਆਸ ਕਰ, ਜਾਵੇ ਨਾਂ ਨਿਰਾਸ਼ ਘਰ,
ਲੋਹਿਓਂ ਹੋਵੇ ਲਾਲ ਮਿਹਰ ਗੁਰੂ ਜੀ ਜਾਂ ਧਾਰਦੇ !
ਏਹਨਾਂ ਦੀ ਚਰਨ ਧੂੜ ਤਾਂਈਂ ਸੁਰ ਸਹਿਕਦੇ ਸੀ,
ਦੇਵੀ ਆਣ ਚੁਗਦੀ ਸੀ ਕੱਖ ਦਰਬਾਰ ਦੇ !
ਬਿਨਾਂ ਮੂੰਹ ਮੰਗਿਆਂ ਸੀ ਦਾਤਾਂ ਵਰਤਾਈ ਜਾਂਦੇ,
ਮਾਲਕ ਸੀ ਆਪ ਗੁਰੂ ਸਰਬ ਹੀ ਭੰਡਾਰ ਦੇ ।
ਕੱਢ ਦਿਲੋਂ ਖੋਟ ਇਕੋ ਦਸ ਦੇਣੀ ਗੁਰੂ ਓਟ,
ਦੇਂਵਦੇ ਅਤੁੱਟ ਗੱਫੇ ਪ੍ਰੇਮ ਤੇ ਪਿਆਰ ਦੇ।
ਸਤਿਗੁਰੂ ਹਰੀ ਸਿੰਘ ਜੀ ਦੇ ਜਗ ਆਵਣੇ ਦੀ,
ਸਭ ਨੂੰ ਵਧਾਈ 'ਸੰਤੋਖ' ਲਖ ਵਾਰ ਦੇ ।

ਕਬਿੱਤ (ਗੁਰੂ ਹਰੀ ਸਿੰਘ ਜੀ)

ਮਮ ਭਈਆ ਮਮ ਰੂਪ ਮੇਰੋ ਹੀ ਸਰੂਪ ਜਾਨੋ।
ਮਹਾਂ ਅਗਿਆਨੀ ਜੋ ਨਾ ਮਮ ਰੂਪ ਜਾਨੇਗਾ।
ਜਮਪੁਰ ਜਾਊ ਮਾਰ ਖਾਊ ਪਛਤਾਊ ਜੜ੍ਹ
ਬਕੂ ਹਾਏ ਹਾਏ ਜਮਰਾਜ ਜਬ ਡਾਨੇਗਾ।
ਪਾਠ ਪੂਜਾ ਨਿਤਨੇਮ ਦਾਨ ਦਇਆ ਲਾਖ ਕਰੇ
ਬਖ਼ਸ਼ਾ ਨਾ ਜਾਊ ਜੋ ਬੁਰਾਈ ਦਿਲ ਠਾਨੇਗਾ।
ਕਹਿ ਕਵਿ ਬਾਲਮ ਵਹ ਜ਼ਾਲਮ ਜਲਤ ਰਹੂ ।
ਜੋ ਨਾ ਗੁਰੂ ਹਰੀ ਸਿੰਘ ਜੀ ਕੋ ਗੁਰੂ ਮਾਨੇਗਾਂ।

Namdhari Elibrary NamdhariElibrary@gmail.com

ਮੰਨਦੇ ਨਹੀਂ ਗੁਰੂ ਜਿਹੜੇ

ਤਰਨ ਸਿੰਘ ਵਹਿਮੀ

ਗੁਰੂ ਹਰੀ ਸਿੰਘ ਜੀ ਨੂੰ ਮੰਨਦੇ ਨਹੀਂ ਗੁਰੂ ਜੇੜ੍ਹੇ,
ਸੁਨਣ ਹੋ ਨੇੜੇ ਨਾਲ ਉਹਨਾਂ ਗਲ ਬਾਤ ਏ ।
ਗੰਗਾ ਤੇ ਚੰਗਾ ਅਤਿ ਸਤਿਗੁਰਾਂ ਚੋਜ ਕੀਤਾ,
ਉਸ ਵੱਲ ਉਹਨਾਂ ਨੇ ਨਾਂ ਪਾਈ ਕਦੀ ਝਾਤ ਏ।
ਅਗ ਇਕ ਗੇਲੀ ਨੂੰ ਲਾ ਇੱਕ ਬੰਨੋਂ ਚੁੱਕੀ ਆਪ,
ਦੂਜੇ ਬੰਨੇ ਲਗ ਹਾਰੀ ਸਾਰੀ ਹੀ ਜਮਾਤ ਏ !
ਹਿੱਲੀ ਨਾਂ ਜਾਂ ਕਿਹਾ ਆਪ ਭਾਈ ਬੁਧ ਸਿੰਘ ਤਾਂਈਂ,
ਲੱਗ ਇਹ ਤਾਂ ਕੰਮ ਤੇਰਾ ਮੇਰਾ ਈ ਭਰਾਤ ਏ ।
ਭਾਈ ਬੁਧ ਸਿੰਘ ਨੇ ਬੁਝਾਈ ਅੱਗ ਲੱਗ ਨਾਲ,
ਚੁਕ ਕੇ ਵਗ੍ਹਾਈ ਗੇਲੀ ਗੰਗਾ ਵਿਚਕਾਰ ਸੀ
ਗੇਲੀ ਨਹੀਂ ਸੀ ਉਹ ਤਾਂ ਹੱਕ ਕਾਰ ਗੁਰਿਆਈ ਦੀ ਸੀ,
ਜੇੜ੍ਹੀ ਪ੍ਰਦੇਸ ਜਾਣ ਸਮੇਂ ਗਏ ਉਚਾਰ ਸੀ
ਸਾਥ ਗਏ ਸੂਬਿਆਂ ਤੇ ਸੰਤਾਂ ਮਹੰਤਾਂ ਨੇ ,
ਅਰਜ਼ ਗੁਜਾਰੀ ਭਾਰੀ ਕਾਰ ਗੁਰਦੁਆਰੇ ਦੀ !
ਕਾਰ ਗੁਰ ਦੁਆਰੇ ਦੀ ਸੰਭਾਰੇ ਹੁਣ ਪਿਛੋਂ ਕੌਣ,
ਰਖੇਗਾ ਅਬਾਦ ਸਿਖੀ ਸੂਰਤ ਸਹਾਰੇ ਦੀ !
ਸਹਾਰੇ ਦੀ ਦਲੀਲ ਨਾਲ ਸਭਨਾਂ ਤੋਂ ਪੁੱਛ ਆਪ,
ਕਿਹਾ ਇਹ ਹੈ ਕਾਰ ਉਸ ਬੁਧ ਸਿੰਘ ਪਿਆਰੇ ਦੀ !
ਪਿਆਰੇ ਦੀ ਪਿਆਰ ਭਰੀ ਪਤ੍ਰ ਰੰਗੂਨੋਂ ਆਈ,
ਬੁਧ ਸਿੰਘੋਂ ਹਰੀ ਸਿੰਘ ਗੁਰਤਾ ਇਸ਼ਾਰੇ ਦੀ ।
ਇਸ਼ਾਰੇ ਦੀ ਹਾਂ ਇਸ ਜਿਵੇਂ ਲਹਿਣਿਉਂ ਅੰਗਦ ਕੀਤਾ,
ਬੁਧ ਸਿੰਘੋਂ ਹਰੀ ਸਿੰਘ ਕੀਤਾ ਸੌਂਪ ਕਾਰ ਸੀ।
ਕਾਰ ਸੀ ਪਈ ਸਿਰ ਜਿਨ੍ਹਾਂ ਉਨ੍ਹਾਂ ਪਾਸੋਂ ਪੁਛੀਏ ਜੇ,
ਨੀਵੀਂ ਪਾਈ ਰੱਖਦੇ ਕਿਉਂ ਕਰਦੇ ਉਚਾਰ ਸੀ !
ਕਾਰ ਗੁਰਿਆਈ ਦੀ ਇਹ ਪੰਡ ਬੇ-ਸ਼ੁਮਾਰ ਭਾਰੀ,
ਧਰ ਦਿੱਤੀ ਸਿਰ ਮੇਰੇ ਚੀਨੀ ਅਸਵਾਰ ਨੇ ।
ਵਾਰਨੇ ਜਾਂ ਤਾਨ ਨਹੀਂ ਸੀ ਤੇ ਨਾਹ ਕਰ ਸਕਿਆ ਨਹੀਂ,
ਦੱਬ ਦਿੱਤੀ ਧੌਣ ਮੇਰੀ ਓਸ ਭਾਰੇ ਭਾਰ ਨੇ ।
ਮੇਰੇ ਧਕੇ ਫਿਟਕੇ ਨੂੰ ਹਰੀ ਸਿੰਘ ਰੱਖ ਸਕੇ,
ਸੁਣ ਇਹ ਵਹੀਰ ਪਾਈ ਸੰਗਤ ਅਪਾਰ ਨੇ !
ਫੜ੍ਹੇ ਸਿੰਘ ਧਾਰ ਆਇਆ ਹਥੀ ਜੋ ਪਿਓਣ ਦੁੱਧ
ਅੱਗੋਂ ਮਿਲ ਆਸ ਪੂਰੀ ਸਾਹਿਬ ਕਲਾ ਧਾਰ ਨੇ।
ਗੁਰ ਹਰੀ ਸਿੰਘ ਜੀ ਪਿਆਇਆ ਦੁੱਧ ਮਿਲ ਅਗੋਂ,
ਖੂਹ ਸਾਰਾ ਦੁੱਧ ਵੇਖ ਹੋਇਆ ਬਲਿਹਾਰ ਸੀ ।
ਆਪ ਕਰਤਾਰ ਇਹੋ ਚੀਨੀ ਅਸਵਾਰ ਓਸ,
ਉਚੀ ਉਚੀ ਮਸਤ ਹੋ ਕਰਿਆ ਉਚਾਰ ਸੀ।
ਰੰਗਤਾ ਦੇ ਸੋਮੇ ਸੋਹੇਂ ਸੰਗਤਾਂ ਦੇ ਇਕ ਸਮੇਂ,
ਨਵੇਂ ਸੋਹਣੇ ਆਪ ਜਹੇ ਪੁਸ਼ਾਕੇ ਨੂੰ ਪਹਿਨਾਇਕੇ ।
ਅੰਦਰ ਲੰਗਰ ਪਾਸ ਭਾਈ ਬੁਧ ਸਿੰਘ ਤਾਈਂ,
ਭੈਣੀ ਸਾਹਿਬ ਸਾਥ ਉਤੇ ਆਸਣ ਬੈਠਾਇਕੇ ।
ਉਪਮਾਂ ਅਨੂਪ ਜਿਹਾ ਆਪਣੇ ਸਰੂਪ ਦੇਕੇ,
ਨੇੜੇ ਖੜੇ ਸਾਧੂਆਂ ਨੂੰ ਆਖਿਆ ਸੁਨਾਇਕੇ ।
ਵੇਖੋ ਦੱਸੋ ਇਹਦੇ ਤੇ ਹੈ ਮੇਰੇ 'ਚ ਫਰਕ ਕੋਈ,
ਹੋਈ ਵੇਖੀ ਕਹੀ ਜੋ ਭਵਿੱਖਤ ਲਖਾਇਕੇ।
ਬਾਬੇ ਦਰਬਾਰਾ ਸਿੰਘ, ਹੱਥੀਂ ਜੋ ਹੁਕਮ ਨਾਮਾਂ,
ਆਇਆ ਸੀ ਰੰਗੂਨੋਂ ਲਿਆ ਸੰਗਤਾਂ ਨਿਹਾਰ ਸੀ ।
ਬੁਧ ਸਿੰਘੋਂ ਹਰੀ ਸਿੰਘ ਹੋਇਆ ਹੁਣ ਨਾਮ ਇਹਦਾ,
ਸਤਿਗੁਰੂ ਰਾਮ ਸਿੰਘ ਕਰਿਆ ਉਚਾਰ ਸੀ ।
ਬਾਲਕ ਮ੍ਰਿਗਿੰਦ ਜੂ ਗੋਬਿਦ ਨਾਮ ਸਾਰ ਜਪ,
ਤਪ ਕਰ ਤੇਜ ਕੀਨੀ ਸ਼ਬਦ ਕਟਾਰ ਜਬ ।
ਏਕ ਬੰਨੇ ਸੇਵਕ ਪੈ ਜੌਹਰ ਅਜਮਾਵਣੇ ਕੋ,
ਸਬਦ ਕਟਾਰ ਕੇਰਾ ਕੀਨਾ ਉਨ ਵਾਰ ਤਬ।
ਲਾਗਤ ਸੋ ਲਬਾ ਲਬ ਲਬਾ ਲਬ ਕੈਹਣੇ ਲੱਗਾ,
ਕਬੀ ਖੂਬ ਕੂਦ ਕਹੇ ਅੰਬਰ ਖਲਾਰ ਫਬ।
ਬੈਠੋ ਗੁਰੂ ਬਾਲਕ ਸਿੰਘ ਬੈਠੋ ਗੁਰੂ ਰਾਮ ਸਿੰਘ,
ਬਾਬਾ ਬੁਧ ਸਿੰਘ ਈਹਾਂ ਬੈਠੋ ਸਰਕਾਰ ਅਬ ।
ਬਾਬਾ ਬਕਾਲੇ ਕੈਹਣ ਐਸੇ ਤਰਾਂ ਕਈ ਬਾਰ,
ਮਸਤ ਹੋ ਬੰਕਾ ਹੁਬ ਕਰਦਾ ਜੁਹਾਰ ਸੀ ।
ਤਰਨ ਸਿੰਘ ਪਹਿਲੋਂ ਜਾਹਰ ਚੀਨੀ ਅਸਵਾਰ ਗੁਰੋ,
ਬਾਬਾ ਬੁੱਧ ਸਿੰਘ ਕੌਣ ਕਰਦਾ ਉਚਾਰ ਸੀ।

Namdhari Elibrary NamdhariElibrary@gmail.com

ਤੇਰਾ ਪ੍ਰਤਾਪ ਏ

ਗੁਰਦਿਆਲ ਸਿੰਘ ਪ੍ਰੀਤ

ਭਾਰਤ ਸੁਦੈਣ ਭਰ ਨੈਣ ਬੈਠੀ ਪਾਏ ਵੈਣ, ਕਿਵੇਂ ਕੱਟਾਂ ਰੈਣ ਦਿਨ ਹੋਇਆ ਪਿੰਡੇ ਤਾਪ ਏ।
ਗੋਰੇ ਗੈਰ ਕਰਨ ਕਹਿਰ ਧਰ ਮੇਰੀ ਹਿੱਕ ਪੈਰ, ਸ਼ੇਰ ਦੀ ਥਾਂ ਵੈਰ ਪਾ ਕੇ ਕੀਤੇ ਆਪੋ ਧਾਪ ਏ।
ਮੇਰੇ ਪੈਰੋਕਾਰ ਹੋ ਗਦਾਰ ਪਏ ਕਰਨ ਵਾਰ, ਚੀਨੀ ਅਸਵਾਰ ਲਓ ਸਾਰ ਮੇਰੀ ਆਪ ਏ।
ਮਿਲਿਆ ਦਿਲਾਸਾ ਹੋਈ ਆਸਾ, ਜਾਂ ਨਿਰਾਸਾ ਦੂਰ, ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਰਾਈਆਂ ਭੈਣੀ ਧਾਮ ਆਮ ਜਾਣਦੇ ਤਮਾਮ ਨਾਮ, ਸ਼ਕਤੀ ਦਾ ਜਾਮ ਲੈਕੇ ਰਾਮ ਆਇਆ ਆਪ ਏ।
ਕਲਾ ਲੈ ਅਨੰਤ ਤੇ ਬਸੰਤ ਵਿੱਚ ਆਏ ਕੰਤ, ਹੋਇਆ ਭਗਵੰਤ ਹਰੀ ਵੀਰ ਦਾ ਮਿਲਾਪ ਏ।
ਦਿੱਤੀ ਮਹਾਂਰਾਜ ਗੋਰੇ ਰਾਜ ਦੇ ਖਿਲਾਫ਼ 'ਵਾਜ਼, ਪਾ ਦਿੱਤੀ ਭਾਜ ਤੇ ਚੜ੍ਹਾਇਆ ਬਿੱਲੇ ਤਾਪ ਏ।
ਬੱਗੇ ਪਿੱਲੇ ਬਿੱਲੇ ਲੱਗੇ ਮੂੰਹ ਨੇ ਕਰਨ ਢਿੱਲੇ, ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਰਾਮ ਮ੍ਰਿਗੇਸ਼ ਪ੍ਰਦੇਸ ਗਏ ਧਾਰ ਭੇਸ, ਕਟੇਗੀ ਕਲੇਸ਼ ਇਹ ਵਿਸ਼ੇਸ਼ ਹਰੀ ਛਾਪ ਏ।
ਚੱਲੀ ਚਾਲ ਬਿੱਲੇ ਨੇ ਕੁਚਾਲ ਨਾਲ ਹਰ ਸਾਲ, ਵਿੰਗਾ ਹੋਇਆ ਵਾਲ ਨਾ ਤੂੰ ਐਸੀ ਦਿੱਤੀ ਥਾਪ ਏ।
ਦੇ ਕੇ ਪੈਗਾਮ ਕਾਮ ਉਸਦਾ ਤਮਾਮ ਕੀਤਾ, ਕੀਤਾ ਸੰਗ੍ਰਾਮ ਸ਼ਾਂਤੀ ਨਾਲ ਚੁੱਪ ਚਾਪ ਏ।
ਫਰੰਗੀਆਂ ਕੁਸੰਗੀਆਂ ਦੇ ਸੰਗੀਆਂ ਨੂੰ ਕਹਿਣਾ ਪਿਆ, ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਰੋਟੀ ਦਾ ਸਵਾਲ ਕੀਤਾ ਕਾਲ ਨੇ ਬੇਹਾਲ ਕਰ, ਆਦਰ ਦੇ ਨਾਲ ਰੋਟੀ ਦਾਲ ਮਿਲੀ ਧਾਪ ਏ।
ਹੋ ਕੇ ਹੈਰਾਨ ਬੇਈਮਾਨ ਕਹੇ ਸ਼ੈਤਾਨ ਬਿੱਲਾ, ਭੂਮੀ ਦਾਨ ਲਓ ਭਗਵਾਨ ਦਿਆਂ ਮਾਪ ਏ।
ਕਿਹਾ ਹਰੀ ਹੱਸ ਕਰ ਇਹ ਸਾਰੀ ਮੇਰੀ ਧਰ, ਦੇਣੀਂ ਚਾਹੇਂ ਘਰ ਪਰ ਲੰਦਨੋਂ ਦੇ ਨਾਪ ਏ।
ਹੋ ਕੇ ਜਵਾਬ ਲਾ-ਜਵਾਬ ਨੀਵੀਂ ਪਾ ਕਿਹਾ, ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

ਚੀਨੀ ਅਸਵਾਰ ਦੇ ਦਿਦਾਰ ਲਈ ਜਿੰਨੀ ਵਾਰ, ਪਾਠ ਨਰ ਨਾਰ ਕੀਤੇ ਵਰਨੀ ਤੇ ਜਾਪ ਏ।
ਜੀਵਨ ਦੇ ਲਾਲ ਘਾਲੀ ਘਾਲ ਐਸੀ ਬੇਮਿਸਾਲ, ਭਾਰਤ ਅਜ਼ਾਦ ਕੀਤਾ ਨਾਲ ਰਲ ਬਾਪ ਏ।
ਰਾਮ ਦਾ ਵਿਯੋਗ ਦੇਹੀ ਰੋਗ ਸਾਰੀ ਆਯੂ ਭੋਗ, ਜਾਣਦੇ ਨੇ ਲੋਗ ਕੀਤਾ ਕਿੰਨਾ ਵਿਰਲਾਪ ਏ।
ਧੰਨ ਧੰਨ ਆਖੇ ਅੱਜ ਸਾਰੀ ਇਹ ਲੋਕਾਈ ਪ੍ਰੀਤ, ਗੁਰੂ ਹਰੀ ਸਿੰਘ ਤੇਰਾ ਪ੍ਰਤਾਪ ਏ।

ਮਹਾਂ ਵਿਦਿਆਲਾ ਆਲ੍ਹਾ ਸਭ ਤੋਂ ਨਿਰਾਲਾ ਦਿਸੇ, ਆਲ਼ਾ ਤੇ ਦਵਾਲ਼ਾ ਦੇਣ ਦਿੱਤੀ ਪ੍ਰਤਾਪ ਏ।
ਨੀਵਿਆਂ ਨਿਥਾਵਿਆਂ ਨੂੰ ਕਰ ਦਿੱਤਾ ਖਾਂਦਿਆਂ ਚ, ਪਾਟਿਆਂ ਨੂੰ ਜੋੜਿਆ ਪਿਆਰ ਨਾਲ ਆਪ ਏ।
ਮਿਟ ਗਈ ਕੰਗਾਲੀ ਖੁਸ਼ਹਾਲੀ ਦੀ ਮਿਸਾਲ ਜਗੀ, ਲੱਜ ਪਾਲੀ ਬਣ ਵਾਲੀ ਮੇਟੇ ਤਨੋ ਤਾਪ ਏ।
ਜੋਤ ਜਗਜੀਤ ਤੇ ਪ੍ਰੀਤ ਪ੍ਰਤੀਤ ਰੱਖੇ, ਗੁਰੂ ਹਰੀ ਸਿੰਘ ਸਾਰਾ ਤੇਰਾ ਪ੍ਰਤਾਪ ਏ।

Namdhari Elibrary NamdhariElibrary@gmail.com

ਸ਼ਾਂਤੀ ਦੇ ਅਵਤਾਰ

(ਸਤਿਗੁਰੂ ਰਾਮ ਸਿੰਘ ਜੀ ਦੇ ਬਾਬਾ ਦਰਬਾਰਾ ਸਿੰਘ ਨਾਲ ਬਚਨ)

ਇੰਦਰ ਸਿੰਘ ਚੱਕਰਵਰਤੀ

ਸੁਣ ਬੋਲੇ ਸ੍ਰੀ ਸਤਿਗੁਰੂ, ਸਹਿਜੇ ਸ਼ਾਂਤੀ ਨਾਲ
.. ਜਾਓ ਹੈ ਅੰਗ ਸੰਗ ਸਦਾ, ਤੁਹਾਡੇ ਪੁਰਖ ਅਕਾਲ
ਜਾਕੇ ਦੇਣੀ ਪੰਥ ਨੂੰ, ਸਾਡੀ ਇਹ ਅਰਦਾਸ
ਦਰਸ਼ਨ ਇਕ ਦਿਨ ਹੋਣਗੇ, ਹੋਣਾਂ ਨਹੀਂ ਨਿਰਾਸ
ਹੋਇ ਸਥਾਪਨ ਧਰਮ ਨਾ, ਛੁਰੀ ਨਾ ਹੋਵੇ ਦੂਰ
ਏਸ ਮੜ੍ਹੇ ਵਿਚ ਵਸਾਂਗਾ, ਤਦ ਤੱਕ ਮੈਂ ਮਜ਼ਬੂਰ
ਭਾਈ ਹਰੀ ਸਿੰਘ ਨੂੰ, ਦੇਣੀ ਇਹ ਅਰਦਾਸ
ਕਹਿਣਾ ਉਨ੍ਹਾਂ ਨੂੰ ਔਣ ਨਾ, ਅਜੇ ਅਸਾਡੇ ਪਾਸ,
ਬੁਧ ਸਿੰਘ ਜੀ ਦਾ ਅਜ ਤੋਂ, ਹਰੀ ਸਿੰਘ ਹੈ ਨਾਮ
. ਮੰਨੇ ਸਾਡੇ ਥਾਂ ਹੁਣ, ਉਨ੍ਹਾਂ ਨੂੰ ਪੰਥ ਤਮਾਮ
ਸ਼ਾਂਤਿ ਮੂਰਤੀ ਹੈਨ ਓਹ, ਸ਼ਾਂਤੀ ਦੇ ਅਵਤਾਰ
ਓਨਾ ਬਿਨਾਂ ਨਾ ਤੁਰ ਸਕੇ, ਗੁਰ ਸਿੱਖੀ ਦੀ ਕਾਰ
ਦਿਲ ਵਿਚ ਵਸੇ ਉਨ੍ਹਾਂ ਦੇ, ਧਰਮ ਨੇਮ ਦੀ ਸੰਥ
ਓਹ ਸਿੱਖੀ ਰਖਣ ਹਰੀ, ਹਰਾ ਭਰਾ ਰਹੇ ਪੰਥ
ਮੇਰਾ ਕੋਈ ਧਿਕਾਰਿਆ, ਬਖਸ਼ਣ ਕਿਰਪਾ ਧਾਰ
ਓਹ ਜਿਸ ਨੂੰ ਧਿਰਕਾਰ ਦੇਣ, ਕੋਈ ਨਾ ਬਖਸ਼ਣ ਹਾਰ
"ਇਹ ਭੰਡੀ ਤੇ ਲੈ-ਲੈ, ਲਗੀ ਜੋ ਸਾਡੇ ਨਾਲ
ਮਗਰ ਲਗੇਗੀ ਸਭ ਦੇ, ਲਾਵੇ ਪੁਰਖ ਅਕਾਲ
ਹੋਵੇ ਨਾ ਨੌਕਰ ਕੋਈ, ਅੰਗ੍ਰੇਜ਼ਾਂ ਦਾ ਸਿੱਖ
ਆ ਰਿਹਾ ਹੈ ਇਨ੍ਹਾਂ ਦਾ ਅਗੋਂ ਬੁਰਾ ਭਵਿੱਖ
ਏਨਾ ਦੇ ਸਿਰ ਪਏਗੀ, ਅਨਿਕ ਭਾਂਤ ਦੀ ਮਾਰ
ਐਸਾ ਕੋਈ ਨਾ ਦਿਸਦਾ, ਏਨਾ ਲਏ ਉਬਾਰ
ਇਨ੍ਹਾਂ ਦੇ ਦੇਸ਼ 'ਚ ਮਚੇਗਾ, ਜਲਦੀ ਹੀ ਘਮਸਾਨ
ਇਹ ਬਚਾਂਦੇ ਫਿਰਨਗੇ, ਲੁਕਾ ਛਿਪਾ ਕੇ ਜਾਨ
ਮਿਟੀ ਘੱਟੇ ਰੁਲਣਗੇ, ਇੱਜਤ ਪੱਤ ਸਨਮਾਨ
ਇਹ ਹਕੂਮਤ ਹੁਣ ਹੈ, ਦੋ ਦਿਨ ਦੀ ਮਹਿਮਾਨ
ਬਾਗਾਂ ਉੱਲੂ ਹੋਣਗੇ, ਖੋਲ਼ੇ ਹੋਣ ਮਹੱਲ
ਫਿਰੇ ਸੁਹਾਗਾ ਲੋਹੇ ਦਾ, ਵੇਖ ਲਿਓ ਅਜ ਕੱਲ
ਇਹ ਦਰਿੰਦੇ ਭੇੜੀਏ, ਜੰਗਲੀ ਹੈਨ ਹੈਵਾਨ
ਹੁੰਦੀ ਕੀ ਮਨੁੱਖਤਾ, ਜਾਨਣ ਨਾ ਸ਼ੈਤਾਨ
ਮੈਨੂੰ ਹਿੰਦੀ ਕੌਮ ਤੇ, ਆਉਂਦਾ ਹੈ ਅਫ਼ਸੋਸ
ਇੱਜ਼ਤ ਰਹੇ ਉਤਾਰ ਇਹ, ਸਮਝ ਨਾ ਆਵੇ ਓਸ
ਨੇੜੇ ਆ ਰਿਹਾ ਸਮਾਂ ਜਦ, ਹੋਵੇ ਬੁਰਾ ਹਵਾਲ
ਚੁੱਕੀ ਹੈ ਅੱਤ ਜਿੰਨ੍ਹਾਂ ਨੇ, ਰਲੇ ਮਲੇਛਾਂ ਨਾਲ
ਨਾਮ ਜਪੋ ਬਾਣੀ ਪੜੋ, ਉੱਚਾ ਰੱਖ ਅਚਾਰ
ਵਿਸਰੇ ਸਾਸ ਗ੍ਰਾਸ ਨਾ, ਸੱਚਾ ਸਿਰਜਨ ਹਾਰ
ਪਾਣੇ ਭੋਗ ਗ੍ਰੰਥ ਗੁਰ, ਕਰ ਸਕੇਸ਼ ਸ਼ਨਾਨ
ਜਹਾਂ ਕਹਾਂ ਨਾ ਖਾਵਣਾਂ, ਮੰਨ ਗੁਰੂ ਫਰਮਾਨ
ਯੁੱਗ ਹਵਨ ਨਾ ਭੁੱਲਣਾਂ, ਦੇਵਤਿਆਂ ਦੀ ਕਾਰ
ਕਰੇ ਰਖਿਆ ਪੰਥ ਦੀ, ਇਸ ਦਾ ਸਾਜਨ ਹਾਰ
ਜੜ੍ਹ ਇਸ ਦੀ ਦਸਮੇਸ਼ ਗੁਰ, ਲਾਈ ਵਿਚ ਪਤਾਲ
ਵੈਰੀ ਨਾ ਕਰ ਸਕੇਗਾ, ਵਿੰਗਾ ਇਸ ਦਾ ਵਾਲ
ਰਹਿ ਨਾ ਜਾਏ ਧਰਤਿ ਤੇ, ਰਾਜਾ, ਨਵਾਬ, ਨਰੇਸ਼
ਨੀਵੇਂ ਉੱਚੇ ਹੋਣਗੇ, ਹੋਵਣ ਦੂਰ ਕਲੇਸ਼
ਦੂਰ ਵਿਛੋੜਾ ਹੋਇਗਾ, ਹੋਣ ਜ਼ਰੂਰ ਦੀਦਾਰ
ਮੌਜ ਹੋਇਗੀ ਪੰਥ ਨੂੰ, ਸੁਖਾਂ ਦੀ ਭਰਮਾਰ

Namdhari Elibrary NamdhariElibrary@gmail.com

ਜਦ ਤੱਕ ਰਹੂ ਦੁਨੀਆ ਕੌਮ ਨੇ ਰਿਣੀ ਰਹਿਣਾ.....

ਸਤਿਨਾਮ ਸਿੰਘ ਕੋਮਲ

ਵਕਤ ਬਸਲਿਆ ਸਹਿਮੀ ਪੌਣ ਲਗਦੀ,
ਧੁੱਪਾਂ ਰੁੱਸ ਗਈਆਂ ਸੂਰਜ ਉਦਾਸ ਹੋਇਆ।
ਭੈਣੀ ਸਾਹਿਬ ਦਾ ਚਮਨ ਵੀਰਾਨ ਹੋਇਆ,
ਜ਼ਹਿਰੀ ਪੌਣ ਦੇ ਹੱਥੋਂ ਹੈ ਨਾਸ ਹੋਇਆ।
ਲੱਗੀਆਂ ਬੰਦਗੀ ਉੱਤੇ ਪਾਬੰਦੀਆਂ ਨੇ,
ਲੁੱਟੇ ਜਾਣ ਦਾ ਤਲਖ਼ ਅਹਿਸਾਸ ਹੋਇਆ।
ਏਸ ਧਰਤ ਦੀ ਆਤਮਾ ਚਾਹੇ ਡਰ ਗਈ,
ਪਰ ਨਾ ਜ਼ਖਮੀ ਸਾਡਾ ਅਹਿਸਾਸ ਹੋਇਆ।

ਪਲਟੀ-ਜੋਤਿ ਐਪਰ ਰਹਿਬਰੀ ਬੋਲ ਓਹੋ,
ਨੁਰਾਨੀ ਚਿਹਰੇ ਤੋਂ ਪਿਆ ਹੈ ਨੂਰ ਵੱਸਦਾ।
ਹਾਜਰ ਹੋ ਗੁਰ ਦੇ ਸਿੱਖ ਦੀਦਾਰ ਕਰਦੇ,
ਸਾਡਾ ਸਤਿਗੁਰੂ ਸੀ ਚਾਹੇ ਦੂਰ ਵੱਸਦਾ।
ਬੂਹੇ ਸਤਿਗੁਰੂ ਦੇ ਲੱਗੇ ਹੋਏ ਪਹਿਰੇ,
ਤੇ ਲੱਗੀਆਂ ਦਰਸ਼ਨਾਂ ਉੱਤੇ ਪਾਬੰਦੀਆਂ ਨੇ।
ਚਿੱਟੇ ਮੂੰਹ ਪਰ ਕਾਲਿਆਂ ਦਿਲਾਂ ਵਾਲੇ,
ਖੇਡਣ ਪਏ ਸਿਆਸਤਾਂ ਗੰਦੀਆਂ ਨੇ।
ਅਉਂਦੇ ਸਿੱਖ ਗਿਣੇ ਜਾਂਣੇ ਪੋਟਿਆਂ ਤੇ,
ਖਾਲੀ ਗੋਲਕਾਂ ਵੱਜੀਆਂ ਜੰਦੀਆਂ ਨੇ।
ਸਿੱਖ ਫਿਰ ਵੀ ਚੜ੍ਹਦੀ ਕਾਲਾ ਵਿੱਚ ਨੇ,
ਪਰ ਹਾਕਮ ਰੱਖਦੇ ਨੀਤਾਂ ਮੰਦੀਆਂ ਨੇ।
ਪਾਰ ਸਾਗਰੋਂ ਆਉਂਦੇ ਸੀ ਹੁਕਮਨਾਮੇ,
ਉਸ ਅਨੁਸਾਰ ਹੀ ਸੀ ਸੱਚੀ ਸਰਕਾਰ ਚਲਦੀ।
ਸਾਡੇ ਹਿਰਦਿਆਂ ਵਿਚ ਸੀ ਗੁਰੂ ਵੱਸਦਾ,
ਪਰ ਹਾਕਮਾਂ ਦੀ ਬਾਹਰੋ ਬਾਹਰ ਚਲਦੀ।
ਨਿੰਦਕਾਂ ਦੋਖੀਆਂ ਚੁਗਲਾਂ ਵਿਚ ਘਿਰੇ ਸਤਿਗੁਰ,
ਪਰ ਸਦਾ ਵਿਚ ਸੀ ਚੜ੍ਹਦੀ ਕਲਾ ਰਹਿੰਦੇ।
ਬੁਰਿਆਂ ਨਾਲ ਵੀ ਕਰਨੀ ਸਦਾ ਨੇਕੀ,
ਹੋਣ ਦੁਸ਼ਵਾਰੀਆਂ ਫੇਰ ਵੀ ਭਲਾ ਕਹਿੰਦੇ।
ਹੁਕਮ ਕਰਨਵਾਲੇ ਦੇਂਦੇ ਅਰਜੀਆਂ ਸੀ,
ਮੱਥੇ ਖਿੜੇ ਸੀ ਹਾਕਮ ਦੇ ਸਿਤਮ ਸਹਿੰਦੇ।
ਸਿੱਖੀ ਸਾਂਭਦੇ ਸਿੱਖੀ ਵੰਡਦੇ ਸੀ।
ਕਰਨ ਫਰਜ ਪੂਰੇ ਟਿਕ ਨਾਘਰੇ ਬਹਿੰਦੇ।
ਕਾਮ ਪਿਆ ਜਦ ਏਸ ਧਰਤ ਉੱਤੇ,
ਖਲਕਤ ਪੇਟ ਦੀ ਅੱਗ ਬੁਝਾਉਣ ਆ ਗਈ।
ਲੰਗਰ ਗੁਰੂ ਘਰ ਸਦਾ ਅਤੁੱਟ ਵਰਤੇ,
ਸਤਿਗੁਰੂ ਦੀ ਸਿੱਖੀ ਅਜਮਾਉਣ ਅ ਗਈ।
ਸੇਵਾ ਭਾਵਨਾ ਤੋਂ ਹੋਏ ਖੁਸ਼ ਗੋਰੇ,
ਮੁਰੱਬੇ ਦੇਣ ਦੀ ਇੱਛਾ ਜਤਾਉਣ ਲੱਗੇ।
"ਬਾਰਾਂ ਸਾਡੀਆਂ ਸਾਨੂੰ ਹੀ ਵੰਡਦੇ ਜੇ,
ਕਿਹੜੇ ਪਾਸਿਓਂ ਦਾਨੀ ਅਖਵਾਉਣ ਲੱਗੇ।
ਦੇਣੀ ਜਗੀਰ ਤਾਂ ਦਿਓ ਇੰਗਲੈਂਡ ਵਿੱਚੋਂ,
ਝੂਠੇ ਅੱਥਰੂ ਐਵੇਂ ਵਹਾਉਣ ਲੱਗੇ।
ਕਰਕੇ ਦਗਾ ਹੈ ਸਾਡਾ ਰਾਜ ਖੋਹਿਆ,
ਬਾਰਾਂ ਦੇ ਸਾਨੂੰ ਮੂਰਖ ਬਣਾਉਣ ਲੱਗੇ।"
ਲੰਬੜਦਾਰ ਸੁੱਖੂ ਗੇਂਦੇ ਜਹੇ ਮੁਖ਼ਬਰ,
ਨਾਲ ਗੁਰੂ ਜੀ ਦੇ ਅੰਗਰੋਂ ਖਾਰ ਰੱਖਦੇ।
ਬੀਮਾਰ ਪਏ ਹੋਏ ਜਦ ਸੀ ਮੰਜਿਆਂ ਤੇ,
ਗੁਰੂ ਸੁੱਖ ਪੁੱਛਦੇ ਦਿਲੋਂ ਪਿਆਰ ਰੱਖਦੇ।
ਕਰਮੋਂ ਈਸ਼ਰ ਸਿੰਘ, ਠਾਕਰ ਸਿੰਘ ਛੀਬਾ,
ਸਿੱਖੀ ਤਿੰਨਾ ਦੀ ਬਹੁਤ ਕਮਾਲ ਦੀ ਸੀ।
ਪਲ-ਪਲ ਦੀ ਡੇਰੇ ਦੀ ਖਬਰ ਦੇਣੀ,

Namdhari Elibrary NamdhariElibrary@gmail.com

ਹਾਕਮ ਸੰਗ ਤਿਕੜੀ ਯਾਰੀ ਪਾਲਦੀ ਸੀ।
ਨੌਕਰ ਅੰਦਰੋਂ ਸੀ ਇਹ ਗੋਰਿਆਂ ਦੀ,
ਵਫਾਦਾਰੀ ਪਰ ਬਾਹਰੋਂ ਵਿਖਾਲਦੀ ਸੀ।
ਪੁੱਲਦੀ ਹਰ ਗੱਲ ਕੰਨੀਂ ਹਾਕਮਾਂ ਦੀ,
ਕਰਾਮਾਤ ਬਸ ਮਿਲਦੇ ਮਾਲ ਦੀ ਸੀ।
ਦਰਿਆ ਦਿਲੀ ਵੇਖੋ ਓਧਰ ਸਤਿਗੁਰੂ ਦੀ,
ਕਹਿਣ ਵਿਚਾਰਿਆਂ ਨੂੰ ਰੋਜਗਾਰ ਮਿਲਿਆ।
ਬਦਨਸੀਬ ਨੇ ਇਵਜ ਵਿਚ ਮੁਖ਼ਬਰੀ ਦੇ,
ਨਿਰੰਕਾਰ ਨਹੀਂ ਹੈ ਇਹ ਸੰਸਾਰ ਮਿਲਿਆ।
ਭੈਣੀ ਸਾਹਿਬ ਵਿੱਚੋਂ ਜਿਵੇਂ ਸੀ ਰੂਹ ਉੱਡ ਗਈ,
ਕੀ ਹਾਲ ਹੁੰਦਾ ਜੇ ਤੁਸੀਂ ਸੰਭਾਲਦੇ ਨਾ।
ਸ਼ਾਤੀ ਰੂਪ ਸਉ ਜੁਲਮੀ ਹਨੇਰੀਆਂ ਨੂੰ,
ਦੂਰ ਅੰਦੇਸ਼ ਬਣ ਕੇ ਸਿਰੋਂ ਟਾਲਦੇ ਨਾ।
ਜੇ ਨਾ ਹੱਥ ਵਿਚ ਖਿਮਾ ਦੀ ਖੜਗ ਫੜਦੇ,
ਦਿੱਤੇ ਗੁਰਾਂ ਦੇ ਬਚਨਾਂ ਨੂੰ ਪਾਲਦੇ ਨਾ।
ਰਹਿੰਦੀ ਕਦੇ ਨਾ ਸਾਬਤ ਸਬੂਤ ਸਿੱਖੀ,
ਜੇ ਕਰ ਕਰੜੀਆਂ ਘਾਲਾਂ ਘਾਲਦੇ ਨਾ।

ਜਦ ਤਕ ਰਹੂ ਦੁਨੀਆਂ ਕੌਮ ਨੇ ਰਿਣੀ ਰਹਿਣਾ,
ਨਾ ਲਹਿਣ ਵਾਲੇ ਸਿਰ ਅਹਿਸਾਨ ਕਰ ਗਏ।
ਪੂਜਣ ਯੋਗ ਕੀਤੀ ਏਹ ਹੈ ਧਰਤ 'ਕੋਮਲ'
ਏਹਦਾ ਜੱਗ ਵਿਚ ਉੱਚਾ ਨਿਸ਼ਾਨ ਕਰ ਗਏ।

ਸਤਿਨਾਮ ਸਿੰਘ ਕੋਮਲ

ਫ਼ਤਹਿ ਦੇ ਝੰਡੇ ਝੁਲਾ ਦਿੱਤੇ

ਵਰਿੰਦਰ ਪਾਲ ਸਿੰਘ ਕਾਲਾ ਆਲਿਮ

ਵਾਰੇ-ਵਾਰੇ ਮੈਂ ਸਤਿਗੁਰੂ ਹਰੀ ਸਿੰਘ ਤੋਂ,
ਬੜੇ ਉਲਝੇ ਸਵਾਲ ਸੁਲਝਾਏ ਉਨ੍ਹਾਂ।
ਬੜਾ ਬਿਖੜਾ ਪੈਂਡਾ ਤਹਿ ਕਰਦਿਆਂ ਵੀ,
ਬੜੇ ਸਾਰਥਕ ਕਦਮ ਉਠਾਏ ਉਨ੍ਹਾਂ।
ਬੜੇ ਖਤਰਿਆਂ ਭਰੇ ਮਾਹੌਲ 'ਚ ਵੀ,
ਸਿੰਘ ਨੀਤੀ-ਨਿਪੁੰਨ ਬਣਾਏ ਉਨ੍ਹਾਂ।
ਤਿੱਬਤ, ਨਿਪਾਲ, ਭੂਟਾਨ ਤੇ ਰੂਸ ਤਾਈਂ,
ਮਿੱਤਰਤਾਈ ਦੇ ਜਾਲ ਵਿਛਾਏ ਉਨ੍ਹਾਂ।

ਦਰਾਂ ਮੂਹਰੇ ਪੁਲੀਸ ਦੇ ਬੈਠਿਆਂ ਵੀ,
ਵਿਦੇਸ਼ਾਂ ਨਾਲ ਸੰਬੰਧ ਬਣਾਈ ਰੱਖੇ।
ਹੁਕਮਨਾਮੇ ਜੋ ਆਏ ਰੰਗੂਨ ਵਿਚੋਂ,
ਅਫਸਰ ਸ਼ਾਹੀ ਦੇ ਕੋਲੋਂ ਬਚਾਈ ਰੱਖੇ।
ਲੁਕਵੇਂ ਸ਼ਬਦ ਵੀ ਏਦਾਂ ਦੇ ਵਰਤਦੇ ਰਹੇ,
ਅਫ਼ਸਰ ਜੱਭ-ਗੜੱਭੇ ਚ ਪਾਈ ਰੱਖੇ।
ਜਿਹੜੇ ਸਮਝ ਨਾ ਹੋਏ ਫਿਰੰਗੀਆਂ ਤੋਂ,
ਬਾਗੀ ਪੈਂਤੜੇ ਐਸੇ ਅਪਣਾਈ ਰੱਖੇ।

ਚਿੱਟੀ ਉੱਨ ਦੀ ਮਾਲਾ ਵੀ ਇੰਝ ਫੇਰੀ,
ਮੁਰਦੇ ਲੋਕਾਂ ਵਿਚ ਰੂਹਾਂ ਸਰਕਾ ਦਿੱਤੀਆਂ।
ਆਮ ਲੋਕਾਂ ਵਿਚ ਵਿਚਰ ਕੇ ਆਮ ਵਾਂਗੂ,
ਉੱਚ ਕੋਟੀ ਦੀਆਂ ਗੱਲਾਂ ਸਮਝਾ ਦਿੱਤੀਆਂ।
ਬਿਲਕੁਲ ਸਾਦਾ ਤੇ ਸਰਲ ਪ੍ਰਚਾਰ ਕਰਕੇ,
ਲੰਡਨ ਵਿੱਚ ਤਰਥੱਲੀਆਂ ਪਾ ਦਿੱਤੀਆਂ।
ਰਾਗ਼ ਰੰਗ ਭੁੱਲਾ 'ਤੇ ਅੰਗ੍ਰੇਜਣਾਂ ਨੂੰ,
ਪਿੱਟ-ਪਿੱਟ ਕੇ ਰੋਣ ਸਿਖਾ ਦਿੱਤੀਆਂ।

Namdhari Elibrary NamdhariElibrary@gmail.com

ਬੜੀਆਂ ਸਖਤ ਪਾਬੰਦੀਆਂ ਹੁੰਦਿਆਂ ਵੀ,
ਸ਼ਮਾਂ ਜੰਗ-ਏ-ਆਜ਼ਾਦੀ ਦੀ ਬਾਲਦੇ ਰਹੇ।
ਗੁਰੂ ਬਾਣੀ ਦਾ ਜਾਦੂ ਮਈ ਅਸਰ ਪਾ ਕੇ,
ਖ਼ਾਕ ਵਿਚੋਂ ਵੀ ਯੋਧੇ ਉਠਾਲਦੇ ਰਹੇ।
ਕੰਮ ਅੜੇ ਜੋ ਰਾਜੇ ਮਹਾਰਾਜਿਆਂ ਤੋਂ,
ਉਹ ਕੰਮ ਵੀ ਕਰਕੇ ਵਿਖਾਲਦੇ ਰਹੇ।
ਸਿਰ ਜਾਣ ਤੋਂ ਬੇਪਰਵਾਹ ਹੋ ਕੇ,
ਸਤਿਗੁਰ ਹੋਣ ਦੇ ਬਿਰਦ ਨੂੰ ਪਾਲਦੇ ਰਹੇ।

ਕਾਲ ਪੀੜਤ ਜੇ ਦਰਾਂ ਤੇ ਆਣ ਬੈਠੇ,
ਮਾਣ ਬਖਸ਼ਿਆ ਡਿਗਦਿਆਂ, ਢਹਿੰਦਿਆਂ ਨੂੰ ।
ਲੰਗਰ ਵਿਚੋਂ ਪ੍ਰਸ਼ਾਦੇ ਛਕਾਉਣ ਲੱਗੇ,
ਭੁੱਖੇ ਮਰਦਿਆਂ ਨੂੰ ਹਉਕੇ ਲੈਂਦਿਆਂ ਨੂੰ।
ਇਹ ਜਾਣੋ ਕਿ ਜੀਵਨ ਦੀ ਆਸ ਹੋ ਗਈ,
ਮੌਤ ਡੈਣ ਦੇ ਮੂੰਹ ਵਿਚ ਪੈਂਦਿਆਂ ਨੂੰ।
ਮੁਰੱਬੇ ਦੇਣੇ ਜੇ ਚਾਹੇ ਫਿਰੰਗੀਆਂ ਨੇ,
ਉਹ ਵੀ ਜੁੱਤੀ ਦੇ ਨਾਲ ਠੁਕਰਾ ਦਿੱਤੇ। ਅਸੀ ਲਵਾਂਗੇ
ਸਾਰਾ ਹੀ ਦੇਸ਼ ਕਹਿ ਕੇ,
ਅਫ਼ਸਰ ਡੂੰਘੀਆਂ ਸੋਚਾਂ ਵਿਚ ਪਾ ਦਿੱਤੇ।
ਅਫ਼ਸਰ ਸ਼ਾਹੀ ਨੂੰ ਕਾਟਵੇਂ ਸ਼ਬਦ ਕਹਿ ਕੇ,
ਸਮਝੋ ਮੂੰਹਾਂ ਨੂੰ ਜਿੰਦਰੇ ਲਾ ਦਿੱਤੇ।
ਜਿੱਦਾਂ ਤਿਲਾਂ ਦੀ ਸੱਥਰੀ ਝਾੜ ਦਿੱਤੀ,
ਅਫ਼ਸਰ ਬਿਲਕੁਲ ਹੌਲੇ ਬਣਾ ਦਿੱਤੇ।
ਅੰਗਰੇਜਾਂ ਭਾਂਵੇ ਸੀ ਪੁਲੀਸ ਬਿਠਾਲੀ ਰੱਖੀ,
ਭੈਣੀ ਸਾਹਿਬ ਦੇ ਮੁੱਖ ਦੁਆਰ ਉੱਤੇ।

ਲੇਕਿਨ ਸਤਿਗੁਰਾਂ ਫ਼ਰਕ ਨਾ ਪੈਣ ਦਿੱਤਾ,
ਜਥੇਬੰਦੀ ਦੇ ਗੁਪਤ ਪ੍ਰਚਾਰ ਉੱਤੇ।
ਭਾਵੇਂ ਬੜੇ ਉਤਰਾ ਚੜ੍ਹਾਅ ਆਏ,
ਪਤਝੜ ਛਾਉਣ ਨਾ ਦਿੱਤੀ ਗੁਲਜ਼ਾਰ ਉਤੇ।
ਥਾਂ-ਥਾਂ ਬਗਾਵਤਾਂ ਉੱਠ ਪਈਆਂ,
ਐਸਾ ਅਸਰ ਪਾ ਦਿੱਤਾ ਸੰਸਾਰ ਉੱਤੇ।
ਏਸ ਤਰ੍ਹਾਂ ਕੌਮਾਂਤਰੀ ਯੁੱਧ ਲੜਿਆ,
ਝੂਠੇ ਭਰਮ ਅੰਗਰੇਜ਼ਾਂ ਦੇ ਤੋੜ ਦਿੱਤੇ।

ਕੌਮੀ-ਮੁਕਤੀ ਮੋਰਚੇ ਲਾਉਣ ਦੇ ਲਈ,
ਦੁਨੀਆਂ ਭਰ ਦੇ ਲੋਕ ਝੰਜੋੜ ਦਿੱਤੇ।
ਲੋਕਾਂ ਸਾਗਰੋਂ ਉੱਠੇ ਤੂਫ਼ਾਨ ਬਣ ਕੇ,
ਤਾਨਾਸ਼ਾਹੀ ਦੇ ਕੱਖ ਮਰੋੜ ਦਿੱਤੇ।
ਜੱਗ ਜਿੱਤਣ ਲਈ ਘਰਾਂ ਤੋਂ ਤੁਰੇ ਸੀ ਜੋ,
ਲੋਕਾਂ ਧਰਤੀ ਦੇ ਵਿਚ ਘਸੋੜ ਦਿੱਤੇ।
ਆਲਮ ਕਾਲੇ ਦੇ ਬਾਰੇ ਜੇ ਗੱਲ ਕਰੀਏ,
ਉਹਨੇ ਆਪਣੇ ਫਰਜ਼ ਨਿਭਾ ਦਿੱਤੇ।

ਬਾਗ਼ੀ ਨਗ਼ਮੇ ਸਤਿਗੁਰੂ ਹਰੀ ਸਿੰਘ ਦੇ,
ਲੋਕ-ਸੱਥਾਂ 'ਚ ਖੜ-ਖੜ ਗਾ ਦਿੱਤੇ।
ਕਿਉਂਕਿ ਸਤਿਗੁਰਾਂ ਚੰਡੀ ਦੇ ਜਾਪ ਕਰਕੇ,
ਦੁਨੀਆਂ ਭਰ ਦੇ ਲੋਕ ਜਗਾ ਦਿੱਤੇ।
ਲੋਕ ਜਾਗੇ ਤੇ ਲੜੇ ਸਿਰ ਤਲੀ ਧਰ ਕੇ,
ਅੰਗਰੇਜ਼ੀ ਰਾਜ ਦੇ ਛੱਕੇ ਛੁਡਾ ਦਿੱਤੇ।
ਦੁਨੀਆਂ ਭਰ 'ਚ ਅੰਗਰੇਜ਼ਾਂ ਦੀ ਹਾਰ ਹੋਈ,
ਲੋਕਾਂ ਫਤਹਿ ਦੇ ਝੰਡੇ ਝੁਲਾ ਦਿੱਤੇ।

ਵਰਿੰਦਰ ਪਾਲ ਸਿੰਘ ਕਾਲਾ ਆਲਿਮ
ਸ਼ਾਹਕੋਟ (ਜਲੰਧਰ)
C/O ਹਜ਼ਾਰਾ ਸਿੰਘ ਮੰਡ

Namdhari Elibrary NamdhariElibrary@gmail.com

ਡੁੱਬਦਿਆਂ ਬੇੜਿਆਂ ਨੂੰ ਬੰਨੇ ਲਾਣਗੇ ਨਾਲ ਏਹ

ਸੰਤ ਸੰਪੂਰਨ ਸਿੰਘ ਦਿੱਲੀ

ਫੋਟੋ ਵੇਖਕੇ ਸਤਿਗੁਰੂ ਹਰੀ ਸਿੰਘ ਦੀ,
ਮੇਰੇ ਦਿਲ ਚੋਂ ਫੁੱਟ ਪਿਆਰ ਆਇਆ ॥
ਅਦਬ ਨਾਲ ਮੈਂ ਰੱਖ ਲਈ ਸੀਸ ਉੱਤੇ
ਸਿਰ ਤੇ ਰੱਖਦਿਆਂ ਜਿਹਾ ਖ਼ੁਮਾਰ ਆਇਆ ।
ਸਿਨੇਮੇ ਵਾਂਗ ਇਤਿਹਾਸ ਦੀ ਫ਼ਿਲਮ ਚਲ ਪਈ,
ਸੋਹਣਾ ਸੀਨ ਸਾਹਵੇਂ ਹਰਦੁਵਾਰ ਆਇਆ ,
ਜਾਣੇ ਰੱਬ ਮੇਲਾ ਖ਼ਬਰੇ ਕੁੰਭ ਦਾ ਸੀ,
ਨਾ ਕੋਈ ਖ਼ਲਕਤਾਂ ਦਾ ਪਾਰਾਵਾਰ ਆਇਆ ।
ਮੌਕੇ ਏਸ ਤੇ ਤਾਰਦੇ ਸੰਗਤਾਂ ਨੂੰ ,
ਤਾਰਨ ਹਾਰ ਗੁਰੂ ਬਾਰ੍ਹਵੇਂ ਆਏ ਹੋਏ ਸਨ ।
ਭੋਜਨ ਭਜਨ ਅਭਿਲਾਸ਼ੀਆਂ ਸੰਗਤਾਂ ਲਈ,
ਲੰਗਰ ਦੋਵੇਂ ਅਤੁੱਟ ਹੀ ਲਾਏ ਹੋਏ ਸਨ।
ਬੜੀ ਭਾਰੀ ਇਕ ਗੇਲੀ ਨੂੰ ਅੱਗ ਲੱਗੀ,
ਨਵਾਂ ਸੀਨ ਇਕ ਸਾਹਮਣੇ ਆ ਗਿਆ ਸੀ ।
ਮਤੇ ਮੇਲੇ ਦਾ ਮਾਰ ਸਵਾਦ ਦੇਵੇ,
ਕਈਆਂ ਦਿਲਾਂ ਉਤੇ ਡਰ ਛਾ ਗਿਆ ਸੀ ।
ਭੂਤ ਪਿਆ ਜੇ ਅੱਗ ਦਾ ਦੇਓ ਕਿਧਰੇ,
ਸਮਝੋ ਸਾਰਿਆਂ ਦਾ ਕਾਲ ਆ ਗਿਆ ਸੀ ।
ਏਹ ਸੋਚ ਕੇ ਕਈਆਂ ਵਿਚਾਰਿਆਂ ਦਾ,
ਦਿਲ ਦਹਿਲ ਗਿਆ ਗਸ਼ ਖਾ ਗਿਆ ਸੀ ।
ਜਾਣੀ ਜਾਣ ਉਹ ਬਾਰ੍ਹਵੇਂ ਗੁਰੂ ਨਾਨਕ,
ਜਾਣ ਦਿਲਾਂ ਦੀ ਉਸ ਅਸਥਾਨ ਆ ਗਏ ।
ਸੜੀਆਂ ਆਤਮਾਂ ਨੂੰ ਠੰਢ ਪਾਣ ਵਾਲੇ
ਬਲਦੀ ਬਾਹਰ ਦੀ ਅੱਗ ਬੁਝਾਣ ਆ ਗਏ ।
ਸਿਰਾ ਗੇਲੀ ਦਾ ਇਕ ਹਜ਼ੂਰ ਚਾਯਾ,
ਦੂਜਾ ਸਿੱਖਾਂ ਨੂੰ ਕਿਹਾ ਉਠਾਉ ਜਲਦੀ ।
ਜਦੋਂ ਵੇਖਿਆ ਸਿੱਖਾਂ ਤੋਂ ਹਿਲਿਆ ਨਹੀਂ,
ਹਰੀ ਸਿੰਘ ਨੂੰ ਕਿਹਾ ਬੁਲਾਉ ਜਲਦੀ ।
ਆ ਗਏ ਭਰਤ ਜੀ ਰਾਮ ਦਾ ਹੁਕਮ ਸੁਣਦੇ,
ਔਂਦੇ ਵੇਖਕੇ ਆਖਿਆ ਆਉ ਜਲਦੀ ।
ਕਰੜੀ ਕਾਰ ਇਹ ਤੁਸਾਂ ਸੰਭਾਲਣੀ ਏ,
ਹਥ ਸਿਦਕ ਦੇ ਘੁੱਟ ਕੇ ਪਾਉ ਜਲਦੀ ।
ਸੁਣਦੇ ਸਾਰ ਹੀ ਗੇਲੀ ਦਾ ਸਿਰਾ ਚੁੱਕ ਕੇ,
ਰਲਕੇ ਗੰਗਾ ਦੇ ਵਿੱਚ ਸੁਟਾ ਦਿੱਤਾ ।
ਚੀਨੀ ਵਾਲੇ ਨੇ ਚੋਜ ਕਰ ਸੰਗਤਾਂ ਨੂੰ,
ਰਾਜ਼ ਰਮਜ਼ ਦੇ ਨਾਲ ਸਮਝਾ ਦਿਤਾ।
ਮਾਲਕ ਹੈਨ ਏਹ ਸਾਰੀਆਂ ਸ਼ਕਤੀਆਂ ਦੇ,
ਡੁੱਬਦੇ ਬੇੜਿਆਂ ਨੂੰ ਬੰਨੇ ਲਾਣਗੇ ਏਹ।
ਸ਼ਰਧਾ ਨਾਲ ਜੇਹੜਾ ਪਰਸੇ ਚਰਨ ਪਾਰਸ,
ਉਹ ਦੀ ਕਾਯਾਂ ਨੂੰ ਕੁੰਦਨ ਬਨਾਣਗੇ ਏਹ ।
ਮਾਰੇ ਕਾਲ ਦੇ ਲੱਖਾਂ ਨਿਓਟਿਆਂ ਨੂੰ
ਦੇ ਕੇ ਆਸਰਾ ਲੰਗਰ ਛਕਾਣਗੇ ਏਹ
ਸਿਦਕ ਵੇਖਕੇ ਘੁੰਙਣੀਆਂ ਵੇਚਦੇ ਦਾ,
ਕਰਕੇ ਬਖਸ਼ਸ਼ਾਂ ਸੇਠ ਬਨਾਣਗੇ ਏਹੇ
ਸੱਚੇ ਦਿਲੋਂ ਕਰਕੇ ਸੇਵਾ ਸੰਗਤਾਂ ਦੀ,
ਜੇਹੜਾ ਗੰਢ ਪਿਆਰ ਦੀ ਮਾਰ ਲਏਗਾ।
ਪਥਰ ਘਾੜਿਆਂ ਵਾਂਗ ਉਹ ਇਨ੍ਹਾਂ ਕੋਲੋਂ,
ਆਪਣਾ ਲੋਕ ਪ੍ਰਲੋਕ ਸਵਾਰ ਲਏਗਾ।
ਜਿਥੇ ਸਤਿਗੁਰੂ ਚੋਜ ਵਿਖਾ ਰਹੇ ਸਨ,
ਖਲਕਤ ਬੇਸ਼ੁਮਾਰ ਹੀ ਖੜੀ ਹੋਈ ਸੀ ।
ਧੰਨ ਧੰਨ ਲੋਕੀਂ ਸਾਰੇ ਕਰ ਰਹੇ ਸਨ,
ਲਾਲੀ ਸਿਦਕੀਆਂ ਦੇ ਮੂੰਹ ਤੇ ਚੜੀ ਹੋਈ ਸੀ ।
ਭਾਗਾਂ ਵਾਲਿਆਂ ਨੇ ਕੀਤੇ ਰੱਜ ਦਰਸ਼ਨ,
ਕਿਸਮਤ ਹਰੀ ਹੋ ਗਈ ਜੇਹੜੀ ਸੜੀ ਹੋਈ ਸੀ।
ਅੱਖੋਂ ਉਹਲੇ ਇਤਹਾਸ ਦੀ ਫ਼ਿਲਮ ਹੋ ਗਈ,
ਮੇਰੇ ਹਥ ਫੋਟੋ ਓਹੋ ਫੜੀ ਹੋਈ ਸੀ।
ਤੇਰੀ ਫੋਟੋ ਤੋਂ ਸਤਿਗੁਰੂ ਜਾਂ ਸਦਕੇ,
ਮਹਿਮਾਂ ਬੜੀ ਏ ਗਰੀਬ ਨਿਵਾਜ਼ ਤੇਰੀ ।
ਤੇਰੀ ਸਿਫਤ ਸੰਪੂਰਨ ਕੀ ਕਰ ਸਕਦਾ,
ਕਰਦੇ ਸਿਫ਼ਤ ਜਦ ਆਪ ਮਹਾਰਾਜ ਤੇਰੀ ।

Namdhari Elibrary NamdhariElibrary@gmail.com

ਸਿੱਖੀ ਹਰੀ ਰੱਖੀ

ਲਖਵਿੰਦਰ ਸਿੰਘ ਬਾਜਵਾ

ਮਾਰੂ ਝੁੱਲਿਆ ਆਣ ਕੇ ਜਦੋਂ ਝੱਖੜ ,
ਭਾਰਤ ਵਰਸ਼ ਅੰਦਰ ਇੰਗਲਸ਼ਤਾਨੀਆਂ ਦਾ ।
ਚੀਨੀ ਵਾਲੇ ਨੇ ਅਣਖ ਸੁਰਜੀਤ ਕਰ ਕੇ ,
ਦੱਸਿਆ ਜੀਣ ਲਈ ਰਾਹ ਕੁਰਬਾਨੀਆਂ ਦਾ ।
ਖਾਤਰ ਵਤਨ ਅਜ਼ਾਦੀ ਦੇ ਫੇਰ ਕੀਤਾ ,
ਪੰਥ ਕਾਇਮ ਉਸ ਸੂਰੇ ਲਾਸਾਨੀਆਂ ਦਾ ।
ਛੱਡ ਵਤਨ ਬੇਵਤਨ ਹੋ ਜਦੋਂ ਤੁਰਿਆ ,
ਮਾਣ ਤੋੜ ਕੇ ਗੋਰੇ ਗ਼ੁਮਾਨੀਆਂ ਦਾ ।
ਟੁੱਟੀ ਭੱਜੀ ਨੂੰ ਮੇਲਿਆ ਫੇਰ ਪਿੱਛੋਂ ,
ਬੰਨ੍ਹਿਆ ਹੌਸਲਾ ਸੂਰੇ ਸੈਨਾਨੀਆਂ ਦਾ ।
ਹਰੀ ਸਿੰਘ ਸਤਿਗੁਰ ਸਿੱਖੀ ਹਰੀ ਰੱਖੀ ,
ਸੀਸ ਝੱਲ ਕੇ ਮੌਸਮ ਵੈਰਾਨੀਆਂ ਦਾ ।

ਭਾਵੇਂ ਝੁੱਲੇ ਤੂਫ਼ਾਨ ਮੁਸੀਬਤਾਂ ਦੇ ,
ਢਿੱਲ ਨਹੀ ਮਰਿਆਦਾ ਵਿੱਚ ਆਉਣ ਦਿੱਤੀ ।
ਲੋਹ ਲੰਗਰ ਨੂੰ ਰੱਖਿਆ ਸਦਾ ਚਲਦਾ ,
ਸਫ਼ ਭਲੇ ਦੀ ਨਹੀ ਉਠਾਉਣ ਦਿੱਤੀ ।
ਕਾਲ ਵਿੱਚ ਹਕੂਮਤਾਂ ਡੋਲ ਗਈਆਂ,
ਐਪਰ ਗੁਰੂ ਨੇ ਤੋਟ ਨਹੀ ਆਉਣ ਦਿੱਤੀ ।
ਬਿਨਾ ਵਿਤਕਰੇ ਅੰਨ ਦਾ ਦਾਨ ਕੀਤਾ ,
ਮਾਤਮ ਭੁੱਖ ਦੀ ਘਟਾ ਨਾ ਛਾਉਣ ਦਿੱਤੀ ।
ਉਹਦੀ ਸਿਦਕ ਸਬੂਰੀ ਨੂੰ ਵੇਖ ਹੋਇਆ,
ਵੈਰੀ ਤਾਈਂ ਅਹਿਸਾਸ ਹੈਰਾਨੀਆਂ ਦਾ ।
ਹਰੀ ਸਿੰਘ ਸਤਿਗੁਰ ਸਿੱਖੀ ਹਰੀ ਰੱਖੀ ,
ਮੌਸਮ ਸੀਸ ਤੇ ਝੱਲ ਵੈਰਾਨੀਆਂ ਦਾ।

ਠੰਡੀ ਮੂਰਤੀ 'ਚੋਂ ਠੰਡਕ ਰਹੀ ਝਰਦੀ,
ਹਾੜ ਹਿਜ਼ਰ ਭਾਵੇਂ ਸਿਰ ਤੇ ਕਹਿਰ ਦਾ ਸੀ ।
ਪੱਤਾ ਪੱਤਾ ਹੋ ਪੰਥ ਦਾ ਗਿਆ ਵੈਰੀ,
ਬੱਦਲ ਸਿਰਾਂ ਤੇ ਗੱਜਦਾ ਕਹਿਰ ਦਾ ਸੀ ।
ਕੂਕੇ ਘਰੀਂ ਜੇਹਲੀਂ ਸਾਰੇ ਕੈਦ ਕੀਤੇ,
ਪਾਪੀ ਰੋਕਦਾ ਜੋਰ ਇੰਜ ਲਹਿਰ ਦਾ ਸੀ ।
ਭੈਣੀ ਸਾਹਿਬ ਦੇ ਵਿੱਚ ਬਹਾਲ ਚੌਂਕੀ,
ਚਾਹੁੰਦਾ ਸਾਹਿਰ ਕਰਨਾ ਰੂਪ ਬਹਿਰ ਦਾ ਸੀ ।
ਟੁੱਟਣ ਦਿੱਤਾ ਨਾ ਝੱਲ ਮੁਸੀਬਤਾਂ ਨੂੰ ,
ਉਹਨਾਂ ਹੌਂਸਲਾ ਮਰਦ ਮੈਦਾਨੀਆਂ ਦਾ ।
ਹਰੀ ਸਿੰਘ ਸਤਿਗੁਰ ਸਿੱਖੀ ਹਰੀ ਰੱਖੀ ,
ਮੌਸਮ ਸੀਸ ਤੇ ਝੱਲ ਵੈਰਾਨੀਆਂ ਦਾ ।

ਬ੍ਰਿਹਾ ਰਾਮ ਦਾ ਸਦਾ ਹੰਡਾਅ ਹੱਡੀਂ,
ਉਹਦੀ ਯਾਦ ਦੀ ਜੋਤ ਜਗਾਈ ਰੱਖੀ ।
ਮਨੋ-ਬਲ ਵਧਾ ਕੇ ਕੂਕਿਆਂ ਦਾ,
ਹੱਥੀਂ ਸ਼ਮਾ ਅਜ਼ਾਦੀ ਫੜਾਈ ਰੱਖੀ ।
ਹਠ, ਵਿੱਚ ਮੁਸੀਬਤਾਂ ਹਾਰਿਆ ਨਾ ,
ਸੀਨੇ ਸਿਦਕ ਦੀ ਵਾਸਲੀ ਲਾਈ ਰੱਖੀ।
ਰੂਹ ਵਤਨ ਪ੍ਰਸਤਾਂ ਵਿੱਚ ਨਵੀਂ ਫੂਕੀ ,
ਐਸੀ ਠੰਡੀ ਸਮੀਰ ਵਗਾਈ ਰੱਖੀ ।
ਘੱਲੇ ਰੂਸ ਅਫ਼ਗਾਨਿਸਤਾਨ ਕੂਕੇ,
ਝੰਡਾ 'ਬਾਜਵਾ' ਲਹੁਣਾ ਬਰਤਾਨੀਆ ਦਾ।
ਹਰੀ ਸਿੰਘ ਸਤਿਗੁਰ ਸਿੱਖੀ ਹਰੀ ਰੱਖੀ ,
ਮੌਸਮ ਸੀਸ ਤੇ ਝੱਲ ਵੈਰਾਨੀਆਂ ਦਾ।

\- -

Namdhari Elibrary NamdhariElibrary@gmail.com

ਅਬਲੂ ਪਿੰਡ ਤੇ ਬਖਸ਼ਿਸ਼ਾਂ ਦੀ ਵਰਖਾ

-ਡਾ. ਲਖਵੀਰ ਸਿੰਘ, ਰਾਮਪੁਰਾ ਫੂਲ

ਬਠਿੰਡਾ ਤੋਂ ਮੁਕਤਸਰ ਨੂੰ ਜਾਈਏ ਤਾਂ ਦਿਉਣ ਤੋਂ ਅੱਗੇ ਪਿੰਡ ਮਹਿਮਾ ਭਗਵਾਨਾ ਆਉਂਦਾ ਹੈ। ਮਹਿਮਾ ਭਗਵਾਨਾ ਤੋਂ ਖੱਬੇ ਹੱਥ ਮੁੜਕੇ ਕੋਠੇ ਲਾਲ ਸਿੰਘ ਲੰਘ ਕੇ ਇਕ ਸੜਕ ਘੁੱਗ ਵੱਸਦੇ ਪਿੰਡ ਅਬਲੂ ਨੂੰ ਜਾਂਦੀ ਹੈ। ਬਠਿੰਡਾ ਤੋਂ 26 ਕਿਲੋਮੀਟਰ ਦੀ ਦੂਰੀ ਤੇ ਵੱਸੇ ਇਸ ਛੋਟੇ ਜਿਹੇ ਪੁਰਾਤਨ ਪਿੰਡ ਦੀ ਨਾਮਧਾਰੀ ਇਤਿਹਾਸ ਵਿੱਚ ਵਿਸ਼ੇਸ਼ ਮਹਾਨਤਾ ਹੈ। ਪਾਣੀ ਤੋਂ ਬਿਨਾਂ ਧਰਤੀ ਤੇ ਜੀਵ, ਪਸ਼ੂ, ਪੰਛੀ, ਬਨਸਪਤੀ ਅਤੇ ਮਨੁੱਖੀ ਜੀਵਨ ਦੀ ਕੋਈ ਹੋਂਦ ਨਹੀਂ ਹੈ। ਪੁਰਾਤਨ ਸਮਿਆਂ ਵਿੱਚ ਪਾਣੀ ਪ੍ਰਾਪਤੀ ਦੇ ਸਾਧਨ ਬੜੇ ਸੀਮਤ ਸਨ। ਮੀਂਹ, ਮੀਹਾਂ ਨਾਲ ਭਰੇ ਹੋਏ ਟੋਭੇ ਅਤੇ ਖੂਹਾਂ ਦੇ ਪਾਣੀ ਨਾਲ ਹੀ ਮਨੁੱਖੀ ਲੋੜਾਂ ਪੂਰੀਆਂ ਹੁੰਦੀਆਂ। ਉਸ ਵਕਤ ਪਾਣੀ ਦੇ ਸਾਧਨਾਂ ਦੀ ਥੁੜ੍ਹ ਕਾਰਨ ਆਦਮੀ ਵੀ ਮੂੰਹ ਤੇ ਆਪਣੀ ਪੱਗ ਦਾ ਲੜ ਵਗਲਕੇ ਪਸ਼ੂਆਂ ਵਾਂਗ ਛੱਪੜਾਂ ਤੋਂ ਪਾਣੀ ਪੀ ਲੈਂਦੇ ਸਨ।

ਪਿੰਡ 'ਅਬਲੂ' ਦੀ ਗੱਲ ਕਰੀਏ ਤਾਂ ਇਸ ਪਿੰਡ ਵਿੱਚ ਵੱਖੋ-ਵੱਖ ਦਿਸ਼ਾਵਾਂ ਵਿੱਚ 4-5 ਖੂਹ ਲਗਾਏ ਗਏ ਪਰ ਸਾਰੇ ਹੀ ਖੂਹਾਂ ਦਾ ਪਾਣੀ ਖਾਰਾ ਨਿਕਲਿਆ, ਜੋ ਪੀਣ ਯੋਗ ਨਹੀਂ ਸੀ। ਪਿੰਡ ਵਾਸੀ ਬੜੇ ਪ੍ਰੇਸ਼ਾਨ ਸਨ ਤੇ ਉਹ ਇਹ ਸਮਝ ਗਏ ਸਨ ਕਿ ਸਾਡੇ ਪਿੰਡ ਦੀਆਂ ਧਰਤੀ ਹੇਠਲੀਆਂ ਪੱਤਣਾਂ ਦਾ ਪਾਣੀ ਖਾਰਾ ਹੀ ਹੈ। ਇਸ ਲਈ ਪਰਿਵਾਰਿਕ ਪਾਲਣ ਪੋਸ਼ਣ ਅਤੇ ਰੋਜ਼ਾਨਾ ਦੀਆਂ ਲੋੜਾਂ ਲਈ ਲੋਕੀਂ ਆਸੇ ਪਾਸੇ ਦੇ ਪਿੰਡਾਂ ਤੋਂ ਪਾਣੀ ਗੱਡਿਆਂ ਤੇ ਲੱਦ ਕੇ ਲਿਆਉਂਦੇ।

ਇਹ ਉਹ ਵੇਲਾ ਸੀ ਜਦੋਂ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਦੇਸ਼ ਆਜ਼ਾਦੀ ਲਈ ਅਰੰਭੇ ਅੰਦੋਲਨ ਨੇ ਗੁਲਾਮੀ ਦੀ ਘੂਕ ਨੀਂਦ ਸੁੱਤੇ ਪੰਜਾਬੀਆਂ ਨੂੰ ਵੱਡਾ ਹਲੂਣਾ ਦੇ ਕੇ ਜਗਾਇਆ ਸੀ। ਪਿੰਡਾਂ ਦੇ ਪਿੰਡ ਲੋਕ ਨਾਮਧਾਰੀ ਸਜਕੇ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਥੱਲੇ ਆ ਗਏ ਸਨ। ਦੇਸ਼ ਦੀ ਆਜ਼ਾਦੀ ਲਈ ਸ਼ਹੀਦੀ ਸਾਕਿਆਂ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ ਸਰਕਾਰ ਵੱਲੋਂ ਜਲਾਵਤਨ ਕਰ ਦਿੱਤਾ ਗਿਆ। ਗੁਰਸਿੱਖੀ ਨੂੰ ਪ੍ਰਫੁੱਲਤ ਕਰਨ, ਗੁਰਸਿੱਖੀ ਦੇ ਬਾਗ ਨੂੰ ਹਰਾ ਰੱਖਣ ਦੀ ਵਾਗਡੋਰ ਸਤਿਗੁਰੂ ਰਾਮ ਸਿੰਘ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਨੂੰ ਸੌਂਪ ਦਿੱਤੀ। ਸਤਿਗੁਰੂ ਹਰੀ ਸਿੰਘ ਜੀ ਨੇ ਅੰਗਰੇਜ਼ ਦੀਆਂ ਅੱਤ ਦੀਆਂ ਕਠਿਨਾਈਆਂ ਅਤੇ ਸਖਤੀਆਂ ਦੇ ਦੌਰ ਵਿੱਚ ਭੈਣੀ ਸਾਹਿਬ ਦੀ ਜੂਹ ਅੰਦਰ ਰਹਿ ਕੇ 21 ਸਾਲ ਨਾਮ ਅਤੇ ਗੁਰਬਾਣੀ ਦੀ ਘੋਰ ਤਪੱਸਿਆ ਕੀਤੀ। ਨਾਮ ਦਾ ਡੰਕਾ ਵਜਾਇਆ। ਸਤਿਗੁਰੂ ਰਾਮ ਸਿੰਘ ਜੀ ਦੀ ਸਾਜੀ ਹੋਈ ਸੰਗਤ ਅਤੇ ਗੁਰਸਿੱਖੀ ਨੂੰ ਆਪਣੇ ਪਰਾਂ ਹੇਠ ਤੱਤੀ ਵਾ ਨਹੀਂ ਲੱਗਣ ਦਿੱਤੀ। ਠੰਡੀ ਅਤੇ ਸ਼ਾਂਤ ਮੂਰਤ ਸਤਿਗੁਰੂ ਹਰੀ ਸਿੰਘ ਜੀ ਨੇ 1892 ਈ.ਤੋਂ ਬਾਅਦ ਪੰਜਾਬ ਦੇ ਸਾਰੇ ਇਲਾਕਿਆਂ ਦਾ ਦੌਰਾ ਕੀਤਾ। ਦਿਵਾਲੀ, ਮਾਘੀ, ਵਿਸਾਖੀ, ਨਿਮਾਣੀ, ਇਕਾਦਸੀ ਦੇ ਮੇਲਿਆਂ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਪਾਠਾਂ ਦੇ ਭੋਗ ਅਤੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿੱਚ ਹੋਲੇ ਮਹੱਲਿਆਂ ਦਾ ਪ੍ਰਵਾਹ ਚਲਾਇਆ।

ਸਤਿਗੁਰੂ ਹਰੀ ਸਿੰਘ ਜੀ ਨੇ ਆਪਣੇ ਸਿੱਖ ਸੇਵਕਾਂ ਅਤੇ ਦੇਸ਼ ਵਾਸੀਆਂ ਦੇ ਆਪਣੇ ਪਾਵਨ ਬਚਨਾਂ ਨਾਲ ਹੀ ਸਰਬਪੱਖੀ ਭੰਡਾਰੇ ਭਰਪੂਰ ਕਰ ਦਿੱਤੇ। ਜੋ ਵੀ ਭਾਵਨਾ ਲੈ ਕੇ ਆਇਆ ਸਭ ਦੀਆਂ ਮਨੋਕਾਮਨਾਵਾਂ ਪੂਰਨ ਕਰ ਦਿੱਤੀਆਂ। ਬਖਸ਼ਿਸ਼ਾਂ ਨਾਲ ਸੰਗਤਾਂ ਦੀਆਂ ਝੋਲੀਆਂ ਭਰ ਦਿੱਤੀਆਂ। ਪਾਤਸ਼ਾਹ ਜੀ ਦੀ ਪਾਵਨ ਰਸਨਾ 'ਚੋਂ ਜੋ ਵੀ ਸ਼ਬਦ ਨਿਕਲਿਆ ਅਕਾਲ ਪੁਰਖ ਦੀ ਰਸਨਾ ਦਾ ਸ਼ਬਦ ਹੋ ਵਰਤ ਗਿਆ। ਪਿੰਡ ਅਬਲੂ ਦੀ ਸੰਗਤ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਚਰਨਾਂ ਵਿੱਚ ਆ ਅਰਜ਼ ਕੀਤੀ ਕਿ ਪਾਤਸ਼ਾਹ ਜੀ ਸਾਡੇ ਪਿੰਡ ਅਬਲੂ ਵਿੱਚ ਵੀ ਚਰਨ ਪਾਵੋ, ਮੇਲੇ ਦੀਆਂ ਬਖਸ਼ਿਸ਼ਾਂ ਕਰੋ। ਪਾਤਸ਼ਾਹ ਜੀ ਨੇ ਮਾਘੀ ਦੇ ਮੇਲੇ ਤੋਂ ਇੱਕ ਦਿਨ ਪਹਿਲਾਂ ਲੋਹੜੀ ਵਾਲੇ ਦਿਨ ਪਿੰਡ ਅਬਲੂ ਦੀ ਧਰਤੀ ਨੂੰ ਆ ਭਾਗ ਲਾਏ। (ਸਤਿਗੁਰੂ ਬਿਲਾਸ, ਸੰਤ ਸੰਤੋਖ ਸਿੰਘ ਬਾਹੋਵਾਲ ਦੀ ਕ੍ਰਿਤ ਦੇ ਲਗਾਏ ਅੰਦਾਜੇ ਮੁਤਾਬਕ ਸਤਿਗੁਰੂ ਹਰੀ ਸਿੰਘ ਜੀ ਨੇ 1901 ਈ. ਵਿੱਚ ਫਿਰੋਜ਼ਪੁਰ ਦੇ ਦੌਰੇ ਦੌਰਾਨ ਅਬਲੂ ਵਿਖੇ

Namdhari Elibrary NamdhariElibrary@gmail.com

ਚਰਨ ਪਾਏ) ਸ਼ਾਂਤ ਮੂਰਤ ਸਤਿਗੁਰੂ ਹਰੀ ਸਿੰਘ ਜੀ ਦੀ ਹਜ਼ੂਰੀ ਵਿੱਚ ਰਾਤ ਨੂੰ ਦਿਵਾਨ ਸਜੇ। ਸਤਿਗੁਰੂ ਜੀ ਨੇ ਰਾਤ ਨੂੰ ਵਿਸ਼ਰਾਮ ਕੀਤਾ। ਮਾਘੀ ਵਾਲੇ ਦਿਨ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਇੱਥੇ ਹੀ ਕੀਰਤਨ ਹੋਇਆ। ਆਸਾ ਦੀ ਵਾਰ ਦੇ ਕੀਰਤਨ ਤੋਂ ਬਾਅਦ ਸੰਗਤਾਂ ਤੇ ਬਖਸ਼ਿਸ਼ਾਂ ਕਰਦਿਆਂ ਆਪਣੇ ਸਿੱਖ ਸੇਵਕਾਂ ਨਾਲ ਬਚਨ ਬਿਲਾਸ ਕਰਕੇ ਸਤਿਗੁਰੂ ਜੀ ਹਜ਼ੂਰੀ ਸੇਵਕਾਂ ਨਾਲ ਮੁਕਤਸਰ ਵਿਖੇ ਮਾਘੀ ਦੇ ਮੇਲੇ ਲਈ ਰਵਾਨਾ ਹੋ ਗਏ। ਸਤਿਗੁਰੂ ਦੇ ਪ੍ਰੇਮ ਵਿੱਚ ਮੰਤਰ ਮੁਗਧ ਹੋਈ ਸੰਗਤ ਨੂੰ ਅਚਾਨਕ ਖਿਆਲ ਆਇਆ ਕਿ ਉਹ ਸਤਿਗੁਰੂ ਹਰੀ ਸਿੰਘ ਜੀ ਨੂੰ ਪਿੰਡ ਦੇ ਖਾਰੇ ਪਾਣੀ ਬਾਰੇ ਅਰਜ਼ ਕਰਨੀ ਤਾਂ ਭੁੱਲ ਹੀ ਗਏ। ਪਿੰਡ ਨਿਵਾਸੀ ਮੋਹਤਬਰ ਆਦਮੀ ਸਤਿਗੁਰੂ ਜੀ ਦੇ ਕਾਫਲੇ ਦੇ ਪਿੱਛੇ ਤੇਜੀ ਨਾਲ ਨੱਸ ਤੁਰੇ। ਸਤਿਗੁਰੂ ਜੀ ਪਿੰਡ ਦੀ ਜੂਹ ਤੋਂ ਬਾਹਰ ਭਲਾਈਆਣੇ ਦੇ ਰਾਹ ਤੇ ਹੀ ਪਹੁੰਚੇ ਸਨ। ਪਿੱਛੋਂ ਆਉਂਦੀ ਸੰਗਤ ਨੂੰ ਵੇਖ ਕੇ ਪਾਤਸ਼ਾਹ ਜੀ ਦਾ ਕਾਫਲਾ ਰੁਕ ਗਿਆ। ਮਿਹਰਵਾਨ ਸਤਿਗੁਰੂ ਜੀ ਨੇ ਆਉਂਦੀ ਸੰਗਤ ਨੂੰ ਨਿਮਰਤਾ, ਪਿਆਰ ਅਤੇ ਬਖਸ਼ਿਸ਼ਾਂ ਭਰੀਆਂ ਪਾਵਨ ਨਜ਼ਰਾਂ ਨਾਲ ਨਿਹਾਰਿਆ। ਪਿੰਡ ਨਿਵਾਸੀ ਸੰਗਤ ਨੇ ਗਰੀਬ ਨਿਵਾਜ ਪਾਤਸ਼ਾਹ ਜੀ ਅੱਗੇ ਹੱਥ ਜੋੜ ਕੇ ਅਰਜ਼ ਕੀਤੀ-

"ਪਾਤਸ਼ਾਹ ਜੀ ਸਾਡੇ ਨਗਰ ਦਾ ਪਾਣੀ ਖਾਰਾ ਹੈ, ਲੋੜ ਲਈ ਪਾਣੀ ਆਸੇ ਪਾਸੇ ਦੇ ਪਿੰਡਾਂ ਤੋਂ ਦੂਰੋਂ ਹੀ ਲਿਆਉਣਾ ਪੈਂਦਾ ਹੈ। ਪਿੰਡ ਦੇ ਵੱਖ ਵੱਖ ਕੋਨਿਆਂ ਵਿੱਚ ਜਿੱਥੇ ਵੀ ਖੂਹ ਲਗਾਏ ਹਨ, ਪਾਣੀ ਖਾਰਾ ਹੀ ਨਿਕਲਦਾ ਹੈ। ਆਪ ਜੀ ਕਿਰਪਾ ਕਰਕੇ ਦੱਸੋ ਸਵਾਦਲੇ ਪਾਣੀ ਲਈ ਖੂਹ ਕਿੱਥੇ ਲਾਈਏ?"

ਅੱਗੋਂ ਹਜ਼ੂਰ ਨੇ ਆਪਣੀ ਪਾਵਨ ਰਸਨਾ ਨਾਲ ਫੁਰਮਾਇਆ ਕਿ "ਭਾਈ ਪੰਜ ਸਿੰਘ ਗੁਰ ਮਰਯਾਦਾ ਮੁਤਾਬਕ ਇਸ਼ਨਾਨ ਕਰਕੇ, ਕੜਾਹ ਪ੍ਰਸਾਦ ਦੀ ਦੇਗ ਤਿਆਰ ਕਰਕੇ ਅਰਦਾਸ ਕਰੋ। ਕਹੀ ਦੇ ਬਾਹੇਂ ਨੂੰ ਪੰਜੇ ਸਿੰਘ ਹੱਥ ਪਾਉ ਤੇ ਪਿੰਡ ਵਿੱਚ ਜਿੱਥੇ ਮਰਜ਼ੀ ਟੱਕ ਲਾ ਦਿਉ, ਪਾਣੀ ਮਿੱਠਾ ਹੀ ਨਿਕਲੇਗਾ।"

ਪਿੰਡ ਆ ਕੇ ਸਾਰੇ ਪਿੰਡ ਵਾਸੀਆਂ ਨੇ ਰਾਇ ਮਸ਼ਵਰਾ ਕੀਤਾ ਕਿ ਖੂਹ ਕਿੱਥੇ ਲਗਾਇਆ ਜਾਵੇ। ਪਿੰਡ ਨਿਵਾਸੀ ਚੰਨਣ ਸਿੰਘ ਨੇ ਆਖਿਆ ਕਿ "ਮੇਰੀ ਜਗ੍ਹਾ ਵਿੱਚ ਖੂਹ ਲਗਾਉ ਮੈਂ ਉਹ ਥਾਂ ਵੀ ਨਗਰ ਲਈ ਦਾਨ ਕਰਦਾ ਹਾਂ।" ਇਹ ਉਹੀ ਜਗ੍ਹਾ ਸੀ ਜਿੱਥੇ ਰਾਤ ਨੂੰ ਦਿਵਾਨ ਲੱਗਿਆ ਸੀ ਅਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਹੋਇਆ ਸੀ। ਪਿੰਡ ਵਾਸੀਆਂ ਵੱਲੋਂ ਸਤਿਗੁਰੂ ਜੀ ਦੇ ਦੱਸੇ ਹੁਕਮ ਮੁਤਾਬਕ ਪੰਜ ਸਿੰਘਾਂ ਨੇ ਟੱਕ ਲਗਾਇਆ ਅਤੇ 300 ਫੁੱਟ ਡੂੰਘਾਈ ਤੇ ਜਾ ਕੇ ਮਿੱਠਾ ਅਤੇ ਸਵਾਦਲਾ ਪਾਣੀ ਪ੍ਰਾਪਤ ਹੋਇਆ। ਚਾਰ ਚੁਫੇਰੇ ਸਤਿਗੁਰੂ ਹਰੀ ਸਿੰਘ ਜੀ ਦੀ ਮਹਿਮਾ ਦਾ ਜਸ ਲੱਗਿਆ। ਸਤਿਗੁਰੂ ਹਰੀ ਸਿੰਘ ਜੀ ਨੇ ਪਿੰਡ ਵਿੱਚ ਸਵਾਦਲੇ ਪਾਣੀ ਦੇ ਭੰਡਾਰੇ ਖੋਲ੍ਹਣ ਦੀ ਬਖਸ਼ਿਸ਼ ਹੀ ਨਹੀਂ ਕੀਤੀ ਸਗੋਂ ਸਤਿਗੁਰੂ ਜੀ ਦੀ ਅਬਲੂ ਦੇ ਨਾਮਧਾਰੀ ਪਰਿਵਾਰਾਂ ਨਾਲ ਗੁਰਸਿੱਖੀ ਦੇ ਨਾਲ ਨਾਲ ਦੁਨਿਆਵੀ ਰਿਸ਼ਤੇਦਾਰੀਆਂ ਦੀ ਵੀ ਗੰਢ ਬੱਝੀ। ਗੁਰੂ ਮਹਿਲ ਮਾਤਾ ਜੀਵਨ ਕੌਰ, ਮਾਤਾ ਫਤਿਹ ਕੌਰ ਸਰਦਾਰ ਲੱਖਣ ਸਿੰਘ ਅਬਲੂ ਦੇ ਪੁੱਤਰਾਂ ਦੀਆਂ ਮਾਮੇ ਦੀਆਂ ਧੀਆਂ ਸਨ। ਮਹਾਰਾਜ ਬੀਰ ਸਿੰਘ ਜੀ ਦੇ ਮਹਿਲ ਮਾਤਾ ਦਲੀਪ ਕੌਰ ਦੀ ਵੱਡੀ ਭੈਣ ਮਾਤਾ ਤੇਜ ਕੌਰ ਦਾ ਵੀ ਇਸ ਪਰਿਵਾਰ ਵਿੱਚ ਹੀ ਸ. ਹਾਕਮ ਸਿੰਘ ਨਾਲ ਅਨੰਦ ਕਾਰਜ ਹੋਇਆ ਸੀ। ਸਤਿਗੁਰੂ ਹਰੀ ਸਿੰਘ ਜੀ ਦੀ ਬਖਸ਼ਿਸ਼ ਨਾਲ ਪਰਿਵਾਰਾਂ ਦੇ ਰਿਜਕ ਵਿੱਚ ਵੀ ਵਾਧਾ ਹੋਇਆ ਅਤੇ ਉਸ ਵਕਤ ਅਬਲੂਕਿਆਂ ਦੇ ਲਾਣੇ ਨੇ ਲੰਗਰ ਲਈ ਵੱਡੇ ਦਾਨ ਦਿੱਤੇ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਅਬਲੂ ਵਿੱਚ ਮੇਲੇ ਹੋਏ। ਅਨੇਕਾਂ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਪਿੰਡ ਵਿੱਚ ਰਾਤਾਂ ਵੀ ਕੱਟੀਆਂ ਅਤੇ ਸਤਿਗੁਰੂ ਹਰੀ ਸਿੰਘ ਜੀ ਵੱਲੋਂ ਬਖਸ਼ਿਸ਼ ਕਰਕੇ ਲਗਾਏ ਇਸ ਖੂਹ ਤੇ ਇਸ਼ਨਾਨ ਵੀ ਕੀਤਾ। ਸਤਿਗੁਰੂ ਜਗਜੀਤ ਸਿੰਘ ਜੀ ਨੇ ਵੀ ਇਸ ਸਥਾਨ ਤੇ ਚਰਨ ਪਾਏ, ਬੇਅੰਤ ਪਾਤਸ਼ਾਹ ਜੀ ਦੀ ਹਜ਼ੂਰੀ ਵਿੱਚ ਮੇਲੇ ਵੀ ਹੋਏ। ਸਤਿਗੁਰੂ ਜੀ ਇਸ ਪਿੰਡ ਵਿੱਚ ਰਾਤਾਂ ਨੂੰ ਵੀ ਰੁਕੇ। ਇਸ ਖੂਹ ਤੇ ਇਸ਼ਨਾਨ ਵੀ ਕੀਤਾ। ਇਸ ਖੂਹ ਦੇ ਪਾਣੀ ਤੋਂ ਹੀ ਮੇਲਿਆਂ ਦੇ ਵੱਡੇ ਵੱਡੇ ਲੰਗਰ ਹੁੰਦੇ ਰਹੇ।

ਸਮੇਂ ਦੀ ਬਦਲਾਵ ਨਾਲ ਪਿੰਡ ਵਿੱਚ ਪਾਣੀ ਦੇ ਸਾਧਨ ਵਧ ਗਏ। ਹੋਰਨਾਂ ਥਾਵਾਂ ਤੋਂ ਵੀ ਸਵਾਦਲਾ ਪਾਣੀ ਨਿਕਲਣ ਲੱਗਿਆ। ਫਿਰ ਨਲਕਿਆਂ ਦਾ ਸਮਾਂ ਵੀ ਆ ਗਿਆ। ਪਿੰਡ ਵਾਸੀਆਂ ਦਾ ਖੂਹ ਵੱਲੋਂ ਧਿਆਨ ਘਟ ਗਿਆ।

ਇੱਕ ਵਾਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਪਿੰਡ ਅਬਲੂ ਵਿਖੇ ਮੇਲਾ ਹੋਇਆ। ਸਤਿਗੁਰੂ ਜੀ ਨੇ ਵੇਖਿਆ ਕਿ ਖੂਹ ਦੇ ਚੁਫੇਰੇ ਸਫਾਈ ਨਹੀਂ

Namdhari Elibrary NamdhariElibrary@gmail.com

ਸੀ ਤੇ ਖੂਹ ਦੇ ਆਸੇ ਪਾਸੇ ਰੂੜੀਆਂ ਵੀ ਲੱਗੀਆਂ ਹੋਈਆਂ ਸਨ। ਉਸੇ ਤਰ੍ਹਾਂ ਸਣੇ ਜੋੜੇ ਬਿਨਾਂ ਅਦਬ ਤੋਂ ਲੋਕੀਂ ਖੂਹ ਤੇ ਆ ਜਾ ਰਹੇ ਸਨ। ਉਸ ਮੇਲੇ ਦੌਰਾਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪ੍ਰਵਚਨਾਂ ਵਿੱਚ ਫੁਰਮਾਇਆ- "ਤੁਹਾਨੂੰ ਇਸ ਗੱਲ ਦੀ ਕਦਰ ਨਹੀਂ, ਕਦਰ ਇਸ ਗੱਲ ਦੀ ਉਹਨਾਂ ਲੋਕਾਂ ਨੂੰ ਸੀ ਜਿਨ੍ਹਾਂ ਨੂੰ ਪਾਣੀ ਨਹੀਂ ਮਿੱਠਾ ਪੀਣ ਨੂੰ ਮਿਲਦਾ। ਪਾਣੀ ਖਾਰਾ ਸੀ ਪਿੰਡ ਦਾ। ਸਤਿਗੁਰੂ ਹਰੀ ਸਿੰਘ ਜੀ ਕੋਲੇ ਉਹਨਾਂ ਨੇ ਅਰਜ਼ ਕੀਤੀ ਤੇ ਕਿਰਪਾ ਹੋਈ ਤੇ ਮਿੱਠੇ ਪਾਣੀ ਦਾ ਖੂਹ ਲੱਗਿਆ। ਤੁਸੀਂ ਏਥੇ ਜੋੜੇ ਲੈ ਕੇ ਨਾ ਜਾਇਆ ਕਰੋ। ਇਹ ਖੂਹ ਦਾ, ਇਸ ਥਾਂ ਦਾ ਅਦਬ ਕਰੋ।"

ਪਿੰਡ ਦੇ ਨਾਮਧਾਰੀਆਂ ਨੇ ਇਸ ਥਾਂ ਤੋਂ ਰੂੜੀਆਂ ਚੁਕਵਾ ਕੇ ਚੁਫੇਰਾ ਸਾਫ ਕਰ ਦਿੱਤਾ। 2009 ਵਿੱਚ ਜਦੋਂ ਮੈਂ, ਇੰਜ. ਰਣਜੀਤ ਸਿੰਘ ਮੰਨਣ, ਸੰਤ ਸੁਰਿੰਦਰ ਸਿੰਘ ਲੁਧਿਆਣਾ ਅਤੇ ਹੋਰ ਸੰਗਤ ਨਾਲ ਇਸ ਖੂਹ ਦੇ ਦਰਸ਼ਨ ਕੀਤੇ। ਖੂਹ ਦੇ ਮੌਣ ਲਗਭਗ ਧਰਤੀ ਦੇ ਬਰਾਬਰ ਵਾਂਗ ਹੀ ਸੀ ਤੇ ਖੂਹ ਤੇ ਜੋੜੇ ਲੈ ਕੇ ਜਾਣ ਤੇ ਕੋਈ ਰੋਕ ਨਹੀਂ ਸੀ।

ਮਾਘੀ ਮੇਲਾ ਮੁਕਤਸਰ ਵਿਖੇ 2013 ਵਿੱਚ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ। ਮੁਕਤਸਰ ਵਿਖੇ ਅਬਲੂ ਪਿੰਡ ਦੀ ਸੰਗਤ ਨੇ ਸਤਿਗੁਰੂ ਜੀ ਨੂੰ ਅਬਲੂ ਵਿਖੇ ਚਰਨ ਪਾਉਣ ਲਈ ਅਰਜ਼ ਬੇਨਤੀ ਕੀਤੀ। ਪਾਤਸ਼ਾਹ ਜੀ ਨੇ ਵਕਤ ਦੇ ਦਿੱਤਾ ਅਤੇ ਦਿੱਤੇ ਹੋਏ ਵਕਤ ਮੁਤਾਬਕ ਅਬਲੂ ਦੀ ਧਰਤੀ ਨੂੰ ਆ ਭਾਗ ਲਾਏ। ਪਾਤਸ਼ਾਹ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਦੁਆਰਾ ਲਗਾਏ ਖੂਹ ਬਾਰੇ ਜਦੋਂ ਸੰਗਤ ਤੋਂ ਪੁੱਛਿਆ ਅਤੇ ਖੂਹ ਵੇਖਿਆ ਤਾਂ ਖੂਹ ਦਾ ਥੜ੍ਹਾ ਤਾਂ ਬੰਨ੍ਹਿਆਂ ਹੋਇਆ ਸੀ ਪਰ ਚੁਫੇਰੇ ਖੁੱਲ੍ਹਾ ਹੋਣ ਕਰਕੇ ਅਵਾਰਾ ਪਸ਼ੂਆਂ ਤੋਂ ਖੂਹ ਸੁਰੱਖਿਅਤ ਨਹੀਂ ਸੀ। ਪਿੰਡ ਦੀ ਸੰਗਤ ਨੇ ਦੱਸਿਆ ਕਿ 2011 ਵਿੱਚ ਇਸ ਤੇ ਥੜ੍ਹਾ ਬਣਵਾ ਦਿੱਤਾ ਸੀ ਅਤੇ ਭਰਤ ਵੀ ਪੁਆ ਦਿੱਤਾ ਸੀ। ਸਤਿਗੁਰੂ ਜੀ ਨੇ ਬੇਅੰਤ ਪਾਤਸ਼ਾਹ ਜੀ ਦੇ ਪ੍ਰਵਚਨ ਦੁਹਰਾਉਂਦਿਆਂ ਸੰਗਤ ਨੂੰ ਆਖਿਆ, "ਆਪਾਂ ਇਸ ਥਾਂ ਦੀ ਚਾਰ ਦੁਆਰੀ ਕਰੀਏ, ਸੰਭਾਲ ਕਰੀਏ, ਇਸ ਪਵਿੱਤਰ ਥਾਂ ਦਾ ਅਦਬ ਕਰੀਏ ਤੇ ਜੋੜੇ ਲੈ ਕੇ ਨਾ ਜਾਇਆ ਕਰੀਏ।"

ਸੰਗਤ ਨੇ ਆਖਿਆ ਕਿ ਅਸੀਂ ਆਉਂਦੀ ਫਸਲ ਤੇ ਇਸ ਦੀ ਵਲਗਣ ਵਲਾਂਗੇ ਅਤੇ ਸੰਭਾਲ ਕਰਾਂਗੇ। ਪਰ ਸਤਿਗੁਰੂ ਜੀ ਨੇ ਕੁਝ ਸਮੇਂ ਬਾਅਦ ਅਬਲੂ ਪਿੰਡ ਦੀ ਸੰਗਤ ਨੂੰ ਜੀਵਨ ਨਗਰ ਵਿਖੇ ਬੁਲਾਇਆ ਅਤੇ ਇਸ ਪਵਿੱਤਰ ਖੂਹ ਦੀ ਸੰਭਾਲ ਲਈ ਮਾਲੀ ਮਦਦ ਅਤੇ ਬਖਸ਼ਿਸ਼ਾਂ ਕੀਤੀਆਂ। ਪਿੰਡ ਵਾਸੀਆਂ ਨੇ ਵੀ ਪ੍ਰਤੀ ਘਰ ਵਾਸ ਪਾਈ ਅਤੇ 13 ਜਨਵਰੀ 2015 ਨੂੰ ਖੂਹ ਦਾ ਕਾਰਜ ਅਰੰਭ ਦਿੱਤਾ। ਖੂਹ ਦੇ ਚੁਫੇਰੇ ਪੰਜ ਮਰਲਿਆਂ ਵਿੱਚ ਭਰਤੀ ਪਵਾਈ। ਵਲਗਣ ਵਲੀ, ਚੁਫੇਰੇ ਲੋਹੇ ਦੀਆਂ ਜਾਲੀਆਂ ਲਗਾਈਆਂ, ਪੱਥਰ ਲਗਾਇਆ ਅਤੇ ਲੋਹੇ ਦਾ ਜਾਲੀਆਂ ਵਾਲਾ ਮੇਨ ਗੇਟ ਲਗਵਾਇਆ। ਖੂਹ ਉੱਪਰ ਛਤਰੀ ਲਗਵਾਈ। ਸਤਿਗੁਰੂ ਉਦੇ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਤੋਂ ਪਾਣੀ ਕੱਢਣ ਲਈ ਭੌਣੀ ਭਿਜਵਾਈ। ਅੱਜ ਪਾਤਸ਼ਾਹ ਜੀ ਦੀ ਕਿਰਪਾ ਨਾਲ ਇਹ ਖੂਹ ਇੱਕ ਦਰਸ਼ਨੀ ਖੂਹ ਬਣ ਗਿਆ ਹੈ। ਪਿੰਡ ਵਾਸੀਆਂ ਅਤੇ ਆਈ ਗਈ ਸਾਧ ਸੰਗਤ ਇਸ ਸਥਾਨ ਤੇ ਗੇਟ ਤੋਂ ਬਾਹਰ ਜੋੜੇ ਲਾਹ ਕੇ ਹੀ ਪ੍ਰਵੇਸ਼ ਕਰਦੀ ਹੈ। ਖੂਹ ਅੱਜ ਵੀ ਉਵੇਂ ਹੀ ਚੱਲਦਾ ਹੈ। ਮਿੱਠਾ ਪਾਣੀ ਨਿਕਲਦਾ ਹੈ। ਪਿੰਡ ਨਿਵਾਸੀ ਪੂਰਨ ਸਤਿਕਾਰ ਕਰਦੇ ਹਨ, ਮੱਥਾ ਟੇਕਦੇ ਹਨ, ਆਪਣੀ ਮਨੋ ਕਾਮਨਾਵਾਂ ਦੀ ਪੂਰਤੀ ਲਈ ਇਸ ਸਥਾਨ ਤੇ ਅਰਦਾਸਾਂ ਕਰਦੇ ਹਨ ਤੇ ਸਤਿਗੁਰੂ ਸਾਹਿਬਾਨ ਸਭ ਦੀਆਂ ਝੋਲੀਆਂ ਭਰਦੇ ਹਨ।

ਇਸ ਸਾਖੀ ਜਿੱਥੇ ਇਹ ਅਹਿਸਾਸ ਕਰਵਾਉਂਦੀ ਹੈ ਕਿ ਪੀੜ੍ਹੀ ਦਰ ਪੀੜ੍ਹੀ ਕਿਵੇਂ ਪੁਰਖੁ ਗੁਰੂ ਆਪਣੇ ਸਿੱਖਾਂ ਸੇਵਕਾਂ ਦੀ ਰਾਖੀ ਕਰਦੇ ਹਨ ਉੱਥੇ ਇਹ ਸਾਖੀ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਆਪਣੇ ਪੂਰਵ ਗੁਰੂਆਂ ਦੇ ਦਿਖਾਏ ਰਸਤਿਆਂ ਤੇ ਚੱਲਣ, ਸਤਿਗੁਰੂ ਸਾਹਿਬਾਨ ਦੇ ਸੁਪਨੇ ਸਾਕਾਰ ਕਰਨ ਦੀ (ਅਨੇਕਾਂ ਮਿਸਾਲਾਂ ਵਿੱਚ ਆਪਣੇ ਆਪ ਵਿੱਚ) ਇੱਕ ਮਹੱਤਵਪੂਰਨ ਮਿਸਾਲ ਹੈ।

- -

Namdhari Elibrary NamdhariElibrary@gmail.com

SATGURU HARI SINGH
Maintained High Spiritual and moral values

H.S.HANSPAL

After the mass executions at Malerkotla and deportation of Satguru Ram Singh in 1872, the foremost predicament to be attended to by Satguru Hari Singh was to reconstruct the Kuka organisation and to keep up the morale of Namdhari Sikhs. In the reconstruction of the Kuka Movement the responsibility and decisive role was that of Satguru Hari Singh, the younger brother of Satguru Ram Singh. The result was that despite of the permanent police post stationed at Sri Bhaini Sahib and all sorts of irritants and brutal restrictions, the fascination of Kuka Sikhs of visiting Sri Bhaini Sahib remained strong. Somehow or the other, Kuka Sikhs would find their way to the doorsteps of Satguru Hari Singh. They would quite often come disguised and meet Satguru Ji outside in the fields and sometimes in the houses of other Kuka Sikhs of the village, quietly would under the cover of darkness of night, they use to slip into the residence of Satguru Ji.

Satguru Hari Singh was born in 1819, at village Bhaini Ala. His father was Baba Jassa Singh and mother Mata Sada Kaur. He was the younger brother of Satguru Ram Singh. After the deportation of Satguru Ram Singh, Satguru Hari Singh was entrusted with the responsibility of keeping the Kuka Sikh Movement alive. Simultaneously, the Government had also intensified vigil on Namdhari Sikhs to curb their anti-British Government activities. The Namdhari Sikhs staying at Sri Bhaini Sahib for the service of Satguru Ji were forced to go back to their respective villages. The entry of Namdhari Sikhs to Sri Bhaini Sahib was restricted, only five at a time. The batch once visited Sri Bhaini Sahib was allowed to come back only after six months and not earlier than that. The pilgrims had to spend their days and nights outside the village boundary. The police atrocities were at its peak. The entire Namdhari community was declared rebels/criminals. Kuka Sikhs could leave their villages only after taking permission from their village headman. Assembly of more than five Namdhari Sikhs was strictly banned, thus, they could neither hold their religious meetings in the public nor communicate with each other. Kuka Sikhs had to perform all their activities stealthily and confidentially. The Gurdwara Sri Bhaini Sahib was raided thrice by the Government and dug upto sub- water level to ascertain that no unlawful articles/arms were buried there.

Inspite of all such hardships, Satguru Hari Singh kept the flame of freedom struggle burning. He was scarcely allowed to move out of Sri Bhaini Sahib for 21 years. He had to take prior permission before leaving Sri Bhaini Sahib and that too only for specific occasions and for a very short period. But he kept his religious mission, religious ceremonies and fight against British rule on the same level as was done by Satguru Ram Singh.

So hard were the restrictions and hardships on the Namdhari Sikhs that the whereabouts of Satguru Ram Singh could be known only after three years of his

Namdhari Elibrary NamdhariElibrary@gmail.com

deportation.

Namdhari Sikhs secretly started visiting Rangoon to meet Satguru Ram Singh. They brought many Hukumnamas (letters) from Satguru Ram Singh. Satguru Hari Singh allowed/organised these visits and established a regular link between Rangoon and Sri Bhaini Sahib.

Satguru Hari Singh was initially known as Budh Singh. He got a Hukumnama from Satguru Ram Singh through one of the close disciple, Darbara Singh saying that, "from now onwards Budh Singh be called as Hari Singh. I vest him with all the spiritual powers to deal with every situation. All the Namdhari Sikhs should follow his dictates. Even, I will honour his dictates. He will keep the flame of independence burning and spread ideals of Sikhism". Satguru Hari Singh kept the political movement of the Namdhari Sikhs alive, although, it was mostly peaceful, yet rebellious.

Satguru Hari Singh paid full attention to develop the surroundings of Ram Sar. A garden was established . A Kothi for Satguru Ji was constructed, and land for the langar was acquired. He constructed 'Satugru Ram Singh Mandir' inspite of all the restrictions imposed by the Government. There was never a shortage of anything in the langar (free kitchen). While narrating the importance of langar at Sri Bhaini Sahib, Satguru Hari Singh once went to the extent of saying that if required he would not mind burning his bones in lieu of wood for the langar.

Whenever, he got a chance to visit some of the places, he preached Sikh religious principles. He inspired the people to follow the teachings of Guru Nanak Dev.

Satguru Hari Singh had a sweet and cool nature. He was polite, soft spoken, kind hearted person with a very pleasing personality. Satguru Hari Singh always used to help the poor and the needy. In 1899 AD Punjab and Bikaner were badly famine stricken. Satguru Hari Singh extended free langar at Sri Bhaini Sahib for all the famine stricken people from far and wide. Satguru Ji fed the hungry people as well as their cattle. Thousands famine stricken people were fed daily. The Commissioner of Ludhiana appreciated this act of generosity and visited Sri Bhaini Sahib and offered to donate 2500 acres of land to Satguru Hari Singh, so that he could serve the people better.

Satguru Ji declined the offer politely saying that the whole country belongs to us. Who are you to offer us the land from our India to us? If you really wish to give us land, let us have it from your country 'England'. The Commissioner quietly left seeing the large heartedness and heroic patriotism of Satguru Hari Singh.

Prof. Humayun Kabir in his FOREWORD to the book 'KUKA MOVEMENT' of Dr. Fauja Singh Bajwa, a renowned historian writes. "One of the most interesting efforts to expel the British was the Kuka movement initiated by Bhai (Satguru) Ram Singh. He was a simple peasant, but had great personal qualities which attracted the loyalty and allegiance of large sections of people in the Punjab. It was said that his coming had been foretold in Sikh prophecies and his followers claimed that he was an incarnation of Guru Gobind Singh. A man of the people, Bhai (Satguru) Ram Singh knew of the hardships and suffering of the ordinary peasant and based his movement on a redress of their grievances. He had served as a soldier in the Sikh Army and was influenced by the idea of Sikh dominion over the Punjab. With his deep insight into human character, he realised that neither political liberation nor social and economic upliftment would be

Namdhari Elibrary NamdhariElibrary@gmail.com

possible without an improvement in the quality of the individual. He therefore placed great stress on moral qualities and sought to inculcate in his followers a spirit of religious devotion and service.

Within a few years Bhai (Satguru) Ram Singh developed into Guru Ram Singh with a considerable following in Ludhiana and adjoining areas. His ultimate aim was wide and he had visions of the return of the days of Sikh power in North-West India. A great socio-economic and political movement. It is unfortunate that the first expression of the movement was an attack on the butchers of Amritsar which was followed by a similar attack in Raikot. The Government reacted by executing some Kukas and imposing restrictions on the movement of Guru Ram Singh. A more serious development was the Kuka attack on Malerkotla which led to savage reprisal by the Government. In fact, the action of local officers was so severe that the Central Government felt it necessary to punish some of them. The Government did not, however, wish to take any chances and Guru Ram Singh was exiled to Burma.

The movement caused a severe setback, but it must be said to the credit of the Kukas (Satguru Hari Singh) that they were not easily deflected from their political aims. They established contacts with Indian rulers and secretly entered the armed forces of Kashmir and Nepal. Many Kuka leaders showed great courage and daring in undertaking perilous journeys, for securing Russian help. During this period, the political character of the movement became more dominant, but its character as a movement of social and moral reform was never lost."

In the establishment of contacts and in the conduct of talks with the Russians, Suba Gurcharan Singh and Suba Bishan Singh were in the lead. They brought to their secret jobs the zeal and devotion possible only in men working for an exalted cause. It would be totally wrong to call them spies, because they were not working for money's sake for any government. They were working for a patriotic cause under the direction, superintendence and control of Satguru Hari Singh. Suba Gurcharan Singh had a faith in Russian capacity. He made it possible to bring a letter of General Kaufmann, the Governor General of Turkistan which reads: "Greetings from the Commander-in-Chief and Governor General to Baba Ram Singh and Baba Budh Singh. The letter was duly received from Gurcharan Singh, careful consideration was given to it, and the contents were gratifying to note. Thanks for the informative communication, but it is desirable to have details, more fresh news about the affairs and situation in India. The prophecy of Guru Gobind Singh and Guru Baba Nanak was noted for information. Everything will happen according to the Will of God. The prophets know best when the hour will strike."

Dr. Fauja Singh Bajwa writes: "the Baba (Satguru Hari Singh) said, letters in reply to those he (Gurcharan Singh) had sent him earlier by the hands of Dial Singh and Arur Singh. At the same time, Baba Budh Singh (Satguru Hari Singh) told Gurcharan Singh that all the papers including a portrait of the Czar brought by Dial Singh and Arur Singh had been forwarded to Guru Ram Singh through one Sham Singh of Sarhali, carefully concealed behind a looking glass".

It was the desire of Satguru Ram Singh through his Hukamnamas and devotion of Satguru Hari Singh that the continuous recital of Guru Granth Sahib be started. The maryada of AKHAND PATH, the continuous recital was sent by Satguru Ram Singh from Rangoon

Namdhari Elibrary NamdhariElibrary@gmail.com

through Hukamnamas and was introduced and initiated by Satguru Hari Singh, it is still being followed and continued uninterrupted by the Namdhari Sikhs and all other Sikhs. Satguru Ram Singh wished that by doing so the calamity and misfortune falling upon the world as a whole and the Sikhs in particular could overcome. He issued the first ever procedure of performing the Akhand Path from his exile, which is being followed by the Namdhari Sikhs even today. Accordingly, Satguru Hari Singh initiated the Akhand Path of Adi 198 Granth Sahib, inspite of the restrictions imposed by the British Government. The Namdhari Sikhs bore severe hardships very calmly and bravely. Innumerable Namdhari Sikhs had to undergo severe punishments and tortures for taking part in these Akhand Path recitations and attending religious congregations.

There is no doubt that the leadership provided by Satguru Hari Singh went a long way in repairing the heavy damage caused by the Britishers. But by his efforts of continuously maintaining contacts with Satguru Ram Singh in Burma and receiving his Hukamnamas was like elixir and a high morale booster for the Sikhs. The most important factor why Satguru Ram Singh had been exiled and sent out of India was that there should not be any contact whatsoever between him and his followers. To this the British failed miserably, because meticulous and perfect handling of all these affairs of sending and receiving the emissaries regularly by Satguru Hari Singh was flawless.

Despite tyranny and repression by the Britishers, Satguru Hari Singh placed emphasis on observance by the Kuka/Namdhari Sikhs of a high standard of spiritual and moral life. Devotion to Guru Granth Sahib, meditation, memorizing the Holy Scriptures, self-discipline, purity, piety, charity, hospitality, generosity and social service were particular virtues to be abided by all. The social evil of female infanticide, selling and bartering of girls were strictly prohibited amongst Namdhari/Kuka Sikhs.

Satguru Hari Singh used to take his bath in the ambrosial hours of the day. After completing his usual routine of Malas (rosary containing 108 bead) of Naam Simran and Bhagauti, he recited 100 pages of Guru Granth Sahib daily and took his food once a day. Satguru Hari Singh's polite, persuasive style had everlasting impact on the sangat, which continued the freedom movement and maintained the high spiritual and moral values of life, till he peacefully passed away in 1906 at Sri Bhaini Sahib.He carried on the holy practices even during the severe opposition of the colonialists. Under his patronage innumerable persons after contemplating Naam-Simran attained perfection and became great saints.

Mata Jiwan Kaur, the pious wife of Satguru Hari Singh, was a very revered lady with a very generous heart. She had love for all and none went empty handed from her door. A bleeding person was soothed by her touch. She equally shared the sorrows and worries of the Sikhs. She looked after them more tenderly treating them all like her own children. Her lovable nature and service without distinction brought glory and fame to Sri Bhaini Sahib. The village of Sri Jiwan Nagar in district Sirsa was named in memory of the gracious lady. She gave birth to three sons Satguru Pratap Singh, Maharaj Nihal Singh and Maharaj Gurdial Singh. After passing away of Satguru Hari Singh, Satguru Partap Singh, at the prime age of seventeen succeeded him.

Mobile: 9810009001
e-mail: hanspalji@gmail.com

Namdhari Elibrary NamdhariElibrary@gmail.com

A Rare Conversation with Satguru Hari Singh Ji

Ajmer Singh

Finally, after a long time, the garden of Sikhism had started to blossom into fresh air and spirit under the holy care and leadership of Satguru Ram Singh Ji. Although by that time, for almost half a century, Sikhs had a great political empire. However, religious purity, which had been compromised during previous years could not be restored. The Royals had indulged themselves into unwarranted extravaganza which gradually destroyed the social structure starting from the top establishment. Basically, the complete absence of a proper value system had gloomily impacted the legitimacy of the coming future of the kingdom. This was then followed by defeat at the hands of imperialistic East India Company. In less than ten following years, Punjab Chiefs were vowing swears of allegiance to the British paramount in the Lahore Durbar. History repeated itself. The dark era of Mughal imperialism was back once again, now carried by the British. Superstitions among common populace were like articles of faith dearer than religions themselves.

In Sri Bhaini Sahib, a small village at the outskirts of Ludhiana, a group of Sikhs had come together looking forward to enlightenment under the guidance of Satguru Ram Singh Ji, enlightenment as an end to the then ongoing dark times. Baba Budh Singh Ji, younger brother of Satguru Ram Singh Ji was also present in the assembly. Baba Budh Singh Ji was far from the limelight that many Subas (Heads appointed by Satguru Ram Singh to disseminate his instructions) had gained in the political and social arenas. Baba Budh Singh Ji was mainly engaged in basic farming activities in the village itself. It can be said that he was kept concealed similar to Bhai Lehna Ji in case of Guru Nanak Dev Ji and then Guru Teg Bahadur Ji. The long vision, modus operandi and comprehension of Sikh gurus are universally unmatchable. The Indian nationalist leaders of woke and well connected 20th century clearly fell short of the understanding propagated by Satguru Ram Singh. He truly revived Sikhism. Also since Sikhism had always been a threat to imperialistic ideologies, imperial Britishers were sure they did not leave any stones unturned in order to resist the Namdhari movement.

Satguru Ram Singh Ji had reserved Baba Budh Singh Ji specifically to be engaged in struggles of Indian Independence Movement. After his exile, he renamed Baba Budh Singh Ji as Satguru Hari Singh Ji and bestowed him with greater authority. Satguru Ram Singh Ji's exile had resulted in Namdhari Sikhs' painful longing of Darshan of their Satguru. The Satguru who had freed them from imperialist rule at a time when the rest of populace was forcibly embracing new narratives at the cost of its glorious past.

Satguru Hari Singh Ji was the one to console the Sikhs. He constantly kept encouraging them into achieving new dimensions of foreign relations for India's independence. However, He himself was desiring Satguru Ram Singh Ji to be back in the country. The most difficult time of all was when everyone, be it the imperialist Government or the common man, the administration, or the

Namdhari Elibrary NamdhariElibrary@gmail.com

society, everyone was creating hurdles for Satguru Ji. In those times of despair, Satguru Ji kept the movement alive with human values like patience and perseverance. The determination and zeal of Satguru Ji and his Sikhs had made it clear to the British Government that Namdharis weren't to be bought and would never cooperate with them or leave the path of freedom. Massive hurdles and restrictions from all spheres tried their efforts best but kept waning away, just like waves wane away on hitting a hard rock. Namdhari Sikhs exemplified the glory of Sikhism that was achieved under the aegis of Satguru Amar Das Ji and others when they had refused to pay any taxes to the imperial Mughal administration.

Steering the fate of Namdhari Sikhs through turbulent times, conditions were never too good for the followers at Sri Bhaini Sahib. If we look back, very rarely did Satguru Hari Singh Ji take his attention off the demanding circumstances and conversed freely with the Sikhs. A few such incidents have been recorded in Satguru Bilas by author Sant Santokh Singh Bahowal. From the writing, it appears that Satguru Ji was interacting with the author. Satguru Ji mentioned his humble beginnings, childhood stories related to Satguru Ram Singh Ji and few others, and also the long vision of Sri Satguru Ji.

<u>The following excerpts have been taken from Satgur Bilas granth and translated in English:</u>

Satguru Hari Singh Ji happily exclaimed that Satguru Ram Singh Ji used to bestow many blessings when cheerful. He used to say, "You and I are both one form." When the panth was initiated, Sikhs did not consider me anything.

Once Satguru Ji gave me a horse at Uttali village for me to be able to come back, but instead, Bachhiter Singh of Mundian rode on it. He did not give me the horse.

Satguru Hari Singh Ji told that when he and Satguru Ram Singh Ji were in juvenile age, they used to wrestle with each other. "Once I happened to overpower Satguru Ram Singh Ji. From then on, I never wrestled with Satguru Ji again. I never asked Satguru Ji to do any work. If he himself wished, he used to do work, but I never asked him to do any work. Whatever he used to say, I never refused. As he said, so I did. Being merciful, he used to give many blessings."

One day, Satguru Hari Singh told that his uncle Sant Natha Singh Ji used to meditate a lot. He could actually recite twelve Baanis. "Whatever blessing or curse he said, used to happen. People were afraid of him because of that. He used to do work of the village as well as the farm. When we (Satguru Ram Singh Ji and Satguru Hari Singh Ji) grew up, we assisted Baba Jassa Singh Ji in various activities. We used to cast iron and grind tools. We made small tools which used to be sold. Thereafter, we did not let Baba Jassa Ji work. Zamindars used to give small grain to us for our work".

"I used to do all bodily work myself. I went to cut leaves. Also, build a hut of those in a mere eight days. These Singhs have been doing this (perhaps referring to the work of making a hut being carried out at that time) for the past fifteen days, they are more in number. They work slower. From the day when Satguru Ram Singh Ji asked me to leave the plough, I left all activities of the village. From that day, I am dedicated to Naam Simran. If we both had been together (earlier), they (the imperial Britishers) would have taken both of us (to exile). Great is the Guru, who is the knower of all. Satguru Ji kept me virtually hidden for this time (for guiding the freedom movement in his absence from Punjab)."

After the exile of Satguru ji, the next day, the British officer that came, enquired about me from the lambardars (state-

Namdhari Elibrary NamdhariElibrary@gmail.com

appointed village heads). Lambardars said that he (Satguru Hari Singh Ji) is different, lives in the village, does our farm activities. Then Lambardar told me that if he had known that I would also continue in the footsteps of Satguru Ram Singh Ji, then I would also have been sent along with Satguru Ji. The Lambardar said, "Every day the Government (imperial Government of India) would not have had the trouble (which now they were having due to constant encouragement and motivation to Sikhs for freedom by Satguru Hari Singh Ji)." Satguru Ji said, "The cruel and cynical have tried their best to harm us. Now all have laid down themselves unfulfilled in their evil desires."

Baba Darbara Singh told that Satguru Ram Singh is elder to him by two years of age. He told that once when both Satguru Ji and he were in juvenile age, Baba Jassa Singh Ji sowed the crop of Bajra (pearl millet). Satguru Ji guarded the crop on one side and I was on the other side. One landlord had also sowed Bajra in the adjacent field. Baba Darbara Singh said, "I used to go to that field and take grains from there. I used to offer grains to Satguru Ji also, to which Satguru Ji replied that 'You have brought these grains from someone else's field, I do not use anybody else's material'. Then, one day the landlord arrived. He asked Satguru Ji, 'Ramdhan*! Who took the grains?" Satguru Ji pointed to me and said that he only does that. I said if I do not take the grain now, I will get it cut from the Muslims of Tedewal village. To this, the landlord said, "You may take if you want, but protect it from those Muslims". From that day, I resolved one thing. From that day onwards, I never took the grain of somebody else's field nor took any other material".

One British officer came. He enquired in the stable and said, "You are paying to the Sikhs? Satguru Ji said, "We do not have any kingdom or estate. There is no income. Langar (community kitchen) works by the grace of God. We would write if there is any income. The resources come un-written and are distributed un-written (A similar answer was given by Satguru Amar Das Ji, when enquired by Birbal as to why he does not give any taxes to Mughal administration). The officer inquired if everyone got the food from the community kitchen. Tehsildar told that everyone, irrespective of caste, was being given food there. But those ten Namdharis who came here after registering their names, get Karah Prashad. When Ramsar sarovar was established, its reporting was also done (to the British Government). The officer went to Ramsar and enquired about the residents of the village. Then he left.

Wariam Singh of Katani complained (to imperial administration) that the Babu of Neher gave thick wood to the Kukas of Bhaini. The Babu enquired about this. He said, "The wood is burnt in langar and food is prepared. The wood has been given by the Firangi (British civilian) residing at Neher. If the Firangi who gave the woods is a Kuka, then we are also Kuka." Hearing this, the enquiring officer left. The cynics were embarrassed. On hearing this incident, Satguru Ji spoke after a moment, "No matter howsoever they may try now, their evil designs will not yield".

From Ganga, Naga Sadhus came. They praised the Langar at Sri Bhaini Sahib a lot. They exclaimed that Satguru Ji is the incarnation of God. "We, Udasis, have so many estates, but not langar like this one. Food is served here all the time. There is no discrimination against anyone. All the varnas, castes, Muslims get food here. This effort cannot be undertaken without the blessings of able Guru."

One day, during Amrit Vela, Satguru Ji said, "Some Singh posts letter to Britishers in Lahore. Ask them whether by concealing Satguru Ram Singh Ji, would their empire survive? You do your efforts; you will not be saved now". By taking Satguru Ram Singh Ji into exile, the British imperialists had hoped that the movement would die down. But Satguru Hari Singh Ji kept it alive, countering all challenges along the way.

- Ajmer Singh

Namdhari Elibrary NamdhariElibrary@gmail.com

The Saviour

By Ajit Singh Namdhari

Aftermath- 1872: THE REIGN OF TERROR

The Government of Punjab had ordered the arrest of all the main Subas (Lieutenants) along with Satguru Ram Singh Ji before the saka of Malerkotla. Informing the Government of India about it, the Punjab govt. wrote on January 16, 1872;

"The Lieutenant Governor has directed the arrest of Ram Singh and his principal and most influential subahs, Sahib Singh, Rur Singh, Lakha Singh Kahn Singh, Brahma Singh, Jawahir Singh, Malik (Malook) Singh, Maan Singh and Hukma Singh. The arrest of Ram Singh will be effected as rapidly as possible."(a)

The Punjab govt. wrote through another letter to the Govt. of India that

"I am desired by the Honourable the Lt. Governor to request that the name of PAHARA SINGH, omitted by mistake from my letter No. 9C of yesterday may be added to those of the Kooka leaders for whom warrants are required under regulation III of 1818."(b)

Shri Satguru Ram Singh Ji was arrested on January 17th, 1872. On the morning of 18th January he was sent to the Allahabad jail by a special train. All the above mentioned Soobas were first sent to Allahabad. Along with them Sardar Mangal Singh too was arrested and sent to Allahabad.

The police raided the Shri Bhaini Sahib Gurudwara, conducted searches and confiscated all personal and religious articles. 172 Namdhari men and Women Namdharis present there, were arrested and brought to Ludhiana and investigated. Of these, 50 were such Sikhs who had totally committed themselves to the service of the Satguru after renouncing their worldly belongings. They were detained for further investigations and the rest were sent to their respective homes.

A special police post was established at the main gate of the Gurudwara.

The Under Secretary to the Government of Punjab, Police department issued a directive on 23-01-1872 to all the Commissioners and Deputy Inspectors General of Police:

"His Honor the Lieutenant Governor is pleased to direct that, parties of Kukas, consisting of five or more persons, shall not be allowed to assemble; and that it shall be the duty of the police to disperse all Kukas assemblies coming under this order, reporting the fact at once to the nearest Magistrate.

2. Requests issue of such orders as may be deemed necessary for the guidance of their subordinates." (c)

Then, there was this addition in the order of 26-02-1872;

"In continuation of Memo of No. 11 of 23rd January last ordering the police to disperse all Kuka assembly composed of five or more such persons. His Honour the Lt. Governor is pleased to direct that this procedure *shall extend to assemblies of five or more Kukas held in the ordinary secular meeting places commonly called Dharmsalas."* (d)

Namdhari Elibrary NamdhariElibrary@gmail.com

In this way there was a prohibition on the religious congregations.

The Punjab Govt. by its order of 15 February, 1872, put all the Namdhari Sikhs under surveillance in their respective villages and made it mandatory for them to seek govt. permission for any kind of movement to and from their villages._They even had to seek essential govt. permission to participate in their social and religious functions. (e)

All the Namdhari Sikhs were declared outlaws and treated like a class of criminals. As per the Criminal Procedure Act X of 1872's clause 504- 505, Namdhari Sikhs had to give undertakings of good behavior to the govt.

SHRI SATGURU HARI SINGH JI- THE SAVIOUR

As per the Hukamnamas (order) of Sri Satguru Guru Ram Singh Ji, which was sent through Baba Darbar Singh in January 1875, Satguru Hari Singh Ji took the reins of the Namdhari Sect in his hands.

It was a time when the whole of the Panth was suffering a reign of the government's terror, atrocities at the hands of its supporter's i.e. Maharaja of native states. Above all, there was a police post at the main gate of the Bhaini Sahib Gurudwara and curbed on the Sikhs from having darshan. Some of the Namdhari saints, who duty bound to show the path of righteousness to the Sangat, had established their own Dera / Gaddi.

In such situations Satguru Hari Singh Ji appeared as a SAVIOUR.

Whosoever visited him at Gurudwara Sri Bhaini Sahib or otherwise, saw reflection of Satguru Ram Singh in the pious Darshan of Satguru Hari Singh Ji and they started calling him "Jot ka Jaama".

Satguru Hari Singh Ji, getting the first opportunity, started visiting Sangat to re-establish the link with Namdhari Sikhs and the Dera's head, to show them their right place. Day after day, a large number of Sikhs started coming back to the main fold. The Guru-Sikh chain which was broken after the exile of Satguru Ram Singh Ji and the aftermath of 1872, started reuniting and Satguru Hari Singh Ji became popular as Tuti Gandan Haar.

In those days, there was ban on performing Sikh rituals and Path of Sri Adi Guru Granth Sahib Ji. Those Namdhari Sikhs who held the Paath (recitation) of Adi Shri Guru Granth Sahib Ji and the priests who performed it were punished by the British. But Namdhari Sikhs continued performing the Paath for the Darshan of Sri Satguru Ram Singh Ji. This was a noble cause, but a crime in the eyes of British. Some of them who faced imprisonment were, Shri Uttam Singh and Baba Chuhar Singh of Raisar who had to serve a sentence of six months each for this path. Sant Punjab Singh and Taba Ji of village Jhorar were imprisoned many times. Every household article of Baba Sahib Singh of Bassian was confiscated for this crime; His sons Sant Singh and Karam Singh had to go to jail for six months. In the Rupane village 44 Sikhs had to go to jails for six months.

Freedom movement: Diplomatic relations with Russia:

To send the Sikhs to Satguru Ram Singh Ji, write letters and to establish political relations with foreign powers was not an easy task. But Namdhari Sikhs not only established links with Satguru Ram Singh Ji in Myanmar, they collected his Hukamnama and circulated among their fellows in Punjab as well.

M. L H Griffin, Esq., Offg. Secretary to the Government of Panjab, wrote to the Secretary to the Government of India, Home Department, No. 428C, and Dated 12 Nov., 1877 (Confidential) as under:

"with reference to correspondence

Namdhari Elibrary NamdhariElibrary@gmail.com

which has passed between this Government and your office, on the subject of Guru Ram Singh, the head of Kuka sect, now a political prisoner at Rangoon, I am directed to draw the attention of the Government of India to the fact that it is notorious that in spite all prohibition and the directions which have been issued by the Government of India on the subject, Ram Singh does frequently correspond with his followers in Panjab. .... It is stated that the surveillance over Ram Singh is very imperfect. ------------The Lieutenant Governor is further disposed to think that it might be better to remove Ram Singh from Rangoon to some place where he can be more efficiently watched" (f).

In 1878-1881 AD Baba Gurcharan Singh Namdhari succeeded in establishing good relations with Russia. He told the Russian authority about Sri Satguru Ram Singh Ji and the popularity of Satguru Hari Singh Ji in Punjab, his large following of the Namdhari Sikhs and their anger for the British. The governor there, whose name was Mr. Kauffman, started to have deep respect for Baba Gurcharan Singh. Satguru Hari Singh Ji got a letter promising help from the Russian govt. Satguru Hari Singh Ji sent some letters to Russia and the Russian govt. sent some gifts to Sri Bhaini Sahib. Baba Gurcharan Singh was arrested by the British government in 1881. Afterwards Bishan Singh Arora of Kabul kept in touch with the Russians. The other agents who were useful in letter communication were Maya Hindu, Shankar Rae, and Ram Charan Tore. Bhagwan Singh Adhbangi too reached Russia via Kashmir.

In between, to stop communication, Satguru Ram Singh Ji was shifted from Rangoon to Mergui on 18.9.1880 by sea route. Sri Satguru Ji reached Mergui on 21.9.1880.

But, Secretary to Panjab Govt, Mr. W. M Young, wrote to the Secty. to the Govt of India again on 4.4.1881

"The Honourable the Lieu. Governor would draw the attention of the Government of India to the character of these letters and would observe that the guard kept over Ram Singh at Mergui is not sufficiently strict"(g)

On 5th April 1881 it was conveyed

"The Punjab Govt. have arrested Gurcharan Singh, of whom we have lately heard a good deal and proposed to detain him under Regulation III of 1818............ He has succeeded conveying communication between the Russians and Ram Singh at Mergui (Myanmar)."- From Govt. of Punjab No. 688 dated 5.4.1881(h)

In help of Maharaja Dalip Singh

When the Kukas came to know of the arrival of Maharaja Dalip Singh in Russia, the Kuka Sikhs felt elated. Young Namdharis had reached Russia with active help from Satguru Hari Singh Ji and Bishan Singh Arora to help the Maharaja. S. Meehan Singh of Sirhali and many other Namdhari Sikhs started to launch an army. The British govt. had reports that Kukas were trying to enlist in large numbers in the Russian Army. The Sikhs of Punjab did not give a positive response to Maharaja Dalip Singh and he lost all hopes and returned to Europe.

Rumor about the death

The British were fed up with the links of Satguru Ram Singh Ji's ante British activities and his Kuka Sikhs in India. To stop this, the British spread a rumor of his death on 29th November 1885; But a lie is always a lie. As per British official records;

"(A) Satguru Ram Singh was declared to be dead on 29th November1885 while the Chief Commissioner of Burma Sir Charles Bernard Shaw wrote in a letter in August 1886 to his Indian friend Sardar Attar Singh Bhadour, "Ram Singh Kuka is shifted to such a

Namdhari Elibrary NamdhariElibrary@gmail.com

far off place where it will not be easy to keep contact with him."

(B) The reason of Satguru ji's death was stated to be 'diarrhea' while as per the statement Appendix No.XVI-vital of the Burma jail of 1885, no prisoner was declared dead due to 'diarrhea'.

(C)On page 170 of the 1891census report of Burma, Satguru Ram Singh's death was recorded in 1887 or 1888 which clearly shows that the government was only telling lies. In fact they never came to know where and when Satguru ji went away, hence the British kept trying to pacify themselves with the different dates of the Satguru ji's death".(i)

The truth was, during shifting from one place to another place from Mergui by the British, Satguru Ram Singh Ji went in disguise in 1886 or later years. To cover up their failures, the British spread false news of his death. When Satguru Hari Singh was told of the Guru Ji's death, the British could not produce Satguru Ji's personal belongings like clothes, Gutka, Garwa etc. The clothes that were provided were ill fitting even to Satguru Hari Singh Ji while the British record showed Satguru Ram Singh Ji to be healthier and taller than Satguru Hari Singh Ji.

In fact, the news of the Satguru's death was false which was spread to break the Namdhari Sikhs' contacts with their Guru.

Sada Barat Langer

Satguru Ram Singh Ji established Sada Barat Langer (24x365 days free kitchen) in 1857at Gurudwara Sri Bhaini Sahib. The British had restricted the movement of Satguru Hari Singh Ji within the boundary of Sri Bhaini Sahib. In such a condition, it was much too difficult to run the free kitchen. But Satguru Ji continued it at all cost. He sold animals and silver coins worth rupee four thousand. But it was not sufficient. When after four -five years, the British allowed Satguru Ji to visit his followers with his permission, everyone wanted that Sri Satguru Ji should visit him first. Sri Satguru Ji told the Sikhs whosoever paid Rs. 100/- for the Sada Barat Langer, he would visit him only. Nothing was much priced than the Satguru ji's Darshan. Sikhs said they would pay two hundred, but Satguru Ji must visit them. By these visits, some money flow started for the Langer. Then in the year 1883, five Sikhs submitted a system of collection of money to run the Langer on a permanent basis. Sri Satguru Ji accepted the request of following five Sikhs and a system was put into place, these first five contributed themselves and then proceeded to collect money on regular basis for Sada Barat Langer:

1. Baba Bagel Singh Ji Narli (Distt. Lahore) : Rs. 1000.00
2. Baba Natha Singh Ji, Gadriwala (Distt. Firazepur) : Rs.1000.00
3. Baba Kahan Singh Ji, Burj (Distt. Amritsar): Rs. 1000/- one set of bullocks and a cart full of grains.
4. Baba Subeg Singh Ji Maraana (Distt. Amritsar) : Rs.500.00
5. Baba Buta Singh Ji, Lakhna offered rest of his life in the service of Sada Barat Langer.

THE FAMINE

"Johnson Hicks said 'we have not won the India for Indians. I know it is being conveyed in the missionary's meetings that we are ruling India for its (India) development only. But this is total lie. We have won India with power and will rule India accordingly. We do not have a better market than India to sale our products......

Lord Rotten Mayor has also said, most of the intelligent officers have of the firm opinion that 20% of our main business of

Namdhari Elibrary NamdhariElibrary@gmail.com

our links with India. India is the foremost source for British Empire. If we will lose India, first economically then politically, we will be destroyed". (j)

At one point of time, India was one of the most developed economies in the world and was known as "Golden Sparrow". Like others invaders, the British also came to India to exploit her richness, to make England wealthy. So, after enthralling the countrymen's soul and body, the British attacked the Indian economy.

According to the economic statistics, during the stay of Satguru Ram Singh Ji in India, there were 24 famines till 1872 in which 64 lakhs people perished. But the famines that befell the country in the lifetime of Satguru Hari Singh Ji devoured one Crore fifty lakhs people.

But inspite of such conditions, the British was exporting grain from India to England. In the times of Satguru Hari Singh Ji, the grain exported was worth 79 lakhs Pounds in1877 (Rs 7 crores 90 lakhs) and 43 lakhs pounds in 1901 (Rs.13 crores 95 lakhs). In the year 1914, twenty two times more grain was sent to England than was sent in 1849. At that time the grain was priced at Rs. 1/- for two men (app. 80 kgms).

In 1899, there was a great famine and people started to die in large numbers because of hunger. The Langer (free Kitchen) that had been going on at Sri Bhaini Sahib since 1857 was opened to the hungry people. People started to flock Gurudwara Bhaini Sahib to quench their hunger. The English were already afraid of Sri Bhaini Sahib. The English officer reached Sri Bhaini Sahib and showed false sympathy and said "I am happy with your philanthropist spirit you arranged food for so many people. I want to give you 2500 acre land for the Langer. Satguru Hari Singh Ji replied, "Whole of India is ours. What 2500 acres of land are you talking about? We are the owners of this land. How can you give me my land? When we will take back, we will take back the whole country. This famine is due to your bad intentions".

This way, the saviour of faith & religion, Nationalism & patriotism, Indians & Indian culture and above all the Kuka movement – the first war of independence against British, left for heavenly abode on 17th May 1906.

Index

Rebels against the British Rule by Bhai Nahar Singh & Bhai Kirpal Singh

a:page-181, b:page-183, c:page 283, d:page 355, e:page 328-29, f:785-86, g: page-820

Kuka Movement Freedom Struggle in Punjab by Jaswinder Singh

h: page 135, i: 225-229

Sikh Itiahas Te Kuke by Amar Bharti. j: page 36

Namdhari Elibrary NamdhariElibrary@gmail.com

SATGURU HARI SINGH AND HIS TIMES

MOHINDER SINGH KUKA.

Lord Ram was sent away from Ayudhya to spend 14 years of his life in exile. Before departing, Lord Ram had deputed his younger brother Bharat to look after the kingdom affairs of Ayudhya during his absence---an order which Bharat obeyed with due reverence and sincerity. Likewise, Satguru Ram Singh also had to leave His village and country on the midnight of 17-18 January, 1872 for Allahabad, from where he was later deported to British Burma for life.

The then British Government of the Punjab and India considered Satguru Ram Singh and his Sikhs as their staunch opponents and rebels, the most dangerous persons and a dreadful threat to their regime. Like Bharat, Budh Singh had also conceded, though with a heavy heart, to obey the orders of his elder brother and carried them out with reverence and sincerity. As renamed later, Satguru Hari Singh had to spend 34 years of his life under extreme inimical circumstances, strict police and C.I.D vigilance and the cruel-most governmental machinery of the British rulers. The Chiefs of the States of Patiala, Nabha and Jind, the rich jagirdars, traders and priests who were then controlling the Sikh shrines under the patronage of the British officialdom had all become subservient slaves and stooges of the foreign rulers and they inflicted, tormented and treated the Namdhari community with utmost vengeance and hatred.

After the banishment of Satguru Ram Singh, the Namdhari Sikhs, as we see today, have come to survive because of the patience, wisdom and protective wings of the cool and calm leadership of Satguru Hari Singh. Satguru Jagjit Singh had, on one occasion, told his young Sikhs that it is certainly a brave act to die for a cherished ideal and/or a great cause, but to live for and struggle every moment to uphold that ideal is a far greater state of forbearance and sacrifice.

Praising the greatness of Satguru Hari Singh, Pritam Singh Kavi has remarkably written these words:

"What we learn from the character of Satguru Hari Singh is that it is very easy to relinquish oneself from all the responsibilities by dying once for all; it is far easier to spend one's life in confinement on being banished, but it is highly difficult to live and fight for one's rights and ideals in the face of all the challenges, hardships, the opposing forces, unnatural hurdles and man-made complexities of life."

The edifice of freedom for which Satguru Ram Singh had laid the foundation, had fallen flat consequent to the Massacre of Kukas at Malerkotla and the arrest of Satguru Ram Singh on January 17-18, 1872 due to the crushing, empirical policies of the British. Even then, Satguru Ram Singh had ordered his younger brother Budh Singh to rebuild and complete the edifice at all costs. In the Punjab, this reconstruction and revival was of both political and religious significance.

Satguru Hari Singh (as Sri Budh Singh was renamed later) during the 34 years of his Guruship, had to revive and protect the

Namdhari Elibrary NamdhariElibrary@gmail.com

Namdhari sect under the harshest restrictions and drastic measures adopted by the British Govt. Firstly, he was overloaded with his innumerable responsibilities but was kept confined to Bhaini Sahib for about 15 years. Secondly, the main Namdhari Subhas and preachers had either been arrested or their activities banned in the entire province of the Punjab. Soon after the mass-massacre of Kukas at Malerkotla and deportation of Satguru Ram Singh, the establishment of a permanent repressive Police-Post at the gate of Namdhari Head quarters-cum-residence of Guru Hari Singh---meant to closely watch, obstruct and minimize the activities of the Namdhari Guru and his Sikhs visiting him---was the most demoralizing measure adopted by the British Government.

In this connection, Pritam Singh Kavi writes: "Constructing a building with new material demands clarity of mind, cleverness and unique planning but to re-build a monument out of its debris poses a far greater challenge, and puts one's courage, perseverance and technique to the harshest test. And Satguru Hari Singh, without doubt, succeeded in rebuilding the Namdhari Sikh sect and its exceptionally higher ethical character from the badly destroyed material of its debris."

Satguru Hari Singh and the Namdhari Sikhs had to pass through the litmus test of their survival under the worst conditions created by the British and the local rulers. More than five Namdhari Sikhs could not meet together. Each one of them had to daily report at their local/nearest police station. Public performance of their daily religious activities was totally forbidden. They could be tormented at any time by anybody's reporting. To be a Namdhari Sikh meant 'to be chased by the well-wishers of the government, its informers, its police and to be black-listed by its officials.' Resultantly, several Sikhs had abandoned their Faith, their Sikh discipline (Maryada) and started living in such a fashion to show as if they were never the followers of Satguru Ram Singh. About one million people were under the government pressure and it can be guessed that under the fear, there came a sharp downfall in the number of the Namdhari Sikhs. Only a deeply thoughtful, truly wise and clever leader could revive and resurrect his organization out of such a critical condition.

After the deportation of Satguru Ram Singh, his younger brother Budh Singh ji got huge responsibilities from all the sides. After 3 years of Satguru ji's exile, when Baba Darbara Singh Raipuria brought a hand-written letter of Satguru Ram Singh ji from Rangoon (Burma), it was written in the letter that:-

"Today onwards, Budh Singh is renamed as Hari Singh. Sikhism will flourish under his eadership. Treat him as your lord and leader. I won't excuse those who are despised by him; he will be able to excuse those whom I despise."

The then circumstances being highly inimical, this letter after being read and announced, was destroyed by burning in fire as per the written order mentioned in the same letter of Satguru Ram Singh. Different people interpreted this letter in different ways, but most of the Sikhs regarded Sri Budh Singh as the authorized successor of their lexiled Guru, Satguru Ram Singh. Consequent to this authorization, Satguru Hari Singh was called as 'Jot Ka Jama.'

The newly appointed Guru was destined to fulfill the following tasks:-

1. To resurrect, improve and expand the Namdhari Headquarters at Sri Bhaini Sahib.

Namdhari Elibrary NamdhariElibrary@gmail.com

2. To resurrect and maintain the free community kitchen, called the 'Langar.'

3. To rejuvenate the Namdhari Sikhs and make them fearless and morally strong once again.

4. To preach and spread Sikhism as it was before 1872.

5. To deal firmly with egoistic and self-styled Sikhs posing as 'Saints' in the absence of Satguru Ram Singh.

6. To restore the regular recitation of Gurbani and Naam Simran.

7. To re-infuse high ethical character among the Namdhari Sikhs.

8. To boldly face and cleverly nullify the suppressive policies of the British Govt.

9. To revive and strengthen the feelings of national spirit and freedom-struggle among his Sikhs.

10. To re-awaken the Namdhari Sikhs for the quality production and protection of cows.

Despite all the governmental pressures, Satguru Hari Singh expanded the boundary and precincts of Gurdwara Sri Bhaini Sahib. He fearlessly restored the Ram Sarovar, built his personal residence inside the garden (Baag Wali Kothi) and expanded the surrounding fields in accordance with the needs of His time.

The biggest achievement of Satguru Hari Singh was the re-establishment and maintenance of the Langar (free community kitchen), this being the only permanent sign of the mission of Satguru Ram Singh. He often says that to maintain this rich tradition of free langar (community Kitchen) initiated by Satguru Ram Singh Ji, even if His bones will be required in place of firewood (fuel used for cooking), He is ready offer that.

This traditional free langar was open to all, anybody can come, irrespective of caste & creed, even it was kept open for his stark enemies too. In 1901 A.D. Rajasthan and Bangar areas were badly affected by famine. Thousands of people kept coming to Sri Bhaini Sahib in search of food for them and fodder for their cattle because they had heard that since 1857 A.D. Satguru Ram Singh had started here a free Langar for all and the same was being run and maintained by Satguru Hari Singh. When the British Govt. learnt about this, the English D.C. of Ludhiana was sent to Sri Bhaini Sahib with an offer of some 100 acres of land for the free Langar. It was an attempt to win the 'loyalty' of the Namdharis.

The D.C. met Satguru Hari Singh and said, "Your stock of food-grains will soon be finished by feeding these famine-stricken people. What will you do after that?" Satguru Hari Singh replied, "In that case, I will also move away and accompany these people." The D.C. further said, "My Govt. is ready to offer you 100 acres of land to maintain this free service of Langar." Satguru Hari Singh confidently replied, "This Langar is being run and maintained with the blessings of Satguru Ram Singh. We can't accept your offer because entire India is ours. Conceding to your offer would mean that this country belongs to you. When we take it, we would take the whole country. Still if you want to give us some land, do give it from your England." On hearing this bold reply, the D.C. felt offended but failed to say anything and left Bhaini Sahib in haste. Satguru Hari Singh capably dislodged all the fear and disappointment from his followers by virtue of his peaceful mind, patience and wisdom. That is how he could save Bhagwan Singh Arhbangi from any severe punishment when the later was arrested and imprisoned in the murder case of Genda--- a police constable of the police-post at Bhaini Sahib--- who used to abuse and torture the inmates of and visitors to Gurdwara Sri

Namdhari Elibrary NamdhariElibrary@gmail.com

Bhaini Sahib. .

He was not much permitted to go out of Bhaini Sahib, but as and when he got a chance, Satguru Hari Singh went out on tours to preach the tenets of Sikh religion and the Updesh of the Gurus and Gurbani Through his politeness, truthfulness and divine power, Satguru Hari Singh assiduously dealt with some self-styled, egoistic and self-proclaimed 'Saints' and brought them back on the right path.

During his time, several true and shining saint-stars had brightened the horizon of the Namdhari history. Sant Jeeon Singh Sarhali, Sant Kesar Singh Mohawa, Sant Lal Singh Bhure Gill, Sant Jawahar Singh Mirzewali, Sant Kesar Singh Chawinda, Sant Kesar Singh 'Chup' of Gujranwala, Sant Sher Singh Daffar Ke, Sant Jamiat Singh Kanha Kaacha, Sant Sunder Singh Paji, Sant Bhagat Singh Datewal and Sant Mangal Singh Arshi Farishta can be mentioned as the popular Namdhari Saints of his time.

Despite many Governmental restrictions, Satguru Hari Singh had conducted about 1100 Sehaj Path and 500 Akhand Path of the Adi Granth Sahib. However, it must be noted that several Namdhari Sikhs were either imprisoned or fined for conducting recitations of the Granth Sahib in their homes or villages.

Satguru Hari Singh had profusely inculcated certain highly essential ethical values among his followers. He impressed upon them to always speak the truth, not to kill the girl child or fetus, maintain personal cleanliness, simplicity and purity of mind and mutual co-operation with the fellow country-men. The uppermost among his teachings was to maintain total non-cooperation with and boycott of the British government, their merchandise and services such as courts, canals, post & telegraph, rail and roads. The truthfulness of the Namdhari Sikhs became so popular that it was recognized as the integral characteristic of the Kuka Sikhs. Several court-cases were solved by the judges on the basis of the truthfulness of the Kuka witnesses. The British papers have appreciated and applauded this unique quality of the Namdharis.

Satguru Hari Singh had wisely tackled with the restrictions imposed on his movement and fearlessly devised ways to circumvent them. He used to obtain government permission to travel under the pretext of meeting his remote relatives whereas his actual mission was to preach and strengthen his organization through personal meetings and communication with his regular Sikhs and followers.

Wherever the Namdharis lived, they had strongly fortified themselves against the British rulers. The Govt. failed in crushing their spirit of fearlessness, fortitude, boldness, bravery and freedom movement. It were the Namdhari Sikhs from whom the Ghaddar Party, the Congress, the Communists and the Babbar Akalis had learnt to fight for independence by boycotting and non-cooperating with the British regime.

Satguru Hari Singh was born in Sri Bhaini Sahib on September 22, 1819 and expired on May 17, 1906.

His eldest son Satguru Partap Singh succeeded him at the young age of 16. By this time, the Namdhari Panth had re-established itself and was known and recognized by all and sundry in the field of religion and freedom movements all over India. For all this, the credit goes to Satguru Hari Singh who had rejuvenated the Namdhari organization through his exemplary patience, perseverance and fighting spirit.

---MOHINDER SINGH KUKA.
Contact Mobile No. 9599120028

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੋਂ ਆਗਿਆ ਲੈ ਕੇ 1875 ਤੋਂ 1881 ਈ. ਤੱਕ ਰੰਗੂਨ ਅਤੇ ਮਰਗੋਈ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਗਏ ਗੁਰਸਿੱਖਾਂ ਦੀ ਸੂਚੀ

1. ਦਰਬਾਰਾ ਸਿੰਘ, ਕਿਲਾ ਰਾਏਪੁਰ, ਜ਼ਿਲ੍ਹਾ ਲੁਧਿਆਣਾ
2. ਲਾਲ ਸਿੰਘ, ਲਤਾਲਾ, ਜ਼ਿਲ੍ਹਾ ਲੁਧਿਆਣਾ
3. ਮਸਤਾਨ ਸਿੰਘ, ਰਾਈਆਂ, ਜ਼ਿਲ੍ਹਾ ਲੁਧਿਆਣਾ
4. ਚੈਨ ਸਿੰਘ, ਗੁੱਜਰਵਾਲ, ਜ਼ਿਲ੍ਹਾ ਜੁਧਿਆਣਾ
5. ਗੁਰਦਿਤ ਸਿੰਘ, , ਘੁੰਗਰਾਲੀ, ਜ਼ਿਲ੍ਹਾ ਲੁਧਿਆਣਾ
6. ਸੁੰਦਰ ਸਿੰਘ, ਘੁੰਘਰਾਲੀ, ਜ਼ਿਲ੍ਹਾ ਲੁਧਿਆਣਾ
7. ਸਾਹਿਬ ਸਿੰਘ, ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ
8. ਹਰੀ ਸਿੰਘ, ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ
9. ਮਸਤਾਨ ਸਿੰਘ, ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ
10. ਖੁਸ਼ਹਾਲ ਸਿੰਘ, ਨਾਰੰਗਵਾਲ, ਜ਼ਿਲ੍ਹਾ ਲੁਧਿਆਣਾ
11. ਸੁੱਧ ਸਿੰਘ, ਸਿਆੜ੍ਹ, ਜ਼ਿਲ੍ਹਾ ਲੁਧਿਆਣਾ
12. ਭਾਈ ਗੁਰਦਿਤ ਰਾਮ ਰਬਾਬੀ ਉਰਫ ਗੁਰਦਿਤ ਸਿੰਘ, ਧੁਲੇਤਾ (ਜਲੰਧਰ)
13. ਭਗਵਾਨ ਸਿੰਘ, ਛੋਕਰਾਂ, ਜਲੰਧਰ
14. ਗੁਰਦਿਤ ਸਿੰਘ, ਛੋਕਰਾਂ, ਜਲੰਧਰ
15. ਹਰਨਾਮ ਸਿੰਘ, ਮੋਰੋਂ, ਜਲੰਧਰ
16. ਸੋਭਾ ਸਿੰਘ, ਖੁਰਦਪੁਰ, ਜਲੰਧਰ
17. ਨਰਾਇਣ ਸਿੰਘ, ਫਲੌਰ, ਜਲੰਧਰ
18. ਹਮੀਰ ਸਿੰਘ, ਦੁਰਗਾਪੁਰ, ਜਲੰਧਰ
19. ਸੁਆਮੀ ਤਖਤ ਸਿੰਘ, ਗੁੱਜਰਪੁਰਾ, ਹੁਸ਼ਿਆਰਪੁਰ
20. ਹੀਰਾ ਸਿੰਘ ਲੰਮ੍ਹ, ਸਢੌਰਾ, ਯਮੁਨਾਨਗਰ, (ਹਰਿਆਣਾ)
21. ਸੁੱਧ ਸਿੰਘ, ਸਢੌਰਾ, ਅੰਬਾਲਾ (ਹਰਿਆਣਾ)
22. ਫੂਲਾ ਸਿੰਘ, ਸਢੌਰਾ, ਅੰਬਾਲਾ (ਹਰਿਆਣਾ)
23. ਈਸ਼ਰ ਸਿੰਘ, ਸਢੌਰਾ, ਅੰਬਾਲਾ(ਹਰਿਆਣਾ)
24. ਮਾਨ ਸਿੰਘ, ਸਢੌਰਾ, ਅੰਬਾਲਾ
25. ਅਤਰ ਸਿੰਘ, ਕੋਟ ਕਛੂਆ, ਅੰਬਾਲਾ
26. ਗੁਲਾਬ ਸਿੰਘ, ਹੋਲਾਂ ਵਾਲੀ, ਜ਼ਿਲ੍ਹਾ ਫੀਰੋਜ਼ਪੁਰ
27. ਨੱਥਾ ਸਿੰਘ, ਗਾਦੜੀਵਾਲ, ਜ਼ਿਲ੍ਹਾ ਫੀਰੋਜ਼ਪੁਰ
28. ਰਾਮ ਸਿੰਘ, ਲੰਗੇਆਣਾ, ਜ਼ਿਲ੍ਹਾ ਫੀਰੋਜ਼ਪੁਰ
29. ਸੂਬਾ ਸਮੁੰਦ ਸਿੰਘ, ਖੋਟੇ, ਜ਼ਿਲ੍ਹਾ ਮੋਗਾ
30. ਸੁੰਦਰ ਸਿੰਘ, ਖੋਟੇ, ਜ਼ਿਲ੍ਹਾ ਮੋਗਾ
31. ਨਰਾਇਣ ਸਿੰਘ, ਰੋਡੇ, ਜ਼ਿਲ੍ਹਾ ਮੋਗਾ
32. ਸਾਉਣ ਸਿੰਘ, ਰੋਡੇ, ਜ਼ਿਲ੍ਹਾ ਮੋਗਾ
33. ਲਾਲ ਸਿੰਘ, ਗੁਮਟੀ, ਜ਼ਿਲ੍ਹਾ ਬਠਿੰਡਾ
34. ਬੀਬੀ ਪ੍ਰਤਾਪ ਕੌਰ, ਗੁਮਟੀ, ਜ਼ਿਲ੍ਹਾ ਬਠਿੰਡਾ
35. ਧੰਨਾ ਸਿੰਘ, ਗੁਮਟੀ, ਜ਼ਿਲ੍ਹਾ ਬਠਿੰਡਾ
36. ਹਰਨਾਮ ਸਿੰਘ, ਨਥਾਣਾ, ਜ਼ਿਲ੍ਹਾ ਬਠਿੰਡਾ
37. ਗੋਧਾ ਸਿੰਘ, ਅਬਲੂ, ਜ਼ਿਲ੍ਹਾ ਬਠਿੰਡਾ
38. ਮਨੀ ਸਿੰਘ, ਮਾਈਸਰ ਖਾਨਾ, ਜ਼ਿਲ੍ਹਾ ਬਠਿੰਡਾ
39. ਹੀਰਾ ਸਿੰਘ, ਵਿਰਕ, ਜ਼ਿਲ੍ਹਾ ਬਠਿੰਡਾ
40. ਹਰਨਾਮ ਸਿੰਘ, ਗੁਲਾਬੇ ਕੀ ਮੰਡੀ, ਜ਼ਿਲ੍ਹਾ ਬਠਿੰਡਾ
41. ਸੂਬਾ ਸਰਮੁੱਖ ਸਿੰਘ, ਲੱਲੂਵਾਲ ਜ਼ਿਲ੍ਹਾ ਮਾਨਸਾ
42. ਗੁਰਦਿਤ ਸਿੰਘ, ਕੋਟ ਧਰਮੂ, ਜ਼ਿਲ੍ਹਾ ਮਾਨਸਾ
43. ਸੁੰਦਰ ਸਿੰਘ, ਕਲੈਹਰੀ, ਜ਼ਿਲ੍ਹਾ ਮਾਨਸਾ
44. ਦਯਾ ਸਿੰਘ, ਉੱਭਾ, ਜ਼ਿਲ੍ਹਾ ਮਾਨਸਾ
45. ਰਤਨ ਸਿੰਘ, ਉੱਭਾ, ਜ਼ਿਲ੍ਹਾ ਮਾਨਸਾ
46. ਮਿਹਰ ਸਿੰਘ, ਉੱਭਾ, ਜ਼ਿਲ੍ਹਾ ਮਾਨਸਾ
47. ਸੁੰਦਰ ਸਿੰਘ, ਚੀਮਾਂ, ਜ਼ਿਲ੍ਹਾ ਸੰਗਰੂਰ
48. ਕਿਰਪਾਲ ਸਿੰਘ ਰਾਗੀ, ਭਦੌੜ, ਜ਼ਿਲ੍ਹਾ ਸੰਗਰੂਰ
49. ਹੀਰਾ ਸਿੰਘ, ਬਡਰੁੱਖਾ, ਜ਼ਿਲ੍ਹਾ ਸੰਗਰੂਰ
50. ਈਸ਼ਰ ਸਿੰਘ, ਚੁੰਨ੍ਹੀ ਕਲਾਂ, ਜ਼ਿਲ੍ਹਾ ਸ੍ਰੀ ਫਤੇਹਗੜ੍ਹ ਸਾਹਿਬ

Namdhari Elibrary NamdhariElibrary@gmail.com

51. ਕਾਹਨ ਸਿੰਘ, ਚੁੰਨ੍ਹੀ ਕਲਾਂ, ਜ਼ਿਲ੍ਹਾ ਸ੍ਰੀ ਫਤੇਹਗੜ੍ਹ ਸਾਹਿਬ
52. ਜੋਧ ਸਿੰਘ, ਚੁੰਨ੍ਹੀ ਕਲਾਂ, ਜ਼ਿਲ੍ਹਾ ਸ੍ਰੀ ਫਤੇਹਗੜ੍ਹ ਸਾਹਿਬ
53. ਰਾਮ ਸਿੰਘ, ਚੁੰਨ੍ਹੀ ਕਲਾਂ, ਜ਼ਿਲ੍ਹਾ ਸ੍ਰੀ ਫਤੇਹਗੜ੍ਹ ਸਾਹਿਬ
54. ਸ਼ੇਰ ਸਿੰਘ, ਚੁੰਨ੍ਹੀ ਕਲਾਂ, ਜ਼ਿਲ੍ਹਾ ਸ੍ਰੀ ਫਤੇਹਗੜ੍ਹ ਸਾਹਿਬ
55. ਨਰਾਇਣ ਸਿੰਘ, ਚੁੰਨ੍ਹੀ ਕਲਾਂ, ਸ੍ਰੀ ਫਤੇਹਗੜ੍ਹ ਸਾਹਿਬ
56. ਉੱਤਮ ਸਿੰਘ, ਝਾੜਮੜੀ, ਜਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
57. ਸੱਦਾ ਸਿੰਘ, ਸ਼ਹਿਰ ਅੰਮ੍ਰਿਤਸਰ
58. ਕਿਰਪਾਲ ਸਿੰਘ, ਸ਼ਹਿਰ ਅੰਮ੍ਰਿਤਸਰ
59. ਹਰੀ ਸਿੰਘ ਭਾਟੜਾ, ਸ਼ਹਿਰ ਅੰਮ੍ਰਿਤਸਰ
60. ਮਹਿਤਾਬ ਸਿੰਘ ਪਕੌੜੀਆ, ਸ਼ਹਿਰ ਅੰਮ੍ਰਿਤਸਰ
61. ਅਰੂੜ ਸਿੰਘ, ਸ਼ਹਿਰ ਅੰਮ੍ਰਿਤਸਰ
62. ਸਾਧੂ ਸਿੰਘ, ਸ਼ਹਿਰ ਅੰਮ੍ਰਿਤਸਰ
63. ਲਾਹੌਰਾ ਸਿੰਘ, ਸ਼ਹਿਰ ਅੰਮ੍ਰਿਤਸਰ
64. ਮਾਈ ਜੁਆਲਾ ਦੇਈ, ਸ਼ਹਿਰ ਅੰਮ੍ਰਿਤਸਰ (ਬੀਬੀ ਨੂੰ ਸਤਿਗੁਰੂ ਜੀ ਨੇ ਕਲਕੱਤੇ ਹੀ ਰੋਕ ਦਿੱਤਾ ਸੀ।)
65. ਸੂਬਾ ਭਗਵਾਨ ਸਿੰਘ, ਫੱਤੇਵਾਲ, ਜ਼ਿਲ੍ਹਾ ਅੰਮ੍ਰਿਤਸਰ
66. ਕਾਲਾ ਸਿੰਘ, ਫੱਤੇਵਾਲ, ਜ਼ਿਲ੍ਹਾ ਅੰਮ੍ਰਿਤਸਰ
67. ਮੂਲਾ ਸਿੰਘ, ਫੱਤੇਵਾਲ, ਜ਼ਿਲ੍ਹਾ ਅੰਮ੍ਰਿਤਸਰ
68. ਮਹਿਤਾਬ ਸਿੰਘ, ਸਕਤੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ
69. ਆਲਾ ਸਿੰਘ, ਸਕਤੂ ਨੰਗਲ, ਜ਼ਿਲ੍ਹਾ ਅੰਮ੍ਰਿਤਸਰ
70. ਕਾਹਨ ਸਿੰਘ, ਠੱਟਾ, ਜ਼ਿਲ੍ਹਾ ਅੰਮ੍ਰਿਤਸਰ
71. ਨਾਇਬ ਸੂਬਾ ਬਘੇਲ ਸਿੰਘ, ਨਾਰਲੀ, ਜ਼ਿਲ੍ਹਾ ਅੰਮ੍ਰਿਤਸਰ
72. ਜਗਤ ਸਿੰਘ, ਨਾਰਲੀ, ਜ਼ਿਲ੍ਹਾ ਅੰਮ੍ਰਿਤਸਰ
73. ਸਾਹਿਬ ਸਿੰਘ, ਜੌਹਲ, ਜ਼ਿਲ੍ਹਾ ਅੰਮ੍ਰਿਤਸਰ
74. ਰਤਨ ਸਿੰਘ, ਉਬੋਕੇ, ਜ਼ਿਲ੍ਹਾ ਤਰਨ ਤਾਰਨ
75. ਬਹਾਦਰ ਸਿੰਘ, ਉਬੋਕੇ, ਜ਼ਿਲ੍ਹਾ ਤਰਨ ਤਾਰਨ
76. ਮਹਿਤਾਬ ਸਿੰਘ, ਉਬੋਕੇ, ਜ਼ਿਲ੍ਹਾ ਤਰਨ ਤਾਰਨ
77. ਆਲਾ ਸਿੰਘ, ਉਬੋਕੇ, ਜ਼ਿਲ੍ਹਾ ਤਰਨ ਤਾਰਨ
78. ਸ਼ਾਮ ਸਿੰਘ, ਸਰਹਾਲੀ, ਜ਼ਿਲ੍ਹਾ ਤਰਨ ਤਾਰਨ
79. ਜਿਊਣ ਸਿੰਘ, ਸਰਹਾਲੀ, ਜ਼ਿਲ੍ਹਾ ਤਰਨ ਤਾਰਨ
80. ਮੀਹਾਂ ਸਿੰਘ, ਸਰਹਾਲੀ, ਜ਼ਿਲ੍ਹਾ ਤਰਨ ਤਾਰਨ
81. ਕਿਸ਼ਨ ਸਿੰਘ, ਬੁਰਜ ਰਾਇ ਕਾ, ਜ਼ਿਲ੍ਹਾ ਤਰਨ ਤਾਰਨ
82. ਕਾਹਨ ਸਿੰਘ, ਬੁਰਜ ਰਾਇਕਾ, ਜ਼ਿਲ੍ਹਾ ਤਰਨ ਤਾਰਨ
83. ਨਿਧਾਨ ਸਿੰਘ, ਚੰਬਾ, ਜ਼ਿਲ੍ਹਾ ਤਰਨ ਤਾਰਨ
84. ਭਗਵਾਨ ਸਿੰਘ ਅੜਬੰਗੀ, ਮਰਹਾਣਾ, ਜ਼ਿਲ੍ਹਾ ਤਰਨ ਤਾਰਨ
85. ਸੁਬੇਗ ਸਿੰਘ, ਮਰਹਾਣਾ, ਜ਼ਿਲ੍ਹਾ ਤਰਨ ਤਾਰਨ
86. ਨੈਣਾਂ ਸਿੰਘ, ਵਰਿਆਂਹ, ਜ਼ਿਲ੍ਹਾ ਤਰਨ ਤਾਰਨ
87. ਹੀਰਾ ਸਿੰਘ, ਬੰਗਾਲੀਪੁਰ, ਜ਼ਿਲ੍ਹਾ ਤਰਨ ਤਾਰਨ
88. ਚੜ੍ਹਤ ਸਿੰਘ, ਬਦਨ ਭੂਪਾਲ ਵਾਲਾ, ਜ਼ਿਲ੍ਹਾ ਗੁਜਰਾਂਵਾਲਾ, (ਪੱਛਮੀ ਪੰਜਾਬ)
89. ਮਾਈ ਲੱਛਮੀ, ਬਦਨ ਭੂਪਾਲ ਵਾਲਾ, ਜ਼ਿਲ੍ਹਾ ਗੁਜਰਾਂਵਾਲਾ
90. ਟਹਿਲ ਸਿੰਘ, ਸੇਖਵਾਂ, ਜ਼ਿਲ੍ਹਾ ਗੁਜਰਾਂਵਾਲਾ
91. ਮਹਿਤਾਬ ਸਿੰਘ, ਸੇਖਵਾਂ, ਜ਼ਿਲ੍ਹਾ ਗੁਜਰਾਂਵਾਲਾ

92. ਗੁਰਦਿਤ ਸਿੰਘ, ਬੈਂਕੇ ਚੀਮੇ, ਜ਼ਿਲ੍ਹਾ ਗੁਜਰਾਂਵਾਲਾ
93. ਅਰੂੜ ਸਿੰਘ, ਸਹਾਰਨ, ਜ਼ਿਲ੍ਹਾ ਗੁਜਰਾਂਵਾਲਾ
94. ਲਹਿਣਾ ਸਿੰਘ, ਸਹਿਰ ਗੁਜਰਾਂਵਾਲਾ
95. ਬੂਟਾ ਰਾਮ, ਪਿੰਡ ਤਾਜਪੁਰ, ਲੁਧਿਆਣਾ ਤੋਂ ਕਲਕੱਤਾ ਚਲੇ ਗਏ ਸਨ
96. ਬਿਹਾਰਾ ਸਿੰਘ, ਕਲਕੱਤਾ

ਸੰਕਲਨ ਕਰਤਾ–
ਸਵਿੰਦਰ ਸਿੰਘ ਨਾਮਧਾਰੀ ਲੁਧਿਆਣਾ
(ਪੜਤਾਲੀ ਗਈ—ਸੁਵਰਨ ਸਿੰਘ ਵਿਰਕ,
ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ)

Namdhari Elibrary NamdhariElibrary@gmail.com

17 ਜਨਵਰੀ 1872- ਰਾਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਜਲਾਵਤਨੀ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਰਵਾਨਗੀ ਸਮੇਂ- ਮਹਾਰਾਜ ਬੁੱਧ ਸਿੰਘ ਜੀ (ਸ੍ਰੀ ਸਤਿਗੁਰੂ ਹਰੀ ਸਿੰਘ ਜੀ) ਨੂੰ ਪੰਥ ਦੀ ਸੌਂਪਨਾ ਕਰਦੇ ਹੋਏ।

17-18 ਜਨਵਰੀ 1872 ਈ. ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਉਪਰੰਤ ਅੰਗ੍ਰੇਜ਼ ਸਰਕਾਰ ਵਲੋਂ ਗੁਰੁਦੁਆਰਾ ਸ੍ਰੀ ਭੈਣੀ ਸਾਹਿਬ ਦੀ ਡਿਓੜੀ ਅੱਗੇ 19 ਜਨਵਰੀ 1872 ਨੂੰ ਸਥਾਈ ਪੁਲਿਸ ਚੌਂਕੀ ਸਥਾਪਿਤ ਕਰ ਦਿੱਤੀ ਜੋ 12 ਮਈ 1923 ਤੱਕ ਕਾਇਮ ਰਹੀ।

ਸ੍ਰੀ ਸਤਿਗੁਰੂ ਹਰੀ ਸਿੰਘ ਜੀ
ਦੇ
ਕੁਝ ਬਚਨ

(ਗੁਰੂ ਜੀ ਦੇ) ਮਾਮੇ ਨੇ (ਗੁਰੂ ਘਰ ਵਲ ਸੰਕੇਤ ਕਰਕੇ) ਕਿਹਾ- ਅੰਮ੍ਰਿਤ ਕਾ ਦਰਿਆ ਬਗਦਾ ਹੋਵੇ ਤਾਂ ਇਕ ਬੂੰਦ ਵਿਚੋਂ ਲੈ ਲਈ ਤਾਂ ਕੀ ਘਟਦਾ ਹੈ?

ਸ੍ਰੀ ਸਤਿਗੁਰੂ ਜੀ ਬਚਨ ਕੀਤਾ- ਜੇਕਰ ਵਿਹੁ ਦਾ ਦਰਿਆ ਬਗਦਾ ਹੋਵੇ। ਤਿਸ ਵਿਚੋਂ ਜੀਵ ਇਕ ਬੂੰਦ ਪੀ ਲਵੇ।ਤਾਂ ਉਹ ਮਰ ਜਾਂਦਾ ਹੈ। ਏਹ ਗੁਰੂ ਜੀ ਦਾ ਘਰ ਹੈ। ਜਿਹੜਾ ਸੂਈ ਚੁਰਾਏਗਾ ਉਹ ਐਹਰਨ ਦੇ ਕੇ ਵੀ ਨਹੀਂ ਛੁਟੇਗਾ।

ਜੋ ਹੰਕਾਰੀ ਜੀਵ ਤੇ ਝੂਠ ਬੋਲਣ ਵਾਲਾ ਹੈ ਉਹ ਨਹੀਂ ਬਖਸ਼ਿਆ ਜਾਣਾ।

ਮੌਤ ਤਾਂ ਸਭ ਦੇ ਸਿਰ ਪਰ ਖੜੀ ਹੈ। ਕੋਈ ਦਿਨ ਦਾ ਹੀ ਚਮਤਕਾਰ ਹੈ। ਧੰਨ ਜਨਮ ਹੈ ਜੇੜੇ ਨਾਮ ਜਪਦੇ ਹੈਂ ਤੇ ਬਾਣੀ ਪੜਦੇ ਹੈਂ।

ਮਨੁੱਖਾ ਸਰੀਰ ਬਡੇ ਪੁੰਨਾਂ ਕਰਕੇ ਪ੍ਰਾਪਤ ਹੁੰਦਾ ਹੈ। ਅਮੋਲਕ ਸ੍ਰੀਰ ਮੈ ਅਮੋਲਕ ਨਾਮ ਮਿਲਿਆ ਹੈ। ਰੀਤੀ ਗੁਰੂ ਜੀ ਕੀ ਮੈ ਤਕੜੇ ਹੋਵੇ। ਢਿੱਲੇ ਨ ਹੋਵੋ।

ਇਕ ਸਿੰਘ ਨੇ ਅਰਜ਼ ਕੀਤੀ, ਜੀ ਚਿਤ ਨੂੰ ਸਾਂਤਗੀ ਮਿਲੇ ਤਾਂ ਹੀ ਡੇਰੇ ਮੇਂ ਰਹਿਣਾ ਠੀਕ ਹੈ। ਸਤਿਗੁਰਾਂ ਬਚਨ ਕੀਤਾ- ਮਨ ਜਾਂਦਾ ਹੈ ਤਾਂ ਜਾਣ ਦਿਓ। ਦ੍ਰਿੜ ਕਰ ਰਖੋ ਸਰੀਰ, ਭਜਨ ਬਾਣੀ ਕਰੀ ਜਾਓ। ਮਨ ਆਪੇ ਹੀ ਫਿਰ ਕੇ ਆਇ ਜਾਇਗਾ।

ਸਤਿਗੁਰੂ ਜੀ ਕਾ ਬਚਨ ਹੈ ਜੇਕਰ ਅੰਨ ਪਾਣੀ ਅੰਦਰ ਨਾ ਲੰਘੇ ਤਾਂ ਭੀ (ਸਿੱਖ) ਇਸ਼ਨਾਨ ਕਰ ਲਵੇ। ਇਸ਼ਨਾਨ ਕਰਨੇ ਸੇ ਭਜਨ ਬਾਣੀ ਅਛਾ ਹੁੰਦਾ ਹੈ। ਬਿਨਾਂ ਇਸ਼ਨਾਨ ਭੂਤ ਬਿਰਤੀ ਰਹਿੰਦੀ ਹੈ।

Namdhari Elibrary NamdhariElibrary@gmail.com